ਗੁਰਮਤਿ ਫ਼ਿਲਾਸਫ਼ੀ

ਸਿੱਖ ਸੰਸਕਾਰ, ਰਹਿਤਮਰਯਾਦਾ

ਅਤੇ

ਰਹਿਤਨਾਮੇ

ਇਸ ਪੁਸਤਕ ਵਿੱਚ

ਗੁਰਬਾਣੀ ਅਨੁਸਾਰ ਗੁਰਮਤਿ ਫ਼ਿਲਾਸਫ਼ੀ, ਸਿਧਾਂਤਾਂ ਤੇ ਅਸੂਲਾਂ ਨੂੰ ਬਹੁਤ ਸੋਹਣੇ ਤੇ ਵਿਗਿਆਨਕ ਢੰਗ ਨਾਲ ਵਰਨਣ ਕੀਤਾ ਗਿਆ ਹੈ। ਸਿਖੀ ਦੀ ਰਹਿਤ ਮਰਯਾਦਾ ਕੀ ਹੈ ? ਜਨਮ, ਨਾਮ, ਅੰਮ੍ਰਿਤ, ਆਨੰਦ ਵਿਵਾਹ ਅਤੇ ਮ੍ਰਿਤਕ ਸੰਸਕਾਰਾਂ ਨੂੰ ਦਰਸਾਇਆ ਗਿਆ ਹੈ। ਅੰਤ ਵਿਚ ਪੁਰਾਤਨ ਰਹਿਤਨਾਮੇ ਦਰਜ ਹਨ। ਇਸ ਵਿਚ ਲਗਪਗ ਇਕ ਸੌ ਵਡੇ ਨਿਕੇ ਸਿਰਲੇਖਾਂ ਹੇਠ ਗੁਰਮਤਿ ਸਬੰਧੀ ਖੋਜ ਅਤੇ ਵਿਦਵਤਾ ਭਰੇ ਲੇਖ ਦਰਜ ਹਨ, ਜੋ ਪ੍ਰੇਮੀਆਂ ਖੋਜੀਆਂ ਤੇ ਸਿਖ ਧਰਮ ਦੇ ਪ੍ਰਚਾਰਕਾਂ ਲਈ ਇਕ ਕੀਮਤੀ ਖਜ਼ਾਨਾ ਹੈ।

ਕਰਤਾ—

ਗਿਆਨੀ ਪ੍ਰਤਾਪ ਸਿੰਘ

ਸਾਬਕ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ

ਪ੍ਰਕਾਸ਼ਕ

ਖ਼ਾਲਸਾ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ

ਇਸੇ ਕਲਮ ਤੋਂ—

੧. ਗੁਰਮਤਿ ਲੈਕਚਰਜ਼ ਅਰਥਾਤ ਜੀਵਨ ਤੇ ਫ਼ਿਲਾਸਫ਼ੀ ਦਸ ਗੁਰੂ ਸਾਹਿਬਾਨ
੨. ਸਿਖ ਇਤਿਹਾਸਕ ਲੈਕਚਰਜ਼ ਬਾਬਾ ਬੰਦਾ ਸਿੰਘ ਤੋਂ ਲੈਕੇ ਹੁਣ ਤੀਕ ਦਾ ਇਤਿਹਾਸ
੩. ਗੁਰਮਤਿ ਫ਼ਿਲਾਸਫ਼ੀ
੪. ਭਗਤ ਦਰਸ਼ਨ
੫. ਸੰਸਾਰ ਦਾ ਧਾਰਮਿਕ ਇਤਿਹਾਸ
੬. ਅਕਾਲੀ ਲਹਿਰ ਦਾ ਇਤਿਹਾਸ
੭. ਸ੍ਰੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ
੮. ਮਹਾਂਬਲੀ ਗੁਰੂ ਗੋਬਿੰਦ ਸਿੰਘ ਜੀ
੯. ਜੀਵਨ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ
੧੦. ਜੀਵਨ ਬਾਬਾ ਖੁਦਾ ਸਿੰਘ ਜੀ
੧੧. ਪਾਕਿਸਤਾਨੀ ਘਲੂਘਾਰਾ
੧੨. ਗੁਰਬਾਣੀ ਇਸ ਜਗ ਮਹਿ ਚਾਨਣ
੧੩. ਰਾਧਾ ਸੁਆਮੀ ਮਤ ਦਰਪਣ
੧੪. ਨਕਲੀ ਨਿਰੰਕਾਰੀ
੧੫. ਅਮਰ ਸ਼ਹੀਦ ਸ: ਦਰਸ਼ਨ ਸਿੰਘ ਫੇਰੂਮਾਨ
੧੬. ਕੂਕਾ ਗੁਰੂ ਭਰਮ
੧੭. ਅਕਾਲੀ ਲਹਿਰ ਦੇ ਮਹਾਨ ਆਗ[redacted]

ਪ੍ਰਿੰਟਰ:— ਅਕਾਲ ਪ੍ਰਿੰਟਰਜ਼, ਅੰਮ੍ਰਿਤਸਰ ।

ੴ ਸਤਿਗੁਰ ਪ੍ਰਸਾਦਿ ॥

ਵਚਨਾਰੰਭ

ਇਤਿਹਾਸ ਮਨੁਖ ਨੂੰ ਵਿਚਾਰ, ਕਾਵਿ ਕੁਦਰਤ ਨਾਲ ਪਿਆਰ ਅਤੇ ਫਿਲਾਸਫੀ ਡੂੰਘੀ ਵਿਚਾਰ ਸਿਖਾਉਂਦੀ ਹੈ। ਸੰਸਾਰ ਵਿਚ ਜਿਤਨੇ ਮਜ਼੍ਹਬ ਹਨ, ਸਾਰਿਆਂ ਦੀ ਵਿਚਾਰ ਸ਼ੈਲੀ ਤੇ ਕੁਝ ਨਾ ਕੁਝ ਫਿਲਾਸਫੀ ਹੈ। ਸਿਖ ਧਰਮ ਦੀ ਨੀਂਹ ਜਗਤ ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਖੀ ਹੈ। ਉਹਨਾਂ ਦੀ ਜੋਤ ਨੇ ਦਸ ਰੂਪ ਧਾਰਨ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਇਸ ਧਰਮ ਨੂੰ ਹਰ ਪਹਿਲੂ ਤੋਂ ਮੁਕੰਮਲ ਕੀਤਾ ਹੈ। ਸਿਖੀ ਦੇ ਖਾਸ ਅਸੂਲ ਅਤੇ ਆਪਣੇ ਸਿਧਾਂਤ ਹਨ। ਵਿਚਾਰ ਸ਼ੈਲੀ ਤੇ ਫਿਲਾਸਫੀ ਹੈ। ਗੁਰਮਤਿ ਗੁਰਬਾਣੀ, ਭਾਈ ਗੁਰਦਾਸ ਜੀ ਦੀ ਬਾਣੀ ਤੇ ਰਹਿਤਨਾਮਿਆਂ ਵਿਚੋਂ ਮਿਲਦੀ ਹੈ। ਇਸ ਦਾ ਅਮਲੀ ਰੂਪ ਦਸ ਸਤਿਗੁਰਾਂ ਦੇ ਪਵਿੱਤ੍ਰ ਜੀਵਨ ਹਨ। ਸਿਖ ਧਰਮ ਫੋਕੀ ਫਿਲਾਸਫੀ ਮੰਤਕ, ਦਿਮਾਗੀ ਉਲਝਨ ਜਾਂ ਮਾਨਸਿਕ ਤੌਰ ਤੇ ਸ਼ਰਾ ਦੇ ਬੰਧਨਾਂ ਵਿਚ ਜਕੜਨ ਵਾਲਾ ਨਹੀਂ। ਇਹ ਜ਼ਿੰਦਗੀ ਦਾ ਅਮਲੀ ਫਿਲਾਸਫਾ ਤੇ ਅਮਲ ਹੈ, ਜਿਸ ਰਾਹੀਂ ਨਾ ਕੇਵਲ ਸਿਖੀ ਦੀ ਬਲਕਿ ਸਾਰੇ ਮਨੁੱਖ ਸਮਾਜ ਦੀ ਹਰ ਪਹਿਲੂ ਤੋਂ ਉਨਤੀ ਹੋ ਸਕਦੀ ਹੈ। ਇਸ ਪੁਸਤਕ ਵਿਚ ਇਸ ਨੂੰ ਦਰਸਾਇਆ ਹੈ।

ਇਸ ਤੋਂ ਪਹਿਲੇ ਮੈਂ ਗੁਰਮਤਿ ਲੈਕਚਰ ਅਰਥਾਤ ਜੀਵਨ ਅਤੇ ਫਿਲਾਸਫੀ ਦਸ ਗੁਰੂ ਸਾਹਿਬਾਨ, 'ਭਗਤ ਦਰਸ਼ਨ' ਬਾਬਾ ਬੰਦਾ ਸਿੰਘ ਤੋਂ ਅਕਾਲੀ ਲਹਿਰ ਤਕ ਦੇ ਹਾਲਾਤ' ਇਤਿਹਾਸਿਕ ਲੈਕਚਰ ਦੇ ਰੂਪ ਵਿਚ ਲਿਖੇ ਸਨ। ਇਹਨਾਂ ਵਿਚੋਂ ਪਹਿਲੀਆਂ ਦੋ ਪੁਸਤਕਾਂ ਵਿਚ

ਫ਼ਿਲਾਸਫ਼ੀ ਤੇ ਇਤਿਹਾਸ ਨੂੰ ਮੇਲਕੇ ਦਿਤਾ ਸੀ । ਇਹਨਾਂ ਨੂੰ ਸੰਗਤਾਂ ਨੇ ਬਹੁਤ ਪਸੰਦ ਕੀਤਾ ਹੈ । ਗੁਰਮਤਿ ਫ਼ਿਲਾਸਫ਼ੀ ਨਿਰੋਲ ਸਿਧਾਂਤਕ ਵਿਚਾਰਾਂ ਅਤੇ ਫ਼ਿਲਾਸਫ਼ੀ ਦੀ ਪੁਸਤਕ ਹੈ । ਇਸ ਵਿਚ ਇਕ ਸੌ ਦੋ ਲਗ ਪਗ ਨਿਕੇ ਵਡੇ ਸਿਰਲੇਖਾਂ ਥਲੇ ਸਿਧਾਂਤਾਂ ਤੇ ਰੋਸ਼ਨੀ ਪਾਈ ਗਈ ਹੈ ।

ਧਰਮ ਕੀ ਹੈ ? ਸਿਖੀ ਕੀ ਹੈ ? ਵਾਹਿਗੁਰੂ, ਗੁਰੂ, ਗੁਰਬਾਣੀ, ਗੁਰਮੰਤ੍ਰ, ਨਾਮ-ਸਿਮਰਨ, ਕੀਰਤਨ, ਅਰਦਾਸ, ਭਰਾਤਰੀ ਭਾਵ, ਸਤਸੰਗ ਸੇਵਾ, ਜਥੇਬੰਦੀ, ਕੁਰਬਾਨੀ ਤੇ ਸ਼ਹੀਦੀ, ਸ਼ੁਭਗੁਣ, ਚੜ੍ਹਦੀ ਕਲਾ, ਕਾਮ, ਕ੍ਰੋਧ, ਲੋਭ, ਮੋਹ ਆਦਿਕ, ਸ੍ਰਿਸ਼ਟੀ ਰਚਨਾ, ਕਰਮਫਲ, ਮੌਤ, ਆਵਾਗਉਣ ਧਰਮ ਤੇ ਰਾਜਨੀਤੀ, ਮਜ਼ਬ ਤੇ ਇਖਲਾਕ, ਸਾਇੰਸ ਤੇ ਫ਼ਿਲਾਸਫ਼ੀ, ਸਿਖੀ ਵਿਚ ਇਸਤ੍ਰੀ ਦਾ ਦਰਜਾ, ਸਚੀ ਸਾਂਝੀਵਾਲਤਾ, ਨਾਮ ਜਪਣਾ, ਵੰਡ ਕੇ ਛਕਣਾ ਤੇ ਕਿਰਤ ਕਰਨੀ ਆਦਿਕ ਤੇ ਵਿਚਾਰ ਕੀਤੀ ਗਈ ਹੈ । ਇਸ ਪੁਸਤਕ ਵਿਚ ਸਿਖ ਧਰਮ ਦੇ ਸਾਰੇ ਬੁਨਿਆਦੀ ਅਸੂਲਾਂ ਅਤੇ ਸਿਧਾਂਤਾਂ ਪਰ ਚਾਨਣਾ ਪਾਉਣ ਦਾ ਜਤਨ ਕੀਤਾ ਗਿਆ ਹੈ ।

ਕਿਸੇ ਸਿੱਧਾਂਤ ਤੇ ਵਿਚਾਰ ਕਰਨ ਲਗਿਆਂ ਤਿੰਨਾਂ ਗਲਾਂ ਦੀ ਲੋੜ ਹੁੰਦੀ ਹੈ—ਸ਼ਬਦ ਪ੍ਰਮਾਣ, ਯੁਕਤੀ ਅਤੇ ਅਨੁਭਵ ।

ਇਸ ਪੁਸਤਕ ਵਿਚ ਗੁਰਬਾਣੀ ਨੂੰ ਮੁਖ ਰਖਿਆ ਗਿਆ ਹੈ । ਭਾਈ ਗੁਰਦਾਸ ਜੀ ਦੀ ਬਾਣੀ ਵੀ ਵਰਤੀ ਹੈ । ਕਈ ਥਾਈਂ ਭਾਈ ਨੰਦ ਲਾਲ ਜੀ ਦੀ ਰਚਨਾ ਨੂੰ ਵਰਤਿਆ ਹੈ । ਕਈ ਥਾਈਂ ਪੱਖ ਨੂੰ ਸਿਧ ਕਰਨ ਲਈ ਹੋਰ ਗ੍ਰੰਥਾਂ ਦੇ ਪ੍ਰਮਾਣ ਵੀ ਵਰਤੇ ਹਨ ਪਰ ਮੂਲ ਗੁਰਬਾਣੀ ਮੰਨੀ ਹੈ ।

ਗੁਰਮਤਿ ਦਾ ਨਿਰਣਯ ਕਰਨ ਲਈ ਹੁਣ ਤੀਕ ਬਹੁਤ ਥੋੜੀਆਂ ਪੁਸਤਕਾਂ ਲਿਖੀਆਂ ਗਈਆਂ ਹਨ, ਇਹਨਾਂ ਚੋਂ ਪੰਡਤ ਤਾਰਾ ਸਿੰਘ ਜੀ ਦਾ ਗੁਰਮਤਿ ਨਿਰਣਯ ਸਾਗਰ, ਭਾਈ ਕਾਹਨ ਸਿੰਘ ਜੀ ਦੇ ਗੁਰਮਤਿ ਪ੍ਰਭਾਕਰ, ਸੁਧਾਕਰ, ਪ੍ਰਮਾਣੀਕ ਪ੍ਰਿੰਸੀਪਲ ਜੋਧ ਸਿੰਘ ਜੀ ਦਾ ਗੁਰਮਤਿ ਨਿਰਣਯ, ਆਦਿਕ ਕੀਮਤੀ ਪੁਸਤਕਾਂ ਹਨ । ਪੰਡਤ ਤਾਰਾ ਸਿੰਘ ਜੀ ਦੀ ਬੋਲੀ ਪੁਰਾਣੀ ਤੇ ਲਿਖਤ ਦਾ ਢੰਗ ਵੀ ਪੁਰਾਣਾ ਹੈ । ਗੁਰਮਤਿ ਸੁਧਾਕਰ

ਤੇ ਪ੍ਰਭਾਕਰ ਵਿਚ ਗੁਰਬਾਣੀ ਦੇ ਪ੍ਰਮਾਣ ਜਾਂ ਕੁਝ ਇਤਿਹਾਸਿਕ ਪ੍ਰਮਾਣ ਦਰਜ ਕੀਤੇ ਹਨ। ਗੁਰਮਤਿ ਨਿਰਣਯ ਵਿਚ ਦਸ ਬਾਰਾਂ ਮਜ਼ਮੂਨਾਂ ਉਤੇ ਵਿਚਾਰ ਕੀਤੀ ਹੈ, ਮੈਂ ਇਸ ਪੁਸਤਕ ਵਿਚ ਕਾਫ਼ੀ ਮਜ਼ਮੂਨ ਦੇਣ ਦੀ ਕੋਸ਼ਸ਼ ਕੀਤੀ ਹੈ।

ਗੁਰਮਤਿ ਸਿਧਾਂਤਾਂ ਪਰ ਵਿਚਾਰ ਦੋ ਤਰ੍ਹਾਂ ਦੇ ਵਿਦਵਾਨਾਂ ਨੇ ਕੀਤੀ ਹੈ। ਇਕ ਹਨ ਪੁਰਾਤਨਤਾ ਦੇ ਹਾਮੀ, ਦੂਸਰੇ ਨਵੀਨ ਪੱਛਮੀ ਵਿਦਿਆ ਦੇ ਜਾਣੂ ਹਨ। ਗੁਰੂ ਸਾਹਿਬ ਦੀ ਬਾਣੀ ਵਿਚ ਆਤਮਾ ਪੂਰਬ ਦੀ ਹੈ, ਪਰ ਨਿਰੀ ਪੁਰਾਤਨਤਾ ਨਹੀਂ। ਪੁਰਾਤਨ ਫ਼ਿਲਾਸਫ਼ੀ ਵਿਚ ਜੋ ਤਰੁਟੀਆਂ ਸਨ, ਉਨ੍ਹਾਂ ਨੂੰ ਦੂਰ ਕੀਤਾ ਹੈ। ਨਵੀਨ ਵਿਚਾਰ ਦਿਤੇ ਹਨ। ਪਰ ਨਿਰੀ ਪੱਛਮੀ ਨਵੀਨਤਾ ਹੀ ਨਹੀਂ, ਜਿਸ ਦਾ ਕੋਈ ਧੁਰਾ ਹੀ ਨਹੀਂ। ਇਸ ਪੁਸਤਕ ਵਿਚ ਪੁਰਾਤਨ ਫ਼ਿਲਾਸਫ਼ੀ ਤੇ ਨਵੀਨ ਪੱਛਮੀ ਖਿਆਲਾਂ ਦਾ ਮੁਕਾਬਲਾ ਕਰਕੇ ਗੁਰਮਤਿ ਨੂੰ ਉਤਮ ਦਰਸਾਣ ਦਾ ਯਤਨ ਕੀਤਾ ਹੈ।

ਇਸ ਪੁਸਤਕ ਦੇ ਪਹਿਲੇ ਭਾਗ ਵਿਚ ਗੁਰਬਾਣੀ ਦੀ ਰੋਸ਼ਨੀ ਵਿਚ ਸਿਧਾਂਤਾਂ ਤੇ ਵਿਚਾਰ ਕੀਤੀ ਹੈ। ਦੂਜੇ ਭਾਗ ਵਿਚ ਸਿਖੀ ਸੰਸਕਾਰ ਦਿਤੇ ਹਨ। ਅੰਤਮ ਹਿਸੇ ਵਿਚ ਰਹਿਤਨਾਮੇ ਦਰਜ ਕੀਤੇ ਹਨ। ਇਸ ਦਾ ਮਕਸਦ ਇਹ ਹੈ ਕਿ ਜਿਥੇ ਪਾਠਕ ਗੁਰਮਤਿ ਫ਼ਿਲਾਸਫ਼ੀ ਪੜ੍ਹਨ ਦੇ ਨਾਲ ਹੀ ਜਨਮ, ਅੰਮ੍ਰਿਤ, ਅਨੰਦ ਵਿਵਾਹ ਤੇ ਮ੍ਰਿਤਕ ਸੰਸਕਾਰ ਵੀ ਪੜ੍ਹ ਲੈਣ। ਰਾਗੀ, ਪ੍ਰਚਾਰਕ, ਗਰੰਥੀ ਆਦਿਕ ਲੋੜ ਪੈਣ ਪਰ ਗੁਰਮਤਿ ਅਨੁਸਾਰ ਸੰਸਕਾਰ ਕਰਾ ਸਕਣ। ਸੰਸਕਾਰ ਵਧੇਰੇ ਸ਼੍ਰੋਮਣੀ ਕਮੇਟੀ ਦੀ ਪ੍ਰਵਾਨ ਹੋਈ ਰਹਿਤ ਮਰਯਾਦਾ ਵਿਚੋਂ ਦਿਤੇ ਹਨ। ਰਹਿਤਨਾਮੇ ਇਸ ਖਿਆਲ ਨਾਲ ਦਿਤੇ ਹਨ ਕਿ ਗੁਰਬਾਣੀ ਦੇ ਨਾਲ ਹੀ ਰਹਿਤ ਮਰਯਾਦਾ ਸਬੰਧੀ ਰਹਿਤਨਾਮਿਆਂ ਨੂੰ ਵੀ ਪ੍ਰਮਾਣ ਰੂਪ ਵਿਚ ਵਰਤਿਆ ਜਾ ਸਕੇ।

ਗੁਰਮਤਿ ਫ਼ਿਲਾਸਫ਼ੀ ਦਾ ਖਰੜਾ ਪ੍ਰਿੰਸੀਪਲ ਤੇਜਾ ਸਿੰਘ ਜੀ ਐਮ. ਏ. ਖਾਲਸਾ ਕਾਲਜ ਬੰਬਈ ਨੂੰ ਵਿਖਾਇਆ ਗਿਆ। ਬਹੁਤ ਰੁਝੇਵੇਂ

ਦੇ ਕਾਰਨ ਉਹਨਾਂ ਸਰਸਰੀ ਨਜ਼ਰ ਮਾਰੀ, ਪਰ ਉਨ੍ਹਾਂ ਨੇ ਕੀਮਤੀ ਰਾਇ ਦੇ ਕੇ ਇਸ ਦੀ ਸੁਧਾਈ ਕੀਤੀ ਹੈ । ਮੈਂ ਉਹਨਾਂ ਦਾ ਬਹੁਤ ਹੀ ਧੰਨਵਾਦੀ ਹਾਂ।

ਇਕ ਗਲ ਸੁਹਿਰਦ ਪਾਠਕਾਂ ਦੀ ਸੇਵਾ ਵਿਚ ਇਹ ਕਹਿਣੀ ਚਾਹੁੰਦਾ ਹਾਂ ਕਿ ਗੁਰਬਾਣੀ ਤੇ ਗੁਰਮਤਿ ਫ਼ਿਲਾਸਫ਼ੀ ਅਥਾਹ ਸਮੁੰਦਰ ਦੀ ਤਰ੍ਹਾਂ ਹਨ । ਸਿਖ ਧਰਮ ਅਸਲੀ ਧਰਮ ਹੈ, ਇਸ ਦੀ ਵਰਤੋਂ ਕਰਨ ਨਾਲ ਸਹੀ ਜੀਵਨ ਦਾ ਪਤਾ ਲਗਦਾ ਹੈ। ਮੈਂ ਸਤਿਗੁਰੂ ਦੀ ਬਖਸ਼ੀ ਹੋਈ ਬੁਧੀ ਅਨੁਸਾਰ ਗੁਰਮਤਿ ਸਿਧਾਂਤਾਂ ਨੂੰ ਲਿਖਣ ਦਾ ਜਤਨ ਕੀਤਾ ਹੈ । ਸਜਣ ਜਨ ਕੋਈ ਤਰੁਟੀ ਵੇਖਣ ਤਾਂ ਲਿਖ ਭੇਜਣ। ਮੈਂ ਆਪਣੀ ਬੇਨਤੀ ਨੂੰ ਪੰਚਮ ਪਾਤਸ਼ਾਹ ਦੇ ਇਸ ਵਾਕ ਨਾਲ ਸਮਾਪਤ ਕਰਦਾ ਹਾਂ—

ਹਮਰੋ ਸੁਹਾਉ ਸਦਾ ਸਦ ਭੂਲਨ
ਤੁਮਰੋ ਬਿਰਦੁ ਪਤਿਤ ਉਧਰਨ

ਸ੍ਰੀ ਅੰਮ੍ਰਿਤਸਰ ਜੀ — ਗੁਰੂ ਪੰਥ ਦਾ ਦਾਸ—
ਮਿਤੀ ੫ ਭਾਦਰੋਂ ਸੰਮਤ ੨੦੦੩ — ਪ੍ਰਤਾਪ ਸਿੰਘ ਗਿਆਨੀ
ਬੁਧਵਾਰ ੨੧-੮-੪੬ — ਮੀਤ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ

ਛਪੀਆਂ ਐਡੀਸ਼ਨਾਂ

ਪਹਿਲੀ ਐਡੀਸ਼ਨ	੧੯੪੬
ਦੂਸਰੀ ,,	੧੯੫੫
ਤੀਸਰੀ ,,	੧੯੬੭
ਚੌਥੀ ,,	੧੯੭੧
ਪੰਜਵੀਂ ,,	੧੯੭੫
ਛੇਵੀਂ ,,	੧੯੭੯
ਸਤਵੀਂ ,,	੧੯੯੧

ਚੌਥੀ, ਪੰਜਵੀਂ, ਛੇਵੀਂ ਤੇ ਸਤਵੀਂ ਐਡੀਸ਼ਨ ਦੇ ਪ੍ਰਕਾਸ਼ਕ ਹਨ—
ਖ਼ਾਲਸਾ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।

ਤਤਕਰਾ

ੴ ਸਤਿਗੁਰ ਪ੍ਰਸਾਦਿ ॥

੧.

ਧਰਮ ਕੀ ਹੈ ?

ਸਿਖ ਧਰਮ ਕੀ ਹੈ ? ਸਿਖੀ ਦੀ ਫ਼ਿਲਾਸਫ਼ੀ ਤੇ ਰਹਿਤ ਕੀ ਹੈ ? ਅਸੀਂ ਇਨ੍ਹਾਂ ਦੋਹਾਂ ਗੱਲਾਂ ਤੇ ਵਿਚਾਰ ਕਰਨੀ ਹੈ। ਪਰ ਇਸ ਵਿਚਾਰ ਤੋਂ ਪਹਿਲਾਂ ਸਰਬ ਸਾਂਝੇ ਅਤੇ ਵਿਆਪਕ ਧਰਮ ਸਬੰਧੀ ਕੁਝ ਵਰਣਨ ਕਰਨਾ ਜ਼ਰੂਰੀ ਹੈ। 'ਧਰਮ' ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦੇ ਅਰਥ ਹਨ—ਧਾਰਨ ਕਰਨ ਵਾਲਾ, ਉਹ ਵਸਤੂ ਜਿਸ ਦੇ ਆਸਰੇ ਇਹ ਸਾਰਾ ਵਿਸ਼ਵ ਹੈ । ਧਰਮ ਉਹ ਪਵਿਤ੍ਰ ਨਿਯਮ ਹੈ, ਜਿਸ ਦੇ ਆਸਰੇ 'ਸਭ ਕੁਲਿ ਉਧਰੀ ਇਕ ਨਾਮ ਧਰਮ' ਭਾਵ ਧਰਮ ਦੇ ਨਾਲ ਮਨੁੱਖ ਦੀ ਕੇਵਲ ਆਪਣੀ ਕਲਿਆਣ ਹੀ ਨਹੀਂ ਹੁੰਦੀ, ਕੁਲਿ ਦਾ ਵੀ ਉਧਾਰ ਹੁੰਦਾ ਹੈ।

੨. ਧਰਮ—ਮਜ਼੍ਹਬ, ਦੀਨ, ਮੱਤ, ਪੁੰਨ ਅਤੇ ਨੇਕੀ ਨੂੰ ਵੀ ਕਹਿੰਦੇ ਹਨ।

੩. ਕਿਸੇ ਜਾਤੀ ਦੇ ਰਸਮੋ-ਰਿਵਾਜ, ਕੁਲ ਅਥਵਾ ਦੇਸ਼ ਦੀ ਰਹੁ-ਰੀਤੀ ਨੂੰ ਵੀ ਧਰਮ ਕਿਹਾ ਗਿਆ ਹੈ।

ਭਾਰਤ ਵਿਚ ਮਹਾਂ ਪੁਰਖਾਂ ਨੇ ਜੀਵਨ ਦੇ ਹਰ ਪਹਿਲੂ ਵਿਚ ਧਰਮ ਨੂੰ ਦਾਖ਼ਲ ਕੀਤਾ ਹੈ। ਇਸ ਦਾ ਬਹੁਤ ਅਸਰ ਪਿਆ ਹੈ। ਇਸ ਲਈ ਦੇਖੋ ਰਾਜਨੀਤੀ ਨੂੰ ਨੀਤੀ-ਧਰਮ, ਗ੍ਰਿਹਸਤ ਨੂੰ ਗ੍ਰਿਹਸਤ ਧਰਮ, ਖ਼ਾਨਦਾਨੀ ਰਿਵਾਜਾਂ ਨੂੰ ਕੁਲ-ਧਰਮ ਕਿਹਾ ਗਿਆ ਹੈ। ਇਸ ਵਕਤ ਸੰਸਾਰ ਵਿਚ ਜਿੰਨੇ ਵੱਡੇ ਵੱਡੇ ਪ੍ਰਚਲਤ ਧਰਮ ਹਨ, ਇਹ ਏਸ਼ੀਆ ਵਿਚ ਹੀ ਪੈਦਾ ਹੋਏ ਹਨ। ਇਸ ਲਈ ਪੱਛਮ ਦੇ ਵਿਦ-ਵਾਨ ਇਨ੍ਹਾਂ ਨੂੰ 'ਏਸ਼ੀਆ ਦੇ ਬੱਚੇ' (Children of Asia) ਕਹਿੰਦੇ ਹਨ। ਏਸ਼ੀਆ ਵਿਚੋਂ ਫਿਰ ਹਿੰਦੁਸਤਾਨ ਇਕ ਦੇਸ਼ ਹੈ, ਜੋ ਕਈ ਧਰਮਾਂ

ਜਾਂ ਮਜ਼੍ਹਬਾਂ ਦਾ ਜਨਮ-ਦਾਤਾ ਤੇ ਖਾਣ ਹੈ। ਸਾਡਾ ਨਿਸਚਾ ਹੈ ਕਿ ਜਿਸ ਤਰ੍ਹਾਂ ਬੇੜੀ ਮਲਾਹ ਤੋਂ ਬਿਨਾਂ ਕਿਸੇ ਬੰਨੇ ਨਹੀਂ ਲੱਗ ਸਕਦੀ, ਇਸੇ ਤਰ੍ਹਾਂ ਧਰਮ ਤੋਂ ਬਿਨਾਂ ਮਨੁੱਖ ਜਾਤੀ ਦਾ ਉਧਾਰ ਨਹੀਂ ਹੋ ਸਕਦਾ। ਧਰਮ ਜੀਵਨ ਲਈ ਇਕ ਮਾਰਗ ਹੈ, ਜਿਸ ਉਤੇ ਤੁਰ ਕੇ ਮਨੁੱਖ ਸਹੀ ਨਿਸ਼ਾਨੇ ਤੇ ਪੁੱਜ ਸਕਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ—

ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ (ਜਪੁਜੀ)

ਭਾਵ—ਧਰਮ ਬਲਦ ਦਇਆ ਦਾ ਪੁੱਤਰ ਹੈ, ਜਿਸ ਨੇ ਸੰਤੋਖ ਦੁਆਰਾ ਸਾਰੀ ਸ੍ਰਿਸ਼ਟੀ ਦੀ ਮਰਯਾਦਾ ਨੂੰ ਕਾਇਮ ਰਖਿਆ ਹੋਇਆ ਹੈ।

ਧਰਮ ਸਬੰਧੀ ਸੰਸਾਰ ਦੇ ਬਹੁਤ ਸਾਰੇ ਧਾਰਮਿਕ ਮੁਖੀਆਂ, ਆਚਾਰਯਾਂ ਤੇ ਤਤ੍ਵ-ਵੇਤਾ ਪੁਰਸ਼ਾਂ ਦੀਆਂ ਭਿੰਨ ਭਿੰਨ ਰਾਵਾਂ ਹਨ। ਜਿਨ੍ਹਾਂ ਦਾ ਸੰਖੇਪ ਇਉਂ ਹੈ—

੧. ਧਰਮ ਇਕ ਨਿੱਤ ਰਹਿਣ ਵਾਲੀ ਚੀਜ਼ ਹੈ, ਇਹ ਈਸ਼੍ਵਰੀ ਹੈ।

੨. ਜੋ ਕਰਮ ਸਾਡੇ ਮੋਖਸ਼ ਤੇ ਆਤਮਿਕ ਉੱਨਤੀ ਦਾ ਸਾਧਨ ਹੋਣ, ਉਹੀ ਧਰਮ ਜਾਂ ਪੁੰਨ ਹਨ। ਇਸ ਦੇ ਵਿਰੁੱਧ ਜੋ ਕਰਮ ਹਨ ਉਹ ਅਧਰਮ ਜਾਂ ਪਾਪ ਹਨ। 'ਆਚਾਰ ਪਰਮੋ ਧਰਮ' ਸ੍ਰੇਸ਼ਟ ਆਚਾਰ ਹੀ ਪਰਮ ਧਰਮ ਹੈ। ਇਸ ਅਨੁਸਾਰ ਸ਼ੁੱਧ ਆਚਰਣ ਤੇ ਸ਼ੁਭ ਕਰਮ ਹੀ ਧਰਮ ਹਨ। ਪਰ ਅਸੀਂ ਨੇਕੀ ਦੇ ਕਰਮ ਕਿਸ ਤਰ੍ਹਾਂ ਕਰੀਏ? ਆਚਰਣ ਨੂੰ ਸ਼ੁੱਧ ਕਿਵੇਂ ਬਣਾਈਏ? ਇਨ੍ਹਾਂ ਗੱਲਾਂ ਦਾ ਕੋਈ ਉੱਤਰ ਨਹੀਂ ਦਿਤਾ ਗਿਆ।

੩. ਮਹਾਂਰਿਸ਼ੀ ਮਨੂੰ ਨੇ ਧਰਮ ਦੇ ਇਹ ਦਸ ਅੰਗ ਦਸੇ ਹਨ— ਧੀਰਜ, ਖਿਮਾ, ਮਨ ਦਾ ਵੱਸ ਕਰਨਾ, ਚੋਰੀ ਦਾ ਤਿਆਗ, ਪਵਿੱਤ੍ਰਤਾ, ਇੰਦਰੀਆਂ ਨੂੰ ਕੁਕਰਮਾਂ ਤੋਂ ਰੋਕਣਾ, ਨਿਰਮਲ ਬੁੱਧੀ, ਵਿਦਿਆ ਦਾ ਅਭਿਆਸ, ਸਤਯ, ਕ੍ਰੋਧ ਦਾ ਤਿਆਗ।

(ਮਨੂੰ ਸਿਮ੍ਰਤੀ—ਅਧਿ: ੬, ਸ਼ਲੋਕ ੯੨)

੪. ਧਰਮ ਸਬੰਧੀ ਇਕ ਸੰਮਤੀ ਇਹ ਹੈ—ਧਰਮ ਇਕ ਸਮਾਜਿਕ ਚੀਜ਼ ਹੈ। ਇਹ ਮਨੁੱਖ ਦੀ ਕਲਪਣਾ ਹੈ। ਸਮਾਜ ਜੋ ਨਿਯਮ ਬਣਾ ਕੇ ਕਹਿੰਦਾ ਹੈ—"ਇਹ ਕੰਮ ਕਰੋ ਅਤੇ ਇਹ ਨਾ ਕਰੋ" ਇਹੀ ਧਰਮ ਜਾਂ ਪੁੰਨ ਹੈ। ਇਸ ਸ੍ਰੇਣੀ ਦੀ ਰਾਇ ਹੈ ਕਿ ਮਨੁੱਖ ਪਹਿਲੇ ਜੰਗਲੀ ਸੀ। ਉਸ ਦਾ ਵਿਹਾਰ ਜਾਂ ਆਚਰਣ ਉਸ ਦੇ ਮਨ ਵਿਚ ਪੈਦਾ ਹੋਈਆਂ ਖਾਹਸ਼ਾਂ ਅਨੁਸਾਰ ਹੁੰਦਾ ਸੀ। ਉਸ ਵਕਤ ਮਨੁੱਖ ਲਈ ਕੋਈ ਧਾਰਮਿਕ ਜਾਂ ਸਮਾਜਕ ਬੰਧਨ ਨਹੀਂ ਸਨ। ਕੁਝ ਚਿਰ ਪਿਛੋਂ ਮਨੁੱਖ ਨੇ ਸਮਾਜ ਦੀ ਰਚਨਾ ਕੀਤੀ। ਉਸ ਨੂੰ ਇਹ ਖਿਆਲ ਆਇਆ ਕਿ ਮਨੋ-ਕਾਮਨਾਵਾਂ ਦੇ ਅਧੀਨ ਆਚਰਨ ਠੀਕ ਨਹੀਂ, ਮਨੋ-ਕਾਮਨਾਵਾਂ ਤੇ ਇੰਦਰੀਆਂ ਦੇ ਸੁਭਾਵਕ ਵਿਹਾਰਾਂ ਲਈ ਕੁਝ ਨਿਯਮ ਜਾਂ ਬੰਧਨ ਹੋਣੇ ਚਾਹੀਦੇ ਹਨ। ਜੀਵਨ ਲਈ ਕੋਈ ਮਰਯਾਦਾ ਹੋਣੀ ਚਾਹੀਦੀ ਹੈ, ਜਿਸ ਨਾਲ ਦੂਸਰੇ ਮਨੁੱਖਾਂ ਦਾ ਭਲਾ ਹੋਵੇ। ਇਸ ਖਿਆਲ ਨਾਲ ਮਨੁੱਖ ਨੇ ਧਰਮ ਦੀ ਕਲਪਣਾ ਕੀਤੀ। ਜਦ ਮਨੁੱਖ ਸਮਾਜਕ ਨਿਯਮ ਬਣਾ ਕੇ ਆਪ ਉਨ੍ਹਾਂ ਦੀ ਪਾਬੰਦੀ ਕਰਦਾ ਹੈ, ਤਦ ਉਨ੍ਹਾਂ ਨਿਯਮਾਂ ਦਾ ਇਕ ਸ਼ਾਸਤ੍ਰ ਬਣ ਜਾਂਦਾ ਹੈ, ਇਸੇ ਨੂੰ ਧਰਮ ਕਹਿੰਦੇ ਹਨ। ਧਰਮ ਇਕ ਸਮਾਜਕ ਚੀਜ ਹੈ, ਇਹ ਕੋਈ ਈਸ਼ਵਰੀ ਨਹੀਂ। ਇਹ ਪੱਛਮ ਦੇ ਸਮਾਜਵਾਦੀਆਂ ਦਾ ਨੁਕਤਾ ਨਿਗਾਹ ਹੈ। ਇਹ ਗੱਲ ਠੀਕ ਨਹੀਂ, ਕਿਉਂਕਿ ਧਰਮ ਆਤਮਕ ਸ਼ਾਂਤੀ ਦਾ ਇਕ ਸਾਧਨ ਹੈ। ਕਈ ਅਜਿਹੇ ਵਿਸ਼ਿਆਂ ਤੇ ਵਿਚਾਰ ਕਰਦਾ ਹੈ, ਜਿਨ੍ਹਾਂ ਦਾ ਸਮਾਜ ਨਾਲ ਕੋਈ ਸਬੰਧ ਹੀ ਨਹੀਂ। ਧਰਮ ਜਿੰਨਾ ਅੰਤਰ-ਆਤਮੇ ਹੈ, ਓਨਾ ਬਾਹਰ-ਮੁਖੀ ਨਹੀਂ।

੫. ਧਰਮ ਸਬੰਧੀ ਪੰਜਵੀਂ ਰਾਇ ਇਹ ਹੈ—"ਮਨੁੱਖ ਮਾਤਰ ਲਈ ਸੁਭਾਵਿਕ ਆਚਰਣ ਦਾ ਪਾਬੰਦ ਹੋਣਾ ਹੀ ਧਰਮ ਹੈ।" ਇਸ ਦਾ ਭਾਵ ਇਹ ਹੈ ਕਿ ਕੁਦਰਤ ਨੇ ਜੋ ਗੁਣ ਮਨੁੱਖ ਦੇ ਸੁਭਾਵ (ਫਿਤਰਤ) ਵਿਚ ਪੈਦਾ ਕੀਤੇ ਹਨ, ਉਨ੍ਹਾਂ ਅਨੁਸਾਰ ਹੀ ਜੀਵਨ ਬਣਾਉਣਾ ਕੁਦਰਤੀ ਧਰਮ ਹੈ। ਜੇ ਧਰਮ ਨੂੰ ਸੁਭਾਵ ਦੇ ਅਨੁਸਾਰ ਹੀ ਮੰਨ ਲਿਆ ਜਾਵੇ ਤਾਂ ਇਹ ਸਹੀ ਸਾਬਤ ਨਹੀਂ ਹੁੰਦਾ। ਮਨੁੱਖ ਦੀਆਂ ਇੰਦਰੀਆਂ ਤੇ ਮਨ ਦੀਆਂ ਰੁਚੀਆਂ ਸੁਭਾਵਿਕ ਤੌਰ ਤੇ ਵਿਸ਼ੇ-ਵਿਕਾਰਾਂ ਵਲ ਦੌੜਦੀਆਂ ਹਨ। ਜੇਕਰ

ਉਨ੍ਹਾਂ ਨੂੰ ਖੁਲ੍ਹ ਦਿਤੀ ਜਾਏ ਤਾਂ ਗੜਬੜ ਫੈਲ ਜਾਂਦੀ ਹੈ। ਮਨੁੱਖ ਦੀ ਬੁੱਧੀ ਕਾਮਨਾਵਾਂ ਨੂੰ ਰੋਕਦੀ ਹੈ ਅਤੇ ਸੰਜਮੀ ਬਣਨ ਦੀ ਪ੍ਰੇਰਨਾ ਕਰਦੀ ਹੈ। ਪਸ਼ੂ ਜੋ ਗੱਲ ਕਰਦੇ ਹਨ, ਆਪਣੇ ਸੁਭਾਵ ਅਨੁਸਾਰ ਕਰਦੇ ਹਨ। ਉਹ ਨਾ ਆਪਣੀਆਂ ਖਾਹਸ਼ਾਂ ਨੂੰ ਰੋਕ ਸਕਦੇ ਹਨ, ਨਾ ਛੁਪਾ ਸਕਦੇ ਹਨ। ਈਸ਼ਵਰ ਨੇ ਮਨੁੱਖ ਨੂੰ ਇਹ ਤਾਕਤ ਦਿਤੀ ਹੈ ਕਿ ਉਹ ਮਨ ਨੂੰ ਕਾਬੂ ਵਿਚ ਰਖ ਸਕਦਾ ਹੈ। ਆਪਣੇ ਹਰ ਕਰਮ ਦਾ ਚੰਗਾ ਮੰਦਾ ਫਲ ਵਿਚਾਰ ਸਕਦਾ ਹੈ।

੬. ਧਰਮ ਸਬੰਧੀ ਛੇਵੀਂ ਸੰਮਤੀ ਇਉਂ ਹੈ—ਵੇਦ ਸ਼ਾਸਤ੍ਰ, ਸਿਮ੍ਰਤੀਆਂ ਤੇ ਧਰਮ ਗ੍ਰੰਥ ਬਹੁਤ ਸਾਰੇ ਹਨ। ਇਨ੍ਹਾਂ ਦੇ ਮੱਤ ਵੱਖੋ ਵੱਖਰੇ ਹਨ। ਇਕ ਦੂਜੇ ਨਾਲ ਨਹੀਂ ਮਿਲਦੇ। ਗ੍ਰੰਥਾਂ ਵਿਚੋਂ ਧਰਮ ਦਾ ਨਿਰਣਾ ਕਰਨਾ ਕਠਨ ਹੈ। ਇਸ ਲਈ :-

'ਮਹਾ ਜਨਾ ਯੇਨ ਗਤ : ਸਾ ਪੰਥਾ: ।'

ਭਾਵ—ਜਿਸ ਰਸਤੇ ਮਹਾਂ ਪੁਰਖ ਚਲਦੇ ਹਨ, ਉਹੀ ਧਰਮ ਹੈ*।

ਜਿਸ ਤਰ੍ਹਾਂ ਕਿਸੇ ਓਪਰੇ ਆਦਮੀ ਲਈ ਰਾਹ ਲੱਭਣਾ ਕਠਨ ਹੈ, ਪਰ ਜਾਣੂ ਆਦਮੀ ਸੌਖਾ ਹੀ ਲੱਭ ਕੇ ਆਪਣਾ ਪੰਧ ਮੁਕਾ ਲੈਂਦਾ ਹੈ, ਇਸੇ ਤਰ੍ਹਾਂ ਜੀਵਨ ਦਾ ਮਾਰਗ ਬਣਾਉਣਾ ਕਠਨ ਹੈ। ਧਰਮ ਗ੍ਰੰਥਾਂ ਵਿਚੋਂ ਇਸ ਦਾ ਲੱਭਣਾ ਜਾਂ ਨਿਰਣੇ ਕਰਨਾ ਅਸੰਭਵ ਹੈ। ਜਿਸ ਮਾਰਗ ਤੇ ਮਹਾਂ ਪੁਰਖ ਚੱਲੇ ਹਨ, ਉਸੇ ਤੇ ਤੁਰੇ ਚੱਲਣਾ ਧਰਮ ਹੈ।

ਧਰਮ ਦੀ ਇਸ ਮਨੌਤ 'ਚ ਕਈ ਦੋਸ਼ ਹਨ—(੧) ਜਿਸ ਤਰ੍ਹਾਂ ਧਰਮ ਗ੍ਰੰਥ ਅਨੇਕ ਹਨ, ਉਨ੍ਹਾਂ ਵਿਚੋਂ ਧਰਮ ਦਾ ਨਿਰਣਾ ਕਰਨਾ ਕਠਨ ਹੈ, ਇਸੇ ਤਰ੍ਹਾਂ ਮਹਾਂ ਪੁਰਖ ਵੀ ਅਨੇਕ ਹਨ। ਇਖਲਾਕੀ ਗੁਣਾਂ ਸਬੰਧੀ ਵੀ ਉਨ੍ਹਾਂ ਦਾ ਨੁਕਤਾ ਨਿਗਾਹ ਅੱਡ ਅੱਡ ਹੁੰਦਾ ਹੈ। ਇਕ ਕਹਿੰਦਾ ਹੈ, ਸਭ ਨਾਲ ਪ੍ਰੇਮ ਕਰੋ। ਦੂਸਰਾ ਕਹਿੰਦਾ ਹੈ—'ਤੇਰੀ ਇਕ ਗੱਲ੍ਹ ਤੇ ਕੋਈ ਚਪੇੜ ਮਾਰੇ ਤਾਂ ਦੂਸਰੀ ਵੀ ਅਗੇ ਕਰ ਦੇਹ।' ਤੀਸਰਾ ਕਹਿੰਦਾ ਹੈ—'ਅੱਖ ਦੇ ਬਦਲੇ ਅੱਖ ਤੇ ਦੰਦ ਦੇ ਬਦਲੇ ਦੰਦ।' ਕਿਸ ਗੱਲ ਨੂੰ ਆਦਰਸ਼ ਮੰਨਿਆ ਜਾਵੇ ਤੇ ਕਿਸ ਨੂੰ ਨਾ ਮੰਨਿਆਜਾਵੇ ? ਇਸ ਦਾ ਨਿਰਣਾ ਕਰਨਾ ਕਠਨ

*ਧਰਮ ਪੁੱਤਰ ਯੁਧਿਸ਼ਟਰ ਦਾ ਯਖਸ਼ ਨੂੰ ਉਪਦੇਸ਼।

ਹੈ। (੨) ਕਈਆਂ ਪੁਰਸ਼ਾਂ ਦੇ ਜੀਵਨ ਵਿਚ ਵੀ ਕਈ ਗੱਲਾਂ ਅਜਿਹੀਆਂ ਮਿਲਦੀਆਂ ਹਨ, ਜਿਨ੍ਹਾਂ ਨੂੰ ਮੁੱਖ ਰੱਖ ਕੇ ਅਸੀਂ ਉਨ੍ਹਾਂ ਨੂੰ ਸਦੀਵੀ ਆਦਰਸ਼ ਨਹੀਂ ਬਣਾ ਸਕਦੇ। ਇਹ ਦਰੁਸਤ ਹੈ ਕਿ ਜਿਸ ਵਿਅਕਤੀ ਨੂੰ ਮਹਾਂ ਪੁਰਖ ਮੰਨਿਆ ਜਾਂਦਾ ਹੈ, ਕਈ ਵੇਰ ਲੋਕੀਂ ਉਸ ਦੇ ਕੰਮਾਂ ਨੂੰ ਹੀ ਧਰਮ ਮੰਨ ਲੈਂਦੇ ਹਨ, ਪਰ ਇਹ ਦਰੁਸਤ ਨਹੀਂ। (੩) ਮਹਾਂ ਪੁਰਖ ਆਪਣਾ ਜੋ ਆਚਰਨ ਬਣਾਉਂਦੇ ਹਨ, ਜਾਂ ਸਮੇਂ ਦੇ ਅਨੁਸਾਰ ਖਾਸ ਢੰਗਾਂ ਨਾਲ ਕੰਮ ਕਰਦੇ ਹਨ, ਹਰ ਮਨੁੱਖ ਉਨ੍ਹਾਂ ਦੀ ਰੀਸ ਨਹੀਂ ਕਰ ਸਕਦਾ। ਅਸੀਂ ਉਨ੍ਹਾਂ ਦੀ ਆਗਿਆ ਦਾ ਪਾਲਣ ਕਰ ਸਕਦੇ ਹਾਂ, ਕਰਨੀ ਵਿਚ ਬਰਾਬਰੀ ਨਹੀਂ ਕਰ ਸਕਦੇ।

੭. ਉਪਨਿਸ਼ਦ ਵਿਚ ਕਿਹਾ ਹੈ—'ਹੇ ਜਾਜਲੇ ! ਉਸੇ ਪੁਰਸ਼ ਨੇ ਧਰਮ ਨੂੰ ਜਾਣਿਆ ਹੈ, ਜੋ ਮਨ, ਬਚਨ ਤੇ ਕਰਮ ਕਰਕੇ ਸਭ ਦਾ ਭਲਾ ਚਾਹੁੰਦਾ ਹੈ[1]।'

੮. ਜੈਨ ਅਤੇ ਬੁੱਧ ਨੇ ਮੰਨਿਆ ਹੈ—ਅਹਿੰਸਾ ਪਰਮੋ ਧਰਮਾ। ਕਿਸੇ ਜੀਵ ਨੂੰ ਨਾ ਮਾਰਨਾ ਜਾਂ ਦੁੱਖ ਨਾ ਦੇਣਾ ਹੀ ਧਰਮ ਹੈ।

ਇਹ ਸੰਸਾਰ ਇਕ ਤਰ੍ਹਾਂ ਦਾ ਰਣ-ਖੇਤਰ ਹੈ। ਇਸ ਵਿਚ ਜੀਵਨ ਲਈ ਘਮਸਾਣ ਹੋ ਰਿਹਾ ਹੈ। ਵੱਡੀਆਂ ਮੱਛੀਆਂ ਛੋਟੀਆਂ ਨੂੰ ਖਾ ਜਾਂਦੀਆਂ ਹਨ। ਬਲਵਾਨ ਜਾਤੀਆਂ ਨਿਰਬਲ ਜਾਤੀਆਂ ਨੂੰ ਕੁਚਲ ਦਿੰਦੀਆਂ ਹਨ। ਸਮਾਜਕ ਪ੍ਰਬੰਧ ਤੇ ਅਮਨ ਨੂੰ ਕਾਇਮ ਰੱਖਣ ਲਈ ਕੁਧਰਮੀ ਤੇ ਮੂੜ੍ਹ ਪੁਰਸ਼ਾਂ ਨੂੰ ਦੰਡ ਦੇਣਾ ਜ਼ਰੂਰੀ ਹੁੰਦਾ ਹੈ। ਇਸ ਹਾਲਤ ਵਿਚ ਅਹਿੰਸਾਵਾਦ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦਾ।

੯. ਇਕ ਵਿਦਵਾਨ ਨੇ ਧਰਮ ਦੇ ਲੱਛਣ ਇਉਂ ਦਸੇ ਹਨ—

ਖਿਮਾ, ਅਹਿੰਸਾ, ਦਇਆ, ਮ੍ਰਿਦੁ, ਸਤਬਚਨ, ਤਪ, ਦਾਨ।
ਸੀਲ, ਸ਼ੌਚ, ਤ੍ਰਿਸ਼ਨਾ ਬਿਨਾ, ਧਰਮ ਅੰਗ ਦਸ ਜਾਨ।[2]

੧੦. ਧਰਮ ਸਬੰਧੀ ਕੁਝ ਪੱਛਮੀ ਵਿਦਵਾਨਾਂ ਦੀਆਂ ਰਾਵਾਂ ਇਸ

---

੧. ਗੀਤਾ ਰਹਸਯ ਹਿੰਦੀ, ਪੰਨਾ ੩੬੯

੨. ਸਾਰਕੁਤਾਵਲੀ

ਪ੍ਰਕਾਰ ਹਨ—(੧) ਧਰਮ ਕੀ ਹੈ? ਇਸ ਦਾ ਉੱਤਰ ਇਕ ਪੱਛਮੀ ਵਿਦਵਾਨ ਇਉਂ ਦਿੰਦਾ ਹੈ—ਵਹਿਮ, ਭਰਮ ਤੇ ਪਖੰਡ ਦਾ ਨਾਂ ਧਰਮ ਨਹੀਂ। ਸੱਚਾਈ ਨਾਲ ਪਿਆਰ ਕਰਨਾ, ਦੁਖੀਆਂ ਦੀ ਸੇਵਾ ਕਰਨੀ, ਨਿਰਬਲਾਂ ਤੇ ਗਰੀਬਾਂ ਦੀ ਸਹਾਇਤਾ ਕਰਨੀ, ਆਜ਼ਾਦੀ ਨਾਲ ਪਿਆਰ ਕਰਨਾ, ਹਰ ਤਰ੍ਹਾਂ ਦੀ ਗੁਲਾਮੀ ਦੇ ਵਿਰੁੱਧ ਲੜਨਾ, ਦਲੇਰੀ ਤੇ ਸਾਹਸ ਨੂੰ ਵਧਾਉਣਾ, ਤਅੱਸਬ ਨੂੰ ਘੱਟ ਕਰਨਾ, ਮਨੁੱਖ ਮਾਤਰ ਦੇ ਭਲੇ ਲਈ ਇਸ ਢੰਗ ਨਾਲ ਯਤਨ ਕਰਨਾ, ਜਿਸ ਨਾਲ ਮਨੁੱਖ ਦੇ ਦਿਲ ਦਿਮਾਗ ਨੂੰ ਤਸੱਲੀ ਹੋਵੇ, ਇਹੀ ਸੱਚਾ ਧਰਮ ਹੈ।

(੨) ਇਕ ਬੜੇ ਧਾਰਮਿਕ ਆਗੂ ਦਾ ਕਥਨ ਹੈ—**Moral trust in reality** ਹਕੀਕਤ ਉੱਤੇ ਇਖਲਾਕੀ ਭਰੋਸੇ ਦਾ ਨਾਂ ਹੀ ਧਰਮ ਹੈ।

(੩) ਇਕ ਜਰਮਨ ਫ਼ਿਲਾਸਫ਼ਰ ਨੇ ਕਿਹਾ ਹੈ—'ਮਜ਼ਬ ਇਕ ਆਦੀ ਚੀਜ਼ ਹੈ, ਕਿਉਂਕਿ ਜਿਸ ਅਨੁਭਵ ਦਾ ਇਹ ਨਤੀਜਾ ਹੈ, ਉਹ ਕਦੀ ਨਸ਼ਟ ਨਹੀਂ ਹੋਇਆ। ਜਿਸ ਤਰ੍ਹਾਂ ਸੰਤਾਨ ਲਈ ਪਿਆਰ, ਬਦਲੇ ਦੀ ਸਪਿਰਟ, ਸ੍ਵੈ-ਰਖਿਆ ਤੇ ਉੱਨਤੀ ਦੇ ਜਜ਼ਬੇ ਸੁਭਾਵਕ ਹਨ ਅਤੇ ਇਹ ਸਾਰੇ ਮਨੁੱਖਾਂ ਵਿਚ ਪਾਏ ਜਾਂਦੇ ਹਨ, ਇਸੇ ਤਰ੍ਹਾਂ ਹਰ ਨਸਲ, ਹਰ ਕੌਮ ਤੇ ਹਰ ਤਬਕੇ ਨੇ ਕੋਈ ਨਾ ਕੋਈ ਧਰਮ ਜ਼ਰੂਰ ਧਾਰਨ ਕੀਤਾ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਇਕ ਸੁਭਾਵਕ ਵਸਤੂ ਹੈ।

(੪) ਕਈ ਲੇਖਕਾਂ ਨੇ ਧਰਮ ਤੇ ਮਜ਼ਬ ਦੋਹਾਂ ਨੂੰ ਨਿਖੇੜਿਆ ਹੈ। ਧਰਮ ਤੋਂ ਭਾਵ ਸਰਬ ਸਾਂਝੀਆਂ ਸੱਚਾਈਆਂ ਲਿਆ ਹੈ। ਜਿਹਾ ਕਿ ਵਾਹਿਗੁਰੂ ਦੀ ਹੋਂਦ ਨੂੰ ਮੰਨਣਾ, ਆਤਮਾ ਨੂੰ ਮੰਨਣਾ, ਸੱਚਾਈ, ਨੇਕੀ, ਪ੍ਰੇਮ ਅਤੇ ਸੇਵਾ ਆਦਿਕ ਗੁਣਾਂ ਨੂੰ ਧਰਮ ਕਿਹਾ ਹੈ। ਜਿਨ੍ਹਾਂ ਸਿਧਾਂਤਾਂ, ਅਸੂਲਾਂ, ਰਹਿਣੀ ਬਹਿਣੀ ਦੇ ਨਿਯਮਾਂ ਤੇ ਚਿੰਨ੍ਹਾਂ ਆਦਿ ਰਾਹੀਂ ਹਿੰਦੂ, ਜੈਨੀ, ਬੋਧੀ, ਸਿੱਖ, ਈਸਾਈ, ਮੁਸਲਮਾਨ ਅੱਡ ਅੱਡ ਮਾਲੂਮ ਹੁੰਦੇ ਹਨ, ਉਨ੍ਹਾਂ ਨੂੰ ਮਜ਼ਬ[1] ਕਿਹਾ ਹੈ। **Religion is a system of pogmas** ਭਾਵ

੧. ਮਜ਼ਬ ਅਰਬੀ ਦਾ ਸ਼ਬਦ ਹੈ, ਜਿਸ ਦੇ ਅਰਥ ਰਸਤਾ ਹਨ।

ਮਜ਼੍ਹਬ ਨਿਯਤ ਕੀਤੇ ਹੋਏ ਸਿਧਾਂਤਾਂ ਦੀ ਇਕ ਰਹੁਰੀਤੀ ਦਾ ਨਾਂ ਹੈ।

ਪੱਛਮ ਵਿਚ ਚੂੰਕਿ ਈਸਾਈ ਮਜ਼੍ਹਬ ਦੀ ਸਾਇੰਸ ਅਤੇ ਰਾਜਨੀਤੀ ਨਾਲ ਟੱਕਰ ਹੋਈ, ਇਸ ਲਈ ਕਈ ਸਾਇੰਸਦਾਨਾਂ ਅਤੇ ਰਾਜਸੀ ਪੁਰਸ਼ਾਂ ਨੇ ਇਸ ਦੀ ਵਿਰੋਧਤਾ ਵੀ ਕੀਤੀ ਹੈ। ਪਰ ਇਹ ਇਕ ਸੱਚਾਈ ਹੈ ਕਿ ਜਦ ਤੋਂ ਮਨੁੱਖ ਬਣਿਆ ਹੈ, ਉਦੋਂ ਤੋਂ ਹੀ ਧਰਮ ਜਾਂ ਮਜ਼੍ਹਬ ਭੀ ਚਲਾ ਆਉਂਦਾ ਹੈ। ਧਰਮ ਇਕ ਮੂਲ ਤਤ੍ਵ ਤੇ ਸਚਿਆਈ ਹੈ, ਜਿਸ ਦੇ ਆਸਰੇ ਸੰਸਾਰ ਕਾਇਮ ਹੈ। ਕਈ ਆਦਮੀ ਕਹਿੰਦੇ ਹਨ ਕਿ ਜੇ ਧਰਮ ਇਕ ਆਦੀ ਤੇ ਅਟੱਲ ਸਚਿਆਈ ਹੈ ਤਾਂ ਫਿਰ ਦੁਨੀਆਂ ਵਿਚ ਭਿੰਨ ਭਿੰਨ ਮਜ਼੍ਹਬ ਕਿਉਂ ਹਨ? ਇਸ ਦਾ ਉੱਤਰ ਇਹ ਹੈ ਕਿ ਜਿਸ ਤਰ੍ਹਾਂ ਸਾਇੰਟੇਫਿਕ ਦੁਨੀਆਂ ਵਿਚ ਇਕੋ ਵਸਤੂ ਸਬੰਧੀ ਭਿੰਨ ਭਿੰਨ ਸਾਇੰਸਦਾਨਾਂ ਦੇ ਤਜਰਬੇ ਅਨੁਭਵ ਵੱਖੋ ਵੱਖ ਹੁੰਦੇ ਹਨ, ਇਸੇ ਤਰ੍ਹਾਂ ਧਰਮ ਦੇ ਅਨੇਕ ਅੰਗਾਂ ਵਿਚੋਂ ਜਿਸ ਜਿਸ ਪੁਰਸ਼ ਨੇ ਕਿਸੇ ਵਿਸ਼ੇਸ਼ ਅੰਗ ਜਾਂ ਕਿਸੇ ਇਕ ਸੱਚਾਈ ਨੂੰ ਵਧੇਰੇ ਅਪਣਾਇਆ ਹੈ, ਉਸ ਨੇ ਉਸੇ ਰੋਸ਼ਨੀ ਵਿਚ ਧਰਮ ਨੂੰ ਕਥਨ ਕੀਤਾ ਹੈ। ਜਿਸ ਤਰ੍ਹਾਂ ਵੱਖੋ ਵੱਖ ਰੰਗਾਂ ਦੀਆਂ ਐਨਕਾਂ ਲਾ ਕੇ ਕਈ ਆਦਮੀ ਇਕੋ ਚੀਜ਼ ਨੂੰ ਕਈ ਰੰਗਾਂ ਵਿਚ ਵੇਖਦੇ ਹਨ, ਇਸੇ ਤਰ੍ਹਾਂ ਭਿੰਨ ਭਿੰਨ ਮਹਾਂ ਪੁਰਸ਼ਾਂ ਨੇ ਧਰਮ ਦੇ ਰੂਪ ਨੂੰ ਵੇਖਿਆ ਤੇ ਕਥਨ ਕੀਤਾ ਹੈ।

ਸਿੱਖ ਸਤਿਗੁਰਾਂ ਨੇ ਵੀ ਧਰਮ ਦੀ ਇਕ ਅਸਚਰਜ, ਸੁੰਦਰ, ਸੰਪੂਰਨ ਅਤੇ ਸਭ ਤੇ ਲਾਗੂ ਹੋਣ ਵਾਲੀ ਵਿਆਖਿਆ ਕੀਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿਚ ਆਤਮਿਕ ਉੱਨਤੀ ਦੀਆਂ ਪੰਜ ਪਉੜੀਆਂ ਅਰਥਾਤ ਪੰਜ ਖੰਡ ਲਿਖੇ ਹਨ। ਪਹਿਲੀ ਆਤਮਿਕ ਅਵਸਥਾ ਦਾ ਨਾਂ ਧਰਮ ਖੰਡ ਰੱਖਿਆ ਹੈ, ਜਿਸ ਤੋਂ ਆਤਮਿਕ ਜੀਵਨ ਦੀ ਉਸਾਰੀ ਹੁੰਦੀ ਹੈ। ਇਸ ਵਿਚ ਪ੍ਰਾਕ੍ਰਿਤਕ ਰਚਨਾ ਨੂੰ ਨਿਯਮ ਬੱਧ ਦਰਸਾਇਆ ਹੈ। ਗੁਰਦੇਵ ਫੁਰਮਾਉਂਦੇ ਹਨ—

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ
ਪਾਤਾਲ ॥ ਤਿਸੁ ਵਿਚ ਧਰਤੀ ਥਾਪਿ ਰਖੀ
ਧਰਮਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥

ਤਿਨ ਕੇ ਨਾਮ ਅਨੇਕ ਅਨੰਤ ॥ ਕਰਮੀ ਕਰਮੀ
ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ॥ ਨਦਰੀ ਕਰਮਿ ਪਵੈ
ਨੀਸਾਣੁ ॥ ਕਚ ਪਕਾਈ ਓਥੈ ਪਾਇ ॥ ਨਾਨਕ
ਗਇਆ ਜਾਪੈ ਜਾਇ ॥ (ਜਪੁਜੀ ੩੪)

ਭਾਵ—ਦਿਨ, ਰਾਤ, ਥਿਤਾਂ, ਵਾਰ, ਰੁੱਤਾਂ, ਪਉਣ, ਪਾਣੀ, ਅਗਨੀ ਆਦਿਕ ਸਾਰੀਆਂ ਚੀਜ਼ਾਂ ਕਿਸੇ ਅਣਡਿੱਠ ਦੇ ਹੁਕਮ ਵਿਚ ਹਨ, ਬੇਅੰਤ ਰਚਨਾ ਤੇ ਜੀਵ ਜੰਤ ਉਸ ਦੀ ਆਗਿਆ ਵਿਚ ਹਨ। ਇਸ ਪਉੜੀ ਵਿਚ ਗੁਰੂ ਜੀ ਨੇ ਨੀਵੀਂ ਪ੍ਰਕ੍ਰਿਤਕ ਰਚਨਾ ਤੋਂ ਉਚੇ ਉਠਾ ਕੇ ਮਨੁੱਖ ਨੂੰ ਆਤਮਕ ਮੰਡਲ ਸਚਖੰਡ ਤਕ ਪੁਚਾਇਆ ਹੈ। ਇਸ ਸਾਰੀ ਰਚਨਾ ਨੂੰ ਸਰਬ ਵਿਆਪਕ ਅਤੇ ਅਟੱਲ ਨਿਯਮ ਧਰਮ ਦੇ ਅਧੀਨ ਦਸਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧਰਮ ਦੇ ਲੱਛਣ ਇਉਂ ਕੀਤੇ ਹਨ—

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥
(ਸੁਖਮਨੀ ੩—੮)

ਭਾਵ—ਸਾਰੇ ਧਰਮਾਂ ਵਿਚੋਂ ਸ੍ਰੇਸ਼ਟ ਧਰਮ ਹੈ, ਆਤਮਿਕ ਉੱਨਤੀ ਤੇ ਸ਼ਾਂਤੀ ਲਈ ਵਾਹਿਗੁਰੂ ਦਾ ਨਾਮ ਜਪਣਾ, ਸਮਾਜ ਅਤੇ ਮਨੁੱਖ ਮਾਤਰ ਦੇ ਭਲੇ ਲਈ ਨਿਰਮਲ ਕਰਮ ਕਰਨੇ।

ਇਸ ਅਨੁਸਾਰ ਧਰਮ ਕੇਵਲ ਪ੍ਰਲੋਕਕ ਸੁੱਖ ਦਾ ਸਾਧਨ ਨਹੀਂ ਰਹਿ ਜਾਂਦਾ, ਬਲਕਿ ਜੀਵਨ ਨੂੰ ਸੁਖੀ ਤੇ ਸੁਫਲ ਬਨਾਉਣ ਅਤੇ ਸੰਸਾਰਕ ਉੱਨਤੀ ਲਈ ਸਹਾਇਕ ਬਣ ਜਾਂਦਾ ਹੈ। 'ਕਰਮ ਫ਼ਿਲਾਸਫ਼ੀ' ਨਾਲ ਜੋ ਹਉਮੈ ਪੈਦਾ ਹੁੰਦੀ ਹੈ, ਧਰਮ ਨੂੰ ਸੁਭਾਵਕ ਜਾਂ ਸਮਾਜਕ ਦਸਣ ਨਾਲ ਜੋ ਤਰੁੱਟੀਆਂ ਰਹਿ ਜਾਂਦੀਆਂ ਹਨ, ਬੁੱਧ ਦੇ ਸੁੰਨ-ਵਾਦ ਜਾਂ ਨਾਸਤਕ-ਪੁਣੇ ਨਾਲ ਜੀਵਨ ਆਤਮਕ ਰਸ ਤੇ ਉਚੀ ਟੇਕ ਤੋਂ ਮਹਿਰੂਮ ਹੋ ਜਾਂਦਾ ਹੈ, ਇਹ ਸਾਰੀਆਂ ਕਮੀਆਂ ਪੂਰੀਆਂ ਹੋ ਜਾਂਦੀਆਂ ਹਨ। ਅਜਿਹੇ ਧਰਮ ਨੂੰ

ਹੀ ਧਾਰਨ ਕਰਨ ਨਾਲ ਮਨੁੱਖ ਜੀਵਨ ਦੀ ਹਰ ਪਹਿਲੂ ਤੋਂ ਉਸਾਰੀ ਹੁੰਦੀ ਹੈ। ਮਹਾਰਾਜ ਫੁਰਮਾਉਂਦੇ ਹਨ—

ਨਹ ਬਿਲੰਬੰ ਧਰਮੰ ਬਿਲੰਬ ਪਾਪੰ ॥
ਦ੍ਰਿੜੰਤ ਨਾਮੰ ਤਜੰਤ ਲੋਭੰ ॥
ਸਰਣਿ ਸੰਤੰ ਕਿਲਬਿਖ ਨਾਸੰ ॥
ਪ੍ਰਾਪਤੰ ਧਰਮ ਲਖ੍ਹਣ ॥

(ਸਲੋਕ ਸਹਸਕ੍ਰਿਤੀ, ਮ: ੫)

ਧਰਮ ਕਰਨ ਵਿਚ ਦੇਰੀ ਨਾ ਕਰੋ, ਪਾਪ ਵਿਚ ਢਿੱਲ ਕਰੋ। ਨਾਮ ਨੂੰ ਦ੍ਰਿੜ੍ਹ ਕਰਨਾ, ਲੋਭ ਦਾ ਤਿਆਗ, ਸੰਤਾਂ ਦੀ ਸੰਗਤ ਕਰ ਕੇ ਪਾਪ ਨਾਸ਼ ਹੁੰਦੇ ਹਨ। ਇਹ ਧਰਮ ਪ੍ਰਾਪਤੀ ਦੇ ਲੱਛਣ ਹਨ।

ਇਸ ਵਕਤ ਮਨੁੱਖ ਸਮਾਜ, ਮਾਇਆਵਾਦ, ਸਾਇੰਸ ਅਤੇ ਰਾਜ-ਨੀਤਕ ਜੁਗ-ਗਰਦੀ ਵਿਚੋਂ ਲੰਘ ਰਿਹਾ ਹੈ। ਧਰਮ ਵਲੋਂ ਰੁਚੀ ਘਟ ਰਹੀ ਹੈ। ਇਸ ਲਈ ਮਾਨਸਿਕ ਅਸ਼ਾਂਤੀ ਵਧ ਗਈ ਹੈ। ਸੰਸਾਰ ਵਿਚ ਹਰੇਕ ਵਸਤੂ ਆਪਣੇ ਧੁਰੇ ਜਾ 'ਆਕਰਖਣ ਸ਼ਕਤੀ ਦੇ ਕੇਂਦਰ' **Centre of gravity** ਦੇ ਆਸਰੇ ਖੜੀ ਹੈ। ਉਸ ਤੋਂ ਲਾਂਭੇ ਹੋ ਕੇ ਛਿੰਨ-ਭਿੰਨ ਹੋ ਜਾਂਦੀ ਹੈ, ਇਸੇ ਤਰ੍ਹਾਂ ਮਨੁੱਖ ਸਮਾਜ ਧਰਮ ਦੇ ਆਸਰੇ ਰਹਿ ਸਕਦਾ ਹੈ।

'ਹੇ ਮਜ਼ੂਰ ! ਤੇਰੇ ਵਿਚ ਪਤਾ ਨਹੀਂ ਕੀ ਅਮੁੱਕ ਖਜ਼ਾਨਾ ਛੁਪਿਆ ਹੋਇਆ ਹੈ, ਜੋ ਸਾਰੇ ਸੰਸਾਰ ਦੀ ਸੰਪਤੀ ਨਾਲੋਂ ਕੀਮਤੀ ਹੈ।'

(ਕਵੀ ਕਪੂਰ)

ਧਰਮ ਉਹ ਪਵਿੱਤ੍ਰ ਨਿਯਮ ਹੈ, ਜੋ ਸਾਡੇ ਜੀਵਨ ਨੂੰ ਬਣਾਉਂਦਾ ਕਾਇਮ ਰਖਦਾ ਤੇ ਉਸ ਦੀ ਉਸਾਰੀ ਕਰਦਾ ਹੈ।

o

੨.

ਸਿੱਖ ਧਰਮ

ਪਿਛੇ ਅਸੀਂ ਧਰਮ ਸਬੰਧੀ ਵਖੋ ਵਖ ਨਿਸਚਿਆਂ ਅਤੇ ਮਨੌਤਾਂ ਦਾ ਵਰਣਨ ਕੀਤਾ ਹੈ। ਹੁਣ ਸਿੱਖ ਧਰਮ ਸਬੰਧੀ ਵਿਚਾਰ ਕਰਦੇ ਹਾਂ। ਇਸ ਵਕਤ ਸੰਸਾਰ ਵਿਚ ਜੋ ਪ੍ਰਚਲਤ ਧਰਮ ਹਨ, ਉਨ੍ਹਾਂ ਦੀਆਂ ਦੋ ਸ਼ਾਖਾਂ ਹਨ:-

੧. ਆਰੀਅਨ ਮਤਾਂ ਦੀ—ਜਿਸ ਵਿਚ ਹਿੰਦੂ, ਬੁੱਧ, ਜੈਨ, ਸਿੱਖ ਤੇ ਪਾਰਸੀ ਸ਼ਾਮਲ ਹਨ।

੨. ਇਬਰਾਨੀ ਮਤਾਂ ਦੀ—ਜਿਸ ਵਿਚ ਯਹੂਦੀ, ਈਸਾਈ ਤੇ ਇਸਲਾਮ ਹਨ। ਸਿੱਖ ਧਰਮ ਹਿੰਦੁਸਤਾਨ ਵਿਚ ਪੈਦਾ ਹੋਇਆ ਇਕ ਧਰਮ ਹੈ। ਉਪ੍ਰੋਕਤ ਦੋਹਾਂ ਸ਼ਾਖਾਂ ਵਿਚੋਂ ਬੁੱਧ, ਈਸਾਈ ਤੇ ਇਸਲਾਮ ਪ੍ਰਚਾਰਕ ਧਰਮ ਹਨ। ਇਨ੍ਹਾਂ ਦਾ ਨਿਸਚਾ ਹੈ ਕਿ ਇਹ ਹਰ ਦੇਸ਼ ਤੇ ਕੌਮ ਲਈ ਪ੍ਰਚਾਰੇ ਜਾ ਸਕਦੇ ਹਨ। ਸਿੱਖ ਧਰਮ ਵੀ ਪ੍ਰਚਾਰਕ ਧਰਮ ਹੈ। ਇਸ ਦੇ ਬਾਨੀ ਜਗਤ ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਲੀ ਵਰ੍ਹੇ ਦੇਸ਼-ਦੇਸਾਂਤ੍ਰਾਂ ਦੀ ਯਾਤਰਾ ਕਰ ਕੇ ਸਿੱਖੀ ਨੂੰ ਪ੍ਰਚਾਰਿਆ ਹੈ। ਕਈ ਕਾਰਨਾਂ ਕਰਕੇ ਭਾਵੇਂ ਸਿੱਖ ਧਰਮ ਅਜੇ ਸਾਰੇ ਸੰਸਾਰ ਵਿਚ ਨਹੀਂ ਫੈਲਿਆ ਪਰ ਇਸ ਦੀ ਸਿੱਖਿਆ, ਸਿਧਾਂਤ, ਰਹੁ-ਰੀਤੀ, ਸਰਬ-ਸਾਂਝੀ ਤੇ ਸਾਰੇ ਜਗਤ ਲਈ ਹੈ।

ਸਿੱਖ ਧਰਮ ਦੀ ਮਹਾਨਤਾ ਨੂੰ ਸਮਝਣ ਲਈ ਜਿਥੇ ਗੁਰਬਾਣੀ, ਸਿੱਖ ਫਿਲਾਸਫੀ, ਇਤਿਹਾਸ ਤੇ ਰਹੁ-ਰੀਤੀ ਨੂੰ ਸਮਝਣਾ ਜ਼ਰੂਰੀ ਹੈ, ਉਥੇ ਨਾਲ ਹੀ ਹਿੰਦੁਸਤਾਨ ਦੇ ਪਹਿਲੇ ਪ੍ਰਚਲਤ ਧਰਮਾਂ, ਉਨ੍ਹਾਂ ਦੇ ਪ੍ਰਭਾਵਾਂ, ਉਸ ਵਕਤ ਦੀ ਧਾਰਮਿਕ, ਸਮਾਜਕ, ਪੁਲੀਟੀਕਲ ਹਾਲਤ ਤੇ ਬੈਕ-ਗ੍ਰਾਊਂਡ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਸਿੱਖੀ ਨੇ ਮਨੁੱਖ ਮਾਤ੍ਰ ਨੂੰ ਕੀ ਸੰਦੇਸ਼ ਦਿਤਾ? ਦੇਸ਼ ਦੀ ਹਾਲਤ ਨੂੰ ਬਦਲਣ ਲਈ ਕੀ ਕੰਮ ਕੀਤਾ? ਇਹ ਤਾਂ ਹੀ ਸਮਝ

ਸਕਦੇ ਹਾਂ ਜੇ ਪਿਛਵਾੜੇ ਵਲ ਨਜ਼ਰ ਮਾਰੀ ਜਾਵੇ। ਕਿਸੇ ਧਰਮ ਨੂੰ ਸਮਝਣ ਜਾਂ ਕਿਸੇ ਫ਼ਿਲਾਸਫ਼ੀ ਨੂੰ ਕਥਨ ਕਰਨ ਤੋਂ ਪਹਿਲੇ ਇਹ ਬਹੁਤ ਜ਼ਰੂਰੀ ਹੈ ਕਿ ਬੜੇ ਗਹੁ ਅਤੇ ਵਿਸਥਾਰ ਨਾਲ ਉਸ ਦੇ ਮੁੱਢਲੇ ਸੋਮਿਆਂ ਨੂੰ ਮਲੂਮ ਕੀਤਾ ਜਾਵੇ।[੧]

ਵੈਦਕ ਕਾਲ ਤੇ ਸ਼ਾਸਤ੍ਰਾਂ ਦੇ ਮਤ :

ਹਿੰਦੁਸਤਾਨ ਦੇ ਧਾਰਮਿਕ ਇਤਿਹਾਸ ਤੇ ਇਕ ਸਰਸਰੀ ਨਜ਼ਰ ਮਾਰੀ ਜਾਵੇ ਤਾਂ ਇਹ ਪਤਾ ਲੱਗਦਾ ਹੈ ਕਿ ਸਿੱਖ ਧਰਮ ਦੇ ਪ੍ਰਗਟ ਹੋਣ ਤਕ ਹਿੰਦੁਸਤਾਨ ਨੇ ਤਿੰਨ ਆਤਮਿਕ ਤਜਰਬੇ ਕੀਤੇ ਹਨ—

੧. ਵੈਦਕ ਕਾਲ ਵਿਚ ਕਰਮ ਕਾਂਡ ਦਾ। ਵੇਦ ਦੇ ਦੋ ਭਾਗ ਸਨ: ਮੰਤਰ ਅਥਵਾ ਉਪਨਿਸ਼ਦ ਭਾਗ, ਦੂਸਰਾ ਬ੍ਰਾਹਮਣ ਭਾਗ। ਬ੍ਰਾਹਮਣ ਭਾਗ ਸਿਰਫ ਕਰਮ ਕਾਂਡ, ਯੱਗ, ਹੋਮ ਬਲੀਦਾਨ, ਤਪ ਆਦਿਕ ਨੂੰ ਵਰਣਨ ਕਰਦਾ ਸੀ। ਵੈਦਕ ਕਾਲ ਵਿਚ ਇਨ੍ਹਾਂ ਗੱਲਾਂ ਦਾ ਜ਼ੋਰ ਰਿਹਾ, ਇਸ ਲਈ ਇਸ ਨੂੰ ਬ੍ਰਾਹਮਣ ਧਰਮ ਕਹਿੰਦੇ ਹਨ।

੨. ਗਿਆਨ ਮਾਰਗ, ਕਰਮ ਕਾਂਡ ਨਾਲ ਜਦ ਆਤਮਿਕ ਸ਼ਾਂਤੀ ਨਾ ਹੋਈ ਤਾਂ ਦੂਸਰਾ ਤਜਰਬਾ ਗਿਆਨ ਦਾ ਕੀਤਾ ਗਿਆ। ਇਸ ਦਾ ਜਨਮ ਉਪਨਿਸ਼ਦਾਂ ਤੋਂ ਹੁੰਦਾ ਹੈ। ਵੇਦ ਦੀ ਬਾਣੀ ਨੂੰ 'ਸ੍ਰੁਤਿ' ਕਿਹਾ ਗਿਆ ਹੈ। ਜਿਸ ਦਾ ਅਰਥ ਹੈ—'ਸੁਣਿਆ ਹੋਇਆ ਗਿਆਨ'। ਉਪ-ਨਿਸ਼ਦ ਦੇ ਅਰਥ ਹਨ—ਨੇੜੇ ਬੈਠ ਕੇ ਕੀਤਾ ਹੋਇਆ ਗਿਆਨ।

ਉਪਨਿਸ਼ਦਾਂ ਫਿਲਾਸਫੀ ਅਤੇ ਆਤਮਿਕ ਵਿਚਾਰ ਦੇ ਗ੍ਰੰਥ ਹਨ। ਸਿਮ੍ਰਤੀਆਂ ਸਮਾਜਕ ਨਿਯਮ ਅਤੇ ਕਰਮ ਕਾਂਡ ਦਸਣ ਵਾਲੀਆਂ ਹਨ। ਉਪਨਿਸ਼ਦਾਂ ਤੋਂ ਸ਼ਾਸਤ੍ਰਾਂ ਦੀ ਰਚਨਾ ਹੋਈ। ਦਾਰਸ਼ਨਿਕ ਮਤਾਂ ਜਾਂ ਵਿਚਾਰ ਸ਼ੈਲੀ (Sys em of Philosophy) ਦਾ ਆਰੰਭ ਹੋਇਆ। ਵਿਚਾਰਾਂ ਦੀ ਭਿੰਨਤਾ ਤੋਂ ਹੀ ਸੰਪ੍ਰਦਾਵਾਂ ਦਾ ਜਨਮ ਹੋਇਆ। ਇਸ ਸਮੇਂ ਨੂੰ 'ਸ਼ਾਸਤ੍ਰ ਕਾਲ' ਕਹਿੰਦੇ ਹਨ। ਇਹ ੬00 ਪੂਰਬ ਈਸਵੀ ਤੋਂ

੧. ਹਿਸਟਰੀ ਆਫ ਫਿਲਾਸਫੀ ਲਿਖਤ ਵਿਡਲ ਬੈਂਡ।

੨੦੦ ਪੂ. ਈ. ਦਾ ਸਮਾਂ ਹੈ।[੧] ਸ਼ਾਸਤ੍ਰਾਂ ਵਿਚੋਂ ਸਾਂਖ ਨਾਸਤਕ ਸੀ, ਉਸ ਦਾ ਅਸਰ ਜੈਨ ਤੇ ਬੁੱਧ ਨੇ ਕਬੂਲ ਕੀਤਾ, ਵੇਦਾਂਤ ਦਾ ਪ੍ਰਭਾਵ ਵੈਸ਼ਨਵ ਸੰਪ੍ਰਦਾਵਾਂ ਤੇ ਪਿਆ।

੩. ਭਗਤੀ ਅਤੇ ਯੋਗ ਮਾਰਗ—ਕੇਵਲ ਗਿਆਨ ਜਾਂ 'ਖਿਆਲੀ ਫ਼ਲਸਫ਼ੇ' ਨਾਲ ਵੀ ਹਿੰਦੁਸਤਾਨੀ ਤਤ੍ਵ ਵੇਤਾ ਪੁਰਸ਼ਾਂ ਨੂੰ ਸ਼ਾਂਤੀ ਨਾ ਹੋਈ, ਤਦ ਯੋਗ ਅਤੇ ਭਗਤੀ ਮਾਰਗ ਦਾ ਤਜਰਬਾ ਕੀਤਾ ਗਿਆ। ਗਿਆਨ ਮਾਰਗ ਨੇ ਬਹੁਤ ਉਚੇ ਦਿਮਾਗਾਂ ਨੂੰ ਅਪੀਲ ਕੀਤੀ। ਸਾਧਾਰਨ ਜਨਤਾ ਇਸ ਨੂੰ ਅਪਣਾ ਨਾ ਸਕੀ, ਇਸ ਲਈ ਇਸ ਦੀ ਥਾਂ ਯੋਗ ਅਤੇ ਭਗਤੀ ਨੇ ਲਈ। ਯੋਗ ਇਕ ਤੇ ਅੰਤਰਮੁਖੀ ਸੀ, ਦੂਸਰੇ ਇਸ ਦੇ ਸਾਧਨ ਬੜੇ ਕਠਨ ਸਨ। ਇਸ ਲਈ ਜਨਤਾ ਨੇ ਇਸ ਨੂੰ ਪ੍ਰਵਾਨ ਨਾ ਕੀਤਾ।

ਬੁੱਧ ਮਤ :

ਸਾਂਖ ਦੇ ਵਿਚਾਰਾਂ ਨੇ ਬੁੱਧ ਧਰਮ ਨੂੰ ਜਨਮ ਦਿਤਾ ਸੀ। ਇਹ ਧਰਮ ਸਾਧਾਰਨ ਲੋਕਾਂ ਵਿਚ ਪ੍ਰਚਾਰਿਆ ਗਿਆ। ਪ੍ਰਚਲਤ ਬੋਲੀ ਵਿਚ ਬੁੱਧ ਧਰਮ ਦੇ ਗ੍ਰੰਥ ਲਿਖੇ ਗਏ। ਕਰਮ ਕਾਂਡ, ਕਠਨ ਤਪੱਸਿਆ, ਜਾਤ ਪਾਤ ਆਦਿਕ ਦਾ ਬੁੱਧ ਨੇ ਖੰਡਨ ਕੀਤਾ, ਇਸ ਲਈ ਸਾਰੇ ਹਿੰਦੁਸਤਾਨ ਵਿਚ ਤੇ ਨਾਲ ਲਗਦੇ ਕਈ ਏਸ਼ੀਆਈ ਦੇਸ਼ਾਂ ਵਿਚ ਬੁੱਧ ਧਰਮ ਫੈਲ ਗਿਆ। ਬੁੱਧ ਨਾਸਤਕ ਤੇ ਸੂੰਨ-ਵਾਦੀ ਸੀ, ਦੂਸਰੇ ਉਸ ਦੇ ਅਹਿੰਸਾ ਦੇ ਉਪਦੇਸ਼ ਨੇ ਹਿੰਦੁਸਤਾਨ ਨੂੰ ਕਮਜ਼ੋਰ ਕਰ ਦਿਤਾ ਸੀ, ਇਸ ਲਈ ਬਾਹਰੋਂ ਆਏ ਜਰਵਾਣਿਆਂ ਦੇ ਹਮਲਿਆਂ ਦਾ ਟਾਕਰਾ ਨਾ ਕਰ ਸਕਿਆ। ਇਸ ਦਾ ਸਿੱਟਾ ਇਹ ਹੋਇਆ ਕਿ ਬੁੱਧ ਮੱਤ ਨੂੰ ਹਿੰਦੁਸਤਾਨ ਵਿਚੋਂ ਕੱਢ ਦਿਤਾ ਗਿਆ।

ਸ਼ੰਕਰ ਦਾ ਮਤ :

ਬੁੱਧ ਮਤ ਨੂੰ ਹਿੰਦੁਸਤਾਨ ਵਿਚੋਂ ਖਤਮ ਕਰਨ ਦਾ ਕੰਮ ਸ੍ਰੀ ਸ਼ੰਕਰਾਚਾਰੀਯ ਨੇ ਕੀਤਾ, ਜਿਸ ਦਾ ਜਨਮ ੮੪੫ ਬਿ. ਵਿਚ ਹੋਇਆ।

---

੧. ਸਰ ਰਾਧਾ ਕ੍ਰਿਸ਼ਨ ਲਿਖਤ 'ਇੰਡੀਅਨ ਫ਼ਿਲਾਸਫ਼ੀ'।

੩੨ ਸਾਲ ਦੀ ਉਮਰ ਵਿਚ ਇਸ ਨੇ ਤਪ ਕੀਤਾ। ਤਪ ਦੇ ਪਿਛੋਂ ਵੇਦਾਂਤ ਦੇ ਆਧਾਰ ਤੇ ਇਸ ਨੇ 'ਅਦੈਤਵਾਦ' ਨੂੰ ਪ੍ਰਚਾਰਿਆ। ਹਿੰਦੁਸਤਾਨ ਦੇ ਚੌਹਾਂ ਕੋਨਿਆਂ ਵਿਚ ਸ਼ੰਕਰ ਨੇ ਚਾਰ ਮੱਠ ਕਾਇਮ ਕੀਤੇ—(੧) ਜਗਨ ਨਾਥ, (੨) ਅਮਰ ਨਾਥ (ਕਸ਼ਮੀਰ), (੩) ਸ੍ਰਿੰਗੇਰੀ ਅਤੇ (੪) ਨਾਸਕ।

ਸ਼ੰਕਰ ਦੇ 'ਅਦੈਤ-ਵਾਦ' ਦਾ ਸਾਰੰਸ਼ ਇਹ ਹੈ—

੧. ਸ੍ਰਿਸ਼ਟੀ ਦੇ ਪਦਾਰਥਾਂ ਵਿਚ ਅਨੇਕਤਾ ਨਹੀਂ। ਸਭ ਵਿਚ ਇਕ ਸ਼ੁੱਧ ਬ੍ਰਹਮ ਹੈ। ਪਦਾਰਥਾਂ ਵਿਚ ਭਿੰਨਤਾ ਮਾਇਆ ਦੇ ਭਰਮ ਤੇ ਇੰਦ੍ਰੀਆਂ ਕਰਕੇ ਪ੍ਰਤੀਤ ਹੁੰਦੀ ਹੈ।

੨. ਅਗਿਆਨ ਕਰਕੇ ਜੀਵ ਆਤਮਾ ਆਪਣੇ ਆਪ ਨੂੰ ਈਸ਼੍ਵਰ ਤੋਂ ਭਿੰਨ ਸਮਝਦਾ ਹੈ, ਵਾਸਤਵ ਵਿਚ ਪਾਰਬ੍ਰਹਮ ਦਾ ਸਰੂਪ ਹੀ ਹੈ।

੩. ਆਤਮਾ ਪ੍ਰਮਾਤਮਾ ਦਾ ਪੂਰਨ ਗਿਆਨ ਹੋਵੇ ਬਿਨਾਂ ਮੁਕਤੀ ਨਹੀਂ ਮਿਲ ਸਕਦੀ। ਗਿਆਨ ਦੀ ਪ੍ਰਾਪਤੀ ਲਈ ਕਰਮ ਕੀਤੇ ਜਾਂਦੇ ਹਨ। ਗਿਆਨ ਹੋਣ ਨਾਲ ਕਰਮ ਨਸ਼ ਹੋ ਜਾਂਦੇ ਹਨ।[੧]

ਸ਼ੰਕਰ ਦੇ ਪ੍ਰਚਾਰ ਨੇ ਬੁੱਧ ਧਰਮ ਨੂੰ ਤਾਂ ਮਿਟਾ ਦਿਤਾ, ਪਰ ਉਸ ਦੇ ਸ਼ੂੰਨਵਾਦ ਤੇ ਤਿਆਗ ਦਾ ਸੂਖਮ ਜਿਹਾ ਅਸਰ 'ਜੋਗ ਮਤ' ਦੇ ਰੂਪ ਵਿਚ ਕਾਇਮ ਰਿਹਾ। ਮਛਿੰਦਰ ਅਤੇ ਗੋਰਖ ਆਦਿਕ ਇਸ ਦੇ ਪ੍ਰਚਾਰਕ ਸਨ। ਗੋਰਖ ਦਾ ਜਨਮ ਨੇਪਾਲ ਵਿਚ ਹੋਇਆ ਪਰ ਉਸ ਦਾ ਪ੍ਰਭਾਵ ਪੰਜਾਬ ਤੇ ਪਸ਼ੌਰ ਤਕ ਪਿਆ। ਜੋਗੀਆਂ ਨੇ ਕਈ ਰਾਜਿਆਂ ਨੂੰ ਜੋਗੀ ਬਣਾਇਆ। ਜੋਗ ਸੰਸਾਰ ਤੋਂ ਉਪਰਾਮ ਤੇ ਅੰਤਰਮੁਖੀ ਮਤ ਸੀ। ਪੰਜਾਬ, ਯੂ. ਪੀ. ਅਤੇ ਰਾਜਪੂਤਾਨੇ ਵਿਚ ਇਸ ਦੇ ਕੇਂਦਰ ਸਨ। ਸਤਵੀਂ ਸਦੀ ਤੋਂ ਲੈ ਕੇ ਨੌਵੀਂ ਸਦੀ ਤਕ ਜੋਗ ਮਤ, ਸ਼ਾਕਤ, ਤਾਂਤ੍ਰਿਕ, ਚਾਰਵਾਕ ਆਦਿਕ ਮਤਾਂ ਦਾ ਸਮਾਂ ਕਿਹਾ ਜਾਂਦਾ ਹੈ।

---

੧. ਗਿਆਨੈ ਕਾਰਨ ਕਰਮ ਅਭਿਆਸੁ ॥
ਗਿਆਨੁ ਭਇਆ ਤਹ ਕਰਮਹ ਨਾਸੁ ॥
(ਭੈਰਉ ਸ੍ਰੀ ਰਵਿਦਾਸ ਜੀ)

ਵੈਸ਼ਨਵ ਮਤ :

ਸੰਮਤ ੧੨੦੩ ਬਿ. ਵਿਚ ਰਾਮਾਨੁਜ ਹੋਏ, ਜਿਨ੍ਹਾਂ ਨੇ 'ਵਸ਼ਿਸ਼ਟ ਅਦ੍ਵੈਤਵਾਦ' ਨੂੰ ਪ੍ਰਚਾਰਿਆ । ਜਿਸ ਦਾ ਸਾਰੰਸ਼ ਇਹ ਹੈ—ਜੀਵ, ਈਸ਼ਵਰ ਤੇ ਜਗਤ ਭਾਵੇਂ ਵੱਖੋ ਵੱਖ ਪ੍ਰਤੀਤ ਹੁੰਦੇ ਹਨ, ਪਰ ਜੀਵ (ਚੇਤੰਨ) ਤੇ ਜਗਤ (ਜੜ੍ਹ) ਦੋਵੇਂ ਉਸ ਪਾਰਬ੍ਰਹਮ ਦਾ ਹੀ ਸਰੂਪ ਹਨ । ਰਾਮਾਨੁਜ ਨੇ ਹੀ ਹਿੰਦੁਸਤਾਨ ਵਿਚ ਸਭ ਤੋਂ ਪਹਿਲੇ ਬਿਸ਼ਨੂੰ ਦੀ ਭਗਤੀ ਅਰਥਾਤ ਅਵਤਾਰ ਪੂਜਾ ਨੂੰ ਪ੍ਰਚਾਰਿਆ । ਸ਼ੰਕਰ ਨੇ ਅਦ੍ਵੈਤ-ਵਾਦ ਵਿਚ ਸੰਨਿਆਸ ਨੂੰ ਪ੍ਰਧਾਨਤਾ ਦਿਤੀ ਸੀ । ਰਾਮਾਨੁਜ ਨੇ ਭਗਤੀ ਨੂੰ ਮੁੱਖ ਮੰਨਿਆ ।

ਸ਼ੰਕਰ, ਰਾਮਾਨੁਜ, ਸ੍ਰੀ ਧਰ, ਮਾਧਵ, ਭਾਸ਼ਕਰ ਆਦਿਕਾਂ ਨੇ ਸ਼ਾਸਤ੍ਰਾਂ ਦੇ ਭਾਸ਼, ਟੀਕੇ ਅਤੇ ਵੱਡੇ ਵੱਡੇ ਗ੍ਰੰਥ ਲਿਖੇ । ਇਸ ਕਾਲ ਨੂੰ ਭਾਸ਼ ਜਾਂ ਟੀਕਿਆਂ ਦਾ ਸਮਾਂ ਕਹਿੰਦੇ ਹਨ । ਇਸ ਸਮੇਂ ਪੁਰਾਣ ਲਿਖੇ ਗਏ । ਰਾਮਾਨੁਜ ਤੋਂ ਬਾਅਦ ਬਾਰ੍ਹਵੀਂ ਸਦੀ ਵਿਚ ਮਾਧਵਾ ਚਾਰਯ ਨੇ 'ਦ੍ਵੈਤ-ਵਾਦ' ਨੂੰ ਪ੍ਰਚਾਰਿਆ । ਜਿਸ ਦਾ ਭਾਵ ਇਹ ਸੀ ਕਿ 'ਜੀਵ' ਤੇ ਈਸ਼ਵਰ ਭਿੰਨ ਭਿੰਨ ਹਨ । ਇਨ੍ਹਾਂ ਦੀ ਏਕਤਾ ਕਿਸੇ ਤਰ੍ਹਾਂ ਨਹੀਂ ਹੋ ਸਕਦੀ ।

੧੫੩੬ ਬਿ: ਵਿਚ ਵਲਭਾਚਾਰਯ ਹੋਏ । ਇਨ੍ਹਾਂ ਨੇ 'ਸ਼ੁੱਧ ਅਦ੍ਵੈਤ ਵਾਦ' ਨੂੰ ਪ੍ਰਚਾਰਿਆ । ਜਿਸ ਦਾ ਸਾਰੰਸ਼ ਇਹ ਹੈ—

ਮਾਇਆ ਤੋਂ ਬਿਨਾਂ ਜੀਵ ਅਤੇ ਬ੍ਰਹਮ ਇਕੋ ਸਰੂਪ ਹਨ । ਇਕ ਦੂਜੇ ਤੋਂ ਭਿੰਨ ਨਹੀਂ । ਜਗਤ ਮਿਥਿਆ ਨਹੀਂ । ਮਾਇਆ ਦਿਵ ਸ਼ਕਤੀ ਹੈ, ਜੋ ਈਸ਼ਵਰ ਦੀ ਇੱਛਾ ਨਾਲ ਪੈਦਾ ਹੁੰਦੀ ਹੈ । ਈਸ਼ਵਰ ਦੀ ਕ੍ਰਿਪਾ ਤੋਂ ਬਿਨਾਂ ਗਿਆਨ ਨਹੀਂ ਹੋ ਸਕਦਾ । ਮੁਕਤੀ ਨਹੀਂ ਮਿਲ ਸਕਦੀ । ਮੁਕਤੀ ਦਾ ਰਸਤਾ ਕੇਵਲ ਈਸ਼ਵਰ ਭਗਤੀ ਹੀ ਹੈ ।

ਭਗਤੀ ਮਾਰਗ ਦੀ ਲਹਿਰ ਦੱਖਣ ਵਿਚੋਂ ਉਠੀ, ਇਸ ਨੇ ਮੱਧ ਭਾਰਤ ਵਿਚ ਸ੍ਰੀ ਰਾਮਾਨੰਦ, ਭਗਤ ਕਬੀਰ ਅਤੇ ਸ੍ਰੀ ਰਵਿਦਾਸ ਜੀ ਆਦਿਕ ਪੈਦਾ ਕੀਤੇ । ਬੰਗਾਲ ਵਿਚ ਵਿਦਿਆ ਪਤੀ, ਸ੍ਰੀ ਜੈਦੇਵ ਅਤੇ ਸ੍ਰੀ ਚੇਤੰਨ ਨੂੰ ਜਨਮ ਦਿਤਾ ।

ਕਈ ਪੱਛਮੀ ਲੇਖਕਾਂ ਦਾ ਖਿਆਲ ਹੈ ਕਿ ਇਸਲਾਮ ਦੇ ਹਿੰਦ

ਵਿਚ ਆਉਣ ਨਾਲ ਹਿੰਦੂਆਂ ਤੇ ਮੁਸਲਮਾਨਾਂ ਦੇ ਮਿਲਾਪ ਦਾ ਨਤੀਜਾ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਜੀ ਵਰਗੇ ਇਕੀਸ਼੍ਰਰ-ਵਾਦੀ ਪੈਦਾ ਹੋਏ, ਜਿਨ੍ਹਾਂ ਨੇ ਇਕ ਵਾਹਿਗੁਰੂ ਦੀ ਪੂਜਾ ਦੇ ਨਾਲ ਜ਼ਾਤ-ਪਾਤ, ਛੂਤ-ਛਾਤ ਸੂਤਕ ਪਾਤਕ, ਸਰਾਧ, ਮੂਰਤੀ ਪੂਜਾ, ਅਵਤਾਰ ਪੂਜਾ ਆਦਿ ਦਾ ਖੰਡਨ ਕੀਤਾ। ਅਸੀਂ ਇਸ ਨੁਕਤੇ ਤੇ ਅਗੇ ਚਲ ਕੇ ਵਿਚਾਰ ਕਰਾਂਗੇ। ਇਥੇ ਕੇਵਲ ਇਤਨਾ ਹੀ ਕਹਿਣਾ ਚਾਹੁੰਦੇ ਹਾਂ ਕਿ ਜੈਨ ਤੇ ਬੁੱਧ ਧਰਮ ਦੀ ਗਿਰਾਵਟ ਦੇ ਬਾਅਦ ਭਗਤੀ ਮਾਰਗ ਪ੍ਰਚਲਤ ਹੋਇਆ। ਜਿਸ ਵਕਤ ਸਿੱਖ ਧਰਮ ਦਾ ਜਨਮ ਹੋਇਆ, ਉਸ ਵਕਤ ਇਸਲਾਮ ਹਿੰਦ ਵਿਚ ਆ ਚੁੱਕਾ ਸੀ। ਉਹ ਪ੍ਰਚਾਰ ਅਤੇ ਰਾਜਨੀਤਕ ਤਾਕਤ ਰੱਖਦਾ ਸੀ।

੧੬ਵੀਂ ਸਦੀ ਵਿਚ ਗੁਰੂ ਨਨਕ ਦੇਵ ਜੀ ਦਾ ਅਵਤਾਰ ਹੋਇਆ, ਜਿਨ੍ਹਾਂ ਨੇ ਸਿੱਖ ਧਰਮ ਨੂੰ ਜਨਮ ਦਿਤਾ। ਉਸ ਵਕਤ ਹਿੰਦੁ-ਸਤਾਨ ਦੀ ਧਾਰਮਿਕ ਹਾਲਤ ਇਹ ਸੀ ਕਿ ਹਿੰਦੂਆਂ ਵਿਚ ਸੰਪ੍ਰਦਾਵਾਂ ਦਾ ਬੜਾ ਜ਼ੋਰ ਸੀ। ਇਨ੍ਹਾਂ ਵਿਚ ਬਹੁਤ ਮਤ-ਭੇਦ ਸੀ। ਮੂਰਤੀ ਪੂਜਾ, ਦੇਵ ਪੂਜਾ, ਅਵਤਾਰ ਪੂਜਾ, ਕਰਮ ਕਾਂਡ, ਵਹਿਮ ਭਰਮ ਅਤੇ ਪਖੰਡ ਪੂਰੇ ਜ਼ੋਰਾਂ ਤੇ ਸਨ। ਫੋਕੇ ਗਿਆਨ ਦੀ ਚਰਚਾ ਸੀ। ਯੋਗ, ਵੈਰਾਗ ਅਤੇ ਤਿਆਗ ਦੇ ਪ੍ਰਚਾਰ ਨੇ ਸੰਸਾਰਕ ਜੀਵਨ ਵਲੋਂ ਅਰੁਚੀ ਤੇ ਨਿਰਾਸਤਾ ਪੈਦਾ ਕਰ ਦਿਤੀ ਸੀ। ਕੋਈ ਅਮਲੀ ਧਰਮ ਨਹੀਂ ਸੀ। ਜਨਤਾ ਵਿਚ ਸਖਤ ਮਾਨਸਿਕ ਅਸ਼ਾਂਤੀ ਸੀ।

ਉਸ ਵਕਤ ਹਿੰਦੁਸਤਾਨ ਦੀ ਸਮਾਜਕ ਤੇ ਪੁਲੀਟੀਕਲ ਹਾਲਤ ਕੀ ਸੀ ? ਜ਼ਾਤ-ਪਾਤ ਤੇ ਛੂਤ-ਛਾਤ ਨੇ ਹਿੰਦੂਆਂ ਦੀ ਸਮਾਜਕ ਏਕਤਾ ਨੂੰ ਖਤਮ ਕਰ ਦਿਤਾ ਸੀ। ਬ੍ਰਾਹਮਣ, ਖੱਤਰੀ ਤੇ ਸੂਦਰ ਵਿਚਕਾਰ ਭਾਰੀ ਪਾਟਕ ਸੀ। ਮੁਸਲਮਾਨ ਬਾਦਸ਼ਾਹਾਂ ਦੇ ਹਮਲਿਆਂ ਨੇ ਰਾਜਨੀਤਕ ਜੀਵਨ ਤੇ ਏਕਤਾ ਨੂੰ ਵੀ ਨਸ਼ਟ ਕਰ ਕੇ ਰੱਖ ਦਿਤਾ ਸੀ। ਲੁੱਟ-ਮਾਰ, ਖੂੰਰੇਜ਼ੀ, ਤਬਾਹੀ ਅਤੇ ਬਰਬਾਦੀ ਦਾ ਦੌਰ ਚੱਲ ਰਿਹਾ ਸੀ। ਇਸਲਾਮ 'ਨਿਸਚੇ ਦਾ ਧਰਮ' ਸੀ। ਹਿੰਦੂ ਫ਼ਿਲਾਸਫ਼ੀ ਅਤੇ ਗਿਆਨ ਦੋਹਾਂ ਦੀ ਮਜ਼ਬੀ ਅਤੇ ਰਾਜਨੀਤਕ ਟੱਕਰ ਹੋ ਰਹੀ ਸੀ। ਹਿੰਦੁਸਤਾਨ ਖਿਆਲਾਂ ਦੀ ਟੱਕਰ ਦਾ

ਰਣ ਖੇਤਰ ਬਣਿਆ ਹੋਇਆ ਸੀ। ਅਜਿਹੇ ਕਠਨ ਹਾਲਾਤ ਵਿਚ ਸਿੱਖ ਧਰਮ ਨੇ ਜਨਮ ਲਿਆ।

ਸਿੱਖ ਧਰਮ ਕੀ ਹੈ ? ਸਿੱਖ ਦੇ ਅਰਥ ਹਨ—ਸਿੱਖਿਆ ਲੈਣ ਵਾਲਾ। 'ਸਿਖੀ ਸਿਖਿਆ ਗੁਰ ਵੀਚਾਰ' ਭਾਵ ਸਿੱਖ ਉਹ ਹੈ, ਜਿਸ ਨੇ ਗੁਰੂ ਦੀ ਸਿੱਖਿਆ ਤੇ ਵੀਚਾਰ ਕੀਤੀ। ਭਾਈ ਗੁਰਦਾਸ ਜੀ ਲਿਖਦੇ ਹਨ—

ਗੁਰ ਦੀਖਿਆ ਲੈ ਸਿਖ ਸਦਾਇਆ ॥

(ਵਾਰ ੩—੧੧)

ਗੁਰ ਸਿਖ ਲੈ ਗੁਰ ਸਿਖ ਹੋਇ
ਆਪ ਗਵਾਇ ਨ ਆਪ ਗਣਾਯਾ ॥

(ਵਾਰ ੭—੧)

ਭਾਵ—ਸਿੱਖ ਉਹ ਹੈ, ਜਿਸ ਨੇ ਗੁਰੂ ਦੀ ਦੀਖਿਆ ਤੇ ਸਿੱਖਿਆ ਲਈ ਹੈ। ਸਿੱਖ ਆਪਾ ਗਵਾ ਕੇ ਬਣੀਦਾ ਹੈ। ਮਨੁੱਖ ਜੀਵਨ ਦੇ ਭਲੇ ਲਈ ਮਹਾਂ ਪੁਰਖਾਂ ਨੇ ਕਈ ਰਸਤੇ ਦਸੇ ਹਨ। ਸਿੱਖ ਧਰਮ ਤੋਂ ਮੁਰਾਦ ਉਨ੍ਹਾਂ ਅਨੇਕ ਰਸਤਿਆਂ 'ਚੋਂ ਇਕ ਉਹ ਰਸਤਾ ਹੈ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸ ਗੁਰੂਆਂ ਨੇ ਦਸਿਆ ਹੈ, ਇਸ ਦਾ ਨਾਂ ਸਿੱਖ ਧਰਮ ਹੈ। ਦਸਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜ਼ਿਕਰ ਕਰਦੇ ਹੋਏ ਫ਼ੁਰਮਾਉਂਦੇ ਹਨ—

ਤਿਨ ਇਹ ਕਲਿ ਮੋ ਧਰਮ ਚਲਾਯੋ।
ਸਭ ਸਾਧਨ ਕੋ ਰਾਹ ਬਤਾਯੋ।
ਜੋ ਤਾ ਕੇ ਮਾਰਗ ਮੇ ਆਏ।
ਤੇ ਕਬਹੂੰ ਨਹਿ ਪਾਪ ਸੰਤਾਯੇ।

(ਬਚਿਤ੍ਰ ਨਾਟਕ)

ਸਿੱਖ ਧਰਮ ਦੇ ਮੁੱਖ ਨਿਯਮ ਇਹ ਹਨ—

੧. ਵਾਹਿਗੁਰੂ ਦੀ ਪੂਜਾ ਤੇ ਭਗਤੀ, ਉਸੇ ਦਾ ਹੁਕਮ ਮੰਨਣਾ ਤੇ ਭਾਣੇ ਵਿਚ ਰਾਜ਼ੀ ਰਹਿਣਾ।

੨. ਵਾਹਿਗੁਰੂ ਦੀ ਪ੍ਰਾਪਤੀ ਲਈ ਦਸ ਗੁਰੂ ਸਾਹਿਬਾਨ ਨੂੰ ਆਪਣਾ

ਇਸ਼ਟ ਦੇਵ ਸਮਝਣਾ । ਦਸਾਂ ਸਤਿਗੁਰਾਂ ਦਾ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਾਣਨਾ । ਸਿੱਖ ਧਰਮ ਵਿਚ ਆਚਰਣ ਦੋ ਤਰ੍ਹਾਂ ਦਾ ਹੈ—
੧. ਸ਼ਖਸੀ, ੨. ਪੰਥਕ ।

(ੳ) ਸ਼ਖਸੀ ਆਚਰਣ ਲਈ ਇਹ ਨਿਯਮ ਹਨ—

੧. ਵਾਹਿਗੁਰੂ ਨਾਲ ਸੁਰਤ ਜੋੜ ਕੇ ਨਾਮ ਸਿਮਰਨ ਕਰਨਾ ।

੨. ਗੁਰਬਾਣੀ ਦਾ ਪਾਠ,ਕੀਰਤਨ,ਸਿਧਾਂਤਾਂ ਦੀ ਵਿਚਾਰ ਕਰਨੀ।

੩. ਭਰਾਤ੍ਰੀ ਭਾਵ, ਮਨੁੱਖ ਮਾਤ੍ਰ ਨੂੰ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੇ ਮਹਾਨ ਵਾਕ ਅਨੁਸਾਰ ਆਪਣੇ ਭਾਈ ਜਾਣ ਦੇ ਜ਼ਾਤ-ਪਾਤ, ਊਚ-ਨੀਚ, ਕੌਮ ਦੇਸ਼ ਅਤੇ ਨਸਲ ਦਾ ਵਿਤਕਰਾ ਮਿਟਾ ਕੇ ਸਭ ਮਨੁੱਖਾਂ ਨਾਲ ਪ੍ਰੇਮ ਕਰਨਾ ਅਤੇ ਸੇਵਾ ਕਰਨੀ ।

੪. ਗ੍ਰਿਹਸਤ ਵਿਚ ਰਹਿ ਕੇ ਧਰਮ ਦੀ ਕਿਰਤ ਕਰਨੀ ਅਤੇ ਵੰਡ ਛਕਣਾ ।

੫. ਭਰਮ, ਵਹਿਮ ਤੇ ਪਖੰਡ ਨੂੰ ਮਿਟਾ ਦੇਣਾ, ਵਿਦਿਆ ਪੜ੍ਹਨੀ, ਗੁਰਮਤਿ ਦੀ ਰਹੁ ਰੀਤ ਤੇ ਚਲਣਾ ।

(ਅ) ਪੰਥ ਆਚਰਣ ਲਈ ਇਹ ਨਿਯਮ ਹਨ—

੧. ਜਥੇਬੰਦੀ ਦੇ ਨਿਯਮਾਂ ਵਿਚ ਆ ਕੇ ਸਿੱਖ ਧਰਮ ਦੀ ਰਹਿਤ ਬਹਿਤ ਵਿਚ ਪੱਕਿਆਂ ਹੋਣਾ, ਅੰਮ੍ਰਿਤ ਛਕਣਾ, ਨਿਤਨੇਮ ਕਰਨਾ, ਪੰਜ ਕਕਾਰ ਦੀ ਰਹਿਤ ਰੱਖਣੀ, ਚਾਰ ਕੁਰਹਿਤਾਂ ਤੋਂ ਬਚਣਾ, ਨਸ਼ਿਆਂ ਦਾ ਤਿਆਗੀ ਹੋਣਾ ਆਦਿਕ ।

੨. ਪੰਥ ਨੂੰ ਗੁਰੂ ਰੂਪ ਜਾਣ ਕੇ ਤਨ, ਮਨ ਤੇ ਧਨ ਦੁਆਰਾ ਸੇਵਾ ਕਰਨੀ ।

੩. ਸੰਸਾਰ ਵਿਚ ਗੁਰਮਤਿ ਦਾ ਪ੍ਰਚਾਰ ਕਰਨਾ ।

੪. ਕਿਰਤ ਕਮਾਈ ਵਿਚੋਂ ਦਸਵੰਧ ਦੇਣਾ ।

੫. ਸ੍ਰੀ ਗੁਰੂ ਨਾਨਕ ਪੰਥੀ ਭਾਵੇਂ ਕਿਸੇ ਰੂਪ ਜਾਂ ਭੇਖ ਵਿਚ ਹੋਣ, ਉਨ੍ਹਾਂ ਨੂੰ ਸਿੱਖ ਧਰਮ ਦਾ ਅੰਗ ਸਮਝ ਕੇ ਉਨ੍ਹਾਂ ਨਾਲ ਪ੍ਰੇਮ ਕਰਨਾ, ਹਰ ਵੇਲੇ ਸਭ ਦਾ ਭਲਾ ਲੋਚਣਾ ।

੬. ਗੁਰਦੁਆਰਿਆਂ ਤੇ ਧਰਮ ਅਸਥਾਨਾਂ ਦੀ ਮਰਯਾਦਾ ਸਤਿਗੁਰਾਂ ਦੇ ਹੁਕਮ ਅਨੁਸਾਰ ਕਾਇਮ ਰੱਖਣੀ।[੧]

੭. ਸੂਰਬੀਰ, ਪਰਉਪਕਾਰੀ, ਧਰਮ ਰੱਖਯਕ ਤੇ ਸੁਤੰਤ੍ਰਤਾ ਦਾ ਪ੍ਰੇਮੀ ਹੋਣਾ।

ਸਿੱਖ ਦੇ ਲੱਛਣ ਕੀ ਹਨ? ਮਹਾਰਾਜ ਦਸਦੇ ਹਨ—

ਬੋਲਹਿ ਸਾਚੁ ਮਿਥਿਆ ਨਹੀ ਰਾਈ॥
ਚਾਲਹਿ ਗੁਰਮੁਖਿ ਹੁਕਮਿ ਰਜਾਈ॥
ਰਹਹਿ ਅਤੀਤ ਸਚੇ ਸਰਣਾਈ॥
ਸਤਿਗੁਰ ਦੇਖਿਆ ਦੀਖਿਆ ਲੀਨੀ॥
ਮਨੁ ਤਨੁ ਅਰਪਿਓ ਅੰਤਰਗਤਿ ਕੀਨੀ॥
ਸਾਚ ਮਹਲਿ ਗੁਰੁ ਅਲਖੁ ਲਖਾਇਆ॥
ਨਿਹਚਲ ਮਹਲੁ ਨਹੀ ਛਾਇਆ ਮਾਇਆ।
ਸਾਚਿ ਸੰਤੋਖੇ ਭਰਮੁ ਚੁਕਾਇਆ॥
ਜਿਨ ਕੈ ਮਨਿ ਵਸਿਆ ਸਚੁ ਸੋਈ॥
ਤਿਨ ਕੀ ਸੰਗਤਿ ਗੁਰਮੁਖਿ ਹੋਈ॥
ਨਾਨਕ ਸਾਚਿ ਨਾਮਿ ਮਲੁ ਖੋਈ॥

(ਗਉੜੀ ਮ: ੧ ਅਸਟਪਦੀ)

ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ—

ਸੋ ਸਿਖ ਸਖਾ ਬੰਧਪ ਹੈ ਭਾਈ
ਜੇ ਗੁਰ ਕੇ ਭਾਣੇ ਵਿਚਿ ਆਵੈ॥ (ਸੋਰਠਿ)

ਸਿੱਖੀ ਦੀ ਪਹਿਲੀ ਪੌੜੀ ਹੈ—ਗੁਰੂ ਪਾਸੋਂ ਸਿੱਖਿਆ ਲੈਣੀ। ਦੂਸਰੀ ਹੈ—ਉਸ ਦੀ ਕਮਾਈ ਕਰਨੀ। ਤੀਸਰੀ ਹੈ—ਕਮਾਈ ਵਿਚ ਸੁਫਲ ਹੋਣਾ। ਸਿੱਖਿਆ ਲੈਣੀ ਸ਼ਰੀਅਤ ਹੈ। ਕਮਾਈ ਕਰਨੀ ਤਰੀਕਤ ਹੈ। ਪਰਮ ਪਦਵੀ ਪ੍ਰਾਪਤ ਕਰਨੀ ਹਕੀਕਤ ਤੇ ਮਾਰਫਤ ਹੈ। ਸਿੱਖ ਹੋਣਾ, ਸਨਮੁਖ ਹੋਣਾ ਤੇ ਗੁਰਮੁਖ ਹੋਣਾ, ਇਹ ਤਿੰਨ ਦਰਜੇ ਉਚਤਾ ਦੇ ਹਨ।

---

੧. ਮਹਾਨ ਕੋਸ਼, ਪੰਨਾ ਪ੭੬-੭੭

ਮਨਮੁਖ ਜਾਂ ਬੇਮੁਖ ਹੋਣਾ, ਇਹ ਗਿਰਾਵਟ ਦਾ ਦਰਜਾ ਹੈ।

ਸਿੱਖੀ ਹੈ ਦੁਰਮਤ ਅਤੇ ਔਗੁਣਾਂ ਨੂੰ ਕੱਟਣ ਲਈ ਪੂਰਨ ਵੈਦ ਸਤਿਗੁਰੂ ਪਾਸ ਜਾਣਾ। ਗੁਰੂ ਰੋਗ ਦਸਦਾ ਹੈ, ਦਵਾਈ ਦਿੰਦਾ ਹੈ ਅਤੇ ਪੱਥ ਦਸਦਾ ਹੈ।

ਤੀਸਰੀ ਸਟੇਜ ਹੈ—ਸੰਜਮ ਕਰ ਕੇ,ਕਮਾਈ ਕਰ ਕੇ ਪੂਰਨ ਅਰੋਗ ਹੋਣਾ। ਗੁਰਸਿੱਖੀ ਕੀ ਹੈ ? ਇਸ ਦੀ ਵਿਆਖਿਆ ਕਰਦੇ ਹੋਏ ਭਾਈ ਗੁਰਦਾਸ ਜੀ ਲਿਖਦੇ ਹਨ—

ਗੁਰਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ।
ਓਥੈ ਟਿਕੈ ਨ ਭੁਣਹਣਾ[1] ਚਲ ਨ ਸਕੈ ਉਪਰ ਕੀੜੀ।
ਵਾਲਹੁ ਨਿਕੀ ਆਖੀਐ ਤੇਲਤਿਲਹੁ ਲੈ ਕੋਹਲੂ ਪੀੜੀ।
(ਵਾਰ ੧੧—੫)

ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿਖੀ।
ਆਖਣ ਆਖ ਨ ਸਕੀਐ ਲੇਖ ਅਲੇਖ ਨ ਜਾਈ ਲਿਖੀ।
ਗੁਰਮੁਖ ਪੰਥ ਵਖਾਣੀਐ ਅਪੜ ਸਕੈ ਇਕਤੁ ਵਿਖੀ[2]।
ਸਿਲ ਅਲੂਣੀ ਚਟਣੀ ਤੁਲ ਨ ਲਖ ਅਮਿਉ ਰਸ ਇਖੀ[3]।
ਗੁਰਮੁਖ ਸੁਖ ਫਲ ਪਾਇਆ ਭਾਇ ਭਗਤ ਵਿਰਲੀ ਜੁ ਬਿਰਖੀ[4]।
ਸਤਗੁਰ ਤੁਠੇ ਪਾਈਐ ਸਾਧ ਸੰਗਤਿ ਗੁਰਮਤਿ ਗੁਰਸਿਖੀ।
(ਵਾਰ ੨੮—੧)

ਗੁਰਸਿਖੀ ਦਾ ਸਿਖਣਾ ਸ਼ਬਦ ਸੁਰਤਿ ਸਤਿਸੰਗਤ ਸਿਖੈ।
ਗੁਰਸਿਖੀ ਦਾ ਲਿਖਣਾ ਗੁਰਬਾਣੀ ਸੁਣ ਸਮਝ ਲਿਖੈ।
ਗੁਰਬਾਣੀ ਦਾ ਸਿਮਰਣੋ ਸਤਗੁਰ ਮਤ ਕੋਹਲੂ ਰਸ ਇਖੈ।
ਗੁਰਸਿਖੀ ਦਾ ਵਰਤਮਾਨ ਚੰਦਨ ਵਾਸ ਨਿਵਾਸ ਬਿਰਿਖੈ।
ਗੁਰਸਿਖੀ ਦਾ ਬੁਝਣਾ ਬੁਝ ਅਬੁਝ ਹੋਵੈ ਲੈ ਭਿਖੈ।
ਸਾਧ ਸੰਗਤਿ ਗੁਰਸ਼ਬਦ ਸੁਣ ਨਾਮਦਾਨ ਇਸ਼ਨਾਨ ਸਰਿਖੈ।
ਵਰਤਮਾਨ ਲੰਘ ਭੂਹ[5] ਭਵਿਖੈ। (ਵਾਰ ੨੮—੫)

੧.ਮੱਛਰ,ਕੀੜਾ। ੨.ਕਦਮ। ੩.ਗੰਨੇ ਦੀ ਰਸ। ੪.ਬਿਰਛ। ੫. ਭੂਤਕਾਲ।

ਸਿੱਖੀ ਬਹੁਤ ਸੌਖੀ ਹੈ। ਇਸ ਲਈ ਕਿ ਇਸ ਨੇ ਜੀਵਨ ਦੇ ਅਮਲੀ ਫ਼ਲਸਫ਼ੇ ਤੇ ਅਸੂਲਾਂ ਨੂੰ ਦਰਸਾਇਆ ਹੈ। ਖੰਡੇ ਦੀ ਧਾਰ ਜਾਂ ਅਲੂਣੀ ਸਿਲ ਇਸ ਲਈ ਕਿਹਾ ਹੈ ਕਿ ਸੱਚਾਈ, ਪਵਿੱਤ੍ਰਤਾ ਤੇ ਨੇਕੀ ਦੇ ਅਸੂਲਾਂ ਤੇ ਵਰਤੋਂ ਕਰਨੀ ਰਤਾ ਕਠਨ ਹੁੰਦੀ ਹੈ।

ਵਾਹਿਗੁਰੂ ਤੇ ਗੁਰੂ ਲਈ ਅਟੁੱਟ ਸ਼ਰਧਾ, ਭਗਤੀ, ਸਿਦਕ ਅਤੇ ਭਰੋਸਾ ਰਖਣਾ, ਨਾਮ, ਰੂਪ ਤੇ ਸਪਿਰਟ ਕਰਕੇ ਗੁਰੂ ਵਿਚ ਲੀਨ ਹੋਣਾ, ਸ੍ਰਿਸ਼ਟੀ ਨੂੰ ਕਰਤਾ ਪੁਰਖ ਦੀ ਜਾਣ ਕੇ ਉਸ ਨਾਲ ਪਿਆਰ ਕਰਨਾ, ਮਨੁੱਖ ਮਾਤਰ ਲਈ ਭਰਾਤ੍ਰੀ-ਭਾਵ, ਖੁੱਲ੍ਹ-ਦਿਲੀ ਅਤੇ ਜਥੇਬੰਦ ਹੋ ਕੇ ਨਿਸ਼ਕਾਮ ਸੇਵਾ ਦਾ ਜਜ਼ਬਾ ਦਿਲ ਵਿਚ ਰਖਣਾ, ਕਰਮ ਸ਼ੁਭ ਭਾਵਨਾ ਤੇ ਦ੍ਰਿੜ੍ਹਤਾ ਨਾਲ ਕਰਨੇ, ਪਰ ਹਉਮੈ ਤੋਂ ਉਚੇ ਹੋ ਕੇ ਸਮਰਪਨ ਵਾਹਿਗੁਰੂ ਦੇ ਕਰਨੇ ਤੇ ਉਸ ਦੀ ਕ੍ਰਿਪਾ ਅਤੇ ਬਖਸ਼ਸ਼ ਤੇ ਭਰੋਸਾ ਕਰਨਾ, ਮਨ ਨੀਵਾਂ ਤੇ ਮਤਿ ਉਚੀ ਰਖਣੀ, ਸਵੈਮਾਨੀ ਹੋਣਾ ਪਰ ਹੰਕਾਰ ਦਾ ਤਿਆਗ ਕਰਨਾ, ਧਰਮ ਦੀ ਕਿਰਤ ਕਰਨੀ ਤੇ ਵੰਡ ਛਕਣਾ, ਜੀਵਨ ਲਈ ਉਤਸ਼ਾਹ, ਪਰਉਪਕਾਰ ਲਈ ਉਮਾਹ ਅਤੇ ਆਪਾ ਵਾਰਨ ਵਾਲਾ, ਮੁਸੀਬਤ ਵਿਚ ਅਡੋਲ, ਆਸ਼ਾ-ਵਾਦੀ, ਫੋਕੇ ਕਰਮ-ਕਾਂਡ ਅਤੇ ਪਖੰਡ ਤੋਂ ਨਫ਼ਰਤ ਕਰਨ ਵਾਲਾ, ਸੂਰਬੀਰ, ਧਰਮ ਅਤੇ ਰਾਜਨੀਤੀ ਦਾ ਸੰਗਮ ਸੰਤ-ਸਿਪਾਹੀ, ਆਜ਼ਾਦੀ ਦਾ ਚਾਹਵਾਨ 'ਜਾਗਤ ਜੋਤਿ' ਸ੍ਰੀ ਵਾਹਿਗੁਰੂ ਨੂੰ ਜਪਣ ਵਾਲਾ, 'ਤੇਰੇ ਭਾਣੇ ਸਰਬਤ ਕਾ ਭਲਾ' ਦੀ ਅਰਦਾਸ ਕਰਨ ਵਾਲਾ ਗੁਰੂ ਕਾ ਸਿਖ ਹੈ। ਉਹ ਵਾਹਿਗੁਰੂ ਜੀ ਕਾ ਖਾਲਸਾ ਹੈ। ਇਹ ਹੈ ਸਿਖ ਧਰਮ ਦਾ ਸਾਰੰਸ਼। ਅਗੇ ਚੱਲ ਕੇ ਸਿਖ ਧਰਮ ਦੇ ਅਸੂਲਾਂ ਪਰ ਵਿਚਾਰ ਕੀਤੀ ਜਾਵੇਗੀ।

o

੩.

ਵਾਹਿਗੁਰੂ

ਵਾਹਿਗੁਰੂ ਦਾ ਸਰੂਪ, ਕ੍ਰਿਤਮ ਪੂਜਾ ਦੇ ਕਾਰਨਾਂ ਤੇ ਵਿਚਾਰ

(੧)

ਸਿੱਖ ਧਰਮ ਦਾ ਪਹਿਲਾ ਅਸੂਲ ਇਕ ਵਾਹਿਗੁਰੂ ਦੀ ਪੂਜਾ ਹੈ। ਉਸ ਦੀ ਭਗਤੀ ਕਰਨੀ ਤੇ 'ਹੁਕਮ ਰਜਾਈ ਚਲਣਾ' ਸਿੱਖੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੁੱਖ ਬਾਣੀ ਜਪੁਜੀ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬਾਣੀ ਹੈ। ਇਸ ਦੇ ਅਰੰਭ ਵਿਚ ਗੁਰੂ ਜੀ ਨੇ ਵਾਹਿਗੁਰੂ ਦਾ ਸਰੂਪ ਇਨ੍ਹਾਂ ਸ਼ਬਦਾਂ ਵਿਚ ਕਥਨ ਕੀਤਾ ਹੈ—

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਵਾਹਿਗੁਰੂ ਇਕ ਹੈ। ਉਹ ਸਦਾ ਰਹਿਣ ਵਾਲਾ ਹੈ। ਉਸ ਦਾ ਨਾਮ ਸੱਤ ਹੈ। ਸ੍ਰਿਸ਼ਟੀ ਦਾ ਕਰਤਾ ਪੁਰਖ ਹੈ। ਨਿਰਭਉ ਤੇ ਨਿਰਵੈਰ ਹੈ। ਉਹ ਕਾਲ ਤੋਂ ਰਹਿਤ ਹੈ। ਜੂਨਾਂ ਵਿਚ ਨਹੀਂ ਆਉਂਦਾ। ਸ੍ਵੈ-ਪ੍ਰਕਾਸ਼ ਹੈ। ਗੁਰੂ ਦੀ ਕ੍ਰਿਪਾ ਨਾਲ ਜਾਣਿਆ ਜਾਂਦਾ ਹੈ।

ਇਹ ਸਿੱਖ ਧਰਮ ਦਾ 'ਮੂਲ ਮੰਤਰ' ਹੈ। ਜਿਸ ਉੱਤੇ ਸਿੱਖੀ ਦੀ ਨੀਂਹ ਰਖੀ ਗਈ ਹੈ। ਇਹ ਨੀਂਹ ਵਾਹਿਗੁਰੂ ਦੀ ਹਸਤੀ ਦੀ ਹੈ, ਜਿਸ ਸਰੂਪ ਮੂਲ ਮੰਤਰ ਵਿਚ ਦਸਿਆ ਗਿਆ ਹੈ। ਇਹ ਸਰੂਪ ਕਥਨ ਕਰ ਕੇ 'ਜਪੁ' ਬਾਣੀ ਦਾ ਆਰੰਭ ਕਰਦੇ ਹੋਏ ਫੁਰਮਾਉਂਦੇ ਹਨ—

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਸ੍ਰਿਸ਼ਟੀ ਦੇ ਆਦਿ ਵਿਚ ਭੀ ਉਹ ਸੱਚ ਸੀ, ਜੁਗਾਂ ਦੇ ਆਦਿ ਵਿਚ ਭੀ ਸੱਚ ਸੀ। ਵਰਤਮਾਨ ਅਤੇ ਭਵਿੱਖਤ ਕਾਲ ਵਿਚ ਭੀ ਉਹ ਸੱਚ ਹੈ।

ਅਕਾਲ ਪੁਰਖ ਕਾਲ ਦੀਆਂ ਹੱਦਾਂ ਤੋਂ ਪਰੇ ਹੈ। ਜਦ ਸ੍ਰਿਸ਼ਟੀ ਰਚਨਾ ਨਹੀਂ ਹੁੰਦੀ, ਤਦ ਵੀ ਉਸ ਦੀ ਹਸਤੀ ਕਾਇਮ ਰਹਿੰਦੀ ਹੈ। ਇਥੇ ਸੱਚ ਤੋਂ ਭਾਵ ਉਹ ਸੱਚ ਨਹੀਂ ਜੋ ਝੂਠ ਦੇ ਮੁਕਾਬਲੇ ਤੇ ਹੈ। ਬਲਕਿ ਉਹ ਸੱਤ ਹੈ, ਜੋ ਦੇਸ਼ ਕਾਲ ਦੀਆਂ ਹੱਦਾਂ ਤੋਂ ਪਰ੍ਹੇ ਇਕ ਰਸ, ਅਟੱਲ ਅਤੇ ਅਨਾਦੀ ਹੈ। ਗੁਰੂ ਜੀ ਦਸਦੇ ਹਨ—

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥
ਕਰਿ ਆਸਣੁ ਡਿਠੋ ਚਾਉ ॥੧॥ (ਵਾਰ ਆਸਾ ਮ: ੧)

ਫਿਰ ਉਸ ਦੇ ਸਰੂਪ ਨੂੰ ਇਉਂ ਕਥਨ ਕਰਦੇ ਹਨ—

ਅਲਖ ਅਪਾਰ ਅਗੰਮ ਅਗੋਚਰਿ ਨਾ ਤਿਸੁ ਕਾਲ ਨ ਕਰਮਾ ॥ ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥ ਸਾਚੇ ਸਚਿਆਰ ਵਿਟਹੁ ਕੁਰਬਾਣੁ ॥ ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ॥ ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ॥ ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥ (ਸੋਰਠਿ ਮ: ੧)

ਸ੍ਰੀ ਦਸਮ ਪਾਤਸ਼ਾਹ ਫੁਰਮਾਉਂਦੇ ਹਨ—

ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ ॥
ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ ॥
ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ ॥
ਜਤ੍ਰ ਤਤ੍ਰ ਬਿਰਾਜ ਹੀ ਅਵਧੂਤ ਰੂਪ ਰਿਸਾਲ ॥

(ਜਾਪ, ਪਾ: ੧੦—੭੯)

ਜ਼ਿਮੀਂ ਜ਼ਮਾਨ ਕੇ ਬਿਖੈ ਸਮਸਤ ਏਕ ਜੋਤ ਹੈ ॥
ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ ॥

(ਅਕਾਲ ਉਸਤਤਿ)

ਵਾਹਿਗੁਰੂ ਸਰਬ ਵਿਆਪਕ ਹੈ—

ਸਰਬ ਭੂਤ ਆਪਿ ਵਰਤਾਰਾ ॥
ਸਰਬ ਨੈਨ ਆਪਿ ਪੇਖਨ ਹਾਰਾ ॥

(ਗਉੜੀ ਸੁਖਮਨੀ)

ਸਗਲ ਬਨਸਪਤ ਮਹਿ ਬੈਸੰਤਰੁ
ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ
ਘਟਿ ਘਟਿ ਮਾਧਉ ਜੀਆ ॥

(ਸੋਰਠਿ ਮ: ੫)

ਸਤਿਗੁਰਾਂ ਨੇ ਇਕ ਵਾਹਿਗੁਰੂ ਦੀ ਪੂਜਾ ਤੇ ਬੜਾ ਜ਼ੋਰ ਦਿਤਾ ਹੈ। ਇਸ ਸਿਧਾਂਤ ਨੂੰ ਬਾਣੀ ਵਿਚ ਸਪੱਸ਼ਟ ਕਥਨ ਕੀਤਾ ਹੈ। ਆਪਣੇ ਜੀਵਨ ਰਾਹੀਂ ਇਸ ਨੂੰ ਜ਼ੋਰ ਨਾਲ ਪ੍ਰਚਾਰਿਆ ਹੈ। ਗੁਰਦੇਵ ਫ਼ੁਰਮਾਉਂਦੇ ਹਨ—

੧. ਆਪੇ ਪਟੀ ਕਲਮ ਆਪਿ ਉਪਰਿ ਲੇਖ ਭਿ ਤੂੰ ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥
੨. ਏਕੋ ਸਿਮਰਉ ਨਾਨਕਾ ਜਲ ਥਲ ਰਹਿਆ ਸਮਾਇ॥
ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥
੩. ਅਵਰੁ ਦੂਜਾ ਕਿਉ ਸੇਵੀਐ ਜੰਮੈ ਤੇ ਮਰ ਜਾਇ ॥

(ਗੂਜਰੀ ਦੀ ਵਾਰ, ਮ: ੩)

ਪੁਰਾਤਨ ਧਰਮ ਗ੍ਰੰਥਾਂ ਵਿਚ 'ਓਮ' ਸ਼ਬਦ ਆਉਂਦਾ ਹੈ, ਜਿਸ ਵਿਚ ਅਕਾਰ, ਮਕਾਰ, ਅਰਧ ਬਿੰਦੂ ਭਾਵ ਬ੍ਰਹਮਾ, ਵਿਸ਼ਨੂੰ ਤੇ ਸ਼ਿਵ, ਤਿੰਨ ਦੇਵਤੇ ਕਲਪਤ ਕੀਤੇ ਹੋਏ ਸਨ। ਗੁਰੂ ਜੀ ਨੇ ਮੂਲ ਮੰਤ੍ਰ ਦੇ ਆਰੰਭ ਵਿਚ 'ਓਮ' ਦੀ ਥਾਵੇਂ '੧ਓ' ਕਰ ਕੇ ਲਿਖਿਆ ਹੈ। ਇਕ ਦਾ ਅੰਕ ਲਿਖਣ ਦਾ ਭਾਵ ਕੇਵਲ ਇਹ ਹੈ ਕਿ ਵਾਹਿਗੁਰੂ ਇਕ ਹੈ। ਹੋਰ ਕੋਈ ਹਸਤੀ ਉਸ

ਦੇ ਮੁਕਾਬਲੇ ਦੀ ਨਹੀਂ। ਭਾਈ ਗੁਰਦਾਸ ਜੀ ਨੇ '੧ੳ' ਦੀ ਵਿਆਖਿਆ ਕਰਦੇ ਹੋਏ ਲਿਖਿਆ ਹੈ—

ਏਕਾ ਏਕੰਕਾਰ ਲਿਖ ਦਿਖਾਲਿਆ।
ਊੜਾ ਓਅੰਕਾਰ ਪਾਸ ਬਹਾਲਿਆ।
(ਵਾਰ ੩—੫)

ਵਾਹਿਗੁਰੂ ਦੀ ਹੋਂਦ, ਉਸ ਦੀਆਂ ਸ਼ਕਤੀਆਂ, ਰਚਨਾ, ਕੁਦਰਤ, ਉਸ ਦੀ ਪੂਜਾ ਤੇ ਭਗਤੀ ਸਬੰਧੀ ਮਜ਼੍ਹਬੀ ਤੇ ਫ਼ਿਲਾਸਫ਼ੀ ਨੇ ਵਿਚਾਰ ਕੀਤੀ ਹੈ। ਮਜ਼੍ਹਬਾਂ ਦੀ ਭਾਰੀ ਬਹੁ-ਗਿਣਤੀ ਉਸ ਦੀ ਹੋਂਦ ਨੂੰ ਮੰਨਦੀ ਹੈ। ਇਸ ਲਈ ਆਸਤਕ-ਵਾਦ ਤੇ ਬਹੁਤੀ ਵਿਚਾਰ ਮਜ਼੍ਹਬ ਨੇ ਹੀ ਕੀਤੀ ਹੈ। ਦੂਜੇ ਦਰਜੇ ਤੇ ਫ਼ਿਲਾਸਫ਼ੀ ਨੇ, ਪਰ ਕਈ ਫ਼ਿਲਾਸਫ਼ਰ ਨਾਸਤਕ ਵੀ ਹੋਏ ਹਨ ਜਿਹਾ ਕਿ ਸਾਂਖ। ਤੀਸਰਾ ਭਾਗ ਹੈ ਸਾਇੰਸਦਾਨਾਂ ਦਾ, ਇਸ ਵਿਚ ਕੁਝ ਸਾਇੰਸਦਾਨ ਆਸਤਕ ਅਤੇ ਕੁਝ ਨਾਸਤਕ ਹਨ। ਭਾਵੇਂ ਸਾਇੰਸ ਦਾ ਕੰਮ ਪ੍ਰਕ੍ਰਿਤੀ ਦੀ ਖੋਜ ਕਰਨਾ ਹੈ, ਈਸ਼ਵਰ ਦੀ ਹਸਤੀ, ਆਤਮਾ, ਕਰਮ-ਫਲ, ਨੇਕੀ ਬਦੀ ਤੇ ਵਿਚਾਰ ਕਰਨੀ ਸਾਇੰਸ ਦੀ ਹੱਦ ਤੋਂ ਬਾਹਰ ਹੈ, ਪਰ ਵਰਤਮਾਨ ਸਮੇਂ ਵਿਚ ਕਈ ਆਦਮੀ ਅਧੂਰਾ ਗਿਆਨ ਹੋਣ ਦੇ ਕਾਰਨ ਜਾਂ ਪ੍ਰਕ੍ਰਿਤੀ, ਸ਼ਕਤੀ ਅਤੇ ਸਾਇੰਸ ਦੀ ਖੋਜ ਨੂੰ ਹੀ ਸਭ ਕੁਝ ਸਮਝ ਕੇ ਨਾਸਤਕ-ਪੁਣੇ ਨੂੰ ਪ੍ਰਚਾਰਦੇ ਹਨ, ਇਸ ਲਈ ਮਜ਼੍ਹਬ, ਫ਼ਿਲਾਸਫ਼ੀ ਅਤੇ ਸਾਇੰਸ ਨੂੰ ਮੇਲ ਕੇ ਇਸ ਵਿਸ਼ੇ ਤੇ ਵਿਚਾਰ ਕਰਦੇ ਹਾਂ।

ਵਾਹਿਗੁਰੂ ਦੀ ਹੋਂਦ ਦਾ ਖਿਆਲ ਮਨੁੱਖ ਨੂੰ ਉਸ ਦਿਨ ਆਇਆ ਜਦ ਉਸ ਨੇ ਅੱਖਾਂ ਖੋਲ੍ਹੀਆਂ। ਉਸ ਨੂੰ ਗਿਆਨ ਦੀ ਸੂਝ ਪਈ। ਕੁਦਰਤ ਦੀ ਬੇਅੰਤ ਅਤੇ ਅਸਚਰਜ ਰਚਨਾ ਨੂੰ ਦੇਖ ਕੇ ਮਨੁੱਖ ਦੇ ਮਨ ਵਿਚ ਇਹ ਖਿਆਲ ਪੈਦਾ ਹੋਇਆ "ਇਕ ਨਿੱਕੀ ਜਿਹੀ ਚੀਜ਼ ਬਿਨਾਂ ਗਿਆਨ, ਇਰਾਦੇ ਕਾਰਨ ਤੇ ਯਤਨ ਦੇ ਆਪੇ ਨਹੀਂ ਬਣ ਸਕਦੀ, ਇਹ ਵਿਸ਼ਾਲ ਜਗਤ ਕਿਸ ਤਰ੍ਹਾਂ ਬਣ ਗਿਆ? ਇਸ ਦਾ ਕਰਤਾ ਕੌਣ ਹੈ?" ਇਹ ਖਿਆਲ ਹੀ ਵਾਹਿਗੁਰੂ ਦੀ ਹਸਤੀ ਨੂੰ ਮੰਨਣ ਅਤੇ ਮਜ਼੍ਹਬ ਦੀ ਜੜ੍ਹ ਹੈ। ਪਰ ਇਸ ਦੇ ਨਾਲ ਹੀ ਮਨੁੱਖ ਨੇ ਕ੍ਰਿਤਮ ਪੂਜਾ ਵੀ ਕੀਤੀ ਹੈ। ਉਸ ਨੇ

ਮਜ਼੍ਹਬ ਦੇ ਰੂਪ ਵਿਚ ਕਈ ਮੰਜ਼ਲਾਂ ਤਹਿ ਕੀਤੀਆਂ ਹਨ। ਅਜ ਤੀਕ ਵੀ ਕਈ ਪੁਰਾਣੇ ਪ੍ਰਭਾਵ, ਸੰਸਕਾਰ ਅਤੇ ਮਨੌਤਾਂ ਮੌਜੂਦ ਹਨ, ਇਸ ਲਈ ਇਕ ਵਾਹਿਗੁਰੂ ਦੀ ਪੂਜਾ ਦੇ ਨਾਲ ਉਨ੍ਹਾਂ ਦਾ ਭੀ ਵਰਣਨ ਕਰਨਾ ਜ਼ਰੂਰੀ ਹੈ।

ਤਤ੍ਹ ਪੂਜਾ :

ਆਰੰਭ ਵਿਚ ਮਨੁੱਖ ਨੇ ਵਾਹਿਗੁਰੂ ਨੂੰ ਭੁੱਲ ਕੇ ਸੂਰਜ, ਚੰਦ੍ਰਮਾ ਪਉਣ, ਪਾਣੀ, ਅਗਨੀ ਤੇ ਧਰਤੀ ਆਦਿਕ ਦੀ ਪੂਜਾ ਕੀਤੀ। ਕੁਦਰਤ ਨੂੰ ਕਾਦਰ ਸਮਝ ਕੇ ਉਸ ਨੂੰ ਮੰਨਿਆ। ਪੁਰਾਣੇ ਮਜ਼੍ਹਬ ਵਿਚ ਧਰਤੀ ਨੂੰ ਇਸ ਲਈ ਪੂਜਿਆ ਗਿਆ ਕਿ ਇਹ ਫਲ, ਫੁੱਲ ਤੇ ਅੰਨ ਦਿੰਦੀ ਹੈ। ਧਰਤੀ ਨੂੰ ਮਾਤਾ ਕਿਹਾ ਗਿਆ। ਮੈਕਸੀਕੋ ਵਿਚ ਕਿਸੇ ਸੁੰਦਰ ਇਸਤ੍ਰੀ ਨੂੰ ਚੰਗੇ ਕੱਪੜੇ ਪਹਿਨਾ ਕੇ 'ਧਰਤੀ ਦੇਵੀ' ਕਹਿੰਦੇ ਸਨ। ਉਸ ਨੂੰ ਖੇਤੀਬਾੜੀ ਲਈ ਬਲੀਦਾਨ ਕਰਦੇ ਹਨ। 'ਕਰਤਾ ਪੁਰਖ ਨ ਸੇਵਿਉ ਕੀਤੇ ਨੋ ਅਪਨਾ ਕਰ ਜਾਣੈ।' (ਭਾਈ ਗੁਰਦਾਸ ਜੀ) ਦੀ ਹਾਲਤ ਸੀ।

ਪਾਣੀ ਜ਼ਿੰਦਗੀ ਤੇ ਠੰਢ ਦਿੰਦਾ ਸੀ, ਨਿਰਮਲ ਕਰਦਾ ਸੀ, ਇਸ ਲਈ ਪਾਣੀ ਦੀ ਪੂਜਾ ਕੀਤੀ ਗਈ। ਅਗਨੀ ਪ੍ਰਕਾਸ਼ ਕਰਦੀ ਤੇ ਖਾਣਾ ਪਕਾਂਦੀ ਸੀ, ਇਸ ਲਈ ਇਸ ਦੀ ਵੀ ਪੂਜਾ ਕੀਤੀ ਗਈ। ਹਨੇਰੇ ਤੋਂ ਡਰ ਕੇ ਚੰਨ ਤੇ ਸੂਰਜ ਨੂੰ ਪੂਜਿਆ ਗਿਆ। ਇਸ ਦੇ ਨਿਸ਼ਾਨ ਅਜੇ ਤੀਕ ਵੀ ਮਿਲਦੇ ਹਨ।

ਧਰੂਹ, ਸ਼ੁਕਰ ਅਤੇ ਬੁੱਧ ਆਦਿਕ ਤਾਰਿਆਂ ਨੂੰ ਵੀ ਮੰਨਿਆ ਗਿਆ। ਪੱਛਮ ਵਿਚ ਲੋਕਾਂ ਨੇ ਚੰਦ ਤੇ ਸੂਰਜ ਤੋਂ ਹਿਸਾਬ ਲਾ ਕੇ ਸਮੇਂ ਦੀ ਵੰਡ ਕੀਤੀ, ਦਿਨ, ਵਾਰ ਤੇ ਮਹੀਨੇ ਬਣਾਏ। ਸੂਰਜ ਦੇ ਨਾਂ ਪਰ (Sunday) ਐਤਵਾਰ, ਚੰਦ੍ਰਮਾ ਦੇ ਨਾਂ ਤੇ ਮੰਡੇ (Monday) ਸੋਮਵਾਰ। ਮੂਨ ਦੇ ਅਰਥ ਹਨ—ਨਾਪਣ ਵਾਲਾ, ਚੰਦ੍ਰਮਾ ਚੂੰਕਿ ਹਨੇਰੇ ਅਤੇ ਚਾਨਣੇ ਪੱਖ ਨੂੰ ਅੱਡੋ ਅੱਡ ਕਰਦਾ ਹੈ। ਇਕ ਤਰ੍ਹਾਂ ਨਾਪਦਾ ਹੈ, ਇਸ ਲਈ ਉਸ ਦੇ ਨਾਂ ਪਰ ਸੋਮਵਾਰ ਦਾ ਨਾਂ ਮੰਡੇ ਰਖਿਆ ਗਿਆ ਹੈ।

ਦੁਨੀਆਂ ਵਿਚ ਇਕ ਪੁਰਾਣਾ ਖਿਆਲ ਸੀ ਕਿ ਗ੍ਰਹਿਆਂ ਤੇ ਨਛੱਤਰਾਂ ਦੀ ਚਾਲ ਸੰਸਾਰ ਦੇ ਪ੍ਰਬੰਧ ਤੇ ਅਸਰ ਪਾਉਂਦੀ ਹੈ। ਇਸ ਲਈ ਮੰਗਲ ਤਾਰੇ ਦੇ ਨਾਂ ਪਰ ਮੰਗਲਵਾਰ ਰਖਿਆ ਗਿਆ ਅਤੇ ਪੱਛਮ ਵਿਚ ਇਸ ਦਾ ਨਾਂ (Tuesday) ਟਿਊਜ਼ਡੇ ਰਖਿਆ ਗਿਆ। ਟਵਿਸਕੋ ਇਕ ਦੇਵਤੇ ਦਾ ਨਾਂ ਸੀ, ਜਿਸ ਨੂੰ ਪੱਛਮੀ ਲੋਕਾਂ ਨੇ ਮਨੁੱਖਾਂ ਤੇ ਦੇਵਤਿਆਂ ਦਾ ਮੁੱਢ ਮੰਨਿਆ ਸੀ। ਉਸ ਦੇ ਨਾਂ ਪਰ ਟਿਊਜ਼ਡੇ (ਮੰਗਲਵਾਰ) ਨਾਂ ਰਖਿਆ ਗਿਆ। ਇਸੇ ਤਰ੍ਹਾਂ ਆਕਾਸ਼ ਮੰਡਲ ਵਿਚ ਲੜਾਈ ਦਾ ਇਕ ਦੇਵਤਾ ਵੂਡਨ (Wooden) ਮੰਨਿਆ, ਉਸ ਦੇ ਨਾਂ ਪਰ (Wednesday) ਬੁਧ-ਵਾਰ। ਬੱਦਲਾਂ ਦੀ ਕੜਕ ਦੇ ਦੇਵਤੇ ਦਾ ਨਾਂ ਥੂਰ (Thoor) ਸੀ, ਉਸ ਦੇ ਨਾਂ ਪਰ ਥਰਸਡੇ (Thursday) ਵੀਰਵਾਰ, ਵੂਡਨ ਦੇਵਤਾ ਦੀ ਇਸਤ੍ਰੀ ਫਰੀਗਾ ਦੇ ਨਾਂ ਤੇ ਸ਼ੁਕਰਵਾਰ ( ) ਇਸੇ ਤਰ੍ਹਾਂ ਸੈਟਰਨ ਦੇ ਨਾਂ ਤੇ (Saturday) ਸਨੀਚਰਵਾਰ ਕਲਪਤ ਕੀਤਾ ਗਿਆ।

ਇਸ ਤੋਂ ਬਿਨਾਂ ਜਾਨਵਰਾਂ ਵਿਚੋਂ ਸੱਪ, ਬਿੱਲੀ, ਬਾਜ਼, ਗਊ ਅਤੇ ਹਾਥੀ ਦੀ ਵੀ ਪੂਜਾ ਕੀਤੀ ਗਈ। ਬਨਾਸਪਤੀ ਵਿਚੋਂ ਕਈ ਬ੍ਰਿਛਾਂ ਨੂੰ ਮੰਨਿਆ ਗਿਆ। ਜਿਹਾ ਕਿ ਪਿੱਪਲ, ਤੁਲਸੀ ਆਦਿਕ।

ਗੁਰੂ ਜੀ ਨੇ ਕ੍ਰਿਤਮ ਪੂਜਾ ਦਾ ਖੰਡਨ ਕੀਤਾ ਹੈ। ਆਪ ਫੁਰਮਾਉਂਦੇ ਹਨ—

ਭੈ ਵਿਚਿ ਪਵਣੁ ਵਹੈ ਸਦਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰ ॥
ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥

ਅੰਤਮ ਤੁਕ ਵਿਚ ਕਹਿੰਦੇ ਹਨ—

ਸਗਲਿਆ ਭਉ ਲਿਖਿਆ ਸਿਰ ਲੇਖੁ ॥
ਨਾਨਕ ਨਿਰਭਉ ਨਿਰੰਕਾਰ ਸਚੁ ਏਕੁ ॥

(ਵਾਰ ਆਸਾ ਮ: ੧—੪)

ਡਰਪੈ ਧਰਤਿ ਅਕਾਸੁ ਨਖਤ੍ਰਾ ਸਿਰ ਊਪਰਿ ਅਮਰੁ ਕਰਾਰਾ ॥
ਪਉਣ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ ॥

(ਮਾਰੂ ਮ: ੫)

ਭ ਫ—ਸਾਰੀ ਰਚਨਾ ਵਾਹਿਗੁਰੂ ਦੇ ਡਰ ਵਿਚ ਹੈ। ਇਸ ਲਈ ਉਸ ਦੇ ਭੈ, ਪ੍ਰੇਮ ਤੇ ਡਰ ਵਿਚ ਰਹਿਣ ਦੀ ਲੋੜ ਹੈ। ਪ੍ਰਕ੍ਰਿਤਕ ਰਚਨਾ ਤੋਂ ਡਰਨ ਦੀ ਲੋੜ ਨਹੀਂ। 'ਕਾਦਰ' ਕੁਦਰਤ ਦਾ ਮਾਲਕ ਹੈ। ਕੁਦਰਤ ਉਸ ਦੇ ਉਤੇ ਨਹੀਂ।

ਦੇਵ ਪੂਜਾ :

ਤਰੂ ਪੂਜਾ ਦੇ ਬਾਅਦ ਪੱਥਰਾਂ ਦੀ ਪੂਜਾ ਕੀਤੀ ਗਈ ਜਾਂ ਵਾਹਿਗੁਰੂ ਦੀਆਂ ਸ਼ਕਤੀਆਂ ਨੂੰ ਦੇਵਤਿਆਂ ਦੇ ਰੂਪ ਵਿਚ ਮੰਨਿਆ ਗਿਆ। ਹਿੰਦੁਸਤਾਨ ਵਿਚ ਬ੍ਰਹਮਾ, ਵਿਸ਼ਨੂੰ, ਸ਼ਿਵ ਮੰਨੇ ਗਏ। ਯੂਨਾਨ ਵਿਚ ਜ਼ਿਊਸ, ਮਾਰਸ, ਵੀਨਸ ਆਦਿ ਨੂੰ ਪੂਜਿਆ ਗਿਆ। ਇਬਰਾਨੀ ਮੱਤਾਂ ਨੇ ਫਰਿਸ਼ਤੇ ਮੰਨ ਲਏ। ਇਜ਼ਰਾਈਲ ਜਾਨ ਕੱਢਣ ਵਾਲਾ, ਜਬਰਾਈਲ ਰੱਬ ਦੀ ਵਹੀ ਲਿਆਉਣ ਵਾਲਾ, ਅਸਰਾਫੀਲ ਕਿਆਮਤ ਵਾਲੇ ਦਿਨ ਕਰਨਾ (ਬਿਗਲ) ਫੂਕਣ ਵਾਲਾ, ਜਿਸ ਨਾਲ ਮੁਰਦੇ ਜੀਅ ਉਠਣਗੇ ਤੇ ਹਿਸਾਬ ਹੋਵੇਗਾ। ਮੇਕਾਈਲ ਰੋਜ਼ੀ ਵੰਡਣ ਵਾਲਾ। ਕਰਮਾਨ ਸੱਜੇ ਹੱਥ ਨਾਲ ਨੇਕੀ ਦੇ ਕਰਮ ਲਿਖਣ ਵਾਲਾ। ਕਾਤਬੀਨ ਖੱਬੇ ਹੱਥ ਨਾਲ ਬਦੀ ਦੇ ਕਰਮ ਲਿਖਣ ਵਾਲਾ। ਫਿਰ ਫ਼ਰਿਸ਼ਤਿਆਂ ਦਾ ਉਸਤਾਦ ਅਜ਼ਾਜ਼ੀਲ (ਸ਼ੈਤਾਨ) ਜਿਸ ਨੂੰ ਆਦਮ ਨੂੰ ਸਿਜਦਾ ਨਾ ਕਰਨ ਦੇ ਦੋਸ਼ ਵਿਚ ਬਹਿਸ਼ਤ ਵਿਚੋਂ ਕੱਢਿਆ ਗਿਆ।

ਦੇਵਤਿਆਂ ਦੀ ਪੂਜਾ ਜਾਂ ਫ਼ਰਿਸ਼ਤਿਆਂ ਦੀ ਮਨੌਤ ਵਿਚ ਵੱਡਾ ਦੋਸ਼ ਇਹ ਹੈ ਕਿ ਇਹ ਇਕ ਵਾਹਿਗੁਰੂ ਦੀਆਂ ਸ਼ਕਤੀਆਂ ਨੂੰ ਭਿੰਨ ਭਿੰਨ

ਸ਼ਖ਼ਸੀਅਤਾਂ ਵਿਚ ਵੰਡਦੀ ਹੈ। ਇਕੀਸ਼੍ਵਰ ਪੂਜਾ ਦੇ ਵਿਰੁੱਧ ਹੈ।

ਦੂਸਰਾ ਦੋਸ਼ ਇਹ ਹੈ ਕਿ ਦੇਵ ਪੂਜਾ ਵਿਚ ਦੇਵਤੇ ਅਤੇ ਉਪਾਸ਼ਕ ਦੇ ਆਚਰਣ ਵਿਚ ਇਕਸਾਰਤਾ ਨਹੀਂ ਪੈਦਾ ਹੋ ਸਕਦੀ। 'ਦੇਵ ਚਰਿਤ੍ਰ ਨਾਨੁ ਕਰਣੀਯੰ' ਅਰਥਾਤ ਦੇਵ ਚਰਿਤ੍ਰ ਅਨੁਸਾਰ ਆਚਰਣ ਬਣਾਉਣਾ ਕਠਨ ਹੈ। ਇਕ ਮਨੁੱਖ ਸ਼ਿਵ, ਭੈਰਉ ਜਾਂ ਸੀਤਲਾ ਦੀ ਪੂਜਾ ਕਰਦਾ ਹੈ। ਜਿਸ ਦੀ ਪੂਜਾ ਕੀਤੀ ਜਾਵੇ, ਉਹੋ ਜਿਹਾ ਬਣੀਦਾ ਹੈ। ਹੁਣ ਸ਼ਿਵ ਭੈਰਉ ਜਾਂ ਸੀਤਲਾ ਬਣਨਾ ਹੈ। ਇਸ ਤਰ੍ਹਾਂ ਉਪਾਸ਼ਕ ਦੇ ਆਚਰਣ ਦੀ ਉਸਾਰੀ ਬਿਲਕੁਲ ਹੀ ਅਧੂਰੀ ਰਹਿ ਜਾਂਦੀ ਹੈ। ਜੇ ਇਸ਼ਟ ਦੇਵ ਦੀ ਪ੍ਰਿਅ ਵਸਤੂ ਬਣੇ ਤਦ ਵੀ ਮੁਸੀਬਤ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਹਾ ਹੈ:

ਭੈਰਉ ਭੂਤ ਸੀਤਲਾ ਧਾਵੈ ॥
ਖਰ ਬਾਹਨ ਉਹ ਛਾਰ ਉਡਾਵੈ ॥
ਹਉ ਤਉ ਏਕ ਰਮਈਆ ਲੈਹਉ ॥
ਆਨ ਦੇਵ ਬਦਲਾਵਨਿ ਦੈਹਉ ॥

[ਗੋਂਡ ਸ੍ਰੀ ਨਾਮਦੇਵ ਜੀ]

ਡਾ. ਭਗਵਾਨ ਦਾਸ ਲਿਖਦੇ ਹਨ—ਜਿਸ ਮੱਤ ਵਿਚ ਬਹੁਤ ਸਾਰੇ ਦੇਵੀ ਦੇਵਤਿਆਂ ਦੇ ਸਾਹਮਣੇ ਸਿਰ ਝੁਕਾਣਾ ਧਰਮ ਸਮਝਿਆ ਜਾਂਦਾ ਹੋਵੇ, ਉਸ ਦੇ ਮੰਨਣ ਵਾਲੇ ਕਾਇਰ, ਡਰਪੋਕ, ਹੀਣੇ ਤੇ ਕਮਦਿਲੇ ਹੋ ਜਾਂਦੇ ਹਨ। ਉਹ ਜਿਸ ਮਨੁੱਖ ਨੂੰ ਤਾਕਤਵਰ ਸਮਝਦੇ ਹਨ, ਉਸ ਦੇ ਸਾਹਮਣੇ ਸਿਰ ਝੁਕਾਂਦੇ ਹਨ। ਜਿਸ ਦੇਸ਼ ਵਿਚ ਅਜਿਹੇ ਲੋਕ ਰਹਿੰਦੇ ਹੋਣ, ਉਸ ਨੂੰ ਆਪਣੇ ਪੈਰਾਂ ਤੇ ਖੜਾ ਕਰਨਾ ਕਠਨ ਹੈ। ਸ਼ਕਤੀ ਕਿਵੇਂ ਪੈਦਾ ਹੋਵੇ ਜਦ ਕਿ ਹਰ ਪਾਸੇ ਡਰ ਹੀ ਡਰ ਹੋਵੇ ? ਜੋ ਦਿਸ਼ਾ ਸੂਲ ਭੂਤ ਪ੍ਰੇਤ, ਭਿੱਖਿਆ ਮੰਗਣ ਵਾਲੇ ਸਾਧਾਂ ਦੇ ਸਰਾਪਾਂ ਤੋਂ ਡਰਦੇ ਹੋਣ, ਉਨ੍ਹਾਂ ਦੀ ਜ਼ਿੰਦਗੀ ਕਿਵੇਂ ਸੰਗਠਤ ਹੋ ਸਕਦੀ ਹੈ ?[੧]

ਸਿੱਖ ਧਰਮ ਨੇ ਦੇਵ ਪੂਜਾ ਜਾਂ ਫ਼ਰਿਸ਼ਤਿਆਂ ਦੀ ਮਨੌਤ ਦਾ ਖੰਡਨ ਕੀਤਾ ਹੈ। ਵਾਹਿਗੁਰੂ ਦੀਆਂ ਸ਼ਕਤੀਆਂ ਨੂੰ ਵੰਡਣ ਦੀ ਥਾਂ ਕੇਂਦ੍ਰੀਯ

੧. ਸਮਾਜ ਵਿਗਿਆਨ ਲਿਖਤ ਚੰਦਰ ਰਾਜ ਭੰਡਾਰੀ।

ਮੰਨਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ—

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਹਾ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥

[ਸੋਰਠਿ]

ਬ੍ਰਹਮਾ ਵਿਸ਼ਨੂੰ ਅਕਾਲ ਪੁਰਖ ਦੇ ਪੈਦਾ ਕੀਤੇ ਹੋਏ ਹਨ—

ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ॥
ਦੇਵੀ ਦੇਵ ਉਪਾਏ ਵੇਸਾ ॥
ਜੋਤੀ ਜਾਤੀ ਗਣਤ ਨ ਆਵੈ ॥
ਜਿਨਿ ਸਾਜੀ ਸੋ ਕੀਮਤ ਪਾਵੈ ॥

[ਬਿਲਾਵਲੁ ਮ: ੧]

ਕੋਟਿ ਬਿਸਨ ਕੀਨੇ ਅਵਤਾਰ ॥
ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥
ਕੋਟਿ ਮਹੇਸ ਉਪਾਇ ਸਮਾਏ ॥
ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥
ਐਸਾ ਧਣੀ ਗੋਵਿੰਦੁ ਹਮਾਰਾ ॥
ਬਰਨਿ ਨ ਸਾਕਉ ਗੁਣ ਬਿਸਥਾਰਾ ॥

[ਭੈਰਉ ਮ: ੫]

ਦਸਮ ਪਾਤਸ਼ਾਹ ਫੁਰਮਾਉਂਦੇ ਹਨ—

ਸਾਧ ਕਰਮ ਜੋ ਪੁਰਖ ਕਮਾਵੈਂ ॥
ਨਾਮ ਦੇਵਤਾ ਜਗਤ ਕਹਾਵੈਂ ॥

[ਬਚਿਤ੍ਰ ਨਾਟਕ, ਅਧਿ: ੨]

ਭਾਵ—ਜੋ ਮਨੁੱਖ ਚੰਗੇ ਕਰਮ ਕਰਦੇ ਹਨ, ਉਹ ਦੇਵਤੇ ਹਨ। ਦੇਵਤੇ ਜਾਂ ਫ਼ਰਿਸ਼ਤੇ ਕੋਈ ਵੱਖਰੀ ਜੂਨੀ ਨਹੀਂ।

ਅਵਤਾਰ ਪੂਜਾ :

ਮਨੁੱਖ ਨੇ ਮਨੁੱਖ ਦੀ ਪੂਜਾ ਦੋ ਤਿੰਨਾਂ ਸ਼ਕਲਾਂ ਵਿਚ ਕੀਤੀ ਹੈ।

(੧) ਪਿਤਰ ਪੂਜਾ—ਪ੍ਰਲੋਕ ਵਾਸੀਆਂ ਨੂੰ ਇਸ ਸੰਸਾਰ ਦੇ ਕੰਮਾਂ ਵਿਚ ਸਹਾਇਕ ਜਾਂ ਦੁਖ-ਸੁਖ ਦੇਣ ਵਾਲੇ ਮੰਨ ਕੇ ਪਿਤਰ ਪੂਜਾ ਕੀਤੀ ਹੈ।
(੨) ਕਿਸੇ ਮਹਾਂ ਪੁਰਖ ਨੂੰ ਈਸ਼ਵਰ ਦਾ ਅਵਤਾਰ ਮੰਨ ਕੇ ਉਸ ਨੂੰ ਪੂਜਿਆ ਗਿਆ। ਰਾਜੇ ਨੂੰ ਵੀ ਈਸ਼ਵਰ-ਅਵਤਾਰ ਕਹਿ ਕੇ ਮਾਣ ਕੀਤਾ ਗਿਆ। ਅਵਿ-ਰਖਯਕ, ਭਾਰ ਤਾਰਨ ਵਾਲਾ, ਜੋ ਰਖਯਕ ਅਤੇ ਤਾਰਨ ਵਾਲਾ ਹੋਵੇ, ਉਸ ਨੂੰ ਅਵਿਤਾਰ ਕਹਿੰਦੇ ਹਨ। ਅਵਿਤਾਰ ਫ਼ਿਲਾਸਫੀ ਦਾ ਪੁਰਾਣਾ ਸਿਧਾਂਤ ਇਹ ਹੈ ਕਿ ਜਦ ਸੰਸਾਰ ਵਿਚ ਧਰਮ ਦੀ ਗਿਲਾਨੀ ਹੁੰਦੀ ਹੈ, ਪਾਪ ਪਸਰ ਜਾਂਦਾ ਹੈ, ਜ਼ੁਲਮ, ਜਬਰ ਅਤੇ ਅਨਿਆਇ ਹੁੰਦਾ ਹੈ, ਉਸ ਸਮੇਂ ਸਾਧੂ ਪੁਰਸ਼ਾਂ ਦੇ ਉਧਾਰ ਤੇ ਜਗਤ ਦੇ ਕਲਿਆਣ ਲਈ ਭਗਵਾਨ ਅਵਤਾਰ ਲੈਂਦੇ ਹਨ। [ਗੀਤਾ]

ਗੁਸਾਈਂ ਤੁਲਸੀ ਦਾਸ ਲਿਖਦੇ ਹਨ—

ਜਬ ਜਬ ਹੋਇ ਧਰਮ ਕੀ ਹਾਨੀ॥
ਬਾਢਹਿ ਅਸੁਰ ਅਧਮ ਅਭਿਮਾਨੀ॥
ਤਬ ਤਬ ਹਰਿ ਧਰ ਵਿਵਧ ਸ਼ਰੀਰਾ॥
ਹਰਹਿ ਕ੍ਰਿਪਾ ਨਿਧਿ ਸੁਜਨ ਪੀਰਾ॥

ਅਵਤਾਰ ਤਿੰਨ ਤਰ੍ਹਾਂ ਦੇ ਮੰਨੇ ਗਏ ਹਨ—

੧. **ਲੀਲ੍ਹਾ ਅਵਤਾਰ**—ਜੋ ਲੋਕਾਂ ਦੇ ਆਚਰਣ ਨਾਲ ਮਿਲਵਾਂ ਆਚਰਣ ਬਣਾ ਕੇ ਉਹੋ ਜਿਹੀ ਲੀਲ੍ਹਾ ਕਰ ਕੇ ਉਨ੍ਹਾਂ ਦਾ ਉਧਾਰ ਕਰਦੇ ਹਨ।

੨. **ਕਾਰਣ ਅਵਤਾਰ**—ਕਿਸੇ ਖਾਸ ਕਾਰਨ ਕਰਕੇ ਈਸ਼੍ਵਰ ਕੋਈ ਰੂਪ ਧਾਰਨ ਕਰਦਾ ਹੈ,ਜਿਹਾ ਕਿ ਹਰਨਾਖਸ਼ ਨੂੰ ਮਾਰਨ ਤੇ ਪ੍ਰਹਿਲਾਦ ਦੀ ਪੈਜ ਰਖਣ ਲਈ ਭਗਵਾਨ ਨੇ ਨਰਸਿੰਘ ਰੂਪ ਧਾਰਨ ਕੀਤਾ, ਪਰ ਜਦ ਇਹ ਕਾਰਜ ਸਮਾਪਤ ਹੋ ਗਿਆ, ਉਹ ਰੂਪ ਖਤਮ ਹੋ ਗਿਆ।

੩. **ਆਦਰਸ਼ ਅਵਤਾਰ**—ਜੋ ਪ੍ਰਚਲਤ ਆਚਰਣ ਜਾਂ ਕਾਰਣਾਂ ਤੋਂ ਉਚੇ ਹੋ ਕੇ ਆਦਰਸ਼ਵਾਦੀ ਹੋ ਕੇ ਪ੍ਰਗਟ ਹੁੰਦੇ ਹਨ। ਮਨੁੱਖੀ ਜੀਵਨ ਲਈ ਆਦਰਸ਼ ਹੁੰਦੇ ਹਨ।

ਹਿੰਦੁਸਤਾਨ ਵਿਚ ਅਵਤਾਰ-ਪੂਜਾ ਨੂੰ ਵਧੇਰੇ ਵੈਸ਼ਨਵ ਸੰਪ੍ਰਦਾਵਾਂ ਨੇ ਪ੍ਰਚਾਰਿਆ ਹੈ, ਖਾਸ ਕਰ ਸ੍ਰੀ ਰਾਮਾਨੁਜ ਜੀ ਨੇ। ਵੈਸ਼ਨਵਾਂ ਨੇ ਵਿਸ਼ਨੂੰ ਦੇ ਦਸ ਅਵਤਾਰ ਅਤੇ ਪੁਰਾਣਕ ਮੱਤ ਅਨੁਸਾਰ ਚੌਵੀ ਅਵਤਾਰ ਮੰਨੇ ਜਾਂਦੇ ਹਨ।

ਅਵਤਾਰਾਂ, ਪੈਗੰਬਰਾਂ ਜਾਂ ਜੀਨਸ ਪੁਰਖਾਂ ਲਈ ਦੋ ਖਿਆਲ ਹਨ- ਇਕ ਇਹ ਕਿ ਉਨ੍ਹਾਂ ਨੂੰ ਸਮੇਂ ਦੇ ਹਾਲਤ ਪੈਦਾ ਕਰਦੇ ਹਨ। ਦੂਸਰੇ ਇਹ ਕਿ ਉਨ੍ਹਾਂ ਨੂੰ ਕੁਦਰਤ ਪੈਦਾ ਕਰਦੀ ਹੈ। ਉਹ ਈਸ਼੍ਵਰ ਵਲੋਂ ਭੇਜੇ ਜਾਂਦੇ ਹਨ। ਹਿੰਦੂ ਧਰਮ 'ਚ ਇਹ ਨਿਸਚਾ ਸੀ ਕਿ ਭਗਵਾਨ ਜਨਮ ਲੈਂਦਾ ਹੈ। ਬੁੱਧ ਮੱਤ 'ਚ ਈਸ਼੍ਵਰ ਦੀ ਥਾਂ ਬੁੱਧ ਨੂੰ 'ਤਥਾਗਤ' ਮੰਨ ਲਿਆ ਗਿਆ। ਜਿਸ ਦਾ ਮਤਲਬ ਹੈ ਕਿ ਅਸਲੀ ਬੁੱਧ ਕਦੀ ਨਾਸ਼ ਨਹੀਂ ਹੁੰਦਾ, ਉਹ ਜਨਮ ਲੈਂਦਾ ਹੈ। ਈਸਾਈਆਂ ਨੇ ਈਸਾ ਨੂੰ ਰੱਬ ਦਾ ਪੁੱਤਰ, ਮੁਸਲਮਾਨਾਂ ਨੇ ਮੁਹੰਮਦ ਨੂੰ ਰੱਬ ਦਾ ਰਸੂਲ (ਜੋ ਨਵੀਂ ਕਿਤਾਬ ਲੈ ਕੇ ਖੁਦਾ ਵਲੋਂ ਆਉਣ ਵਾਲਾ) ਮੰਨਿਆ ਹੈ।

ਸਿੱਖ ਧਰਮ ਨੇ ਪੂਰਨ ਪੁਰਖ, ਅਵਤਾਰ, ਪੈਗੰਬਰ ਜਾਂ ਜੀਨਸ ਹੋਣ ਤੋਂ ਇਨਕਾਰ ਨਹੀਂ ਕੀਤੀ। ਇਹ ਗੱਲ ਦਸੀ ਹੈ ਕਿ ਅਜੂਨੀ, ਅਕਾਲ ਮੂਰਤਿ, ਸਰਬ ਵਿਆਪਕ ਅਤੇ ਅਨੰਤ ਸ਼ਕਤੀਆਂ ਦਾ ਮਾਲਕ ਮਨੁੱਖ ਰੂਪ ਵਿਚ ਜਨਮ ਨਹੀਂ ਲੈਂਦਾ। ਵਾਹਿਗੁਰੂ ਮਨੁੱਖ ਜਾਤੀ ਦੇ ਉਧਾਰ ਲਈ ਜਿਸ ਮਹਾਨ ਆਤਮਾ ਨੂੰ ਭੇਜਦਾ ਹੈ, ਉਸ ਨੂੰ ਆਪਣੀ 'ਕਲਾ' ਬਖਸ਼ਦਾ ਹੈ। ਜਦ ਅਸੀਂ ਕਿਸੇ ਇਕ ਮਨੁੱਖ ਜਾਂ ਦੇਵਤੇ ਨੂੰ ਈਸ਼੍ਵਰ ਦਾ ਅਵਤਾਰ ਮੰਨ ਲੈਂਦੇ ਹਾਂ ਤਾਂ ਉਸ ਨੂੰ ਇਕ ਵਿਅਕਤੀ ਕਲਪਤ ਕਰ ਕੇ ਉਸ ਦੇ ਸਰਬ ਵਿਆਪਕ ਹੋਣ ਨੂੰ ਖੰਡਨ ਕਰਦੇ ਹਾਂ। ਰੱਬ ਸਬੰਧੀ ਇਸ ਮਨੌਤ ਵਿਚ ਗਿਆਨ, ਬੁੱਧੀ, ਸਿਆਣਪ, ਇੱਛਾ, ਪ੍ਰੇਮ, ਖੁੱਲ੍ਹ-ਦਿਲੀ, ਦੀਨ-ਦਿਆਲ ਤੇ ਭਗਤ-ਵਛਲ ਦੇ ਗੁਣ ਤਾਂ ਮਿਲਦੇ ਹਨ, ਪਰ ਉਸ ਦੀ ਏਕਤਾ, ਅਗੰਮ ਤੇ ਬੇਅੰਤ, ਸਰਬ ਵਿਆਪਕ ਅਤੇ ਅਨਹਦ ਹੋਣ ਦੇ ਗੁਣ ਨਹੀਂ ਪਾਏ ਜਾਂਦੇ। ਵਾਹਿਗੁਰੂ ਨੂੰ ਮਨੁੱਖ ਜਾਂ ਦੇਵਤਾ ਕਰਕੇ ਮੰਨਣਾ ਉਸ ਦੇ ਗੁਣਾਂ ਨੂੰ ਘੱਟ ਕਰ ਦੇਣਾ ਹੈ। ਇਸੇ ਲਈ ਸਿੱਖ ਧਰਮ ਨੇ ਅਵਤਾਰ

ਪੂਜਾ ਦਾ ਖੰਡਨ ਕੀਤਾ ਹੈ। ਗੁਰਦੇਵ ਕਹਿੰਦੇ ਹਨ—

ਪਉਣ ਉਪਾਇ ਧਰੀ ਸਭ ਧਰਤੀ
ਜਲ ਅਗਨੀ ਕਾ ਬੰਧ ਕੀਆ ॥
ਅੰਧੁਲੈ ਦਹਿਸਿਰ ਮੂੰਡ ਕਟਾਇਆ
ਰਾਵਣੁ ਮਾਰ ਕਿਆ ਵਡਾ ਭਇਆ ॥[1]
ਕਿਆ ਉਪਮਾ ਤੇਰੀ ਆਖੀ ਜਾਇ ॥
ਤੂੰ ਸਰਬੇ ਪੂਰ ਰਹਿਆ ਲਿਵ ਲਾਇ ॥
ਜੀਅ ਉਪਾਇ ਜੁਗਤਿ ਹਥਿ ਕੀਨੀ ॥
ਕਾਲੀ ਨਥਿ ਕਿਆ ਵਡਾ ਭਇਆ ॥
[ਆਸਾ ਮ: ੧]

ਸਗਲੀ ਥੀਤਿ ਪਾਸਿ ਡਾਰਿ ਰਾਖੀ ॥
ਅਸਟਮ ਥੀਤਿ ਗੋਬਿੰਦ ਜਨਮਾ ਸੀ ॥
ਭਰਮ ਭੂਲੇ ਨਰ ਕਰਤ ਕਚਰਾਇਣ[2] ॥
ਜਨਮ ਮਰਣ ਤੇ ਰਹਤ ਨਾਰਾਇਣ ॥
[ਭੈਰਉ ਮ: ੫]

ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ ॥
ਤਿਹ ਪਰਮੇਸਰ ਜਾਨੋ ॥
[ਸਵਯੇ ਪਾ: ੧੦]

ਜੋ ਕਹੋ ਰਾਮ ਅਜੋਨਿ ਅਜੈ ਅਤਿ
ਕਾਹੇ ਕੋ ਕੌਸਲ[3] ਕੁਖ ਜਯੋ ਸੁ ?
ਕਾਲ[4] ਹੂੰ ਕਾਨ੍ਹ ਕਹੈਂ ਜਿਹ ਕੋ,

---

੧. ਜਿਸ ਵਾਹਿਗੁਰੂ ਨੇ ਪੌਣ ਪਾਣੀ ਤੇ ਅਗਨੀ ਨੂੰ ਬੰਨ੍ਹ ਕੇ ਰਖਿਆ ਹੈ ਉਸ ਸਰਬ ਸ਼ਕਤੀਮਾਨ ਨੂੰ ਰਾਵਣ ਦੇ ਮਾਰਨ ਵਾਲਾ ਸ੍ਰੀ ਰਾਮ ਜਾਂ ਕਾਲੀ ਨਾਗ ਨੂੰ ਨੱਥਣ ਵਾਲਾ ਕ੍ਰਿਸ਼ਨ ਕਹਿਣਾ ਕੀ ਵਡਿਆਈ ਹੈ ?

੨. ਕੱਚੀਆਂ ਗੱਲਾਂ। ੩. ਮਾਤਾ ਕੁਸ਼ੱਲਿਆ। ੪. ਮਹਾਂ ਕਾਲ।

ਕਿਹ ਮਾਨਣ ਕਾਲ ਤੇ ਦੀਨ ਭਯੋ ਜੂ ॥

ਜਾ ਕੇ ਏਕ ਫਨਿ[1] ਅਗ੍ਰ ਭਾਗ ਹੈ ਧਰਨਿ ਧਾਰੀ,
ਤਾਹਿ ਗਿਰਧਰ[2] ਕਹੈ ਕੌਣ ਸੀ ਬਡਾਈ ਹੈ।
ਜਾ ਕੋ ਏਕ ਬਾਵਰੋ ਹੂੰ ਵਿਸ਼ਵਨਾਥ[3] ਨਾਮ ਕਹੈ,
ਤਾਹਿ ਬ੍ਰਿਜਨਾਥ ਕਹੇ ਕੌਨ ਅਧਿਕਾਈ ਹੈ।
ਅਨਿਕ ਅਕਾਰ ਓਅੰਕਾਰ ਕੇ ਬਿਥਾਰ ਤਾਂਹਿ,
ਨੰਦ ਕੇ ਨੰਦਨ ਕਹੇ ਕੌਨ ਪ੍ਰਭੁਤਾਈ ਹੈ।
ਜਾਨੈ ਉਸਤਤਿ ਔਰ ਕਰਤ ਹੈਂ ਨਿੰਦਾ ਮੂੜ੍ਹ,
ਐਸੇ ਹੀ ਆਰਾਧਬੇ ਤੇ ਮੋਨ ਸੁਖਦਾਈ ਹੈ।

[ਭਾਈ ਗੁਰਦਾਸ]

ਮੂਰਤੀ ਪੂਜਾ :

ਕਿਸੇ ਅਸਲ ਨੂੰ ਛੱਡ ਕੇ ਉਸ ਦੀ ਨਕਲ ਬਨਾਉਣੀ, ਕਿਸੇ ਮਹਾਂ ਪੁਰਖ ਦੇ ਸਤਿਕਾਰ ਨੂੰ ਭੁੱਲ ਕੇ ਉਸ ਦੀ ਥਾਵੇਂ ਲੋਹੇ, ਧਾਤ, ਪੱਥਰ ਜਾਂ ਮਿੱਟੀ ਆਦਿ ਦੀ ਮੂਰਤੀ ਬਣਾ ਕੇ ਉਸ ਨੂੰ ਪੂਜਣਾ, ਕਾਰਨ ਦੀ ਥਾਂ ਕਾਰਜ ਦੀ ਪੂਜਾ ਕਰਨੀ ਮੂਰਤੀ ਪੂਜਾ ਹੈ। ਕਬੀਰ ਜੀ ਕਹਿੰਦੇ ਹਨ—

ਪਾਖਾਨ ਗਢਿਕੈ ਮੂਰਤਿ ਕੀਨੀ ਦੇ ਕੈ ਛਾਤੀ ਪਾਉ ॥
ਜੇ ਇਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥ [ਆਸਾ]

ਭਾਵ—ਮੂਰਤੀ ਮਨੁੱਖ ਦੀ ਬਣਾਈ ਹੋਈ ਚੀਜ਼ ਹੈ। ਪੱਥਰ-ਘਾੜਾ ਉਸ ਦੀ ਛਾਤੀ ਤੇ ਪੈਰ ਰੱਖ ਕੇ ਉਸ ਨੂੰ ਘੜਦਾ ਹੈ, ਜੇ ਉਸ ਵਿਚ ਕੋਈ ਸ਼ਕਤੀ ਹੋਵੇ ਤਾਂ ਉਸ ਨੂੰ ਖਾਵੇ ਕਿਉਂਕਿ ਉਹ ਨਿਰਾਦਰੀ ਕਰਦਾ ਹੈ।

ਵਾਹਿਗੁਰੂ ਦੀ ਪੂਜਾ ਲਈ ਮੂਰਤੀ ਪੂਜਾ ਬਹੁਤ ਘਟੀਆ ਸਾਧਨ ਹੈ। ਕਈ ਕਹਿੰਦੇ ਹਨ—ਸਾਹਮਣੇ ਕੋਈ ਨਿਸ਼ਾਨ ਨਾ ਹੋਵੇ, ਓਦੋਂ ਤਕ ਸੁਰਤ ਨਹੀਂ ਟਿਕਦੀ। ਜੇ ਕਿਸੇ ਚੀਜ਼ ਨੂੰ ਅੱਖਾਂ ਨਾਲ ਵੇਖ ਕੇ ਹੀ ਸੁਰਤ

---

੧. ਜਿਸ ਦੇ ਸ਼ੇਸ਼ ਨਾਗ ਨੇ ਪ੍ਰਿਥਵੀ ਚੁਕੀ ਹੋਈ ਹੈ। ੨. ਉਸ ਨੂੰ ਗਿਰਧਰ ਕਹਿਣਾ ਕੀ ਵਡਿਆਈ ਹੈ ? ਸ੍ਰੀ ਕ੍ਰਿਸ਼ਨ ਜੀ ਨੇ ਇਕ ਵੇਰ ਬਰਖਾ ਵਿਚ ਚੀਚੀ ਨਾਲ ਪਹਾੜ ਚੁਕਿਆ ਸੀ। ੩. ਸ਼ਿਵਜੀ।

ਟਿਕ ਸਕਦੀ ਹੈ ਤਾਂ ਜਿਸ ਆਦਮੀ ਦੇ ਨੇਤਰ ਨਹੀਂ, ਉਹ ਕਿਸ ਦਾ ਧਿਆਨ ਕਰੇਗਾ ?

ਜਦ ਜਗਨ ਨਾਥ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਗਏ ਤਾਂ ਮੰਦਰ ਦੇ ਪਾਂਡਿਆਂ ਨੇ ਕਿਹਾ—'ਆਪ ਭਗਵਾਨ ਦੀ ਆਰਤੀ ਵਿਚ ਸ਼ਾਮਲ ਕਿਉਂ ਨਹੀਂ ਹੋਏ ?'

ਗੁਰੂ ਜੀ ਨੇ ਉੱਤਰ ਦਿਤਾ—'ਤੁਸੀਂ ਭਗਵਾਨ ਨੂੰ ਇਕ ਮੂਰਤੀ ਵਿਚ ਮੰਨ ਕੇ ਆਰਤੀ ਪਏ ਕਰਦੇ ਹੋ। ਅਸੀਂ ਉਸ ਭਗਵਾਨ ਦੀ ਆਰਤੀ ਕੀਤੀ ਹੈ, ਜੋ ਸਰਬ ਵਿਆਪਕ ਹੈ।'

ਮੂਰਤੀ ਪੂਜਾ ਬਾਰੇ ਪੰਚਮ ਪਾਤਸ਼ਾਹ ਜੀ ਫੁਰਮਾਉਂਦੇ ਹਨ—

ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥ ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥ [ਭੈਰਉ]

ਕਾਹੇ ਕੋ ਪੂਜਤ ਪਾਹਨ ਕੋ ਕਛੁ ਪਾਹਨ ਮੈ ਪਰਮੇਸਰ ਨਾਹੀ ॥ [ਪਾ: ੧੦]

ਗੁਰੂ ਜੀ ਨੇ ਇਕ ਵਾਹਿਗੁਰੂ ਦੀ ਪੂਜਾ ਦ੍ਰਿੜ੍ਹ ਕਰਾਈ ਹੈ—

ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥ ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥ ਏਕੋ ਏਕੁ ਏਕੁ ਹਰਿ ਆਪਿ ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥ [ਸੁਖਮਨੀ ੮—੧੯]

ਜਾਗਤਿ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥ [ਸ੍ਰੀ ਮੁਖ ਵਾਕ, ਪਾ: ੧੦]

ਮੁੱਕਦੀ ਗੱਲ ਕਿ ਸਿੱਖ ਧਰਮ ਵਿਚ ਹਰ ਤਰ੍ਹਾਂ ਦੀ ਕ੍ਰਿਤਮ ਪੂਜਾ ਵਿਵਰਜਤ ਹੈ। ਇਕ ਅਕਾਲ ਪੁਰਖ ਦੀ ਪੂਜਾ ਹੀ ਮੁੱਖ ਹੈ।

o

੪.

ਵਾਹਿਗੁਰੂ

ਇਕੀਸ਼ੁਰਵਾਦ, ਨਿਰਗੁਣ ਸਰਗੁਣ ਤੇ ਦਾਰਸ਼ਨਕ ਮੱਤ

(੧)

ਪਿੱਛੇ ਅਸੀਂ ਇਹ ਦਸ ਆਏ ਹਾਂ ਕਿ ਵਾਹਿਗੁਰੂ ਦੀ ਹੋਂਦ ਦਾ ਖਿਆਲ ਮਨੁੱਖ ਨੂੰ ਕਿਵੇਂ ਆਇਆ। ਉਸ ਨੇ ਤਰੂ ਪੂਜਾ, ਦੇਵ ਪੂਜਾ, ਅਵਤਾਰ ਪੂਜਾ, ਮੂਰਤੀ ਪੂਜਾ ਕਿਸ ਤਰ੍ਹਾਂ ਕੀਤੀ। ਗੁਰਮਤਿ ਵਿਚ ਕ੍ਰਿਤਮ ਪੂਜਾ ਨੂੰ ਕਿਉਂ ਖੰਡਨ ਕੀਤਾ ਗਿਆ। ਹੁਣ ਅਸੀਂ ਇਕੀਸ਼ੁਰਵਾਦ (ਤੌਹੀਦ) ਵਾਹਿਗੁਰੂ ਦੀ ਹੋਂਦ, ਉਸ ਦੀ ਪੂਜਾ ਤੇ ਭਗਤੀ ਬਾਰੇ ਕੁਝ ਧਾਰਮਿਕ ਮਨੌਤਾਂ ਤੇ ਕਈ ਦਾਰਸ਼ਨਿਕ ਸਿਧਾਂਤਾਂ ਅਨੁਸਾਰ ਵਿਚਾਰ ਕਰਦੇ ਹਾਂ।

ਇਕੀਸ਼ੁਰਵਾਦ :

ਸ੍ਰਿਸ਼ਟੀ ਰਚਨਾ ਵਿਚ ਏਕਤਾ ਤੇ ਅਨੇਕਤਾ ਦੋਵੇਂ ਹਨ। ਮਨੁੱਖ, ਪਸ਼ੂ, ਪੰਛੀ, ਬਨਾਸਪਤੀ, ਸੂਰਜ, ਚੰਦ੍ਰਮਾ, ਗ੍ਰਹਿ ਨਛੱਤ੍ਰਾਂ ਆਦਿਕ ਦੀ ਰਚਨਾ ਬੇਅੰਤ ਹੈ। ਇਸ ਵਿਚ ਬੜੀ ਅਨੇਕਤਾ ਪਾਈ ਜਾਂਦੀ ਹੈ। ਮਨੁੱਖ ਇਕ ਦੂਸਰੇ ਨਾਲ ਨਹੀਂ ਮਿਲਦੇ। ਜਾਨਵਰ ਵੱਖੋ ਵੱਖ ਰੰਗਾਂ ਤੇ ਸੁਭਾਵਾਂ ਦੇ ਹਨ। ਬਨਾਸਪਤੀ ਵਿਚ ਫੁੱਲਾਂ ਦੇ ਰੰਗ-ਰੂਪ, ਫਲਾਂ ਦੇ ਸੁਆਦ ਤੇ ਧਾਤਾਂ ਦੇ ਗੁਣ ਇਕ ਦੂਜੇ ਨਾਲ ਨਹੀਂ ਮਿਲਦੇ। ਬਹੁਤ ਧਿਆਨ ਨਾਲ ਸ੍ਰਿਸ਼ਟੀ ਰਚਨਾ ਨੂੰ ਵੇਖਿਆ ਜਾਵੇ ਤਾਂ ਇਸ ਵਿਚ ਏਕਤਾ ਅਤੇ ਅਨੇਕਤਾ ਦੋਵੇਂ ਗੁਣ ਪਾਏ ਜਾਂਦੇ ਹਨ। ਇਹ ਰਚਨਾ ਇਤਨੀ ਅਸਚਰਜ ਹੈ ਕਿ ਇਸ ਵਿਚ ਇਕ ਪਾਸੇ ਅਣੂ-ਪ੍ਰਮਾਣੂ ਹਨ, ਜੋ ਬਹੁਤ ਸੂਖਮ ਹਨ। ਦੂਸਰੇ

ਪਾਸੇ ਪ੍ਰਿਥਵੀ, ਸੂਰਜ, ਸਿਤਾਰੇ ਆਦਿਕ ਮਹਾਨ ਚੀਜ਼ਾਂ ਹਨ।

ਬੜੀ ਸੋਚ ਵਿਚਾਰ ਦੇ ਬਾਅਦ ਪਤਾ ਲੱਗਦਾ ਹੈ ਕਿ ਸਾਰੀ ਰਚਨਾ ਦਾ ਮੂਲ ਤਤ੍ਵ ਇਕੋ ਹੈ। ਇਕ ਦੇ ਗਿਆਨ, ਇਰਾਦੇ ਤੇ ਸ਼ਕਤੀ ਨਾਲ ਇਹ ਰਚਨਾ ਹੋਈ ਹੈ।। ਮਨੁੱਖ ਕ੍ਰੋੜਾਂ ਹਨ, ਪਰ ਉਨ੍ਹਾਂ ਵਿਚ ਜੀਵਨ ਸ਼ਕਤੀ, ਦੁਖ ਸੁਖ ਤੇ ਮਨੋ-ਕਾਮਨਾਵਾਂ ਇਕੋ ਜਿਹੀਆਂ ਹਨ। ਪੰਜ ਗਿਆਨ ਇੰਦ੍ਰੀਆਂ ਹਨ, ਪਰ ਉਨ੍ਹਾਂ ਵਿਚ ਮਨ ਇਕੋ ਕੰਮ ਕਰਦਾ ਹੈ। ਫਲਾਂ ਫੁੱਲਾਂ ਦੇ ਰੰਗ ਰੂਪ ਤੇ ਸੁਆਦ ਵੱਖੋ ਵੱਖ ਹਨ, ਪਰ ਧਰਤੀ ਇਕੋ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਇਹ ਸਾਰਾ ਵਿਸ਼ਵ ਇਕ ਦੀ ਰਚਨਾ ਹੈ, ਉਸ ਇਕ ਦੇ ਹੁਕਮ ਵਿਚ ਚਲ ਰਿਹਾ ਹੈ। ਜੇਕਰ ਇਕ ਤਾਕਤ ਦੇ ਅਧੀਨ ਇਹ ਸਾਰਾ ਪ੍ਰਬੰਧ ਨਾ ਹੁੰਦਾ ਤਾਂ ਨਿਸਚਤ ਤੌਰ ਤੇ ਕੁਦਰਤ ਦੇ ਨਜ਼ਾਮ ਵਿਚ ਗੜਬੜ ਹੋ ਜਾਂਦੀ। ਇਸੇ ਲਈ ਗੁਰੂ ਜੀ ਫੁਰਮਾਉਂਦੇ ਹਨ—

ਸਾਹਿਬ ਮੇਰਾ ਏਕੋ ਹੈ ਭਾਈ ਏਕੋ ਹੈ॥ [ਆਸਾ ਮ: ੧]

ਇਕ ਬਿਨ ਦੂਸਰ ਸੋ ਨ ਚਿਨਾਰ॥

ਭੰਜਨ ਗੜ੍ਹਨ ਸਮਰਥ ਸਦਾ ਪ੍ਰਭੁ ਜਾਨਤ ਹੈ ਕਰਤਾਰ॥

[ਪਾ: ੧੦]

ਗੁਰਮਤਿ ਵਿਚ ਪੂਜਾ ਇਕੋ ਅਕਾਲ ਪੁਰਖ ਦੀ ਕੀਤੀ ਜਾਂਦੀ ਹੈ ਪਰ ਸਤਿਕਾਰ ਕਈ ਹਸਤੀਆਂ ਦਾ,ਸਭ ਤੋਂ ਵਧੀਕ ਸਤਿਗੁਰੂ ਤੇ ਗੁਰਬਾਣੀ ਦਾ। ਕਈ ਇਤਿਹਾਸਕ ਚੀਜ਼ਾਂ ਦੀ ਸੰਭਾਲ ਵੀ ਕੀਤੀ ਜਾਂਦੀ ਹੈ। ਸੁੰਦਰਤਾ ਸਿਹਤ ਤੇ ਸਫਾਈ ਦੇ ਲਿਹਾਜ਼ ਨਾਲ ਧੂਪ-ਦੀਪ ਕੀਤਾ ਜਾਂਦਾ ਹੈ। ਪਰ ਪੂਜਾ ਸ੍ਰੀ ਅਕਾਲ ਪੁਰਖ ਦੀ ਹੀ ਕੀਤੀ ਜਾਂਦੀ ਹੈ। ਕਿਸੇ ਅਵਤਾਰ, ਦੇਵੀ ਦੇਵਤੇ, ਪੀਰ ਪੈਗੰਬਰ ਜਾਂ ਸ਼ਖਸੀਅਤ ਨੂੰ ਵਾਹਿਗੁਰੂ ਦੀ ਤੁਲਤਾ ਨਹੀਂ ਦਿਤੀ ਗਈ। ਦਸਮ ਪਾਤਸ਼ਾਹ ਨੇ ਆਪਣੇ ਸਬੰਧ ਵਿਚ ਕਿਹਾ ਹੈ—

ਜੋ ਹਮ ਕੋ ਪਰਮੇਸ਼ਰ ਉਚਰ ਹੈਂ॥

ਤੇ ਸਭ ਨਰਕ ਕੁੰਡ ਮਹਿ ਪਰ ਹੈਂ॥

ਸਿੱਖੀ 'ਚ ਈਸ਼੍ਵਰ ਦੀਆਂ ਸ਼ਕਤੀਆਂ ਨੂੰ ਵੰਡਿਆ ਨਹੀਂ ਗਿਆ। ਇਕੀਸ਼੍ਵਰਵਾਦ ਬਾਰੇ ਦੋ ਮੱਤ ਹਨ—

੧. ਇਕ ਰੱਬ ਤੋਂ ਬਿਨਾਂ ਕੋਈ ਦੂਸਰਾ ਹੋਰ ਰੱਬ ਨਹੀਂ।

੨. ਰੱਬ ਤੋਂ ਬਿਨਾਂ ਹੋਰ ਕੁਝ ਹੈ ਹੀ ਨਹੀਂ। ਦ੍ਰਿਸ਼ਟਮਾਨ ਜਗਤ ਵੀ ਉਸ ਦਾ ਰੂਪ ਹੀ ਹੈ।

ਕਾਦਰ ਅਤੇ ਕੁਦਰਤ, ਰਚਨਾ ਅਤੇ ਰਚਨਹਾਰ ਦੇ ਸਬੰਧ ਨੂੰ ਸਮਝਣਾ ਬੜੀ ਸੂਝ ਦਾ ਕੰਮ ਹੈ। ਗੁਰਮਤਿ ਵਿਚ ਵਾਹਿਗੁਰੂ ਦੀ ਏਕਤਾ ਪਰ ਖਾਸ ਜ਼ੋਰ ਦਿਤਾ ਗਿਆ ਹੈ। ਪਰ ਉਸ ਦੀ ਸਰਬ ਵਿਆਪਕਤਾ ਵੀ ਵਰਣਨ ਕੀਤੀ ਗਈ ਹੈ, ਯਥਾ—

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ॥

[ਰਾਮਕਲੀ ਮ: ੩]

ਬੋਲਤ ਹੈ ਮ੍ਰਿਗ ਮੀਨ ਪੰਖੇਰੂ
ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥

[ਮਲਾਰ ਮ: ੫]

ਜੋ ਦੀਸੈ ਸੋ ਤੇਰਾ ਰੂਪੁ॥
ਗੁਣ ਨਿਧਾਨ ਗੋਵਿੰਦ ਅਨੂਪ॥ [ਤਿਲੰਗ ਮ: ੪]
ਅਨੇਕ ਹੈਂ॥ ਫਿਰ ਏਕ ਹੈਂ॥ [ਜਾਪ, ਪਾ: ੧੦]

ਵਾਹਿਗੁਰੂ ਦੀ ਏਕਤਾ ਤੇ ਸਰਬ ਵਿਆਪਕਤਾ ਆਪਣੀ ਆਪਣੀ ਥਾਂ ਠੀਕ ਹਨ। ਇਹ ਉਸ ਦੇ ਅਨੰਤ ਗੁਣਾਂ ਵਿਚੋਂ ਦੋ ਗੁਣ ਹਨ।

ਸੂਫੀ ਫਕੀਰਾਂ ਦੇ ਕਥਨ ਅਨੁਸਾਰ ਇਕ ਸਿਧਾਂਤ ਹੈ—'ਹਮਾ ਓਸਤ' ਜਿਸ ਦਾ ਭਾਵ 'ਸਭ ਕੁਝ ਉਹੀ ਹੈ'। ਦੂਸਰਾ ਹੈ—'ਹਮਾ ਅਜ਼ ਓਸਤ' ਜਿਸ ਦਾ ਭਾਵ 'ਸਭ ਕੁਝ ਉਸ ਤੋਂ ਹੈ'।

ਗੁਰੂ ਸਾਹਿਬ ਜਦ ਵਾਹਿਗੁਰੂ ਦੇ ਸਰਬ ਵਿਆਪਕ ਸਰੂਪ ਨੂੰ ਕਥਨ ਕਰਦੇ ਹਨ ਤਾਂ ਫੁਰਮਾਉਂਦੇ ਹਨ—

ਸੋ ਅੰਤਰਿ ਸੋ ਬਾਹਰਿ ਅਨੰਤ॥ ਘਟਿ ਘਟਿ
ਬਿਆਪਿ ਰਹਿਆ ਭਗਵੰਤ॥ ਧਰਨਿ ਮਾਹਿ
ਆਕਾਸ ਪਇਆਲ॥ਸਰਬ ਲੋਕ ਪੂਰਨ ਪ੍ਰਤਿਪਾਲ॥

ਥਨਿ ਤ੍ਰਿਨਿ ਪਰਬਤਿ ਹੈ ਪਾਰਬ੍ਰਹਮੁ ॥ ਜੈਸੀ ਆਗਿਆ ਤੈਸਾ ਕਰਮੁ ॥ ਪਉਣ ਪਾਣੀ ਬੈਸੰਤਰ ਮਾਹਿ ॥ ਚਾਰਿ ਕੁੰਟ ਦਹ ਦਿਸੇ ਸਮਾਹਿ ॥ ਤਿਸ ਤੇ ਭਿੰਨ ਨਹੀ ਕੋ ਠਾਉ ॥ ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ [ਸੁਖਮਨੀ ੨—੨੩]

ਜਦ ਅਕਾਲ ਪੁਰਖ ਦੀ ਰਚਨਾ ਵਿਚੋਂ ਕਿਸੇ ਚੀਜ਼ ਜਾਂ ਮਨੁੱਖ ਨੂੰ ਉਸ ਦੀ ਉਪਮਾ ਜਾਂ ਤੁਲਤਾ ਦਿਤੀ ਜਾਵੇ, ਈਸ਼ਵਰ ਦਾ ਅਵਤਾਰ, ਮੂਰਤੀ ਪੂਜਾ ਜਾਂ ਕ੍ਰਿਤਮ ਪੂਜਾ ਕੀਤੀ ਜਾਵੇ, ਤਦ ਗੁਰਦੇਵ ਖੰਡਨ ਕਰਦੇ ਹਨ। ਇਕ ਵਾਹਿਗੁਰੂ ਦੀ ਪੂਜਾ ਪਰ ਜ਼ੋਰ ਦਿੰਦੇ ਹਨ। ਉਨ੍ਹਾਂ ਨੇ ਦਸਿਆ ਹੈ ਕਿ ਸ੍ਰਿਸ਼ਟੀ ਰੱਬ ਤੋਂ ਹੈ ਨਾ ਕਿ ਸ੍ਰਿਸ਼ਟੀ ਹੀ ਰੱਬ ਹੈ। ਮਨੁੱਖ ਵਿਚ ਈਸ਼੍ਵਰ ਦੇ ਕਈ ਗੁਣ ਅੰਸ਼ ਮਾਤਰ ਹੋ ਸਕਦੇ ਹਨ, ਪਰ ਉਹ ਸੀਮਤ ਹਨ। ਵਾਹਿਗੁਰੂ ਦੇ ਗੁਣ ਗਿਣਤੀ ਮਿਣਤੀ ਦੇ ਅਕਾਰ ਦੇ ਲਿਹਾਜ਼ ਨਾਲ ਬੇਅੰਤ ਤੇ ਅਪਾਰ (Infinity) ਹਨ। ਭਾਈ ਗੁਰਦਾਸ ਜੀ ਲਿਖਦੇ ਹਨ—

ਇਕ ਕਵਾਉ ਪਸਾਉ ਕਰ ਓਅੰਕਾਰ ਅਕਾਰ ਪਸਾਰਾ ॥
ਪਉਣ ਪਾਣੀ ਬੈਸੰਤਰੋ ਧਰਤ ਅਕਾਸ ਕਰੇ ਨਿਰਧਾਰਾ ॥
ਰੋਮ ਰੋਮ ਵਿਚ ਰਖਿਓਨ ਕਰ ਵਰਭੰਡ ਕਰੋੜ ਅਕਾਰਾ ॥
ਪਾਰਬ੍ਰਹਮ ਪੂਰਨ ਬ੍ਰਹਮ ਅਗਮ ਅਗੋਚਰ ਅਲਖ ਅਪਾਰਾ॥
ਪ੍ਰੇਮ ਪਿਆਲੇ ਵਸ ਹੋਇ ਭਗਤ ਵਛਲ ਹੋਇ ਸਿਰਜਨਹਾਰਾ॥
ਬੀਉ ਬੀਜ ਅਤਿ ਸੂਖਮੋ ਤਿਦੂੰ ਹੋਇ ਵਡ ਬਿਰਖ ਬਿਥਾਰਾ॥
ਫਲ ਵਿਚ ਬੀਉ ਸਮਾਇ ਕੇ ਇਕਦੂੰ ਬੀਓ ਲਖ ਹਜਾਰਾ॥

[ਵਾਰ ੬—੪]

ਇਕ ਸੂਫੀ ਨੇ ਕਿਹਾ ਹੈ—

ਚੀਸਤ ਤੌਹੀਦ[1] ਖ਼ੁਦਾ ਆਮੋਖ਼ਤਨ[2]।
[3]ਖ਼ੇਸ਼ਤਨ ਰਾ ਪੇਸ਼ ਵਾਹਦ ਸੋਖ਼ਤਨ[4]।

ਤੌਹੀਦ ਕੀ ਹੈ ? ਖ਼ੁਦਾ ਨੂੰ ਬੁੱਝਣਾ ਅਤੇ ਆਪਣੇ ਆਪ ਨੂੰ ਉਸ

੧, ਕੀ ਹੈ। ੨. ਜਾਣਨਾ। ੩. ਆਪਣੇ ਆਪ ਨੂੰ। ੪. ਸਾੜਨਾ।

ਇਕ ਦੇ ਸਾਹਮਣੇ ਜਲਾ ਦੇਣਾ। ਸਿੱਖ ਧਰਮ ਦੀ ਤੌਹੀਦ ਹੈ—ਵਾਹਿਗੁਰੂ ਇਕ ਹੈ, ਉਹ ਸਰਬ ਵਿਆਪਕ ਹੈ, 'ਖ਼ਲਕਤ' 'ਖ਼ਾਲਕ' ਦੀ ਹੈ, ਇਸ ਖ਼ਲਕਤ ਨਾਲ ਪ੍ਰੇਮ ਕਰਨਾ ਅਤੇ ਖ਼ਾਲਕ ਨਾਲ ਜੁੜਨਾ ਹੈ।

ਈਸ਼ਵਰ ਦੀ ਏਕਤਾ ਅਤੇ ਅਭੇਦਤਾ ਸਬੰਧੀ ਸਿਆਣਿਆਂ ਦੇ ਦੋ ਮੱਤ ਹਨ—ਇਕ ਕਹਿੰਦੇ ਹਨ ਕਿ ਰਚਨਾ ਤੇ ਰਚਨਹਾਰ ਦਾ ਸਬੰਧ ਇਸ ਤਰ੍ਹਾਂ ਹੈ ਜਿਵੇਂ ਭਾਫ਼ ਤੋਂ ਪਾਣੀ ਤੇ ਪਾਣੀ ਤੋਂ ਬਰਫ਼ ਬਣਦੀ ਹੈ, ਪਰ ਪਾਣੀ ਹਰ ਹਾਲਤ ਵਿਚ ਕਾਇਮ ਰਹਿੰਦਾ ਹੈ। ਦੂਸਰੇ ਕਹਿੰਦੇ ਹਨ ਕਿ 'ਮਨੁੱਖ ਤੇ ਪਰਛਾਵੇਂ' ਵਾਲਾ ਸਬੰਧ ਹੈ। ਪਰਛਾਵਾਂ ਹੁੰਦਾ ਤੇ ਮਨੁੱਖ ਦਾ ਹੀ ਹੈ ਪਰ ਉਸ ਤੋਂ ਵੱਖਰਾ ਹੁੰਦਾ ਹੈ। ਕਵੀਆਂ ਨੇ ਪਾਣੀ ਅਤੇ ਬੁਲਬੁਲੇ ਨਾਲ ਉਪਮਾ ਦਿੱਤੀ ਹੈ। ਪਰ ਬੁਲਬੁਲੇ ਵਿਚ ਪਾਣੀ ਦੇ ਨਾਲ ਕੁਝ ਹਵਾ(ਹਉਮੈ) ਦਾ ਅੰਸ਼ ਵੀ ਹੁੰਦਾ ਹੈ, ਜਿਸ ਕਰਕੇ ਵਿਚਕਾਰ ਪੁਲਾੜ ਰਹਿੰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ—

ਏਕੈ ਸੂਤਿ ਪਰੋਏ ਮਣੀਏ ॥
ਗਾਠੀ ਭਿਨਿ ਭਿਨਿ ਭਿਨਿ ਤਣੀਏ ॥

[ਰਾਮਕਲੀ ਮ: ੫]

ਸੂਫ਼ੀ ਫ਼ਕੀਰਾਂ ਨੇ ਵੀ ਕਿਹਾ ਹੈ—

ਬ ਵਾਹਦਤ ਹੱਕ ਚ ਕਸਰਤ ਖ਼ਲਕ ਚਿਹ ਬਾਕ,
ਸਦ ਜਾਏ ਅਗਰ ਗਿਰਾਹ ਜ਼ਨੀ ਰਿਸ਼ਤਾ ਯਕੀਸਤ।

ਭਾਵ—ਵਾਹਿਗੁਰੂ ਦੀ ਏਕਤਾ ਉਤੇ ਸੰਸਾਰ ਦੀ ਅਨੇਕਤਾ ਦਾ ਕੀ ਅਸਰ ਪੈਂਦਾ ਹੈ? ਧਾਗੇ ਨੂੰ ਭਾਵੇਂ ਸੌ ਗੰਢਾਂ ਦਿਤੀਆਂ ਜਾਣ, ਉਹ ਇਕੋ ਰਹਿੰਦਾ ਹੈ।

ਨਿਰਗੁਣ ਸਰਗੁਣ :

ਸਤਿਗੁਰਾਂ ਨੇ ਆਪਣੀ ਬਾਣੀ ਵਿਚ ਵਾਹਿਗੁਰੂ ਦਾ ਸਰੂਪ ਨਿਰੰਕਾਰ ਜਾਂ ਨਿਰਗੁਣ ਮੰਨਿਆ ਹੈ। ਜਦ ਉਹ ਆਪਣੀ ਇੱਛਾ ਜਾਂ ਸ਼ਕਤੀ ਨਾਲ ਸ੍ਰਿਸ਼ਟੀ ਰਚਨਾ ਕਰਦਾ ਹੈ, ਤਦ ਉਸ ਦਾ ਸਰਗੁਣ ਸਰੂਪ ਕਿਹਾ ਜਾਂਦਾ

ਹੈ। ਸੁਖਮਨੀ ਸਾਹਿਬ ਵਿਚ ਪੰਚਮ ਪਾਤਸ਼ਾਹ ਫੁਰਮਾਉਂਦੇ ਹਨ—

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥

ਭਾਵ—ਸ੍ਰਿਸ਼ਟੀ ਰਚਨਾ ਤੋਂ ਪਹਿਲੇ ਵਾਹਿਗੁਰੂ ਬੇਅੰਤ ਕਾਲ ਤਕ ਅਫੁਰ ਸਮਾਧੀ (ਸੁੰਨ ਸਮਾਧੀ) ਵਿਚ ਰਿਹਾ ਹੈ। ਉਸ ਹਾਲਤ ਨੂੰ ਗੁਰਦੇਵ ਇਉਂ ਵਰਣਨ ਕਰਦੇ ਹਨ—

ਜਬ ਹੋਵਤ ਪ੍ਰਭ ਕੇਵਲ ਧਨੀ ॥ ਤਬ ਬੰਧ ਮੁਕਤਿ
ਕਹੁ ਕਿਸ ਕਉ ਗਨੀ ॥ ਜਬ ਏਕਹਿ ਹਰਿ ਅਗਮ
ਅਪਾਰ॥ਤਬ ਨਰਕ ਸੁਰਗ ਕਹੁ ਕਉਨ ਅਉਤਾਰ॥
ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥ ਤਬ ਸਿਵ
ਸਕਤਿ ਕਹਹੁ ਕਿਤੁ ਠਾਇ ॥ ਜਬ ਆਪਹਿ ਆਪਿ
ਅਪਨੀ ਜੋਤਿ ਧਰੈ ॥ ਤਬ ਕਵਨ ਨਿਡਰੁ ਕਵਨ
ਕਤ ਡਰੈ ॥ ਆਪਨ ਚਲਿਤ ਆਪਿ ਕਰਨੈ ਹਾਰ ॥
ਨਾਨਕ ਠਾਕੁਰ ਅਗਮ ਅਪਾਰ ॥[1] [ਸੁਖਮਨੀ—੨੦]

ਭਾਈ ਗੁਰਦਾਸ ਜੀ ਲਿਖਦੇ ਹਨ—

ਨਿਰੰਕਾਰ ਏਕੰਕਾਰ ਹੋਇ ਓਅੰਕਾਰ ਅਕਾਰ ਅਪਾਰਾ।
ਰੋਮ ਰੋਮ ਵਿਚ ਰਖਿਓਨ ਕਰ ਬ੍ਰਹਮੰਡ ਕਰੋੜ ਪਸਾਰਾ।
ਕੇਤੜਿਆ ਜੁਗ ਵਰਤਿਆ ਅਗਮ ਅਗੋਚਰ ਧੁੰਧੂਕਾਰਾ।

ਇਸ ਤੋਂ ਸਪਸ਼ਟ ਹੋਇਆ ਕਿ ਵਾਹਿਗੁਰੂ ਦਾ ਸਹੀ ਸਰੂਪ ਨਿਰੰਕਾਰ ਹੈ। ਜਿਸ ਵਕਤ ਉਸ ਨੂੰ ਫੁਰਨਾ ਫੁਰਦਾ ਹੈ, ਉਸ ਵਕਤ ਏਕੰਕਾਰ ਹੈ। ਉਸ ਹਾਲਤ ਵਿਚ ਭੀ ਕੋਈ ਹਸਤੀ ਉਸ ਦੇ ਮੁਕਾਬਲੇ ਤੇ ਨਹੀਂ ਹੁੰਦੀ। ਓਅੰਕਾਰ ਰੂਪ ਵਿਚ ਉਹ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੱਖਣੀ ਓਅੰਕਾਰ ਵਿਚ ਵੀ ਇਸ ਖਿਆਲ

---

੧. ਫ਼ਾਇਲੇ ਮੁਤਲਕ ਯਕੀਂ ਬੇ ਸੂਰਤ ਅਸਤ।
ਸੂਰਤ ਅੰਦਰ ਦਸਤੇ ਓ ਚੂੰ ਆਲਤਸਤ। [ਰੂਮੀ]
ਭਾਵ-ਕਰਤਾ ਅਰੂਪ ਹੈ। ਰੂਪ ਉਸ ਦੇ ਹਥ ਵਿਚ ਇਕ ਸਾਧਨ ਹੈ।

ਨੂੰ ਸਪਸ਼ਟ ਕੀਤਾ ਹੈ ਕਿ ਓਅੰਕਾਰ ਤੋਂ ਹੀ ਬ੍ਰਹਮਾ, ਸ਼ਿਵਜੀ ਤੇ ਸ੍ਰਿਸ਼ਟੀ ਉਤਪਤ ਹੁੰਦੇ ਹਨ। ਵਾਹਿਗੁਰੂ ਦਾ ਸਰੂਪ ਨਿਰੰਕਾਰ ਹੀ ਹੈ ਪਰ ਮੂਲ ਮੰਤਰ ਵਿਚ ਉਸ ਦੇ ਗੁਣ ਦਸੇ ਹਨ। ਗੁਣਾਂ ਦੀ ਕਲਪਨਾ ਉਦੋਂ ਹੁੰਦੀ ਹੈ ਜਦ ਸ੍ਰਿਸ਼ਟੀ ਰਚਨਾ ਹੋਵੇ। ਈਸ਼ਵਰ ਦੇ ਕਿਸੇ ਗੁਣ ਨੂੰ ਕਥਨ ਕਰਨਾ ਉਸ ਨੂੰ ਸਰਗੁਣ ਦੀ ਹੱਦ ਵਿਚ ਲਿਆਉਣਾ ਹੈ, ਪਰ ਉਸ ਦੇ ਗੁਣ ਬੇਅੰਤ ਹਨ, ਇਸ ਲਈ ਨਿਰਗੁਣ ਹੈ—

ਊਚ ਅਪਾਰ ਬੇਅੰਤ ਸੁਆਮੀ ਕਉਣ ਜਾਣੈ ਗੁਣ ਤੇਰੇ ॥

[ਬਿਲਾਵਲ ਮ: ੫]

ਹਰਿ ਬਿਅੰਤ ਹਉ ਮਿਤਿ ਕਰਿ ਵਰਨਉ
ਕਿਆ ਜਾਨਾ ਹੋਇ ਕੈਸੋ ਰੇ ॥ [ਸੋਰਠਿ ਮ: ੫]

ਵਰਤਮਾਨ ਸਮੇਂ ਵਿਚ ਕਈ ਆਦਰਸ਼ਵਾਦੀ ਇਹ ਕਹਿੰਦੇ ਹਨ ਕਿ ਸੱਚਾਈ, ਨੇਕੀ, ਆਦਰਸ਼ਕ ਪ੍ਰੇਮ, ਸਰਬ ਸਾਂਝ ਆਦਿਕ ਗੁਣ ਹੀ ਵਾਹਿਗੁਰੂ ਦਾ ਸਰੂਪ ਹਨ। ਉਹ ਕੋਈ ਵੱਖਰੀ ਹਸਤੀ ਨਹੀਂ। **Love is God** ਭਾਵ 'ਪ੍ਰੇਮ ਹੀ ਰੱਬ ਹੈ'। ਗੁਰੂ ਸਾਹਿਬ ਦਸਦੇ ਹਨ ਕਿ ਸੱਚਾਈ, ਨੇਕੀ ਤੇ ਪ੍ਰੇਮ ਉਸ ਵਾਹਿਗੁਰੂ ਦੇ ਗੁਣ ਹਨ, 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਯੋ।' ਪ੍ਰੇਮ ਉਸ ਨੂੰ ਮਿਲਣ ਦਾ ਇਕ ਸਾਧਨ ਹੈ ਨਾ ਕਿ ਪ੍ਰੇਮ ਹੀ ਉਸ ਦਾ ਰੂਪ ਹੈ। ਵਾਹਿਗੁਰੂ ਇਕ ਹਸਤੀ ਹੈ, ਜਿਸ ਵਿਚ ਅਨੰਤ ਗੁਣ ਹਨ।

ਉਸ ਦੇ ਸਹੀ ਸਰੂਪ ਨੂੰ ਅਸੀਂ ਨਹੀਂ ਜਾਣ ਸਕਦੇ। ਕਿਸੇ ਹੱਦ ਤੀਕ ਅਨੁਭਵ ਕਰ ਸਕਦੇ ਹਾਂ। ਮਨੋਭਾਵਾਂ ਨੂੰ ਪ੍ਰਗਟ ਕਰਨ ਲਈ ਸਾਡੇ ਪਾਸ ਅੱਖਰ ਜਾਂ ਬੋਲੀ ਇਕ ਸਾਧਨ ਹੈ। ਪਰ ਇਹ ਅਪੂਰਣ ਹੈ। ਜੋ ਮਹਿਸੂਸ ਕਰਦੇ ਹਾਂ, ਉਸ ਨੂੰ ਕਥਨ ਨਹੀਂ ਕਰ ਸਕਦੇ—

ਜਹਾ ਬੋਲ ਤਹਿ ਅਛਰ ਆਵਾ॥ ਜਹ ਅਬੋਲ ਤਹ
ਮਨੁ ਨ ਰਹਾਵਾ ॥ ਬੋਲ ਅਬੋਲ ਮਧਿ ਹੈ ਸੋਈ ॥
ਜਸ ਓਹੁ ਹੈ ਤਸ ਲਖੈ ਨ ਕੋਈ ॥

[ਗਉੜੀ ਬਾਵਨ ਅਖਰੀ, ਕਬੀਰ ਜੀ]

ਜਦ ਅਸੀਂ ਕੁਝ ਬੋਲਦੇ ਹਾਂ ਤਾਂ ਸਾਡਾ ਖ਼ਿਆਲ ਅੱਖਰਾਂ ਜਾਂ ਬੋਲੀ ਦੀ ਹੱਦ ਵਿਚ ਆਉਂਦਾ ਹੈ। ਅਸੀਂ ਗਿਆਨ ਅਤੇ ਬੁੱਧੀ ਦੇ ਮੰਡਲ ਵਿਚ ਹੁੰਦੇ ਹਾਂ। ਪਰ ਵਾਹਿਗੁਰੂ ਇਨ੍ਹਾਂ ਹੱਦਾਂ ਤੋਂ ਪਰ੍ਹੇ ਹੈ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜੇ ਵਾਹਿਗੁਰੂ ਨਿਰਗੁਣ ਸਰੂਪ ਤੇ ਬਿਅੰਤ ਹੈ ਤਾਂ ਉਸ ਦੀ ਪੂਜਾ ਜਾਂ ਭਗਤੀ ਕਿਸ ਤਰ੍ਹਾਂ ਕੀਤੀ ਜਾਵੇ? ਜਿਸ ਦਾ ਅਸੀਂ ਧਿਆਨ ਕਰਨਾ ਹੈ, ਮਨ ਨੂੰ ਉਸ ਦਾ ਅਨੁਭਵ ਹੋਣਾ ਚਾਹੀਦਾ ਹੈ। ਜੇ ਵਾਹਿਗੁਰੂ ਸਾਡੇ ਤਸੱਵਰ 'ਚ ਆ ਗਿਆ ਤਾਂ ਉਹ ਅਨਹਦ ਨਹੀਂ ਹੋ ਸਕਦਾ। ਜੇ ਨਹੀਂ ਆਉਂਦਾ ਤਾਂ ਸਾਡਾ ਮਨ ਕਿਤੇ ਨਹੀਂ ਟਿਕਦਾ। ਮਹਾਰਾਜ ਨੇ ਇਸ ਗੂੜ੍ਹ ਪ੍ਰਸ਼ਨ ਦਾ ਬਹੁਤ ਸੋਹਣਾ ਉੱਤਰ ਇਉਂ ਦਿਤਾ ਹੈ:

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ ॥

[ਰਾਮਕਲੀ ਮ: ੧]

ਇਹ ਮਿਲਾਪ ਬੂੰਦ ਤੇ ਸਾਗਰ ਵਾਲਾ ਹੈ। ਇਸ ਨੂੰ ਅਨੁਭਵ ਕੀਤਾ ਜਾ ਸਕਦਾ ਹੈ, ਕਥਨ ਨਹੀਂ ਕੀਤਾ ਜਾ ਸਕਦਾ। ਇਕ ਨਦੀ ਸਮੁੰਦਰ ਨੂੰ ਆਪਣੇ ਵਿਚ ਲੀਨ ਨਹੀਂ ਕਰ ਸਕਦੀ। ਇਸੇ ਤਰ੍ਹਾਂ ਨਿਰੰਕਾਰ ਅਨੀਲ, ਅਨੰਤ, ਅਗੰਮ ਤੇ ਅਗੋਚਰ ਹੈ। ਉਸ ਨਾਲ ਅਸੀਂ ਆਪਣੀ ਸੁਰਤ ਜੋੜ ਕੇ ਆਤਮ ਰਸ ਲੈ ਸਕਦੇ ਹਾਂ, ਉਸ ਵਿਚ ਸਮਾ ਸਕਦੇ ਹਾਂ, ਪਰ ਉਸ ਨੂੰ ਆਪਣੇ ਵਿਚ ਜ਼ਬਤ ਨਹੀਂ ਕਰ ਸਕਦੇ। 'ਗੁਣ ਕਹ ਗੁਣੀ ਸਮਾਵਣਿਆ' ਭਾਵ ਗੁਣੀ ਦੇ ਗੁਣਾਂ ਨੂੰ ਕਹਿ ਕੇ ਉਸ ਵਿਚ ਲੀਨ ਹੋਣਾ ਹੈ। ਗੁਣਾਂ ਨੂੰ ਕਹਿਣਾ ਇਕ ਤਰ੍ਹਾਂ ਸਰਗੁਣ ਦੀ ਉਪਾਸ਼ਨਾ ਹੈ, ਪਰ ਇਕ ਤੇ ਉਸ ਦੇ ਗੁਣ ਬੇਅੰਤ ਹਨ, ਦੂਸਰੇ ਉਨ੍ਹਾਂ ਨੂੰ ਕੋਈ ਸਥੂਲ ਨਹੀਂ ਦਿਤਾ ਜਾ ਸਕਦਾ, ਇਸ ਲਈ ਗੁਰਮਤਿ ਵਿਚ ਅਕਾਲ ਪੁਰਖ ਦੇ ਨਿਰਗੁਣ ਸਰੂਪ ਨੂੰ ਮੰਨਿਆ ਗਿਆ ਹੈ।

ਦਸਮ ਪਾਤਸ਼ਾਹ ਜਾਪੁ ਸਾਹਿਬ ਵਿਚ ਵਾਹਿਗੁਰੂ ਦੇ ਅਨੰਤ ਗੁਣਾਂ ਨੂੰ ਕਥਨ ਕਰਦੇ ਹੋਏ ਕਹਿੰਦੇ ਹਨ—

ਨਮੋ ਅੰਧਕਾਰੇ ਨਮੋ ਤੇਜ ਤੇਜੇ ॥

ਭਾਵ—ਹੇ ਅੰਧਕਾਰ ਅਤੇ ਪ੍ਰਕਾਸ਼ ਸਰੂਪ ਵਾਹਿਗੁਰੂ ਤੈਨੂੰ

ਨਮਸਕਾਰ ਹੈ।

ਦ੍ਰਿਸ਼ਟਮਾਨ ਜਗਤ ਵਿਚ ਜਦ ਪ੍ਰਕਾਸ਼ ਹੁੰਦਾ ਹੈ ਤਾਂ ਹਨੇਰਾ ਨਹੀਂ ਹੁੰਦਾ, ਜਦ ਹਨੇਰਾ ਹੁੰਦਾ ਹੈ ਤਾਂ ਪ੍ਰਕਾਸ਼ ਦਾ ਅਭਾਵ ਹੁੰਦਾ ਹੈ। ਵਾਹਿਗੁਰੂ ਪ੍ਰਕਾਸ਼ ਤੇ ਹਨੇਰੇ ਦੋਹਾਂ ਹਾਲਤਾਂ ਵਿਚ ਕਾਇਮ ਰਹਿੰਦਾ ਹੈ, ਉਸ ਦਾ ਕਦੀ ਅਭਾਵ ਨਹੀਂ ਹੁੰਦਾ।

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜੇ ਵਾਹਿਗੁਰੂ ਨਿਰਗੁਣ ਹੈ ਤਾਂ ਉਸ ਤੋਂ ਸਰਗੁਣ ਜਗਤ ਜਾਂ ਸ੍ਰਿਸ਼ਟੀ ਦੀ ਰਚਨਾ ਕਿਸ ਤਰ੍ਹਾਂ ਹੋ ਸਕਦੀ ਹੈ? ਗੁਰੂ ਸਾਹਿਬ ਇਸ ਦਾ ਉੱਤਰ ਦਿੰਦੇ ਹਨ—

ਕੀਤਾ ਪਸਾਉ ਏਕੋ ਕਵਾਉ ॥ [ਜਪੁਜੀ]

ਭਾਵ—ਉਸ ਦੇ ਫੁਰਨੇ ਤੇ ਸ਼ਕਤੀ ਨਾਲ ਸ੍ਰਿਸ਼ਟੀ ਰਚਨਾ ਹੋਈ ਹੈ।

ਅਸੀਂ ਆਪਣੇ ਮਨ ਦੇ ਇਰਾਦੇ ਨਾਲ ਸਾਰੇ ਕੰਮ ਕਰਦੇ ਹਾਂ। ਮਨ ਦੇ ਫੁਰਨੇ ਨਾਲ ਅੰਗ ਕਿਸ ਤਰ੍ਹਾਂ ਹਰਕਤ ਕਰਦੇ ਹਨ? ਇਸ ਨੂੰ ਕੋਈ ਸਾਬਤ ਕਰਨਾ ਚਾਹੇ ਤਾਂ ਨਹੀਂ ਕਰ ਸਕਦਾ। ਜਿਸ ਤਰ੍ਹਾਂ ਸਾਡਾ ਮਨ ਸੰਕਲਪ ਨਾਲ ਸਭ ਕੁਝ ਕਰਦਾ ਹੈ, ਇਸੇ ਤਰ੍ਹਾਂ ਵਾਹਿਗੁਰੂ ਆਪਣੀ ਇੱਛਾ ਨਾਲ ਸੰਸਾਰ ਦੀ ਉਤਪਤੀ ਕਰਦਾ ਅਤੇ ਉਸ ਦੇ ਪ੍ਰਬੰਧ ਨੂੰ ਚਲਾਂਦਾ ਹੈ।

ਸਾਰੀ ਰਚਨਾ ਤਿੰਨ ਹਿੱਸਿਆਂ ਵਿਚ ਹੈ—

੧. **ਨਾਮ**—ਸ੍ਰਿਸ਼ਟੀ ਵਿਚ ਪ੍ਰਮਾਣੂ ਤੋਂ ਲੈ ਕੇ ਧਰਤੀ, ਸੂਰਜ, ਚੰਦ੍ਰਮਾ ਤਕ ਸਭ ਚੀਜ਼ਾਂ ਨਾਮ ਦੀ ਹੱਦ ਵਿਚ ਹਨ। ਸੂਖਮ ਤੋਂ ਸੂਖਮ ਤੇ ਵੱਡੀ ਤੋਂ ਵੱਡੀ ਵਸਤੂ ਦਾ ਕੋਈ ਨਾਮ ਹੁੰਦਾ ਹੈ।

੨. **ਰੂਪ**—ਜੋ ਚੀਜ਼ ਬਣੀ ਹੈ, ਉਸ ਦਾ ਕੋਈ ਨਾ ਕੋਈ ਰੂਪ ਹੈ, ਭਾਵੇਂ ਉਹ ਰੂਪ ਅੱਖਾਂ ਨਾਲ ਦੇਖਿਆ ਜਾਵੇ ਜਾਂ ਖੁਰਦਬੀਨ ਨਾਲ।

੩. **ਮੂਲ ਤਤ੍ਵ**—ਇਹ ਨਿਰਗੁਣ ਹੈ। ਇਕ ਮਿੱਟੀ ਦੇ ਕਿਣਕੇ ਦੀ ਵੰਡ ਕਰਦੇ ਜਾਓ, ਅਖੀਰ ਨਿਰਗੁਣ ਉਤੇ ਜਾ ਕੇ ਖਤਮ ਹੋਵੇਗੀ। ਨਾਮ ਰੂਪ ਸਰਗੁਣ ਹਨ, ਜਗਤ ਦਾ ਮੂਲ ਤਤ੍ਵ ਵਾਹਿਗੁਰੂ ਨਿਰਗੁਣ ਹੈ।

ਪੁਰਾਤਨ ਸਮੇਂ ਵਿਚ ਇਕ ਮਹਾਂਰਿਸ਼ੀ ਦੇ ਜਗਿਆਸੂ ਪੁੱਤਰ ਨੇ

ਪ੍ਰਸ਼ਨ ਕੀਤਾ ਸੀ—'ਪਿਤਾ ਜੀ ! ਨਿਰਗੁਣ ਸਰੂਪ ਈਸ਼੍ਵਰ ਤੋਂ ਇਹ ਸਰਗੁਣ ਜਗਤ ਕਿਸ ਤਰ੍ਹਾਂ ਉਤਪੰਨ ਹੋ ਗਿਆ ?

ਪਿਤਾ—'ਜਿਸ ਤਰ੍ਹਾਂ ਬੋਹੜ ਦੇ ਨਿੱਕੇ ਜਿਹੇ ਬੀਜ ਤੋਂ ਵੱਡਾ ਸਾਰਾ ਬ੍ਰਿਛ ਉਤਪੰਨ ਹੋ ਜਾਂਦਾ ਹੈ। ਬੀਜ ਨਿੱਕਾ ਜਿਹਾ ਹੁੰਦਾ ਹੈ, ਉਸ ਵਿਚ ਬੋਹੜ, ਉਸ ਦੇ ਟਾਹਣ ਤੇ ਪੱਤਰ ਨਹੀਂ ਦਿਸਦੇ ਪਰ ਹੁੰਦੇ ਉਸ ਤੋਂ ਹਨ। ਇਕ ਬੀਜ ਨਾ ਕੇਵਲ ਇਕ ਬ੍ਰਿਛ ਹੀ ਪੈਦਾ ਕਰਦਾ ਹੈ ਬਲਕਿ ਆਪਣੇ ਜਿਹੇ ਅਨੰਤ ਬੀਜ ਪੈਦਾ ਕਰਦਾ ਹੈ। ਇਸੇ ਤਰ੍ਹਾਂ ਨਿਰਗੁਣ ਈਸ਼੍ਵਰ ਤੋਂ ਕ੍ਰੋੜਾਂ ਬ੍ਰਹਿਮੰਡਾਂ ਦੀ ਰਚਨਾ ਹੁੰਦੀ ਹੈ।

ਗੁਰਬਾਣੀ ਵਿਚ ਇਸ ਸਿਧਾਂਤ ਨੂੰ ਇਸ ਤਰ੍ਹਾਂ ਕਥਨ ਕੀਤਾ ਹੈ—

ਜਬ ਦੇਖਉ ਤਬ ਸਭੁ ਕਿਛੁ ਮੂਲੁ ॥
ਨਾਨਕ ਸੋ ਸੂਖਮ ਸੋਈ ਅਸਥੂਲੁ ॥

[ਸੁਖਮਨੀ ਮ: ੫]

ਬਟਕ[੧] ਬੀਜ ਮਹਿ ਰਵਿ ਰਹਿਓ ਜਾਕੋ ਤੀਨਿ ਲੋਕ ਬਿਸਥਾਰ॥

[ਗਉੜੀ ਬਾਵਨ ਅਖਰੀ]

ਦਾਰਸ਼ਨਿਕ ਮੱਤ, ਨਯਾਇ ਸ਼ਾਸਤ੍ਰ :

ਫ਼ਿਲਾਸਫ਼ੀ ਦੇ ਦੋ ਪੁਰਾਣੇ ਸਕੂਲ ਹਨ—੧. ਹਿੰਦੁਸਤਾਨ ਭਾਵ ਪੂਰਬ ਦਾ, ੨. ਯੂਨਾਨ ਅਰਥਾਤ ਪੱਛਮ ਦਾ। ਹਿੰਦੁਸਤਾਨ ਵਿਚ ਮਹਾਂ ਰਿਸ਼ੀਆਂ ਨੇ ਜੋ ਆਤਮ ਵਿਚਾਰ ਜਾਂ ਫ਼ਿਲਾਸਫ਼ੀ ਲਿਖੀ ਹੈ,ਉਸ ਨੂੰ ਦਰਸ਼ਨ ਜਾਂ ਸ਼ਾਸਤ੍ਰ ਕਹਿੰਦੇ ਹਨ। ਰਿਸ਼ੀ ਦੇ ਅਰਥ ਹਨ—ਦੇਖਣ ਵਾਲਾ, ਦਰਸ਼ਨ ਦੇ ਅਰਥ ਹਨ—ਪ੍ਰਤੱਖ ਕੀਤਾ ਹੋਇਆ। ਸ਼ਾਸਤ੍ਰ ਛੇ ਹਨ—ਨਯਾਇ, ਸਾਂਖ, ਵੇਦਾਂਤ, ਯੋਗ, ਵਿਸ਼ੇਸ਼ਕ ਤੇ ਮੀਮਾਂਸਾ। ਇਨ੍ਹਾਂ ਦੇ ਕਰਤਾ ਹਨ—ਗੌਤਮ,

---

੧. ਮੌਲਾਨਾ ਜਲਾਲੁਦੀਨ ਰੂਮੀ ਲਿਖਦੇ ਹਨ-

ਸੂਰਤ ਅਜ਼ ਬੇ-ਸੂਰਤ ਆਇਦ ਦਰ ਵਜੂਦ।
ਹਮਚੂਨਾ ਕਜ਼ ਆਤਸ਼ੇ ਹਾ ਅਸਤ ਦੂਦ।

ਰੂਪ ਅਰੂਪ ਤੋਂ ਬਣਿਆ ਹੈ,ਜਿਸ ਤਰ੍ਹਾਂ ਅੱਗ ਤੋਂ ਧੂੰਆਂ ਹੁੰਦਾ ਹੈ।

ਕਪਲ, ਬਿਆਸ, ਪਾਤੰਜਲੀ, ਕਣਾਦ ਤੇ ਜੈਮਨਿ। ਸ਼ਾਸਤ੍ਰਾਂ ਵਿਚੋਂ ਪਹਿਲੇ ਤਿੰਨਾਂ ਨੇ ਈਸ਼੍ਵਰ, ਜੀਵ ਤੇ ਪ੍ਰਕ੍ਰਿਤੀ ਸਬੰਧੀ ਖਾਸ ਵਿਚਾਰ ਕੀਤੀ ਹੈ। ਇਸ ਲਈ ਅਸੀਂ ਇਨ੍ਹਾਂ ਤੇ ਹੀ ਸੰਖੇਪ ਵਿਚਾਰ ਕਰਦੇ ਹਾਂ।

ਨਯਾਇ ਦਾ ਮੱਤ ਹੈ ਕਿ ਤਿੰਨ ਚੀਜ਼ਾਂ ਅਨਾਦੀ ਹਨ—ਈਸ਼੍ਵਰ, ਜੀਵ ਤੇ ਪ੍ਰਕ੍ਰਿਤੀ। ਜੀਵਾਤਮਾ ਪ੍ਰਮਾਤਮਾ ਤੋਂ ਭਿੰਨ ਹੈ। ਇਸ ਨੂੰ ਕਦੀ ਅਭੇਦਤਾ ਪ੍ਰਾਪਤ ਨਹੀਂ ਹੁੰਦੀ। ਪ੍ਰਮਾਣੂਆਂ ਤੋਂ ਸ੍ਰਿਸ਼ਟੀ ਰਚਨਾ ਹੋਈ ਹੈ। ਈਸ਼੍ਵਰ ਘੁਮਿਆਰ ਵਾਂਗੂ ਭਾਂਡੇ ਬਣਾਉਂਦਾ ਹੈ ਪਰ ਚੱਕ ਅਤੇ ਮਿੱਟੀ ਉਸ ਤੋਂ ਵੱਖਰੇ ਹਨ। ਨਯਾਇ ਤੇ ਵੈਸ਼ੇਸ਼ਕ ਜਗਤ ਦਾ ਕਾਰਣ ਪ੍ਰਮਾਣੂਆਂ ਨੂੰ ਮੰਨਦੇ ਹਨ। ਪ੍ਰਮਾਣੂਆਂ ਨੂੰ ਸੱਤ ਪਰ ਉਨ੍ਹਾਂ ਤੋਂ ਬਣਿਆ ਜਗਤ ਅਸੱਤ ਦਸਦੇ ਹਨ। ਇਨ੍ਹਾਂ ਦਾ ਮੱਤ ਹੈ ਕਿ 'ਕਾਰਜ' 'ਕਾਰਣ' ਵਿਚ ਪਹਿਲੇ ਨਹੀਂ ਰਹਿੰਦਾ। ਜਗਤ ਦਾ ਕਾਰਣ ਪ੍ਰਮਾਣੂ ਪਹਿਲੇ ਮੌਜੂਦ ਸਨ, ਪਰ ਜਗਤ ਨਹੀਂ ਸੀ। ਦੂਜੀ ਗਲ ਇਹ ਹੈ ਕਿ 'ਕਾਰਜ' ਸਦਾ 'ਕਾਰਣ' ਤੋਂ ਭਿੰਨ ਰਹਿੰਦਾ ਹੈ। ਭਾਵ ਸ੍ਰਿਸ਼ਟੀ ਪ੍ਰਮਾਣੂਆਂ ਤੋਂ ਹੋਈ ਹੈ, ਪਰ ਪਹਿਲ ਇਹ ਨਹੀਂ ਸੀ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਈਸ਼੍ਵਰ, ਜੀਵ ਤੇ ਪ੍ਰਕ੍ਰਿਤੀ ਤਿੰਨੇ ਅਨਾਦੀ ਹਨ ਤਾਂ ਈਸ਼੍ਵਰ ਕਰਤਾ ਪੁਰਖ ਨਹੀਂ ਹੋ ਸਕਦਾ, ਉਹ ਜੀਵ ਨੂੰ ਕਰਮਾਂ ਦਾ ਫਲ ਕਿਸ ਤਰ੍ਹਾਂ ਦੇ ਸਕਦਾ ਹੈ? ਜੀਵ ਅਤੇ ਪ੍ਰਕ੍ਰਿਤੀ ਉਤੇ ਈਸ਼੍ਵਰ ਦਾ ਕੋਈ ਅਧਿਕਾਰ ਨਹੀਂ ਰਹਿੰਦਾ। ਦੂਸਰੀ ਸ਼ੰਕਾ ਇਹ ਹੈ ਕਿ ਸੱਤ ਕਾਰਣ (ਈਸ਼੍ਵਰ) ਦਾ ਕਾਰਜ (ਜਗਤ) ਅਸੱਤ ਕਿਸ ਤਰ੍ਹਾਂ ਹੋ ਸਕਦਾ ਹੈ? ਫਿਰ ਜੋ ਵਸਤੂ ਉਤਪਤੀ ਤੋਂ ਪਹਿਲੇ ਨਹੀਂ ਸੀ, ਉਹ ਹੋ ਕੇ ਵੀ ਨਹੀਂ ਰਹੇਗੀ।

ਨਯਾਇ ਦੂਜੀ ਸ਼ੰਕਾ ਦਾ ਉੱਤਰ ਇਹ ਦਿੰਦਾ ਹੈ—ਮਿੱਟੀ ਦਾ ਘੜਾ ਪਕਾਣ ਤੋਂ ਪਹਿਲੇ ਕਾਲੇ ਰੰਗ ਦਾ ਸੀ, ਪਰ ਅੱਗ ਵਿਚ ਪੱਕਣ ਕਰਕੇ ਲਾਲ ਜਾਂ ਪੀਲਾ ਹੋ ਗਿਆ। ਇਸੇ ਤਰ੍ਹਾਂ ਪ੍ਰਮਾਣੂਆਂ ਵਿਚ ਪਹਿਲੇ ਜਗਤ ਕੋਈ ਨਹੀਂ ਸੀ, ਬਾਅਦ ਵਿਚ ਹੋ ਗਿਆ। ਇਸ ਉੱਤਰ ਨਾਲ ਸ਼ੰਕਾ ਦੂਰ ਨਹੀਂ ਹੁੰਦੀ, ਕਾਇਮ ਰਹਿੰਦੀ ਹੈ। ਪ੍ਰਸ਼ਨ ਤੇ ਇਹ ਹੈ ਕਿ ਮਿੱਟੀ ਦਾ ਘੜਾ ਕਾਲਾ ਜਾਂ ਪੀਲਾ ਹੋਣਾ ਹਾਲਤਾ ਦੀ ਤਬਦੀਲੀ ਹੈ, ਨਾ

ਕਿ ਅਸਲੀ ਵਸਤੂ ਦੀ। ਘੜਾ ਇਨ੍ਹਾਂ ਹਾਲਤਾਂ ਵਿਚ ਸੱਤ ਸੀ। ਨਯਾਇ ਇਸ ਦਾ ਕੋਈ ਉੱਤਰ ਨਹੀਂ ਦਿੰਦਾ।

ਜੇ ਈਸ਼ੂਰ ਨੂੰ ਅਨਾਦੀ ਤੇ ਸਰਬ-ਸ਼ਕਤੀਮਾਨ ਮੰਨ ਲਿਆ ਜਾਵੇ ਤਾਂ ਉਹ ਜੀਵ ਤੇ ਪ੍ਰਕ੍ਰਿਤੀ ਨੂੰ ਪੈਦਾ ਕਰ ਸਕਦਾ ਹੈ। ਇਕ ਤੋਂ ਦੋ ਜਾਂ ਤਿੰਨ ਹੋ ਸਕਦੇ ਹਨ, ਤਿੰਨ ਇਕ ਨਹੀਂ ਹੋ ਸਕਦੇ। ਜੇ ਕਿਹਾ ਜਾਵੇ ਕਿ ਜੀਵ, ਈਸ਼ੂਰ ਤੇ ਪ੍ਰਕ੍ਰਿਤੀ ਤਿੰਨੇ ਅਨਾਦੀ ਹਨ ਪਰ ਪਿਛੋਂ ਈਸ਼ੂਰ ਦੇ ਅਧੀਨ ਹੋ ਗਏ ਤਾਂ ਮੰਨਣਾ ਪਵੇਗਾ ਕਿ ਦੋਵੇਂ ਅਨਾਦੀ ਨਹੀਂ, ਕਿਉਂਕਿ ਅਧੀਨ ਹੋਣ ਲਈ ਸਮੇਂ ਦੀ ਪਾਬੰਦੀ ਜ਼ਰੂਰੀ ਹੈ। ਪਰਤੰਤ੍ਰ ਵਸਤੂ ਕਿਸੇ ਸਮੇਂ ਪਰ-ਅਧੀਨ ਹੁੰਦੀ ਹੈ। ਸਮੇਂ ਦੀ ਵਿੱਥ ਜੀਵ ਅਤੇ ਪ੍ਰਕ੍ਰਿਤੀ ਨੂੰ ਅਨਾਦੀ ਨਹੀਂ ਪ੍ਰਗਟ ਕਰਦੀ। ਗੁਰੂ ਸਾਹਿਬ ਨੇ ਇਸੇ ਲਈ ਅਕਾਲ ਪੁਰਖ ਨੂੰ ਹੀ 'ਆਦਿ ਅਨੀਲ ਅਨਾਦਿ ਅਨਾਹਤਿ' ਕਿਹਾ ਹੈ।

ਪੰਚਮ ਪਾਤਸ਼ਾਹ ਸੁਖਮਨੀ ਸਾਹਿਬ ਵਿਚ ਇਸ ਸਿਧਾਂਤ ਨੂੰ ਸਪੱਸ਼ਟ ਕਰਦੇ ਹਨ—

ਆਪਿ ਸਤਿ ਕੀਆ ਸਭੁ ਸਤਿ ॥
ਤਿਸੁ ਪ੍ਰਭ ਤੇ ਸਗਲੀ ਉਤਪਤਿ ॥
ਤਿਸੁ ਭਾਵੈ ਤਾ ਕਰੇ ਬਿਸਥਾਰੁ ॥
ਤਿਸੁ ਭਾਵੈ ਤਾ ਏਕੰਕਾਰੁ ॥

ਸਾਂਖ ਦਾ ਮੱਤ :

ਸ਼ਾਸਤ੍ਰਾਂ ਵਿਚੋਂ ਸਾਂਖ ਨਾਸਤਕ ਹੈ। ਸਾਂਖ ਦਾ ਅਰਥ ਹੈ ਸੰਖਿਆ ਅਰਥਾਤ ਗਿਣਤੀ ਮਿਣਤੀ ਕਰਨ ਵਾਲਾ। ਸਾਂਖ ਦਾ ਮੱਤ ਹੈ—'ਈਸ਼ਵਰ ਅਸਿਧੇ' ਉਸ ਦੀ ਕੋਈ ਹਸਤੀ ਨਹੀਂ, ਸ੍ਰਿਸ਼ਟੀ ਰਚਨਾ ਜੀਵ ਅਤੇ ਪ੍ਰਕ੍ਰਿਤੀ ਦੇ ਮਿਲਾਪ ਤੋਂ ਹੋਈ ਹੈ। ਇਹ ਆਪੇ ਬਣੀ ਹੈ ਤੇ ਪ੍ਰਵਾਹ ਰੂਪ ਹੈ।

ਪ੍ਰਕ੍ਰਿਤੀ ਅੰਨ੍ਹੀ ਹੈ। ਜੀਵ ਲੰਗੜਾ ਹੈ। ਦੋਵੇਂ ਮਿਲ ਕੇ ਜੀਵਨ ਦਾ ਫਲ ਖਾ ਸਕਦੇ ਹਨ। ਸ੍ਰਿਸ਼ਟੀ ਦਾ ਕਰਤਾ ਕੋਈ ਨਹੀਂ।

ਪੰਜ ਗਿਆਨ ਤੇ ਪੰਜ ਕਰਮ ਇੰਦ੍ਰੀਆਂ ਤੇ ਮਨ ਦੇ ਸਮੁਦਾਇ ਦਾ

ਨਾਂ ਮਨੁੱਖ ਹੈ। ਆਤਮਾ ਭਿੰਨ ਭਿੰਨ ਹਨ। ਪਰਲੋ ਸਮੇਂ ਜੀਵ ਪ੍ਰਕ੍ਰਿਤੀ ਵਿਚ ਹੀ ਲੀਨ ਹੋ ਜਾਂਦਾ ਹੈ।' ਹਿੰਦੁਸਤਾਨ ਵਿਚ ਨਾਸਤਕ-ਪੁਣੇ ਦੀ ਜੜ੍ਹ ਸਾਂਖ ਹੈ। ਇਹ ਠੀਕ ਹੈ ਕਿ ਹਿੰਦੂ ਰਿਸ਼ੀਆਂ ਨੇ ਜੋਤਿਸ਼, ਗਣਿਤ, ਰਾਗ, ਕਾਵਿ, ਲਿੱਪੀ, ਵਿਆਕਰਣ ਫ਼ਿਲਾਸਫ਼ੀ ਤੇ ਵੈਦਕ ਆਦਿ ਕੀਮਤੀ ਚੀਜ਼ਾਂ ਸੰਸਾਰ ਨੂੰ ਦਿਤੀਆਂ ਹਨ। ਉਨ੍ਹਾਂ ਚੋਂ ਗਣਿਤ ਵਿਦਿਆ(Mathematic) ਇਕ ਸਹੀ ਤੇ ਮੁਕੰਮਲ ਸਾਇੰਸ ਹੈ। ਇਹ ਦੋ ਗੱਲਾ ਦਾ ਨਿਰਣਾ ਕਰਦੀ ਹੈ—

੧. ਚੀਜ਼ਾਂ, ਜੋ ਵਜ਼ਨ ਜਾਂ ਆਕਾਰ ਦੇ ਲਿਹਾਜ਼ ਨਾਲ ਇਕ ਚੀਜ਼ ਦੇ ਬਰਾਬਰ ਹੋਣ, ਉਹ ਆਪਸ ਵਿਚ ਬਰਾਬਰ ਹੁੰਦੀਆਂ ਹਨ। ਇਕ ਗੇਂਦ ਦੋ ਜਾਂ ਤਿੰਨਾਂ ਨਾਲ ਮਿਲਦੀ ਹੈ ਤਾਂ ਉਹ ਸਾਰੀਆਂ ਬਰਾਬਰ ਹੋਣਗੀਆਂ।

੨. ਇਕ ਅਤੇ ਦੋ, ਦੋ ਅਤੇ ਚਾਰ ਦੇ ਵਿਚਕਾਰ ਜੋ ਭੇਦ ਹੈ, ਉਸ ਨੂੰ ਗਣਿਤ ਦਸਦੀ ਹੈ। ਹਿੰਦੂ ਰਿਸ਼ੀ ਗਿਣਤੀ ਮਿਣਤੀ ਵਿਚ ਪੈ ਕੇ ਸੁੰਨ (Zero) ਭਾਵ ਬਿੰਦੀ ਤਕ ਚਲੇ ਗਏ। ਇਕ ਤੋਂ ਗਿਣਤੀ ਸ਼ੁਰੂ ਕਰ ਕੇ ਨੌਂ ਤਕ ਤੇ ਨੌਂ ਤੋਂ ਪਿਛੋਂ ਸੁੰਨ ਬਿੰਦੀ ਲਾ ਕੇ ਉਨ੍ਹਾਂ ਨੇ ਗਣਿਤ ਨੂੰ ਮੁਕੰਮਲ ਕੀਤਾ ਹੈ। ਹਿੰਦੁਸਤਾਨ ਵਿਚੋਂ ਦੂਜੇ ਦੇਸ਼ਾਂ ਨੂੰ ਅੰਕੜਿਆਂ ਦੀ ਗਿਣਤੀ ਜਾਣ ਕਰਕੇ ਉਸ ਦਾ ਨਾਂ 'ਹਿੰਦਸਾ' ਪੈ ਗਿਆ।[1] ਪਰ ਇਸ ਸਾਰੀ ਗਣਿਤ, ਮੰਤਕ ਅਤੇ ਫ਼ਿਲਾਸਫ਼ੀ ਦਾ ਨਤੀਜਾ ਇਹ ਹੋਇਆ ਕਿ ਰਿਸ਼ੀਆਂ ਨੇ ਸੁੰਨ ਜਾਂ ਅਕਾਸ਼ ਤੋਂ ਹੀ ਸ੍ਰਿਸ਼ਟੀ ਦੀ ਉਤਪਤੀ ਮੰਨ ਲਈ। ਸਾਂਖ ਨਾਸਤਕ ਬਣ ਗਿਆ। ਕਿਸੇ ਸ਼ਾਇਰ ਨੇ ਠੀਕ ਕਿਹਾ ਹੈ—

ਥਕ ਥਕ ਕੇ ਹਰ ਮਕਾਮ ਪਰ ਦੋ ਚਾਰ ਰਹਿ ਗਏ।
ਤੇਰਾ ਪਤਾ ਨ ਪਾਏਂ ਤੋ ਨਾਚਾਰ ਕਿਆ ਕਰੇਂ ?

ਸਾਂਖ ਦੇ ਮੱਤ ਅਨੁਸਾਰ ਸ੍ਰਿਸ਼ਟੀ, ਜੀਵ ਅਤੇ ਪ੍ਰਕ੍ਰਿਤੀ ਤੋਂ ਬਣੀ ਹੈ। ਜੀਵ ਅਤੇ ਪ੍ਰਕ੍ਰਿਤੀ ਕਿਸ ਨੇ ਇਕੱਠੇ ਕੀਤੇ ? ਪ੍ਰਕ੍ਰਿਤੀ ਵਿਚ ਰਚਨਾ ਦਾ ਖਿਆਲ ਕਿਸ ਤਰ੍ਹਾਂ ਪੈਦਾ ਹੋ ਗਿਆ ?

ਗੁਰੂ ਜੀ ਇਸ ਨੂੰ ਸਪਸ਼ਟ ਕਰਦੇ ਹਨ—

---

੧. ਇੰਡੀਅਨ ਲਿਸਨਰ, ੨੨ ਦਸੰਬਰ ੧੯੪੨

ਸਰਬ ਭੂਤ ਆਪ ਵਰਤਾਰਾ ॥
ਸਰਬ ਨੈਨ ਆਪ ਪੇਖਨ ਹਾਰਾ ॥ [ਸੁਖਮਨੀ]
ਆਪੇ ਪੰਚ ਤਤ ਬਿਸਥਾਰਾ ॥
ਵਿਚ ਧਾਤੁ ਪੰਚ ਆਪ ਪਾਵੈ ॥ [ਬੈਰਾੜੀ ਮ: ੫]

ਭਾਵ—ਪੰਜ ਤੱਤ ਉਸ ਦੇ ਬਣਾਏ ਹੋਏ ਹਨ ਅਤੇ ਆਪ ਹੀ ਇਨ੍ਹਾਂ ਵਿਚ ਚੇਤੰਨ ਮਨ ਨੂੰ ਪਾਂਦਾ ਹੈ।

ਦਸਮ ਪਾਤਸ਼ਾਹ ਫੁਰਮਾਉਂਦੇ ਹਨ—

ਜੈਸੇ ਏਕ ਆਗ ਤੇ ਕਨੂਕਾ[1] ਕੋਟ ਆਗ ਉਠੈ,
ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿਗੇ।
ਜੈਸੇ ਏਕ ਧੂਰ[2] ਤੇ ਅਨੇਕ ਧੂਰ ਪੂਰਤ ਹੈਂ,
ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ।
ਜੈਸੇ ਏਕ ਨਦ[3] ਤੇ ਤਰੰਗ ਕੋਟ ਉਪਜਤ ਹੈਂ,
ਪਾਨਿ ਕੇ ਤਰੰਗ ਸਬੈ ਪਾਨਿ ਹੀ ਕਹਾਹਿੰਗੇ।
ਤੈਸੇ ਬਿਸ੍ਵ-ਰੂਪ[4] ਤੇ ਅਭੂਤ-ਭੂਤ[5] ਪ੍ਰਗਟ ਹੋਇ,
ਤਾਹੀ ਤੇ ਉਪਜ ਸਬੈ ਤਾਹੀ ਮੈਂ ਸਮਾਹਿੰਗੇ।
[ਪਾ: ੧੦]

ਵੇਦਾਂਤ ਸ਼ਾਸਤ੍ਰ :

ਵੇਦਾਂਤ ਦਾ ਅਰਥ ਹੈ—ਵੇਦ-ਗਿਆਨ ਦਾ ਅੰਤ। ਵੇਦਾਂਤ ਦਾ ਸਾਰੰਸ਼ ਇਹ ਹੈ—੧. ਬ੍ਰਹਮ ਸੱਤ ਹੈ। ੨.ਮਾਇਆ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ, ਇਹ ਮਿਥਿਆ ਹੈ। ੩. ਆਤਮਾ ਤੇ ਪ੍ਰਮਾਤਮਾ ਇਕ ਰੂਪ ਹਨ, ਪਰ ਅਗਿਆਨ ਦੇ ਕਾਰਨ ਭਿੰਨ ਭਿੰਨ ਪ੍ਰਤੀਤ ਹੁੰਦੇ ਹਨ। ੪. ਬ੍ਰਹਮ ਗਿਆਨ ਨਾਲ ਜੀਵ-ਈਸ਼ਵਰ ਦਾ ਭੇਦ ਮਿਟਾ ਕੇ ਸ੍ਵੈ-ਸਰੂਪ ਵਿਚ ਬ੍ਰਹਮ ਦਾ ਸਾਖਿਆਤ ਕਰਨਾ ਹੀ ਮੁਕਤੀ ਹੈ।

---

੧. ਕਿਣਕੇ। ੨. ਧੂੜ। ੩. ਨਦੀ। ੪. ਵਾਹਿਗੁਰੂ। ੫. ਭੂਤ ਪੰਜ ਤੱਤ, ਅਭੂਤ-ਸੂਖਮ ਤੱਤ ਦਾ ਗੁਣ।

ਵੇਦਾਂਤ ਕਹਿੰਦਾ ਹੈ—ਜਗਤ ਦਾ ਕਾਰਨ (ਵਾਹਿਗੁਰੂ) ਸੱਤ ਹੈ, ਪਰ ਉਸ ਦੀ ਰਚਨਾ (ਜਗਤ) ਅਸੱਤ ਹੈ। ਜਿਵੇਂ ਰੱਸੀ ਵਿਚ ਸੱਪ, ਸਿੱਪੀ ਵਿਚ ਚਾਂਦੀ, ਮਾਰੂਥਲ ਵਿਚ ਮ੍ਰਿਗ-ਤ੍ਰਿਸ਼ਨਾ ਦਾ ਜਲ ਪ੍ਰਤੀਤ ਹੁੰਦਾ ਹੈ, ਇਸੇ ਤਰ੍ਹਾਂ ਅਗਿਆਨ ਕਰਕੇ ਜਗਤ ਪ੍ਰਤੀਤ ਹੁੰਦਾ ਹੈ, ਵਾਸਤਵ ਵਿਚ ਕੁਝ ਨਹੀਂ। 'ਏਕੋ ਬ੍ਰਹਮ ਦੁਤੀਆ ਨਾਸਤੀ' ਇਕੋ ਬ੍ਰਹਮ ਹੀ ਹੈ, ਹੋਰ ਕੁਝ ਵੀ ਨਹੀਂ। ਜੀਵ ਨੂੰ ਜਦ 'ਅਹੰ ਬ੍ਰਹਮਸਮਿ' 'ਮੈਂ ਬ੍ਰਹਮ ਹਾਂ' ਦਾ ਗਿਆਨ ਹੋ ਜਾਵੇਗਾ, ਤਦ ਉਹ ਪੂਰਨ ਬ੍ਰਹਮ ਦਾ ਰੂਪ ਹੋ ਜਾਵੇਗਾ। ਫਿਰ ਉਸ ਨੂੰ ਦਸਿਆ ਜਾਵੇਗਾ—'ਤਤ੍ਵਮਸਿ' 'ਉਹ ਤੂੰ ਹੀ ਹੈਂ' ਜੀਵ ਆਖੇਗਾ—'ਸੋਹੰ' ਉਹ ਮੈਂ ਹੀ ਹਾਂ। ਉਸ ਵਕਤ ਮੁਕਤੀ ਪ੍ਰਾਪਤ ਹੋ ਜਾਵੇਗੀ।

ਵੇਦਾਂਤ ਫਿਲਾਸਫੀ ਉਤੇ ਮੋਟੇ ਮੋਟੇ ਇਤਰਾਜ਼ ਇਹ ਹਨ—

੧. ਜੇ ਸਾਰੇ ਬ੍ਰਹਮ ਹੀ ਬ੍ਰਹਮ ਹੈ ਅਤੇ ਉਹ ਗਿਆਨ ਤੇ ਪ੍ਰਕਾਸ਼ ਸਰੂਪ ਹੈ ਤਾਂ ਉਸ ਵਿਚ ਅਗਿਆਨ ਤੇ ਮਾਇਆ ਕਿਥੋਂ ਆ ਗਏ? ਜੇਕਰ ਮਾਇਆ ਮੂਲ ਤੱਤ ਹੈ ਤਾਂ 'ਏਕੋ ਬ੍ਰਹਮ' ਦਾ ਸਿਧਾਂਤ ਗਲਤ ਹੈ। ਜੇ ਮਾਇਆ ਬ੍ਰਹਮ ਦਾ ਗੁਣ ਹੈ ਤਾਂ ਉਸ ਤੋਂ ਵੱਖਰਾ ਨਹੀਂ ਹੋ ਸਕਦਾ।

੨. ਜੇ ਜਗਤ ਮਿਥਿਆ ਜਾਂ ਸੁਪਨੇ ਵਤ ਹੀ ਹੈ ਤਾਂ ਇਸ ਵਿਚ ਮਨੁੱਖ ਨੂੰ ਜੋ ਗਿਆਨ ਹੋਵੇਗਾ, ਉਹ ਵੀ ਮਿਥਿਆ ਤੇ ਸੁਪਨੇ ਵਤ ਹੀ ਹੋਵੇਗਾ। ਜੇਕਰ ਜੀਵ ਤੇ ਬ੍ਰਹਮ ਇਕ ਹੀ ਹਨ ਤਾਂ ਜੀਵ ਨੂੰ ਮੁਕਤ ਕੌਣ ਕਰੇਗਾ? ਕ੍ਰੋੜਾਂ ਮਨੁੱਖਾਂ ਨੂੰ 'ਮੈਂ ਬ੍ਰਹਮ ਹਾਂ' ਦਾ ਗਿਆਨ ਕਿਸ ਤਰ੍ਹਾਂ ਹੋਵੇਗਾ?

ਗੁਰਮਤਿ ਤੇ ਗੁਰਬਾਣੀ ਤੋਂ ਅਨਜਾਣ ਕਈ ਆਦਮੀ ਗੁਰਮਤਿ ਨੂੰ ਪੂਰਨ ਵੇਦਾਂਤ ਨਾਲ ਮੇਲਦੇ ਹਨ। ਪਰ ਦੋਹਾਂ ਵਿਚ ਫਰਕ ਇਹ ਹੈ—

ਵੇਦਾਂਤੀ ਕਹਿੰਦੇ ਹਨ—'ਅਹੰ ਬ੍ਰਹਮਸਮੀ' (ਮੈਂ ਹੀ ਬ੍ਰਹਮ ਹਾਂ)। ਗੁਰੂ ਸਾਹਿਬ ਕਹਿੰਦੇ ਹਨ—'ਤੂੰ ਬ੍ਰਹਮ ਹੈਂ।' ਵੇਦਾਂਤ ਵਾਹਿਗੁਰੂ ਨੂੰ ਕਰਤਾ ਪੁਰਖ ਨਹੀਂ ਮੰਨਦਾ, ਗੁਰੂ ਜੀ ਉਸ ਨੂੰ 'ਕਰਤਾ ਪੁਰਖ' ਮੰਨਦੇ ਹਨ। ਵੇਦਾਂਤ ਨਿਰੀ ਫਿਲਾਸਫੀ ਦਿੰਦਾ ਹੈ, ਗੁਰੂ ਸਾਹਿਬ ਆਤਮ ਰਸ ਨਾਲ ਭਰੀ ਹੋਈ ਸ਼ਰਧਾ ਦੇ ਭਗਤੀ। ਫੋਕਾ ਵੇਦਾਂਤ ਹਉਮੈ ਪੈਦਾ ਕਰਦਾ ਹੈ।

ਸਿੱਖੀ ਆਤਮ ਸਮਰਪਨ ਦਸਦੀ ਹੈ। ਜਿਹਾ ਕਿ—

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਈਘੈ ਨਿਰਗੁਨ ਊਘੈ[੧] ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥ ਰਹਾਉ॥ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕਉ ਸਗਲ ਬਸੇਰਾ ॥ ਆਪੇ ਹੀ ਰਾਜਨ ਆਪੇ ਹੀ ਰਾਇਆ ॥ ਕਹ ਕਹ ਠਾਕੁਰ ਕਹ ਕਹ ਚੇਰਾ ॥ ਕਾ ਕਉ ਦੁਰਾਉ[੨] ਕਾ ਸਿਉ ਬਲਬੰਚਾ[੩] ਜਹ ਜਹ ਪੇਖਉ ਤਹ ਤਹ ਨੇਰਾ ॥ ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ[੪] ॥

ਫ਼ਰਾਂਸ ਦੇ ਪ੍ਰਸਿੱਧ ਫ਼ਿਲਾਸਫ਼ਰ ਬਰਗਸਨ ਨੇ ਕਿਹਾ ਹੈ—

"ਮਨੁੱਖ ਦੀ ਬੁੱਧੀ ਨੇ ਰਚਨਾ ਦੇ ਸਬੰਧ ਵਿਚ ਜੋ ਅਨੁਭਵ ਪ੍ਰਾਪਤ ਕੀਤੇ ਹਨ, ਉਹ ਕਦਰ ਕਰਨ ਵਾਲੇ ਹਨ। ਬੁੱਧੀ ਦਾ ਇਹ ਕੰਮ ਹੈ ਕਿ ਉਹ ਗਿਆਨ ਇੰਦ੍ਰੀਆਂ ਰਾਹੀਂ ਪ੍ਰਕ੍ਰਿਤੀ ਦਾ ਗਿਆਨ ਪ੍ਰਾਪਤ ਕਰੇ ਅਤੇ ਉਸ ਨੂੰ ਸ਼ਕਤੀ ਵਿਚ ਬਦਲ ਦੇਵੇ। ਰਚਨਾ ਦਾ ਜੋ ਰੂਪ ਅਸੀਂ ਆਪਣੇ ਜ਼ਿਹਨ ਦੁਆਰਾ ਪ੍ਰਾਪਤ ਕਰਦੇ ਹਾਂ, ਉਹ ਅਮਲੀ ਜ਼ਿੰਦਗੀ ਲਈ ਜ਼ਰੂਰੀ ਹੈ। ਗਿਆਨ ਇੰਦ੍ਰੀਆਂ ਰਾਹੀਂ ਜੋ ਚੀਜ਼ਾਂ ਅਸੀਂ ਮਹਿਸੂਸ ਕਰਦੇ ਹਾਂ, ਉਨ੍ਹਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਤਸੱਵਰ ਪੂਰਨ ਨਹੀਂ, ਅਸਲੀਅਤ ਬੁੱਧੀ ਤੇ ਇੰਦ੍ਰੀਆਂ ਦੇ ਗਿਆਨ ਤੋਂ ਪਰੇ ਹੈ। ਉਹ ਹਕੀਕਤ ਆਤਮ-ਵਿਸਮਾਦ ਦੀ ਅਵਸਥਾ ਵਿਚ ਪ੍ਰਾਪਤ ਹੁੰਦੀ ਹੈ।

ਗੁਰੂ ਸਾਹਿਬ ਨੇ ਵਾਹਿਗੁਰੂ ਦੀ ਹੋਂਦ ਨੂੰ ਕੇਵਲ ਵਿਚਾਰ, ਫ਼ਿਲਾਸਫ਼ੀ ਜਾਂ ਅਕਲੀ ਗੁੰਝਲਾਂ ਬਣਾ ਕੇ ਨਹੀਂ ਦਸਿਆ, ਬਲਕਿ ਉਸ ਨੂੰ ਅਮਲੀ ਜੀਵਨ ਵਿਚ ਰਸ ਤੇ ਪਰਿਵਰਤਨ ਕਰਨ ਵਾਲਾ ਮੰਨਿਆ ਹੈ।

---

੧. ਏਥੇ ਉਥੇ। ੨. ਛੁਪਾਵਾਂ। ੩. ਧੋਖਾ ਜਾਂ ਠੱਗੀ। ੪. ਹੋਰ ਕੋਈ ਦੂਸਰਾ ਵੇਖਾਂ।

ਪੱਛਮੀ ਫ਼ਿਲਾਸਫ਼ਰਾਂ ਦੀ ਰਾਇ :

ਯੂਨਾਨ ਦੇ ਫ਼ਿਲਾਸਫ਼ਰਾਂ ਵਿਚੋਂ ਸੁਕ੍ਰਾਤ, ਅਫਲਾਤੂਨ ਅਤੇ ਅਰਸਤੂ ਆਸਤਕ ਸਨ। ਅਰਸਤੂ ਨੇ ਵਾਹਿਗੁਰੂ ਨੂੰ (First Mover) ਪਹਿਲੀ ਹਰਕਤ ਦੇਣ ਵਾਲਾ (ਗਤੀਦਾਇਕ) ਕਿਹਾ ਹੈ। ਉਸ ਨੇ ਇਸ ਤਰ੍ਹਾਂ ਸੰਸਾਰ ਨਾਲ ਰੱਬ ਦਾ ਸਬੰਧ ਜੋੜਿਆ ਹੈ। ਸ੍ਰਿਸ਼ਟੀ ਰਚਨਾ ਬਾਰੇ ਉਸ ਨੇ ਕਿਹਾ ਹੈ ਕਿ ਗੋਲਾਕਾਰ ਮੰਡਲ (Sphere) ਬਣੇ ਹੋਏ ਹਨ, ਜਿਨ੍ਹਾਂ ਤੇ ਵੱਖੋ ਵੱਖਰੇ ਗਿਲਾਫ਼ ਚੜ੍ਹੇ ਹੋਏ ਹਨ। ਇਕ ਵੱਡਾ ਗੋਲਾ ਹੈ,ਜਿਸ ਵਿਚ ਸੱਤ ਗੋਲੇ ਆਉਂਦੇ ਹਨ। ਸਭ ਤੋਂ ਵੱਡੇ ਗੋਲੇ ਦੇ ਉਤੇ ਈਸ਼ਵਰ ਬੈਠਾ ਹੈ, ਜੋ ਹਰਕਤ ਦਿੰਦਾ ਹੈ। ਜਿਸ ਨਾਲ ਸੰਸਾਰ ਦੀ ਕ੍ਰਿਆ ਹੁੰਦੀ ਹੈ। ਜਿਸ ਤਰ੍ਹਾਂ ਕੋਈ ਡਰਾਈਵਰ ਇੰਜਨ ਨੂੰ ਹਰਕਤ ਦੇ ਕੇ ਆਪ ਅਡੋਲ ਬੈਠਾ ਰਹਿੰਦਾ ਹੈ, ਇਸੇ ਤਰ੍ਹਾਂ ਈਸ਼ਵਰ ਸਾਰੀ ਰਚਨਾ ਨੂੰ ਹਰਕਤ ਦੇ ਕੇ ਆਪ ਅਡੋਲ ਰਹਿੰਦਾ ਹੈ।

ਸਤਿਗੁਰਾਂ ਨੇ ਵਾਹਿਗੁਰੂ ਨੂੰ ਕਰਤਾ ਪੁਰਖ, ਸਭ ਦਾ ਪ੍ਰੇਰਕ ਹਰਕਤ ਦੇਣ ਵਾਲਾ ਤੇ ਅਡੋਲ ਮੰਨਿਆ ਹੈ, ਪਰ ਇਹ ਨਹੀਂ ਮੰਨਿਆ ਕਿ ਉਹ ਮੰਡਲਾਂ ਜ ਗੋਲਿਆਂ ਦੇ ਉਤੇ ਬੈਠਾ ਹੋਇਆ ਹੈ। ਉਹ ਇਕ ਸ਼ਕਤੀ ਜਾਂ ਕਲਾ ਹੈ। 'ਅਕਲ ਕਲਾ ਭਰਪੂਰ ਰਹਿਆ' ਭਾਵ ਉਹ ਅਜਿਹੀ ਕਲਾ ਹੈ ਜੋ ਕਲਾ ਵਿਚ ਵਿਆਪਕ ਹੋ ਕੇ ਕਲਾ ਰਹਿਤ ਵੀ ਹੈ। ਚੰਗਾ ਹੁਨਰ ਉਹ ਹੈ ਜੋ ਅਪਣੇ ਆਪ ਨੂੰ ਛੁਪਾਵੇ। ਵੇਖਣ ਵਾਲੇ ਵਿਚਲੀ ਚੀਜ਼ ਪ੍ਰਤੀਤ ਨਾ ਹੋਵੇ। ਉਹ ਅੱਖਾਂ ਵਿਚ ਜੋਤ ਬਣ ਕੇ ਵਿਆਪਕ ਹੈ, ਪਰ ਦਿਸਦਾ ਨਹੀਂ। ਗੁਲਾਬ ਦੇ ਫੁੱਲ ਸੁਗੰਧੀ ਬਣ ਕੇ ਬੈਠਾ ਹੈ, ਪਰ ਨਜ਼ਰ ਨਹੀਂ ਆਉਂਦਾ। ਮਨੁੱਖ ਉਸ ਦੀ ਭਾਲ ਵਿਚ ਜੰਗਲਾਂ ਵਿਚ ਪਿਆ ਭਟਕਦਾ ਹੈ। ਪਰ ਉਹ ਲੱਭਦਾ ਨਹੀਂ। ਸ੍ਰੀ ਗੁਰੂ ਤੇਗ ਬਹਾਦਰ ਜੀ ਕਿਤਨੇ ਸੁੰਦਰ ਸ਼ਬਦਾਂ ਵਿਚ ਕਥਨ ਕਰਦੇ ਹਨ—

ਕਾਹੇ ਰੇ ਬਨ ਖੋਜਨ ਜਾਈ ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ ਪੁਹਪ ਮਧ ਜਿਉ[1] ਬਾਸ

---

੧. ਜਿਵੇਂ ਫੁੱਲ ਵਿਚ ਸੁਗੰਧੀ।

ਬਸਤੁ ਹੈ ਮੁਕਰ ਮਾਹਿ ਜੈਸੇ ਛਾਈ[1] ॥ ਤੈਸੇ ਹੀ ਹਰਿ ਬਸੇ ਨਿਰੰਤਰ ਘਟ ਹੀ ਖੋਜਹੁ ਭਾਈ ॥ ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰਿ ਗਿਆਨੁ ਬਤਾਈ ॥ ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥

ਆਰੀਅਨ ਤੇ ਇਬਰਾਨੀ ਮਨੌਤਾਂ :

ਪੁਰਾਣੇ ਆਰੀਅਨ ਅਤੇ ਇਬਰਾਨੀ ਮੱਤਾਂ ਯਹੂਦੀ, ਈਸਾਈ ਤੇ ਇਸਲਾਮ ਦੇ ਰੱਬ ਸਬੰਧੀ ਖਿਆਲ ਅੱਡ ਅੱਡ ਸਨ। ਇਕ ਵਿਚਾਰ ਸ਼ੈਲੀ ਆਰੀਅਨ ਦੀ ਹੈ, (ਸਿਵਾਏ ਬੁੱਧ ਅਤੇ ਜੈਨ ਦੇ) ਜਿਸ ਵਿਚ ਮੰਨਿਆ ਗਿਆ ਸੀ ਕਿ ਈਸ਼ਵਰ ਕੁਦਰਤ ਵਿਚ ਹੀ ਹੈ। ਇਸ ਲਈ ਹਿੰਦੂਆਂ ਵਿਚ ਵਧੇਰ ਕੁਦਰਤੀ ਚੀਜ਼ਾਂ ਦੀ ਪੂਜਾ ਕੀਤੀ ਗਈ। ਹਿੰਦੁਸਤਾਨ ਵਿਚ ਪ੍ਰਕ੍ਰਿਤੀ ਨੇ ਇਕ ਤਰ੍ਹਾਂ ਸ਼ਿੰਗਾਰ ਕੀਤਾ ਹੋਇਆ ਹੈ, ਇਸ ਲਈ ਈਸ਼ਵਰ ਨੂੰ ਇਥੇ ਸੱਤ, ਚਿੱਤ ਤੇ ਅਨੰਦ ਸਰੂਪ ਮੰਨਿਆ ਗਿਆ। ਉਸ ਦੀ ਸੁੰਦਰਤਾ ਨੂੰ ਪ੍ਰਕ੍ਰਿਤੀ ਵਿਚ ਹੀ 'ਸਭ ਬ੍ਰਹਮ ਹੈ' ਸਮਝ ਕੇ ਉਸ ਦੀ ਪੂਜਾ ਕੀਤੀ ਗਈ।

ਫ਼ਲਸਤੀਨ ਤੇ ਅਰਬ ਵਿਚ ਇਬਰਾਨੀ ਮੱਤਾਂ ਨੇ ਜਨਮ ਲਿਆ, ਉਥੇ ਰੇਤਲੇ ਜੰਗਲਾਂ ਤੇ ਬੀਆਬਾਨਾਂ ਤੋਂ ਬਿਨਾਂ ਹੋਰ ਕੁਝ ਨਹੀਂ ਸੀ। ਉਥੋਂ ਦੀ ਪ੍ਰਕ੍ਰਿਤੀ ਵਿਚ ਕੋਮਲਤਾ ਤੇ ਸੁੰਦਰਤਾ ਢੁੱਕੀ ਨਹੀਂ ਸੀ। ਦੇਖਣ ਵਾਲੀ ਕੋਈ ਚੀਜ਼ ਸੀ ਤਾਂ ਅਸਮਾਨ ਜਾਂ ਉਸ ਵਿਚ ਚਮਕਣ ਵਾਲੇ ਸੂਰਜ ਚੰਦ੍ਰਮਾ ਆਦਿਕ ਸਨ। ਇਸ ਲਈ ਇਬਰਾਨੀ ਮਤਾਂ ਨੇ ਰੱਬ ਦਾ ਤਸੱਵਰ ਆਸਮਾਨ ਵਿਚ ਕਾਇਮ ਕੀਤਾ। ਮੂਸਾ ਨੇ ਕੋਹਤੂਰ ਤੇ ਰੋਸ਼ਨੀ ਵੇਖੀ, ਈਸਾ ਨੇ ਆਸਮਾਨੀ ਬਾਦਸ਼ਾਹਤ (Kingdom of Heaven) ਦਾ ਖਿਆਲ ਦਿਤਾ। ਮੁਹੰਮਦ ਨੇ ਵੀ ਰੱਬ ਆਸਮਾਨਾਂ ਵਿਚ ਹੀ ਦਸਿਆ, ਜਿਸ ਦਾ ਤਖ਼ਤ ਫ਼ਰਿਸ਼ਤੇ ਉਠਾਈ ਫਿਰਦੇ ਹਨ। ਹਿੰਦੂਆਂ ਨੇ ਪ੍ਰਕ੍ਰਿਤੀ ਵਿਚ ਹੀ ਸਭ ਕੁਝ ਸਮਝ ਕੇ ਉਸ ਦੀ ਪੂਜਾ ਕੀਤੀ। ਈਸਾਈਅਤ ਤੇ ਇਸਲਾਮ ਨੇ ਰੱਬ ਨੂੰ ਦ੍ਰਿਸ਼ਟਮਾਨ ਜਗਤ ਤੋਂ ਪਰ੍ਹੇ ਮੰਨ ਕੇ ਪ੍ਰਕ੍ਰਿਤੀ ਪੂਜਾ ਦੀ ਨਿਖੇਧੀ

੧. ਸ਼ੀਸ਼ੇ ਵਿਚ ਅਕਸ ਛਾਇਆ।

ਕੀਤੀ ਹੈ[1]।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰ-ਸ਼ੈਲੀ ਆਪਣੀ ਹੈ। ਇਸ ਲਈ ਆਪ ਨੇ ਆਰੀਅਨ ਤੇ ਇਬਰਾਨੀ ਮੱਤਾਂ ਤੋਂ ਵੱਖਰਾ ਤੇ ਇਕ ਨਵਾਂ ਖਿਆਲ ਦਿਤਾ ਹੈ। ਆਪ ਕਹਿੰਦੇ ਹਨ—

ਬਲਿਹਾਰੀ ਕੁਦਰਤਿ ਵਸਿਆ॥ [ਵਾਰ ਆਸਾ ਮ: ੧]

ਭਾਵ—ਕਾਦਰ ਕੁਦਰਤ ਵਿਚ ਹੈ ਤੇ ਕੁਦਰਤ ਕਾਦਰ ਦੀ ਬਣਾਈ ਹੋਈ ਹੈ। ਕੁਦਰਤ ਨੂੰ ਕਾਦਰ ਦੀ ਸਮਝ ਕੇ ਉਸ ਨਾਲ ਪਿਆਰ ਕਰਨਾ ਚਾਹੀਦਾ ਹੈ, ਕਿਉਂਕਿ—

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥

ਭਾਈ ਨੰਦ ਲਾਲ ਜੀ ਲਿਖਦੇ ਹਨ—

ਕਾਦਰੇ ਮੁਤਲਕ ਬ ਕੁਦਰਤ ਜ਼ਾਹਿਰ ਅਸਤ।
ਦਰਮਿਆਨੇ ਕੁਦਰਤ ਖ਼ੁਦ ਕਾਦਰ ਅਸਤ।

ਸਿੱਖ ਧਰਮ ਵਿਚ ਪ੍ਰਕ੍ਰਿਤੀ ਨਾਲ ਪਿਆਰ ਕਰਨਾ ਦਸਿਆ ਹੈ ਪਰ ਇਸ ਦੀ ਪੂਜਾ ਕਰਨੀ ਨਹੀਂ ਦਸੀ। ਇਸ ਲਈ ਕਿ ਪ੍ਰਕ੍ਰਿਤੀ 'ਮਹਦੂਦ' ਹੈ। ਇਸ ਦਾ ਰਚਨ ਵਾਲਾ ਅਨੰਤ ਹੈ। ਦ੍ਰਿਸ਼ਟਮਾਨ ਜਗਤ ਹੱਦ ਵਿਚ ਹੈ, ਪਰ ਵਾਹਿਗੁਰੂ ਅਨਹਦ ਹੈ। ਕੁਦਰਤ ਕਾਦਰ ਦੇ ਅਧੀਨ ਹੈ, ਕਾਦਰ ਕੁਦਰਤ ਦੇ ਅਧੀਨ ਨਹੀਂ।

ਡਾਕਟਰ ਟਰੰਪ, ਮੌਰਸ ਬਲੂਮ ਫੀਲਡ ਤੇ ਨਾਰੰਗ ਦੀ ਰਾਇ ਹੈ ਕਿ 'ਸਿੱਖ ਧਰਮ ਹਿੰਦੂ ਧਰਮ ਦਾ ਹੀ ਇਕ ਰੂਪ ਹੈ।'[2] ਐਸ. ਗਾਰਡਨ, ਪ੍ਰੋ. ਆਟੋ ਸਟਰਾਸ (ਜਰਮਨ) ਆਦਿਕਾਂ ਦੀ ਰਾਇ ਹੈ—'ਸਿੱਖ ਧਰਮ ਸੰਪ੍ਰਦਾ ਤੇ ਹਿੰਦੂਆਂ ਦੀ ਹੈ, ਪਰ ਇਸਲਾਮ ਦੇ ਅਸਰ ਦਾ ਨਤੀਜਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਜੀ ਦੇ ਜ਼ਾਤ-ਪਾਤ ਖੰਡਨ

---

੧. 'ਦੇਖੋ ਇਸੇ ਕਲਮ ਦੀ ਲਿਖਤ 'ਗੁਰਮਤਿ ਲੈਕਚਰ' ਜੀਵਨ ਤੇ ਫ਼ਿਲਾਸਫ਼ੀ ਦਸ ਗੁਰੂ ਸਾਹਿਬਾਨ, ਪੰਨਾ ੩੬—੩੭।

੨. 'ਫ਼ਿਲਾਸਫ਼ੀ ਆਫ਼ ਸਿਖਇਜ਼ਮ' ਪ੍ਰੋ. ਸ਼ੇਰ ਸਿੰਘ, ਪੰਨਾ ੬੯—੭੦।

ਦੇ ਵਿਚਾਰ ਇਸਲਾਮ ਨਾਲ ਮਿਲਦੇ ਹਨ[1]।' ਇਹ ਦੋਵੇਂ ਗੱਲਾਂ ਠੀਕ ਨਹੀਂ। ਹਿੰਦੂ ਮਨੌਤਾਂ ਵਿਚੋਂ ਗੁਰੂ ਜੀ ਨੇ ਮੂਰਤੀ ਪੂਜਾ, ਦੇਵ ਪੂਜਾ, ਅਵਤਾਰ ਪੂਜਾ, ਜ਼ਾਤ-ਪਾਤ ਤੇ ਛੂਤ-ਛਾਤ ਤੋਂ ਇਨਕਾਰ ਕੀਤਾ। ਇਸੇ ਤਰ੍ਹਾਂ ਇਸਲਾਮ ਦੇ ਸਾਰੇ ਬੁਨਿਆਦੀ ਅਸੂਲਾਂ ਨਾਲ ਮਤ-ਭੇਦ ਪ੍ਰਗਟ ਕੀਤਾ ਹੈ। ਸਿੱਖ ਧਰਮ ਤੇ ਇਸਲਾਮ ਦੀ ਤੌਹੀਦ ਵੀ ਨਹੀਂ ਮਿਲਦੀ। ਸਿੱਖੀ ਨੇ ਰੱਬ ਦੀਆਂ ਸ਼ਕਤੀਆਂ ਨੂੰ ਕੇਂਦ੍ਰੀਯ ਮੰਨਿਆ ਹੈ ਅਤੇ ਇਸਲਾਮ ਨੇ ਉਨ੍ਹਾਂ ਨੂੰ ਫ਼ਰਿਸ਼ਤਿਆ ਵਿਚ ਵੰਡਿਆ ਹੈ। ਇਹ ਗਲ ਵੀ ਬਿਲਕੁਲ ਗਲਤ ਹੈ ਕਿ ਹਿੰਦੁਸਤਾਨ ਵਿਚ ਇਕ ਵਾਹਿਗੁਰੂ ਦੀ ਪੂਜਾ (ਤੌਹੀਦ) ਇਸਲਾਮ ਨੇ ਲਿਆਂਦੀ ਹੈ। ਜਦ ਇਸਲਾਮ ਨਹੀਂ ਸੀ, ਤਦ ਯਹੂਦੀ ਤੇ ਈਸਾਈ ਤੌਹੀਦ ਨੂੰ ਮੰਨਦੇ ਸਨ। ਜਦ ਇਹ ਤਿੰਨੇ ਇਬਰਾਨੀ ਮਤ ਪੈਦਾ ਨਹੀਂ ਹੋਏ ਸਨ, ਉਸ ਵਕਤ ਹਿੰਦੁਸਤਾਨ ਵਿਚ ਹਿੰਦੂ ਰਿਸ਼ੀਆਂ ਨੇ ਉਪ-ਨਿਸ਼ਦਾਂ ਵਿਚ ਕਿਹਾ ਸੀ—'ਸਰਵ ਭੂਤੇਸ਼ ਏਕ ਦੇਵਾ' ਭਾਵ ਸਾਰੇ ਤੱਤਾਂ ਵਿਚ ਇਕ ਦੇਵ ਵਿਆਪਕ ਹੈ। ਜਦ ਰਿਸ਼ੀ ਈਸ਼ਵਰ ਨੂੰ ਸਰਬ ਵਿਆਪਕ, ਬੇਅੰਤ, ਅਗਮ, ਅਗੋਚਰ, ਨਿਰਾਕਾਰ ਤੇ ਨੇਤਿ ਨੇਤਿ ਕਹਿੰਦੇ ਹਨ ਤਾਂ ਉਹ ਉਸ ਦੇ ਇਕ ਹੋਣ ਤੋਂ ਇਨਕਾਰੀ ਕਿਸ ਤਰ੍ਹਾਂ ਹੋਏ?

ਅਸਲ ਗਲ ਇਹ ਹੈ ਕਿ ਭਾਰਤ ਵਿਚ ਵਾਹਿਗੁਰੂ ਦੀ ਏਕਤਾ ਦਾ ਖ਼ਿਆਲ ਫ਼ਿਲਾਸਫ਼ੀ ਦੇ ਰੂਪ 'ਚ ਪਹਿਲੇ ਵੀ ਮੌਜੂਦ ਸੀ, ਪਰ ਆਮ ਲੋਕਾਂ ਦੀ ਵਰਤੋਂ ਵਿਚ ਕ੍ਰਿਤਮ ਪੂਜਾ ਸੀ। ਗੁਰੂ ਜੀ ਨੇ ਫ਼ਿਲਾਸਫ਼ੀ ਤੇ ਅਮਲ ਦੋਹਾਂ ਰੂਪਾਂ ਵਿਚ ਇਕ ਦੀ ਪੂਜਾ ਤੇ ਭਗਤੀ ਦਿਤੀ ਹੈ। ਇਸਲਾਮ ਦਾ ਨਿਸਚਾ ਸੀ ਕਿ ਹਜ਼ਰਤ ਮੁਹੰਮਦ ਆਖ਼ਰੀ ਨਬੀ ਅਤੇ ਕੁਰਾਨ ਅੰਤਮ ਗਿਆਨ ਹੈ। ਸਿੱਖੀ ਨੇ ਕਿਹਾ—'ਕੇਤੇ ਨਬੀ ਰਸੂਲ' ਅਤੇ 'ਕੁਰਾਨ ਕਤੇਬ ਤੋ ਪਾਕ'। ਮੁਸਲਮਾਨਾਂ ਨੇ ਮੱਕੇ ਨੂੰ ਖ਼ਾਨਾਖ਼ੁਦਾ ਅਤੇ ਨਮਾਜ਼ ਲਈ ਸਮੇਂ ਦੀ ਪਾਬੰਦੀ ਲਾਈ। ਗੁਰੂ ਜੀ ਨੇ ਵਾਹਿਗੁਰੂ ਨੂੰ ਮਕਾਨ ਅਤੇ ਸਮੇਂ ਦੀ ਪਾਬੰਦੀ ਤੋਂ ਪਰ੍ਹੇ ਮੰਨਿਆ। ਸੁੰਨਤ ਕਰਾਣੀ ਇਸਲਾਮ ਦਾ ਇਕ ਅਸੂਲ ਹੈ। ਗੁਰੂ ਜੀ ਨੇ 'ਲਿੰਗ ਭਿੰਗ ਨਹਿ ਹੋਵਹਿ' ਭਾਵ ਕੋਈ ਅੰਗ ਨਾ ਕਟਾਉਣ

੧. 'ਰੀਲੀਜਨਜ਼ ਆਫ਼ ਦੀ ਵਰਲਡ', ਕਾਰਲ ਕਲੇਮਨ, ਪੰਨਾ ੧੩੧-੩੨

ਦਾ ਹੁਕਮ ਦਿਤਾ। ਇਸਲਾਮ ਵਿਚ ਸਿਰਫ ਮੁਹੰਮਦ ਦੀ ਸ਼ਿਫਾਇਤ ਨਾਲ ਮੁਕਤੀ ਅਤੇ ਕਿਆਮਤ ਮੰਨੀ ਹੈ। ਸਿੱਖੀ ਨੇ 'ਜਿਤ ਦੁਆਰੈ ਉਬਰੇ ਤਿਤੈ ਲੇਹੁ ਉਬਾਰ' ਤੇ ਆਵਾਗਉਣ ਮੰਨਿਆ। ਇਸਲਾਮ ਵਿਚ ਰਾਗ ਹਰਾਮ ਹੈ। ਸਤਿਗੁਰਾਂ ਨੇ ਸਾਰੀ ਬਾਣੀ ਰਾਗ ਵਿਚ ਲਿਖੀ ਹੈ ਤੇ ਕੀਰਤਨ ਨੂੰ ਧਰਮ ਦਾ ਅੰਗ ਮੰਨਿਆ ਹੈ। ਇਸਲਾਮ ਨੇ ਰੱਬ ਦੇ ਮੁਕਾਬਲੇ ਤੇ ਸ਼ੈਤਾਨ ਨੂੰ ਬਦੀ ਦੀ ਜੜ੍ਹ ਮੰਨਿਆ ਹੈ ਤੇ ਸਿੱਖੀ ਨੇ ਭੁੱਲ ਅਤੇ ਹਉਮੈ ਨੂੰ।

ਮੁੱਕਦੀ ਗੱਲ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰ ਸ਼ੈਲੀ ਆਪਣੀ ਹੈ। ਇਕ ਵਾਹਿਗੁਰੂ ਦੀ ਪੂਜਾ ਉਨ੍ਹਾਂ ਨੇ ਸਿਧਾਂਤ ਤੇ ਵਰਤੋਂ ਵਿਚ ਦਿਤੀ ਹੈ।

o

੫.

ਵਾਹਿਗੁਰੂ

ਪੁਰਾਤਨ ਅਤੇ ਨਵੀਨ ਨਾਸਤਕਵਾਦ, ਸਾਇੰਸ ਤੇ ਵਿਚਾਰ

(੩)

ਹੁਣ ਅਸੀਂ ਪੁਰਾਤਨ ਅਤੇ ਨਵੀਨ ਨਾਸਤਕ-ਵਾਦ ਤੇ ਵਿਚਾਰ ਕਰਦੇ ਹਾਂ। ਗੁਰੂ ਸਾਹਿਬ ਨੇ ਵਾਹਿਗੁਰੂ ਨੂੰ ਅਨੁਭਵ ਕੀਤਾ, ਪ੍ਰਤੱਖ ਵੇਖਿਆ ਹੈ। ਉਸ ਨੂੰ ਪਿੰਡ (ਸਰੀਰ) ਅਤੇ ਬ੍ਰਹਿਮੰਡ ਵਿਚ ਵਿਆਪਕ ਨਿਸਚੇ ਕੀਤਾ ਹੈ, ਇਸ ਲਈ ਉਨ੍ਹਾਂ ਨੇ ਪੂਰਨ ਭਰੋਸੇ, ਅਟੁੱਟ ਵਿਸ਼ਵਾਸ ਅਤੇ ਬੜੀ ਦ੍ਰਿੜ੍ਹਤਾ ਨਾਲ ਉਸ ਦੀ ਗਵਾਹੀ ਦਿੱਤੀ ਹੈ ਤੇ ਕਿਹਾ ਹੈ—

ਨਾਨਕ ਕਾ ਪਾਤਸ਼ਾਹ ਦਿਸੈ ਜ਼ਾਹਰਾ ॥

ਅਸੀਂ ਵਾਹਿਗੁਰੂ ਦੀ ਹੋਂਦ ਪਰ ਨਿਸਚਾ ਰਖਦੇ ਹਾਂ। ਪਰ ਜੇ ਦਲੀਲ ਜਾਂ ਤਰਕਵਾਦ ਨਾਲ ਸਾਬਤ ਕਰਨ ਦਾ ਯਤਨ ਕੀਤਾ ਜਾਵੇ ਤਾਂ ਉਸ ਨੂੰ ਨਿਸਚੇ ਤੇ ਵਿਸ਼ਵਾਸ ਦੀ ਹੱਦ 'ਚੋਂ ਕੱਢ ਕੇ 'ਸੰਭਵ ਤੇ ਅਨੁਮਾਨ' ਦੀ ਹੱਦ ਵਿਚ ਲੈ ਆਵਾਂਗੇ। ਦਲੀਲ ਬੜੀ ਚੀਜ਼ ਹੈ, ਪਰ ਉਹ ਅਨੁਭਵ ਅਤੇ ਤਜਰਬੇ ਦਾ ਦਰਜਾ ਨਹੀਂ ਰਖਦੀ। ਮਨੁੱਖ ਦਲੀਲ ਨਾਲ ਆਪਣੀ ਹੋਂਦ ਨੂੰ ਨਹੀਂ ਸਾਬਤ ਕਰ ਸਕਦਾ, ਕਿਉਂਕਿ ਜਿਸ ਆਪੇ ਸਬੰਧੀ ਉਸ ਨੇ ਦਲੀਲ ਦੇਣੀ ਹੈ, ਉਹ ਆਪ ਹੀ ਹੈ। ਦਲੀਲ ਦਾ ਕੰਮ ਕਿਸੇ ਦੂਸਰੀ ਚੀਜ਼ ਸਬੰਧੀ ਕਿਸੇ ਹੋਰ ਆਦਮੀ ਨੂੰ ਨਿਸਚਾ ਕਰਾਣਾ ਹੁੰਦਾ ਹੈ। ਇਕ ਆਦਮੀ ਅੱਗ ਦੀ ਹੋਂਦ ਨੂੰ ਪ੍ਰਗਟ ਕਰਨ ਲਈ ਧੂੰਏਂ ਦੀ ਦਲੀਲ ਦਿੰਦਾ ਹੈ। ਮਨੁੱਖ ਆਪਣੀ ਹੋਂਦ ਨੂੰ ਯੁਕਤੀ ਨਾਲ ਸਾਬਤ ਨਹੀਂ ਕਰ ਸਕਦਾ। ਆਪਣੇ ਆਪ ਨੂੰ ਅਨੁਭਵ ਕਰਦਾ ਹੈ। ਇਸੇ ਤਰ੍ਹਾਂ ਦਲੀਲ ਨਾਲ ਵਾਹਿਗੁਰੂ ਦੀ ਹੋਂਦ ਨੂੰ ਸਾਬਤ ਕਰਨਾ ਸ਼ੱਕ ਵਿਚ ਪੈਣਾ ਹੈ। 'ਮਹਿਦੂਦ

ਅਨਹਦ ਨੂੰ ਕਿਵੇਂ ਕਥਨ ਕਰ ਸਕਦਾ ਹੈ ? ਜਿਸ ਤਰ੍ਹਾਂ ਭੁੱਖ ਭੋਜਨ ਨੂੰ ਤੇ ਤ੍ਰੇਹ ਪਾਣੀ ਦੀ ਹੋਂਦ ਨੂੰ ਪ੍ਰਗਟ ਕਰਦੀ ਹੈ, ਇਸੇ ਤਰ੍ਹਾਂ ਵਾਹਿਗੁਰੂ ਦੀ ਹੋਂਦ ਦਾ ਖਿਆਲ ਹੀ ਉਸ ਦਾ ਸਬੂਤ ਹੈ। ਅਸੀਂ ਉਸ ਨੂੰ ਮਹਿਸੂਸ ਕਰਦੇ ਹਾਂ। ਕਈ ਸਾਇੰਸ ਦੀ ਆੜ ਲੈ ਕੇ ਅਤੇ ਕਈ ਤਰਕਵਾਦੀ ਦਲੀਲ ਦਾ ਆਸਰਾ ਲੈ ਕੇ ਨਾਸਤਕਵਾਦ ਨੂੰ ਪ੍ਰਚਾਰਦੇ ਹਨ, ਇਸ ਲਈ ਅਸੀਂ ਗੁਰਮਤਿ ਦੀ ਰੋਸ਼ਨੀ ਵਿਚ ਦਲੀਲ ਤੇ ਸਾਇੰਸ ਦੀ ਖੋਜ ਅਨੁਸਾਰ ਨਾਸਤਕ-ਪੁਣੇ ਦਾ ਖੰਡਨ ਕਰਦੇ ਹਾਂ।

ਜੈਨ ਅਤੇ ਬੁੱਧ :

ਹਿੰਦੁਸਤਾਨ ਵਿਚ ਨਾਸਤਕਵਾਦ ਦੇ ਹਾਮੀ ਜੈਨ ਅਤੇ ਬੁੱਧ ਮਤ ਹਨ। ਇਨ੍ਹਾਂ ਤੇ ਸਾਂਖ ਦਾ ਅਸਰ ਪਿਆ ਹੈ। ਜੈਨ 'ਕਰਮ' ਨੂੰ ਹੀ ਸਭ ਕੁਝ ਮੰਨਦਾ ਹੈ। ਚੰਗਾ ਕਰਮ ਕਰੋਗੇ ਤਾਂ ਚੰਗਾ, ਮਾੜਾ ਕਰੋਗੇ ਤਾਂ ਮਾੜਾ ਫਲ ਮਿਲੇਗਾ। ਬੁੱਧ ਨੇ ਕਿਹਾ ਸੀ—'ਜੇ ਈਸ਼ਵਰ ਹੈ, ਤਦ ਵੀ ਚੰਗੇ ਬਣਨ ਦੀ ਲੋੜ ਹੈ, ਜੇ ਨਹੀਂ ਤਦ ਵੀ।' ਬੁੱਧ ਨੇ ਵੀ ਕਰਮ ਤੇ ਜ਼ੋਰ ਦਿਤਾ ਹੈ। ਨਾਸਤਕ ਕਹਿੰਦੇ ਹਨ—

ਅੰਨ ਅੰਨ ਤੇ ਹੋਤ ਹੈ, ਘਾਸ ਘਾਸ ਤੇ ਹੋਇ।
ਜੀਵ ਜੀਵ ਤੇ ਹੋਤ ਹੈ, ਅਵਰ ਨ ਕਰਤਾ ਕੋਇ।

ਪਰ ਇਹ ਨਾਸਤਕਵਾਦ ਹਿੰਦੁਸਤਾਨ ਵਿਚ ਨਹੀਂ ਟਿਕ ਸਕਿਆ। ਮਨੁੱਖ ਵਾਹਿਗੁਰੂ ਦੀ ਟੇਕ ਤੋਂ ਬਿਨਾਂ ਰਹਿ ਨਹੀਂ ਸਕਦਾ। ਬੁੱਧ ਧਰਮ ਨਾਸਤਕ-ਪੁਣੇ ਤੇ ਕਾਇਮ ਨਹੀਂ ਰਹਿ ਸਕਿਆ। ਬੋਧੀਆਂ ਨੇ ਜਿਥੇ ਈਸ਼ਵਰ ਤੋਂ ਇਨਕਾਰ ਕੀਤਾ ਹੈ ਉਥੇ ਨਾਲ ਹੀ ਬੁੱਧ ਦੀ ਆਤਮਾ ਨੂੰ ਸ੍ਵੈ ਭੂ ਸ੍ਵੈ ਪ੍ਰਕਾਸ਼ ਤੇ ਅਨਾਦੀ ਦਸਿਆ ਹੈ। ਉਸ ਨੂੰ ਅਨੰਤ ਅਤੇ ਪੁਰਸ਼ੋਤਮ ਵੀ ਕਿਹਾ ਹੈ। ਉਹ ਕਹਿੰਦੇ ਹਨ—

ਬੁੱਧ ਦਾ ਨਿਰਵਾਣ ਹੋਣਾ ਉਸ ਦੀ ਲੀਲ੍ਹਾ ਹੈ। ਅਸਲੀ ਬੁੱਧ ਦਾ ਕਦੇ ਨਾਸ਼ ਨਹੀਂ ਹੁੰਦਾ। ਉਹ ਸਾਰੇ ਜਗਤ ਦਾ ਪਿਤਾ ਹੈ। ਸਾਰੇ ਮਨੁੱਖ ਉਸ ਦੀ ਸੰਤਾਨ ਹਨ ਉਹ ਕਿਸੇ ਨਾਲ ਪ੍ਰੇਮ ਤੇ ਦ੍ਵੈਸ਼ ਨਹੀਂ ਕਰਦਾ।

ਸੰਸਾਰ ਦੀ ਹਾਲਤ ਵਿਗੜ ਜਾਣ ਪਰ ਉਹ ਸਮੇਂ ਸਮੇਂ ਜਨਮ ਲੈਂਦਾ ਹੈ। ਉਸ ਦੀ ਭਗਤੀ, ਉਸ ਦੇ ਗੁੱਥਾਂ ਦੀ ਪੂਜਾ ਕਰਨੀ, ਭਗਤੀ ਜਾਂ ਕੀਰਤਨ ਕਰਦੇ ਹੋਏ ਦੋ ਚਾਰ ਕੰਵਲ ਫੁੱਲਾਂ ਦੇ ਭੇਟਾ ਕਰਨ ਨਾਲ ਹੀ ਮਨੁੱਖ ਨੂੰ ਸਦਗਤੀ ਪ੍ਰਾਪਤ ਹੁੰਦੀ ਹੈ।

[ਸਦ ਧਰਮ ਪੁੰਡਰੀਕ ੨.੫.੨੨੭੭:੬੮.]

ਬੁੱਧ ਧਰਮ ਦਾ ਸੂਖਮ ਜਿਹਾ ਅਸਰ ਜੋਗ ਮੱਤ ਉੱਤੇ ਵੀ ਪਿਆ ਹੈ। ਬੁੱਧ ਜਗਤ ਦੇ ਕਾਰਣ ਨੂੰ ਅਸੱਤ ਮੰਨਦੇ ਹਨ। ਇਸ ਲਈ ਸੁੰਨ (ਨੇਸਤੀ) ਤੋਂ ਉਤਪਤੀ ਦੱਸਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਜਦ ਤੀਸਰੀ ਉਦਾਸੀ ਵਿਚ ਸੁਮੇਰ ਪਰਬਤ ਤੇ ਗਏ ਤਾਂ ਉਥੇ ਹਜ਼ੂਰ ਦੀ ਗੋਸ਼ਟ ਕਈ ਜੋਗੀਆਂ ਨਾਲ ਹੋਈ। ਉਸ ਦਾ ਵਰਣਨ ਮਹਾਰਾਜ ਨੇ ਆਪਣੀ ਬਾਣੀ ਵਿਚ ਵਾਰਤਾਲਾਪ ਦੀ ਸ਼ਕਲ ਵਿਚ ਕੀਤਾ ਹੈ। ਸੁੰਨਵਾਦੀ ਜੋਗੀ ਨੇ ਕਿਹਾ—

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥

ਭਾਵ—ਜਦ ਅੱਖਾਂ ਮੀਟ ਕੇ ਅੰਦਰ ਵੇਖਦਾ ਹਾਂ ਤਾਂ ਸੁੰਨੰ, ਬਾਹਰ ਦ੍ਰਿਸ਼ਟਮਾਨ ਜਗਤ ਨਾਸ਼ਵੰਤ ਹੈ, ਇਸ ਲਈ ਇਹ ਤਿੰਨੇ ਭਵਣ ਸੁੰਨ (ਨੇਸਤ) ਹੀ ਹਨ। ਜਾਗਰਤ, ਸੁਪਨ ਸੁੰਨ ਹੀ ਹਨ। ਗੁਰੂ ਜੀ ਇਸ ਦਾ ਉੱਤਰ ਦਿੰਦੇ ਹਨ—

ਚਉਥੇ ਸੁੰਨੈ ਜੋ ਨਰ ਚੀਨੈ ਤਾ ਕਉ ਪਾਪ ਨ ਪੁੰਨੰ ॥

[ਸਿਧ ਗੋਸਟਿ]

ਭਾਵ—ਹੇ ਜੋਗੀ! ਜੇ ਸਭ ਕੁਝ ਸੁੰਨ ਹੀ ਹੈ ਤਾਂ ਜੋ ਤੇਰਾ ਆਤਮਾ ਸੁੰਨ ਨੂੰ ਅਨੁਭਵ ਕਰਦਾ ਹੈ, ਉਹ ਆਪ ਸੁੰਨ ਨਹੀਂ ਹੋ ਸਕਦਾ। ਮੁਰਦੇ ਨੂੰ ਕੀ ਪਤਾ ਹੈ ਕਿ ਕੋਈ ਜੀਉਂਦਾ ਹੈ? ਅਣਹੋਂਦ ਨੂੰ 'ਹੋਂਦ' ਦਾ ਕੀ ਪਤਾ? 'ਨਹੀਂ' ਤੋਂ ਕੋਈ ਚੀਜ਼ ਨਹੀਂ ਹੋ ਸਕਦੀ, 'ਹੈ' ਤੋਂ ਹੋ ਸਕਦੀ ਹੈ। ਇਹ ਸ੍ਰਿਸ਼ਟੀ ਰਚਨਾ ਸੁੰਨ ਤੋਂ ਨਹੀਂ ਹੋਈ, ਬਲਕਿ ਇਕ ਚੇਤੰਨ ਗਿਆਨ, ਇਰਾਦਾ ਤੇ ਸ਼ਕਤੀ ਰਖਣ ਵਾਲੀ ਹਸਤੀ ਤੋਂ ਹੋਈ ਹੈ।

ਨਵੀਨ ਨਾਸਤਕਵਾਦ, ਪ੍ਰਕ੍ਰਿਤੀ ਅਤੇ ਸ਼ਕਤੀ :

ਜਿਸ ਤਰ੍ਹਾਂ ਸਾਂਖ ਨੇ ਸ੍ਰਿਸ਼ਟੀ ਰਚਨਾ ਜੀਵ ਤੇ ਪ੍ਰਕ੍ਰਿਤੀ (ਮਾਦੇ) ਤੋਂ ਮੰਨੀ ਹੈ, ਇਸੇ ਤਰ੍ਹਾਂ ਵਰਤਮਾਨ ਸਮੇਂ ਵਿਚ ਕਈ ਸਾਇੰਸਦਾਨ ਇਸ ਨੂੰ ਪ੍ਰਕ੍ਰਿਤੀ (Matter) ਅਤੇ ਸ਼ਕਤੀ (Force) ਤੋਂ ਮੰਨਦੇ ਹਨ। ਵਿਕਾਸਵਾਦੀ ਡਾਰਵਿਨ ਦੇ ਸਮਕਾਲੀ ਥਾਮਸ ਹਕਸਲੇ ਦਾ ਕਥਨ ਹੈ—

A mud pie made by two blind children.

ਭਾਵ—ਇਹ ਰਚਨਾ ਮਿੱਟੀ ਦੇ ਗਲੇਲੇ ਵਾਂਙੂ ਦੋ ਅੰਨ੍ਹੇ ਬਚਿਆਂ (ਮਾਦੇ ਤੇ ਸ਼ਕਤੀ) ਦੀ ਕੀਤੀ ਹੋਈ ਹੈ। ਜਿਸ ਤਰ੍ਹਾਂ ਕਈ ਵੇਰ ਅੰਞਾਣੇ ਬਚੇ ਚਿੱਕੜ ਨਾਲ ਖੇਡਦੇ ਹਨ। ਇਸੇ ਤਰ੍ਹਾਂ ਪ੍ਰਕ੍ਰਿਤੀ ਅਤੇ ਸ਼ਕਤੀ ਦੋ ਅੰਨ੍ਹੇ ਬਚਿਆਂ ਵਾਂਙੂ ਹਨ, ਜਿਨ੍ਹਾਂ ਨੇ ਇਹ ਰਚਨਾ ਕਰ ਦਿਤੀ ਹੈ। ਇਸ ਦਾ ਕੋਈ ਹੋਰ ਕਰਤਾ ਨਹੀਂ।

ਪ੍ਰਕ੍ਰਿਤੀ ਕੀ ਹੈ ? ਜਿਸ ਤੋਂ ਕੁਝ ਬਣਾਇਆ ਜਾਵੇ। ਅਫ਼ਲਾਤੂਨ ਕਹਿੰਦਾ ਹੈ—ਪ੍ਰਕ੍ਰਿਤੀ ਉਹ ਚੀਜ਼ ਹੈ, ਜਿਸ ਵਿਚ ਕੋਈ ਗੁਣ ਜਾਂ ਰੂਪ ਨਹੀਂ, ਪਰ ਕਿਸੇ ਰੂਪ ਜਾਂ ਗੁਣ ਨੂੰ ਧਾਰਨ ਕਰਨ ਦੀ ਯੋਗਤਾ ਉਸ ਵਿਚ ਪਾਈ ਜਾਂਦੀ ਹੈ। ਸ੍ਰਿਸ਼ਟੀ ਇਕ ਰਾਜ ਮਹਲ ਹੈ, ਪ੍ਰਕ੍ਰਿਤੀ ਉਸ ਦਾ ਮਸਾਲਾ ਹੈ, ਜੋ ਇੱਟਾਂ ਤੇ ਚੂਨੇ ਦੀ ਤਰ੍ਹਾਂ ਹੈ। ਈਸ਼ਵਰ ਇਸ ਮਹਿਲ ਦੇ ਉਸਾਰਨ ਵਾਲਾ ਰਾਜ ਹੈ।[੧]

ਨਾਸਤਕ ਪ੍ਰਕ੍ਰਿਤੀ ਦੇ ਇਹ ਲੱਛਣ ਕਰਦੇ ਹਨ—'ਜਿਸ ਚੀਜ਼ ਨੂੰ ਅਸੀਂ ਗਿਆਨ ਇੰਦ੍ਰੀਆਂ ਰਾਹੀਂ ਜਾਣ ਸਕੀਏ, ਉਹ ਪ੍ਰਕ੍ਰਿਤੀ ਹੈ।'

ਸ਼ਕਤੀ ਕੀ ਹੈ ? ਇਸ ਸਬੰਧੀ ਪੱਛਮੀ ਸਿਆਣਿਆਂ ਦੀ ਰਾਇ ਹੈ-

Force is a cause and the state of rest and motion of the body. (Weight Machines

ਸ਼ਕਤੀ ਇਕ ਕਾਰਨ ਹੈ। ਸਰੀਰ ਦੇ ਟਿਕਾਊ ਤੇ ਹਰਕਤ (ਗਤਿ) ਦੇਣ ਵਾਲੀ ਤਾਕਤ ਦਾ ਨਾਂ ਹੈ।

ਪੱਛਮ ਦੇ ਨਾਸਤਕ ਪ੍ਰਕ੍ਰਿਤੀ ਅਤੇ ਸ਼ਕਤੀ ਨੂੰ ਸਭ ਕੁਝ ਮੰਨਦੇ

---

੧. ਮਾਰਤੰਡ, ਜਨਵਰੀ ੧੯੫੫

ਹਨ। ਕਾਰਲ ਮਾਰਕਸ ਤੇ ਫ਼ਿਡਰ ਸੋਲ ਨਵੀਨ ਨਾਸਤਕ ਹਨ। ਮਾਰਕਸ ਕਮਿਊਨਿਜ਼ਮ ਦਾ ਜਨਮ-ਦਾਤਾ ਹੈ। ਇਹ ਆਪਣੇ ਮੱਤ ਨੂੰ ਮੰਤਕੀ ਮਾਦਾ ਪ੍ਰਸਤੀ Dia-Lectical Materialism ਦੱਸਦਾ ਹੈ। ਪੁਰਾਤਨ ਫ਼ਿਲਾ-ਸਫ਼ਰ ਅਰਸਤੂ ਕਹਿੰਦਾ ਹੈ—'ਕੁਦਰਤ (Nature) ਟਿਕਾਉ ਤੇ ਹਰਕਤ ਦਾ ਇਕ ਅਸੂਲ ਹੈ, ਜੋ ਹਰ ਚੀਜ਼ ਵਿਚ ਮੌਜੂਦ ਹੈ, ਭਾਵੇਂ ਕੋਈ ਵਸਤੂ ਸਥਿਰ ਹੋਵੇ ਜਾ ਹਰਕਤ ਵਿਚ, ਭਾਵੇਂ ਅਸੀਂ ਉਸ ਨੂੰ 'ਪਰਿਵਰਤਨ' ਕਹੀਏ ਜਾਂ ਨਾਸ ਹੋਣਾ, ਕੁਦਰਤ ਨੂੰ ਦੇਖ ਕੇ ਅਸੀਂ ਕਾਦਰ ਦਾ ਨਿਸਚਾ ਕਰਾਂਗੇ।

ਸਿੱਖ ਧਰਮ ਪ੍ਰਕ੍ਰਿਤੀ ਅਤੇ ਸ਼ਕਤੀ ਦੇ ਮੰਨਣ ਤੋਂ ਇਨਕਾਰੀ ਨਹੀਂ ਪਰ ਪ੍ਰਕ੍ਰਿਤੀ ਅਤੇ ਸ਼ਕਤੀ ਨੂੰ ਰਚਨਾ ਅਕਾਲ ਪੁਰਖ ਦੀ ਮੰਨਦਾ ਹੈ। ਇਹ ਦੋਵੇਂ ਆਪਣੇ ਆਪ ਵਿਚ ਕੁਝ ਨਹੀਂ।

ਸਿਵ ਸਕਤਿ ਆਪਿ ਉਪਾਇ ਕੈ
ਕਰਤਾ ਆਪੇ ਹੁਕਮੁ ਵਰਤਾਏ ॥

ਪ੍ਰਕ੍ਰਿਤੀ ਜੜ੍ਹ ਤੇ ਜੀਵ ਚੇਤੰਨ ਹੈ। ਦੋਹਾਂ ਨੂੰ ਉਤਪੰਨ ਕਰਨ ਤੇ ਮੇਲਣ ਵਾਲੀ ਸ਼ਕਤੀ ਵਾਹਿਗੁਰੂ ਹੈ। ਜੋ ਆਦਮੀ ਪ੍ਰਕ੍ਰਿਤੀ ਨੂੰ ਹੀ ਸਭ ਕੁਝ ਸਮਝਦਾ ਹੈ, ਉਹ ਮਾਦਾ-ਪ੍ਰਸਤ ਹੈ। ਜੋ ਅਗਨੀ, ਪੌਣ, ਪਾਣੀ ਵਿਚ ਵਰਤ ਰਹੀ ਸ਼ਕਤੀ ਜਾਂ ਗੁਣਾਂ ਨੂੰ ਮੰਨ ਕੇ ਤੱਤਾਂ ਨੂੰ ਹੀ ਸਭ ਕੁਝ ਮੰਨਦਾ ਹੈ, ਉਹ ਸ਼ਾਕਤ ਹੈ। ਆਈਨ ਸਟਾਈਨ ਨੇ ਕਿਹਾ ਹੈ—'ਪਦਾਰਥ ਅਤੇ ਸ਼ਕਤੀ ਇਕੋ ਚੀਜ਼ ਹਨ। ਇਹ ਇਕ ਦੂਸਰੇ ਵਿਚ ਬਦਲ ਸਕਦੇ ਹਨ।' ਪਰ ਅਜੇ ਤੀਕ ਸਾਇੰਸ ਪ੍ਰਕ੍ਰਿਤੀ ਵਿਚ ਸ਼ਕਤੀ ਨੂੰ ਮਲੂਮ ਨਹੀਂ ਕਰ ਸਕੀ ਹੈ। ਸ਼ਕਤੀ ਕੀ ਹੈ? ਇਸ ਦਾ ਪਤਾ ਨਹੀਂ ਲਾ ਸਕੀ ਅਤੇ ਨਾ ਹੀ ਉਸ ਨੂੰ ਮਾਦੇ ਦੀ ਸ਼ਕਲ ਵਿਚ ਪੂਰਾ ਬਦਲ ਸਕੀ ਹੈ।

ਹਕਸਲੇ ਦੇ ਕਥਨ ਅਨੁਸਾਰ ਸ੍ਰਿਸ਼ਟੀ ਰਚਨਾ ਦੇ ਪਿਛੇ ਬੁੱਧੀ ਜਾਂ ਸਿਆਣਪ ਕੰਮ ਨਹੀਂ ਕਰ ਰਹੀ। ਜੇ ਇਹ ਗੱਲ ਮੰਨ ਲਈ ਜਾਵੇ ਤਾਂ ਕੁਦਰਤ ਦੇ ਨਿਯਮ (Law) ਅਤੇ ਹੁਕਮ (Order) ਦੀ ਕੋਈ ਹੋਂਦ ਨਹੀਂ ਰਹਿੰਦੀ, ਪਰ ਅਸੀਂ ਸਪਸ਼ਟ ਦੇਖਦੇ ਹਾਂ ਕਿ ਬ੍ਰਹਮੰਡ ਦਾ ਸਾਰਾ

ਪ੍ਰਬੰਧ ਅਟੱਲ ਨਿਯਮਾਂ ਅਤੇ ਕਿਸੇ ਅਣਡਿੱਠ ਦੇ ਹੁਕਮ ਵਿਚ ਚਲ ਰਿਹਾ ਹੈ। ਜੇ ਸ੍ਰਿਸ਼ਟੀ ਨੂੰ ਪ੍ਰਕ੍ਰਿਤੀ ਅਤੇ ਸ਼ਕਤੀ ਦੀ ਰਚਨਾ ਮੰਨ ਲਈਏ ਤਾਂ ਇਸ ਦਾ ਮਤਲਬ ਇਹ ਹੋਇਆ ਕਿ ਅਸੀਂ ਇਕ ਅਜਿਹੇ ਜਹਾਜ਼ ਉੱਤੇ ਸਵਾਰ ਹਾਂ, ਜਿਸ ਦਾ ਕਪਤਾਨ ਕੋਈ ਨਹੀਂ[1]। ਅਜਿਹੀ ਗੱਡੀ ਵਿਚ ਸਫ਼ਰ ਕਰ ਰਹੇ ਹਾਂ, ਜਿਸ ਦਾ ਡਰਾਈਵਰ ਕੋਈ ਨਹੀਂ। ਈਸ਼ਵਰ ਨੇ ਕੁਦਰਤ ਦੀ ਰਚਨਾ ਵਿਚ ਕਮਾਲ ਦਰਜੇ ਦੀ ਸਿਆਣਪ ਵਰਤੀ ਹੈ, ਜਿਸ ਤੱਕ ਮਨੁੱਖ ਬੁੱਧੀ ਨਹੀਂ ਅਪੜ ਸਕਦੀ। ਭਾਈ ਗੁਰਦਾਸ ਜੀ ਕਹਿੰਦੇ ਹਨ—

ਜੋ ਗਰਬੈ ਬਹੁ ਬੂੰਦ ਚਿਰੰਤਰਿ[2],
ਸਨਮੁਖ ਸਿੰਧੁ[3] ਸੋਭਾ ਨਹੀ ਪਾਵੈ।
ਜੋ ਬਹੁ ਉਡੈ ਖਗ[4] ਧਾਰ ਮਹਾਂਬਲ
ਪੇਖ ਅਕਾਸ਼ ਰਿਦੈ ਸੁਕਚਾਵੈ।
ਜਥੋ ਬ੍ਰਹਿਮੰਡ ਪ੍ਰਚੰਡ ਬਿਲੋਕਤ,
ਗੂਲਰ ਜੰਤੁ[5] ਉਡੰਤ ਲਜਾਵੈ।
ਤੂ ਕਰਤਾ ਹਮ ਕੀਏ ਤਿਹਾਰੇ ਜੀ,
ਤੋ ਪਹਿ ਬੋਲਨ ਕਿਉ ਬਨਿ ਆਵੈ। [੫੨੭]

ਨਿਊਟਨ ਕਹਿੰਦਾ ਹੈ—'ਸੰਸਾਰ ਦੀਆਂ ਸਾਰੀਆਂ ਚੀਜ਼ਾਂ ਉਸੇ ਦਸ਼ਾ ਵਿਚ ਪਈਆਂ ਰਹਿਣਗੀਆਂ, ਜਿਸ ਹਾਲਤ ਵਿਚ ਉਹ ਹਨ। ਜੇ ਕੋਈ ਚੀਜ਼ ਹਰਕਤ ਵਿਚ ਹੈ ਤਾਂ ਉਹ ਉਸੇ ਪਾਸੇ ਹਰਕਤ ਕਰਦੀ ਰਹੇਗੀ। ਅਗਰ ਕੋਈ ਚੀਜ਼ ਟਿਕੀ ਹੋਈ ਜਾਂ ਸਥਿਰ ਹੈ ਤਾਂ ਉਹ ਉਦੋਂ ਤੀਕ ਟਿਕੀ ਰਹੇਗੀ, ਜਦ ਤੀਕ ਕੋਈ ਦੂਸਰੀ ਸ਼ਕਤੀ ਉਸ ਨੂੰ ਹਰਕਤ ਵਿਚ ਨਾ ਲਿਆਵੇ।'

ਦੂਸਰਾ ਨਿਯਮ ਨਿਊਟਨ ਦੱਸਦਾ ਹੈ—'ਕਰਮ ਤੇ ਪ੍ਰਤਿਕਰਮ (Action ਤੇ Reaction) ਦਾ'। ਇਸ ਦਾ ਮਤਲਬ ਹੈ ਕਿ ਜਿਥੇ

---

੧. ਜੇ. ਟੀ. ਸੰਡਰਲੈਂਡ, 'ਮਾਡਰਨ ਰੀਂਵਊ' ਨਵੰਬਰ ੧੯੪੨।
੨. ਪਾਣੀ ਦੀ ਇਕ ਬੂੰਦ ਚਿਰ ਵਿਚ ਹੰਕਾਰ ਕਰੇ। ੩. ਸਮੁੰਦਰ।
੪. ਪੰਛੀ। ੫. ਗੂਲਰ ਵਿਚ ਪੈਦਾ ਹੋਇਆ ਕੀੜਾ।

ਕੋਈ ਸ਼ਕਤੀ ਲਾਈ ਜਾਵੇ, ਉਸ ਦੇ ਟਾਕਰੇ ਤੇ ਉਹੋ ਜਿਹੀ ਸ਼ਕਤੀ ਦਾ ਮੁਕਾਬਲਾ ਕਰਨਾ ਪੈਂਦਾ ਹੈ। ਇਕ ਆਦਮੀ ਨੇ ਬੰਦੂਕ ਚਲਾਈ, ਗੋਲੀ ਸਾਹਮਣੇ ਜਾ ਲੱਗੀ, ਪਰ ਬੰਦੂਕ ਚਲਾਣ ਵਾਲੇ ਨੂੰ ਧੱਕਾ ਲੱਗੇਗਾ।

ਨਿਊਟਨ ਦੇ ਕਥਨ ਅਨੁਸਾਰ ਇਹ ਗੱਲ ਮੰਨਣੀ ਪਵੇਗੀ ਕਿ ਟਿਕੀਆਂ ਜਾਂ ਸਥਿਰ ਵਸਤਾਂ ਨੂੰ ਹਰਕਤ ਦੇਣ ਲਈ ਕਿਸੇ ਤੀਸਰੀ ਤਾਕਤ ਦੀ ਲੋੜ ਹੈ। ਉਹ ਵਾਹਿਗੁਰੂ ਹੈ।

ਸ੍ਰਿਸ਼ਟੀ ਨੂੰ ਕਈ ਲੇਖਕ ਕਾਲ ਤੋਂ, ਕਈ ਸੁਭਾਵਕ, ਪ੍ਰਕ੍ਰਿਤੀ ਤੇ ਸ਼ਕਤੀ ਤੋਂ ਬਣੀ ਹੋਈ ਦੱਸਦੇ ਹਨ। ਇਹ ਕਿਸੇ ਦਾ ਕੀਤਾ ਹੋਇਆ 'ਕਰਮ' ਜਾਂ 'ਕਾਰਜ' ਹੈ। ਕਰਮ ਅਤੇ ਕਾਰਜ ਤੋਂ ਪਹਿਲੇ 'ਕਰਤਾ' ਦਾ ਹੋਣਾ ਜ਼ਰੂਰੀ ਹੈ। ਗੁਰੂ ਸਾਹਿਬ ਉਸ ਨੂੰ 'ਕਰਤਾ ਪੁਰਖ' ਕਹਿੰਦੇ ਹਨ। ਰਚਨਾ ਉਸ ਦਾ ਕੀਤਾ ਹੋਇਆ ਇਕ ਕਰਮ ਜਾਂ ਕਾਰਜ ਹੈ। ਨਾਸਤਕ ਇਸ ਤੋਂ ਇਨਕਾਰ ਕਰਦੇ ਹਨ।

ਨਾਸਤਕ ਛੇ ਨੁਕਤੇ ਬਿਆਨ ਕਰਦੇ ਹਨ—

੧. ਕੁਦਰਤ ਆਪਣੇ ਆਪ ਹੈ।

੨. ਇਸ ਜਗਤ ਦਾ ਨਾ ਆਦਿ ਹੈ ਨਾ ਅੰਤ। ਇਹ ਕਿਸੇ ਦੀ ਰਚਨਾ ਨਹੀਂ।[੧]

੩. ਆਤਮਾ ਕੋਈ ਚੀਜ਼ ਨਹੀਂ। ਮਰਨ ਨਾਲ ਮਰ ਜਾਈਦਾ ਹੈ। ਅਮਰ ਜੀਵਨ ਦਾ ਖਿਆਲ ਮਿਥਿਆ ਹੈ।

੪. ਮਨੁੱਖ ਤੋਂ ਵਧ ਕੇ ਕੋਈ ਹਸਤੀ ਬੁੱਧੀ ਅਤੇ ਸਿਆਣਪ ਰਖਣ ਵਾਲੀ ਨਹੀਂ।

੫. ਆਤਮਿਕ ਸਚਾਈਆਂ ਦੀ ਕੋਈ ਅਸਲੀਅਤ ਨਹੀਂ।

੬. ਕੁਦਰਤ ਜੇਕਰ ਕਿਸੇ ਮੁਕੰਮਲ ਹਸਤੀ ਦੀ ਬਣਾਈ ਹੁੰਦੀ ਤਾਂ ਉਸ ਵਿਚ ਤਰੁੱਟੀਆਂ ਨਾ ਹੁੰਦੀਆਂ, ਉਸ ਵਿਚ ਖ਼ਾਮੀਆਂ ਹਨ। ਕੁਦਰਤ ਕਈ ਵੇਰ ਆਪਣੀਆਂ ਸ਼ਕਤੀਆਂ ਨੂੰ ਸਿਆਣਪ ਨਾਲ ਵਰਤਦੀ ਹੈ ਤੇ ਕਈ ਵੇਰ ਅੰਨ੍ਹੇਵਾਹ ਵਰਤ ਕੇ ਬਰਬਾਦ ਕਰ ਦਿੰਦੀ ਹੈ। ਉਸਦੀ ਰਚਨਾ

੧. ਇੰਟਲੈਕਚੂਅਲ ਕਲਚਰ, ਹਰਦਿਆਲ ਐਮ. ਏ.

ਵਿਚ ਕਈ ਚੀਜ਼ਾਂ ਸੁੰਦਰ ਹਨ ਤੇ ਕਈ ਬਦਸੂਰਤ। ਅਜਿਹੀ ਬੇਢੱਬੀ ਰਚਨਾ ਕੋਈ ਮੁਕੰਮਲ ਹਸਤੀ ਨਹੀਂ ਕਰ ਸਕਦੀ।

ਇਸ ਦੇ ਉਲਟ ਸਿੱਖ ਧਰਮ ਦਾ ਨਿਸ਼ਚਾ ਹੈ ਕਿ ਸ੍ਰਿਸ਼ਟੀ ਦਾ ਕਰਤਾ ਹੈ। ਉਹ ਸ੍ਰਿਸ਼ਟੀ ਦਾ ਆਦਿ ਤੇ ਅੰਤ ਕਰਦਾ ਹੈ। ਆਤਮਾ ਅਮਰ ਹੈ। ਸਰੀਰ ਦੇ ਨਾਸ ਹੋਣ ਨਾਲ ਉਹ ਨਹੀਂ ਮਰਦਾ। ਮਨੁੱਖ ਦੀ ਬੁੱਧੀ ਤੋਂ ਪਰ੍ਹੇ ਵਾਹਿਗੁਰੂ ਦੀ ਸਿਆਣਪ ਕੰਮ ਕਰਦੀ ਹੈ, ਉਸ ਦੀ ਰਚਨਾ ਅਪੂਰਣ ਨਹੀਂ।

ਰਚਨਾ ਦੋ ਤਰ੍ਹਾਂ ਦੀ ਹੈ—੧. ਪ੍ਰਾਕ੍ਰਿਤਕ, ੨. ਗੈਰ ਮਾਦੀ। ਦੋਹਾਂ ਨੂੰ ਸਮਝਣ ਲਈ ਵੱਖੋ ਵੱਖ ਨਿਯਮ ਹਨ। ਮਾਦੀ ਚੀਜ਼ਾਂ ਨੂੰ ਅਸੀਂ ਅੱਖਾਂ ਨਾਲ ਦੇਖ ਸਕਦੇ ਹਾਂ, ਹੱਥਾਂ ਨਾਲ ਛੂਹ ਸਕਦੇ ਹਾਂ। ਬਹੁਤ ਸੂਖਮ ਚੀਜ਼ਾਂ ਨੂੰ ਖੁਰਦਬੀਨ ਨਾਲ ਵੇਖ ਸਕਦੇ ਹਾਂ। ਗੈਰ-ਮਾਦੀ ਚੀਜ਼ਾਂ ਨੂੰ ਗਿਆਨ ਇੰਦ੍ਰੀਆਂ ਨਾਲ ਨਹੀਂ ਵੇਖ ਸਕਦੇ, ਨਾ ਹੀ ਉਨ੍ਹਾਂ ਦੀ ਵੰਡ ਕਰ ਸਕਦੇ ਹਾਂ, ਪਰ ਉਨ੍ਹਾਂ ਨੂੰ ਅਨੁਭਵ ਕਰ ਸਕਦੇ ਹਾਂ। ਮਨ, ਇਰਾਦੇ, ਪਿਆਰ, ਸ਼ੱਕ, ਦੁਖ ਸੁਖ, ਭੁੱਖ, ਤੇਹ ਆਦਿਕ ਨੂੰ ਅਨੁਭਵ ਜਾਂ ਮਹਿਸੂਸ ਕਰ ਸਕਦੇ ਹਾਂ।

ਹਰੇਕ ਵਸਤੂ ਦੇ ਬਣਾਉਣ ਤੋਂ ਪਹਿਲੇ ਕਰਤਾ ਦੇ ਦਿਲ ਦਿਮਾਗ ਵਿਚ ਉਸ ਦਾ ਨਕਸ਼ਾ ਬਣਦਾ ਹੈ। ਪ੍ਰਕ੍ਰਿਤੀ ਜੜ੍ਹ ਹੈ, ਉਸ ਵਿਚ ਗਿਆਨ ਨਹੀਂ। ਕੀ ਕੋਈ ਨਾਸਤਕ ਸਾਬਤ ਕਰ ਸਕਦਾ ਹੈ ਕਿ ਪ੍ਰਕ੍ਰਿਤੀ ਵਿਚ ਰਚਨਾ ਦਾ ਖਿਆਲ, ਇਸ ਦਾ ਨਕਸ਼ਾ ਜਾਂ ਰੂਪ ਬਦਲਣ ਦੀ ਸ਼ਕਤੀ ਸੀ ? ਨਹੀਂ। ਸ੍ਰਿਸ਼ਟੀ ਕਿਸੇ ਦਾ ਕੀਤਾ ਹੋਇਆ ਕਾਰਜ ਹੈ। ਇਹ ਅਨਾਦੀ ਨਹੀਂ। ਜਦ ਸ੍ਰਿਸ਼ਟੀ ਬਣਾਈ ਗਈ, ਇਸ ਦੇ ਬਣਾਉਣ ਵਿਚ ਕੁਝ ਸਮਾਂ ਲੱਗਾ ਹੋਵੇਗਾ। ਉਸ ਸਮੇਂ ਤੋਂ ਪਹਿਲੇ ਕੋਈ ਸ਼ਕਤੀ ਸੀ, ਜਿਸ ਨੇ ਇਹ ਬਣਾਈ, ਉਹ ਵਾਹਿਗੁਰੂ ਹੈ।

ਸ੍ਰਿਸ਼ਟੀ ਦੇ ਕਾਰਜ ਹੋਣ ਦਾ ਦੂਜਾ ਸਬੂਤ ਇਹ ਹੈ ਕਿ ਇਸ ਵਿਚ ਹਰ ਸਮੇਂ ਪਰਿਵਰਤਨ ਹੁੰਦਾ ਹੈ। ਜੋ ਕਦੀ ਬੱਚਾ ਸੀ, ਉਹ ਕਦੀ ਜਵਾਨ ਤੇ ਫਿਰ ਬੁੱਢਾ ਹੋ ਕੇ ਮਰ ਜਾਂਦਾ ਹੈ। ਜੋ ਬ੍ਰਿਛ ਅਜ ਹਰਿਆ ਭਰਿਆ ਹੈ,

ਕੱਲ ਸੁੱਕ ਕੇ ਡਿੱਗ ਪਵੇਗਾ। ਜਿਸ ਚੀਜ਼ ਵਿਚ ਪਰਿਵਰਤਨ ਹੋਵੇ, ਉਹ ਕਿਸੇ ਦੀ ਰਚਨਾ ਹੁੰਦੀ ਹੈ, ਅਨਾਦੀ ਨਹੀਂ ਹੋ ਸਕਦੀ। ਕਈ ਵਿਦਵਾਨ ਕਹਿੰਦੇ ਹਨ ਕਿ ਤਬਦੀਲੀ ਪ੍ਰਕ੍ਰਿਤੀ ਦੇ ਪ੍ਰਤੱਖ ਰੂਪ ਵਿਚ ਹੁੰਦੀ ਹੈ, ਮੂਲ ਵਿਚ ਨਹੀਂ ਹੁੰਦੀ। ਪਰ ਦਸੋ ਪ੍ਰਤੱਖ ਵਿਚ ਕਿਹੜੀ ਤਾਕਤ ਤਬਦੀਲੀ ਕਰਦੀ ਹੈ?

ਸਾਡੇ ਪਾਸ ਇਕ ਪੁਸਤਕ ਪਈ ਹੈ, ਉਹ ਕਿਸੇ ਨੇ ਲਿਖੀ ਤੇ ਕਿਸੇ ਨੇ ਛਾਪੀ ਹੈ। ਨਾਸਤਕ ਕਹਿੰਦਾ ਹੈ—'ਇਹ ਪੁਸਤਕ ਆਪੇ ਛਪ ਗਈ।' ਨਹੀਂ, 'ਇਕ ਨਿਕੀ ਜਿਹੀ ਰਚਨਾ ਬਿਨਾਂ ਕਰਤਾ ਦੇ ਨਹੀਂ ਹੋ ਸਕਦੀ। ਇਹ ਵਿਸ਼ਾਲ ਜਗਤ ਬਿਨਾਂ ਕਰਤਾ ਦੇ ਕਿਵੇਂ ਬਣ ਗਿਆ?

ਕਈ ਪੱਛਮੀ ਵਿਦਵਾਨ ਵਾਹਿਗੁਰੂ ਨੂੰ ਹਸਤੀ ਨਹੀਂ ਮੰਨਦੇ, ਕਾਨੂੰਨ (Law) ਮੰਨਦੇ ਹਨ। ਜੇ ਉਸ ਨੂੰ ਕਾਨੂੰਨ ਮੰਨਿਆ ਜਾਵੇ ਤਾਂ ਕਾਨੂੰਨ ਬਨਾਉਣ ਤੇ ਉਸ ਪਰ ਵਰਤੋਂ ਕਰਾਉਣ ਵਾਲੇ ਦੀ ਲੋੜ ਹੁੰਦੀ ਹੈ। ਉਹ ਕਾਨੂੰਨ ਨਹੀਂ ਬਲਕਿ ਇਕ ਹਸਤੀ ਹੈ।

ਵਿਕਾਸਵਾਦੀ ਡਾਰਵਿਨ ਕਹਿੰਦਾ ਹੈ—'ਸ੍ਰਿਸ਼ਟੀ ਰਚਨਾ ਤੋਂ ਪਹਿਲੇ ਗੈਸ ਦੀ ਸ਼ਕਲ ਵਿਚ ਇਕ ਤਰ੍ਹਾਂ ਨਿਬੂਲਾ (Nebula) ਸੀ। ਉਹ ਗਰਮ ਸੀ। ਗਰਮ ਮਾਦਾ ਠੰਡਾ ਹੋ ਗਿਆ, ਉਸ ਤੋਂ ਚਿੱਕੜ ਬਣ ਗਿਆ। ਉਸ ਵਿਚ ਪਹਿਲੇ ਕੀੜੇ ਮਕੌੜੇ ਪੈਦਾ ਹੋਏ, ਫਿਰ ਮੱਛੀਆਂ ਤੇ ਰੀਂਗਣ ਵਾਲੇ ਜਾਨਵਰ ਬਣੇ। ਅਖੀਰ ਵਿਚ ਬਾਂਦਰ ਤੇ ਬਾਂਦਰਾਂ ਤੋਂ ਮਨੁੱਖ ਬਣੇ ਹਨ।

ਅਸੀਂ ਸ੍ਰਿਸ਼ਟੀ ਰਚਨਾ ਨੂੰ ਇਸੇ ਤਰ੍ਹਾਂ ਮੰਨ ਲੈਂਦੇ ਹਾਂ। ਪਰ ਦਸੋ ਕਿ ਗਰਮ ਜਾਂ ਠੰਡੇ ਮਾਦੇ ਵਿਚ ਚੇਤੰਨਤਾ ਤੇ ਗਿਆਨ ਕਿਸ ਤਰ੍ਹਾਂ ਪੈਦਾ ਹੋ ਗਏ? ਨਿਰਜੀਵ ਮਾਦੇ ਵਿਚ ਜੀਵ ਕਿਥੋਂ ਆ ਗਏ?

ਹਿੰਦੁਸਤਾਨ ਦੇ ਮਹਾਂ ਪੁਰਖਾਂ ਦਾ ਖਿਆਲ ਹੈ ਕਿ 'ਸ੍ਰਿਸ਼ਟੀ ਰਚਨਾ ਪੰਜਾਂ ਤੱਤਾਂ (ਅੱਗ, ਪਉਣ, ਪਾਣੀ, ਧਰਤੀ ਤੇ ਅਕਾਸ਼) ਤੋਂ ਹੋਈ ਹੈ। ਉਹ ਪੰਜ ਤੱਤ ਇਸ ਲਈ ਮੰਨਦੇ ਹਨ ਕਿ ਮਨੁੱਖ ਦੇ ਪੰਜ ਹੀ ਗਿਆਨ ਇੰਦਰੇ

੧. ਏਥੀਇਜ਼ਮ ਰੀਫਿਊਟਡ, ਜੇ. ਐਫ. ਕਲਾਰਕ।

ਹਨ, ਜਿਨ੍ਹਾਂ ਰਾਹੀਂ ਉਹ ਪ੍ਰਕ੍ਰਿਤਕ ਗਿਆਨ ਹਾਸਲ ਕਰ ਸਕਦਾ ਹੈ। ਇਹ ਇੰਦਰੇ ਇਕ ਇਕ ਤੱਤ ਦੀ ਹੋਂਦ ਨੂੰ ਪ੍ਰਗਟ ਕਰਦੇ ਹਨ। ਜੇਕਰ ਮਨੁੱਖ ਸਰੀਰ ਵਿਚ ਪੰਜ ਤੱਤ ਹੀ ਮੰਨੇ ਜਾਣ ਤਾਂ ਅੱਗ, ਪਉਣ, ਪਾਣੀ ਸਭ ਇਕ ਦੂਸਰੇ ਦੇ ਵਿਰੋਧੀ ਹਨ। ਇਹ ਕਿਸੇ ਤਰ੍ਹਾਂ ਵੀ ਨਹੀਂ ਮਿਲ ਸਕਦੇ। ਪਰ ਕਿਸੇ ਸ਼ਕਤੀ ਨੇ ਇਨ੍ਹਾਂ ਨੂੰ ਮੇਲਿਆ ਹੋਇਆ ਹੈ।

ਪਉਣ ਪਾਣੀ ਬੈਸੰਤਰੋ ਤਿੰਨੇ ਵੈਰੀ ਮੇਲ ਮਿਲਾਯਾ।
ਕਾਠੈ ਅੰਦਰ ਅਗ ਧਰੀ ਅੱਗੀ ਹੋਂਦੀ ਸੁਫਲ ਫਲਾਯਾ।

[ਵਾਰ ਭਾ: ਗੁਰਦਾਸ, ੩੭—੧]

ਅੱਗ ਵਧ ਜਾਵੇ ਤਾਂ ਹਰ ਚੀਜ਼ ਨੂੰ ਸਾੜ ਦੇਵੇ, ਪਾਣੀ ਵਧ ਜਾਵੇ ਤਾਂ ਹਰ ਚੀਜ਼ ਨੂੰ ਗਾਲ ਦੇਵੇ, ਪਉਣ ਵਧ ਜਾਵੇ ਤਾਂ ਹਰ ਚੀਜ਼ ਨੂੰ ਉਡਾ ਦੇਵੇ। ਪਰ ਅਨੰਤ ਸ਼ਕਤੀਆਂ ਦੇ ਮਾਲਕ ਨੇ ਇਨ੍ਹਾਂ ਨੂੰ ਕਿਸੇ ਸੰਜਮ ਵਿਚ ਰਖਿਆ ਹੋਇਆ ਹੈ।

ਨਾਸਤਕ ਕਹਿੰਦਾ ਹੈ ਤੱਤਾਂ ਤੋਂ ਹੀ ਸ੍ਰਿਸ਼ਟੀ ਬਣੀ ਹੈ, ਇਹੀ ਸਰੀਰ ਦਾ ਕਾਰਣ ਹਨ। ਕਬੀਰ ਜੀ ਕਹਿੰਦੇ ਹਨ—

ਪੰਚ ਤਤੁ ਮਿਲਿ ਕਾਇਆ ਕੀਨੀ
ਤਤੁ ਕਹਾ ਤੇ ਕੀਨੁ ਰੇ॥ [ਗੋਂਡ]

ਭਾਵ—ਸਰੀਰ ਦਾ ਕਾਰਣ ਪੰਜ ਤੱਤ ਹਨ, ਪਰ ਤੱਤਾਂ ਦਾ ਕਾਰਣ ਕੌਣ ਹੈ? ਮੰਨ ਲਓ ਸ੍ਰਿਸ਼ਟੀ ਪ੍ਰਮਾਣੂਆਂ ਤੋਂ ਬਣੀ ਹੈ। ਪਰ ਬਣਨ ਤੋਂ ਪਹਿਲੇ ਪ੍ਰਮਾਣੂ ਇਕੱਠੇ ਸਨ ਜਾਂ ਖਿੰਡੇ ਪੁੰਡੇ? ਉਨ੍ਹਾਂ ਨੂੰ ਇਕੱਤ੍ਰ ਕਿਸ ਨੇ ਕੀਤਾ? ਉਨ੍ਹਾਂ ਵਿਚ ਜੋ ਭੇਦ ਤੇ ਅਨੇਕਤਾ ਸੀ, ਉਸ ਨੂੰ ਕਿਸ ਨੇ ਮਿਟਾਇਆ? ਦਸੋ ਪ੍ਰਕ੍ਰਿਤੀ ਵਿਚ ਬਣਨ ਦੀ ਸ਼ਕਤੀ ਵਧੇਰੇ ਹੈ ਜਾਂ ਵਿਗੜਨ ਦੀ? ਜੇ ਕਹੋ ਵਿਗੜਨ ਦੀ ਤਾਂ ਵਿਗੜਦੀ ਜਾਣੀ ਚਾਹੀਦੀ ਹੈ। ਜੇ ਕਹੋ ਬਣਨ ਦੀ ਤਾਂ ਬਣੀ ਹੀ ਜਾਣੀ ਚਾਹੀਦੀ ਹੈ। ਪਰ ਇਕੋ ਵਕਤ ਵਿਚ ਬਣਦੀ ਅਤੇ ਵਿਗੜਦੀ ਹੈ। ਕੁਦਰਤ ਦਾ ਕਾਰਖਾਨਾ ਇਕ ਰਸ ਚਲ ਰਿਹਾ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਇਸ ਦੇ ਪਿਛੇ ਇਕ ਮਹਾਨ ਸ਼ਕਤੀ ਕੰਮ ਕਰ ਰਹੀ ਹੈ। ਇਹ ਰਚਨਾ ਕਿਸੇ ਦਾ ਕਾਰਜ ਹੈ,

ਕੋਈ ਸ਼ਕਤੀ ਇਸ ਦਾ ਕਾਰਣ ਹੈ। ਕਾਰਣ ਤਿੰਨ ਪ੍ਰਕਾਰ ਦੇ ਹੁੰਦੇ ਹਨ—

੧) ਉਤਪਾਦਕ ਜਾਂ ਮਾਦੀ ਕਾਰਣ (Material cause) ਜੋ ਕਾਰਣ ਕਾਰਜ ਦੇ ਵਿਚ ਰਹੇ। ਜਿਸ ਤਰ੍ਹਾਂ ਘੜੇ ਦਾ ਕਾਰਣ ਮਿੱਟੀ ਹੈ।

੨) ਨਮਿੱਤ ਕਾਰਣ (Efficient cause)—ਜੋ ਕਾਰਣ ਵਿਚ ਨਾ ਰਹੇ,ਪਰ ਉਸ ਨੂੰ ਬਨਾਉਣ ਵਾਲਾ ਹੋਵੇ। ਜਿਸ ਤਰ੍ਹਾਂ ਘੁਮਿਆਰ ਮਿੱਟੀ ਤੋਂ ਘੜੇ ਨੂੰ ਬਣਾਉਂਦਾ ਹੈ, ਪਰ ਆਪ ਨਹੀਂ ਰਹਿੰਦਾ। ਘੁਮਿਆਰ ਨਮਿੱਤ ਕਾਰਣ ਹੈ।

੩) ਸਾਧਨ ਕਾਰਣ (Instrumental cause)—ਜਿਵੇਂ ਘੁਮਿਆਰ ਪਾਸ ਘੜਾ ਬਨਾਉਣ ਲਈ ਮਿੱਟੀ ਦੇ ਨਾਲ ਚੱਕ ਤੇ ਰੱਸੀ ਆਦਿਕ ਹੁੰਦੇ ਹਨ। ਮਿੱਟੀ, ਘੁਮਿਆਰ ਤੇ ਚੱਕ ਆਦਿਕ ਸੰਦ ਹੋਣ ਤਾਂ ਘੜਾ ਬਣ ਸਕਦਾ ਹੈ। ਇਸੇ ਤਰ੍ਹਾਂ ਸ੍ਰਿਸ਼ਟੀ ਰਚਨਾ ਪ੍ਰਕ੍ਰਿਤੀ ਤੋਂ ਹੋਈ ਹੈ, ਪਰ ਪ੍ਰਕ੍ਰਿਤੀ ਜਾਂ ਸ਼ਕਤੀ ਨੂੰ ਪੈਦਾ ਕਰਨ ਵਾਲਾ ਈਸ਼ਵਰ ਹੈ। ਉਹ ਸਭ ਦਾ ਕਾਰਣ ਹੈ। ਪਾਵਨ ਗੁਰਬਾਣੀ ਦੇ ਵਾਕ ਹਨ—

੧. ਕਰਨ ਕਾਰਨ ਪ੍ਰਭੁ ਏਕੁ ਹੈ ਦੂਸਰ ਨਾਹਿਨ ਕੋਇ ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥

੨. ਜੈਸਾ ਸਾ ਤੈਸਾ ਦ੍ਰਿਸਟਾਇਆ ॥
ਅਪਨੇ ਕਾਰਜ ਮਹਿ ਆਪਿ ਸਮਾਇਆ ॥ [ਸੁਖਮਨੀ]

ਨਾਸਤਕ ਕਹਿੰਦਾ ਹੈ—ਸ੍ਰਿਸ਼ਟੀ ਦਾ ਕਾਰਣ ਤੇ ਵਾਹਿਗੁਰੂ ਨੂੰ ਮੰਨ ਲਓ, ਪਰ ਦਸੋ ਵਾਹਿਗੁਰੂ ਦਾ ਕਾਰਣ ਕੌਣ ਹੋਇਆ?' ਇਸ ਦਾ ਉੱਤਰ ਇਹ ਹੈ ਕਿ ਬੀਜ ਤੋਂ ਬ੍ਰਿਛ ਹੁੰਦਾ ਹੈ। ਬੀਜ ਦਾ ਬੀਜ ਕਦੀ ਨਹੀਂ ਹੁੰਦਾ। 'ਕਾਰਜ' ਦਾ 'ਕਾਰਣ' ਤੇ ਹੁੰਦਾ ਹੈ, ਪਰ 'ਕਾਰਣ' ਦਾ 'ਕਾਰਣ' ਕਦੀ ਨਹੀਂ ਹੁੰਦਾ।

ਨਾਸਤਕ ਕਹਿੰਦਾ ਹੈ—'ਜੇ ਰੱਬ ਹੈ ਤਾਂ ਉਹ ਦਿਸਦਾ ਕਿਉਂ ਨਹੀਂ?' ਇਹ ਪ੍ਰਸ਼ਨ ਹੀ ਗਲਤ ਹੈ। ਰੱਬ ਅਨਦ੍ਰਿਸ਼ਟ ਹੈ, ਉਸ ਨੂੰ ਇਨ੍ਹਾਂ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ। ਅਸੀਂ ਆਪਣੇ ਮਨ, ਸੰਕਲਪ,

ਰਸ, ਸੁਆਦ ਤੇ ਪਿਆਰ ਨੂੰ ਨਹੀਂ ਦੇਖ ਸਕਦੇ, ਨਾ ਦੱਸ ਸਕਦੇ ਹਾਂ। ਨਜ਼ਰ ਅੱਖਾਂ ਵਿਚ ਹੈ, ਪਰ ਸਾਨੂੰ ਪਤਾ ਨਹੀਂ ਨਜ਼ਰ ਕੀ ਹੈ? ਪ੍ਰਤੱਖ ਨੂੰ ਹੀ ਪ੍ਰਮਾਣ ਮੰਨਿਆ ਜਾਵੇ ਤਾਂ ਕਈ ਚੀਜ਼ਾਂ ਅਸੀਂ ਸਾਰੀ ਉਮਰ ਨਹੀਂ ਵੇਖੀਆਂ, ਪਰ ਉਨ੍ਹਾਂ ਪਰ ਨਿਸਚਾ ਕਰਦੇ ਹਾਂ। ਗੁਰੂ ਜੀ ਦੱਸਦੇ ਹਨ— 'ਜਿਵੇਂ' ਫੁੱਲ ਵਿਚ ਸੁਗੰਧੀ ਅਤੇ ਦੁੱਧ ਵਿਚ ਘਿਉ ਹੁੰਦਾ ਹੈ, ਪਰ ਉਹ ਨਹੀਂ ਦਿਸਦੇ। ਦੁੱਧ ਨੂੰ ਜਮਾਓ, ਰਿੜਕੋ ਤਾਂ ਫਿਰ ਮੱਖਣ ਨਿਕਲੇਗਾ। ਇਸੇ ਤਰ੍ਹਾਂ ਵਾਹਿਗੁਰੂ ਦੀ ਹੋਂਦ ਨੂੰ ਅੱਖਾਂ ਨਾਲ ਨਹੀਂ ਦੇਖ ਸਕਦੇ, ਮਨ ਦਵਾਰਾ ਭਗਤੀ ਦੇ ਸਾਧਨ ਕਰਕੇ ਮਹਿਸੂਸ ਕਰ ਸਕਦੇ ਹਾਂ।

ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥

ਨਾਸਤਕ ਕਹਿੰਦਾ ਹੈ—'ਜੇ ਈਸ਼ਵਰ ਬੇਅੰਤ ਹੈ ਤਾਂ ਅਸੀਂ ਉਸ ਨੂੰ ਜਾਣ ਹੀ ਕਿਸ ਤਰ੍ਹਾਂ ਸਕਦੇ ਹਾਂ?' ਗੁਰੂ ਜੀ ਇਸ ਦਾ ਉੱਤਰ ਦਿੰਦੇ ਹਨ—

ਪਿਤਾ ਕਾ ਜਨਮ ਕਿ ਜਾਨੈ ਪੂਤੁ ॥
ਸਗਲ ਪਰੋਈ ਅਪਨੈ ਸੂਤਿ ॥

ਭਾਵ—ਕੋਈ ਪੁੱਤਰ ਆਪਣੇ ਪਿਤਾ ਸਬੰਧੀ ਪੂਰਾ ਗਿਆਨ ਨਹੀਂ ਰਖਦਾ, ਪਰ ਉਸ ਦੀ ਹੋਂਦ ਮੰਨਦਾ ਹੈ। ਏਸੇ ਤਰ੍ਹਾਂ ਵਾਹਿਗੁਰੂ ਬੇਅੰਤ ਹੈ, ਪਰ ਉਸ ਦੀ ਹੋਂਦ ਦਾ ਅਹਿਸਾਸ ਸਾਡੇ ਜੀਵਨ ਵਿਚ ਰਸ ਪੈਦਾ ਕਰਦਾ ਹੈ।

ਇਕ ਪੱਛਮੀ ਵਿਦਵਾਨ ਨੇ ਕਿਹਾ ਹੈ—

God is like a circle,whose centre is every where but circumference nowhere.

ਈਸ਼ਵਰ ਇਕ ਗੋਲਾਈ ਦੀ ਤਰ੍ਹਾਂ ਹੈ, ਜਿਸ ਦਾ ਕੇਂਦਰ ਹਰ ਥਾਂ ਹੈ, ਪਰ ਉਸ ਦਾ ਘੇਰਾ ਕਿਤੇ ਵੀ ਨਹੀਂ।

ਨਾਸਤਕ ਸਭ ਤੋਂ ਵੱਡੀ ਦਲੀਲ ਇਹ ਦਿੰਦਾ ਹੈ—'ਜੇ ਈਸ਼ਵਰ ਇਕ ਸੰਪੂਰਣ ਸ਼ਕਤੀ ਹੈ ਤਾਂ ਉਸ ਤੋਂ ਅਪੂਰਣ ਜਗਤ ਦੀ ਰਚਨਾ ਕਿਵੇਂ ਹੋਈ? ਰਚਨਾ ਵਿਚ ਬੜਾ ਭੇਦ ਹੈ। ਹਿਮਾਲਾ ਦੀ ਇਕ ਚੋਟੀ ੨੯੨੦੦

ਫੁੱਟ ਉੱਚੀ ਹੈ ਤੇ ਥੱਲੇ ਖੱਡਾਂ ਤੇ ਪੱਧਰੇ ਮੈਦਾਨ ਬਣੇ ਹੋਏ ਹਨ। ਇਹ ਬੇ-ਢੰਗੀ ਰਚਨਾ ਕਿਉਂ ਹੈ ?

ਇਸ ਦਾ ਉੱਤਰ ਇਹ ਹੈ ਕਿ 'ਪੂਰੇ ਕਾ ਕੀਆ ਸਭ ਕਿਛੁ ਪੂਰਾ' ਰਚਨਾ ਵਿਚ ਕੋਈ ਚੀਜ਼ ਨਾ-ਮੁਕੰਮਲ ਤੇ ਬੇ-ਲੋੜਵੀਂ ਨਹੀਂ। ਰਚਨਾ ਦੀ ਹੋਂਦ ਲਈ ਭੇਦ ਦਾ ਹੋਣਾ ਜ਼ਰੂਰੀ ਹੈ। ਅੱਗ ਸਾਡਾ ਭੋਜਨ ਪਕਾਂਦੀ ਹੈ ਪਰ ਨਾਲ ਹੀ ਘਰ ਭੀ ਸਾੜ ਸੁੱਟਦੀ ਹੈ। ਜੇ ਉਸ ਵਿਚ ਘਰ ਸਾੜਨ ਦਾ ਗੁਣ ਨਾ ਹੁੰਦਾ ਤਾਂ ਭੋਜਨ ਵੀ ਨਾ ਪਕਾ ਸਕਦੀ। ਹਿਮਾਲਾ ਉੱਚਾ ਨਾ ਹੁੰਦਾ ਤਾਂ ਮਾਨਸੂਨ ਨੂੰ ਨਾ ਰੋਕ ਸਕਦਾ, ਬਰਫ ਨਾ ਪੈਂਦੀ, ਬਾਰਸ਼ਾਂ ਨਾ ਹੁੰਦੀਆਂ, ਦਰਿਆ ਨਾ ਹੁੰਦੇ, ਸਾਡੀਆਂ ਖੇਤੀਆਂ ਨਾ ਹੁੰਦੀਆਂ।

o

ੴ

ਵਾਹਿਗੁਰੂ

ਸਾਇੰਸ ਦੀ ਖੋਜ, ਆਸਤਕਤਾ ਵਲ ਰੁਚੀ

(੪)

ਸਾਇੰਸ ਦਾ ਕੰਮ ਪ੍ਰਕ੍ਰਿਤੀ ਦੀ ਖੋਜ ਕਰਨਾ ਹੈ। ਆਤਮਾ, ਪ੍ਰਮਾਤਮਾ, ਨੇਕੀ ਤੇ ਬਦੀ ਉਤੇ ਵਿਚਾਰ ਕਰਨੀ ਮਜ਼੍ਹਬ ਦਾ ਕੰਮ ਹੈ। ਪਿਛਲੇ ਚਾਰ ਸੌ ਸਾਲਾਂ ਵਿਚ ਪੱਛਮ ਨੇ ਪ੍ਰਕ੍ਰਿਤੀ ਸਬੰਧੀ ਜੋ ਖੋਜ ਕੀਤੀ ਹੈ, ਉਹ ਬਹੁਤ ਉਤਮ ਹੈ। ਉਸ ਨੇ ਮਨੁੱਖ ਦੇ ਵਰਤਮਾਨ ਜੀਵਨ ਉਤੇ ਬਹੁਤ ਅਸਰ ਪਾਇਆ ਹੈ। ਸਾਇੰਸ ਨੇ ਕਈ ਲਾਭਦਾਇਕ ਕਾਢਾਂ ਕੱਢ ਕੇ ਬੜਾ ਉਪਕਾਰ ਕੀਤਾ ਹੈ, ਪਰ ਨਾਲ ਹੀ ਪੱਛਮ ਦੀ 'ਹਉਮੈ' ਮਾਦਾ ਪ੍ਰਸਤੀ, ਸਵਾਰਥੀ ਤੇ ਸਾਮਰਾਜੀ ਮਨੋਬ੍ਰਿਤੀ ਦੇ ਕਾਰਨ ਤਬਾਹੀ ਦੇ ਸਮਾਨ ਵੀ ਪੈਦਾ ਕੀਤੇ ਹਨ। ਫਿਰ ਵੀ ਸਾਇੰਸ ਦੀ ਵਰਤਮਾਨ ਖੋਜ 'ਬੇਅੰਤ' ਨੂੰ ਅਨੁਭਵ ਕਰਾਂਦੀ ਹੈ। ਅਸੀਂ ਦੱਸਣਾ ਚਾਹੁੰਦੇ ਹਾਂ ਕਿ ਸਾਇੰਸ ਦੀ ਡੂੰਘੀ ਖੋਜ ਨੇ ਸਾਇੰਸਦਾਨਾਂ ਦੀ ਰੁਚੀ ਨਾਸਤਕਤਾ ਵਲੋਂ ਹਟਾ ਕੇ ਪ੍ਰਮਾਤਮਾ ਦੇ ਮੰਨਣ ਵਲ ਲਾ ਦਿਤੀ ਹੈ।

ਸਾਇੰਸ ਦੱਸਦੀ ਹੈ, ਮਾਦੇ ਦੇ ਭਿੰਨ ਰੂਪ ਹਨ—

੧. ਗੈਸਜ਼—ਆਕਸੀਜਨ, ਹਾਈਡਰੋਜਨ, ਕਾਰਬਨ ਆਦਿਕ। ਧੂਪ, ਸੁਗੰਧੀ, ਭਾਪ ਦੇ ਰੂਪ ਵਿਚ ਸੂਖਮ ਤੱਤ।

੨. ਦ੍ਰਵ ਪਦਾਰਥ ਜਾਂ ਰਸ (Liquid)—ਪਾਣੀ, ਤੇਲ ਤੇ ਦੁੱਧ ਆਦਿਕ।

੩. ਠੋਸ ਪਦਾਰਥ (Solid)—ਸੋਨਾ, ਚਾਂਦੀ, ਲੋਹਾ, ਮਿੱਟੀ, ਪੱਥਰ ਤੇ ਪਹਾੜ ਆਦਿਕ। ਰਚਨਾ ਦੀਆਂ ਅਗੋਂ ਚਾਰ ਸ਼੍ਰੇਣੀਆਂ ਹਨ—

੧. ਮਨੁੱਖ ਸਭ ਤੋਂ ਵਧੇਰੇ ਉੱਤਮ ਗਿਆਨ, ਦਿਲ ਦਿਮਾਗ ਤੇ ਸਰੀਰ ਰਖਣ ਵਾਲਾ ਹੈ।

੨. ਪਸ਼ੂ-ਪੰਛੀ, ਜੀਵ-ਜੰਤੂ, ਕੀੜੇ-ਮਕੌੜੇ ਆਦਿਕ।

੩. ਬਨਾਸਪਤੀ—ਬੇਲ-ਬੂਟੇ, ਬ੍ਰਿਛ ਆਦਿਕ।

੪. ਜੜ੍ਹ ਰਚਨਾ—ਸੂਰਜ, ਚੰਦ੍ਰਮਾ, ਪ੍ਰਿਥਵੀ, ਗ੍ਰਹਿ, ਨਛੱਤਰ ਤੇ ਪਹਾੜ ਆਦਿਕ। ਇਸ ਸਾਰੀ ਰਚਨਾ ਵਿਚ ਇਕ ਅਣਡਿੱਠ ਜਿਹੀ ਏਕਤਾ ਪਾਈ ਜਾਂਦੀ ਹੈ। ਮਨੁੱਖ ਵਿਚ ਜੀਵਨ ਜਾਗਦਾ ਹੈ, ਪਸ਼ੂਆਂ ਪੰਛੀਆਂ ਵਿਚ ਉਂਘਲਾਂਦਾ ਹੈ, ਬਨਾਸਪਤੀ ਵਿਚ ਸੁਪਨੇ ਲੈਂਦਾ ਹੈ ਤੇ ਜੜ੍ਹ ਪਦਾਰਥਾਂ ਵਿਚ ਘੂਕ ਸੁੱਤਾ ਪਿਆ ਹੈ।

[ਗਿਆਨ ਮਾਰਗ, ੧੨੬]

ਵਾਹਿਗੁਰੂ ਨੂੰ ਜਾਣਨਾ ਤਾਂ ਬਹੁਤ ਕਠਨ ਹੈ। ਉਸ ਦੀ ਰਚਨਾ ਇਤਨੀ ਅਸਚਰਜ ਤੇ ਬੇਅੰਤ ਹੈ ਕਿ ਉਸ ਨੂੰ ਜਾਂ ਉਸ ਦੇ ਕਿਸੇ ਇਕ ਅੰਗ ਨੂੰ ਵੀ ਜਾਣਨਾ ਮੁਸ਼ਕਲ ਹੈ। ਮਨੁੱਖੀ ਸਰੀਰ ਨੂੰ ਲੈ ਲਓ। ਪੰਜਾਂ ਤੱਤਾਂ ਨਾਲ ਸਰੀਰ ਬਣਦਾ ਹੈ। ਮਾਂ ਦੀ ਰਕਤ ਤੇ ਪਿਤਾ ਦਾ ਵੀਰਜ ਮਿਲ ਕੇ ਸਰੀਰ ਦੀ ਬਣਤਰ ਸ਼ੁਰੂ ਹੁੰਦੀ ਹੈ। ਮਾਤਾ ਦੇ ਗਰਭ ਵਿਚ ਸਰੀਰ ਬਣਨ ਸਮੇਂ ਅਸਚਰਜ ਕਿਰਿਆ ਹੁੰਦੀ ਹੈ। ਮਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਕੋਈ ਮਹਾਨ ਅਤੇ ਸਿਆਣੀ ਸ਼ਕਤੀ ਪੇਟ ਵਿਚ ਬੱਚੇ ਦੇ ਸੁੰਦਰ ਅੰਗਾਂ, ਦਿਲ, ਦਿਮਾਗ, ਬੁੱਧੀ, ਮਨ ਤੇ ਚਿੱਤ ਬਣਾਉਂਦੀ ਹੈ। ਮਾਸ ਦੇ ਲੋਥੜੇ ਵਿਚ ਚੇਤਨਤਾ ਪੈਦਾ ਕਰਦੀ ਹੈ। ਮਨੁੱਖ ਦੇ ਦਿਮਾਗ ਦਾ ਵਜ਼ਨ ੧੩੮੦ ਮਾਸੇ ਹੁੰਦਾ ਹੈ, ਜਿਸ ਵਿਚ ੯੨ ਕ੍ਰੋੜ ਕੋਸ਼ (Cells) ਹੁੰਦੇ ਹਨ, ਦਿਮਾਗ ਕਰਕੇ ਮਨੁੱਖ ਸੋਚ ਸਕਦਾ ਹੈ। ਇਸ ਨੇ ਉੱਨਤੀ ਕੀਤੀ ਹੈ। ਸਾਰੇ ਸਰੀਰ ਵਿਚ ਬੇਅੰਤ ਕੋਸ਼ ਹੁੰਦੇ ਹਨ, ਜਿਨ੍ਹਾਂ ਵਿਚ ਜੀਵਨ ਤੱਤ ਅੰਡੇ ਦੀ ਸਫੇਦੀ ਅਤੇ ਸ਼ਹਿਦ ਵਰਗਾ ਭਰਿਆ ਹੁੰਦਾ ਹੈ। ਇਹ ਕੋਸ਼ ਬਣਦੇ ਤੇ ਵਿਗੜਦੇ ਰਹਿੰਦੇ ਹਨ। ਜੀਵਨ ਕੀ ਹੈ? ਇਸ ਦਾ ਕਿਸੇ ਨੂੰ ਪਤਾ ਨਹੀਂ, ਨਾ ਇਹ ਸ਼ਕਤੀ ਹੈ ਨਾ ਪਦਾਰਥ। ਉਹ ਮਾਦਾ, ਜਿਸ ਤੋਂ ਮਨੁੱਖੀ ਸਰੀਰ, ਜਾਨਵਰ ਤੇ ਬ੍ਰਿਛ ਆਦਿਕ ਬਣਦੇ ਹਨ। ਜਿਸ ਨੂੰ ਜੀਵਨ ਤੱਤ ਕਹਿਣਾ ਚਾਹੀਦਾ

ਹੈ, ਉਹ ਸਭ ਵਿਚ ਇਕੋ ਜਿਹਾ ਹੈ। ਜਨਮ ਲੈ ਕੇ ਜਦ ਮਨੁੱਖ ਬਾਹਰਲੀ ਕ੍ਰਿਆ ਵਿਚ ਪ੍ਰਵੇਸ਼ ਕਰਦਾ ਹੈ ਤਦ ਕਈ ਕਰਮ ਸੋਚ, ਗਿਆਨ ਤੇ ਇਰਾਦੇ ਨਾਲ ਕਰਦਾ ਹੈ, ਜਿਹਾ ਕਿ ਤੁਰਨਾ, ਫਿਰਨਾ, ਖਾਣਾ, ਪੀਣਾ। ਕਈ ਕ੍ਰਿਆਵਾਂ ਸੁਭਾਵਕ ਅਤੇ ਅਚੇਤ ਹੋਈ ਜਾਂਦੀਆਂ ਹਨ, ਜਿਹਾ ਕਿ ਦਿਲ ਦੀ ਹਰਕਤ, ਨਾੜੀਆਂ ਦਾ ਚਲਣਾ, ਲਹੂ ਦਾ ਗੇੜ, ਅੱਖਾਂ ਦਾ ਝਮਕਣਾ ਆਦਿਕ। ਕੀ ਸਾਰੀ ਰਚਨਾ ਦਾ ਸਰਦਾਰ ਗਿਆਨਵਾਨ ਮਨੁੱਖ ਕਿਸੇ ਅੰਨ੍ਹੀ ਸ਼ਕਤੀ ਨੇ ਬਣਾ ਦਿਤਾ ਹੈ? ਨਹੀਂ।

ਮਨੁੱਖਤਾ ਦੇ ਥੱਲੇ ਜਾਨਵਰ, ਪਸ਼ੂ, ਪੰਛੀ, ਕੀੜੇ-ਮਕੌੜੇ ਆਦਿਕ ਹਨ, ਇਨ੍ਹਾਂ ਦੀ ਕੋਈ ਗਿਣਤੀ ਨਹੀਂ। ਬੁੱਧੀ ਦੇ ਕਈ ਚਮਤਕਾਰਾਂ ਵਿਚ ਜਾਨਵਰ ਮਨੁੱਖ ਨੂੰ ਵੀ ਮਾਤ ਕਰ ਦਿੰਦੇ ਹਨ। ਮੀਂਹ ਦਾ ਰੁਖ ਹੋਵੇ ਤਾਂ ਕੀੜੀਆਂ ਆਂਡੇ ਸੰਭਾਲਦੀਆਂ ਹਨ। ਬੀਮਾਰੀ ਪੈਣੀ ਹੋਵੇ ਤਾਂ ਕਾਂ ਉਡ ਜਾਂਦੇ ਹਨ। ਪਸ਼ੂਆਂ ਵਿਚ ਕਈ ਗੁਣ ਹਨ। ਉਹ ਦੁੱਖ, ਸੁੱਖ, ਪਿਆਰ ਤੇ ਨਫ਼ਰਤ ਨੂੰ ਅਨੁਭਵ ਕਰਦੇ ਹਨ। ਮਹਾਰਾਜ ਕਹਿੰਦੇ ਹਨ—

ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥

[ਗੂਜਰੀ ਮ: ੧]

ਭਾਵ—ਪਸ਼ੂ ਘਾਹ ਖਾ ਕੇ ਦੁੱਧ ਦਿੰਦੇ ਹਨ।

ਜਦ ਕੋਈ ਵਸਤੂ ਜੀਰਣ ਹੋ ਜਾਂਦੀ ਹੈ, ਮਨੁੱਖ ਜਾਂ ਜਾਨਵਰ ਮਰ ਜਾਂਦਾ ਹੈ ਤੇ ਉਸ ਦੀ ਕੋਈ ਸੰਭਾਲ ਨਹੀਂ ਕਰਦਾ, ਤਦ ਕੁਦਰਤ ਦੇ ਸੇਵਾਦਾਰ ਤੇ ਬੇਅੰਤ ਕਾਮੇ—ਮੱਖੀਆਂ, ਮੱਛਰ, ਕੀੜੇ-ਮਕੌੜੇ ਆਦਿਕ ਸੰਭਾਲ ਕਰਦੇ ਹਨ। ਜਦ ਕੋਈ ਲਾਸ਼ ਗਲ ਜਾਂ ਸੜ ਰਹੀ ਹੁੰਦੀ ਹੈ, ਉਸ ਵਿਚੋਂ ਬਦਬੂ ਆਉਂਦੀ ਹੈ। ਇਸ ਦਾ ਮਤਲਬ ਹੈ ਕਿ ਹਵਾ ਦੇ ਪ੍ਰਮਾਣੂ ਉਸ ਲਾਸ਼ ਵਿਚੋਂ ਲੋੜੀਂਦੇ ਤੱਤਾਂ ਦੀ ਸੰਭਾਲ ਕਰ ਰਹੇ ਹਨ। ਕੀ ਇਹ ਸਾਰੀ ਲੀਲ੍ਹਾ ਕਿਸੇ ਅਣਡਿੱਠ ਦੇ ਹੁਕਮ ਵਿਚ ਨਹੀਂ ਹੋ ਰਹੀ?

ਜਰ੍ਹਾ ਪ੍ਰਿਥਵੀ ਨੂੰ ਲੈ ਲਓ। ਵੇਖੋ ਇਹ ਕਿੰਨੀ ਵੱਡੀ ਹੈ। ਧਰਤੀ ਹੇਠ ਲਿਖੇ ਤੱਤਾਂ ਦੀ ਇਸ ਮਿਣਤੀ ਅਨੁਸਾਰ ਬਣੀ ਹੋਈ ਹੈ—ਆਕਸੀਜਨ ੪੬.੬੨, ਅਲਮੋਨੀਅਮ ੮.੫, ਚੂਨਾ ੩.੦੬੩, ਪੋਟਾਸ਼ੀਅਮ ੨.੫੬,

ਲੋਹਾ ੫.੦੩, ਸੋਡੀਅਮ ੨.੧੨ ਤੇ ਮੈਗਨੇਸ਼ੀਅਮ ੨.੦੭, ਪ੍ਰਿਥਵੀ ੬੬੬੬੦੦੦ ਮੀਲ ਫੀ ਘੰਟੇ ਦੀ ਰਫਤਾਰ ਨਾਲ ਘੁੰਮ ਰਹੀ ਹੈ। ਇਸ ਦੀ ਇਕ ਆਪਣੀ ਧੁਰੀ ਹੈ, ਜਿਸ ਦੇ ਦੁਆਲੇ ੨੪ ਘੰਟਿਆਂ ਵਿਚ ਇਕ ਵੇਰ ਘੁੰਮਦੀ ਹੈ। ਇਸ ਸਮੇਂ ਨੂੰ ਦਿਨ ਅਤੇ ਰਾਤ ਕਹਿੰਦੇ ਹਨ। ਸੂਰਜ ਦੇ ਦੁਆਲੇ ਘੁੰਮਣ ਦਾ ਰਸਤਾ ਲੰਬੂਤਰਾ ਜਿਹਾ ਹੈ। ੨੧ ਮਾਰਚ ਤੇ ੨੧ ਸਤੰਬਰ ਨੂੰ ਧਰਤੀ ਸੂਰਜ ਦੇ ਸਭ ਤੋਂ ਨੇੜੇ ਅਤੇ ੨੧ ਜੂਨ ਤੇ ੨੧ ਦਸੰਬਰ ਨੂੰ ਸਭ ਤੋਂ ਦੂਰ ਹੁੰਦੀ ਹੈ। ਇਸ ਲਈ ੨੧ ਜੂਨ ਦਾ ਦਿਨ ਤੇ ੨੧ ਦਸੰਬਰ ਦੀ ਰਾਤ ਸਭ ਤੋਂ ਵੱਡੀ ਹੁੰਦੀ ਹੈ। ਧਰਤੀ ਵਿਚ ਆਕਰਖਣ ਸ਼ਕਤੀ (Gravity) ਕੰਮ ਕਰਦੀ ਹੈ। ਦੂਸਰੇ ਉੱਤਰੀ ਤੇ ਦੱਖਣੀ ਧਰੁਵਾਂ ਦੇ ਵਿਚਕਾਰ ਇਕ ਚੁੰਬਕ-ਸ਼ਕਤੀ (Magnetic Force) ਕੰਮ ਕਰ ਰਹੀ ਹੈ। ਇਨ੍ਹਾਂ ਸ਼ਕਤੀਆਂ ਨੇ ਸਾਰੀ ਰਚਨਾ ਨੂੰ ਬਰਾਬਰ ਸਮਤੁਲ (Well balanced) ਰਖਿਆ ਹੋਇਆ ਹੈ।

ਸੂਰਜ ਵਲ ਵੇਖੋ, ਇਹ ਪ੍ਰਕਾਸ਼ ਅਤੇ ਗਰਮੀ ਦਾ ਭੰਡਾਰ ਧਰਤੀ ਤੋਂ ੧੩ ਲੱਖ ਗੁਣਾਂ ਵੱਡਾ ਹੈ ਤੇ ੯ ਕ੍ਰੋੜ ਮੀਲ ਦੂਰ ਹੈ, ਅਨੰਤ ਕਾਲ ਤੋਂ ਪ੍ਰਕਾਸ਼ ਅਤੇ ਗਰਮੀ ਦੇ ਰਿਹਾ ਹੈ। ਇਹ ਮਨੁੱਖ, ਪਸ਼ੂ-ਪੰਛੀਆਂ ਤੇ ਬਨਾਸ-ਪਤੀ ਨੂੰ ਜੀਵਨ ਦੇਣ ਵਾਲਾ ਹੈ। ੧੦੦ ਡਿਗਰੀ ਦੀ ਗਰਮੀ ਤੇ ਪਾਣੀ ਉਬਲਦਾ ਹੈ। ੧੦੦੦ ਡਿਗਰੀ ਤੇ ਸੋਨਾ ਪਿਘਲ ਜਾਦਾ ਹੈ। ਬਿਜਲੀ ਦੀ ਤੇਜ਼ ਭੱਠੀ ੩੦੦੦ ਡਿਗਰੀ ਤਕ ਗਰਮੀ ਦੇ ਸਕਦੀ ਹੈ। ਪਰ ਸੂਰਜ ਵਿਚ ੬੦੦੦ ਡਿਗਰੀ ਦੀ ਗਰਮੀ ਹੈ। ਸੂਰਜ ਦੇ ਇਕ ਮੁਰੱਬਾ ਇੰਚ ਵਿਚ ੫੦ ਘੋੜਿਆਂ ਦੀ ਸ਼ਕਤੀ ਹੈ। ਸੂਰਜ ਦੀ ਗਰਮੀ ਅਤੇ ਰੋਸ਼ਨੀ ਕਿਸ ਨੇ ਕਾਇਮ ਰਖੀ ਹੋਈ ਹੈ ? ਕੋਈ ਨਹੀਂ ਦੱਸ ਸਕਦਾ। ਇਹ ਗਰਮੀ ਅੰਗ੍ਰੀਵ ਗੈਸਾਂ ਨਾਲ ਹੀ ਬਣਦੀ ਹੈ।

ਚੰਦ੍ਰਮਾ ਵਲ ਤਕੋ, ਇਹ ਧਰਤੀ ਦਾ ਇਕ ਭਾਗ ਹੈ, ਜੋ ਬੜੇ ਚਿਰ ਤੋਂ ਇਸ ਤੋਂ ਅੱਡ ਹੋ ਚੁੱਕਾ ਹੈ। ਇਸ ਵਿਚ ਗਰਮੀ ਨਹੀਂ, ਬਹੁਤ ਠੰਡਾ ਹੈ। ਇਸ ਲਈ ਇਸ ਵਿਚ ਕੋਈ ਜਾਨਦਾਰ ਨਹੀਂ। ਚੰਦ੍ਰਮਾ ਦਾ ਘੇਰਾ ੨੧੬੦ ਮੀਲ ਹੈ। ਇਹ ਧਰਤੀ ਤੋਂ ੨ ਲੱਖ ੫੦ ਹਜ਼ਾਰ ਮੀਲ

ਦੂਰ ਹੈ। ੨੨੨੭ ਮੀਲ ਫੀ ਘੰਟੇ ਦੀ ਰਫਤਾਰ ਨਾਲ ਧਰਤੀ ਦੇ ਦੁਆਲੇ ਘੁੰਮਦਾ ਹੈ। ਇਹ ਸੂਰਜ ਤੋਂ ਪ੍ਰਕਾਸ਼ ਲੈਂਦਾ ਹੈ। ਮਾਨਵਤਾ ਦੇ ਇਤਿਹਾਸ ਵਿਚ ੨੦ ਜੁਲਾਈ ੧੯੬੯ ਇਕ ਇਤਿਹਾਸਕ ਦਿਨ ਹੈ, ਜਦ ਕਿ ਇਕ ਅਮਰੀਕਨ ਆਰਮ ਸਟਰਾਂਗ ਰਾਕਟ ਰਾਹੀਂ ਚੰਨ ਉੱਤੇ ਉਤਰਿਆ। ਧਰੂਅ ਤਾਰਾ ਧਰਤੀ ਤੋਂ ੨ ਨੀਲਮ ੫੦ ਖਰਬ ਮੀਲ ਦੂਰ ਹੈ। ਪ੍ਰਿਥਵੀ, ਸੂਰਜ, ਚੰਦ੍ਰਮਾ ਤੇ ਸਿਤਾਰੇ ਸਭ ਆਪੋ ਆਪਣੀ ਥਾਂ ਤੇ ਪਏ ਘੁੰਮਦੇ ਹਨ।

ਇਸ ਸਾਰੀ ਰਚਨਾ ਨੂੰ ਵੇਖ ਕੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕਿਸ ਨੇ ਮਨੁੱਖਾਂ, ਜਾਨਵਰਾਂ ਤੇ ਪ੍ਰਿਥਵੀ ਦੇ ਤੱਤਾਂ ਦੀ ਮਿਣਤੀ ਕਰ ਕੇ ਇਨ੍ਹਾਂ ਨੂੰ ਬਣ ਇਆ ਹੈ? ਕਿਹੜੀ ਸ਼ਕਤੀ ਨੇ ਸੂਰਜ, ਚੰਦ੍ਰਮਾ, ਗ੍ਰਿਹਾਂ ਅਤੇ ਨਛੱਤ੍ਰਾਂ ਵਿਚਕਾਰ ਲੋੜੀਂਦੀ ਵਿੱਥ ਨੀਯਤ ਕੀਤੀ? ਮਨੁੱਖ ਦੀਆਂ ਬਣਾਈਆਂ ਗੱਡੀਆਂ ਰੋਜ ਟਕਰਾਂਦੀਆਂ ਹਨ, ਜਹਾਜ਼ ਭਿੜ ਕੇ ਡੁੱਬਦੇ ਹਨ। ਕਿਹੜੀ ਅਨੰਤ ਸ਼ਕਤੀ ਨੇ ਸੂਰਜ, ਚੰਦ੍ਰਮਾ, ਧਰਤੀ ਆਦਿ ਨੂੰ ਆਪੋ ਆਪਣੀ ਥਾਂ ਤੇ ਰਖਿਆ ਹੋਇਆ ਹੈ? ਇਸ ਦਾ ਉੱਤਰ ਹੈ—ਸਰਬ ਸ਼ਕਤੀਮਾਨ ਜਗਤ ਆਧਾਰ, ਪਰਮ ਪਿਤਾ ਸ੍ਰੀ ਵਾਹਿਗੁਰੂ ਨੇ। ਉਸ ਦੀ ਅਸਚਰਜ ਰਚਨਾ ਨੂੰ ਵੇਖ ਕੇ ਗੁਰੂ ਜੀ ਨੇ ਕਿਹਾ ਹੈ—

ਵੇਖਿ ਵਿਡਾਣੁ ਰਹਿਆ ਵਿਸਮਾਦੁ ॥

ਫਿਰ ਰਸ ਵਿਚ ਭਰਪੂਰ ਹੋ ਕੇ ਕਿਹਾ ਹੈ—

ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥ ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥

[੩]

ਭਾਈ ਗੁਰਦਾਸ ਜੀ ਲਿਖਦੇ ਹਨ—

ਏਕ ਬ੍ਰਹਮੰਡ ਕੇ ਬਿਥਾਰ ਕੀ ਅਪਾਰ ਕਥਾ,
ਕੋਟ ਬ੍ਰਹਮੰਡ ਕੇ ਨਾਇਕ ਕੈਸੇ ਜਾਨੀਐ।
ਘਟਿ ਘਟਿ ਅੰਤਰ ਔ ਸਰਬ ਨਿਰੰਤਰ ਹੈ,
ਸੂਖਮ ਸਥੂਲ ਮੂਲ ਕੈਸੇ ਪਹਿਚਾਨੀਐ।

ਨਿਰਗੁਣ ਅਦ੍ਰਿਸ਼ਟ ਦ੍ਰਿਸ਼ਟ ਮੈ ਨਾਨਾ ਪ੍ਰਕਾਰ,
ਅਲਖ ਲਖਯੋ ਨ ਜਾਇ ਕੈਸੇ ਉਰ ਆਨੀਐ।
ਸਤਿ ਰੂਪ, ਸਤਿਨਾਮ ਸਤਿਗੁਰੂ ਗਯਾਨ ਧਯਾਨ,
ਪੂਰਨ ਬ੍ਰਹਮ ਸਰਬਾਤਮ ਕੈ ਮਾਨੀਐ।

ਮਹਾਂਰਿਸ਼ੀ ਯਾਗਵਲਕ ਦੇ ਪਾਸ ਗਾਰਗੀ ਨੇ ਪ੍ਰਸ਼ਨ ਕੀਤਾ ਸੀ—'ਹੇ ਮੁਨੀਸ਼ਵਰ ! ਉਸ ਬੇਅੰਤ ਦੇ ਸਬੰਧ ਵਿਚ ਕੁਝ ਕਹੋ ?'

ਰਿਸ਼ੀ ਨੇ ਉੱਤਰ ਦਿਤਾ—'ਗਾਰਗੀ ! ਅਜਿਹੇ ਪ੍ਰਸ਼ਨ ਨਾ ਪੁੱਛ, ਕਿਉਂਕਿ ਮਤੇ ਤੇਰੀ ਬੁੱਧੀ ਤੇ ਦਿਮਾਗ ਆਪਣੇ ਟਿਕਾਣੇ ਤੋਂ ਹਿੱਲ ਜਾਣ।'

ਕਿਸੇ ਸ਼ਾਇਰ ਨੇ ਠੀਕ ਕਿਹਾ ਹੈ—

ਪੜੇ ਭਟਕਤੇ ਹੈਂ ਲਾਖੋਂ ਦਾਨਾ, ਕ੍ਰੋੜੋਂ ਪੰਡਤ ਹਜ਼ਾਰੋਂ ਸਿਆਨੇ।
ਜੋ ਖ਼ੂਬ ਦੇਖਾ ਤੋ ਯਾਰ ਆਖ਼ਰ, ਖ਼ੁਦਾ ਕੀ ਬਾਤੇਂ ਖ਼ੁਦਾ ਹੀ ਜਾਨੇ।

ਨਿਊਟਨ ਨੇ ਕਿਹਾ ਹੈ—**The vast oceao of truth lies unexplored befo e me** 'ਸੱਚਾਈ ਦਾ ਇਕ ਅਣ-ਖੋਜਿਆ ਮਹਾਨ ਸਾਗਰ ਮੇਰੇ ਸਾਹਮਣੇ ਹੈ।' ਅਮਰੀਕਾ ਵਿਚ ਇਕ ਅਕਾਸ਼ ਲੋਚਨ **(Observatory)** 'ਮਾਉਂਟ ਵਿਲਸਨ' ਹੈ। ਉਸ ਵਿਚ ੨੦੦ ਇੰਚ ਸ਼ੀਸ਼ੇ ਵਾਲੀ ਦੂਰਬੀਨ ਨਾਲ ਅਕਾਸ਼ ਮੰਡਲ ਵੇਖਣ ਵਾਲਿਆਂ ਦੀ ਰਾਇ ਹੈ—'ਅਕਾਸ਼ ਵਿਚ ਬੇਅੰਤ ਗ੍ਰਹਿ, ਨਛੱਤ੍ਰ ਤੇ ਮੰਡਲ ਅਜਿਹੇ ਹਨ, ਜਿਨ੍ਹਾਂ ਨੂੰ ਹੁਣ ਤੀਕ ਕੋਈ ਮਾਲੂਮ ਨਹੀਂ ਕਰ ਸਕਿਆ।'

ਹਰਬਰਟ ਸਪੈਂਸਰ ਦੀ ਰਾਇ ਹੈ—'ਵਿਸ਼ਵ ਰਚਨਾ ਇਤਨੀ ਵੱਡੀ ਹੈ ਕਿ ਇਸ ਵਿਚ ਸਾਡੀ ਧਰਤੀ ਮਾਰੂਥਲ ਦੇ ਇਕ ਕਿਣਕੇ ਵਰਗੀ ਹੈ ਅਤੇ ਸਮੁੰਦਰ ਇਕ ਪਾਣੀ ਦੇ ਕਤਰੇ ਵਾਂਗ ਹੈ।'

ਧਰਤੀ ਦੇ ਅੰਦਰ ਅਨੇਕ ਤਰ੍ਹਾਂ ਦੀ ਕ੍ਰਿਆ ਹੁੰਦੀ ਹੈ। ਭੁਚਾਲ ਲਿਆਉਣ ਵਾਲਾ ਲਾਵਾ ਬਣਦਾ ਹੈ। ਸਮੁੰਦਰ ਦੀ ਤਹਿ ਵਿਚ ਟਾਪੂ ਤੇ ਦੀਪ ਪਏ ਬਣਦੇ ਹਨ। ਸੂਰਜ ਨਾਲ ਰੁੱਤਾਂ ਬਦਲਦੀਆਂ ਹਨ। ਚੰਦ੍ਰਮਾ ਨਾਲ ਜਵਾਰ ਭਾਟੇ ਆਉਂਦੇ ਹਨ। ਬਾਰਸ਼ ਨਾਲ ਲੱਖਾਂ ਮਣ ਸ਼ੋਰਾ ਤੇ ਕਈ ਤੱਤ ਪ੍ਰਿਥਵੀ ਉਤੇ ਆ ਕੇ ਖੇਤੀ ਤੇ ਬਨਾਸਪਤੀ ਲਈ ਰੂੜੀ ਦਾ ਕੰਮ

ਦਿੰਦੇ ਹਨ। ਸਾਇੰਸ ਦੱਸਦੀ ਹੈ ਕਿ ਪਾਣੀ H_2O (ਹਾਈਡਰੋਜਨ ਦੋ ਤੇ ਆਕਸੀਜਨ ਇਕ ਭਾਗ ਮਿਲਾ ਕੇ ਬਣਦਾ, ਜੋ ੧੦੦ ਡਿਗਰੀ ਦੀ ਗਰਮੀ ਤੇ ਉਬਲਦਾ ਹੈ। ਬਿੰਦੀ (Zero) ਤੇ ਬਰਫ਼ ਬਣ ਜਾਂਦੀ ਹੈ। ਪਾਣੀ ੭੦ ਤੋਂ ੯੦ ਤਕ ਮਨੁੱਖ ਜੀਵਨ ਦਾ ਆਧਾਰ ਹੈ। ਪਉਣ ਵਿਚ ਅਸੀਂ ਸਾਹ ਲੈਂਦੇ ਹਾਂ। ਉਸ ਵਿਚ ਵਿਤ ਅਨੁਸਾਰ ਆਕਸੀਜਨ, ਕਾਰਬਨ ਆਦਿਕ ਗੈਸਾਂ ਹਨ। ਮਨੁੱਖ ਤੇ ਜਾਨਵਰ ਸਵਾਸਾਂ ਨਾਲ ਆਕਸੀਜਨ ਖਾਂਦੇ ਤੇ ਕਾਰਬਨ (ਗੰਦੀ ਹਵਾ) ਖਾਰਜ ਕਰਦੇ ਹਨ। ਬ੍ਰਿਛ ਬੂਟੇ ਹਵਾ ਨੂੰ ਸ਼ੁੱਧ ਕਰਨ ਲਈ ਕਾਰਬਨ ਖਾਂਦੇ ਅਤੇ ਆਕਸੀਜਨ ਖਾਰਜ ਕਰਦੇ ਹਨ। ਬੜੀ ਖਾਮੋਸ਼ੀ ਨਾਲ ਕਿਸੇ ਅਣਡਿੱਠ ਦੇ ਹੁਕਮ ਵਿਚ ਇਹ ਕੰਮ ਹੋ ਰਿਹਾ ਹੈ।

ਹਿੰਦੁਸਤਾਨ ਦੇ ਪ੍ਰਸਿੱਧ ਤੱਤ੍ਵੇਤਾ ਸ੍ਰੀ ਜਗਦੀਸ਼ ਚੰਦਰ ਬੋਸ ਨੇ ਸਿੱਧ ਕੀਤਾ ਹੈ ਕਿ ਬਨਾਸਪਤੀ ਵਿਚ ਵੀ ਜੀਵਨ, ਚੇਤੰਨਤਾ ਅਤੇ ਗਿਆਨ ਹੈ।

ਅਮਰੀਕਾ ਵਿਚ ਲੂਥਰ ਬਰਬੈਂਕ ਪ੍ਰਸਿੱਧ ਬਾਗਬਾਨ ਹੋਇਆ ਹੈ। ਉਸ ਨੇ ਬਨਾਸਪਤੀ ਸਬੰਧੀ ਬੜੇ ਤਜਰਬੇ ਕੀਤੇ ਹਨ। ਉਹ ਕਹਿੰਦਾ ਹੈ—

'ਅਸੀਂ ਬੜੀ ਮਿਹਨਤ ਕਰ ਕੇ ਕਿਸੇ ਬੂਟੇ ਵਿਚ ਥੋੜ੍ਹੀ ਜਿਹੀ ਤਬਦੀਲੀ ਕਰ ਸਕਦੇ ਹਾਂ, ਪਰ ਕੁਦਰਤ ਜਿਸ ਤਰ੍ਹਾਂ ਜੜ੍ਹਾਂ, ਫੁੱਲਾਂ, ਫਲਾਂ ਤੇ ਪੱਤਿਆਂ ਨੂੰ ਬਣਾਉਂਦੀ ਹੈ ਅਤੇ ਉਨ੍ਹਾਂ ਵਿਚ ਰੰਗ ਭਰਦੀ ਹੈ, ਇਹ ਕੁਦਰਤ ਦਾ ਹੀ ਕੰਮ ਹੈ।'

ਬਨਾਸਪਤੀ ਹਾਈਡਰੋਜਨ ਤੇ ਆਕਸੀਜਨ ਨੂੰ ਜੜ੍ਹਾਂ ਰਾਹੀਂ ਲੈਂਦੀ ਹੈ। ਕਾਰਬਨ-ਡਾਈਆਕਸਾਈਡ ਤੇ ਨਾਈਟਰੋਜਨ ਨੂੰ ਪੱਤਰਾਂ ਰਾਹੀਂ ਖਾਂਦੀ ਹੈ। ਨਾਈਟਰੇਟ ਨਾ ਹੋਵੇ ਤਾਂ ਸਬਜ਼ੀ ਨਹੀਂ ਹੋ ਸਕਦੀ। ਬਨਾਸ-ਪਤੀ ਨਾਈਟਰੋਜਨ ਹਵਾ ਵਿਚੋਂ ਲੈਂਦੀ ਹੈ, ਅਸੀਂ ਇਹ ਸਵਾਸਾਂ ਰਾਹੀਂ ਨਹੀਂ ਲੈ ਸਕਦੇ। ਬਨਾਸਪਤੀ ਖਾ ਕੇ ਉਸ ਵਿਚੋਂ ਲੈਂਦੇ ਹਾਂ। ਇਸੇ ਤਰ੍ਹਾਂ ਪ੍ਰਾਣੀ ਜਗਤ ਦਾ ਸਬੰਧ ਬਨਾਸਪਤੀ ਜੜ੍ਹ ਜਗਤ ਨਾਲ ਜੋੜਦੀ ਹੈ। ਸ਼ੇਖ ਸਾਅਦੀ ਨੇ ਕਿਹਾ ਹੈ—

ਬਰਗੇ ਦਰਖਤਾਂ ਸਬਜ਼ ਦਰ ਨਜ਼ਰੇ ਹੁਸ਼ਿਆਰ,
ਹਰ ਵਰਕ ਦਫ਼ਤ੍ਰੁਸਤ ਮਾਰਫ਼ਤ ਕਿਰਦਗਾਰ।

ਭਾਵ—ਇਕ ਸਿਆਣੇ ਦੀ ਨਜ਼ਰ ਵਿਚ ਹਰੇ ਭਰੇ ਬ੍ਰਿਛਾਂ ਦਾ ਹਰੇਕ ਪੱਤਰ ਉਸ ਸਿਰਜਨਹਾਰ ਦੀ ਰਚਨਾ ਦਾ ਇਕ ਦਫਤਰ ਹੈ।

ਰਸਾਇਣ (Chem's'ry)ਅਤੇ ਭੌਤਿਕ ਵਿਦਿਆ (Physics) ਦਾ ਬਹੁਤ ਗੂੜ੍ਹਾ ਸਬੰਧ ਹੈ। ਰਸਾਇਣ ਤੱਤਾਂ ਦਾ ਨਿਰਣਾ ਕਰਦੀ ਹੈ। ਉਨ੍ਹਾਂ ਦੀ ਰਸਾਇਣਕ ਕ੍ਰਿਆ (Clemica Action) ਨੂੰ ਬਿਆਨ ਕਰਦੀ ਹੈ। ਸੰਖੀਆ ਕੀ ਹੈ ? ਉਸ ਦੇ ਖ ਣ ਨਾਲ ਕੀ ਅਸਰ ਹੁੰਦਾ ਹੈ ? ਭੌਤਕ ਵਿਦਿਆ ਪਦਾਰਥਾਂ ਦੇ ਆਕਾਰ, ਸਖਤੀ, ਨਰਮੀ ਅਤੇ ਗੁਣਾਂ ਨੂੰ ਵਰਣਨ ਕਰਦੀ ਹੈ। ਚੁੰਬਕ-ਸ਼ਕਤੀ, ਗਰਮੀ, ਰੋਸ਼ਨੀ, ਆਵਾਜ਼ ਆਦਿਕ ਤੇ ਬਹਿਸ ਕਰਦੀ ਹੈ। ਸਾਇੰਸ ਨੇ ਬੜੀ ਖੋਜ ਪਿਛੋਂ ਇਹ ਨਤੀਜਾ ਕੱਢਿਆ ਹੈ ਕਿ ਇਸ ਰਚਨਾ ਦੇ ੯੦ ਤੱਤ ਹਨ। ਮਾਦੇ ਦੀ ਛਾਣਬੀਣ ਕਰਦੇ ਹੋਏ ਸਾਇੰਸ ਵਾਲੇ ਇਥੋਂ ਤੱਕ ਗਏ ਹਨ ਕਿ ਇਸ ਮੰਡਲ ਵਿਚ ਈਥਰ ਦੀਆਂ ਲਹਿਰਾਂ ਚਲਦੀਆਂ ਹਨ। ਇਸ ਵਿਚ ਤਿੰਨ ਤਰ੍ਹਾਂ ਦੇ ਸੂਖਮ ਅਣੂ ਹਨ—ਇਲੈਕਟਰੋਨ, ਪ੍ਰੋਟੋਨ ਤੇ ਨਿਊਟਰੋਨ।

'ਮਾਦੇ ਦੀਆਂ ਸਾਰੀਆਂ ਜਿਨਸਾਂ ਪਹਿਲੇ ਦੋ ਅਣੂਆਂ ਤੋਂ ਬਣੀਆਂ ਹਨ। ਇਨ੍ਹਾਂ ਨੂੰ ਬਿਜਲੀ ਦੇ ਅਣੂ ਸਮਝੋ। ਪ੍ਰੋਟੋਨ ਮੁਸਬਤ ਹੈ ਤੇ ਇਲੈਕ-ਟਰੋਨ ਮਨਫ਼ੀ। ਸਿਵਾਏ ਹਾਈਡਰੋਜਨ ਦੇ ਪ੍ਰਮਾਣੂ ਦੇ, ਜਿਸ ਵਿਚ ਇਕ ਪ੍ਰੋਟੋਨ ਤੇ ਇਕ ਇਲੈਕਟਰੋਨ ਹੁੰਦਾ ਹੈ, ਬਾਕੀ ਦੇ ਸਾਰੇ ਤੱਤਾਂ ਦੇ ਪ੍ਰਮਾਣੂਆਂ ਵਿਚ ਪ੍ਰੋਟੋਨ ਤੇ ਇਲੈਕਟਰੋਨ ਜੁੜੇ ਹੋਏ ਮੱਧ ਵਿਚ ਹੁੰਦੇ ਹਨ। ਬਾਕੀ ਜਿੰਨੇ ਇਲੈਕਟਰੋਨ ਉਸ ਪ੍ਰਮਾਣੂ ਦੀ ਬਣਤਰ ਲਈ ਲੋੜੀਂਦੇ ਹੁੰਦੇ ਹਨ, ਉਹ ਉਸ ਕੇਂਦਰ ਦੇ ਦੁਆਲੇ ਇਸ ਤਰ੍ਹਾਂ ਘੁੰਮਦੇ ਹਨ ਜਿਵੇਂ ਸੂਰਜ ਦੇ ਦੁਆਲੇ ਪ੍ਰਿਥਵੀ ਤੇ ਗ੍ਰਹਿ। ਪ੍ਰਮਾਣੂ ਠੋਸ ਨਹੀਂ ਹੁੰਦੇ।'

ਪ੍ਰਸਿੱਧ ਸਾਇੰਸਦਾਨ ਆਰਥਰ ਐਡਿੰਗਟਨ ਨੇ ਕਿਹਾ ਹੈ—ਮਾਦੀ ਪਦਾਰਥਾਂ ਦੀ ਤਹਿ ਵਿਚ ਇਕ ਅਸਲਾ ਹੈ, ਜੋ ਸਾਡੇ ਅਸਲੇ ਨਾਲ

ਮਿਲਦਾ ਹੈ ।[੧]

'੧੯ਵੀਂ ਸਦੀ ਵਿਚ ਖਿਆਲ ਕੀਤਾ ਜਾਂਦਾ ਸੀ ਕਿ ਇਹ ਸੰਸਾਰ ਇਕ ਚੰਗੀ ਤਰ੍ਹਾਂ ਚਲ ਰਹੀ ਮਸ਼ੀਨ ਵਾਂਗ ਹੈ। ਹੁਣ ਉਹ ਛੱਡਣਾ ਜ਼ਰੂਰੀ ਹੈ। ਮਾਦਾ-ਪ੍ਰਸਤੀ ਖਤਮ ਹੋ ਚੁੱਕੀ ਹੈ। ਇਸ ਦੀ ਥਾਂ ਇਹ ਸਪੱਸ਼ਟ ਹੋ ਗਿਆ ਹੈ ਕਿ ਸੰਸਾਰ ਨੂੰ ਤੇ ਇਸ ਵਿਚ ਇਨਸਾਨ ਦੀ ਪਦਵੀ ਨੂੰ ਆਤਮਕ ਤੌਰ ਤੇ ਸਮਝਣ ਸਮਝਾਉਣ ਦੀ ਲੋੜ ਹੈ। ਪੁਰਾਣੀ ਨਾਸਤਕਤਾ ਖਤਮ ਹੋ ਚੁੱਕੀ ਹੈ। ਮਨ ਜਾਂ ਆਤਮਾ ਸਭ ਤੋਂ ਪਹਿਲੀ ਚੀਜ਼ ਹੈ, ਜਿਸ ਦਾ ਸਾਨੂੰ ਸਿੱਧਾ ਤਜਰਬਾ ਹੁੰਦਾ ਹੈ। ਬਾਕੀ ਸਭ ਚੀਜ਼ਾਂ ਕੇਵਲ ਦੁਰੇਡੇ ਦੇ ਅੰਦਾਜ਼ੇ ਜਾਂ ਸਿੱਟੇ ਹਨ। ਧਰਮ ਆਤਮਾ ਤੇ ਮਨ ਦੇ ਮੰਡਲਾਂ ਨਾਲ ਸਬੰਧਤ ਹੈ ਅਤੇ ਢਾਹਿਆ ਨਹੀਂ ਜਾ ਸਕਦਾ।'

ਇਸੇ ਤਰ੍ਹਾਂ ਐਲਬਰਟ ਆਈਨਸਟਾਈਨ, ਜੇ. ਐਸ. ਹੈਲਡੇਨ, ਕੇ. ਐਫ. ਮਾਥਰ, ਕਰਾਮਪਟਨ, ਮਿਲੀਕਨ, ਸਰ ਜੇਮਜ਼ ਜੀਨ ਆਦਿਕ ਪ੍ਰਸਿੱਧ ਸਾਇੰਸਦਾਨ ਈਸ਼ਵਰ ਤੇ ਆਤਮਾ ਦੀ ਹੋਂਦ ਨੂੰ ਮੰਨਦੇ ਹਨ। ਕੁਝ ਚਿਰ ਹੋਇਆ ਇਕ ਪੁਸਤਕ ਛਪੀ ਸੀ, ਜਿਸ ਦਾ ਨਾਂ The Great Design (ਵੱਡੀ ਵਿਉਂਤ) ਹੈ। ਇਸ ਵਿਚ ਸੰਸਾਰ ਪ੍ਰਸਿੱਧ ਸਾਇੰਸਦਾਨਾਂ ਨੇ ਆਪੋ ਆਪਣੀ ਖੋਜ ਦੇ ਆਧਾਰ ਤੇ ਇਨ੍ਹਾਂ ਪ੍ਰਸ਼ਨਾਂ ਦਾ ਜਵਾਬ ਦਿਤਾ ਹੈ—'ਕੀ ਸੰਸਾਰ ਆਤਮਾ-ਹੀਣ ਇਕ ਮਸ਼ੀਨ ਹੈ ? ਇਹ ਅੰਨ੍ਹੇਵਾਹ ਬਣ ਕੇ ਅਟਕਲ-ਪੱਚੂ ਚਲਦਾ ਜਾ ਰਿਹਾ ਹੈ ? ਕੀ ਇਹ ਰਚਨਾ ਪ੍ਰਕ੍ਰਿਤੀ ਅਤੇ ਸ਼ਕਤੀ ਦੇ ਅੰਨ੍ਹਿਆਂ ਬੱਚਿਆਂ ਨੇ ਕੀਤੀ ਹੈ ?'

ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਵਿਚ ਸਾਰੇ ਸਾਇੰਸਦਾਨਾਂ ਨੇ ਇਹ ਫੈਸਲਾ ਦਿਤਾ ਕਿ ਅਜ ਕਲ ਦੀ ਸਾਇੰਸ ਇਹ ਗੱਲ ਨਹੀਂ ਮੰਨਦੀ।[੨]

ਉਹ ਕਹਿੰਦੇ ਹਨ ਕਿ ਇਸ ਰਚਨਾ ਦੇ ਪਿਛੇ ਕੋਈ ਮਹਾਨ ਸ਼ਕਤੀ ਕੰਮ ਕਰ ਰਹੀ ਹੈ, ਜੋ ਇਸ ਨੂੰ ਕਿਸੇ ਮੰਤਵ ਲਈ ਨਿਯਮਕ ਚਾਲ ਤੇ ਹਿਸਾਬੀ-ਦਰੁਸਤੀ ਅਤੇ ਸੋਹਣੀ ਵਿਉਂਤ ਨਾਲ ਚਲਾ ਰਹੀ ਹੈ। ਹੁਣ

---

੧. ਗੁਰਮਤਿ ਨਿਰਣਯ, ਪੰਨਾ ੧੮-੧੯।

੨. ਅਕਾਲੀ, ੨੧ ਨਵੰਬਰ ੧੯੪੨।

ਸਾਇੰਸਦਾਨ ਸਿਰਜਨਹਾਰ ਦੀ ਹੋਂਦ ਨੂੰ ਵਧੇਰੇ ਮੰਨਣ ਲਗ ਪਏ ਹਨ। ਸ੍ਰਿਸ਼ਟੀ ਚੇਤੰਨ ਹਸਤੀ ਤੋਂ ਹੈ, ਇਸ ਦਾ ਮੂਲ ਤੱਤ ਇਕ ਹੈ।

ਜਿਸ ਮੂਲ ਤੱਤ ਨੂੰ ਸਾਇੰਸਦਾਨਾਂ ਨੇ ਹੁਣ ਅਨੁਭਵ ਕੀਤਾ ਹੈ, ਉਸ ਸਬੰਧੀ ਹਿੰਦੁਸਤਾਨ ਦੇ ਤੱਤ੍ਰ-ਵੇਤਾ ਤੇ ਆਤਮ-ਦਰਸ਼ੀਆਂ ਨੇ ਪਹਿਲੇ ਹੀ ਅਨੁਭਵ ਕਰ ਕੇ ਕਿਹਾ ਸੀ—

ਏਕ ਬੀਜੰ ਬਹੁਧਾ ਕਰੋਤਿ।

ਭਾਵ—ਇਕੋ ਬੀਜ ਦਾ ਬਹੁਤ ਸਾਰਾ ਪਸਾਰਾ ਹੈ। ਗੁਰੂ ਜੀ ਨੇ ਬਾਣੀ ਵਿਚ ਇਸ ਨੂੰ ਇਉਂ ਸਪੱਸ਼ਟ ਕੀਤਾ ਹੈ—

ਅਨਿਕ ਬਿਸਥਾਰ ਏਕ ਤੇ ਭਏ॥ [ਸੁਖਮਨੀ]

ਸਤਿਗੁਰਾਂ ਨੇ ਉਸ ਚੇਤੰਨ ਹਸਤੀ ਨੂੰ ਪ੍ਰਤੱਖ ਕੀਤਾ ਹੈ। ਜੀਵਨ ਤੇ ਬਾਣੀ ਰਾਹੀਂ ਉਸ ਦਾ ਨਿਸਚਾ ਕਰਾਇਆ ਹੈ। ਜਿਥੇ ਪੁੱਜ ਕੇ ਫ਼ਿਲਾਸਫ਼ਰ 'ਨੇਤਿ ਨੇਤਿ' ਕਹਿੰਦੇ ਹਨ, ਸਾਇੰਸਦਾਨ ਵਿਸਮਾਦ ਵਿਚ ਲੀਨ ਹੋ ਜਾਂਦੇ ਹਨ। ਸਤਿਗੁਰਾਂ ਨੇ ਸਿਮਰਣ, ਭਜਨ, ਕੀਰਤਨ, ਸਤਿਸੰਗ, ਸੇਵਾ ਤੇ 'ਨਾਉ ਸੁਣੀਐ ਨਾਉ ਮੰਨੀਐ' ਦਾ ਉਪਦੇਸ਼ ਦੇ ਕੇ ਸਿੱਖਾਂ ਨੂੰ ਉਸ ਆਤਮਕ ਮੰਡਲ ਤਕ ਪਹੁੰਚਾਇਆ ਹੈ। ਵਾਹਿਗੁਰੂ ਨੂੰ ਫ਼ਿਲਾਸਫ਼ੀ, ਗਿਆਨ ਜਾਂ ਸਾਇੰਸ ਦਾ ਵਿਸ਼ਾ ਨਹੀਂ ਬਣਾਇਆ, ਬਲਕਿ ਉਸ ਨੂੰ ਸਰਬ ਵਿਆਪਕ ਤੇ ਜੀਵਨ ਅਧਾਰ ਮੰਨ ਕੇ ਕਿਹਾ ਹੈ—

ਆਖਾ ਜੀਵਾ ਵਿਸਰੈ ਮਰਿ ਜਾਉ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਦੀ ਪ੍ਰੇਮ ਭਗਤੀ ਵਿਚ ਕਮਾਲ ਕੀਤਾ ਹੈ, ਜਿਸ ਕਰਕੇ ਆਪ ਦਾ ਨਾਂ ਹੀ 'ਨਾਨਕ ਨਿਰੰਕਾਰੀ' ਪੈ ਗਿਆ। ਦੂਜੀ ਉਦਾਸੀ ਤੋਂ ਪਿਛੋਂ ਗੁਰਦੇਵ ਨੇ ਰਾਵੀ ਦੇ ਕੰਢੇ ਇਕ ਦੋਦੇ ਨਾਮੀ ਜੱਟ ਦੀ ਭੋਂ ਵਿਚ ਨਗਰ ਵਸਾਇਆ। ਦੋਦੇ ਨੇ ਬੇਨਤੀ ਕੀਤੀ—'ਜੀ ਸੱਚੇ ਪਾਤਸ਼ਾਹ! ਇਸ ਨਗਰ ਦਾ ਨਾਂ ਰਖੋ।'

ਮਹਾਰਾਜ ਨੇ ਫ਼ੁਰਮਾਇਆ—'ਦੋਦਿਆ! ਇਸ ਟਿਕਾਣੇ ਤੈਨੂੰ ਕਰਤਾਰ ਚਿੱਤ ਆਇਆ, ਇਸ ਦਾ ਨਾਂ ਕਰਤਾਰਪੁਰ ਹੋਇਆ। ਜੋ ਨਗਰ ਦਾ ਨਾਂ ਲਵੇਗਾ, ਉਸ ਨੂੰ ਕਰਤਾਰ ਚਿੱਤ ਆਵੇਗਾ।'

ਪੰਚਮ ਪਾਤਸ਼ਾਹ ਨੇ ਉਸ ਦੇ ਭਾਣੇ ਅਤੇ ਰਜ਼ਾ ਵਿਚ ਰਾਜ਼ ਰਹਿਣਾ ਦੱਸਿਆ। 'ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ' ਦਾ ਸਬੂਤ ਦਿਤਾ ਹੈ।

ਦਸਮ ਪਾਤਸ਼ਾਹ ਭੰਗਾਣੀ ਦਾ ਜੁੱਧ ਕਰਨ ਲਗੇ। ਕੁਝ ਪਠਾਣ ਅਤੇ ਉਦਾਸੀ ਸਾਥ ਛੱਡ ਗਏ। ਸਿੱਖਾਂ ਨੇ ਕਿਹਾ—'ਹੁਣ ਕਿਸ ਤਰ੍ਹਾਂ ਜੰਗ ਕਰੋਗੇ ?'

ਦਸਮੇਸ਼ ਜੀ ਨੇ ਉੱਤਰ ਦਿਤਾ—'ਅਕਾਲ ਪੁਰਖ ਦੇ ਆਸਰੇ ਜੰਗੀ ਕਰਾਂਗੇ, ਉਹੀ ਫਤਹਿ ਬਖਸ਼ੇਗਾ।'

ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਹਜ਼ੂਰ ਨੇ ਗੁਰ-ਮੰਤਰ, ਮੂਲ-ਮੰਤਰ ਤੇ 'ਵਾਹਿਗੁਰੂ ਜੀ ਕਾ ਖਾਲਸਾ' ਕਹਿ ਕੇ ਉਸ ਸਰਬ-ਸ਼ਕਤੀਮਾਨ ਦੀ ਹੋਂਦ ਨੂੰ ਦ੍ਰਿੜ੍ਹ ਕਰਾਇਆ ਹੈ।

ਇਹ ਹੈ, ਸਿੱਖ ਧਰਮ ਦਾ ਆਸਤਕਵਾਦ।

o

੭.

ਸਤਿਗੁਰੂ

ਗੁਰੂ ਸੰਸਕ੍ਰਿਤ ਦਾ ਸ਼ਬਦ ਹੈ। ਇਸ ਦੇ ਅਰਥ ਹਨ—ਪ੍ਰਕਾਸ਼ ਸਰੂਪ, ਸਿੱਖਿਆ-ਦਾਤਾ, ਆਤਮਕ ਗਿਆਨ ਦੇਣ ਵਾਲਾ, ਵੱਡਾ ਅਤੇ ਸ੍ਰੇਸ਼ਟ ਬੁੱਧੀ ਵਾਲਾ। ਵਾਹਿਗੁਰੂ, ਅਕਾਲ ਪੁਰਖ, ਸਿਰਜਣਹਾਰ, ਪਾਲਣਹਾਰ, ਸਿੱਖਿਆ ਤੇ ਸਭ ਤੋਂ ਪਹਿਲੇ ਗਿਆਨ ਦਾਤਾ ਹੈ, ਇਸ ਲਈ ਉਹ ਸਭ ਦਾ ਆਦਿ ਗੁਰੂ ਹੈ। ਇਸੇ ਲਈ ਗੁਰਬਾਣੀ ਵਿਚ ਕਈ ਥਾਈਂ ਉਸ ਨੂੰ ਗੁਰੂ ਕਿਹਾ ਗਿਆ ਹੈ। ਵਾਹਿਗੁਰੂ ਨੇ ਆਪਣੇ ਗਿਆਨ ਦੇ ਪ੍ਰਕਾਸ਼ ਨਾਲ ਜੀਵਾਂ ਦੇ ਉਧਾਰ ਤੇ ਜਗਤ ਦੀ ਕਲਿਆਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸ ਪਾਤਸ਼ਾਹੀਆਂ ਨੂੰ ਮੂਰਤੀਮਾਨ ਕਰ ਕੇ ਇਸ ਸੰਸਾਰ ਵਿਚ ਭੇਜਿਆ। ਉਨ੍ਹਾਂ ਨੇ ਅਕਾਲ ਪੁਰਖ ਵਲੋਂ ਬਖਸ਼ੇ ਹੋਏ ਗਿਆਨ, ਉੱਚੇ ਆਦਰਸ਼, ਪਵਿੱਤਰ ਜੀਵਨ ਤੇ ਗੁਰਬਾਣੀ ਦਵਾਰਾ ਮਨੁੱਖ ਜਾਤੀ ਦਾ ਉਧਾਰ ਕੀਤਾ, ਸਿੱਖ ਧਰਮ ਦੀ ਨੀਂਹ ਰਖੀ। ਇਸ ਲਈ ਸਿੱਖ ਧਰਮ ਵਿਚ ਦਸ ਪਾਤਸ਼ਾਹੀਆਂ ਨੂੰ 'ਗੁਰੂ' ਜਾਂ 'ਸਤਿਗੁਰੂ' ਦੀ ਪਦਵੀ ਨਾਲ ਯਾਦ ਕੀਤਾ ਜਾਂਦਾ ਹੈ। ਸਿੱਖੀ ਦੀ ਬੁਨਿਆਦ ਹੀ ਗੁਰੂ ਤੋਂ ਹੈ।

ਜਿਸ ਤਰ੍ਹਾਂ ਕੋਈ ਆਦਮੀ ਇਕ ਰਾਜ ਮਹਿਲ ਵਿਚ ਬੈਠਾ ਹੋਵੇ, ਰਾਜ ਮਹਿਲ ਦੀਆਂ ਕੰਧਾਂ, ਛੱਤਾਂ, ਪਰਦੇ ਤੇ ਲਗੀਆਂ ਹੋਈਆਂ ਖੂਬਸੂਰਤ ਤਸਵੀਰਾਂ ਉਸ ਨੂੰ ਉਸ ਦਾ ਸਹੀ ਰੂਪ ਨਹੀਂ ਦਰਸਾ ਸਕਦੀਆਂ, ਉਹ ਆਪਣੇ ਰੂਪ ਨੂੰ ਸ਼ੀਸ਼ੇ ਵਿਚੋਂ ਹੀ ਵੇਖ ਸਕਦਾ ਹੈ, ਇਸੇ ਤਰ੍ਹਾਂ ਇਸ ਜਗਤ ਦੀ ਅਸਚਰਜ ਰਚਨਾ ਮਨੁੱਖ ਨੂੰ ਉਸ ਦਾ ਸ੍ਵ-ਸਰੂਪ ਨਹੀਂ ਦੱਸ ਸਕਦੀ। ਉਸ ਨੂੰ ਵਾਹਿਗੁਰੂ ਦਾ ਗਿਆਨ ਨਹੀਂ ਕਰਾ ਸਕਦੀ। ਗੁਰੂ ਇਕ ਪਾਰ-ਦਰਸ਼ਕ ਸ਼ੀਸ਼ਾ ਹੈ, ਜਿਸ ਰਾਹੀਂ ਮਨੁੱਖ ਵਾਹਿਗੁਰੂ ਦਾ ਸਰੂਪ ਦੇਖ

ਸਕਦਾ ਹੈ। ਸ੍ਵੈ-ਸਰੂਪ ਨੂੰ ਪਛਾਣ ਸਕਦਾ ਹੈ।

ਸਿੱਖ ਧਰਮ ਨੇ ਜੋ ਮਾਰਗ ਦੱਸਿਆ ਹੈ, ਇਹ ਕੁਝ ਵਿਚਾਰਾਂ ਜਾਂ ਨੀਯਤ ਕੀਤੇ ਹੋਏ ਅਸੂਲਾਂ ਦਾ ਸਮੁਦਾਇ ਨਹੀਂ, ਬਲਕਿ ਇਕ ਨਮੂਨੇ ਦੇ ਆਦਰਸ਼ਕ ਜੀਵਨ ਵਿਚ ਆਪਣੇ ਆਪ ਨੂੰ ਢਾਲਣਾ ਹੈ। ਇਹ ਨਿਯਮਾਂ ਜਾਂ ਕਾਨੂੰਨ ਉਤੇ ਨਿਰਭਰ ਨਹੀਂ ਕਰਦਾ, ਸਿੱਖ ਹੋਣ ਤੇ ਨਿਰਭਰ ਕਰਦਾ ਹੈ। ਸਿੱਖ ਦੇ ਅਰਥ ਹਨ—ਗੁਰੂ ਦੀ ਮੱਤ ਲੈ ਕੇ ਗੁਰੂ ਦੇ ਜੀਵਨ ਅਨੁਸਾਰ ਆਪਣੇ ਜੀਵਨ ਨੂੰ ਬਨਾਉਣਾ। ਗੁਰੂ ਦੀ ਮਹਾਨ ਸ਼ਖਸੀਅਤ ਹਰ ਵਕਤ ਸਿੱਖ ਦੇ ਜੀਵਨ ਦੀ ਅਗਵਾਈ ਕਰਦੀ ਹੈ। ਆਤਮਕ ਪਹਿਲੂਆਂ ਵਿਚ ਉਸ ਦੀ ਉਸਾਰੀ ਕਰਦੀ ਹੈ। ਬਿਨਾਂ ਗੁਰੂ ਦੀ ਮਹਾਨ ਸ਼ਖਸੀਅਤ ਦੇ ਨਾ ਤੇ ਜੀਵਨ ਵਿਚ ਇਕਸੁਰਤਾ ਪੈਦਾ ਹੋ ਸਕਦੀ ਹੈ, ਨਾ ਹੀ ਸਮਾਜ ਦੀਆਂ ਇਖਲਾਕੀ ਤਾਕਤਾਂ ਨੂੰ ਸਹੀ ਸੇਧ ਮਿਲ ਸਕਦੀ ਹੈ।[1]

ਇਸੇ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ ਹੈ—

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥

[ਵਾਰ ਆਸਾ]

ਭਾਵ—ਸੈਂਕੜੇ ਚੰਨ ਪਏ ਚੜ੍ਹਨ, ਹਜ਼ਾਰ ਸੂਰਜ ਪ੍ਰਕਾਸ਼ ਕਰਨ, ਇਤਨੇ ਪ੍ਰਕਾਸ਼ ਹੁੰਦਿਆਂ ਗੁਰੂ ਤੋਂ ਬਿਨਾਂ ਅੰਤਰ-ਆਤਮੇ ਦਾ ਅੰਧਕਾਰ ਦੂਰ ਨਹੀਂ ਹੁੰਦਾ। ਗੁਰੂ ਪਾਪ-ਰਹਿਤ, ਆਦਰਸ਼ਕ ਤੇ ਇਕ ਸੰਪੂਰਣ ਸ਼ਖਸੀਅਤ ਹੁੰਦੀ ਹੈ। ਇਸੇ ਲਈ ਬਾਣੀ ਵਿਚ ਕਿਹਾ ਹੈ—

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥

ਸਤਿਗੁਰੂ ਅਭੁੱਲ ਤੇ ਪਾਪ ਰਹਿਤ ਹਨ। ਇਸ ਲਈ ਸਿੱਖ ਨੂੰ ਪਾਪਾਂ ਤੋਂ ਬਚਾਂਦੇ ਹਨ। ਗੁਰੂ ਵਾਹਿਗੁਰੂ ਦੀ ਨਿਸ਼ਾਨੀ ਹੈ। ਸਿੱਖ ਗੁਰੂ ਦੀ ਹੈ। ਉਨ੍ਹਾਂ ਨੇ ਮਨੁੱਖ ਜਾਮੇ ਵਿਚ ਆ ਕੇ ਮਨੁੱਖਤਾ ਦੀ ਪੱਧਰ ਤੇ ਹੋ ਕੇ ਸਿੱਖ ਨੂੰ ਉਚਿਆਂ ਕੀਤਾ ਹੈ।

---

੧. 'ਸਿਖਇਜ਼ਮ' ਪੰਨਾ ੧੮-੧੯, ਪ੍ਰਿੰ. ਤੇਜਾ ਸਿੰਘ ਜੀ ਐਮ. ਏ.

ਹਿੰਦੁਸਤਾਨ ਵਿਚ ਇਕ ਪੁਰਾਣਾ ਖਿਆਲ ਸੀ ਕਿ ਜੋ ਆਦਮੀ ਵਿਦਿਆ ਪੜ੍ਹਾਏ, ਕੋਈ ਕੰਮ ਸਿਖਾਵੇ ਜਾਂ ਸਾਧਾਰਨ ਉਪਦੇਸ਼ ਹੀ ਕਰੇ, ਉਹ ਗੁਰੂ ਹੁੰਦਾ ਹੈ। ਇਸ ਲਈ ਵਿਦਿਆ-ਗੁਰੂ, ਕੁਲ-ਗੁਰੂ ਆਦਿਕ ਮੰਨੇ ਜਾਂਦੇ ਹਨ। ਜੋਗੀਆਂ ਤੇ ਸੰਨਿਆਸੀਆਂ ਵਿਚ ਗੁਰੂ, ਮਹੰਤ ਜਾਂ ਚੇਲਾ ਬਨਾਉਣ ਵਾਲੇ ਨੂੰ ਹੀ ਕਹਿੰਦੇ ਸਨ। ਸਿੱਖੀ ਨੇ ਗੁਰੂ ਦਾ ਤਸੱਵਰ ਬਹੁਤ ਉਚਾ ਦਿਤਾ ਹੈ। ਸਿੱਖ ਧਰਮ ਵਿਚ ਵਾਹਿਗੁਰੂ ਅਤੇ ਗੁਰੂ ਬੜੀ ਮਹਾਨਤਾ ਰਖਦੇ ਹਨ। ਕਿਸੇ ਵੱਡੀ ਤੋਂ ਵੱਡੀ ਸ਼ਖਸੀਅਤ ਨੂੰ ਗੁਰੂ ਦੀ ਤੁਲਤਾ ਨਹੀਂ ਦਿਤੀ ਜਾ ਸਕਦੀ। ਗੁਰੂ ਜਾਂ ਸਤਿਗੁਰੂ ਕੌਣ ਹੈ ? ਇਸ ਦੇ ਉੱਤਰ ਲਈ ਗੁਰਬਾਣੀ ਵਿਚੋਂ ਕੁਝ ਪ੍ਰਮਾਣ ਦਰਜ ਕਰਦੇ ਹਾਂ—

ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥
ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥

[ਵਾਰ ਮਾਝ ਮ: ੧]

ਭਾਵ—ਗੁਰੂ ਆਤਮਕ ਦਾਤਾਂ ਦੇਣ ਵਾਲਾ ਦਾਤਾ ਹੈ। ਉਹ ਹਿਵੈ-ਬਰਫ ਦਾ ਘਰ, ਸ਼ਾਂਤੀ ਦਾ ਪੁੰਜ ਹੈ। ਤਿੰਨਾਂ ਲੋਕਾਂ ਨੂੰ ਗਿਆਨ ਦੇਣ ਵਾਲਾ ਦੀਪਕ ਹੈ। ਨਾਮ ਦਾ ਅਮਰ ਪਦਾਰਥ ਦੇਣ ਵਾਲਾ ਹੈ, ਜਿਸ ਨੂੰ ਮਨ ਵਿਚ ਜਾਣਿਆਂ ਸੁਖ ਹੁੰਦਾ ਹੈ।

ਨਾਨਕ ਸਤਿਗੁਰੁ ਐਸਾ ਜਾਣੀਐ
ਜੋ ਸਭ ਸਿਉ ਲਏ ਮਿਲਾਇ ਜੀਉ ॥

[ਸਿਰੀ ਰਾਗ ਮ: ੧]

ਪੰਚਮ ਪਾਤਸ਼ਾਹ ਗੁਰੂ ਦੇ ਲੱਛਣ ਇਉਂ ਕਰਦੇ ਹਨ—

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥

[ਸੁਖਮਨੀ]

ਭਾਵ—ਸਤਿਗੁਰੂ ਉਹ ਹੈ, ਜਿਸ ਨੇ ਸਤਿਪੁਰਖ ਨੂੰ ਜਾਣਿਆ ਹੈ। ਅਕਾਲ ਪੁਰਖ ਪਾਸੋਂ ਜਿਸ ਨੇ ਸਿੱਧਾ ਗਿਆਨ ਪ੍ਰਾਪਤ ਕੀਤਾ ਹੈ।

ਮਨ ਕੁੰਚਰ[1] ਪੀਲਕ[2] ਗੁਰੂ ਗਿਆਨ ਕੁੰਡਾ ਜਹਿ ਖਿੰਚੇ
ਤਹਿ ਜਾਇ ॥ ਨਾਨਕ ਹਸਤੀ ਕੁੰਡੇ ਬਾਹਰਾ ਫਿਰ ਫਿਰ
ਉਝੜਿ ਪਾਇ ॥ [ਗੂਜਰੀ ਮ: ੩]

ਜਿਸੁ ਮਿਲਿਐ ਮਨ ਹੋਇ ਅਨੰਦ ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸ ਜਾਇ ਹਰਿ ਪਰਮਪਦ ਲਹੀਐ ॥
[ਗਉੜੀ ਮ: ੪]

ਸਤਿਗੁਰੁ ਪੁਰਖ ਦਿਆਲ ਹੈ ਜਿਸ ਨੋ ਸਮਤ ਸਭ ਕੋਇ ॥
ਏਕ ਦ੍ਰਿਸਟਿ ਕਰ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ ॥
ਸਤਗੁਰੁ ਵਿਚ ਅੰਮ੍ਰਿਤ ਹੈ ਹਰਿ ਉਤਮ ਹਰਿ ਪਦ ਸੋਇ ॥
[ਗਉੜੀ ਮ: ੪]

ਸਤਿਗੁਰੁ ਮਹਾ ਪੁਰਖ ਹੈ ਪਾਰਸ
ਜੋ ਲਾਗੈ ਸੋ ਫਲ ਪਾਵੈਗੋ ॥
ਲੋਹਾ ਹਿਰਨ ਹੋਵੈ ਸੰਗਿ ਪਾਰਸ
ਗੁਨਿ ਪਾਰਸ ਕੋ ਹੋਇ ਆਵੈਗੋ ॥
[ਕਾਨੜਾ ਮ: ੪]

ਸਤਿਗੁਰੁ ਨਿਰਵੈਰ ਮਿਤ੍ਰ ਸਤ੍ਰ ਸਮਾਨੇ
ਅਉਗਣ ਕਟੇ ਕਰੈ ਸੁਧ ਦੇਹਾ ॥
[ਰਾਮਕਲੀ ਮ: ੫]

ਬਲਿਹਾਰੀ ਗੁਰਦੇਵ ਚਰਨ ॥ ਜਾਕੈ ਸੰਗਿ ਪਾਰਬ੍ਰਹਮ
ਧਿਆਈਐ ਉਪਦੇਸ ਹਮਾਰੀ ਗਤਿ ਕਰਨ ॥ ਦੂਖ ਰੋਗ
ਭੈ ਸਗਲ ਬਿਨਾਸੇ ਜੋ ਆਵੈ ਹਰਿ ਸੰਤ ਸਰਨ ॥ ਆਪ
ਜਪੈ ਅਵਰਹ ਨਾਮ ਜਪਾਵੈ ਵਡ ਸਮਰਥ ਤਾਰਨ ਤਰਨ ॥
ਜਾਕੋ ਮੰਤ੍ਰ ਉਤਾਰੈ ਸਹਿਸਾ ਊਣੇ ਕਉ ਸੁਭਰ ਭਰਨ ॥
ਹਰਿ ਰਸਹਿ ਅਘਾਨੇ ਸਹਜਿ ਸਮਾਨੇ ਮੁਖ ਤੇ ਨਾਹੀ ਜਾਤ

---

੧. ਹਾਥੀ । ੨. ਮਹਾਵਤ ।

ਬਰਨ ॥ ਗੁਰ ਪ੍ਰਸਾਦਿ ਨਾਨਕ ਸੰਤੋਖੇ ਨਾਮ ਪ੍ਰਭੂ ਜਪ ਜਪ ਉਧਰਨ ॥ [ਸਾਰੰਗ ਮ: ੫]

ਗੁਰ ਤੀਰਥ ਗੁਰ ਪਾਰਜਾਤੁ[1] ਗੁਰੁ ਮਨਸਾ ਪੂਰਨ ਹਾਰ ॥
ਗੁਰ ਦਾਤਾ ਹਰਿ ਨਾਮ ਦੇਇ ਉਧਰੈ ਸਭਿ ਸੰਸਾਰ ॥
[ਸਿਰੀ ਰਾਗ ਮ: ੫]

ਸ੍ਰੀ ਗੁਰੂ ਅਰਜਨ ਦੇਵ ਜੀ ਗੋਂਡ ਰਾਗ ਵਿਚ ਗੁਰੂ ਦੀ ਮਹਿਮਾ ਇਉਂ ਲਿਖਦੇ ਹਨ—

ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨੁ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥
ਗੁਰ ਪਾਰਬ੍ਰਹਮ ਸਦਾ ਨਮਸਕਾਰਉ ॥੧॥
ਮਤ ਕੋ ਭਰਮਿ ਭੁਲੈ ਸੰਸਾਰਿ ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥ਰਹਾਉ॥
ਭੂਲੇ ਕਉ ਗੁਰਿ ਮਾਰਗਿ ਪਾਇਆ ॥
ਅਵਰ ਤਿਆਗਿ ਹਰਿ ਭਗਤੀ ਲਾਇਆ॥
ਜਨਮ ਮਰਨ ਕੀ ਤ੍ਰਾਸ ਮਿਟਾਈ ॥
ਗੁਰ ਪੂਰੇ ਕੀ ਬੇਅੰਤ ਵਡਾਈ ॥੨॥
ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥
ਅੰਧਕਾਰ ਮਹਿ ਭਇਆ ਪ੍ਰਗਾਸ ॥
ਜਿਨਿ ਕੀਆ ਸੋ ਗੁਰ ਤੇ ਜਾਨਿਆ ॥
ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥
ਗੁਰੁ ਕਰਤਾ ਗੁਰੁ ਕਰਣੈ ਜੋਗੁ ॥
ਗੁਰੁ ਪਰਮੇਸਰੁ ਹੈ ਭੀ ਹੋਗੁ ॥
ਕਹੁ ਨਾਨਕ ਪ੍ਰਭਿ ਇਹੈ ਜਨਾਈ ॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥

---

੧. ਕਲਪ ਬ੍ਰਿਛ ।

ਭਾਈ ਗੁਰਦਾਸ ਜੀ ਲਿਖਦੇ ਹਨ—

ਸਤਿਗੁਰੁ ਤੀਰਥ ਜਾਣੀਐ ਅਠਸਠਿ ਤੀਰਥ ਸਰਣੀ ਆਏ। ਸਤਿਗੁਰੁ ਦੇਉ ਅਭੇਉ ਹੈ ਹੋਰੁ ਦੇਵ ਗੁਰੁ ਸੇਵ ਤਰਾਏ ॥ ਸਤਿਗੁਰੁ ਪਾਰਸਿ ਪਰਸਿਐ ਲਖ ਪਾਰਸ ਪਾਖਾਕ ਸੁਹਾਏ। ਸਤਿਗੁਰੁ ਪੂਰਾ ਪਾਰਿਜਾਤ ਪਾਰਿਜਾਤ ਲਖ ਸਫਲਿ ਧਿਆਇ। ਸੁਖ ਸਾਗਰੁ ਸਤਗੁਰੁ ਪੁਰਖ ਰਤਨ ਪਦਾਰਥ ਸਿਖ ਸੁਣਾਏ। ਚਿੰਤਾਮਣਿ ਸਤਿਗੁਰ ਚਰਣ ਚਿੰਤਾਮਣੀ ਅਚਿੰਤ ਕਰਾਏ। ਵਿਣ ਸਤਗੁਰ ਸਭ ਦੂਜੇ ਭਾਏ।

[ਵਾਰ ੧੫, ਪਉੜੀ ੨]

ਸਤਿਗੁਰ ਗੁਣੀ ਨਿਧਾਨ ਹੈ ਗੁਣ ਕਰ ਬਖਸ਼ੇ ਅਵਗੁਣਿਆਰੇ। ਸਤਗੁਰੁ ਪੂਰਾ ਵੈਦ ਹੈ ਪੰਜੇ ਰੋਗ ਅਸਾਧ ਨਿਵਾਰੇ। ਸੁਖ ਸਾਗਰ ਗੁਰਦੇਉ ਹੈ ਸੁਖ ਦੇ ਮੇਲ ਲਏ ਦੁਖਿਆਰੇ। ਗੁਰੁ ਪੂਰਾ ਨਿਰਵੈਰ ਹੈ ਨਿੰਦਕ ਦੋਖੀ ਬੇਮੁਖ ਤਾਰੇ।ਗੁਰ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੇ ਉਤਾਰੇ। ਸਤਗੁਰੁ ਪੁਰਖ ਸੁਜਾਣ ਹੈ ਵਡੇ ਅਜਾਣ ਮੁਗਧ ਨਿਸਤਾਰੇ। ਸਤਗੁਰੁ ਆਗੂ ਜਾਣੀਐ ਬਾਂਹ ਪਕੜ ਅੰਧਲੇ ਉਧਾਰੇ। ਮਾਣ ਨਿਮਾਣੇ ਸਦ ਬਲਿਹਾਰੇ।

[ਵਾਰ ੨੬, ਪਉੜੀ ੧੯]

ਇਨ੍ਹਾਂ ਵਾਕਾਂ ਤੋਂ ਸਪੱਸ਼ਟ ਹੈ ਕਿ ਸਿੱਖ ਧਰਮ ਵਿਚ ਗੁਰੂ ਦੀ ਕਿੰਨੀ ਮਹਾਨਤਾ ਹੈ ਤੇ ਗੁਰੂ ਦਾ ਤਸੱਵਰ ਕਿੰਨਾ ਉਚਾ ਪੇਸ਼ ਕੀਤਾ ਗਿਆ ਹੈ। ਸਿੱਖ ਧਰਮ ਵਿਚ ਵਾਹਿਗੁਰੂ ਅਤੇ ਗੁਰੂ ਦੀ ਤੁਲਤਾ ਕਿਸੇ ਨੂੰ ਨਹੀਂ ਦਿਤੀ ਗਈ। ਸਾਡੇ ਨਿਸਚੇ ਅਨੁਸਾਰ ਐਸੇ ਪੂਰਨ ਗੁਰੂ-ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ ਸਨ, ਜਿਨ੍ਹਾਂ ਨੇ ਦਸ ਰੂਪ ਧਾਰਨ ਕੀਤੇ। ਸਤਿਗੁਰੂ ਨੂੰ ਅਕਾਲ ਪੁਰਖ ਨੇ ਇਸ ਸੰਸਾਰ ਵਿਚ ਭੇਜਿਆ ਸੀ—

ਸੁਣੀ ਪੁਕਾਰ ਦਾਤਾਰ ਪ੍ਰਭੁ, ਗੁਰੁ ਨਾਨਕ ਜਗ ਮਾਹਿ ਪਠਾਇਆ।

[ਵਾਰ ੧, ਪਉੜੀ ੨੩]

ਪ੍ਰਸ਼ਨ ਪੈਂਦਾ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਗੁਰੂ ਕੌਣ ਸੀ ? ਇਸ ਦਾ ਉੱਤਰ ਇਹ ਹੈ ਕਿ ਉਹ ਆਪ 'ਗੁਰੂ-ਅਵਤਾਰ' ਸਨ। ਇਸ ਲਈ ਕੋਈ ਮਨੁੱਖ ਉਨ੍ਹਾਂ ਦਾ ਗੁਰੂ ਨਹੀਂ ਸੀ। ਅਕਾਲ ਪੁਰਖ ਹਜ਼ੂਰ ਦਾ ਗੁਰੂ ਸੀ। ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ 'ਗੁਰ-ਪ੍ਰਸਾਦਿ' ਜਾਂ ਆਸਾ ਦੀ ਵਾਰ ਵਿਚ ਜੋ 'ਸਤਿਗੁਰ ਵਿਟਹੁ ਵਾਰਿਆ' ਕਿਹਾ ਹੈ, ਇਹ ਗੁਰੂ-ਪਦਵੀ ਨੂੰ ਵਰਣਨ ਕੀਤਾ ਹੈ। ਜਦ ਸ੍ਰੀ ਗੁਰੂ ਨਾਨਕ ਦੇਵ ਜੀ ਗੁਰੂ ਜਾਂ ਸਤਿਗੁਰੂ ਸ਼ਬਦ ਵਰਤਦੇ ਹਨ ਤਾਂ ਉਸ ਦਾ ਭਾਵ ਵਾਹਿਗੁਰੂ ਤੋਂ ਹੁੰਦਾ ਹੈ। ਜਦ ਦੂਸਰੇ ਗੁਰੂ ਜਾਂ ਸਿੱਖ ਇਹ ਸ਼ਬਦ ਵਰਤਦੇ ਹਨ ਤਾਂ ਉਸ ਤੋਂ ਮੁਰਾਦ ਸ੍ਰੀ ਗੁਰੂ ਨਾਨਕ ਦੇਵ ਜੀ ਹੁੰਦੇ ਹਨ।

ਵੇਈਂ ਵਿਚ ਟੁੱਭੀ ਲਾਣ ਸਮੇਂ ਜਦ ਗੁਰੂ ਨਾਨਕ ਦੇਵ ਜੀ ਸਚ-ਖੰਡ ਵਿਚ ਪ੍ਰਵੇਸ਼ ਕਰਦੇ ਹਨ ਤਾਂ ਅਕਾਲ ਪੁਰਖ ਵਲੋਂ ਉਨ੍ਹਾਂ ਨੂੰ ਗਿਆਨ ਦਿਤਾ ਜਾਂਦਾ ਹੈ, ਇਸ ਲਈ ਆਪ ਕਹਿੰਦੇ ਹਨ—

ਅਪਰੰਪਰ ਪਾਰਬ੍ਰਮ ਪ੍ਰਮੇਸ਼ਰ,
ਨਾਨਕ ਗੁਰੂ ਮਿਲਿਆ ਸੋਈ ਜੀਉ ॥

ਤੀਜੀ ਉਦਾਸੀ ਵਿਚ ਗੁਰੂ ਜੀ ਸੁਮੇਰ ਪਰਬਤ ਉਤੇ ਗਏ। ਉਥੇ ਆਪ ਦੀ ਸਿੱਧਾਂ ਨਾਲ ਗੋਸ਼ਟ ਹੋਈ। ਸਿੱਧ ਪੁੱਛਦੇ ਹਨ—

ਕਵਣੁ ਮੂਲੁ ਕਵਣੁ ਮਤਿ ਵੇਲਾ ॥
ਕਵਣੁ ਗੁਰੂ ਜਿਸ ਕਾ ਤੂੰ ਚੇਲਾ ॥

ਸਤਿਗੁਰੂ ਜੀ ਉੱਤਰ ਦਿੰਦੇ ਹਨ—

ਪਵਣੁ ਅਰੰਭ ਸਤਿਗੁਰ ਮਤ ਵੇਲਾ ॥
ਸਬਦ ਗੁਰੂ ਸੁਰਤਿ ਧੁਨਿ ਚੇਲਾ ॥

ਚੂੰਕਿ ਵਾਹਿਗੁਰੂ ਨੂੰ ਗਿਆਨ ਸਰੂਪ ਮੰਨਿਆ ਜਾਂਦਾ ਹੈ, ਇਸ ਲਈ ਸਿੱਧਾਂ ਦੇ ਉੱਤਰ ਵਿਚ ਗੁਰਦੇਵ ਉਸ ਨੂੰ 'ਸ਼ਬਦ-ਗੁਰੂ' ਕਰਕੇ ਕਥਨ ਕਰਦੇ ਹਨ। ਜਿਸ ਨੂੰ ਸੁਰਤ ਕਬੂਲ ਕਰ ਸਕਦੀ ਹੈ। ਫਿਰ ਇਕ ਜੋਗੀ ਨੇ ਪ੍ਰਸ਼ਨ ਕੀਤਾ—'ਤਪਾ ਜੀ! ਆਪ ਨੇ ਗੁਰਮੰਤਰ ਤੇ ਭੇਖ ਕਿਸ ਤੋਂ ਲਿਆ ਹੈ ?' ਮਹਾਰਾਜ ਇਸ ਦਾ ਉੱਤਰ ਦਿੰਦੇ ਹਨ—

ਏਕੰਕਾਰ ਗੁਰੂ ਸਿਰ ਮੇਰੇ, ਕਹੈ ਨਾਨਕ ਸੁਣ ਗੋਪੀ ਚੰਦਾ, ਦਰਸ ਮਾਨ ਕੀਨੇ ਸਭ ਚੇਰੇ ॥

ਜਦ ਗੁਰੂ ਜੀ ਪੱਛਮ ਦੀ ਉਦਾਸੀ ਕਰ ਕੇ ਵਾਪਸੀ ਪਰ ਕੰਧਾਰ ਵਿਚ ਆਏ ਤਾਂ ਉਥੇ ਇਕ ਮੁਸਲਮਾਨ ਫਕੀਰ ਅਲੀ ਯਾਰ ਨੇ ਪ੍ਰਸ਼ਨ ਕੀਤਾ—

ਰਹਿਨੁਮਾਏ ਤੋ ਕੀਸਤ ? (ਤੁਹਾਡਾ ਗੁਰੂ ਕੌਣ ਹੈ)

ਗੁਰੂ ਜੀ ਨੇ ਫੁਰਮਾਇਆ—

ਖੁਦਾਏ ਮਨ। (ਖੁਦਾ ਮੇਰਾ ਗੁਰੂ ਹੈ)

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਕਾਲ ਪੁਰਖ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੂ ਸੀ। ਕੋਈ ਦੇਹ-ਧਾਰੀ ਵਿਅਕਤੀ ਉਨ੍ਹਾਂ ਨੂੰ ਆਤਮ-ਗਿਆਨ ਦੇਣ ਵਾਲੀ ਨਹੀਂ ਸੀ, ਉਨ੍ਹਾਂ ਦਾ ਗੁਰੂ ਇਕ ਵਾਹਿਗੁਰੂ ਹੀ ਹੈ।

ਮਹਾ ਪੁਰਖਾਂ, ਅਵਤਾਰਾਂ ਅਤੇ ਜੀਨਸ ਪੁਰਸ਼ਾਂ ਲਈ ਦੋ ਖਿਆਲ ਹਨ। ਇਕ ਇਹ ਕਿ ਉਹ ਆਤਮਕ ਉੱਨਤੀ ਕਰ ਕੇ ਉਚੇ ਉਠਦੇ ਹਨ। ਹਰੇਕ ਆਦਮੀ ਉਸ ਤਰ੍ਹਾਂ ਦੀ ਆਤਮਕ ਉੱਨਤੀ ਕਰ ਕੇ ਉਹ ਪਦਵੀ ਪ੍ਰਾਪਤ ਕਰ ਸਕਦਾ ਹੈ। ਦੂਸਰੇ ਕਾਰਲਾਇਲ ਕਹਿੰਦਾ ਹੈ ਕਿ ਜੀਨਸ ਪੁਰਖ ਬਣਾਇਆਂ ਨਹੀਂ ਬਣਦੇ, ਉਨ੍ਹਾਂ ਨੂੰ ਕੁਦਰਤ ਪੈਦਾ ਕਰਦੀ ਹੈ। ਸਿੱਖ ਧਰਮ ਦਾ ਨਿਸਚਾ ਹੈ ਕਿ 'ਗੁਰ-ਜੋਤੀ' ਨੂੰ ਅਕਾਲ ਪੁਰਖ ਨੇ ਭੇਜਿਆ ਸੀ। ਉਹ ਸੰਪੂਰਣ ਪ੍ਰਕਾਸ਼ ਸਰੂਪ ਤੇ ਆਦਰਸ਼ਕ ਸਨ, ਉਨ੍ਹਾਂ ਦਾ ਜੀਵਨ ਉਦੇਸ਼ ਆਪਣੇ ਆਪ ਵਿਚ ਮੁਕੰਮਲ ਹੋਣਾ ਨਹੀਂ ਸੀ ਬਲਕਿ ਆਪਣੇ ਮੁਕੰਮਲ ਜੀਵਨ ਨਾਲ ਸੰਸਾਰ ਨੂੰ ਉਚਿਆਂ ਕਰਨਾ ਸੀ।

ਗੁਰੂ ਤੇ ਵਾਹਿਗੁਰੂ :

ਸਤਿਗੁਰੂ ਸਾਡੀ ਆਤਮਾ ਨੂੰ ਵਾਹਿਗੁਰੂ ਨਾਲ ਜੋੜਦੇ ਹਨ। ਜੇ ਉਹ ਆਪ ਨਿਰੰਕਾਰ ਨਾਲ ਇਕ ਰੂਪ ਨਾ ਹੋਣ ਤਾਂ ਉਨ੍ਹਾਂ ਨੇ ਸਿੱਖ ਨੂੰ ਉਸ ਨਾਲ ਇਕ ਰੂਪ ਕੀ ਕਰਨਾ ਹੋਇਆ ? ਇਸ ਲਈ ਗੁਰੂ ਅਤੇ ਵਾਹਿਗੁਰੂ ਇਕ ਰੂਪ ਹਨ। ਮਹਾਰਾਜ ਫੁਰਮਾਉਂਦੇ ਹਨ—

ਸਤਿਗੁਰ ਦੇਉ ਪਰਤਖਿ ਹਰਿ ਮੂਰਤਿ
ਜੋ ਅੰਮ੍ਰਿਤ ਬਚਨ ਸੁਣਾਵੈ ॥
[ਮਲਾਰ ਮ: ੪]

ਗੁਰੁ ਗੋਬਿੰਦੁ ਪਾਰਬ੍ਰਹਮ ਪੂਰਾ ॥ [ਗਉੜੀ ਮ: ੫]

ਭੇਦੁ ਨਾਹੀ ਗੁਰਦੇਵ ਮੁਰਾਰ ॥ [ਗੂਜਰੀ ਮ: ੫]

ਗੁਰ ਪਰਮੇਸਰੁ ਏਕੋ ਜਾਣੁ ॥ [ਗੋਂਡ ਮ: ੫]

ਭਾਈ ਗੁਰਦਾਸ ਜੀ ਲਿਖਦੇ ਹਨ—

ਗੁਰੂ ਗੋਬਿੰਦ ਔ ਗੋਬਿੰਦ ਗੁਰੂ ਏਕ ਮੇਕ,
ਓਤ ਪੋਤ ਸੂਤ੍ਰ ਗਤਿ ਅੰਬਰ ਉਚਾਰਕੈ । [੫੪]

ਭਾਵ—ਵਾਹਿਗੁਰੂ ਤੇ ਗੁਰੂ ਇਕ ਰੂਪ ਹਨ, ਜਿਵੇਂ ਕੱਪੜੇ ਵਿਚ ਤਾਣਾ ਪੇਟਾ ਹੁੰਦਾ ਹੈ। ਮਹਾਤਮਾ ਸੁੰਦਰ ਦਾਸ ਜੀ ਨੇ ਕਿਹਾ ਹੈ—

ਗੋਬਿੰਦ ਕੇ ਕੀਏ ਜੀਵ ਜਾਤ ਥੇ ਰਸਾਤਲ ਕੋ,
ਗੁਰ ਉਪਦੇਸ਼ ਸੁ ਤੋ ਛੂਟੈ ਜਮ ਫੰਧ ਤੇ ।
ਗੋਬਿੰਦ ਕੇ ਕੀਏ ਜੀਵ ਬਸ ਪਰੇ ਕਰਮਨ ਕੇ,
ਗੁਰੂ ਕੇ ਨਿਵਾਜੇ ਸੁ ਫਿਰਹੈਂ ਸੁਛੰਦ ਤੇ ।
ਗੋਬਿੰਦ ਕੇ ਕੀਏ ਜੀਵ ਬੂਡਤ ਭਵ ਸਾਗਰ ਮੇਂ,
ਸੁੰਦਰ ਕਹਿਤ ਗੁਰੂ ਕਾਢੈ ਦੁਖ ਫੰਧ ਤੇ ।
ਔਰ ਹੂੰ ਕਹਾਂ ਲੋ ਕਛੂ ਮੁਖ ਤੇ ਕਹੌਂ ਬਨਾਇ,
ਗੁਰੂ ਕੀ ਮਹਿਮਾ ਤੌਂ ਅਧਿਕ ਹੈ ਗੋਬਿੰਦ ਤੇ ।

ਇਨ੍ਹਾਂ ਪ੍ਰਮਾਣਾਂ ਤੋਂ ਇਹ ਗਲ ਸਿੱਧ ਹੋਈ ਕਿ ਗੁਰੂ ਵਾਹਿਗੁਰੂ ਦਾ ਰੂਪ ਹੀ ਹੈ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਸਤਿਗੁਰਾਂ ਨੇ ਅਵਤਾਰ-ਫ਼ਿਲਾਸਫ਼ੀ ਕਿਉਂ ਖੰਡਨ ਕੀਤੀ ? ਦਸਮ ਪਾਤਸ਼ਾਹ ਨੇ ਬਚਿਤ੍ਰ ਨਾਟਕ ਵਿਚ ਇਉਂ ਕਿਹਾ ਹੈ—

ਜੋ ਹਮ ਕੋ ਪਰਮੇਸਰੁ ਉਚਰੈ,
ਤੇ ਸਭ ਨਰਕ ਕੁੰਡ ਮੈਂ ਪਰਹੈਂ ॥

ਇਸ ਦਾ ਉੱਤਰ ਇਹ ਹੈ ਕਿ ਵਾਹਿਗੁਰੂ ਵਿਚ ਕੋਈ ਆਤਮਾ ਲੀਨ ਹੋ ਸਕਦੀ ਹੈ, ਉਸ ਦੇ ਤੁਲ ਨਹੀਂ ਹੋ ਸਕਦੀ। ਦਸ ਗੁਰੂ ਆਤਮਕ ਤੌਰ ਤੇ ਸ੍ਰੀ ਵਾਹਿਗੁਰੂ ਵਿਚ ਲੀਨ ਹੋਏ ਹਨ। ਜਿਵੇਂ ਸੋਨਾ ਅੱਗ ਵਿਚ ਪੈ ਕੇ ਉਸ ਦਾ ਰੂਪ ਹੁੰਦਾ ਹੈ। ਪਰ ਇਹ ਨਹੀਂ ਕਿ ਉਹ ਵਾਹਿਗੁਰੂ ਦੇ ਤੁਲ ਸਨ।

ਅਵਤਾਰ ਪੂਜਾ ਦਾ ਭਾਵ ਕਿਸੇ ਸਰੀਰ-ਧਾਰੀ ਨੂੰ ਵਾਹਿਗੁਰੂ ਦੀ ਤੁਲਤਾ ਦੇਣੀ ਹੈ। ਸਿੱਖ ਧਰਮ ਨੇ ਇਹ ਗਲ ਨਹੀਂ ਮੰਨੀ। ਇਕ ਗਲ ਹੋਰ ਚੇਤੇ ਰਖਣੀ ਚਾਹੀਦੀ ਹੈ ਕਿ ਗੁਰੂ ਵਾਹਿਗੁਰੂ ਉਤੇ ਨਿਰਭਰ ਕਰਦਾ ਹੈ, ਵਾਹਿਗੁਰੂ ਕਿਸੇ ਵਿਅਕਤੀ ਉਤੇ ਨਿਰਭਰ ਨਹੀਂ ਕਰਦਾ। ਉਪਰੋਕਤ ਵਾਕਾਂ ਵਿਚ ਗੁਰੂ ਨੂੰ ਗੋਬਿੰਦ ਰੂਪ ਕਿਹਾ ਹੈ, ਇਹ ਲੀਨਤਾ ਦੀ ਅਵਸਥਾ 'ਦੁਇ ਤੇ ਏਕ ਰੂਪ ਹੋਇ ਗਇਓ' ਨੂੰ ਕਥਨ ਕੀਤਾ ਹੈ। ਜਿਸ ਵੇਲੇ ਤੁਲਤਾ ਜਾਂ ਬਰਾਬਰੀ ਦੇ ਸਿਧਾਂਤ ਦਾ ਜ਼ਿਕਰ ਕੀਤਾ ਹੈ ਤਾਂ ਪਰਮੇਸ਼ਰ ਕਹਿਣ ਵਾਲੇ ਨੂੰ ਨਰਕ-ਗਾਮੀ ਹੋਣਾ ਦੱਸਿਆ ਹੈ।

ਦਸ ਗੁਰੂ ਇਕ ਰੂਪ :

ਸੰਸਾਰ ਵਿਚ ਜਿਤਨੇ ਮਹਾਂ ਪੁਰਖ, ਅਵਤਾਰ ਜਾਂ ਪੈਗੰਬਰ ਹੋਏ ਹਨ, ਉਨ੍ਹਾਂ ਨੇ ਆਪਣੇ ਪਿਛੋਂ ਆਪਣੇ ਵਰਗੀ ਕੋਈ ਸ਼ਖਸੀਅਤ ਪੈਦਾ ਨਹੀਂ ਕੀਤੀ। ਕਿਸੇ ਵਿਅਕਤੀ ਲਈ ਆਪਣੇ ਵਰਗੀ ਸ਼ਖਸੀਅਤ ਪੈਦਾ ਕਰਨੀ ਜਾਂ ਜਾ-ਨਸ਼ੀਨ ਬਣਾਉਣਾ ਬਹੁਤ ਕਠਨ ਕੰਮ ਹੈ। ਮਜ਼ਬ ਦੇ ਇਤਿਹਾਸ ਵਿਚ ਇਹ ਇਕ ਅਸਚਰਜ ਗਲ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਜੋਤਿ ਦਾ ਪ੍ਰਕਾਸ਼ ਦਸ ਰੂਪਾਂ ਵਿਚ ਕੀਤਾ ਹੈ—

ਜੋਤਿ ਓਹਾ ਜੁਗਤਿ ਸਾਇ,
ਸਹਿ ਕਾਇਆ ਫੇਰਿ ਪਲਟੀਐ ॥

[ਰਾਮਕਲੀ ਕੀ ਵਾਰ]

ਭਾਵ—ਜੋਤਿ ਉਹੀ ਸੀ, ਜੁਗਤੀ ਵੀ ਉਹੀ, ਸਿਰਫ ਗੁਰੂ ਜੀ ਨੇ ਕਾਇਆ ਪਲਟ ਲਈ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ

ਦੀਵੇ ਤੋਂ ਦੀਵਾ ਜਗਦਾ ਹੈ। ਭ੍ਰਿੰਗੀ (ਇਕ ਕੀੜਾ) ਕਿਸੇ ਕੀੜੇ ਨੂੰ ਪਕੜ ਕੇ ਆਪਣਾ ਰੂਪ ਕਰ ਲੈਂਦੀ ਹੈ[1], ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਲਹਿਣਾ ਜੀ ਨੂੰ ਆਪਣਾ ਰੂਪ ਕਰ ਲਿਆ। ਗੁਰੂ ਨੇ ਸਿੱਖ ਦੇ ਹਿਰਦੇ 'ਚ ਨਿਵਾਸ ਕਰ ਕੇ ਉਸ ਨੂੰ ਆਪਣੇ ਵਿਚ ਲੀਨ ਕਰ ਲਿਆ। 'ਅੰਗ ਸੇ ਅਪਨੇ ਲਗਾ ਕਰ ਲਹਿਣੇ ਕੋ ਅੰਗਦ ਕਰ ਦੀਆ।'

ਗੁਰੂ ਜਦ ਸਿੱਖ ਨਾਲ ਮਿਲਦਾ ਹੈ ਅਤੇ ਸਿੱਖ ਦੀ ਆਤਮਾ ਗੁਰੂ ਵਿਚ ਲੀਨ ਹੁੰਦੀ ਹੈ, ਉਸ ਵਕਤ ਦੀਆਂ ਤਰੁੱਟੀਆਂ ਦੂਰ ਹੋ ਜਾਂਦੀਆ ਹਨ। ਗੁਰੂ ਦੇ ਗੁਣ ਉਸ ਵਿਚ ਆ ਜਾਂਦੇ ਹਨ। ਗੁਰੂ ਤੇ ਸਿੱਖ ਇਕ-ਮਿਕ ਹੋ ਜਾਂਦੇ ਹਨ। ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਲਹਿਣਾ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਬਣਾ ਕੇ ਉਨ੍ਹਾਂ ਨੂੰ ਗੁਰਗੱਦੀ ਦਿਤੀ। ਦੂਸਰੀ ਪਾਤਸ਼ਾਹੀ ਨੇ ਅਗੋਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਬਖਸ਼ਿਸ਼ ਕੀਤੀ। ਇਸੇ ਤਰ੍ਹਾਂ ਅਗੇ ਦਸਮ ਪਾਤਸ਼ਾਹ ਤਕ ਗੁਰਤਾ ਦਾ ਸਿਲਸਿਲਾ ਚਲਦਾ ਰਿਹਾ। ਸ੍ਰੀ ਗੁਰੂ ਰਾਮਦ ਸ ਜੀ ਫੁਰਮਾਉਂਦੇ ਹਨ—

ਜਿ ਹੋਂਦੈ ਗੁਰੂ ਬਹਿ ਟਿਕਿਆ
ਤਿਸ ਜਨ ਕੀ ਵਡਿਆਈ ਵਡੀ ਹੋਈ ॥
ਤਿਸੁ ਕਉ ਜਗਤੁ ਨਿਵਿਆ ਸਭ
ਪੈਰੀ ਪਇਆ ਜਸੁ ਵਰਤਿਆ ਲੋਈ ॥

[ਗਉੜੀ ਕੀ ਵਾਰ ੧੫]

ਭਾਵ—ਜਿਸ ਵਿਅਕਤੀ ਨੂੰ ਤਿਲਕ ਦੇ ਕੇ ਆਪ ਗੁਰਗੱਦੀ ਦਿਤੀ, ਉਹ ਵਿਅਕਤੀ ਗੁਰੂ ਹੋਈ, ਜਗਤ ਉਸ ਦੇ ਚਰਨਾਂ ਵਿਚ ਨਿਵਿਆ।

---

੧. ਪੂਨਾ ਕਾਲਜ ਦੇ ਪ੍ਰੋਫ਼ੈਸਰ ਮਾਥਰ ਨੇ ਖੋਜ ਕੀਤੀ ਹੈ ਕਿ ਭ੍ਰਿੰਗੀ ਜਿਸ ਕੀੜੇ ਨੂੰ ਪਕੜਦੀ ਹੈ, ਉਸ ਨੂੰ ਮਾਰ ਕੇ ਉਸ ਵਿਚ ਬੱਚੇ ਦਿੰਦੀ ਹੈ। ਉਹ ਬੱਚੇ ਕੀੜੇ ਦੇ ਵਜੂਦ ਨੂੰ ਖਾ ਕੇ ਵੱਡੇ ਹੁੰਦੇ ਹਨ। ਭ੍ਰਿੰਗੀ ਬਣ ਕੇ ਉੱਡ ਜਾਂਦੇ ਹਨ।

[ਪ੍ਰੇਮ ਪ੍ਰਚਾਰਕ, ੮-੧੨-੩੦

ਗੁਰਗਦੀ ਰੱਬੀ ਦਾਤ ਸੀ, ਜੋ ਗੁਣਾਂ, ਸ਼ੁਭ ਕਰਨੀ ਤੇ ਯੋਗਤਾ ਦੀ ਬਿਨਾ ਤੇ ਦਿਤੀ ਗਈ।

ਦੋ ਗੁਨਾਂ ਸਤਿ ਭੈਣ ਭਰਾਵ ਹੈ,
ਪਾਰੰਗਤਿ ਦਾਨ ਪੜੀਵਦੇ ॥

ਭਾਵ—ਦੋਵੇਂ ਗੁਣ ਸੱਚੇ ਭੈਣ ਭਰਾ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਲਹੂ ਦੇ ਸਾਕ ਕਰਕੇ ਗਦੀ ਮੰਗਦੇ ਸਨ। ਪੂਰੀ ਉਸੇ ਦੀ ਪਈ, ਜਿਸ ਨੂੰ ਇਹ ਦਾਨ ਪ੍ਰਾਪਤ ਹੋਇਆ—

ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥

ਭਾਵ—ਜਦੋਂ ਸ੍ਰੀ ਲਹਿਣਾ ਜੀ ਨੂੰ ਸੋਧਿਆ ਗਿਆ, ਤਦ ਉਨ੍ਹਾਂ ਨੂੰ ਗਦੀ ਦਿਤੀ ਗਈ। ਜਿਸ ਨੂੰ ਗੁਰੂ ਦੀ ਬਖਸ਼ਸ਼ ਹੋਈ, ਜਿਸ ਦੇ ਹਿਰਦੇ ਵਿਚ ਗੁਰੂ ਨੇ ਆਪਣੀ ਜੋਤ ਟਿਕਾਈ, ਉਹ ਹੀ ਵਿਅਕਤੀ ਗੁਰੂ ਹੋਈ।

ਪ੍ਰਿਥੀ ਚੰਦ, ਧੀਰ ਮਲ ਤੇ ਰਾਮ ਰਾਇ ਆਦਿਕਾਂ ਨੇ ਗੁਰੂ ਘਰ ਦੇ ਇਸ ਅਸੂਲ ਨੂੰ ਮੰਨਣ ਤੋਂ ਇਨਕਾਰ ਕੀਤਾ। ਉਹ ਗੁਰਗਦੀ ਨੂੰ ਮਾਣ-ਵਡਿਆਈ, ਪ੍ਰਭਤਾ, ਪੂਜਾ ਭੇਟ ਲੈਣ ਦਾ ਸਾਧਨ, ਖਾਨਦਾਨੀ ਲੋਕਾਚਾਰ ਤੇ ਰਿਵਾਜ ਅਨੁਸਾਰ ਵਿਰਾਸਤ ਸਮਝਦੇ ਸਨ, ਇਸ ਲਈ ਸਿੱਖੀ ਵਿਚੋਂ ਖਾਰਜ ਕੀਤੇ ਗਏ।

ਦਸਮ ਪਾਤਸ਼ਾਹ ਨੇ ਦਸਾਂ ਰੂਪਾਂ ਦੀ ਏਕਤਾ ਦੇ ਸਿਧਾਂਤ ਨੂੰ ਇਉਂ ਸਪੱਸ਼ਟ ਕੀਤਾ ਹੈ—

ਸ੍ਰੀ ਨਾਨਕ ਅੰਗਦ ਕਰ ਮਾਨਾ ॥
ਅਮਰਦਾਸ ਅੰਗਦ ਪਹਿਚਾਨਾ ॥

ਅਮਰਦਾਸ ਰਾਮਦਾਸ ਕਹਾਇਓ ॥
ਸਾਧਨ ਲਖਾ ਮੂੜ ਨਹੀ ਪਾਯੋ ॥

ਭਿੰਨ ਭਿੰਨ ਸਭਹੂ ਕਰ ਜਾਨਾ ॥
ਏਕ ਰੂਪ ਕਿਨਹੂ ਪਹਿਚਾਨਾ ॥

ਜਿਨ ਜਾਨਾ ਤਿਨ ਹੀ ਸਿਧ ਪਾਈ॥
ਬਿਨ ਸਮਝੇ ਸਿਧਿ ਹਾਥ ਨ ਆਈ॥

[ਬਚਿਤ੍ਰ ਨਾਟਕ, ਅਧਿ: ੫]

ਛੇਵੀਂ ਅਤੇ ਸਤਵੀਂ ਪਾਤਸ਼ਾਹੀ ਦੇ ਸਮੇਂ ਦਾ ਪ੍ਰਸਿੱਧ ਇਤਿਹਾਸਕਾਰ ਮੁਹਸਨ ਫ਼ਾਨੀ ਲਿਖਦਾ ਹੈ—

"ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦੇਹਾਂਤ ਹੋਇਆ, ਉਨ੍ਹਾਂ ਦੀ ਆਤਮਾ ਗੁਰੂ ਅੰਗਦ ਦੇਵ ਜੀ ਵਿਚ ਲੀਨ ਹੋ ਗਈ। ਗੁਰੂ ਅੰਗਦ ਦੇਵ ਗੁਰੂ ਨਾਨਕ ਸਰੂਪ ਹੋ ਗਏ। ਗੁਰੂ ਅੰਗਦ ਦੇਵ ਜੀ ਨੇ ਜੋਤੀ ਜੋਤ ਸਮਾਉਣ ਪਰ, ਉਨ੍ਹਾ ਦੀ ਆਤਮਾ ਨੂੰ, ਸ੍ਰੀ ਗੁਰੂ ਅਮਰਦਾਸ ਜੀ ਵਿਚ ਪ੍ਰਵੇਸ਼ ਕੀਤਾ। ਇਸੇ ਤਰ੍ਹਾਂ ਤੀਸਰੇ ਗੁਰੂ ਨੇ ਸ੍ਰੀ ਗੁਰੂ ਰਾਮਦਾਸ ਵਿਚ ਤੇ ਚੌਥੀ ਪਾਤਸ਼ਾਹੀ ਨੇ ਗੁਰੂ ਅਰਜਨ ਦੇਵ ਵਿਚ ਆਪਣੀ ਆਤਮਾ ਨੂੰ ਲੀਨ ਕੀਤਾ। ਇਨ੍ਹਾਂ 'ਚੋਂ ਹਰੇਕ ਨੂੰ 'ਮਹਿਲ' ਦੀ ਪਦਵੀ ਦਿਤੀ ਗਈ। ਪਹਿਲੇ ਮਹਿਲ ਗੁਰੂ ਨਾਨਕ ਦੇਵ ਜੀ ਸਨ, ਬਾਕੀ ਦੇ ਗੁਰੂਆਂ ਨੂੰ ਵੀ ਇਸੇ ਪਦਵੀ ਨਾਲ ਯਾਦ ਕੀਤਾ ਜਾਂਦਾ ਸੀ।"

ਫ਼ਾਨੀ ਲਿਖਦਾ ਹੈ—

ਅਕੀਦਾ ਆਂ ਅਸਤ ਕਿ ਗੁਰੂ ਹਾਏ ਹਮਾ ਨਾਨਕ ਅੰਦ।

ਭਾਵ—ਸਿੱਖਾਂ ਦਾ ਨਿਸਚਾ ਹੈ ਕਿ ਉਨ੍ਹਾਂ ਦੇ ਸਾਰੇ ਗੁਰੂ ਨਾਨਕ ਹੀ ਹਨ।[1]

ਕਈ ਆਦਮੀ ਕਹਿੰਦੇ ਹਨ ਕਿ ਸ੍ਰੀ ਗੁਰੂ ਰਾਮਦਾਸ ਜੀ ਤੋਂ ਪਿਛੋਂ ਗੁਰਗਦੀ ਖਾਨਦਾਨੀ ਬਣ ਗਈ। ਕਈ ਇਤਿਹਾਸਕਾਰ ਬੀਬੀ ਭਾਨੀ ਜੀ ਦੀ ਸੇਵਾ ਤੇ ਵਰਦਾਨ ਮੰਗਣ 'ਜਾਣ ਨ ਦੇਸਾਂ ਸੋਢੀਓਂ ਹੋਰਸ ਅਜਰ ਨ ਜਰਿਆ ਜਾਵੈ' ਦਾ ਨਤੀਜਾ ਦੱਸਦੇ ਹਨ। ਇਸ ਲਈ ਗੁਰਗਦੀ ਦਸਮ ਪਾਤਸ਼ਾਹ ਤਕ ਸੋਢੀਆਂ ਵਿਚ ਹੀ ਰਹੀ। ਇਹ ਗਲ ਦਰੁਸਤ ਨਹੀਂ।

---

੧. ਦਬਿਸਤਾਨੇ ਮਜ਼ਾਹਬ, ਪੰਨਾ ੨੨੫। ਗੁਰਬਾਣੀ ਵਿਚ ਜੋ ਮਹਲਾ ਸ਼ਬਦ ਵਰਤਿਆ ਗਿਆ ਹੈ, ਉਹ ਮਹਿਲ ਤੋਂ ਹੀ ਬਣਿਆ ਹੈ। ਇਸ ਦਾ ਮਤਲਬ ਗੁਰੂ ਜਾਂ ਪਾਤਸ਼ਾਹੀ ਤੋਂ ਹੈ।

ਗੁਰਗਦੀ ਕਦੀ ਖਾਨਦਾਨੀ ਜਾਂ ਵਿਰਸੇ ਦੀ ਚੀਜ਼ ਨਹੀਂ ਬਣਾਈ ਗਈ। ਸ਼ੁਭ ਕਰਨੀ ਤੇ ਚੰਗੇ ਗੁਣਾਂ ਦੇ ਆਧਾਰ ਤੇ ਦਿਤੀ ਜਾਂਦੀ ਰਹੀ ਹੈ। ਬੀਬੀ ਭਾਨੀ ਜੀ ਨੇ ਜੋ ਵਰ ਮੰਗਿਆ ਸੀ, ਉਹ 'ਅਜਰ ਵਸਤੂ' ਸ਼ਹੀਦੀ ਦਾ ਸੀ, ਜੋ ਵਾਹਿਗੁਰੂ ਦੀ ਮਰਜ਼ੀ ਨਾਲ ਪੰਚਮ ਪਾਤਸ਼ਾਹ ਤੋਂ ਲੈ ਕੇ ਦਸਮ ਪਾਤਸ਼ਾਹ ਤਕ ਉਨ੍ਹਾਂ ਦੇ ਖਾਨਦਾਨ ਨੂੰ ਪ੍ਰਾਪਤ ਹੋਈ। ਅਕਾਲ ਪੁਰਖ ਦੀ ਰਜ਼ਾ ਵਿਚ ਹੀ ਗੁਰਗਦੀ ਵੀ ਸੋਢੀਆਂ ਵਿਚ ਹੀ ਰਹੀ, ਪਰ ਗੁਣਾਂ ਦੀ ਬਿਨਾ ਤੇ ਦਿਤੀ ਜਾਂਦੀ ਰਹੀ।

ਇਸ ਵਿਚ ਪ੍ਰਚਲਤ ਕਾਨੂੰਨ, ਰਸਮੋ-ਰਿਵਾਜ ਤੇ ਲੋਕਾਚਾਰ ਦੀ ਪ੍ਰਵਾਹ ਨਹੀਂ ਕੀਤੀ ਗਈ। ਲੋਕਾਚਾਰ ਅਨੁਸਾਰ ਚੌਥੀ ਪਾਤਸ਼ਾਹੀ ਤੋਂ ਪਿਛੋਂ ਉਨ੍ਹਾਂ ਦਾ ਵੱਡਾ ਪੁੱਤਰ ਪ੍ਰਿਥੀ ਚੰਦ ਗਦੀ ਦਾ ਹੱਕਦਾਰ ਸੀ, ਪਰ ਉਸ ਨੂੰ ਬਖਸ਼ਸ਼ ਨਹੀਂ ਹੋਈ। ਛੋਟੇ ਸਾਹਿਬਜ਼ਾਦੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇਹ ਦਾਤ ਪ੍ਰਾਪਤ ਹੋਈ। ਛੇਵੇਂ ਪਾਤਸ਼ਾਹ ਨੇ ਆਪਣੇ ਪੋਤਰੇ (ਟਿੱਕਾ ਗੁਰਦਿਤਾ ਜੀ ਦੇ ਸਪੁੱਤਰ) ਸ੍ਰੀ ਗੁਰੂ ਹਰਿ ਰਾਇ ਸਾਹਿਬ ਨੂੰ ਗਦੀ ਦਿਤੀ, ਅਗੋਂ ਉਨ੍ਹਾਂ ਨੇ ਆਪਣੇ ਵੱਡੇ ਪੁੱਤਰ ਨੂੰ ਤਿਆਗ ਕੇ ਛੋਟੇ ਸਾਹਿਬਜ਼ਾਦੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਦਿਤੀ। ਅਠਵੀਂ ਪਾਤਸ਼ਾਹੀ ਨੇ ਜੋਤੀ ਜੋਤ ਸਮਾਉਣ ਵੇਲੇ ਗੁਰੂ ਪਦਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦਿਤੀ, ਜੋ ਰਿਸ਼ਤੇ ਦੇ ਲਿਹਾਜ਼ ਨਾਲ ਦਾਦੇ ਲਗਦੇ ਸਨ। ਸੰਸਾਰ ਦੇ ਇਤਿਹਾਸ ਵਿਚ ਕੋਈ ਮਿਸਾਲ ਅਜਿਹੀ ਨਹੀਂ ਮਿਲਦੀ ਕਿ ਕਿਸੇ ਪੋਤਰੇ ਨੇ ਦਾਦੇ ਨੂੰ ਗਦੀ ਦਿਤੀ ਹੋਵੇ ਤੇ ਉਸ ਨੇ ਪ੍ਰਵਾਨ ਕੀਤੀ ਹੋਵੇ। ਇਸ ਤੋਂ ਸਪੱਸ਼ਟ ਹੈ ਕਿ ਗੁਰੂ ਜੋਤੀ ਨੂੰ ਕਹਿੰਦੇ ਸਨ, ਇਸ ਕਰਕੇ ਦਸ ਸਤਿਗੁਰੂ ਇਕ ਰੂਪ ਹਨ।

ਦਸ ਸਤਿਗੁਰੂਆਂ ਦਾ ਕੰਮ—

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕੇਸ਼੍ਵਰ ਦੀ ਭਗਤੀ, ਭਰਾਤ੍ਰੀ ਭਾਵ, ਸਮਾਨਤਾ, ਪਖੰਡ ਅਤੇ ਫੋਕੇ ਕਰਮ-ਕਾਂਡ ਦਾ ਤਿਆਗ, ਨਾਮ ਜਪਣਾ, ਵੰਡ ਛਕਣਾ ਤੇ ਕਿਰਤ ਕਰਨੀ, ਸਿੱਖੀ ਦੀ ਤਾਲੀਮ ਸਿਖਾਈ।

ਸਿੱਖ ਕੀ ਹੈ ? 'ਹੁਕਮ ਮੰਨ ਹੋਵੈ ਪ੍ਰਵਾਣ' ਇਸ ਦੀ ਕਮਾਈ ਦੂਸਰੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੀਤੀ। ਉਨ੍ਹਾਂ ਨੇ ਇਕ ਸੰਸਾਰ ਵਿਆਪੀ ਸਿੱਖਿਆ ਨੂੰ ਕੇਂਦ੍ਰੀਯ ਕੀਤਾ। ਇਸ ਖਿਆਲ ਨਾਲ ਕਿ ਇਕ ਥਾਂ ਜੜ੍ਹ ਪਕੜ ਕੇ ਸਾਰੇ ਸੰਸਾਰ ਵਿਚ ਫੈਲ ਸਕੇ। ਤੀਸਰੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਨੇ ਗੁਰੂ ਦੀ ਸੇਵਾ ਅਤੇ ਸਮਾਜ ਸੁਧਾਰ ਦੀ ਸਿੱਖਿਆ ਦਿਤੀ। ਗੁਰੂ ਕੇ ਲੰਗਰ ਵਿਚ ਸਭ ਨੂੰ ਅਭੇਦ ਵਰਤਾ ਕੇ, ਸੇਵਾ, ਭਰਾਤ੍ਰੀ ਭਾਵ ਤੇ ਸਮਾਨਤਾ ਸਿਖਾਈ। ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ ਸੇਵਾ ਤੋਂ ਜੀਵਨ ਅਰੰਭ ਕੀਤਾ। ਸ੍ਰੀ ਅੰਮ੍ਰਿਤਸਰ ਵਸਾ ਕੇ ਲੋਕ-ਸੇਵਾ ਕੀਤੀ। ਪਰ ਜਾਤਾਂ ਦੇ ਕਿਰਤੀ ਲੋਕਾਂ ਨੂੰ ਆਬਾਦ ਕੀਤਾ। ਉਨ੍ਹਾਂ ਨੂੰ ਆਤਮਕ ਉਪਦੇਸ ਕਰਨ ਦੇ ਨਾਲ ਦਸਤਕਾਰੀ, ਹੁਨਰ ਤੇ ਵਪਾਰ ਵਿਚ ਉੱਨਤੀ ਕਰਨੀ ਸਿਖਾਈ। ਸ੍ਰੀ ਅੰਮ੍ਰਿਤ ਸਰੋਵਰ ਬਣਾ ਕੇ ਸਾਰੇ ਮਨੁੱਖਾਂ ਨੂੰ ਸਮਾਨਤਾ ਦਿਤੀ। ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਰਨ ਤਾਰਨ ਰਚ ਕੇ ਦੁਖੀਆਂ ਦੀ ਸੇਵਾ ਤੇ ਕਰਤਾਰਪੁਰ ਵਸਾ ਕੇ ਲੋਕ-ਸੇਵਾ ਕੀਤੀ। ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਤਿਆਰ ਕਰ ਕੇ ਹਿੰਦੂ ਭਗਤਾਂ ਤੇ ਮੁਸਲਮਾਨ ਸੰਤਾਂ ਦੀ ਬਾਣੀ ਨੂੰ ਇਕ ਥਾਂ ਦਰਜ ਕਰ ਕੇ ਆਤਮਕ ਮਿਲਾਪ ਤੇ ਸਰਬ-ਸਾਂਝ ਦੀ ਨੀਂਹ ਰਖੀ। ਸ੍ਰੀ ਹਰਿਮੰਦਰ ਬਣਾ ਕੇ ਸ੍ਰੀ ਗੁਰੂ ਨਾਨਕ ਦੇਵ ਦੀ ਤਾਲੀਮ ਨੂੰ ਇਕ ਅਮਲੀ ਰੂਪ ਦਿਤਾ। ਇਸ ਦੇ ਨਾਲ ਸੇਵਾ ਦੇ ਆਦਰਸ਼ ਨੂੰ ਪੂਰਨ ਕਰਦੇ ਹੋਏ, ਸਿੱਖੀ ਆਦਰਸ਼ ਨੂੰ ਬਚਾਉਣ ਲਈ ਸ਼ਹੀਦੀ ਪ੍ਰਾਪਤ ਕੀਤੀ।

ਪੰਚਮ ਪਾਤਸ਼ਾਹ ਦੀ ਸ਼ਹੀਦੀ ਦੇ ਪਿਛੋਂ ਸਿੱਖੀ ਵਿਚ ਇਕ ਤਬਦੀਲੀ ਆ ਗਈ। ਉਹ ਇਹ ਸੀ ਕਿ ਛੇਵੇਂ ਸਤਿਗੁਰੂ ਨੇ ਮੀਰੀ ਤੇ ਪੀਰੀ ਨੂੰ ਇਕੱਠਿਆਂ ਕਰ ਕੇ ਇਹ ਪ੍ਰਗਟ ਕੀਤਾ ਕਿ ਧਰਮ ਤੋਂ ਬਿਨਾਂ ਰਾਜਨੀਤੀ ਜ਼ੁਲਮ, ਜਬਰ ਤੇ ਅਨਿਆਂ ਬਣ ਜਾਂਦੀ ਹੈ। ਪੁਲੀਟੀਕਲ ਤਾਕਤ ਤੋਂ ਬਿਨਾਂ ਧਰਮ ਦੇ ਉਚੇ ਅਸੂਲਾਂ ਨੂੰ ਕਾਇਮ ਰਖਣਾ ਕਠਨ ਹੈ। ਇਸ ਲਈ ਮਹਾਰਾਜ ਨੇ ਸੇਲੀ ਟੋਪੀ ਦੀ ਥਾਂ ਦੋ ਤਲਵਾਰਾਂ ਪਹਿਨੀਆਂ, ਨਗਾਰੇ ਵਜਾਏ, ਸੈਨਾ ਤਿਆਰ ਕੀਤੀ ਅਤੇ ਮੁਗ਼ਲ ਹਕੂਮਤ ਨਾਲ ਜੰਗ ਵੀ

ਕੀਤੇ। ਸਤਵੀਂ ਪਾਤਸ਼ਾਹੀ ਨੇ 'ਲੋਹੇ ਦੀ ਤਰ੍ਹਾਂ ਸਖਤ ਹੁੰਦਿਆਂ ਫੁੱਲਾਂ ਦੀ ਤਰ੍ਹਾਂ ਨਰਮ' ਹੋਣ ਦਾ ਸਬੂਤ ਦਿਤਾ। ਤਾਕਤ ਹੁੰਦਿਆਂ ਜੰਗ ਨਹੀਂ ਕੀਤੇ, ਇਸ ਖਿਆਲ ਨਾਲ ਕਿ ਸ਼ਇਦ ਮੁਗਲ ਆਪਣੀ ਨੀਤੀ ਪਰ ਵਿਚਾਰ ਕਰ ਕੇ ਉਸ ਨੂੰ ਬਦਲ ਲਵੇ। ਔਰੰਗਜ਼ੇਬ ਦੀ ਅਨੀਤੀ ਵੇਖ ਕੇ ਗੁਰੂ ਜੀ ਨੇ ਉਸ ਨਾਲ ਮਿਲਵਰਤਣ ਨਹੀਂ ਕੀਤੀ।

ਅਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਪੰਜ ਛੇ ਬਰਸ ਦੀ ਉਮਰ ਵਿਚ ਗੁਰਗਦੀ ਦਿਤੀ ਗਈ। ਸਰ ਜਾਦੂ ਨਾਲ ਸਰਕਾਰ ਨੇ ਔਰੰਗਜ਼ੇਬ ਦੇ ਜੀਵਨ ਵਿਚ ਲਿਖਿਆ ਹੈ ਕਿ 'ਪੰਜ ਸਾਲ ਦਿਆਂ ਬੱਚਿਆਂ ਨੂੰ ਗਦੀ ਦੇਣੀ ਸਾਬਤ ਕਰਦਾ ਹੈ ਕਿ ਗੁਰਗਦੀ ਸ਼ਖਸੀ ਪੂਜਾ ਦੀ ਇਕ ਰਸਮ ਰਹਿ ਗਈ ਸੀ। ਏਨੀ ਛੋਟੀ ਉਮਰ ਦੇ ਬੱਚੇ ਕਿਸੇ ਕੌਮ ਦੀ ਕਿਸ ਤਰ੍ਹਾਂ ਰਹਿਨੁਮਾਈ ਕਰ ਸਕਦੇ ਹਨ ?'

ਇਹ ਗਲ ਇਸ ਲਈ ਨਿਰਮੂਲ ਹੈ ਕਿ ਸਿੱਖੀ ਵਿਚ ਜੋਤੀ ਨੂੰ ਗੁਰੂ ਮੰਨਿਆ ਹੈ ਨਾ ਕਿ ਉਮਰ ਨੂੰ। ਅਠਵੇਂ ਪਾਤਸ਼ਾਹ ਆਪਣੇ ਪਿਤਾ ਦੀ ਬਣਾਈ ਹੋਈ ਨੀਤੀ ਪਰ ਦ੍ਰਿੜ੍ਹ ਰਹੇ। ਉਨ੍ਹਾਂ ਨੇ ਔਰੰਗਜ਼ੇਬ ਦੀ ਕੁਟਲ-ਨੀਤੀ ਦਾ ਮੁਕਾਬਲਾ ਕੀਤਾ। ਜੋਤੀ ਜੋਤ ਸਮਾਉਣ ਵੇਲੇ 'ਬਾਬਾ ਬਕਾਲੇ' ਕਹਿ ਦੇ ਸ੍ਰੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਦੀ ਜੋ ਚੋਣ ਕੀਤੀ ਹੈ, ਇਹ ਕੋਈ ਬੱਚਾ ਨਹੀਂ ਕਰ ਸਕਦਾ ਸੀ। ਗੁਰੂ ਜੋਤੀ ਹੋਣ ਕਰਕੇ ਕੀਤੀ ਹੈ। ਨੌਵੇਂ ਪਾਤਸ਼ਾਹ ਨੇ ਹਿੰਦੂ ਧਰਮ ਦੀ ਰਖਿਆ ਅਤੇ ਉਪਕਾਰ ਲਈ ਸ਼ਹੀਦੀ ਪ੍ਰਾਪਤ ਕੀਤੀ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਂ ਸਤਿਗੁਰੂਆਂ ਦੇ ਕੀਤੇ ਹੋਏ ਕੰਮ ਨੂੰ ਖਾਲਸਾ ਪੰਥ ਸਾਜ ਕੇ ਸੰਪੂਰਨ ਕੀਤਾ। ਇਕ ਮੁਰਦਾ ਕੌਮ ਨੂੰ ਫਿਰ ਸੁਰਜੀਤ ਕੀਤਾ ਹੈ। ਦੇਸ਼ ਵਿਚ ਆਜ਼ਾਦੀ ਦੀ ਰੂਹ ਫੂਕੀ ਹੈ। ਆਦਰਸ਼ ਲਈ ਬਹੁਤ ਉਚੀ ਕੁਰਬਾਨੀ ਕੀਤੀ ਹੈ, ਜਿਸ ਦੀ ਮਿਸਾਲ ਨਹੀਂ ਮਿਲਦੀ।

ਕਈ ਸੱਜਣ ਕਹਿੰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵਾਹਿਗੁਰੂ ਵਲੋਂ ਭੇਜੇ ਹੋਏ ਪੂਰਨ ਗੁਰੂ ਸਨ, ਉਨ੍ਹਾਂ ਦਾ ਉਪਦੇਸ਼ ਮੁਕੰਮਲ ਸੀ, ਫਿਰ ਬਾਕੀ ਦੇ ਨੌਂ ਗੁਰੂਆਂ ਦੀ ਕੀ ਲੋੜ ਸੀ ? ਇਸ ਦਾ ਉੱਤਰ

ਇਹ ਹੈ ਕਿ ਕੋਈ ਬੀਜ ਇਕ ਦਿਨ ਵਿਚ ਬ੍ਰਿਛ ਨਹੀਂ ਬਣ ਜਾਂਦਾ। ਕੋਈ ਆਦਰਸ਼ ਜਾਂ ਮਜ਼੍ਹਬ ਝਟਪਟ ਮੁਕੰਮਲ ਨਹੀਂ ਹੋ ਜਾਂਦਾ। ਗੁਰੂ ਨਾਨਕ ਦੇਵ ਜੀ ਦਾ ਆਦਰਸ਼ ਸਿਧਾਂਤਕ ਤੌਰ ਤੇ ਸੰਪੂਰਨ ਸੀ, ਉਸ ਨੂੰ ਸਾਰੇ ਪਹਿਲੂਆਂ ਤੋਂ ਅਮਲੀ ਤੌਰ ਤੇ ਮੁਕੰਮਲ ਕਰਨ ਦੀ ਲੋੜ ਸੀ, ਇਹ ਸਮੇਂ ਅਨੁਸਾਰ ਪੂਰੀ ਹੋ ਸਕਦੀ ਸੀ। ਸੁਧਾਰ ਜਾਂ ਪਰਿਵਰਤਨ ਛੇਤੀ ਨਹੀਂ ਹੋ ਜਾਂਦਾ। ਨੌ ਗੁਰੂਆਂ ਨੇ ਗੁਰੂ ਨਾਨਕ ਆਦਰਸ਼ ਨੂੰ ਸੰਪੂਰਣ ਕੀਤਾ ਹੈ। ਸਤਿਗੁਰੂਆਂ ਨੇ ਸਵਾ ਦੋ ਸੌ ਸਾਲ ਵਿਚ ਜੋ ਕੰਮ ਕੀਤਾ ਹੈ, ਸਮੇਂ ਅਨੁਸਾਰ ਉਸ ਦੇ ਕਰਨ ਦੇ ਢੰਗ ਵਿਚ ਭੇਦ ਹੋ ਸਕਦਾ ਹੈ, ਜਿਹਾ ਕਿ ਪੰਚਮ ਪਾਤਸ਼ਾਹ ਸ਼ਾਂਤਮਈ ਰਹਿ ਕੇ ਸ਼ਹੀਦੀ ਪਾਂਦੇ ਹਨ, ਪਰ ਛੇਵੇਂ ਪਾਤਸ਼ਾਹ ਤਲਵਾਰ ਪਹਿਨ ਕੇ ਜੰਗ ਕਰਦੇ ਹਨ। ਪਰ ਆਦਰਸ਼, ਸਪਿਰਟ ਅਤੇ ਕੰਮ ਵਿਚ ਇਕਸਾਰ ਏਕਤਾ ਪਾਈ ਜਾਂਦੀ ਹੈ। ਦਸਾਂ ਸਤਿਗੁਰਾਂ ਨੇ ਇਕੋ ਸਿੱਖੀ ਆਦਰਸ਼ ਨੂੰ ਪੂਰਨ ਕੀਤਾ ਹੈ, ਇਸ ਲਈ ਉਹ ਇਕ ਰੂਪ ਸਨ।

ਈਸਾਈ ਅਤੇ ਮੁਸਲਮਾਨ ਆਦਿਕ ਮਜ਼੍ਹਬਾਂ ਵਿਚ ਪੈਗੰਬਰਾਂ ਬਾਰੇ ਦੋ ਖਿਆਲ ਸਨ—

(੧) ਈਸਾ ਨੇ ਕਿਹਾ—'ਮੈਂ ਰੱਬ ਦਾ ਪੁੱਤਰ ਹਾਂ। ਪਰ ਮੈਥੋਂ ਤੋਂ ਪਹਿਲੇ ਮੂਸਾ ਵੀ ਪੈਗੰਬਰ ਸੀ, ਉਸ ਦੀ ਸ਼ਰੀਅਤ ਵੀ ਠੀਕ ਸੀ।

(੨) ਦੂਸਰਾ ਮੁਸਲਮਾਨਾਂ ਦਾ ਮੱਤ ਹੈ। ਉਹ ਇਹ ਕਿ ਹਜ਼ਰਤ ਮੁਹੰਮਦ ਦੇ ਆਉਣ ਨਾਲ ਪਹਿਲਿਆਂ ਦੀ ਸ਼ਰੀਅਤ ਮਨਸੂਖ ਹੋ ਜਾਂਦੀ ਹੈ।

ਸਿੱਖ ਧਰਮ ਵਿਚ ਇਹ ਖਿਆਲ ਨਹੀਂ ਹਨ। ਜੋ ਸਿੱਖਿਆ, ਸਿਧਾਂਤ ਤੇ ਆਦਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੀ, ਉਸ ਨੂੰ ਬਾਅਦ ਦੇ ਗੁਰੂਆਂ ਨੇ ਪ੍ਰਚਾਰਿਆ ਤੇ ਸੰਪੂਰਣ ਕੀਤਾ ਹੈ। ਸਮੇਂ ਅਨੁਸਾਰ ਕਿਤੇ ਕੰਮ ਕਰਨ ਦੇ ਢੰਗ ਨੂੰ ਬਦਲਿਆ ਹੈ, ਆਦਰਸ਼ ਨੂੰ ਨਹੀਂ।

ਗੁਰੂ ਗ੍ਰੰਥ ਅਤੇ ਪੰਥ :

ਕਿਸੇ ਮਹਾਨ ਸ਼ਖਸੀਅਤ, ਗੁਰੂ, ਅਵਤਾਰ ਜਾਂ ਪੈਗੰਬਰ ਦਾ

ਹਮੇਸ਼ਾਂ ਲਈ ਜਿਉਂਦੇ ਰਹਿਣਾ ਕਠਨ ਹੁੰਦਾ ਹੈ, ਇਸ ਲਈ ਉਨ੍ਹਾਂ ਦੇ ਪਿਛੋਂ ਉਨ੍ਹਾਂ ਦੇ ਚਲਾਏ ਹੋਏ ਮਜ਼੍ਹਬਾਂ ਵਿਚ ਕਈ ਕਿਸਮ ਦੀਆਂ ਕਮਜ਼ੋਰੀਆਂ ਆ ਜਾਂਦੀਆਂ ਹਨ, ਮਤਭੇਦ ਹੋ ਜਾਂਦਾ ਹੈ। ਕਈ ਫਿਰਕੇ ਬਣ ਜਾਂਦੇ ਹਨ। ਇਸ ਕਿਸਮ ਦੀਆਂ ਔਕੜਾਂ ਕਈ ਧਰਮਾਂ ਦੇ ਸਾਹਮਣੇ ਆਈਆਂ ਹਨ। ਈਸਾਈਆਂ ਨੇ ਕਿਹਾ—'ਈਸਾ ਇਕ ਵਾਰ ਫਿਰ ਅਸਮਾਨ ਵਿਚੋਂ ਉਤਰੇਗਾ।' ਮੁਸਲਮ ਨਾ ਵਿਚ ਖਿਆਲ ਹੈ—'ਮੀਰ ਮਹਿੰਦੀ ਆਵੇਗਾ।' ਕਈਆਂ ਨੇ ਆਪਣੇ ਆਪ ਨੂੰ ਮੀਰ ਮਹਿੰਦੀ ਅਤੇ ਮਸੀਹ ਮੌਊਦ ਪ੍ਰਗਟ ਵੀ ਕੀਤਾ। ਗੁਰੂ ਸਾਹਿਬਾਨ ਨੇ ਇਨ੍ਹਾਂ ਔਕੜਾਂ ਨੂੰ ਦੂਰ ਕਰਨ ਲਈ ਬਹੁਤ ਸੁੰਦਰ ਹਲ ਲਭਿਆ ਕਿ ਲੀਡਰਸ਼ਿਪ ਨੂੰ ਗੁਰੂ ਗ੍ਰੰਥ ਅਤੇ ਪੰਥ ਵਿਚ ਬਦਲ ਦਿਤਾ ਹੈ।'ਗੁਰੂ ਸਦਾ ਰਹੇ, ਇਹ ਯਤਨ ਕੀਤਾ ਹੈ'। ਇਸ ਤਰਾਂ ਸਿੱਖੀ ਨੂੰ ਕਈ ਖਤਰਿਆਂ ਤੋਂ ਬਚਾ ਲਿਆ ਹੈ।

ਬਹੁਤ ਸਾਰੇ ਮਜ਼੍ਹਬਾਂ ਵਿਚ ਇਹ ਗਲ ਮੰਨੀ ਜਾਂਦੀ ਹੈ ਕਿ ਉਨ੍ਹਾਂ ਦਾ ਬਾਨੀ, ਆਚਾਰਯ ਜਾਂ ਪੈਗੰਬਰ ਆਖਰੀ ਸੀ ਅਤੇ ਇਕ ਮੁਕੰਮਲ ਸ਼ਖਸੀਅਤ ਸੀ, ਉਹ ਸਦਾ ਲਈ ਪ੍ਰਮਾਣੀਕ ਹੈ। ਇਹ ਨਿਸਚਾ ਓਦੋਂ ਤੀਕ ਤਾਂ ਸਹੀ ਸੀ, ਜਦ ਤੀਕ ਮਨੁੱਖ ਵਰਤਮਾਨ ਜਾਂ ਭਵਿੱਖਤ ਕਾਲ ਨਾਲੋਂ ਭੂਤਕਾਲ ਨੂੰ ਚੰਗਾ ਸਮਝਦਾ ਸੀ, ਪਰ ਹੁਣ ਮਨੁੱਖ ਦੇ ਖਿਆਲ ਬੜੇ ਖੁੱਲ੍ਹੇ ਹੁੰਦੇ ਜਾ ਰਹੇ ਹਨ। ਉਹ ਸਮਝਦਾ ਹੈ ਕਿ ਸਚਾਈ ਜਾਂ ਗਿਆਨ ਦੀ ਸੂਝ ਵਿਚ ਅਗੇ ਨਾਲੋਂ ਕਾਫੀ ਉੱਨਤੀ ਕਰ ਰਿਹਾ ਹੈ। ਵਰਤਮਾਨ ਸਮੇਂ ਦੇ ਮਨੁੱਖ ਨੂੰ ਇਹ ਪ੍ਰੇਰਨਾ ਕਰਨੀ ਕਿ ਬੁੱਧੀ ਦੇ ਵਿਕਾਸ, ਜਜ਼ਬਿਆਂ ਇਖਲਾਕੀ ਸਮਝ ਅਤੇ ਹੁਣ ਤੀਕ ਕੀਤੀ ਹੋਈ ਸਾਰੀ ਉੱਨਤੀ ਨੂੰ ਭੁੱਲ ਜਾਵੇ, ਬਹੁਤ ਕਠਨ ਹੈ। ਇਸ ਲਈ ਜ਼ਰੂਰੀ ਹੈ ਕਿ ਜਿਵੇਂ ਮਨੁੱਖ ਉੱਨਤੀ ਕਰ ਰਿਹਾ ਹੈ, ਉਸੇ ਤਰ੍ਹਾਂ ਉਸ ਦੀ ਅਗਵਾਈ ਕਰਨ ਵਾਲੀ ਸ਼ਖਸੀਅਤ ਵੀ ਉੱਨਤ ਹੋਵੇ, ਪਰ ਔਕੜ ਇਹ ਹੈ ਕਿ ਜੇ ਹਰੇਕ ਪੀੜ੍ਹੀ ਨੂੰ ਉਸ ਦੇ ਵਿਰਸੇ ਵਿਚ ਮਿਲੇ ਹੋਏ ਧਰਮ ਨੂੰ ਬਦਲਣ ਦੀ ਖੁੱਲ੍ਹ ਹੋਵੇ ਤਾਂ ਸੱਚਾਈ ਕੋਈ ਨਿਸਚਿਤ ਚੀਜ਼ ਨਹੀਂ ਰਹਿ ਜਾਵੇਗੀ ਤੇ ਨਾ ਹੀ ਕੋਈ ਰਵਾਇਤਾਂ ਕਾਇਮ ਰਹਿ ਸਕਣਗੀਆਂ। ਇਸ ਤੋਂ ਪਹਿਲੇ ਪਾਏ ਹੋਏ ਪੂਰਨਿਆਂ ਤੇ

ਚਲਣ ਲਈ ਪ੍ਰੇਰਨਾ ਨਹੀਂ ਮਿਲ ਸਕੇਗੀ। ਹਰੇਕ ਪੀੜ੍ਹੀ ਆਪਣੇ ਕਾਇਦੇ ਤੇ ਨਿਯਮ ਆਪ ਘੜ ਲਵੇਗੀ।[੧]

ਇਨ੍ਹਾਂ ਔਕੜਾਂ ਨੂੰ ਸਿੱਖ ਧਰਮ ਵਿਚ ਬੜੇ ਅਸਚਰਜ ਢੰਗ ਨਾਲ ਹਲ ਕੀਤਾ ਗਿਆ ਹੈ। ਸਰੀਰਕ ਤੌਰ ਤੇ ਗੁਰੂ ਸਾਹਿਬ ਸ ਤੇ ਵਿਚ ਨਹੀਂ ਪਰ 'ਜੋਤਿ ਉਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ' ਦੇ ਸਿਧਾਂਤ ਅਨੁਸਾਰ ਜਿਸਮ ਭਾਵੇਂ ਬਦਲ ਹੀ ਜਾਵੇ, ਪਰ ਸਪਿਰਟ ਉਹੋ ਰਹੇ, ਇਹ ਅਸੂਲ ਉਨ੍ਹਾਂ ਵਰਤੋਂ ਵਿਚ ਲਿਆਂਦਾ ਹੈ। ਗੁਰੂ ਪਦਵੀ ਹਰ ਸਮੇਂ ਬਦਲਣਹਾਰ ਨਹੀਂ, ਪਰ ਪੰਥ ਰੂਪ ਵਿਚ ਹੋਣ ਕਰਕੇ ਉੱਨਤੀ ਬਰਾਬਰ ਕਰ ਸਕਦੀ ਹੈ।

ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਦੂਸਰੇ ਸਤਿਗੁਰਾਂ ਦੀ ਉਹੀ ਪਦਵੀ, ਉਹੀ ਅਧਿਕਾਰ, ਉਹੀ ਸਤਿਕਾਰ, ਉਹੀ ਬਾਣੀ ਅਤੇ ਇਕੋ ਆਦਰਸ਼ ਰਿਹਾ ਹੈ, ਜਿਸ ਕਰਕੇ ਗੁਰੂ ਪਦਵੀ ਕਾਇਮ ਤੇ ਪੱਕੀ ਰਹੀ। ਦਸਮ ਪਾਤਸ਼ਾਹ ਤਕ ਗੁਰਗਦੀ ਸ਼ਖਸੀਅਤ ਕੋਲ ਰਹੀ। ਪਿਛੋਂ ਉਹ ਪੰਥ ਵਿਚ ਬਦਲ ਗਈ। ਉਸ ਦੀ ਸਪਿਰਟ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੱਸੀ ਗਈ, ਕੋਈ ਸ਼ਖਸੀਅਤ ਸਦਾ ਨਹੀਂ ਰਹਿ ਸਕਦੀ। ਜਥੇਬੰਦੀ ਤੇ ਸਪਿਰਟ ਸਦਾ ਕਾਇਮ ਰਹਿ ਸਕਦੀਆਂ ਹਨ।

ਸਤਿਗੁਰਾਂ ਨੇ ਆਪਣੇ ਆਪ ਨੂੰ ਦੋ ਰੂਪਾਂ ਵਿਚ ਦੱਸਿਆ ਹੈ—

੧. ਆਤਮ ਗਿਆਨ ਤੇ ਸਚਾਈ ਨੂੰ ਪ੍ਰਗਟ ਕਰਨ ਲਈ ਗੁਰਬਾਣੀ ਰੂਪ ਵਿਚ ਜੋ ਵਾਹਿਗੁਰੂ ਦਾ ਗਿਆਨ ਹੈ।

੨. ਨਿੱਜ ਦੀ ਕਮਾਈ ਤੇ ਵਰਤੋਂ ਨਾਲ ਸ਼ਖਸੀ ਰਹਿਨੁਮਾਈ ਕਰਨੀ।

ਗੁਰੂ ਜੀ ਦਾ ਪਹਿਲਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ। ਦੂਸਰਾ ਰੂਪ ਖਾਲਸਾ ਪੰਥ ਹੈ। ਗੁਰੂ ਗ੍ਰੰਥ ਸਾਹਿਬ ਨਾ ਬਦਲਣ ਵਾਲਾ ਗਿਆਨ ਤੇ ਰੋਸ਼ਨੀ ਹੈ। ਪੰਥ ਸਮੇਂ ਅਨੁਸਾਰ ਸੰਸਾਰ ਨਾਲ ਵਰਤੋਂ ਵਿਹਾਰ ਦੇ ਢੰਗ

---

੧. ਸਿਖਇਜ਼ਮ, ਪ੍ਰਿੰਸੀਪਲ ਤੇਜਾ ਸਿੰਘ ਜੀ ਐਮ. ਏ. ਪੰਨਾ ੨੯-੩੦

ਤੇ ਨਿਯਮਾਂ ਨੂੰ ਬਦਲ ਸਕਦਾ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਦਸਾਂ ਸਤਿਗੁਰੂਆਂ ਦਾ ਆਤਮਕ ਸਰੂਪ ਹਨ। ਇਨ੍ਹਾਂ ਵਿਚ ਸਚਾਈ ਤੇ ਪੂਰਨ ਗਿਆਨ ਹੈ। ਇਸ ਲਈ ਸਿੱਖੀ ਲਈ ਪ੍ਰਮਾਣੀਕ ਹਨ। ਉਸ ਸਚਾਈ ਅਤੇ ਗਿਆਨ ਦੇ ਪ੍ਰਚਾਰ ਲਈ ਖਾਲਸਾ ਪੰਥ ਹੈ। ਗੁਰੂ ਗਿਆਨ ਕਰਕੇ ਸ੍ਰੀ ਗੁਰੂ ਗਰੰਥ ਸਾਹਿਬ ਗੁਰੂ ਹਨ। ਉਸ ਗਿਆਨ ਨੂੰ ਪ੍ਰਚਾਰਨ ਕਰਕੇ ਖਾਲਸਾ ਪੰਥ ਗੁਰੂ ਹੈ। ਪੰਥ ਉਦੋਂ ਤੀਕ ਗੁਰੂ ਹੈ, ਜਦ ਤੀਕ ਉਹ ਸ੍ਰੀ ਗੁਰੂ ਗਰੰਥ ਸਾਹਿਬ ਦੇ ਅਨੁਸਾਰ ਹੋਵੇ।

'ਗਿਆਨ ਗੁਰੂ ਆਤਮ ਉਪਦੇਸਹੁ' ਦੇ ਕਥਨ ਜਾਂ ਬਾਣੀ ਗੁਰੂ ਦੇ ਸਿਧਾਂਤ ਨੂੰ ਸਮਝਣਾ ਰਤਾ ਕਠਨ ਹੈ, ਕਿਉਂਕਿ ਇਹ ਸੂਖਮ ਚੀਜ਼ ਹੈ। ਜੇਕਰ ਡੂੰਘੀ ਵਿਚਾਰ ਨਾਲ ਦੇਖਿਆ ਜਾਵੇ ਤਾਂ ਸੰਸਾਰ ਵਿਚ ਕੋਈ ਸ਼ਖ਼ਸੀਅਤ ਕਾਇਮ ਨਹੀਂ ਰਹਿ ਸਕਦੀ ਅਤੇ ਨਾ ਹੀ ਸ਼ਖ਼ਸੀ ਗੁਰਤਾ ਦਾ ਸਿਲਸਿਲਾ ਜਾਰੀ ਰਹਿ ਸਕਦਾ ਹੈ। ਗਿਆਨ ਸਦਾ ਕਾਇਮ ਰਹਿੰਦਾ ਹੈ। ਜਿਸ ਸ਼ਖ਼ਸੀਅਤ ਵਿਚ ਗਿਆਨ ਪ੍ਰਕਾਸ਼ ਕਰਦਾ ਹੈ, ਪੂਜਾ ਉਸ ਦੀ ਹੁੰਦੀ ਹੈ। ਇਸ ਲਈ ਸਹੀ ਪੂਜਾ ਤਾਂ ਗਿਆਨ ਦੀ ਹੋਈ। ਸਤਿਗੁਰਾਂ ਨੇ ਇਸੇ ਲਈ ਬਾਣੀ ਨੂੰ ਗੁਰੂ ਕਿਹਾ ਹੈ। ਬਾਣੀ ਗੁਰੂ ਰੂਪ ਹੈ, ਇਸ ਸਬੰਧੀ ਕੁਝ ਪ੍ਰਮਾਣ ਦਰਜ ਕਰਦੇ ਹਾਂ—

ਸਬਦੁ ਗੁਰ ਪੀਰਾ ਗਹਿਰ ਗੰਭੀਰਾ
ਬਿਨੁ ਸਬਦੈ ਜਗੁ ਬਉਰਾਨੰ॥

[ਸੋਰਠਿ ਮ: ੧, ਪੰਨਾ ੬੩੫]

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ॥

[ਨਟ ਮ: ੪, ਪੰਨਾ ੯੮੨]

ਸਤਿਗੁਰ ਬਚਨ ਬਚਨ ਹੈ ਸਤਿਗੁਰ

ਪਾਧਰੁ[1] ਮੁਕਤਿ ਜਨਾਵੈਗੋ ॥

[ਕਾਨੜਾ ਮ: ੪, ਪੰਨਾ ੧੩੧੦]

ਭਾਈ ਗੁਰਦਾਸ ਜੀ ਲਿਖਦੇ ਹਨ—

ਗੁਰ ਮੂਰਤਿ ਕਰਿ ਧਿਆਨ ਸਦਾ ਹਜੂਰ ਹੈ ।
ਗੁਰਮੁਖਿ ਸਬਦ ਗਿਆਨ ਨੇੜੇ ਨ ਦੂਰ ਹੈ ।

[ਵਾਰ ੩—੧੦]

ਸ਼ਬਦ ਗੁਰੂ ਗੁਰ ਜਾਣੀਐ
ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ ।

[ਵਾਰ ੭—੨]

ਗੁਰ ਮੂਰਤਿ ਗੁਰ ਸਬਦੁ ਹੈ
ਸਾਧ ਸੰਗਤਿ ਵਿਚ ਪਰਗਟੀ ਆਇਆ ।

[ਵਾਰ ੨੪—੨੫]

ਜੈਸੇ ਫਲ ਸੇ ਬਿਰਖ ਬਿਰਖ ਸੈ ਹੋਤ ਫਲ,
ਅਦਭੁਤਿ ਗਤਿ ਕਛੁ ਕਹਨੁ ਨ ਆਵੈ ਜੀ ।
ਜੈਸੇ ਬਾਸ[2] ਬਾਵਨ[3] ਮੈ ਬਾਵਨ ਹੈ ਬਾਸ ਬਿਖੈ
ਬਿਸਮ ਚਰਿਤ੍ਰ ਕੋਊ ਮਰਮੁ[4] ਨ ਪਾਵੈ ਜੀ ।
ਕਾਸ਼ਟ[5] ਮੈ ਅਗਨਿ ਹੈ ਅਗਨਿ ਮੈ ਕਾਸ਼ਟ ਹੈ;
ਅਤਿ ਅਸਚਰਜ ਹੈ ਕੌਤਕ ਕਹਾਵੈ ਜੀ ।
ਸਤਿਗੁਰ ਮੈ ਸ਼ਬਦ ਸ਼ਬਦ ਮੈ ਸਤਿਗੁਰ ਰਹੈ;
ਨਿਰਗੁਨ ਗਿਆਨ ਧਿਆਨ ਸਮਝਾਵੈ ਜੀ ।

[੫੩]

ਸ੍ਰੀ ਗੁਰੂ ਗਰੰਥ ਸਾਹਿਬ ਦੀ ਗੁਰਤਾ ਬਾਰੇ ਰਹਿਤਨਾਮਿਆਂ ਵਿਚ ਇਹ ਬਚਨ ਮਿਲਦੇ ਹਨ—

---

੧. ਮੁਕਤੀ ਦਾ ਰਸਤਾ ਦਸਦਾ ਹੈ । ੨. ਸੁਗੰਧੀ । ੩. ਚੰਦਨ । ੪. ਭੇਦ । ੫. ਲੱਕੜੀ ।

ਆਗਿਆ ਗੁਰੂ ਗ੍ਰੰਥ ਸਾਹਿਬ ਕੀ ਮੰਨਣੀ।

[ਰਹਿਤਨਾਮਾ ਭਾਈ ਚੌਪਾ ਸਿੰਘ]

ਅਕਾਲ ਪੁਰਖ ਕੇ ਬਚਨ ਸਿਉ ਪ੍ਰਗਟ ਚਲਾਇਓ ਪੰਥ।
ਸਭ ਸਿਖਨ ਕੋ ਬਚਨ ਏਹ ਗੁਰੂ ਮਾਨਿਓ ਗਰੰਥ।

[ਭਾਈ ਪ੍ਰਹਿਲਾਦ ਸਿੰਘ]

ਤੀਨ ਰੂਪ ਹੈਂ ਮੋਹਿ ਕੇ,
ਸੁਨੋ ਨੰਦ ਚਿਤ ਲਾਇ॥
ਨਿਰਗੁਨ ਸਰਗੁਨ ਗੁਰ ਸਬਦ,
ਕਹੋ ਤੋਹਿ ਸਮਝਾਇ॥
ਏਕ ਰੂਪ ਤ੍ਰਿਹ ਗੁਣ ਤੇ ਪਰੇ।
ਨੇਤਿ ਨੇਤਿ ਜਿਹ ਨਿਗਮ ਉਚਰੇ।
ਦੂਸਰ ਰੂਪ ਗ੍ਰੰਥ ਜੀ ਜਾਨਹੁ।
ਆਪਨੇ ਅੰਗ ਮੇਰੇ ਕਰ ਮਾਨੋ।

[ਭਾਈ ਨੰਦ ਲਾਲ]

ਮਹਿਮਾ ਪ੍ਰਕਾਸ਼ ਸੰਮਤ ੧੮੩੦-੩੩ ਵਿਚ ਲਿਖਿਆ ਗਿਆ ਹੈ। ਉਸ ਵਿਚ ਲਿਖਿਆ ਹੈ—

'ਸਿਖਾਂ ਨੇ ਪੂਛਾ ਜੋ ਅਬ ਦਰਸ਼ਨ ਕਹਾਂ ਕਰਹਿ? ਸਤਿਗੁਰ ਦੀਨ ਦਿਆਲ ਬਚਨ ਕੀਆ ਜੋ ਦਸ ਸਰੂਪ ਹਮਾਰੇ ਪੂਰਨ ਭਏ, ਅਬ ਮੇਰੀ ਜਗ੍ਹਾ ਗੁਰੂ ਗਰੰਥ ਸਾਹਿਬ ਕੋ ਜਾਨਣਾ। ਜਿਸ ਨੇ ਮੇਰੇ ਸੇ ਬਾਤ ਕਰਨੀ ਹੋਇ ਤੋ ਆਦਿ ਗੁਰੂ ਗਰੰਥ ਸਾਹਿਬ ਕਾ ਪਾਠ ਕਰਨਾ, ਮੇਰੇ ਸੇ ਬਾਤਾਂ ਹੋਵੇਂਗੀ।'

'ਦਰਸ਼ਨ ਖਾਲਸੇ ਕਾ, ਪੂਜਾ ਅਕਾਲ ਪੁਰਖ ਕੀ ਅਤੇ ਪਰਚਾ ਸ਼ਬਦ ਕਾ।' ਇਹ ਦਸਮ ਪਾਤਸ਼ਾਹ ਦੇ ਅੰਤਮ ਬਚਨ ਸਨ। ਗੁਰਬਾਣੀ, ਭਾਈ ਗੁਰਦਾਸ ਜੀ ਅਤੇ ਰਹਿਤਨਾਮਿਆਂ ਦੇ ਉਪ੍ਰੋਕਤ ਪ੍ਰਮਾਣਾਂ ਤੋਂ ਇਹ ਸਿਧਾਂਤ ਨਿਸਚਿਤ ਹੋ ਜਾਂਦਾ ਹੈ ਕਿ ਦਸ ਗੁਰੂਆਂ ਦੇ ਆਤਮਕ ਸਰੂਪ ਸ੍ਰੀ

ਗੁਰੂ ਗਰੰਥ ਸਾਹਿਬ ਹਨ। ਇਸ ਦੀ ਪੁਸ਼ਟੀ ਇਤਿਹਾਸ ਵੀ ਕਰਦੇ ਹਨ, ਪਰ ਇਥੇ ਇਤਿਹਾਸਾਂ ਦੇ ਹਵਾਲੇ ਦੇਣ ਦੀ ਬਹੁਤੀ ਲੋੜ ਪ੍ਰਤੀਤ ਨਹੀਂ ਹੁੰਦੀ।

ਬਾਣੀ ਗੁਰੂ ਦੇ ਗੂੜ੍ਹ ਸਿਧਾਂਤ ਨੂੰ ਨਾ ਸਮਝਣ ਵਾਲੇ ਤੇ ਗੁਰੂ ਡੰਮ ਦੇ ਹਾਮੀ ਕਈ ਇਕ ਸ਼ੰਕਾ ਕਰਦੇ ਹਨ, ਜਿਨ੍ਹਾਂ ਦਾ ਉੱਤਰ ਦੇਣਾ ਜ਼ਰੂਰੀ ਹੈ। ਕਈ ਕਹਿੰਦੇ ਹਨ—"ਸ੍ਰੀ ਗੁਰੂ ਗਰੰਥ ਸਾਹਿਬ ਆਪ ਨਹੀਂ ਬੋਲਦੇ, ਆਪ ਪੜ੍ਹੇ ਹੋਈਏ ਤਾਂ ਪਾਠ ਵੀ ਕਰ ਲਈਏ ਨਹੀਂ ਤੇ ਕੋਈ ਪੜ੍ਹ ਕੇ ਸੁਣਾਵੇ ਤਾਂ ਕੁਝ ਸਮਝ ਆ ਸਕਦੀ ਹੈ। ਇਸ ਲਈ ਬਾਣੀ ਕਿਸ ਤਰ੍ਹਾਂ ਗੁਰੂ ਹੋਈ?" ਜਿਸ ਦਾ ਉੱਤਰ ਇਹ ਹੈ ਕਿ ਬਾਣੀ ਸ੍ਰੀ ਵਾਹਿਗੁਰੂ ਦਾ ਗਿਆਨ ਹੈ, ਜਿਸ ਦਾ ਪ੍ਰਕਾਸ਼ ਗੁਰੂ ਸਾਹਿਬਾਨ ਦੇ ਪਵਿਤਰ ਹਿਰਦੇ ਵਿਚ ਹੋਇਆ। ਗੁਰਬਾਣੀ ਨੂੰ ਪੜ੍ਹ ਕੇ ਜਾਂ ਵਿਆਖਿਆ ਕਰ ਕੇ ਸੁਣਾਉਣ ਵਾਲਾ ਸਾਡਾ ਗੁਰੂ ਨਹੀਂ ਹੋ ਸਕਦਾ। ਜਿਸ ਤਰ੍ਹਾਂ ਕਿਸੇ ਨੇਕ ਇਸਤ੍ਰੀ ਦੇ ਪਤੀ ਦੀ ਬਾਹਰੋਂ ਆਈ ਪੱਤ੍ਰਕਾ ਨੂੰ ਸੁਣਾਉਣ ਵਾਲਾ ਉਸ ਦਾ ਪਤੀ ਨਹੀਂ ਬਣ ਜਾਂਦਾ, ਇਸੇ ਤਰ੍ਹਾਂ ਗੁਰਬਾਣੀ ਦਾ ਉਪਦੇਸ਼ ਕਰਨ ਵਾਲਾ ਗੁਰਮੁਖ, ਸਿੱਖ, ਸੰਤ, ਪੰਡਤ ਜਾਂ ਗਿਆਨੀ ਹੋ ਸਕਦਾ ਹੈ, ਪਰ ਗੁਰੂ ਨਹੀਂ ਹੋ ਸਕਦਾ। ਕਿਉਂਕਿ ਬਾਣੀ ਦਾ ਜਿਹਾ ਸਬੰਧ ਉਸ ਨਾਲ ਹੈ, ਉਹੋ ਜਿਹਾ ਹੀ ਸਾਡੇ ਨਾਲ ਹੈ।

ਕਈ ਘੱਟ ਸਮਝ ਵਾਲੇ ਇਹ ਕਹਿੰਦੇ ਹਨ—'ਗੁਰਬਾਣੀ ਵਹੀ ਦੀ ਤਰ੍ਹਾਂ ਹੈ। ਇਸ ਵਿਚ ਹਿਸਾਬ ਤੇ ਰਕਮਾਂ ਦੇ ਜੋੜ ਆਦਿਕ ਲਿਖੇ ਹੋਏ ਹਨ, ਪਰ ਨਕਦ ਰੁਪਈਏ ਜਾਂ ਰਕਮਾਂ ਤੇ ਇਸ ਵਿਚ ਨਹੀਂ। ਬਾਣੀ ਵਿਚ ਗੁਰੂ ਤੇ ਨਾਮ ਦੀ ਮਹਿਮਾ ਦੱਸੀ ਹੈ, ਇਹ ਆਪ ਗੁਰੂ ਜਾਂ ਨਾਮ ਨਹੀਂ।' ਇਹ ਗਲ ਵੀ ਗਲਤ ਹੈ। ਗੁਰਬਾਣੀ ਵਹੀ ਨਹੀਂ, ਬਲਕਿ ਕਰੰਸੀ ਦੇ ਨੋਟਾਂ ਦੀ ਤਰ੍ਹਾਂ ਹੈ। ਜਿਸ ਵਿਚ ਰਕਮ ਮੌਜੂਦ ਹੈ। ਇਸ ਨੂੰ ਜਿਵੇਂ ਪਰਤੋ ਪਾਰ ਉਤਾਰਾ ਕਰੇਗੀ। ਬਾਣੀ ਆਤਮ ਗਿਆਨ ਦਿੰਦੀ ਹੈ, ਇਸ ਲਈ ਗੁਰੂ ਹੈ। ਇਸ ਵਿਚ ਹੀ ਨਾਮ ਹੈ। ਨਾਮ ਬਾਣੀ ਤੋਂ ਵੱਖ ਨਹੀਂ, ਬਾਣੀ ਨਾਮ ਤੋਂ ਵੱਖਰੀ ਨਹੀਂ।

ਕਈ ਆਦਮੀ ਇਹ ਪ੍ਰਸ਼ਨ ਪੁੱਛਦੇ ਹਨ ਕਿ ਬਾਣੀ ਵਿਚ ਆਇਆ ਹੈ—

ਗੁਰ ਕੇ ਚਰਨ ਰਿਦੈ ਲੈ ਧਾਰਉ ॥

ਚਰਨ ਕਿਸੇ ਦੇਹ-ਧਾਰੀ ਗੁਰੂ ਦੇ ਹੋ ਸਕਦੇ ਹਨ, ਬਾਣੀ ਦੇ ਨਹੀਂ। ਇਸ ਲਈ ਦਸੋ ਕਿ ਧਿਆਨ ਕਿਸ ਦਾ ਕਰੀਏ? ਗੁਰੂ ਕੀ ਸੇਵਾ ਕਿਸ ਤਰ੍ਹਾਂ ਕਰੀਏ? ਇਸ ਦਾ ਉੱਤਰ ਇਹ ਹੈ ਕਿ 'ਗੁਰ ਮੂਰਤਿ ਗੁਰ ਸ਼ਬਦ ਹੈ' ਸ਼ਬਦ ਦਾ ਅਭਿਆਸ, ਸਿਮਰਣ ਤੇ ਧਿਆਨ ਹੀ ਗੁਰੂ ਕੇ ਚਰਨਾਂ ਨੂੰ ਹਿਰਦੇ ਵਿਚ ਟਿਕਾਉਣਾ ਹੈ। ਸੰਗਤ ਦੀ ਸੇਵਾ ਗੁਰੂ ਦੀ ਸੇਵਾ ਹੈ।

ਭਾਈ ਮਨੀ ਸਿੰਘ ਜੀ ਲਿਖਦੇ ਹਨ—'ਪ੍ਰਿਥਾ ਤੇ ਖੇੜਾ ਦੋ ਸੋਨੀ ਛੱਤਰੀ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਕਰਤਾਰਪੁਰ ਆਏ, ਉਨ੍ਹਾਂ ਨੇ ਇਹੀ ਪ੍ਰਸ਼ਨ ਕੀਤਾ। ਗੁਰੂ ਜੀ ਨੇ ਉੱਤਰ ਦਿਤਾ—'ਸਾਡੇ ਚਰਨ ਸਾਧ ਸੰਗਤ ਵਿਚ ਸਦਾ ਰਹਿੰਦੇ ਹਨ। ਤੁਸਾਂ ਸਾਧਾਂ ਦੀ ਸੇਵਾ ਕਰਨੀ ਤੇ ਧਰਮਸਾਲਾ ਦੋਇ ਵੇਲੇ ਜਾਵਣਾ ਤੇ ਧਰਮ ਦੀ ਕਿਰਤ ਕਰ ਕੇ ਅਭਿੱਧਿਆਂ ਸਿੱਖਾਂ ਨਾਲ ਵੰਡ ਖਾਵਣਾ, ਤੁਸੀਂ ਸਦਾ ਮੇਰੇ ਚਰਨਾਂ ਦੀ ਸ਼ਰਨ ਹੋ। ਸਰੀਰ ਮੇਰਾ ਸਰਗੁਣ ਹੈ ਤੇ ਸ਼ਬਦ ਮੇਰਾ ਰਿਦਾ ਹੈ, ਨਿਰਗੁਣ ਹੈ। ਜੋ ਸਰੀਰ ਨਾਲ ਮਿਲੋਗੇ ਤਾਂ ਫੇਰ ਵੀ ਵਿਛੜੋਗੇ, ਜੇ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ।'

[ਭਗਤ ਰਤਨਾਵਲੀ]

ਭਾਈ ਸੰਤੋਖ ਸਿੰਘ ਜੀ ਇਸੇ ਬਚਨ ਨੂੰ ਇਉਂ ਲਿਖਦੇ ਹਨ—

ਸ੍ਰੀ ਗੁਰ ਨਾਨਕ ਕਰਹੁ ਜਿ ਕਰਨਾ।
ਚਰਨ ਸ਼ਰਨ ਨਿਜ ਦੀਜੇ ਧਰਨਾ।
ਬੋਲੇ ਸ੍ਰੀ ਪ੍ਰਭ ਹਮ ਪਗ ਰਹਿਵਾਂ।
ਬਸਹਿ ਸਦਾ ਸੰਗਤ ਜਹਿਵਾਂ।

[ਨਾਨਕ ਪ੍ਰ: ਉਤ੍ਰਾ: ੪੨]

ਕਿਸੇ ਦੇਹ-ਧਾਰੀ ਦੇ ਚਰਨਾਂ ਦਾ ਧਿਆਨ ਕਰਨਾ ਨੇਤ੍ਰਾਂ ਦਾ ਵਿਸ਼ਾ ਹੈ। ਜਿਸ ਆਦਮੀ ਦੀ ਨਜ਼ਰ ਨਾ ਹੋਵੇ, ਦਸੋ ਉਹ ਕਿਸ ਦਾ

ਧਿਆਨ ਕਰੇਗਾ ? ਦੂਸਰੇ ਬਾਹਰਮੁਖੀ ਚਰਨ ਨਾਸ਼ਵੰਤ ਹਨ, ਨਾਸ਼ਵੰਤ ਦਾ ਧਿਆਨ ਮਨੁੱਖ ਨੂੰ ਅਬਿਨਾਸੀ ਵਿਚ ਨਹੀਂ ਲਿਜਾ ਸਕਦਾ। ਗੁਰੂ ਸ਼ਬਦ ਅਬਿਨਾਸੀ ਵਾਹਿਗੁਰੂ ਦਾ ਗਿਆਨ ਹੈ। ਇਹੀ ਸਾਨੂੰ ਉਸ ਤਕ ਪਹੁੰਚਾ ਸਕਦਾ ਹੈ।

ਕਈ ਕਹਿੰਦੇ ਹਨ—'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਛੇਵੀਂ, ਸਤਵੀਂ ਜਾਂ ਅਠਵੀਂ ਪਾਤਸ਼ਾਹੀ ਦੀ ਬਾਣੀ ਨਹੀਂ। ਫਿਰ ਬਾਣੀ ਦਸਾਂ ਸਤਿਗੁਰਾਂ ਦਾ ਸਰੂਪ ਕਿਸ ਤਰ੍ਹਾਂ ਹੋਈ ?' ਇਸ ਦਾ ਉੱਤਰ ਇਹ ਹੈ ਕਿ ਅਕਾਲ ਪੁਰਖ ਨੇ ਜਿਸ ਤਰ੍ਹਾਂ ਸਤਿਗੁਰੂਆਂ ਨੂੰ ਗਿਆਨ ਦਿਤਾ, ਉਨ੍ਹਾਂ ਨੇ ਉਸ ਗਿਆਨ ਦਾ ਪ੍ਰਕਾਸ਼ ਕੀਤਾ। ਜਿਨ੍ਹਾਂ ਸਤਿਗੁਰੂਆਂ ਨੇ ਬਾਣੀ ਨਹੀਂ ਉਚਾਰਣ ਕੀਤੀ, ਉਨ੍ਹਾਂ ਨੇ ਵਾਹਿਗੁਰੂ ਦੀ ਰਜ਼ਾ ਵਿਚ ਐਸਾ ਕੀਤਾ ਹੈ। ਦਸਮ ਪਾਤਸ਼ਾਹ ਨੇ ਬਾਣੀ ਉਚਾਰਣ ਕੀਤੀ ਤੇ ਲਿਖੀ ਵੀ ਹੈ, ਪਰ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਨਹੀਂ ਚੜ੍ਹਾਈ। ਇਹ ਉਨ੍ਹਾਂ ਦੀ ਮਰਜ਼ੀ ਸੀ। ਹਜ਼ੂਰ ਨੇ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਬੈਠ ਕੇ, ਵਾਹਿਗੁਰੂ ਵਿਚ ਲੀਨ ਹੋ ਕੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਾਰੀ ਬਾਣੀ ਆਤਮਕ ਅਨੁਭਵ ਦਵਾਰਾ ਬੀੜ ਰੂਪ ਵਿਚ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ। ਇਸ ਲਈ ਸ੍ਰੀ ਗੁਰੂ ਗਰੰਥ ਸਾਹਿਬ ਦਸਾਂ ਪਾਤਸ਼ਾਹੀਆਂ ਦਾ ਆਤਮਕ ਸਰੂਪ ਹਨ।

ਪੰਥ ਗੁਰੂ—

ਦੂਸਰੇ ਮੱਤਾਂ ਵਿਚ ਸਿੱਖੀ ਸੇਵਕੀ ਜਾਂ ਉੱਮਤ ਨੂੰ ਕਿਸੇ ਆਚਾਰਯ ਜਾਂ ਪੈਗੰਬਰ ਦਾ ਜਾ-ਨਸ਼ੀਨ ਨਹੀਂ ਸਮਝਿਆ ਗਿਆ। ਸਿੱਖ ਧਰਮ ਵਿਚ ਗੁਰੂ ਗਰੰਥ ਦੀ ਤਾਬਿਆ ਪੰਥ ਨੂੰ ਗੁਰੂ ਪਦਵੀ ਦਿਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੇ ਆਪਣੀ ਜੋਤ ਨੂੰ ਸ੍ਰੀ ਗੁਰੂ ਅੰਗਦ ਦੇਵ ਵਿਚ ਟਿਕਾ ਕੇ ਇਹ ਆਦਰਸ਼ ਕਾਇਮ ਕੀਤਾ—

ਆਪੇ ਗੁਰੁ ਚੇਲਾ ਹੈ ਆਪੇ ਆਪੇ ਦਸੇ ਘਾਟੁ ॥

[ਗੂਜਰੀ ਵਾਰ ਮ: ੩—੫੧੭]

ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ ॥

[ਗੂਜਰੀ ਵਾਰ ਮ: ੫—੫੨੪]

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸ ਚਲਾਏ ॥

[ਆਸਾ ਮ: ੪—੪੪੪]

ਗੁਰ ਚੇਲਾ ਚੇਲਾ ਗੁਰੂ ਪੁਰਖਹੁ ਚਲਿਤੁ ਵਰਤਾਇਆ।

[ਭਾਈ ਗੁਰਦਾਸ, ਵਾਰ ੬—੫]

ਗੁਰੂ ਅਤੇ ਸਿੱਖ ਦੀ ਅਭੇਦਤਾ ਦਾ ਜੋ ਆਦਰਸ਼ ਸੀ ਇਸ ਨੂੰ ਫਿਰ ਹੋਰ ਵਸੀਹ ਕਰਨ ਲਈ ਸੰਗਤ ਕਾਇਮ ਕੀਤੀ। ਇਤਿਹਾਸ ਦੱਸਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਿਥੇ ਗਏ, ਉਥੇ ਆਪ ਨੇ ਸੰਗਤ ਕਾਇਮ ਕੀਤੀ। ਸਿੱਖ ਸੰਗਤ ਦੇ ਮਿਲ ਬੈਠਣ ਲਈ ਧਰਮਸਾਲ ਬਣਾਈ, ਇਹ ਸਿੱਖ ਧਰਮ ਵਿਚ ਪੰਚਾਇਤੀ ਅਸੂਲਾਂ ਜਾਂ ਜਮਹੂਰੀ ਸਪਿਰਟ ਦੀ ਬੁਨਿਆਦ ਸੀ। ਵਾਹਿਗੁਰੂ ਸਬੰਧੀ ਪ੍ਰੇਰਨਾ ਅਸੀਂ ਗੁਰੂ ਤੋਂ ਲੈਂਦੇ ਹਾਂ ਅਤੇ ਗੁਰੂ ਸਬੰਧੀ ਗੁਰਬਾਣੀ, ਸਾਧ ਸੰਗਤ ਜਾਂ ਪੰਥ ਤੋਂ। ਭਾਈ ਗੁਰਦਾਸ ਜੀ ਲਿਖਦੇ ਹਨ—

੧. ਇਕ ਸਿਖ ਦੋਇ ਸਾਧ ਸੰਗ ਪੰਜੀਂ ਪਰਮੇਸੁਰ।

੨. ਸਤਿਗੁਰ ਗੁਰ ਗੁਰ ਸਿਖ ਸਾਧ ਸੰਗਤ ਹੈ,
ਓਤ ਪੋਤ ਵਾਕੀ ਜੋਤਿ ਵਾਹੀ ਬਨ ਆਵਈ।

ਭਾਵ ਇਹ ਹੈ ਕਿ ਗੁਰੂ ਜੀ ਨੇ ਸਿੱਖਾਂ ਦੀ ਸ਼ਖਸੀ ਆਤਮਕ ਉੱਨਤੀ ਦੇ ਨਾਲ ਉਨ੍ਹਾਂ ਨੂੰ ਸਮੁੱਚੇ ਤੌਰ ਤੇ ਸੰਗਤ ਦੇ ਰੂਪ ਵਿਚ ਵੀ ਉਚਿਆਂ ਕੀਤਾ ਹੈ।

ਇਤਿਹਾਸ ਵਿਚ ਲਿਖਿਆ ਹੈ ਕਿ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾਉਣ ਲਗੇ ਤਾਂ ਸੰਗਤ ਨੇ ਬੇਨਤੀ ਕੀਤੀ—'ਸੱਚੇ ਪਾਤਸ਼ਾਹ! ਆਪ ਦਾ ਨਿਵਾਸ ਕਿਸ ਥਾਂ ਹੋਵੇਗਾ? ਅਸੀਂ ਆਪ ਨੂੰ ਕਿਸ ਰੂਪ ਵਿਚ ਵੇਖ ਸਕਦੇ ਹਾਂ?

ਗੁਰੂ ਬਾਬੇ ਨੇ ਇਸ ਦਾ ਉੱਤਰ ਦਿਤਾ—

ਬਾਬਾ ਮੜ੍ਹੀ ਨਾ ਗੋਰ ਗੁਰ ਅੰਗਦ ਕੇ ਹੀਏ ਮਹਿ।
ਪੁਨ ਸਤਿਸੰਗਤ ਔਰ ਨਿਸ ਦਿਨ ਬਸਬੋ ਮੈਂ ਕਰਉ।

ਭਾਵ—ਮੇਰਾ ਨਿਵਾਸ ਕਿਸੇ ਗੋਰ ਜਾਂ ਮੜ੍ਹੀ ਵਿਚ ਨਹੀਂ ਹੋਵੇਗਾ, ਇਕ ਸ੍ਰੀ ਗੁਰੂ ਅੰਗਦ ਦੇਵ ਦੇ ਹਿਰਦੇ ਵਿਚ, ਦੂਸਰੇ ਸਾਧ ਸੰਗਤ ਵਿਚ ਸਮਝਣਾ। ਇਸੇ ਲਈ ਸਿੱਖੀ ਵਿਚ ਸੰਗਤ ਦਾ ਦਰਜਾ ਬਹੁਤ ਉੱਚਾ ਹੈ, ਇਥੋਂ ਤੀਕ ਕਿਹਾ ਗਿਆ ਹੈ—

ਗੁਰੂ ਬੀਸ ਬਿਸਵੇ ਤੇ ਸੰਗਤ ਇਕੀ ਬਿਸਵੇ।

ਗੁਰੂ ਸੰਗਤ ਦੀ ਇਹ ਵਡਿਆਈ ਸਿੱਖੀ ਵਿਚ ਹੀ ਕੀਤੀ ਗਈ ਹੈ। ਇਥੇ ਇਕ ਗਲ ਸਪੱਸ਼ਟ ਕਰਨ ਦੀ ਲੋੜ ਹੈ। ਕਈ ਸਧਾਰਨ ਆਦਮੀ ਇਸ ਦਾ ਮਤਲਬ ਇਹ ਸਮਝਦੇ ਹਨ ਕਿ ਸੰਗਤ ਗੁਰੂ ਨਾਲੋਂ ਵੱਡੀ ਹੈ। ਦਰਅਸਲ ਇਹ ਭਾਵ ਨਹੀਂ। ਗੁਰੂ-ਜੋਤੀ ਨੂੰ ਅਕਾਲ ਪੁਰਖ ਨੇ ਭੇਜਿਆ ਸੀ, ਉਸ ਨੇ ਆ ਕੇ ਸੰਗਤ ਕਾਇਮ ਕੀਤੀ। ਗੁਰੂ ਸੰਗਤ ਨੂੰ ਬਣਾ ਸਕਦਾ ਹੈ, ਸੰਗਤ ਰਲ ਕੇ ਕਿਸੇ ਨੂੰ ਗੁਰੂ ਨਹੀਂ ਬਣਾ ਸਕਦੀ। ਇਸ ਲਈ ਗੁਰੂ ਬੀਸ ਬਿਸਵੇ ਹੈ, ਸੰਗਤ ਇਕ ਬਿਸਵਾ ਹੈ। ਪਰ ਜਦ ਸੰਗਤ ਗੁਰੂ ਨਾਲ ਜੁੜਦੀ ਹੈ, ਉਸ ਵਕਤ ਇਕੀ ਬਿਸਵੇ ਬਣਦੀ ਹੈ। ਫਿਰ ਉਸ ਦਾ ਮਾਣ ਗੁਰੂ ਰੂਪ ਹੁੰਦਾ ਹੈ।

ਸਿੱਖ ਧਰਮ ਵਿਚ ਨਾਮ ਅਤੇ ਸੇਵਾ ਦੋ ਮੁੱਖ ਅਸੂਲ ਹਨ। ਨਾਮ ਇਕੱਲਿਆਂ ਨਹੀਂ ਜਪਣਾ, ਗੁਰੂ ਸੰਗਤ ਨਾਲ ਮਿਲ ਕੇ ਜਪਣਾ ਹੈ। ਸ਼ਖਸੀ ਉੱਨਤੀ ਦੀ ਥਾਂ ਸਮੁਦਾਇਕ ਉੱਨਤੀ ਕਰਨੀ। ਸੇਵਾ ਖੁੱਲ੍ਹੇ ਤੌਰ ਤੇ ਥੋੜ੍ਹੇ ਯਤਨ ਅਤੇ ਉਦਮ ਨਾਲ ਜਥੇਬੰਦੀ ਜਾਂ ਸੰਗਤ ਰਾਹੀਂ ਹੋ ਸਕਦੀ ਹੈ, ਇਸ ਲਈ ਸਤਿਗੁਰਾਂ ਨੇ ਸੰਗਤ ਨੂੰ ਖਾਸ ਮਹਾਨਤਾ ਦਿਤੀ ਹੈ। ਇਸ ਤਰ੍ਹਾਂ ਸਮੁੱਚੇ ਆਚਰਣ ਦੀ ਉਸਾਰੀ ਕੀਤੀ ਹੈ।

ਨੌਂ ਗੁਰੂਆਂ ਤਕ ਗੁਰਤਾ ਸ਼ਖਸੀਅਤ ਦੇ ਰੂਪ ਵਿਚ ਰਹੀ, ਪਰ ਇਸ ਨੂੰ ਸੰਗਤ ਦੇ ਰੂਪ ਵਿਚ ਬਦਲਣ ਦਾ ਆਦਰਸ਼ ਸੀ, ਇਸ ਲਈ ਨਾਲ ਨਾਲ ਪੰਚਾਇਤੀ ਆਚਰਣ ਦੀ ਉਸਾਰੀ ਕੀਤੀ ਗਈ। ੧ ਵੈਸਾਖ

ਸੰਮਤ ੧੭੫੬ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਦੀ ਚੋਣ ਕਰ ਕੇ ਉਨ੍ਹਾਂ ਨੂੰ ਚਰਨ ਪਾਹੁਲ ਦੀ ਥਾਂ ਖੰਡੇ ਦੀ ਪਾਹੁਲ ਦੇ ਕੇ ਕਿਹਾ—'ਹੁਣ ਮੈਨੂੰ ਅੰਮ੍ਰਿਤ ਛਕਾਉ।'

ਬਾਰਜ[1] ਦੋਨੋ ਹਾਥ ਮਿਲਾਈ।
ਕਰੁਣਾ ਸਿੰਧ ਅਨਿਕ ਸੁਖਦਾਈ।
ਸ੍ਰੀ ਆਨਨ[2] ਜੌ ਬਚਨ ਉਚਾਰੇ।
ਸੁਨਹੁ ਖਾਲਸਾ ਜੂ ਚਿਤ ਧਾਰੇ।
ਜਯੋ ਪ੍ਰਾਨਦ[3] ਤੁਮ ਕਹ ਗੁਰ ਦੀਨਾ।
ਤਮ ਤੁਮ ਹਮ ਕਉ ਦੇਹੁ ਪ੍ਰਬੀਨਾ।

[ਗੁ: ਬਿ: ਭਾਈ ਸੁਖਾ ਸਿੰਘ]

ਮਜ਼੍ਹਬ ਦੇ ਇਤਿਹਾਸ ਵਿਚ ਇਹ ਗਲ ਕਦੀ ਨਹੀਂ ਸੀ ਹੋਈ। ਇਸ ਲਈ ਪੰਜ ਪਿਆਰੇ ਅਤੇ ਸਾਰੀ ਸੰਗਤ ਹੈਰਾਨ ਹੋ ਗਈ। ਪੰਜਾਂ ਪਿਆਰਿਆਂ ਨੇ ਬੇਨਤੀ ਕੀਤੀ—'ਸੱਚੇ ਪਾਤਸ਼ਾਹ! ਆਪ ਨੇ ਸਾਨੂੰ ਅੰਮ੍ਰਿਤ ਛਕਾ ਕੇ ਨਾਮ, ਦਾਨ ਤੇ ਸਿੱਖੀ ਬਖਸ਼ ਕੇ ਕ੍ਰਿਤਾਰਥ ਕੀਤਾ ਹੈ। ਸਾਡੇ ਵਰਗੇ ਕਾਮੀ, ਕ੍ਰੋਧੀ ਅਤੇ ਹੀਣੇ ਆਦਮੀ ਆਪ ਨੂੰ ਅੰਮ੍ਰਿਤ ਛਕਾਉਣ ਦੀ ਸਮਰਥਾ ਕਦੋਂ ਰਖਦੇ ਹਨ? ਹੇ ਨਿਮਾਣਿਆਂ ਦੇ ਮਾਣ! ਸੰਸਾਰ ਦੇ ਇਤਿਹਾਸ ਵਿਚ ਕਦੀ ਐਸਾ ਨਹੀਂ ਹੋਇਆ ਕਿ ਕਿਸੇ ਗੁਰੂ, ਆਚਾਰਯ ਜਾਂ ਪੈਗੰਬਰ ਨੇ ਆਪਣੇ ਸਿੱਖਾਂ ਸੇਵਕਾਂ ਜਾ ਮੁਰੀਦਾਂ ਪਾਸੋਂ ਪਾਹੁਲ ਲਈ ਹੋਵੇ?'

ਇਹ ਸੁਣ ਕੇ ਦਸਮ ਪਾਤਸ਼ਾਹ ਨੇ ਉੱਤਰ ਦਿਤਾ—

ਜੋ ਨਿਜ ਮੁਝੈ ਕਹਾ ਕਰਤਾਰਾ।
ਸੋ ਸੋ ਕ੍ਰਿਤ ਮੈਂ ਕਰਾ ਬਿਥਾਰਾ।
ਆਗੇ ਜੋ ਨਿਜ ਹੁਕਮੁ ਸੁ ਹਵੈ ਹੈ।
ਸੇਵਕ ਸਕਲ ਨਿਰਖਤਾ ਜੈ ਹੈ।

... ...

---

੧. ਹਸਤ ਕੰਵਲ। ੨. ਮੁਖਾਰ ਬਿੰਦ। ੩. ਅੰਮ੍ਰਿਤ।

ਏ ਹੈ ਗੁਰੂ ਖਾਲਸਾ ਆਦੀ।
ਹੋਵਤ ਆਯੋ ਆਦਿ ਜੁਗਾਦੀ।
ਝੂਠ ਉਪਾਵ ਜਗਤ ਕੇ ਤਯਾਗਹੁ।
ਨਿਸਦਿਨ ਯਾਕੀ ਚਰਨੀ ਲਾਗਹੁ।
ਆਦਿ ਅਕਾਲ ਨਾਥ ਕੀ ਮੂਰਤਿ।
ਪਰਮ ਜੋਤਿ ਨਾਨਾ ਬਿਧ ਪੂਰਤਿ।

ਭਾਈ ਸੁਖਾ ਸਿੰਘ ਜੀ ਲਿਖਦੇ ਹਨ—

ਯੋਂ ਸੁਨ ਕਰ ਸਤਿਗੁਰ ਕੀ ਬਾਨੀ।
ਪਰਮ ਖਾਲਸਾ ਪੂਜ ਪ੍ਰਮਾਨੀ।
ਅੰਮ੍ਰਿਤ ਕੀਜਸ ਸੁ ਤਬੈ ਤਿਆਰਾ।
ਮਿਲ ਬੈਠੇ ਪਾਂਚੋ ਤਬ ਪਯਾਰਾ।
ਮੰਤਰ ਪੜ੍ਹ ਕਰ ਅਮੀ ਤਿਆਰਾ।
ਨਾਵ ਸੁ ਭਯੋ ਏਕ ਤਬ ਪਯਾਰਾ।
ਕ੍ਰਿਪਾ ਸਿੰਧ ਆਗੇ ਤਬ ਆਯੋ।
ਵੈਸੇ ਸੁਧਾ ਸਬੁਧ ਛਕਾਯੋ।

ਅੰਮ੍ਰਿਤ ਛਕਾਉਣ ਪਿਛੋਂ ਮਹਾਰਾਜ ਨੇ ਖਾਲਸੇ ਨੂੰ ਰਹਿਤ ਦੱਸੀ ਤੇ ਕਿਹਾ ਕਿ ਅਜ ਤੋਂ ਤੁਸੀਂ ਖਾਲਸਾ ਹੋਏ।

ਪਟਣੇ ਜਨਮ ਅਨੰਦ ਪੁਰ ਬਾਸੀ।
ਗੋਬਿੰਦ ਸਿੰਘ ਨਾਮ ਅਬਿਨਾਸੀ।

[ਗੁਰ ਬਿਲਾਸ]

ਰਹਿਤ ਦੱਸਣ ਤੋਂ ਬਾਅਦ ਹਜ਼ੂਰ ਨੇ ਖਾਲਸਾ ਪੰਥ ਦੀ ਪਦਵੀ ਨੂੰ ਇਉਂ ਕਥਨ ਕੀਤਾ—

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮਹਿ ਹੌਂ ਕਰੋਂ ਨਿਵਾਸ॥
ਖਾਲਸਾ ਮੇਰੋ ਮੁਖ ਹੈ ਅੰਗਾ॥

ਖਾਲਸੇ ਕੇ ਹੌ ਸਦ ਸਦ ਸੰਗਾ ॥
ਖਾਲਸਾ ਮੇਰੋ ਇਸ਼ਟ ਸੁਹਿਰਦ ॥
ਖਾਲਸਾ ਮੇਰੋ ਕਹੀਅਤ ਬਿਰਦ ॥

ਅੰਤਮ ਤੁਕਾਂ ਵਿਚ ਕਿਹਾ ਹੈ—

ਯਾ ਮੈ ਰੰਚ ਨ ਮਿਥਯਾ ਭਾਖੀ ॥
ਪਾਰਬ੍ਰਹਮ ਗੁਰੂ ਨਾਨਕ ਸਾਖੀ ॥

[ਸਰਬ ਲੋਹ]

ਖਾਲਸਾ ਖਾਸ ਕਹਾਵੈ ਸੋਈ ॥
ਜਾ ਕੇ ਹਿਰਦੇ ਭਰਮ ਨ ਹੋਈ ॥
ਭਰਮ ਭੇਖ ਤੇ ਰਹੈ ਨਿਆਰਾ ॥
ਸੋ ਖਾਲਸਾ ਸਤਿਗੁਰੂ ਹਮਾਰਾ ॥

[ਗੁਰ ਸੋਭਾ]

ਦਸਮ ਪਾਤਸ਼ਾਹ ਨੇ ਖਾਲਸਾ ਪੰਥ ਸਾਜ ਕੇ ਪੰਜਾਂ ਪਿਆਰਿਆਂ ਨੂੰ ਨਾਮ, ਰੂਪ, ਸਪਿਰਟ ਤੇ ਅੰਮ੍ਰਿਤ ਛਕਾਣ ਦਾ ਅਧਿਕਾਰ ਦੇ ਕੇ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਦਾ ਆਦਰਸ਼ ਪੂਰਨ ਕੀਤਾ। ਪਹਿਲੇ ਸਤਿਗੁਰਾਂ ਨੇ ਇਹ ਸਿਧਾਂਤ ਦੱਸਿਆ ਸੀ—'ਗੁਰੂ ਸਿਖੁ, ਸਿਖੁ ਗੁਰੂ ਹੈ ਏਕੋ ਗੁਰ ਉਪਦੇਸ਼ ਚਲਾਏ।' ਦਸਮ ਪਾਤਸ਼ਾਹ ਨੇ ਇਸ ਨੂੰ ਅਮਲੀ ਸ਼ਕਲ ਦਿਤੀ। ਜਿਸ ਤਰ੍ਹਾਂ ਕੋਈ ਬਾਦਸ਼ਾਹ ਆਪਣੇ ਅਧਿਕਾਰ ਪਾਰਲੀ-ਮੈਂਟ ਨੂੰ ਦਿੰਦਾ ਹੈ, ਇਸੇ ਤਰ੍ਹਾਂ ਸਤਿਗੁਰ ਨੇ ਪੰਥ ਖਾਲਸੇ ਨੂੰ ਗੁਰੂ ਰੂਪ ਹੋਣ ਦਾ ਅਧਿਕਾਰ ਦਿਤਾ। ਜਿਸ ਤਰ੍ਹਾਂ ਕੋਈ ਪਿਤਾ ਆਪਣੇ ਪੁੱਤਰ ਨੂੰ ਸਾਰੇ ਅਧਿਕਾਰ ਦਿੰਦਾ ਹੈ, ਕੰਮ-ਕਾਜ ਉਸ ਦੇ ਸਪੁਰਦ ਕਰਦਾ ਹੈ, ਆਪਣੀ ਨਿਗਰਾਨੀ ਵਿਚ ਆਗਿਆ ਕਰ ਕੇ ਉਸ ਤੋਂ ਕੰਮ ਲੈਂਦਾ ਹੈ, ਪਰ ਪਿਤਾ ਦੀ ਵਡਿਆਈ ਤੇ ਗੁਣ ਉਸ ਵਿਚ ਫਿਰ ਵੀ ਰਹਿੰਦੇ ਹਨ, ਇਸੇ ਤਰ੍ਹਾਂ ਦਸਮ ਪਾਤਸ਼ਾਹ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਵੀ ਗੁਰੂ ਸਨ। ਗੁਰੂ ਪੰਥ ਵਿਚ ਸੀ ਤੇ ਪੰਥ ਗੁਰੂ ਵਿਚ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਰੂਪ ਵਿਚ ਪੰਥ ਸਾਜਣ, ਗੁਰਬਾਣੀ ਉਚਾਰਣ, ਰਹਿਤਨਾਮਿਆਂ ਰਾਹੀਂ ਸਿੱਖੀ ਦੀ ਰਹਿਤ ਦੱਸਣ ਦੇ ਅਧਿਕਾਰ ਅਕਾਲ ਪੁਰਖ ਵਲੋਂ ਪ੍ਰਾਪਤ ਸਨ। ਪੰਥ ਨੂੰ ਜੋ ਅਧਿਕਾਰ ਪ੍ਰਾਪਤ ਹਨ, ਉਹ ਗੁਰਬਾਣੀ ਤੇ ਗੁਰੂ ਕੇ ਹੁਕਮ ਵਿਚ ਪ੍ਰਾਪਤ ਹਨ—

ਅਸੂਲ ਦੋ ਤਰ੍ਹਾਂ ਦੇ ਹੁੰਦੇ ਹਨ—

੧. ਮੁੱਢਲੇ ਨਿਯਮ (Fundamental) ਬੁਨਿਆਦੀ ਅਸੂਲ।

੨. ਸਾਧਾਰਣ ਨਿਯਮ ਜਾਂ (Principles) ਅਸੂਲ, ਮੁੱਢਲੇ ਨਿਯਮ ਜਾਂ ਬੁਨਿਆਦੀ ਅਸੂਲਾਂ ਅਨੁਸਾਰ ਦਸ ਗੁਰੂ ਸਾਹਿਬਾਨ ਨੇ ਪੰਥ ਕਾਇਮ ਕੀਤਾ ਹੈ। ਅਸੀਂ ਉਨ੍ਹਾਂ ਪਰ ਚਲ ਕੇ ਹੀ ਸਿੱਖ ਬਣ ਸਕਦੇ ਹਾਂ। ਬੁਨਿਆਦੀ ਅਸੂਲਾਂ ਨੂੰ ਤਬਦੀਲ ਕਰਨ ਦਾ ਅਧਿਕਾਰ ਕਿਸੇ ਨੂੰ ਨਹੀਂ। ਉਨ੍ਹਾਂ ਦੀ ਵਰਤੋਂ ਵਿਚ ਜੋ ਭੁੱਲਾਂ ਆ ਪੈਣ, ਉਨ੍ਹਾਂ ਨੂੰ ਦੂਰ ਕਰ ਸਕਦੇ ਹਾਂ। ਸੁਧਾਰ ਦਾ ਮਤਲਬ ਕਿਸੇ ਚੀਜ਼ ਦੀ ਅਸਲੀਅਤ ਨੂੰ ਕਾਇਮ ਰਖਣਾ ਹੁੰਦਾ ਹੈ ਨਾ ਕਿ ਉਸ ਨੂੰ ਨਸ਼ਟ ਕਰ ਦੇਣਾ।

ਅਸੀਂ ਸੁਧਾਰ ਕਰ ਸਕਦੇ ਹਾਂ, ਇਨਕਾਰ ਨਹੀਂ ਕਰ ਸਕਦੇ, ਉਸ ਨੂੰ ਬਦਲ ਨਹੀਂ ਸਕਦੇ। ਉਦਾਹਰਣ ਲਈ ਸਿੱਖੀ ਜੀਵਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੁਕਮ ਰੂਪ ਹੈ, ਇਸ ਨੂੰ ਅਸੀਂ ਬਦਲ ਨਹੀਂ ਸਕਦੇ। ਪੰਥ ਨੂੰ ਗੁਰਬਾਣੀ ਦੇ ਹੁਕਮ ਅਨੁਸਾਰ ਵਰਤੋਂ ਕਰਨ ਦੀ ਆਗਿਆ ਹੈ। ਅਗਰ ਕੋਈ ਸਮੱਸਿਆ ਆ ਪਵੇ ਤਾਂ ਉਸ ਨੂੰ ਗੁਰਬਾਣੀ ਤੇ ਬੁਨਿਆਦੀ ਅਸੂਲਾਂ ਦੀ ਰੋਸ਼ਨੀ ਵਿਚ ਹਲ ਕਰ ਸਕਦੇ ਹਾਂ। ਬੁਨਿਆਦੀ ਅਸੂਲਾਂ ਨੂੰ ਛੱਡ ਕੇ ਬਾਕੀ ਦੇ ਸਮਾਜਕ ਜਾਂ ਹੋਰ ਨਿਯਮ ਪੰਥ ਸਮੇਂ ਦੇ ਮੁਤਾਬਕ ਬਣਾ ਸਕਦਾ ਹੈ ਤੇ ਉਨ੍ਹਾਂ ਪਰ ਵਰਤੋਂ ਕਰ ਸਕਦਾ ਹੈ।

ਅਜਕਲ ਕਈ ਸੱਜਣ ਇਹ ਪ੍ਰਸ਼ਨ ਕਰਦੇ ਹਨ—ਜਦ ਦਸਮ ਪਾਤਸ਼ਾਹ ਨੇ ਚਰਨ ਪਾਹੁਲ ਨੂੰ ਖੰਡੇ ਦੇ ਅੰਮ੍ਰਿਤ ਦੀ ਸ਼ਕਲ ਵਿਚ ਬਦਲ ਦਿਤਾ, ਖਾਲਸਾ ਪੰਥ ਨੂੰ ਅੰਮ੍ਰਿਤ ਛਕਾਣ ਦਾ ਅਧਿਕਾਰ ਦੇ ਕੇ ਆਪਣਾ ਜਾ-ਨਸ਼ੀਨ ਬਣਾਇਆ, ਉਸ ਹਾਲਤ ਵਿਚ ਪੰਥ ਸਿੱਖੀ ਦੇ ਅਸੂਲਾਂ ਨੂੰ

ਕਿਉਂ ਨਹੀਂ ਬਦਲ ਸਕਦਾ ? ਇਸ ਦਾ ਉੱਤਰ ਇਹ ਹੈ ਕਿ ਸਤਿਗੁਰੂ ਨੂੰ ਇਹ ਅਧਿਕਾਰ ਸੀ ਕਿ ਉਹ ਐਸਾ ਕਰਦੇ । ਜਦ ਅਸੀਂ ਇਹ ਮੰਨ ਲਵੀਏ ਕਿ ਇਕ ਅਕਾਲ ਪੁਰਖ ਦੀ ਪੂਜਾ, ਭਰਾਤ੍ਰੀ ਭਾਵ, ਦਸਾਂ ਸਤਿ-ਗੁਰੂਆਂ ਨੂੰ ਇਸ਼ਟ ਦੇਵ ਸਮਝਣਾ, ਗੁਰਬਾਣੀ ਨੂੰ ਗੁਰੂ ਰੂਪ ਜਾਨਣਾ, ਪੰਜ ਪਿਆਰੇ ਚੁਣ ਕੇ ਉਨ੍ਹਾਂ ਪਾਸੋਂ ਅੰਮ੍ਰਿਤ ਛਕਣਾ, ਰਹਿਤ ਰਖਣੀ, ਨਿਤਨੇਮ ਤੇ ਅਰਦਾਸ ਆਦਿਕ ਸਿੱਖੀ ਦੇ ਬੁਨਿਆਦੀ ਅਸੂਲ ਹਨ ਅਤੇ ਇਹ ਸਤਿ-ਗੁਰਾਂ ਨੇ ਸਿੱਖੀ ਲਈ ਕਾਇਮ ਕੀਤੇ ਹਨ, ਤਦ ਅਸੀਂ ਇਨ੍ਹਾਂ ਨੂੰ ਬਦਲਣ ਦਾ ਕੋਈ ਹਕ ਨਹੀਂ ਰਖਦੇ । ਇਨ੍ਹਾਂ ਦੇ ਬਦਲਣ ਦਾ ਮਤਲਬ ਇਹ ਹੋਵੇਗਾ ਕਿ ਜਿਨ੍ਹਾਂ ਅਸੂਲਾਂ ਦੀ ਬਿਨਾ ਤੇ ਗੁਰੂ ਗੋਬਿੰਦ ਸਿੰਘ ਜੀ ਨੇ 'ਪੰਥ ਖਾਲਸਾ' ਬਣਾਇਆ ਸੀ, ਉਸ ਤੋਂ ਇਨਕਾਰੀ ਹਾਂ । ਉਸ ਹਾਲਤ ਵਿਚ ਅਸੀਂ ਸਿਖ ਨਹੀਂ ਰਹਿ ਸਕਦੇ ।

ਜਦ ਸਤਿਗੁਰਾਂ ਨੇ ਸਿੱਖੀ ਦੇ ਆਦਰਸ਼ ਨੂੰ ਸੰਪੂਰਨ ਕਰ ਲਿਆ, ਪੰਥ ਸਾਜ ਕੇ ਉਸ ਨੂੰ ਨਾਮ, ਰੂਪ, ਸਪਿਰਟ, ਅਧਿਕਾਰ ਅਤੇ ਰਹਿਤ ਬਖਸ਼ ਕੇ ਨਿਜ ਸਰੂਪ ਬਣਾ ਲਿਆ, ਤਦ ਕੱਤਕ ਸੁਦੀ ੫ ਸੰਮਤ ੧੭੬੫ ਨੂੰ ਦਸਮ ਪਾਤਸ਼ਾਹ ਨੇ ਗੁਰਗਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇ ਕੇ ਪੰਥ ਨੂੰ ਉਨ੍ਹਾਂ ਦੀ ਤਾਬਿਆ ਗੁਰੂ ਬਣਾ ਦਿਤਾ । ਸ਼ਖਸੀ ਗੁਰਤਾ ਦਾ ਸਿਲਸਿਲਾ ਹਮੇਸ਼ਾਂ ਲਈ ਖਤਮ ਕਰ ਦਿਤਾ । ਇਹ ਗਲ ਸ੍ਰੀ ਗੁਰੂ ਨਾਨਕ ਦੇਵ ਦੀ ਸਿੱਖਿਆ ਅਨੁਸਾਰ ਕੀਤੀ ਗਈ ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਸਿੱਧਾਂ ਨੂੰ ਮਿਲੇ ਤਾਂ ਉਨ੍ਹਾਂ ਨੇ ਕਿਹਾ—'ਤਪਾ ਜੀ ! ਸਾਨੂੰ ਕੋਈ ਕਰਾਮਾਤ ਵਿਖਾਓ ।'

ਸਤਿਗੁਰੂ ਨੇ ਉੱਤਰ ਦਿਤਾ—

ਗੁਰ ਸੰਗਤ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ ।

[੧—੪੨]

ਗੁਰਬਾਣੀ ਅਥਵਾ ਗਿਆਨ ਦੱਸ ਕੇ ਅੰਧ ਵਿਸ਼ਵਾਸ ਨੂੰ ਕੱਟਿਆ ਹੈ । ਸੰਗਤ ਦੱਸ ਕੇ ਮਜ਼੍ਹਬੀ ਡਿਕਟੇਟਰਸ਼ਿਪ ਨੂੰ ਖਤਮ ਕੀਤਾ ਹੈ । ਇਸੇ

ਅਨੁਸਾਰ ਦਸਮ ਪਾਤਸ਼ਾਹ ਨੇ ਗੁਰੂ ਗ੍ਰੰਥ ਤੇ ਪੰਥ ਨੂੰ ਗੁਰਤਾ ਦੀ ਪਦਵੀ ਬਖ਼ਸ਼ ਕੇ ਆਪਣੇ ਆਪ ਨੂੰ ਪੰਥ ਵਿਚ ਲੀਨ ਕਰ ਦਿਤਾ। ਨਾ ਸਵਰਗ ਵਿਚ ਜਾਣ ਤੇ ਨਾ ਮੁੜ ਕੇ ਆਉਣ ਦਾ ਖਿਆਲ ਦਿਤਾ ਹੈ। ਗੁਰੂ ਖਾਲਸੇ ਵਿਚ ਤੇ ਖਾਲਸਾ ਗੁਰੂ ਵਿਚ ਹੈ, ਇਹ ਆਦਰਸ਼ ਮੁਕੰਮਲ ਕੀਤਾ।

ਕਈ ਆਦਮੀ ਕਹਿੰਦੇ ਹਨ—'ਕਿਸੇ ਪੁਰਸ਼, ਦੇਹ-ਧਾਰੀ ਨੂੰ ਜੋ ਬਾਰ੍ਹਵਾਂ, ਤੇਰ੍ਹਵਾਂ ਗੁਰੂ ਮੰਨ ਲਿਆ ਜਾਵੇ ਤਾਂ ਕੀ ਹਰਜ ਹੈ ?'

ਇਸ ਦਾ ਉੱਤਰ ਇਹ ਹੈ ਕਿ ਦਸਾਂ ਸਤਿਗੁਰਾਂ ਦੀ ਤੁਲਤਾ ਕਿਸੇ ਨੂੰ ਨਹੀਂ ਦਿਤੀ ਜਾ ਸਕਦੀ। ਦਸਮ ਪਾਤਸ਼ਾਹ ਨੇ ਗੁਰੂ ਗ੍ਰੰਥ ਅਤੇ ਪੰਥ ਨੂੰ ਗੁਰਗਦੀ ਦੇ ਕੇ ਸ਼ਖਸੀ ਗੁਰਤਾ ਦਾ ਸਿਲਸਿਲਾ ਖਤਮ ਕਰ ਦਿਤਾ ਹੈ, ਇਸ ਲਈ ਕੋਈ ਪੁਰਸ਼ ਖਾਲਸਾ ਪੰਥ ਦਾ ਗੁਰੂ ਨਹੀਂ ਹੋ ਸਕਦਾ। ਜਦ ਸਤਿਗੁਰਾਂ ਨੇ ਸਿੱਖ ਧਰਮ ਨੂੰ ਸੰਪੂਰਣ ਕਰ ਦਿਤਾ ਹੈ, ਫਿਰ ਕਿਸੇ ਗੁਰੂ ਦੀ ਲੋੜ ਹੀ ਕੀ ਹੈ ? ਜੇ ਮਹਾਰਾਜ ਨੇ ਗੁਰਤਾ ਨੂੰ ਸ਼ਖਸੀ ਰਖਣਾ ਹੁੰਦਾ ਤਾਂ ਪੰਜ ਪਿਆਰੇ ਸਾਜਣ ਦੀ ਕੀ ਲੋੜ ਸੀ ? ਸਿੱਖ ਧਰਮ ਨੇ ਦੇਹ ਦੀ ਪੂਜਾ ਨਹੀਂ ਸਿਖਾਈ। ਸਤਿਗੁਰੂ ਦੀ ਦੇਹ ਨਿਰੰਕਾਰ ਦਾ ਰੂਪ ਨਹੀਂ, ਉਨ੍ਹਾਂ ਦੀ ਆਤਮਾ ਸ੍ਰੀ ਵਾਹਿਗੁਰੂ ਦਾ ਰੂਪ ਸੀ, ਉਨ੍ਹਾਂ ਤੋਂ ਵਧ ਕੇ ਕੋਈ ਸਾਡਾ ਗੁਰੂ ਨਹੀਂ ਹੋ ਸਕਦਾ।

ਕਈ ਆਦਮੀ ਕਹਿੰਦੇ ਹਨ—'ਸਿੱਖ ਦਾ ਨਿਸਚਾ ਉਸ ਨੂੰ ਤਾਰ ਦਿੰਦਾ ਹੈ, ਭਾਵੇਂ ਗੁਰੂ ਕੁਝ ਵੀ ਹੋਵੇ।'

ਸਿੱਖੀ ਵਿਚ ਇਹ ਗਲ ਨਹੀਂ ਮੰਨੀ ਗਈ। ਇਹ ਅੰਧ ਵਿਸ਼ਵਾਸ ਨਹੀਂ ਦਿਤਾ ਕਿ 'ਗੁਰ ਗੂੰਗੇ ਗੁਰੂ ਬਾਵਰੇ ਗੁਰ ਕੇ ਰਹੀਏ ਦਾਸ' ਬਲਕਿ ਇਹ ਦੱਸਿਆ ਹੈ ਕਿ ਪੂਰਨ ਗੁਰੂ ਤੋਂ ਬਿਨਾਂ ਨਿਸਤਾਰਾ ਨਹੀਂ ਹੋ ਸਕਦਾ—

ਪੂਰੇ ਗੁਰ ਕਾ ਸੁਨਿ ਉਪਦੇਸੁ ॥
ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥

[ਸੁਖਮਨੀ]

ਅਪੂਰਨ, ਅਗਿਆਨੀ, ਦੰਭੀ ਤੇ ਪਖੰਡੀ ਗੁਰੂਆਂ ਤੋਂ ਮੁਕਤੀ ਨਹੀਂ ਮਿਲ ਸਕਦੀ। ਅਜਿਹੇ ਗੁਰੂ ਕਿਸੇ ਸਿੱਖ ਨੂੰ ਕਿਸੇ ਪਦਵੀ ਤੇ ਪੁਚਾਣ ਦੀ ਥਾਂ ਰਸਾਤਲ ਵਿਚ ਸੁੱਟ ਦਿੰਦੇ ਹਨ। ਜਿਨ੍ਹਾਂ ਵਿਚ ਕੋਈ ਆਤਮਿਕ ਸ਼ਕਤੀ ਨਹੀਂ, ਕੋਈ ਅਨੁਭਵ, ਗਿਆਨ ਜਾਂ ਕਰਨੀ ਨਹੀਂ, ਗੁਰਬਾਣੀ ਵਿਚ ਅਜਿਹੇ ਦੰਭੀ ਗੁਰੂਆਂ ਤੋਂ ਬਚਣ ਦੀ ਬੜੀ ਤਾਕੀਦ ਕੀਤੀ ਗਈ ਹੈ—

ਗੁਰ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥

[ਸ੍ਰੀ ਰਾਗ ਮ: ੧]

ਨਾਨਕ ਅੰਧਾ ਹੋਇਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥
ਆਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥

[ਵਾਰ ਮਾਝ, ਪੰਨਾ ੧੪੦]

ਅੰਧੇ ਗੁਰੂ ਤੇ ਭਰਮੁ ਨ ਜਾਈ ॥

[ਗਉੜੀ ਮ: ੩, ਪੰਨਾ ੨੩੨]

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥

[ਰਾਮਕਲੀ ਮ: ੩, ਪੰਨਾ ੯੫੧]

ਗੁਰਬਾਣੀ ਵਰਗਾ ਨਿਰਮਲ ਗਿਆਨ ਕੋਈ ਨਹੀਂ। ਦਸ ਪਾਤਸ਼ਾਹੀਆਂ ਤੋਂ ਵਧੀਕ ਉੱਚਾ ਸੁੱਚਾ, ਆਦਰਸ਼ਕ ਜੀਵਨ ਤੇ ਕਰਨੀ ਵਾਲਾ ਕੋਈ ਗੁਰੂ ਨਹੀਂ ਹੋ ਸਕਦਾ, ਇਸ ਲਈ ਸਿੱਖੀ ਵਿਚ ਕਿਸੇ ਹੋਰ ਨੂੰ ਗੁਰੂ ਨਹੀਂ ਮੰਨਿਆ ਜਾਂਦਾ।

ਜੋ ਸੱਜਣ ਗੁਰਬਾਣੀ, ਗੁਰਮਤ ਜਾਂ ਸਿੱਖੀ ਦਾ ਪ੍ਰਚਾਰ ਕਰਦੇ ਹਨ, ਉਹ ਗੁਰਮੁਖ, ਸਿੱਖ, ਸੰਤ, ਮਹਾਤਮਾ, ਪ੍ਰਚਾਰਕ ਅਤੇ ਉਪਦੇਸ਼ਕ ਕਹੇ ਜਾ ਸਕਦੇ ਹਨ।

ਸਤਿਗੁਰਾਂ ਦੇ ਸਮੇਂ ਅਨੇਕ ਗੁਰਸਿੱਖਾਂ ਨੇ ਸਿੱਖੀ ਨੂੰ ਪ੍ਰਚਾਰਿਆ ਹੈ। ਸ੍ਰੀ ਗੁਰੂ ਨਾਨਕ ਦੇਵ ਦੇ ਸਮੇਂ ਬਾਬਾ ਬੁੱਢਾ ਜੀ ਨੇ ਪ੍ਰਚਾਰ ਕੀਤਾ। ਭਾਈ ਮਨਸੁਖ ਨੇ ਸੰਗਲਾਦੀਪ ਵਿਚ ਰਾਜਾ ਸ਼ਿਵ ਨਾਭ ਨੂੰ ਸਿੱਖ ਬਣਾਇਆ। ਤੀਜੀ ਪਾਤਸ਼ਾਹੀ ਦੇ ਵਕਤ ੨੨ ਮੰਜੀਆਂ ਵਾਲੇ ਹਿੰਦੁਸਤਾਨ ਤੇ ਬਾਹਰ

ਨਾਲ ਲਗਦੇ ਟਾਪੂਆਂ ਵਿਚ ਪ੍ਰਚਾਰ ਕਰਦੇ ਸਨ। ਚੌਥੇ ਪਾਤਸ਼ਾਹ ਜੀ ਨੇ ਮਸੰਦ ਕਾਇਮ ਕੀਤੇ। ਮਸਨਦ ਦੇ ਨੇੜੇ ਬਹਿਣ ਕਰਕੇ ਇਨਾਂ ਨੂੰ ਮਸੰਦ ਜਾਂ 'ਰਾਮਦਾਸ' ਕਹਿੰਦੇ ਸਨ। ਇਹ ਦੂਰ ਦੂਰ ਪ੍ਰਚਾਰ ਕਰਦੇ ਸਨ। ਪੰਜਵੇਂ ਤੇ ਛੇਵੇਂ ਸਤਿਗੁਰਾਂ ਦੇ ਸਮੇਂ ਭਾਈ ਗੁਰਦਾਸ ਜੀ ਨੇ ਆਗਰੇ ਤੇ ਕਾਂਸ਼ੀ ਵਿਚ ਪ੍ਰਚਾਰ ਕੀਤਾ। ਭ ਈ ਕੱਟੂ ਤੇ ਗੜ੍ਹੀਏ ਨੇ ਕਸ਼ਮੀਰ ਵਿਚ ਸਿੱਖੀ ਫੈਲਾਈ। ਸਤਵੀਂ ਪਾਤਸ਼ਾਹੀ ਦੇ ਸਮੇਂ ਭਾਈ ਗੋਇੰਦੇ, ਤਿਲੋਕੇ ਅਤੇ ਕਟਾਰੂ ਨੇ ਕਾਬਲ ਵਿਚ ਉਪਦੇਸ਼ ਦਿਤਾ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਸਤਵੇਂ ਪਾਤਸ਼ਾਹ ਦੇ ਸਮੇਂ ਬੁੱਧ ਗਯਾ ਦਾ ਮਹੰਤ ਦੇਵ ਗਿਰੀ ੩੬੦ ਸਾਧੂਆਂ ਦੀ ਮੰਡਲੀ ਲੈ ਕੇ ਪੰਜਾਬ ਵਿਚ ਆਇਆ। ਉਸ ਨੇ ਕੀਰਤਪੁਰ ਵਿਚ ਮਹਾਰਾਜ ਤੋਂ ਉਪਦੇਸ਼ ਲੈਣ ਦੀ ਥਾਂ ਡੇਰਾ ਬਾਬਾ ਨਾਨਕ ਵਿਚ ਪੁੱਜ ਕੇ ਲਖਮੀ ਦਾਸ ਜੀ ਦੇ ਪੋਤਰੇ ਬਾਬਾ ਮਿਹਰ ਚੰਦ ਤੋਂ ਉਪਦੇਸ਼ ਲਿਆ। ਪਰ ਉਸ ਦੇ ਮਨ ਨੂੰ ਕੋਈ ਸ਼ਾਂਤੀ ਤੇ ਪ੍ਰਚਾਰ ਵਿਚ ਵੀ ਕੋਈ ਸਫਲਤਾ ਨਾ ਹੋਈ। ਦੇਵ ਗਿਰੀ ਨਿਰਾਸ਼ ਹੋ ਕੇ ਫਿਰ ਬਾਬਾ ਮਿਹਰ ਚੰਦ ਜੀ ਦੇ ਪਾਸ ਆਇਆ। ਬਾਬਾ ਜੀ ਨੇ ਉਸ ਨੂੰ ਕਿਹਾ—'ਬਖਸ਼ਸ਼ ਤੇ ਸਤਿਗੁਰਾਂ ਪਾਸ ਹੈ। ਤੁਸੀਂ ਸਤਵੇਂ ਪਾਤਸ਼ਾਹ ਪਾਸ ਜਾਓ।' ਦੇਵ ਗਿਰ ਕੀਰਤਪੁਰ ਗਿਆ। ਮਹਾਰਾਜ ਤੋਂ ਉਪਦੇਸ਼ ਲੈ ਕੇ ਭਗਤ ਭਗਵਾਨ ਦੇ ਨਾਮ ਤੋਂ ਪ੍ਰਸਿੱਧ ਹੋਇਆ। ਉਸ ਨੇ ਯੂ. ਪੀ. ਅਤੇ ਬਿਹਾਰ ਵਿਚ ਪ੍ਰਚਾਰ ਕੀਤਾ। ਦਸਮ ਪਾਤਸ਼ਾਹ ਦੇ ਸਮੇਂ ਭਾਈ ਨੰਦ ਲਾਲ ਜੀ ਗੁਰਸਿੱਖੀ ਦੇ ਬੜੇ ਪ੍ਰਚਾਰਕ ਸਨ। ਉਨ੍ਹਾਂ ਨੇ ਕਈ ਮੁਸਲਮਾਨ ਪੀਰਾਂ ਨੂੰ ਸਿੱਖ ਬਣਾਇਆ ਜਿਨ੍ਹਾਂ ਮਹਾਂ ਪੁਰਖਾਂ ਨੇ ਸਿੱਖੀ ਨੂੰ ਪ੍ਰਚਾਰਿਆ ਹੈ, ਉਨ੍ਹਾਂ ਨੇ ਸੰਗਤਾਂ ਨੂੰ ਗੁਰੂ ਨਾਲ ਜੋੜਿਆ ਹੈ, ਪਰ ਆਪਣੇ ਆਪ ਨੂੰ ਗੁਰੂ ਨਹੀਂ ਅਖਵਾਇਆ।

ਦਸਮ ਪਾਤਸ਼ਾਹ ਦੇ ਸਮੂਹ ਹਜ਼ੂਰੀ ਸਿੱਖ, ਲਿਖਾਰੀ, ਸਮਕਾਲੀ, ਦੇਸੀ ਤੇ ਵਿਦੇਸ਼ੀ ਇਤਿਹਾਸਕਾਰ ਇਸ ਗਲ ਉੱਤੇ ਸਹਿਮਤ ਹਨ ਕਿ ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਤਕ ਸੁਦੀ ੫ ਸੰਮਤ ੧੭੬੫ ਮੁਤਾਬਿਕ ੭ ਅਕਤੂਬਰ ਸੰਨ ੧੭੦੮ ਈ: ਨੂੰ ਨਦੇੜ ਸ੍ਰੀ ਅਬਚਲ ਨਗਰ ਵਖੇ ਜੋਤੀ ਜੋਤ ਸਮਾਏ। ਉਨ੍ਹਾਂ ਨੇ ਗਦੀ ਕਿਸੇ ਬੰਦੇ ਨੂੰ ਨਹੀਂ ਦਿਤੀ।

ਹਜ਼ੂਰ ਤੋਂ ਪਿਛੋਂ ਬਾਬਾ ਬੰਦਾ ਬਹਾਦਰ ਤੇ ਸੋਢੀ ਸੂਰਜ ਮਲ ਦੇ ਪੁੱਤਰ ਗੁਲਾਬ ਰਾਇ ਨੇ ਆਪਣੇ ਆਪ ਨੂੰ ਗੁਰੂ ਅਖਵਾਣ ਦਾ ਯਤਨ ਕੀਤਾ, ਪਰ ਖਾਲਸਾ ਪੰਥ ਨੇ ਉਨ੍ਹਾਂ ਨੂੰ ਗੁਰੂ ਨਹੀਂ ਮੰਨਿਆ। ਮਾਤਾ ਸੁੰਦਰੀ ਜੀ ਨੇ ਦਿਲੀ ਵਿਚ ਇਕ ਅਜੀਤ ਸਿੰਘ ਸੁਨਿਆਰੇ ਨੂੰ ਆਪਣਾ ਪੁਤਰੇਲਾ ਬਣਾ ਕੇ ਪਾਲਿਆ। ਜਦ ਉਸ ਨੇ ਮਾਤਾ ਜੀ ਦੀ ਮਰਜ਼ੀ ਦੇ ਉਲਟ ਸ੍ਰੀ ਦਸਮ ਪਾਤਸ਼ਾਹ ਦੇ ਸ਼ਸਤ੍ਰ ਬਸਤ੍ਰ ਸਜਾ ਕੇ, ਗਦੀ ਲਾ ਕੇ ਆਪਣੇ ਆਪ ਨੂੰ ਗੁਰੂ ਅਖਵਾਉਣਾ ਚਾਹਿਆ ਤਾਂ ਮਾਤਾ ਜੀ ਨੇ ਉਸ ਨੂੰ ਤਿਆਗ ਦਿਤਾ ਤੇ ਅਜੀਤ ਸਿੰਘ ਬੁਰੀ ਮੌਤ ਮਰਿਆ।

ਗੁਰਮਤਿ ਸਿਧਾਂਤ ਤੇ ਇਤਿਹਾਸਕ ਸੱਚਾਈ ਦੀ ਮੌਜੂਦਗੀ ਵਿਚ ਦਸਮ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਤੋਂ ਦੋ ਸੌ ਅੱਠ ਸਾਲ ਬਾਅਦ, ਭਾਈ ਕਾਹਨ ਸਿੰਘ ਨਾਭਾ ਨੇ ਮਈ ਸੰਨ ੧੯੧੬ ਈ: ਦੀ 'ਪੰਜਾਬੀ ਭੈਣ' ਵਿਚ 'ਸਿੱਖ ਇਤਿਹਾਸ ਦਾ ਅਣ-ਲਿਖਿਆ ਪੱਤਰਾ' ਦੇ ਸਿਰਲੇਖ ਹੇਠ ਇਕ ਲੇਖ ਲਿਖਿਆ। 'ਬਾਬਾ ਅਜਾਪਾਲ ਸਿੰਘ' ਦੇ ਸਿਰਲੇਖ ਹੇਠ ਰਸਾਲਾ ਫੁਲਵਾੜੀ, ਮਹੀਨੇ ਚੇਤਰ ਵਸਾਖ, ਸੰਮਤ ੧੯੮੩-੮੪ (ਅਪ੍ਰੈਲ ੧੯੨੭) ਵਿਚ ਲੇਖ ਲਿਖਿਆ। ਇਨ੍ਹਾਂ ਦੋਹਾਂ ਲੇਖਾਂ ਦਾ ਭਾਵ ਇਹ ਸੀ—

(ੳ) ਬਾਬਾ ਅਜਾਪਾਲ ਸਿੰਘ (ਜੋ ਨਾਭੇ ਦੇ ਇਕ ਡੇਰੇ ਦੇ ਮਹੰਤ ਸਨ) ਦੇ ਨਿਕਟਵਰਤੀ ਸੇਵਕਾਂ ਦਾ ਨਿਸਚਾ ਸੀ ਕਿ ਕਲਗੀਧਰ ਦੱਖਣ ਵਿਚ ਜੋਤੀ ਜੋਤ ਨਹੀਂ ਸਮਾਏ।

(ਅ) ਬਾਬਾ ਅਜਾਪਾਲ ਸਿੰਘ ਜੀ ਨੇ ਆਪਣੀ ਕਥਾ ਕਦੇ ਕਿਸੇ ਨੂੰ ਕੁਝ ਨਹੀਂ ਸੁਣਾਈ। ਪਰ ਉਨ੍ਹਾਂ ਦੇ ਨਿਕਟਵਰਤੀ ਸੇਵਕਾਂ ਦਾ ਨਿਸਚਾ ਸੀ ਕਿ ਗੁਰੂ ਸਾਹਿਬ ਗੁਪਤ ਰੀਤੀ ਨਾਲ ਪੰਜਾਬ ਵਿਚ ਬਾਬਾ ਅਜਾਪਾਲ ਸਿੰਘ ਨਾਮ ਤੋਂ ਰਹੇ।

(ੲ) ਮੈਂ ਇਸ ਮੁਆਮਲੇ ਤੇ ਆਪਣੀ ਕੋਈ ਪੱਕੀ ਰਾਇ ਕਾਇਮ ਨਹੀਂ ਕੀਤੀ।

(ਸ) ਬਾਬਾ ਅਜਾਪਾਲ ਸਿੰਘ ਜੀ ਦਾ ਦੇਹਾਂਤ ਜੇਠ ਸੁਦੀ ੫ ਸੰਮਤ ੧੮੬੮ ਬਿ: ਨੂੰ ਹੋਇਆ।

ਉਪ੍ਰੋਕਤ ਦੋਹਾਂ ਲੇਖਾਂ ਤੋਂ ਪਹਿਲੇ ਸੰਨ ੧੯੧੨ ਈ: ਵਿਚ ਭਾਈ ਕਾਹਨ ਸਿੰਘ ਜੀ ਨੇ 'ਗੁਰਮਤਿ ਸੁਧਾਕਰ' ਦੀ ਦੂਜੀ ਐਡੀਸ਼ਨ ਦੇ ਪੰਨਾ ੨੧੭ ਦੇ ਫੁਟ-ਨੋਟ ਵਿਚ ਲਿਖਿਆ—'ਬਾਬਾ ਅਜਾਪਾਲ ਸਿੰਘ ਸਾਹਿਬ ਜਿਨ੍ਹਾਂ ਨੇ ਕਲਗੀਧਰ ਸਵਾਮੀ ਤੋਂ ਅੰਮ੍ਰਿਤ ਛਕਿਆ ਅਤੇ ਉਮਰ ਦਾ ਵੱਡਾ ਹਿੱਸਾ ਪਰਮ ਪਿਤਾ ਨਾਲ ਰਹਿ ਕੇ ਬਿਤਾਇਆ, ਉਹ ਮਹੀਨੇ ਚਾਨਣੀ ਦਸਮੀ ਨੂੰ ਪੁਰਬ ਮਨਾਇਆ ਕਰਦੇ ਸੇ।'

ਸੰਨ ੧੯੧੨ ਵਿਚ ਤੇ ਭਾਈ ਸਾਹਿਬ ਲਿਖਦੇ ਹਨ ਕਿ ਬਾਬਾ ਅਜਾਪਾਲ ਸਿੰਘ ਦਸਮ ਪਾਤਸ਼ਾਹ ਦੇ ਸਿੱਖ ਸਨ। ਮਈ ੧੯੧੭ ਦੀ 'ਪੰਜਾਬੀ ਭੈਣ' ਅਤੇ ਮਾਰਚ-ਅਪ੍ਰੈਲ ੧੯੨੭ ਈ: ਦੀ ਫੁਲਵਾੜੀ ਵਿਚ ਲਿਖਿਆ ਨੇ—'ਗੁਰੂ ਸਾਹਿਬ ਗੁਪਤ ਰੀਤ ਨਾਲ ਪੰਜਾਬ ਵਿਚ ਬਾਬਾ ਅਜਾਪਾਲ ਸਿੰਘ ਨਾਮ ਤੋਂ ਰਹੇ।'

ਇਹ ਕਿਤਨੀ ਨਿਰਮੂਲ ਲਿਖਤ ਹੈ? ਨਾਲ ਹੀ ਕਹਿੰਦੇ ਹਨ—'ਮੈਂ ਇਸ ਮੁਆਮਲੇ ਤੇ ਆਪਣੀ ਕੋਈ ਪੱਕੀ ਰਾਇ ਕਾਇਮ ਨਹੀਂ ਕੀਤੀ।' ਵਿਰੋਧੀ ਲਿਖਤਾਂ ਆਪਣਾ ਖੰਡਨ ਆਪ ਹੀ ਕਰਦੀਆਂ ਹਨ। ਦਸਮ ਪਾਤਸ਼ਾਹ ੧੭੬੫ ਵਿਚ ਜੋਤੀ ਜੋਤ ਸਮਾਏ। ਬਾਬਾ ਅਜਾਪਾਲ ਸਿੰਘ ਨੇ ੧੮੬੯ ਵਿਚ ਚਲਾਣਾ ਕੀਤਾ। ਇਹ ਸਮਾਂ ੧੦੪ ਸਾਲਾਂ ਦਾ ਬਣਦਾ ਹੈ। ਇਸ ਵਿਚ ਬਾਬਾ ਬੰਦਾ ਬਹਾਦਰ ਨੇ ਪੰਜਾਬ ਸਰ ਕੀਤਾ। ਬਾਰਾਂ ਮਿਸਲਾਂ ਨੇ ੪੦ ਸਾਲ ਇਥੇ ਰਾਜ ਕੀਤਾ। ਉਸ ਤੋਂ ਪਿਛੋਂ ਮਹਾਰਾਜਾ ਰਣਜੀਤ ਸਿੰਘ ਨੇ ਕਈ ਸਾਲ ਰਾਜ ਕੀਤਾ। ਕੀ ਇਸ ਸਮੇਂ ਦਸਮ ਪਾਤਸ਼ਾਹ ਗੁਪਤ ਰਹਿ ਸਕਦੇ ਸਨ? ਬਿਲਕੁਲ ਨਹੀਂ। ਇਹ ਇਤਿਹਾਸਕ ਤੌਰ ਤੇ ਗਲਤ ਹੀ ਨਹੀਂ ਬਲਕਿ ਪੰਥ ਦੇ ਵਾਲੀ, ਮਹਾਂਬਲੀ ਯੋਧੇ ਅਤੇ ਅਜਿੱਤ ਸੂਰਮੇ, 'ਸਵਾ ਲਾਖ ਸੇ ਏਕ ਲੜਾਊਂ' ਦੀ ਮਹਾਨ ਸ਼ਕਤੀ ਰਖਣ ਵਾਲੇ ਸਤਿਗੁਰੂ ਦੀ ਸ਼ਾਨ ਵਿਚ ਭਾਰੀ ਗੁਸਤਾਖੀ ਸੀ ਕਿ ਉਹ ੧੦੪ ਬਰਸ ਤਕ ਛੁਪ ਕੇ ਰਹੇ। ਭਾਈ ਕਾਹਨ ਸਿੰਘ ਦੀ ਇਸ ਲਿਖਤ ਨੂੰ ਕੇਵਲ ਇਕ ਨਾਮਧਾਰੀ ਲੇਖਕ ਨੇ ਵਰਤ ਕੇ ਬਾਬਾ ਅਜਾਪਾਲ ਸਿੰਘ ਦਾ ਨਾਮ ਲੈ ਕੇ ਗੁਰਤਾ ਦਾ ਸਿਲਸਿਲਾ ਸ੍ਰੀ ਬਾਬਾ ਬਾਲਕ ਸਿੰਘ ਜੀ ਤੇ ਬਾਬਾ ਰਾਮ

ਸਿੰਘ ਜੀ ਨਾਲ ਜੋੜਨ ਦਾ ਵਿਅਰਥ ਯਤਨ ਕੀਤਾ ਹੈ। ਇਸ ਪਰ ਸਿੱਖ ਪੰਥ ਵਿਚ ਚਰਚਾ ਹੋਈ। ਨਵੰਬਰ ੧੯੩੨ ਵਿਚ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਦੇ ਸੇਵਕਾਂ ਨੇ ਭਾਈ ਕਾਹਨ ਸਿੰਘ ਤੋਂ ਪੁੱਛ ਕੀਤੀ ਕਿ ਅਸਲੀਅਤ ਕੀ ਹੈ ? ਇਨ੍ਹਾਂ ਪੁੱਛਾਂ ਦੇ ਉੱਤਰ ਵਿਚ ਭਾਈ ਕਾਹਨ ਸਿੰਘ ਨੇ ਹੇਠ ਲਿਖਿਆ ਲਿਖਤੀ ਬਿਆਨ ਦਿਤਾ—

'ਫੁਲਵਾੜੀ ਵਿਚ ਬਾਬਾ ਅਜਾਪਾਲ ਸਿੰਘ ਸਬੰਧੀ ਛਪੇ ਲੇਖ ਵਿਚ ਕੇਵਲ ਉਨ੍ਹਾਂ ਦੇ ਨਿਕਟਵਰਤੀਆਂ ਦੇ ਇਕ ਖਿਆਲ ਦਾ ਜ਼ਿਕਰ ਕੀਤਾ ਗਿਆ ਸੀ, ਪਰ ਉਸ ਸਾਰੇ ਲੇਖ ਤੋਂ ਸਾਫ ਪ੍ਰਗਟ ਹੁੰਦਾ ਹੈ ਕਿ ਬਾਬਾ ਅਜਾਪਾਲ ਸਿੰਘ ਸ੍ਰੀ ਗੁਰੂ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਗੁਰੂ ਮੰਨਦੇ ਸਨ। ਜਿਹਾ ਕਿ ਮੇਰੇ ਇਸ ਫੁੱਟ-ਨੋਟ ਤੋਂ ਕਿ ਬਾਬਾ ਜੀ ਹਰ ਇਕ ਕੰਮ ਵਿਚ 'ਗੁਰੂ ਸਿੰਘ' ਦਾ ਜ਼ਿਕਰ ਤ੍ਰਿਤਯ ਪੁਰਖ ਵਾਸਤੇ ਕੀਤਾ ਕਰਦੇ ਸਨ, ਜ਼ਾਹਰ ਹੈ। ਬਾਬਾ ਜੀ ਬਾਬਤ ਜੋ ਕੁਝ ਮੈਂ ਗੁਰਮਤਿ ਸੁਧਾਕਰ ਗ੍ਰੰਥ ਦੀ ਪਹਿਲੀ ਐਡੀਸ਼ਨ ਵਿਚ ਲਿਖਿਆ ਸੀ, ਅਰਥਾਤ ਬਾਬਾ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ ਸੀ, ਬਿਲਕੁਲ ਠੀਕ ਹੈ। ਦੂਜੀਆਂ ਐਡੀਸ਼ਨਾਂ ਵਿਚ ਸੁਭਾਵਕ ਰਹਿ ਗਿਆ ਹੈ, ਅਗਲੀ ਐਡੀਸ਼ਨ ਵਿਚ ਦਰਜ ਕਰ ਲਿਆ ਜਾਵੇਗਾ।

ਮੇਰਾ ਪੂਰਨ ਵਿਸ਼ਵਾਸ ਹੈ ਕਿ ਸਾਹਿਬ ਕਲਗੀਧਰ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਗਰੰਥ ਸਾਹਿਬ ਜੀ ਨੂੰ ਗੁਰਗਦੀ ਦੇ ਕੇ ਸਦਾ ਲਈ ਜਗਤ-ਗੁਰੂ ਥਾਪ ਦਿਤੇ। ਕਿਸੇ ਹੋਰ ਪੁਰਸ਼ ਨੂੰ ਗੁਰਗਦੀ ਦੇ ਕੇ ਸਿਲਸਿਲਾ ਗੁਰਿਆਈ ਨਹੀਂ ਤੋਰਿਆ। ਜੈਸਾ ਕਿ ਅਗੇ ਮੈਂ ਆਪਣੇ ਗਰੰਥ ਵਿਚ ਲਿਖਦਾ ਰਿਹਾ ਹਾਂ।'

(ਸਹੀ) ਪੰਥ ਸੇਵਕ ਕਾਹਨ ਸਿੰਘ

ਇਸ ਤਰਦੀਦ ਨਾਲ ਉਹ ਸਾਰੇ ਸ਼ੰਕੇ ਖਤਮ ਹੋ ਜਾਂਦੇ ਹਨ ਜੋ ਭਾਈ ਕਾਹਨ ਸਿੰਘ ਦੇ ਲੇਖਾਂ ਨਾਲ ਪਏ ਸਨ। ਕਿਸੇ ਆਦਮੀ ਲਈ ਉਨ੍ਹਾਂ ਲੇਖਾਂ ਦੇ ਆਧਾਰ ਤੇ ਝੂਠ ਲਿਖਣ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਰਹਿੰਦੀ। 'ਗੁਰਮਤਿ ਸੁਧਾਕਰ' ਅਤੇ 'ਮਹਾਨ ਕੋਸ਼' ਵਿਚ ਭਾਈ ਕਾਹਨ

ਸਿੱਖ ਦਸਮ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਦਾ ਸੰਮਤ ੧੭੬੫ ਹੀ ਲਿਖਦੇ ਹਨ।

ਸਾਡੀ ਸਪੱਸ਼ਟ ਰਾਇ ਹੈ ਕਿ ਦਸਮ ਪਾਤਸ਼ਾਹ ਨੇ ਆਪਣਾ ਜਾ-ਨਸ਼ੀਨ ਗੁਰੂ ਗਰੰਥ ਸਾਹਿਬ ਤੇ ਪੰਥ ਨੂੰ ਬਣਾਇਆ ਹੈ। ਜੇ ਉਨ੍ਹਾਂ ਨੇ ਸ਼ਖਸੀ ਗੁਰਤਾ ਕਾਇਮ ਰਖਣੀ ਹੁੰਦੀ ਤਾਂ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਕਿਉਂ ਛਕਦੇ ? 'ਖਾਲਸਾ ਮੇਰੋ ਰੂਪ ਹੈ ਖਾਸ' ਦਾ ਬਚਨ ਕਿਉਂ ਕਰਦੇ ? 'ਬਾਣੀ ਗੁਰੂ ਗੁਰੂ ਹੈ ਬਾਣੀ' ਦੇ ਸਿਧਾਂਤ ਨੂੰ ਕਿਉਂ ਪ੍ਰਚਾਰਦੇ ? ਹਕੀਕਤ ਇਹ ਹੈ ਕਿ ਹਜ਼ੂਰ ਨੇ ਗੁਰਤਾ ਦਾ ਸਿਲਸਿਲਾ ਖਤਮ ਕਰ ਦਿਤਾ ਹੈ। ਆਤਮਕ ਉੱਨਤੀ ਤੇ ਵਿਕਾਸ ਲਈ ਆਪਣਾ ਆਤਮਕ ਸਰੂਪ ਗੁਰ-ਬਾਣੀ ਦਾ ਗਿਆਨ ਪ੍ਰਗਟ ਕੀਤਾ ਹੈ। ਪ੍ਰਤੱਖ ਰੂਪ ਖਾਲਸਾ ਪੰਥ ਨੂੰ ਬਖਸ਼ਿਆ ਹੈ, ਜੋ ਬਾਣੀ ਦੇ ਆਸਰੇ ਗੁਰਮਤਿ ਦੀ ਰੋਸ਼ਨੀ ਵਿਚ ਹਰ ਤਰ੍ਹਾਂ ਦੀ ਸਮਾਜਕ ਤੇ ਆਤਮਕ ਉੱਨਤੀ ਕਰ ਸਕਦਾ ਹੈ।

ਵਰਤਮਾਨ ਸਾਇੰਸ ਨੇ ਮਨੁੱਖ ਦੀ ਦਿਮਾਗੀ ਗੁਲਾਮੀ ਨੂੰ ਖਤਮ ਕਰ ਦਿਤਾ ਹੈ। ਜਮਹੂਰੀਅਤ ਜਾਂ ਸਾਂਝੀਵਾਲਤਾ ਨੇ ਇਕ ਪੁਰਖੀ ਰਾਜ, ਸਰੀਰਕ ਜਾਂ ਰਾਜਨੀਤਕ ਗੁਲਾਮੀ ਨੂੰ ਖਤਮ ਕਰ ਦਿਤਾ ਹੈ। ਦਸਮ ਪਾਤਸ਼ਾਹ ਨੇ ਗਿਆਨ ਗੁਰੂ ਦੱਸ ਕੇ ਮਾਨਸਿਕ ਤੌਰ ਤੇ ਅਤੇ ਖਾਲਸਾ ਪੰਥ ਨੂੰ ਗੁਰੂ ਕਹਿ ਕੇ ਸਮਾਜਕ ਤੇ ਨੈਤਕ ਪਹਿਲੂਆਂ ਤੋਂ ਉਚਾ ਕੀਤਾ ਹੈ। ਸਰਬੱਤ ਖਾਲਸਾ ਗੁਰੂ ਰੂਪ ਹੈ। ਓਹੋ ਗੁਰਮਤਾ ਕਰ ਸਕਦਾ ਹੈ। ਇਹ ਗੁਰੂ ਦਾ ਹੁਕਮ ਹੈ ਅਤੇ ਸਿੱਖ ਧਰਮ ਦਾ ਬੁਨਿਆਦੀ ਅਸੂਲ ਹੈ।

o

੯.

ਗੁਰਮੰਤਰ

ਵਾਹਿਗੁਰੂ ਸ਼ਬਦ ਦੀ ਵਿਆਖਿਆ

ਗੁਰਮੰਤਰ ਦੇ ਅਰਥ—ਧਰਮ ਦਾ ਉਹ ਮੰਤਰ ਜਾਂ ਮਹਾਂਵਾਕ ਜੋ ਕਿਸੇ ਧਰਮ ਜਾਂ ਮਜ਼੍ਹਬ ਦੇ ਧਾਰਨ ਸਮੇਂ ਉਪਦੇਸ਼ ਰੂਪ 'ਚ ਦਿਤਾ ਜਾਂਦਾ ਹੈ। ਸਾਰੇ ਵਾਕਾਂ ਵਿਚੋਂ ਚੁਣਿਆ ਹੋਇਆ ਬੀਜ ਰੂਪ ਧਰਮ ਦਾ ਮੰਤਰ ਜੋ ਗੁਰੂ ਜਾਂ ਆਚਾਰਯ ਸਿੱਖ ਨੂੰ ਦਿੰਦਾ ਹੈ। ਇਸ ਬਾਰੇ ਪੰਚਮ ਪਾਤਸ਼ਾਹ ਕਹਿੰਦੇ ਹਨ—

ਦੂਖ ਕਲੇਸੁ ਨ ਭਉ ਬਿਆਪੈ, ਗੁਰਮੰਤ੍ਰੁ ਹਿਰਦੈ ਹੋਇ ॥

[ਸ੍ਰੀ ਰਾਗ]

ਗੁਰ ਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ ॥

[ਵਾਰ ਗੂਜਰੀ]

ਜੋ ਪੁਰਸ਼ ਗੁਰਮੰਤਰ ਤੋਂ ਹੀਣੇ ਹਨ, ਉਨ੍ਹਾਂ ਸਬੰਧੀ ਫੁਰਮਾਇਆ ਹੈ—

ਗੁਰਮੰਤ੍ਰ ਹੀਣਸੁ ਜੋ ਪ੍ਰਾਣੀ,
ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ, ਸੂਕਰਹ, ਗਰਧਭਹ,
ਕਾਕਹ ਸਰਪਨਹ ਤੁਲਿ ਖਲਹ ॥

ਭਾਵ—ਜੋ ਮਨੁੱਖ ਗੁਰਮੰਤਰ ਤੋਂ ਖਾਲੀ ਹਨ, ਉਨ੍ਹਾਂ ਦਾ ਜਨਮ ਧ੍ਰਿਗ ਹੈ, ਉਹ ਭ੍ਰਿਸ਼ਟੇ ਹੋਏ ਹਨ। ਉਹ ਮੂਰਖ ਕੁੱਤੇ, ਸੂਰ, ਖੋਤੇ, ਕਾਂ ਤੇ ਸੱਪ ਦੇ ਤੁੱਲ ਹਨ। ਬਲਕਿ ਉਨ੍ਹਾਂ ਤੋਂ ਵੀ ਭੈੜੇ ਹਨ। ਇਸ ਤੋਂ ਸਪੱਸ਼ਟ ਹੋਇਆ ਕਿ ਸਿੱਖ ਲਈ ਗੁਰਮੰਤਰ ਜ਼ਰੂਰੀ ਹੈ।

ਸਿੱਖ ਧਰਮ ਵਿਚ ਗੁਰਮੰਤਰ ਦੋ ਅਰਥਾਂ ਵਿਚ ਆਉਂਦਾ ਹੈ—

੧. ਗੁਰਬਾਣੀ ਲਈ।

੨. ਗੁਰੂ ਦੀ ਸਿੱਖਿਆ ਤੇ ਉਪਦੇਸ਼ ਲਈ।

ਗੁਰੂ ਦਾ ਉਪਦੇਸ਼ ਜਾਂ ਮੂਲ ਮੰਤਰ ਹੈ—'ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥'

'ਵਾਹਿਗੁਰੂ' ਗੁਰ ਮੰਤਰ ਹੈ, ਜੋ ਮੂਲ ਮੰਤਰ ਦੀ ਪੁਸ਼ਟੀ ਕਰਦਾ ਹੈ। ਇਕ ਸੰਕੇਤਕ ਸ਼ਬਦ ਹੈ, ਜੋ ਸਤਿਗੁਰਾਂ ਨੇ ਪ੍ਰਗਟ ਕੀਤਾ ਹੈ, ਜਿਸ ਦਾ ਮਤਲਬ ਸਰਬ ਸ਼ਕਤੀਮਾਨ, ਸਰਬ ਵਿਆਪਕ ਅਤੇ ਅਕਾਲ ਪੁਰਖ ਹੈ।

'ਵਾਹਿਗੁਰੂ' ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਗੁਰੂਆਂ ਦੀ ਬਾਣੀ ਵਿਚ ਕਿਤੇ ਨਹੀਂ ਮਿਲਦਾ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਮਿਲਦਾ ਹੈ, ਜਿਨ੍ਹਾਂ ਦੀ ਰਚਨਾ ਬੀੜ ਦੇ ਨਾਲ ਹੋਈ ਹੈ। ਭਾਈ ਜੀ ਵਾਹਿਗੁਰੂ ਸ਼ਬਦ ਦੀ ਬਣਤਰ ਬਾਰੇ ਲਿਖਦੇ ਹਨ—

ਸਤਿਜੁਗਿ ਸਤਿਗੁਰ ਵਾਸਦੇਵ ਵਵਾ ਵਿਸ਼ਨਾ ਨਾਮ ਜਪਾਵੈ ॥ ਦੁਆਪਰਿ ਸਤਿਗੁਰ ਹਰੀਕ੍ਰਿਸ਼ਨ ਹਾਹਾ ਹਰਿ ਨਾਮ ਜਪਾਵੈ। ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖ ਪਾਵੈ। ਕਲਿਜੁਗਿ ਨਾਨਕ ਗੁਰ ਗੋਵਿੰਦਾ ਗਗਾ ਗੋਵਿੰਦ ਨਾਮੁ ਜਪਾਵੈ। ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ। ਚਾਰੋ ਅਛਰ ਇਕ ਕਰ ਵਾਹਿਗੁਰੂ ਜਪੁ ਮੰਤ੍ਰੁ ਜਪਾਵੈ। ਜਹਾਂ ਤੇ ਉਪਜਿਆ ਫਿਰਿ ਤਹਾਂ ਸਮਾਵੈ ॥ ੪੯ ॥ ੧ ॥

ਸਤਗੁਰੂ ਪੁਰਖ ਦਇਆਲ ਹੋਇ,
ਵਾਹਿਗੁਰੂ ਸਚੁ ਮੰਤ੍ਰੁ ਸੁਣਾਇਆ।

[ਵਾਰ ੧—੪੯]

ਵਾਹਿਗੁਰੂ ਗੁਰਮੰਤ੍ਰੁ ਹੈ ਜਪਿ ਹਉਮੈ ਖੋਈ।

[ਵਾਰ ੧੩—੨]

ਵੇਦ ਕਤੇਬ ਅਗੋਚਰਾ, ਵਾਹਿਗੁਰੂ ਗੁਰਸ਼ਬਦੁ ਸੁਣਾਇਆ।

[ਵਾਰ ੧੨—੧੭]

ਇਸ ਤੋਂ ਬਿਨਾਂ ਭੱਟਾਂ ਨੇ ਵਾਹਿਗੁਰੂ ਸ਼ਬਦ ਸਵੱਈਆਂ ਵਿਚ ਵਰਤਿਆ ਹੈ—

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ,
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥

[੧੪੦੨]

ਕੀਆ ਖੇਲੁ ਬਡ ਮੇਲੁ ਤਮਾਸਾ,
ਵਾਹਿਗੁਰੂ ਤੇਰੀ ਸਭ ਰਚਨਾ ॥

[ਸਵਈਏ ਮ: ਚੌਥੇ ਕੇ, ਪੰਨਾ ੧੪੦੪]

ਇਹ ਤਾਂ ਹੋ ਨਹੀਂ ਸਕਦਾ ਕਿ ਗੁਰੂਆਂ ਦੇ ਵਕਤ ਵਾਹਿਗੁਰੂ ਸ਼ਬਦ ਪ੍ਰਚਲਤ ਨਾ ਹੋਵੇ ਤੇ ਭਾਈ ਗੁਰਦਾਸ ਜਾਂ ਭੱਟ ਇਸ ਨੂੰ ਲਿਖ ਦੇਣ। ਭਾਈ ਗੁਰਦਾਸ ਜੀ ਤੀਸਰੇ ਪਾਤਸ਼ਾਹ ਦੇ ਭਤੀਜੇ ਸਨ। ਉਨ੍ਹਾਂ ਦੇ ਨਾਲ ਰਹੇ, ਜੋ ਗੁਰੂ ਅੰਗਦ ਦੇਵ ਜੀ ਪਾਸੋਂ ਵਰੋਸਾਏ। ਇਸ ਲਈ ਇਹ ਨਿਸਚਿਤ ਗਲ ਹੈ ਕਿ ਵਾਹਿਗੁਰੂ ਮੰਤਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਦਿਤਾ। ਅਗੋਂ ਉਨ੍ਹਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਦਿਤਾ। ਜਿਨ੍ਹਾਂ ਦੀ ਬਾਣੀ ਤੋਂ ਇਸ ਦੀ ਸੂਝ ਮਿਲਦੀ ਹੈ। ਜਿਹਾ ਕਿ—

ਵਾਹੁ ਵਾਹੁ ਆਪਿ ਅਖਾਇਦਾ, ਗੁਰ ਸਬਦੀ ਸਚੁ ਸੋਇ ॥
ਵਾਹੁ ਵਾਹੁ ਸਿਫਤਿ ਸਲਾਹ ਹੈ, ਗੁਰਮੁਖਿ ਬੂਝੈ ਕੋਇ ॥
ਵਾਹੁ ਵਾਹੁ ਬਾਣੀ ਸਚੁ ਹੈ, ਸਚਿ ਮਿਲਾਵਾ ਹੋਇ ॥
ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ,
ਕਰਮਿ ਪਰਾਪਤਿ ਹੋਇ ॥ ੧ ॥ ੧੪ ॥

[ਗੂਜਰੀ ਕੀ ਵਾਰ ਮ: ੩, ਪੰਨਾ ੫੧੪]

ਮਹਲਾ ੩ (ਪੰਨਾ ੫੧੪)

ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖ ਲਧੀ ਭਾਲਿ ॥

ਵਾਹੁ ਵਾਹੁ ਸ਼ਬਦੇ ਉਚਰੈ, ਵਾਹੁ ਵਾਹੁ ਹਿਰਦੈ ਨਾਲਿ ॥
ਵਾਹੁ ਵਾਹੁ ਕਰਤਿਆ ਹਰਿ ਪਾਇਆ ਸਹਜੇ ਗੁਰਮੁਖਿ ਭਾਲਿ॥
ਸੇ ਵਡਭਾਗੀ ਨਾਨਕਾ ਹਰਿ ਹਰਿ ਰਿਦੈ ਸਮਾਲਿ ।੨।੧੫।

ਇਸ ਤੋਂ ਬਿਨਾਂ ਪੰਚਮ ਪਾਤਸ਼ਾਹ ਦੀ ਬਾਣੀ ਵਿਚ ਵੀ ਇਸ਼ਾਰਾ ਮਿਲਦਾ ਹੈ—

ਆਸਾ ਮਹਲਾ ੫ (ਪੰਨਾ ੩੭੬)

ਨਿਕਟ ਜੀਅ ਕੈ ਸਦ ਹੀ ਸੰਗਾ ॥
ਕੁਦਰਤਿ ਵਰਤੈ ਰੂਪ ਅਰੁ ਰੰਗਾ ॥੧॥
ਕਰ੍ਹੈ ਨ ਝੁਰੈ ਨਾ ਮਨੁ ਰੋਵਨਹਾਰਾ ॥
ਅਵਿਨਾਸੀ ਅਵਿਗਤੁ ਅਗੋਚਰੁ,
ਸਦਾ ਸਲਾਮਤਿ ਖਸਮੁ ਹਮ੍ਾਰਾ ॥੧॥ਰਹਾਉ॥
ਤੇਰੇ ਦਾਸਰੇ ਕਉ ਕਿਸ ਕੀ ਕਾਣਿ ॥
ਜਿਸ ਕੀ ਮੀਰਾ ਰਾਖੈ ਆਣਿ ॥੨॥
ਜੋ ਲਉਡਾ ਪ੍ਰਭਿ ਕੀਆ ਅਜਾਤਿ ॥
ਤਿਸੁ ਲਉਡੇ ਕਉ ਕਿਸ ਕੀ ਤਾਤਿ ॥੩॥
ਵੇਮੁਹਤਾਜਾ ਵੇਪਰਵਾਹੁ ॥
ਨਾਨਕ ਦਾਸ ਕਹਹੁ ਗੁਰਵਾਹੁ ॥੪॥੨੧॥

ਦਸਮ ਪਾਤਸ਼ਾਹ ਨੇ ਵਾਹਿਗੁਰੂ ਸ਼ਬਦ ਨੂੰ ਖੁੱਲ੍ਹੇ ਤੌਰ ਤੇ ਵਰਤਿਆ ਹੈ। ਮਹਾਰਾਜ ਨੇ ਦੋ ਸ਼ਕਲਾਂ ਵਿਚ ਇਸ ਦੀ ਵਰਤੋਂ ਕੀਤੀ ਹੈ—

੧. ਕਿਸੇ ਸ੍ਰੀ ਮੁਖਵਾਕ ਬਾਣੀ ਦੇ ਸਿਰਲੇਖ ਦੇ ਤੌਰ ਤੇ '੧ੳ ਵਾਹਿਗੁਰੂ ਜੀ ਕੀ ਫਤਹਿ' ਲਿਖਿਆ ਹੈ।

੨. ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਮੂਲ ਮੰਤਰ ਦੇ ਨਾਲ ਗੁਰਮੰਤਰ ਦੱਸਿਆ ਅਤੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦੇ ਬੋਲੇ ਵਿਚ ਪ੍ਰਚਲਤ ਕੀਤਾ।

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ—

ਸ੍ਰੀ ਨਾਨਕ ਸਿਖਨ ਕੇ ਹੇਤ।
ਵਾਹਿਗੁਰੂ ਸਿਰਜਯੋ ਨਿਤ ਚੇਤ।

[ਸੂਰਜ ਪ੍ਰਕਾਸ਼, ਰਾਸ ੩—੬੨]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਦੇ ਜਪਣ ਲਈ ਵਾਹਿਗੁਰੂ ਨਾਮ ਪ੍ਰਗਟ ਕੀਤਾ।

ਹੁਣ ਥੋੜ੍ਹੀ ਜਿਹੀ ਵਿਚਾਰ ਵਾਹਿਗੁਰੂ ਸ਼ਬਦ ਦੀ ਬਣਤਰ ਸਬੰਧੀ ਕਰਨਾ ਚਾਹੁੰਦੇ ਹਾਂ। ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਵਿਚ ਚਾਰ ਅੱਖਰਾਂ ਤੋਂ ਵਾਹਿਗੁਰੂ ਬਣਨ ਦਾ ਜੋ ਖਿਆਲ ਦਿਤਾ ਹੈ, ਉਹ ਕਾਵਿ ਦਾ ਅਲੰਕਾਰ ਜਾਂ ਤਖੱਯਲ ਕਿਹਾ ਜਾ ਸਕਦਾ ਹੈ। ਪਰ ਈਸ਼ਵਰ-ਵਾਦੀ ਪੁਰਾਤਵ ਨਾਵਾਂ ਦੇ ਅੱਖਰਾਂ ਦੇ ਕ੍ਰਮ ਅਨੁਸਾਰ ਠੀਕ ਨਹੀਂ ਢੁਕਦਾ।

ਨਾਂ ਦੋ ਤਰ੍ਹਾਂ ਦੇ ਹੁੰਦੇ ਹਨ—

੧. ਜਾਤੀ, ਖਾਸ ਜਾਂ ਨਿੱਜੀ ਨਾਂ। ਜਿਸ ਤਰ੍ਹਾਂ ਇਕ ਚੀਜ਼ ਦਾ ਇਕ ਖਾਸ ਨਾਂ ਹੁੰਦਾ ਹੈ।

੨. ਗੁਣ-ਵਾਚਕ ਨਾਂ—ਜੋ ਗੁਣਾਂ ਨੂੰ ਪ੍ਰਗਟ ਕਰਦਾ ਹੋਵੇ, ਜਿਹਾ ਕਿ ਅਕਾਲ ਮੂਰਤਿ,ਅਜੂਨੀ ਆਦਿ ਨਾਂ ਹਨ। ਗੁਰਬਾਣੀ ਵਿਚ 'ਸਤਿਨਾਮੁ' ਵਾਹਿਗੁਰੂ ਦਾ ਖਾਸ ਨਾਂ ਦੱਸਿਆ ਹੈ। ਯਥਾ—

ਕਿਰਤਮ ਨਾਮ ਕਥੇ ਤੇਰੇ ਜਿਹਬਾ ॥
ਸਤਿਨਾਮੁ ਤੇਰਾ ਪਰਾ ਪੂਰਬਲਾ ॥

[ਮਾਰੂ ਮ: ੫, ਪੰਨਾ ੧੦੮੩]

ਜਪਿ ਮਨ ਸਤਿਨਾਮੁ ਸਦਾ ਸਤਿਨਾਮੁ ॥
ਹਲਤਿ ਪਲਤਿ ਮੁਖ ਊਜਲ ਹੋਈ ਹੈ,
ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥

[ਧਨਾਸਰੀ ਮ: ੫]

ਸਤਿਨਾਮ ਪੜ੍ਹ ਮੰਤ੍ਰ ਸੁਣਾਯਾ ॥

[ਭਾਈ ਗੁਰਦਾਸ]

ਸਤਿਨਾਮ ਮੂਲ ਮੰਤਰ ਵਿਚ ਵੀ ਆਇਆ ਹੈ। ਇਹ ਕਿਸੇ ਹੱਦ ਤਕ ਗੁਣ-ਵਾਚਕ ਨਾਂ ਬਣਦਾ ਹੈ, ਪਰ ਸਤਿਗੁਰਾਂ ਨੇ ਇਸ ਨੂੰ ਖਾਸ ਨਾਂ ਕਿਹਾ ਹੈ। ਇਸ ਲਈ ਸਤਿਨਾਮ ਵਾਹਿਗੁਰੂ ਦਾ ਇਕੱਠਾ ਜਾਪ ਜਾਂ ਸਿਮਰਨ ਵੀ ਕੀਤਾ ਜਾਂਦਾ ਹੈ।

ਵਾਹਿਗੁਰੂ ਦੋ ਸ਼ਬਦਾ 'ਵਾਹਿ' ਤੇ 'ਗੁਰੂ' ਤੋਂ ਬਣਿਆ ਹੈ। ਵਾਹ ਅਰਬੀ ਦਾ ਸ਼ਬਦ ਹੈ। ਪ੍ਰਾਕ੍ਰਿਤ ਵਿਚ ਭੀ ਮਿਲਦਾ ਹੈ। ਜਿਸ ਦੇ ਅਰਥ ਹਨ—ਅਸਚਰਜ, ਸੁਬਹਾਨ। ਵਾਹ ਉਸ ਵਕਤ ਮੂੰਹੋਂ ਨਿਕਲਦਾ ਹੈ, ਜਦ ਮਨੁੱਖ ਸਿਰਜਨਹਾਰ ਦੀ ਅਸਚਰਜ ਰਚਨਾ ਨੂੰ ਵੇਖ ਕੇ ਅੰਤ੍ਰੀਵ ਆਤਮੇ ਰਸ ਤੇ ਹੈਰਾਨੀ ਨਾਲ ਭਰ ਜਾਂਦਾ ਹੈ। ਉਸ ਬੇਅੰਤ ਨੂੰ ਅਨੁਭਵ ਕਰਦਾ ਹੈ। ਵਿਸਮਾਦ ਦੀ ਹਾਲਤ ਵਿਚ ਮਨੁੱਖ 'ਵਾਹ' ਉਚਾਰਣ ਕਰਦਾ ਹੈ। ਗੁਰੂ ਸ਼ਬਦ ਸੰਸਕ੍ਰਿਤ ਦਾ ਹੈ, ਜਿਸ ਦੇ ਅਰਥ ਹਨ—ਆਤਮਕ ਪ੍ਰਕਾਸ਼ ਦੇਣ ਵਾਲਾ। 'ਵਾਹ' ਸ਼ਬਦ ਸਾਡੀ ਸੁਰਤ ਨੂੰ ਅਣਡਿੱਠ, ਅਗੰਮ, ਅਗੋਚਰ ਤੇ ਅਪਾਰ ਨਾਲ ਜੋੜਦਾ ਹੈ। 'ਗੁਰੂ' ਪ੍ਰਕਾਸ਼ ਦੇਣ ਵਾਲੀ ਹਸਤੀ ਨਾਲ ਇਕ-ਮਿਕ ਕਰਦਾ ਹੈ। ਵਾਹਿਗੁਰੂ ਸ਼ਬਦ ਸਾਨੂੰ ਬੜੀ ਖੂਬਸੂਰਤੀ ਨਾਲ ਬੇਅੰਤ ਸਿਰਜਨਹਾਰ ਤੇ ਗੁਰੂ ਦਾ ਤਸੱਵਰ ਦਿੰਦਾ ਹੈ। ਸੰਸਾਰ ਵਿਚ ਮਨੁੱਖੀ ਸੁਰਤ ਜਦ ਉਸ ਦੀ ਅਸਚਰਜ ਰਚਨਾ ਨੂੰ ਵੇਖ ਕੇ ਵਿਸਮਾਦ ਦੀ ਹਾਲਤ ਵਿਚ ਹੁੰਦੀ ਹੈ, ਤਦ ਮਨੁੱਖ 'ਵਾਹ' ਕਹਿੰਦਾ ਹੈ। ਪਰ ਜੇ ਸੁਰਤ ਨਿਰੀ ਵਾਹ ਵਿਚ ਟਿਕੀ ਰਹੇ ਤਾਂ ਆਤਮਕ ਉੱਨਤੀ ਨਹੀਂ ਹੋ ਸਕਦੀ। ਸੁਰਤ ਪ੍ਰਕ੍ਰਿਤਕ ਰਚਨਾ ਤਕ ਹੀ ਰਹਿ ਜਾਂਦੀ ਹੈ। ਸਤਿਗੁਰਾਂ ਨੇ ਵਿਸਮਾਦ ਦੀ ਅਵਸਥਾ ਵਿਚ ਪੁਜੀ ਹੋਈ ਸੁਰਤ ਨੂੰ ਵਾਹ ਤੋਂ ਚੁੱਕ ਕੇ 'ਗੁਰੂ' ਨਾਲ ਜੋੜ ਦਿਤਾ। ਇਥੇ ਗੁਰੂ ਤੋਂ ਮੁਰਾਦ ਕਰਤਾਰ ਤੋਂ ਹੈ, ਜੋ ਸਭ ਨੂੰ ਗਿਆਨ ਦਾ ਪ੍ਰਕਾਸ਼ ਦੇਣ ਵਾਲਾ ਹੈ। ਵਾਹਿਗੁਰੂ ਸ਼ਬਦ ਸਤਿਗੁਰਾਂ ਦਾ ਬੜਾ ਮਿੱਠਾ ਪਿਆਰਾ ਸ਼ਬਦ ਹੈ। ਆਤਮ-ਵਿਸਮਾਦ ਵਿਚ ਉਨ੍ਹਾਂ ਨੇ ਉਚਾਰਣ ਕੀਤਾ ਹੈ, ਇਸ ਲਈ ਸਿੱਖ ਧਰਮ ਦਾ ਗੁਰਮੰਤਰ ਹੈ। ਮੂਲ ਮੰਤਰ ਸਾਰੀ ਬਾਣੀ ਤੇ ਧਰਮ ਦਾ ਤੱਤ ਹੈ, ਜਿਸ ਵਿਚ ਸਿੱਖੀ ਦੇ ਇਕ ਮੁੱਖ ਸਿਧਾਂਤ ਨੂੰ ਕਥਨ ਕੀਤਾ ਗਿਆ ਹੈ ਅਤੇ ਵਾਹਿਗੁਰੂ ਉਸ ਦਾ ਨਿਚੋੜ ਹੈ।

ਗੁਰੂ ਜੀ ਨੇ ਬਾਣੀ ਵਿਚ ਵਾਹਿਗੁਰੂ ਲਈ ਹਿੰਦੂ ਤੇ ਮੁਸਲਮਾਨਾਂ ਦੇ ਮਿਲਵੇਂ ਨਾਂ ਵਰਤੇ ਹਨ। ਈਸ਼ਵਰ, ਪਾਰਬ੍ਰਹਮ, ਪ੍ਰਮੇਸ਼ਰ, ਸ੍ਰੀ ਰਾਮ, ਗੋਬਿੰਦ, ਦਮੋਦਰ, ਮਾਧਵ ਆਦਿਕ ਹਿੰਦੂ ਨਾਂ ਹਨ। ਅੱਲਾ, ਖੁਦਾ, ਰਹੀਮ, ਕਰੀਮ ਆਦਿਕ ਮੁਸਲਮਾਨੀ ਨਾਂ ਹਨ। ਦਸਮ ਪਾਤਸ਼ਾਹ ਨੇ ਸ੍ਰੀ ਅਸਕੇਤ, ਖੜਗ ਕੇਤ, ਸਰਬ ਲੋਹ ਆਦਿਕ ਨਵੇਂ ਨਾਂ ਵਰਤੇ ਹਨ। ਇਹ ਸਾਰੇ ਕਿਸੇ ਅਵਤਾਰ ਜਾਂ ਵਿਅਕਤੀ ਲਈ ਨਹੀਂ, ਇਕ ਵਾਹਿਗੁਰੂ ਲਈ ਵਰਤੇ ਹਨ। ਵਾਹਿਗੁਰੂ ਮੰਤਰ ਸਤਿਗੁਰਾਂ ਨੇ ਬੋਲੀ, ਸਭਿਅਤਾ ਤੇ ਪੁਰਾਣੀ ਮਜ਼ਬੀ ਪੱਖ-ਪਾਤ ਤੋਂ ਉਚੇਰੇ ਹੋ ਕੇ ਦਿਤਾ ਹੈ।

ਵਾਹਿਗੁਰੂ ਦੇ ਨਾਵਾਂ ਸਬੰਧੀ ਗੁਰੂ ਸਾਹਿਬ ਦਾ ਮਤ ਹੈ ਕਿ ਉਸ ਦਾ ਕੋਈ ਨਾਂ ਨਹੀਂ, ਕੋਈ ਥਾਂ ਨਹੀਂ। ਜਾਪ ਸਾਹਿਬ ਵਿਚ ਉਸ ਨੂੰ 'ਅਨਾਮੇ ਅਠਾਮੇ' ਕਿਹਾ ਹੈ। ਮਨੁੱਖ ਆਪੋ ਆਪਣੀਆਂ ਬੋਲੀਆਂ ਅਨੁਸਾਰ ਵੱਖ ਵੱਖ ਨਾਂ ਰਖ ਲੈਂਦੇ ਹਨ। ਬੋਲੀ ਕਦੀ ਮੁਰਦਾ ਹੋ ਜਾਂਦੀ ਹੈ, ਲੋਕੀਂ ਉਸ ਨੂੰ ਭੁੱਲ ਜਾਂਦੇ ਹਨ। ਬੋਲੀ ਅੱਖਰਾਂ ਤੇ ਸ਼ਬਦਾਂ ਦੇ ਅਧੀਨ ਹੁੰਦੀ ਹੈ। 'ਅਖਰੀ ਲਿਖਣੁ ਬੋਲਣੁ ਬਾਣਿ' ਅੱਖਰਾਂ ਰਾਹੀਂ ਲਿਖਣਾ ਤੇ ਬੋਲਣਾ ਹੁੰਦਾ ਹੈ, ਪਰ ਵਾਹਿਗੁਰੂ ਕਿਸੇ ਬੋਲੀ ਜਾਂ ਅੱਖਰਾਂ ਦੇ ਅਧੀਨ ਨਹੀਂ। ਗੁਰੂ ਜੀ ਕਹਿੰਦੇ ਹਨ—

ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥

ਜਿਸ ਨੇ ਅੱਖਰ ਬਣਾਏ ਹਨ, ਉਸ ਨੂੰ ਬਿਆਨ ਨਹੀਂ ਕਰ ਸਕਦੇ। ਕਬੀਰ ਸਾਹਿਬ ਕਹਿੰਦੇ ਹਨ—

ਇਹ ਅਖਰ ਖਿਰਿ ਜਾਹਿਗੇ
ਓਇ ਅਖਰ ਇਨ ਮਹਿ ਨਾਹਿ ॥

ਭਾਵ—ਅੱਖਰ ਨਾਸ਼ਵੰਤ ਹਨ, ਉਹ ਵਾਹਿਗੁਰੂ ਨਾਸ਼ਵੰਤ ਨਹੀਂ। 'ਵਾਹ' ਕੋਈ ਨਾਂ ਨਹੀਂ। ਇਹ ਵਿਸਮਾਦ ਦੀ ਹਾਲਤ ਨੂੰ ਪ੍ਰਗਟ ਕਰਦਾ ਹੈ। ਸਾਇੰਸ ਤੇ ਫਿਲਾਸਫ਼ੀ ਪੜ੍ਹ ਕੇ ਕਰਮ ਕਾਂਡ ਤੇ ਗਿਆਨ ਧਿਆਨ ਕਰ ਕੇ ਮਨੁੱਖ ਪੁੱਜਦਾ ਵਿਸਮਾਦ ਵਿਚ ਹੀ ਹੈ। ਗੁਰੂ ਜੀ ਨੇ ਵਾਹਿਗੁਰੂ

ਨਾਮ ਦੇ ਕੇ ਮਨੁੱਖ ਨੂੰ ਵਿਸਮਾਦ ਵਿਚੋਂ ਚੁੱਕ ਕੇ ਉਸ ਸਿਰਜਨਹਾਰ ਨਾਲ ਜੋੜਿਆ ਹੈ, ਜਿਸ ਦੀ ਰਚਨਾ ਨੂੰ ਦੇਖ ਕੇ ਵਿਸਮਾਦ ਦੀ ਹਾਲਤ ਪੈਦਾ ਹੁੰਦੀ ਹੈ।

ਪੁਰਾਤਨ ਗਰੰਥਾਂ ਵਿਚ ਲਿਖਿਆ ਹੈ—ਜਿਸ ਦੇ ਵਿਚਾਰਨ ਤੋਂ, ਰਖਿਆ ਹੋਵੇ, ਉਹ ਮੰਤਰ ਹੈ। ਹਿੰਦੁਸਤਾਨ ਵਿਚ 'ਮੰਤਰ-ਫ਼ਿਲਾਸਫ਼ੀ ਬਣਾ ਕੇ ਮੰਤਰ ਦੇ ਅੱਖਰਾਂ ਜਾਂ ਸ਼ਬਦਾਂ ਵਿਚ ਤਾਕਤ ਮੰਨ ਲਈ ਗਈ ਸੀ। ਈਸਾਈਆਂ ਤੇ ਮੁਸਲਮਾਨਾਂ ਦਾ ਵੀ ਕਲਾਮ ਬਾਰੇ ਇਹੀ ਨਿਸਚਾ ਸੀ। ਹਿੰਦੁਸਤਾਨ ਵਿਚ ਜੋਗੀ ਸ਼ਬਦ ਜਾਂ ਮੰਤਰ ਦੇ ਖਾਸ ਤੌਰ ਤੇ ਕਾਇਲ ਸਨ। ਚਿਤ-ਬ੍ਰਿਤੀਆਂ ਨੂੰ ਰੋਕ ਕੇ ਮੰਤਰ ਜਪਦੇ ਸਨ। ਮੰਤਰ ਨੂੰ ਸਿਧ ਕਰ ਕੇ ਤਾਕਤ ਹਾਸਲ ਕਰਨੀ ਸਮਝਦੇ ਸਨ। ਹਨੂੰਮਾਨ, ਭੈਰੋਂ, ਕਾਲੀ, ਸ਼ਿਵ ਆਦਿਕਾਂ ਨੂੰ ਪ੍ਰਗਟ ਕਰਨ, ਦੁਸ਼ਮਨ ਨੂੰ ਨੁਕਸਾਨ ਪੁਚਾਣ ਤੇ ਆਪਣੇ ਲਾਭ ਲਈ ਮੰਤਰ ਜਾਪ ਦਸੇ ਜਾਂਦੇ ਸਨ।

(੧) ਮੰਤਰ ਦਾ ਉਚਾਰਣ ਸ਼ੁੱਧ ਹੋਵੇ। (੨) ਮੰਤਰ ਦੇ ਅਰਥ ਦਾ ਬੋਧ ਹੋਵੇ। (੩) ਜਿਸ ਸਰੂਪ ਦਾ ਧਿਆਨ ਮੰਤਰ ਦੇ ਉਚਾਰਣ ਵੇਲੇ ਕਾਇਮ ਕੀਤਾ ਗਿਆ ਹੋਵੇ, ਉਸ ਸਰੂਪ ਨੂੰ ਆਪਣੇ ਮਨ ਵਿਚ ਧਾਰਨ ਕਰ ਲੈਣਾ, ਕਿਉਂਕਿ ਜਪ ਕਰਨ ਵਾਲੇ ਦੇ ਮਨ ਨੇ ਉਹੀ ਸਰੂਪ ਬਣਨਾ ਹੈ। (੪) ਮੰਤਰ ਦਾ ਗੁਣ ਸਮਝਣਾ, ਰਾਜਸੀ ਹੈ ਜਾਂ ਤਾਮਸੀ। (੫) ਇਹ ਇਕ ਆਮ ਮਨੌਤ ਸੀ ਕਿ ਮੰਤਰ ਕਿਸੇ ਨੂੰ ਦੱਸਣ ਨਾਲ ਉਸ ਦਾ ਅਸਰ ਘਟ ਜਾਂਦਾ ਹੈ। ਗੁਰੂ-ਡੰਮ ਦੇ ਫੈਲਾਣ ਵਾਲੇ ਲੋਕਾਂ ਨੂੰ ਪਏ ਦੱਸਣ, ਉਨ੍ਹਾਂ ਨੂੰ ਕੁਝ ਨਹੀਂ ਹੁੰਦਾ। ਪਰ ਸੇਵਕਾਂ ਨੂੰ ਕਿਹਾ ਜਾਂਦਾ ਹੈ—'ਤੁਸੀਂ ਇਹ ਮੰਤਰ ਕਿਸੇ ਨੂੰ ਨਹੀਂ ਦੱਸਣਾ।' (੬) ਫਲਾਣਾ ਮੰਤਰ ਚੜ੍ਹਦੇ ਬੰਨੇ ਮੂੰਹ ਕਰ ਕੇ ਜਪੋ ਤਾਂ ਇਹ ਫਲ ਹੁੰਦਾ ਹੈ। ਪੱਛਮ ਜਾਂ ਦੱਖਣ ਵਲ ਮੂੰਹ ਕਰ ਕੇ ਜਪੋ ਤਾਂ ਫਲਾਣੀ ਚੀਜ਼ ਪ੍ਰਾਪਤ ਹੋਊ।

ਸਤਿਗੁਰਾਂ ਨੇ ਇਹਨਾਂ ਸਾਰੇ ਭਰਮਾਂ ਤੇ ਵਹਿਮਾਂ ਦਾ ਖੰਡਨ ਕੀਤਾ ਹੈ ਤੇ ਦੱਸਿਆ ਹੈ ਕਿ ਸ਼ਬਦਾਂ ਜਾਂ ਅੱਖਰਾਂ ਵਿਚ ਤਾਕਤ ਨਹੀਂ। ਇਨ੍ਹਾਂ

ਦੇ ਪਿਛੇ ਉਚੀ ਸਖਸ਼ੀਅਤ ਤੇ ਪਵਿਤਰ ਆਚਰਣ ਹੋਵੇ ਤਾਂ ਸ਼ਬਦ ਜਾਂ ਅੱਖਰ ਕੋਟੀ ਅਸਰ ਪੈਦਾ ਕਰਦੇ ਹਨ। ਵਾਹਿਗੁਰੂ ਕਿਸੇ ਮੰਤਰ ਨਾਲ ਵੱਸ ਵਿਚ ਨਹੀਂ ਆਉਂਦਾ। ਦਸਮ ਪਾਤਸ਼ਾਹ ਕਹਿੰਦੇ ਹਨ—

ਜੰਤ੍ਰ ਮੋਂ ਨ ਤੰਤ੍ਰ ਮੋਂ ਨ ਮੰਤ੍ਰ ਬਸਿ ਆਵਈ ॥

ਜਿਹੜਾ ਇਹ ਭਰਮ ਸੀ ਕਿ ਮੰਤਰ ਜਪਣ ਨਾਲ ਫਲਾਣਾ ਦੇਵਤਾ ਪ੍ਰਗਟ ਹੋ ਕੇ ਰਖਿਆ ਕਰੇਗਾ, ਇਸ ਨੂੰ ਵੀ ਦੂਰ ਕੀਤਾ ਹੈ—

ਲਿਖੇ ਜੰਤ੍ਰ ਕੇਤੇ ਪੜੇ ਮੰਤ੍ਰ ਕੋਟੰ ॥
ਬਚੈਗਾ ਨ ਕੋਈ ਕਰੇ ਕਾਲ ਚੋਟੰ ॥

ਗੁਰੂ ਜੀ ਨੇ ਸਿੱਖੀ ਦੇ ਮੂਲ ਮੰਤਰ ਅਥਵਾ ਗੁਰ ਮੰਤਰ ਨੂੰ ਪ੍ਰਗਟ ਕੀਤਾ ਹੈ ਤੇ ਪੰਜਾਂ ਪਿਆਰਿਆਂ ਨੂੰ ਦੇਣ ਦੀ ਆਗਿਆ ਕੀਤੀ ਹੈ। ਇਸ ਦੀ ਕਮਾਈ ਕਰਨੀ, ਅਭਿਆਸ ਕਰ ਕੇ ਅਕਾਲ ਪੁਰਖ ਦਾ ਅਹਿਸਾਸ ਕਰਨਾ, ਉਸ ਵਿਚ ਸੁਰਤ ਨੂੰ ਲੀਨ ਕਰ ਕੇ ਉਚੇ ਹੋਣਾ ਵੱਡਾ ਫਲ ਦੱਸਿਆ ਹੈ। ਗੁਰ-ਸ਼ਬਦ ਸਬੰਧੀ ਭਾਈ ਗੁਰਦਾਸ ਜੀ ਲਿਖਦੇ ਹਨ—

ਜੈਸੇ ਹੀਰਾ ਹਾਥ ਮੈ ਤਨਕ[1] ਸੋ ਦਿਖਾਈ ਦੇਤ,
ਮੋਲ ਕੀਏ ਦਾਮਕਨ[2] ਭਰਤ ਭੰਡਾਰ ਜੀ।
ਜੈਸੇ ਬਰ[3] ਬਾਂਧੇ ਹੁੰਡੀ ਲਾਗਤ ਨ ਭਾਰ ਕਛੂ,
ਆਗੈ ਜਾਇ ਪਾਈਅਤ ਲਛਮੀ ਅਪਾਰ ਜੀ।
ਜੈਸੇ ਬਟ ਬੀਜ[4] ਅਤਿ ਸੂਖਮ ਸਰੂਪ ਹੋਤ,
ਬੋਏ ਸੇ ਬਿਬਿਧ ਕਰੈ ਬਿਰਖ ਬਿਸਥਾਰ ਜੀ।
ਤੈਸੇ ਗੁਰ ਬਚਨ ਸਚਨ ਗੁਰ ਸਿਖਨ ਮੈ,
ਜਾਨੀਐ ਮਹਾਤਮ ਗਏ ਹੀ ਹਰਿਦੁਆਰ ਜੀ।

ਭਾਵ—ਹੀਰਾ ਨਿੱਕਾ ਜਿਹਾ ਹੁੰਦਾ ਹੈ, ਪਰ ਰੁਪਿਆਂ ਨਾਲ ਭੰਡਾਰ

---

੧. ਨਿੱਕਾ ਜਿਹਾ। ੨ ਦਾਮ ਪੰਨਿਆਂ ਨਾਲ। ੩. ਲੜ ਬਧਿਆਂ
੪. ਬੋਹੜ ਦਾ ਬੀਜ।

ਭਰ ਦਿੰਦਾ ਹੈ। ਪੱਲੇ ਬੱਧੀ ਹੁੰਡੀ ਦਾ ਕੋਈ ਭਾਰ ਨਹੀਂ ਹੁੰਦਾ, ਪਰ ਜਿਥੇ ਦਿਓ, ਉਥੇ ਅਪਾਰ ਦੌਲਤ ਮਿਲ ਜਾਂਦੀ ਹੈ। ਬੋਹੜ ਦਾ ਬੀਜ ਸੂਖਮ ਹੁੰਦਾ ਹੈ, ਪਰ ਉਸ ਤੋਂ ਵੱਡਾ ਬ੍ਰਿਛ ਪੈਦਾ ਹੁੰਦਾ ਹੈ। ਇਸੇ ਤਰ੍ਹਾਂ ਗੁਰੂ ਦਾ ਮੰਤਰ ਜਾਂ ਸ਼ਬਦ ਬਹੁਤ ਛੋਟਾ ਦਿਸਦਾ ਹੈ, ਪਰ ਇਸ ਦੀ ਕਮਾਈ ਦਾ ਫਲ ਵੱਡਾ ਹੁੰਦਾ ਹੈ। ਗੁਰ-ਮੰਤਰ ਦੇ ਜਾਪ ਜਾਂ ਸ਼ਬਦ ਦੇ ਅਭਿਆਸ ਦਾ ਵਰਣਨ ਅਗੇ ਚਲ ਕੇ 'ਨਾਮ-ਸਿਮਰਣ' ਦੇ ਪ੍ਰਕਰਣ ਵਿਚ ਕੀਤਾ ਗਿਆ ਹੈ।

o

੯.

ਗੁਰਬਾਣੀ

ਬੀੜ ਦੀ ਰਚਨਾ, ਲਿਖਤ ਦਾ ਢੰਗ, ਭਗਤ ਬਾਣੀ ਤੇ ਸਤਿਕਾਰ

ਗੁਰਬਾਣੀ ਕੀ ਹੈ ? ਅਕਾਲ ਪੁਰਖ ਦਾ ਉਹ ਪਵਿੱਤਰ ਗਿਆਨ, ਜਿਸ ਨੇ ਬਾਣੀ ਰੂਪ ਵਿਚ ਸਤਿਗੁਰਾਂ ਦੇ ਹਿਰਦੇ ਵਿਚ ਪ੍ਰਕਾਸ਼ ਕੀਤਾ, ਉਸ ਨੂੰ ਗੁਰਬਾਣੀ ਜਾਂ ਅਕਾਲੀ ਬਾਣੀ ਕਹਿੰਦੇ ਹਨ। ਜਿਸ ਵਿਚ ਸਾਰੀ ਮਨੁੱਖ ਜਾਤੀ ਨੂੰ ਈਸ਼ਵਰ ਭਗਤੀ, ਗਿਆਨ, ਵੈਰਾਗ, ਪ੍ਰੇਮ, ਆਤਮਕ ਉੱਨਤੀ, ਨੇਕੀ ਤੇ ਵਿਕਾਸ ਦਾ ਸੰਦੇਸ਼ ਦਿਤਾ ਗਿਆ ਹੈ। ਬਾਣੀ ਸੱਚਾਈ ਦਾ ਪ੍ਰਕਾਸ਼ ਹੈ। ਆਤਮਕ ਸ਼ਕਤੀ ਤੇ ਜੀਵਨ ਲਈ ਅੰਮ੍ਰਿਤ ਦਾ ਅਮੁੱਕ ਸੋਮਾ ਹੈ। ਜਿਸ ਦੀ ਬਾਬਤ ਸਤਿਗੁਰ ਫੁਰਮਾਉਂਦੇ ਹਨ—

ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨੁ ਵੇ ਲਾਲੋ ॥

[ਤਿਲੰਗ ਮ: ੧]

ਹਉ ਆਪਹੁ ਬੋਲਿ ਨ ਜਾਣਦਾ,
ਮੈ ਕਹਿਆ ਸਭੁ ਹੁਕਮਾਉ ਜੀਉ ॥

[ਸੂਹੀ ਮ: ੫, ਪੰਨਾ ੭੬੩]

ਭਾਈ ਜੀ ਗੁਰਬਾਣੀ ਸਬੰਧੀ ਲਿਖਦੇ ਹਨ—

ਜੈਸੇ ਤੌ ਸਕਲ ਨਿਧਿ[1] ਪੂਰਨ ਸਮੁੰਦ੍ਰ ਬਿਖੈ,
ਹੰਸ ਮਰਜੀਵਾ ਨਿਹਚੈ ਪ੍ਰਸਾਦੁ ਪਾਵਈ।

---

੧. ਕੀਮਤੀ ਪਦਾਰਥ।

ਜੈਸੇ ਪਰਬਤਿ ਬਿਖੈ ਹੀਰਾ ਮਾਨਿਕ ਪਾਰਸ ਸਿਧ,
ਖੰਨਵਾਰਾ[1] ਖਨਿ ਜਗਿ ਵਿਖੈ ਪ੍ਰਗਟਾਵਈ।
ਜੈਸੇ ਬਨ ਬਿਖੈ ਮਲਿਆਗਰ ਸੌਧਾ ਕਪੂਰ[2],
ਸੋਧ ਕੈ ਸੁਬਾਸੀ ਸੁਬਾਸ ਬਿਹਸਾਵਈ[3]।
ਤੈਸੇ ਗੁਰਬਾਣੀ ਬਿਖੈ ਸਕਲ ਪਦਾਰਥ ਹੈਂ,
ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ[4]।
[੫੪੬]

ਗਿਆਨ ਕਈ ਤਰ੍ਹਾਂ ਲਿਖਿਆ ਜਾਂਦਾ ਹੈ। ਪਰ ਉਸ ਦੇ ਵੱਡੇ ਚਾਰ ਅੰਗ ਹਨ। (੧) ਕੇਵਲ ਗਿਆਨ—ਇਤਿਹਾਸ, ਜੁਗਰਾਫ਼ੀਆ, ਵਿਆਕਰਣ, ਕਾਵਯ ਆਦਿਕ ਗਰੰਥ। (੨) ਫ਼ਿਲਾਸਫ਼ੀ—ਇਸ ਵਿਚ ਸ੍ਰਿਸ਼ਟੀ ਕੀ ਹੈ ? ਕਿਉਂ ਬਣੀ ? ਮਨੁੱਖ ਜੀਵਨ ਦਾ ਉਦੇਸ਼ ਕੀ ਹੈ ? ਆਤਮਾ-ਪ੍ਰਮਾਤਮਾ ਕੀ ਹਨ ? ਆਦਿਕ ਵਿਸ਼ਿਆਂ ਪਰ ਵਿਚਾਰ ਕੀਤੀ ਜਾਂਦੀ ਹੈ। (੩) ਸਾਇੰਸ ਜਾਂ ਵਿਗਿਆਨ—ਜੋ ਪ੍ਰਕ੍ਰਿਤੀ ਦੀ ਅਸਤੀ-ਅਤ, ਉਸ ਦੇ ਗੁਣਾਂ, ਪ੍ਰਕ੍ਰਿਤੀ ਵਿਚ ਹੁੰਦੀਆਂ ਤਬਦੀਲੀਆਂ, ਤੱਤਾਂ ਦੇ ਮੇਲ ਜੋਲ ਅਤੇ ਗੁਣਾ ਨੂੰ ਵਰਨਣ ਕਰਦੀ ਹੈ। (੪) ਬ੍ਰਹਮ ਗਿਆਨ ਜਾਂ ਤੱਤ ਗਿਆਨ—ਇਹ ਵਾਹਿਗੁਰੂ ਵਿਚ ਲੀਨ ਹੋ ਕੇ ਉਸ ਦੀ ਮਿਹਰ, ਕ੍ਰਿਪਾ ਅਤੇ ਉਚੇ ਆਤਮਕ ਤਜਰਬਿਆਂ ਨਾਲ ਪ੍ਰਾਪਤ ਹੁੰਦਾ ਹੈ।

ਗੁਰਬਾਣੀ ਵਾਹਿਗੁਰੂ ਦਾ ਗਿਆਨ ਹੈ। ਇਹ ਕੋਈ ਇਤਿਹਾਸਕ, ਭੂਗੋਲਿਕ ਜਾਂ ਸਾਹਿਤਕ ਰਚਨਾ ਨਹੀਂ। ਫੋਕੀ ਫ਼ਿਲਾਸਫ਼ੀ, ਮੰਤਕ ਜਾਂ ਦਲੀਲ ਦੀਆਂ ਘੁੰਮਣ-ਘੇਰੀਆਂ ਵਿਚ ਪਾਉਣ ਵਾਲਾ ਗਿਆਨ ਨਹੀਂ ਤੇ ਨਾ ਸਾਇੰਸ ਦੇ ਫਾਰਮੂਲੇ ਹਨ, ਜੋ ਕਦੀ ਤਜਰਬੇ ਪਿਛੋਂ ਗਲਤ ਸਾਬਤ ਹੁੰਦੇ ਹਨ। ਗੁਰਬਾਣੀ ਉਹ ਤੱਤ ਗਿਆਨ ਹੈ, ਜੋ ਸਤਿਗੁਰਾਂ ਨੇ ਸ੍ਰੀ ਵਾਹਿਗੁਰੂ ਨਾਲ ਆਪਣੀ ਆਤਮਾ ਨੂੰ ਇਕ-ਮਿਕ ਅਤੇ ਲੀਨ ਕਰ ਕੇ ਪ੍ਰਾਪਤ ਕੀਤਾ। ਜੋ ਇਕ ਅਟੱਲ ਸਚਾਈ ਹੈ।

---

੧. ਖਾਣ ਪੁੱਟਣ ਵਾਲਾ। ੨. ਚੰਦਨ। ੩. ਫੈਲਾਉਂਦਾ ਹੈ। ੪. ਉਤਪੰਨ।

ਜਿਸ ਤਰ੍ਹਾਂ ਕਿਸੇ ਆਦਮੀ ਨੂੰ ਕਲੋਰੋਫਾਰਮ ਸੁੰਘਾ ਦਿਤਾ ਜਾਵੇ ਜਾਂ ਕੋਈ ਨਸ਼ੇ ਵਾਲੀ ਚੀਜ਼ ਖੁਆ ਦਿਤੀ ਜਾਵੇ ਤਾਂ ਉਹ ਉਸ ਦੇ ਦਿਲ ਦਿਮਾਗ ਤੇ ਅਸਰ ਕਰਦੀ ਹੈ। ਆਦਮੀ ਆਪਣੀ ਸੁਧ ਵਿਚ ਨਹੀਂ ਰਹਿੰਦਾ, ਇਸੇ ਤਰ੍ਹਾਂ ਮਹਾਂਪੁਰਖਾਂ ਦੀ ਆਤਮਾ ਆਤਮ-ਰਸ ਵਿਚ ਭਰ ਕੇ ਵਾਹਿਗੁਰੂ ਵਿਚ ਲੀਨ ਹੁੰਦੀ ਹੈ। ਉਸ ਹਾਲਤ ਵਿਚ ਜੋ ਗਿਆਨ ਜਾਂ ਅਨੁਭਵ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ. ਉਸ ਨੂੰ ਇਲਹਾਮ, ਅਕਾਸ਼-ਬਾਣੀ ਜਾਂ ਤੱਤ ਗਿਆਨ ਕਹਿੰਦੇ ਹਨ। ਸਤਿਗੁਰਾਂ ਨੇ ਵਾਹਿਗੁਰੂ ਨਾਲ ਇਕ ਰੂਪ ਹੋ ਕੇ ਜੋ ਅਨੁਭਵ ਪ੍ਰਾਪਤ ਕੀਤਾ ਹੈ, ਉਸ ਨੂੰ ਗੁਰਬਾਣੀ ਕਹਿੰਦੇ ਹਨ—

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥

[ਗਉੜੀ ਵਾਰ ਮ: ੪, ਪੰਨਾ ੩੦੮]

ਸਧਾਰਣ ਬਾਣੀ, ਕਾਵਯ ਅਤੇ ਗੁਰਬਾਣੀ ਵਿਚ ਇਕ ਵੱਡਾ ਫਰਕ ਇਹ ਹੈ ਕਿ ਸਧਾਰਣ ਬਾਣੀ ਜਾਂ ਕਾਵਯ ਉਚੇ ਆਤਮਕ ਮੰਡਲ ਵਿਚ ਬੈਠ ਕੇ ਨਹੀਂ ਲਿਖੀ ਹੁੰਦੀ। ਆਤਮਕ ਤਜਰਬਿਆਂ ਦਾ ਨਤੀਜਾ ਨਹੀਂ ਹੁੰਦੀ। ਉਹ ਗਿਆਨ ਤੇ ਹੁੰਦਾ ਹੈ, ਪਰ ਕਰਤਾ ਦਾ ਜੀਵਨ ਜਾਂ ਆਚਰਣ ਉਸ ਦੇ ਪਿਛੇ ਨਹੀਂ ਹੁੰਦਾ। ਗੁਰਬਾਣੀ ਉਹ ਪਵਿੱਤਰ ਰਚਨਾ ਹੈ, ਜਿਸ ਦੇ ਪਿਛੇ ਸਤਿਗੁਰਾਂ ਦਾ ਸ਼ਾਨਦਾਰ ਜੀਵਨ ਅਤੇ ਆਦਰਸ਼ਕ ਆਚਰਣ ਕੰਮ ਕਰਦਾ ਹੈ। ਸਤਿਗੁਰਾਂ ਨੇ ਸਿਰਫ ਬਾਣੀ ਉਚਾਰਣ ਨਹੀਂ ਕੀਤੀ, ਖੁਦ ਇਸ ਦੀ ਕਮਾਈ ਵੀ ਕੀਤੀ ਹੈ। ਸਤਿਗੁਰਾਂ ਦੇ ਹਿਰਦੇ ਵਿਚ ਜੋ ਸਚਾਈ ਪ੍ਰਗਟ ਹੋਈ, ਉਹ ਉਨ੍ਹਾਂ ਨੇ ਧਾਰਮਿਕ ਪੁਸਤਕਾਂ, ਆਚਾਰਯਾਂ, ਰਵਾਇਤੀ ਅਤੇ ਪ੍ਰਚਲਤ ਧਰਮਾਂ ਤੇ ਚਲ ਕੇ ਪ੍ਰਾਪਤ ਨਹੀਂ ਕੀਤੀ, ਸਗੋਂ ਨਿਜ ਅਨੁਭਵ, ਅਮਲੀ ਜੀਵਨ, ਵਾਹਿਗੁਰੂ ਤੇ ਉਸ ਦੀ ਰਚਨਾ ਨਾਲ ਜੁੜ ਕੇ, ਇਕ-ਮਿਕ ਹੋ ਕੇ ਕੀਤੀ ਹੈ।

ਗੁਰਬਾਣੀ ਵਿਚ ਕੋਈ ਕਰਮ-ਕਾਂਡ ਤੇ ਬਹਿਸ ਨਹੀਂ ਕੀਤੀ, ਜਿਵੇਂ ਸ਼ੱਤ-ਪਥ ਬ੍ਰਾਹਮਣ ਵਿਚ ਹੈ। ਕੁਰਾਨ ਵਾਂਗੂ ਸ਼ਰ੍ਹਾ ਨਹੀਂ ਦਸੀ। ਸਾਂਖ ਤੇ ਵੇਦਾਂਤ ਦੇ ਗਿਆਨ ਮਾਰਗ ਵਾਂਗੂ ਖਿਆਲਾਂ ਦੀ ਉਧੇੜ-ਬੁਣ ਨਹੀਂ ਕੀਤੀ।

ਨਾ ਹੀ ਫ਼ਿਲਾਸਫ਼ੀ ਦੇ ਵਿਚਾਰਾਂ ਨੂੰ ਜੋੜਿਆ ਹੈ। ਭਗਤੀ-ਮਾਰਗ ਦੀ ਮਾਂ ਪ੍ਰਚਲਤ ਸਾਖੀਆਂ ਜਾਂ ਪੁਰਾਣਾਂ ਵਾਂਗੂੰ ਰਚਨਾ ਨਹੀਂ ਕੀਤੀ। ਬਾਣੀ ਵਿਚ ਵਾਹਿਗੁਰੂ ਦਾ ਨਾਮ, ਉਸ ਦੀ ਪ੍ਰੇਮ ਭਗਤੀ, ਮਨੁੱਖ ਮਾਤ੍ਰ ਦੀ ਸੇਵਾ, ਜੀਵਨ ਦੇ ਗੂੜ੍ਹੇ ਤੱਤਾਂ ਤੇ ਭਾਵਾਂ ਦੇ ਅਮਲੀ ਪਾਸੇ ਨੂੰ ਪੇਸ਼ ਕੀਤਾ ਹੈ, ਕੇਵਲ ਸਿਧਾਂਤਕ ਰੂਪ ਵਿਚ ਨਹੀਂ। ਗੁਰਬਾਣੀ ਵਿਚ ਆਤਮਕ ਰਸ, ਵਿਸਮਾਦ, ਕੀਰਤਨ ਅਤੇ ਰਾਗ ਦੀ ਖਾਸ ਪ੍ਰਧਾਨਤਾ ਹੈ। ਵਾਹਿਗੁਰੂ ਨਾਲ ਜੋੜਨ ਲਈ ਬਾਣੀ ਰਸ ਤੇ ਮੰਡਲ ਪੈਦਾ ਕਰਦੀ ਹੈ। ਮਨ ਨੂੰ ਸ਼ਾਂਤੀ ਤੇ ਇਕਾਗਰਤਾ ਦਿੰਦੀ ਹੈ। ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਕਰਦੀ ਹੈ। ਬਾਣੀ ਵਿਚ ਤਿੰਨ ਚੀਜ਼ਾਂ ਦਾ ਖਾਸ ਵਰਣਨ ਹੈ—

੧. ਸਰਬ ਸਾਂਝੀਆਂ ਸਚਾਈਆਂ।

੨. ਨਾਮ, ਨਾਮੀ ਤੇ ਕਿਤੇ ਕਿਤੇ ਨਾਮ ਜਪਣ ਵਾਲਿਆਂ ਦਾ ਜ਼ਿਕਰ।

੩. ਮਨੁੱਖ ਜੀਵਨ ਲਈ ਵਰਤੋਂ ਕਰਨ ਵਾਲੇ ਸਹੀ ਨਿਯਮ ਤੇ ਜੀਵਨ ਦੀ ਅਮਲੀ ਫ਼ਿਲਾਸਫ਼ੀ।

ਗੁਰਬਾਣੀ ਦੀ ਸਿੱਖਿਆ ਪਹਿਲੇ ਨਿਰੋਲ ਆਤਮਕ ਹੈ ਤੇ ਪਿਛੋਂ ਫ਼ਿਲਾਸਫ਼ੀ ਹੈ। ਇਸ ਦਾ ਨਿਸ਼ਾਨਾ ਆਤਮਕ ਸ਼ਾਂਤੀ ਹੈ। ਬਾਣੀ ਵਿਚ ਜ਼ਿੰਦਗੀ ਦੇ ਨਿਯਮਾਂ ਦੀ ਕੋਈ ਖਾਸ ਪ੍ਰਣਾਲੀ, ਰਹੁ-ਰੀਤ ਦਾ ਕੋਈ ਖਰੜਾ ਜਾਂ ਸ਼ਾਸਤ੍ਰਾਂ ਵਾਂਗੂੰ ਫ਼ਿਲਾਸਫ਼ੀ ਦੇ ਵਿਚਾਰਾਂ ਦੀ ਪੱਧਤੀ ਨਹੀਂ ਪੇਸ਼ ਕੀਤੀ, ਬਲਕਿ ਜੀਵਨ ਵਿਚ ਰਸ ਪੈਦਾ ਕੀਤਾ ਹੈ।[1]

ਸ੍ਰੀ ਗੁਰੂ ਗਰੰਥ ਸਾਹਿਬ :

ਗੁਰਬਾਣੀ ਦਾ ਸੰਚਯ ਰੂਪ ਸ੍ਰੀ ਗੁਰੂ ਗਰੰਥ ਸਾਹਿਬ ਹਨ। ਮਜ਼ਬ ਦੇ ਇਤਿਹਾਸ ਵਿਚ ਇਹ ਇਕ ਅਸਚਰਜ ਰਚਨਾ ਹੈ।

ਮੈਕਾਲਫ ਲਿਖਦਾ ਹੈ—'ਸਿੱਖ ਧਰਮ, ਜਿਥੋਂ ਤਕ ਇਸ ਦੇ ਮੁੱਖ

---

੧. 'ਸਿੱਖ ਫ਼ਿਲਾਸਫ਼ੀ', ਪ੍ਰੋ. ਸ਼ੇਰ ਸਿੰਘ ਐਮ. ਏ.

ਸਿਧਾਂਤਾਂ ਦਾ ਸਬੰਧ ਹੈ, ਦੂਸਰੇ ਲਗਭਗ ਸਾਰੇ ਵੱਡੇ ਧਰਮਾਂ ਦੇ ਸਿਧਾਂਤਾਂ ਨਾਲ ਬਹੁਤ ਭੇਦ ਰਖਦਾ ਹੈ। ਸੰਸਾਰ ਵਿਚ ਜੋ ਵੱਡੇ ਵੱਡੇ ਧਰਮ ਪ੍ਰਚਾਰਕ ਹੋਏ ਹਨ, ਉਨ੍ਹਾਂ ਵਿਚ ਕੋਈ ਵੀ ਆਪਣੀ ਲਿਖੀ ਹੋਈ ਇਕ ਪੰਗਤੀ ਵੀ ਪਿਛੇ ਨਹੀਂ ਛੱਡ ਗਿਆ। ਜੋ ਕੁਝ ਉਨ੍ਹਾਂ ਨੇ ਪ੍ਰਚਾਰਿਆ ਹੈ, ਉਸ ਦਾ ਪਤਾ ਸਾਨੂੰ ਜਾਂ ਤੇ ਪ੍ਰਚਲਤ ਰਵਾਇਤਾਂ ਤੋਂ ਲੱਗਦਾ ਹੈ ਜਾਂ ਹੋਰਨਾਂ ਦੀਆਂ ਲਿਖਤਾਂ ਤੋਂ। ਫੈਸਾ ਗੋਰਸ[1] ਨੇ ਜੋ ਕੋਈ ਆਪਣੇ ਸਿਧਾਂਤ ਲਿਖੇ ਹਨ, ਉਹ ਸਾਡੇ ਤਕ ਨਹੀਂ ਪਹੁੰਚੇ। ਸੁਕਰਾਤ ਦੀ ਸਿੱਖਿਆ ਦਾ ਪਤਾ ਸਾਨੂੰ ਕੇਵਲ ਅਫਲਾਤੂਨ ਤੇ ਜ਼ੇਨਾਫਿਨ ਦੀਆਂ ਲਿਖਤਾਂ ਤੋਂ ਹੀ ਲੱਗਦਾ ਹੈ। ਬੁੱਧ ਆਪਣੀ ਸਿੱਖਿਆ ਦੀ ਯਾਦ ਆਪਣੀ ਕਿਸੇ ਲਿਖਤ ਵਿਚ ਨਹੀ ਛੱਡ ਗਿਆ। ਪੱਛਮੀ ਲੋਕ ਜਿਸ ਨੂੰ ਕਨਫਊਸ਼ਸ ਕਹਿੰਦੇ ਹਨ, ਆਪਣੇ ਪਿਛੇ ਆਪਣੇ ਸਮਾਜਕ ਤੇ ਇਖਲਾਕੀ ਸਿਧਾਂਤਾਂ ਬਾਰੇ ਕੋਈ ਲਿਖਤ ਨਹੀਂ ਛੱਡ ਗਿਆ। ਈਸਾਈਅਤ ਦੇ ਬਾਨੀ (ਈਸਾ) ਨੇ ਵੀ ਆਪਣੇ ਸਿਧਾਂਤਾਂ ਨੂੰ ਕਿਸੇ ਲਿਖਤ ਵਿਚ ਪੇਸ਼ ਨਹੀਂ ਕੀਤਾ, ਉਨ੍ਹਾਂ ਸਬੰਧੀ ਵੀ ਸਾਨੂੰ ਮੈਥਿਊ, ਮਾਰਕ, ਲੂਕਾ ਅਤੇ ਜੋਹਨ ਦੀਆਂ ਲਿਖਤਾਂ ਤੇ ਹੀ ਭਰੋਸਾ ਕਰਨਾ ਪੈਂਦਾ ਹੈ। ਅਰਬ ਦੇ ਪੈਗੰਬਰ (ਮੁਹੰਮਦ) ਨੇ ਵੀ ਕੁਰਾਨ ਦੇ ਸਿਪਾਰਿਆਂ ਨੂੰ, ਆਪਣੀ ਕਲਮ ਨਾਲ ਨਹੀਂ ਲਿਖਿਆ, ਸਗੋਂ ਉਹ ਉਸ ਦੇ ਖਲੀਫਿਆਂ ਜਾਂ ਨਾਮ ਲੇਵਾ ਨੇ ਹੀ ਲਿਖਿਆ ਜਾਂ ਇਕੱਤ੍ਰ ਕੀਤਾ ਹੈ। ਪਰੰਤੂ ਸਿੱਖ ਗੁਰੂਆਂ ਦੀ ਬਾਣੀ ਉਨ੍ਹਾਂ ਦੀ ਆਪਣੀ ਲਿਖੀ ਹੋਈ ਮਿਲਦੀ ਹੈ ਅਤੇ ਜੋ ਕੁਝ ਸਿੱਖਿਆ ਉਨ੍ਹਾਂ ਨੇ ਦਿਤੀ ਹੈ, ਉਸ ਦਾ ਪਤਾ ਸਾਨੂੰ ਉਨ੍ਹਾਂ ਦੀ ਆਪਣੀ ਲਿਖਤ ਤੋਂ ਹੀ ਲਗਦਾ ਹੈ।'

ਜਿਸ ਤਰ੍ਹਾਂ ਕਿਸੇ ਪਰਬਤ ਦੀ ਚੋਟੀ ਉਦੇ ਹੁੰਦੇ ਸੂਰਜ ਦੇ ਪ੍ਰਕਾਸ਼ ਨੂੰ ਪਹਿਲੇ ਪ੍ਰਾਪਤ ਹੁੰਦੀ ਹੈ, ਇਸੇ ਤਰ੍ਹਾਂ ਰੱਬ ਵਿਚ ਲੀਨ ਹੋਈ ਆਤਮਾ ਆਮ ਮਨੁੱਖਾਂ ਦੇ ਸਮੁਦਾਇ ਤੋਂ ਉਚੀ ਹੁੰਦੀ ਹੈ, ਉਹ ਵਾਹਿਗੁਰੂ ਦੇ ਗਿਆਨ ਰੂਪ ਪ੍ਰਕਾਸ਼ ਨੂੰ ਪ੍ਰਾਪਤ ਕਰਦੀ ਹੈ। ਅਗੋਂ ਅਨੇਕ ਮਨੁੱਖ ਹਿਰਦਿਆਂ ਵਿਚ ਉਸ ਦਾ ਅਕਸ ਪਾਂਦੀ ਹੈ।

ਮਜ਼ਬ ਵਿਚ ਇਕ ਪੁਰਾਣਾ ਖਿਆਲ ਇਹ ਸੀ ਕਿ ਈਸ਼ਵਰ ਦਾ

ਗਿਆਨ ਬ੍ਰਹਮਾ ਜੀ ਨੇ ਕਥਨ ਕੀਤਾ ਹੈ ਜਾਂ ਅਕਾਸ਼ ਬਾਣੀ ਦੇ ਰੂਪ ਵਿਚ ਰਿਸ਼ੀਆਂ ਦੇ ਹਿਰਦੇ ਵਿਚ ਪ੍ਰਕਾਸ਼ਤ ਹੋਇਆ। ਮੁਸਲਮਾਨਾਂ ਦਾ ਨਿਸਚਾ ਸੀ ਕਿ ਰੱਬ ਆਪਣੀ ਕਲਾਮ ਫ਼ਰਿਸ਼ਤਿਆਂ ਰਾਹੀਂ ਵਹੀ ਦੀ ਸ਼ਕਲ ਵਿਚ ਪੈਗੰਬਰਾਂ ਉਤੇ ਨਾਜ਼ਲ ਕਰਦਾ ਹੈ। ਇਲਹਾਮ ਸਬੰਧੀ ਦੋ ਖਿਆਲ ਸਨ —

ਇਕ ਇਹ ਕਿ ਰੱਬ ਆਪਣਾ ਗਿਆਨ ਆਪਣੇ ਸ਼ਬਦਾਂ ਵਿਚ ਨਾਜ਼ਲ ਕਰਦਾ ਹੈ। ਦੂਸਰੇ ਲਫ਼ਜ਼ ਘੜ ਕੇ ਨਹੀਂ ਭੇਜਦਾ, ਗਿਆਨ ਦੀ ਸੂਚੀ ਪੱਤਰ ਪ੍ਰਗਟ ਕਰ ਦਿੰਦਾ ਹੈ। ਅਗੋਂ ਪੈਗੰਬਰ ਉਸ ਨੂੰ ਆਪਣੇ ਲਫ਼ਜ਼ਾਂ ਵਿਚ ਕਥਨ ਕਰਦਾ ਹੈ। ਇਨ੍ਹਾਂ ਦੋਹਾਂ ਖਿਆਲਾਂ ਵਿਚ ਸੱਚ ਦੀ ਪ੍ਰਾਪਤੀ ਦਾ ਖਿਆਲ ਦਿਤਾ ਜਾਂਦਾ ਹੈ। ਜਿਸ ਨੂੰ ਮਨੁੱਖ ਬਿਨਾਂ ਸਹਾਇਤਾ ਦੇ ਪ੍ਰਾਪਤ ਨਹੀਂ ਕਰ ਸਕਦਾ ਜਾਂ ਇਉਂ ਕਹਿਣਾ ਚਾਹੀਦਾ ਹੈ ਕਿ ਗਿਆਨ ਈਸ਼ਵਰ ਵਲੋਂ ਦਿਤਾ ਜਾਂਦਾ ਹੈ, ਜਿਹੜਾ ਕਿ ਆਦਮੀ ਹੋਰ ਕਿਸੇ ਤਰ੍ਹਾਂ ਪ੍ਰਾਪਤ ਨਹੀਂ ਕਰ ਸਕਦਾ। ਧਰਮ ਦੇ ਵਿਕਾਸ ਦਾ ਇਤਿਹਾਸ ਧਰਮ ਗ੍ਰੰਥਾਂ ਨੂੰ ਮੇਲ ਕੇ ਕੀਤੀ ਗਈ ਵਿਚਾਰ ਅਤੇ ਧਰਮ ਉਤੇ ਮਨੋ-ਵਿਗਿਆਨ ਦੀ ਕਸਵਟੀ ਨੇ ਅਜਿਹੇ ਪੁਰਾਣੇ ਖਿਆਲਾਂ ਨੂੰ ਗਲਤ ਸਾਬਤ ਕੀਤਾ ਹੈ। ਇਲਹਾਮ ਸਬੰਧੀ ਅੰਤਰੀਵ ਮਤ ਵਾਲਿਆਂ ਤੇ ਕਵੀਆਂ ਨੇ ਇਕ ਖਿਆਲ ਅਪਣਾਇਆ ਹੋਇਆ ਹੈ। ਉਹ ਇਹ ਹੈ ਕਿ ਜਦੋਂ ਆਦਮੀ ਰੱਬ ਨਾਲ ਜੁੜ ਜਾਂਦਾ ਹੈ, ਇਸ ਤਰ੍ਹਾਂ ਹੋਰ ਕਈਆਂ ਨੂੰ ਪ੍ਰੇਰਨਾ ਮਿਲਦੀ ਹੈ। ਉਹ ਪੁਰਸ਼ ਆਪਣੇ ਤਜਰਬੇ ਨੂੰ ਪਵਿੱਤਰ ਧਰਮ ਗ੍ਰੰਥਾਂ ਵਿਚ ਦਰਜ ਕਰ ਦਿੰਦੇ ਹਨ। ਇਸ ਤਰ੍ਹਾਂ ਪ੍ਰੇਰਨਾ ਲੈ ਕੇ ਅਟੱਲ ਸਚਾਈ ਨੂੰ ਪਹੁੰਚ ਜਾਂਦੇ ਹਨ। ਇਹ ਸਚਾਈ ਦਲੀਲ ਨਾਲ ਪ੍ਰਾਪਤ ਨਹੀਂ ਕੀਤੀ ਜਾ ਸਕਦੀ, ਨਾ ਹੀ ਇਸ ਨੂੰ ਸਾਬਤ ਕਰਨ ਲਈ ਬਾਹਰ-ਮੁਖੀ ਵਾਕਿਆਤ ਲਾਗੂ ਹੋ ਸਕਦੇ ਹਨ।[੧]

ਉਪ੍ਰੋਕਤ ਮਨੌਤਾਂ ਅਨੁਸਾਰ ਚਾਰ ਵੇਦ ਬ੍ਰਹਮਾ ਦਾ ਗਿਆਨ ਜਾਂ ਰਿਸ਼ੀਆਂ ਦਾ ਅਨੁਭਵ ਹਨ। ਇਬਰਾਨੀ ਮਤਾਂ ਅਨੁਸਾਰ ਤੌਰੇਤ ਮੂਸਾ,

---

੧. ਫ਼ਿਲਾਸਫ਼ੀ ਆਫ਼ ਸਿਖਇਜ਼ਮ, ਪ੍ਰੋ: ਸ਼ੇਰ ਸਿੰਘ, ਪੰਨਾ ਪ੬-ਪ੭

ਅੰਜੀਲ ਈਸਾ ਅਤੇ ਕੁਰਾਨ ਮੁਹੰਮਦ ਤੇ ਨਾਜ਼ਲ ਹੋਇਆ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਕਾਸ਼ ਵਿਚੋਂ ਆਈ ਹੋਈ ਬਾਣੀ ਜਾਂ ਫ਼ਰਿਸ਼ਤਿਆਂ ਰਾਹੀਂ ਨਾਜ਼ਲ ਹੋਈ ਕਲਾਮ ਨਹੀਂ, ਬਲਕਿ ਸਤਿਗੁਰਾਂ, ਸੰਤਾਂ ਅਤੇ ਭਗਤਾਂ ਦੀਆਂ ਆਤਮਾਵਾਂ ਦੇ ਵਾਹਿਗੁਰੂ ਨਾਲ ਇਕ-ਮਿਕ, ਇਕ-ਸੁਰ ਤੇ ਲੀਨ ਹੋ ਕੇ ਪ੍ਰਾਪਤ ਕੀਤਾ ਹੋਇਆ ਗਿਆਨ ਤੇ ਅਨੁਭਵ ਹੈ। ਗੁਰਬਾਣੀ ਗਿਆਨ ਵਾਹਿਗੁਰੂ ਦਾ ਹੈ, ਇਸ ਦਾ ਪ੍ਰਕਾਸ਼ ਕਈ ਹਿਰਦਿਆਂ ਵਿਚ ਹੋਇਆ ਹੈ। 'ਜਿਹਾ ਡਿਠਾ ਮੈਂ ਤੇ ਹੋ ਕਿਹਾ' ਦਾ ਸਬੂਤ ਹੈ। ਗੁਰਬਾਣੀ ਵੇਦਾਂ, ਉਪਨਿਸ਼ਦਾਂ, ਚਾਰ ਕਿਤਾਬਾਂ ਤੌਰੇਤ, ਜ਼ਬੂਰ, ਅੰਜੀਲ ਅਤੇ ਕੁਰਾਨ ਤੋਂ ਪਿਛੋਂ ਲਿਖੀ ਗਈ ਹੈ, ਪਰ ਸਭ ਤੋਂ ਵਧੀਕ ਸਾਇੰਟੇਫਿਕ ਅਤੇ ਮੁਕੰਮਲ ਹੈ।

ਗੁਰਬਾਣੀ ਕਿਵੇਂ ਲਿਖੀ ਗਈ ?

ਗੁਰਬਾਣੀ ਸਬੰਧੀ ਕੁਝ ਕੁ ਆਤਮਕ, ਸਿਧਾਂਤਕ ਤੇ ਸਾਹਿਤਕ ਨੁਕਤਿਆਂ ਦਾ ਵਰਣਨ ਕ੍ਰਮ ਅਨੁਸਾਰ ਕਰਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਪੰਚਮ ਸਤਿਗੁਰੂ ਨੇ ਤਿਆਰ ਕੀਤੀ। ਪਹਿਲੇ ਗੁਰੂਆਂ ਦੇ ਸਮੇਂ ਬਾਣੀ ਕਿਵੇਂ ਲਿਖੀ ਗਈ ? ਇਸ ਦਾ ਉੱਤਰ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵਾਹਿਗੁਰੂ ਵਿਚ ਲੀਨ ਹੋ ਕੇ ਬਾਣੀ ਉਚਾਰਣ ਕਰਦੇ ਰਹੇ। ਹਰ ਵੇਲੇ ਬਾਣੀ ਕਥਨ ਨਹੀਂ ਕਰਦੇ ਸਨ। ਕਿਸੇ ਸਮੇਂ ਜਦ ਆਤਮ-ਰਸ ਵਿਚ ਭਰ ਕੇ ਉਨ੍ਹਾਂ ਦੀ ਸੁਰਤ ਵਾਹਿਗੁਰੂ ਨਾਲ ਜੁੜ ਜਾਂਦੀ ਸੀ, ਉਸ ਵੇਲੇ ਫੁਰਮਾਉਂਦੇ ਸਨ—'ਮਰਦਾਨਿਆ ! ਬਾਣੀ ਆਈ ਹੈ।' ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਹੁਤ ਸਾਰੀ ਬਾਣੀ ਉਨ੍ਹਾਂ ਨੂੰ ਆਪ ਯਾਦ ਸੀ। ਇਹ ਹਜ਼ੂਰ ਤੋਂ ਸੁਣ ਕੇ ਗੁਰਮੁਖ ਸਿੱਖਾਂ ਨੇ ਲਿਖ ਕੇ ਰਖੀ।

ਗੁਰੂ ਜੀ ਨੇ ਜਿਥੇ ਬਾਣੀ ਆਪਣੇ ਢੰਗ ਦੀ ਉਚਾਰਣ ਕੀਤੀ, ਉਥੇ ਨਾਲ ਹੀ ਬਾਣੀ ਨੂੰ ਲਿਖਣ ਲਈ ਗੁਰਮੁਖੀ ਅੱਖਰ ਬਣਾਏ। ਗੁਰਮੁਖੀ ਪੰਜਾਬੀ ਬੋਲੀ ਦੀ ਵਰਣ-ਮਾਲਾ ਹੈ, ਜੋ ਸ਼ਾਰਦਾ ਅਤੇ ਟਾਕਰੀ ਤੋਂ ਨਿਕਲੀ ਹੈ। ਇਸ ਵਿਚ ਸੰਸਕ੍ਰਿਤ ਦੇ ਦੂਤ ਤੇ ਔਖੇ ਅੱਖਰ ਛਾਂਟ ਦਿਤੇ ਗਏ।

ਅਰਬੀ ਜਾਂ ਫ਼ਾਰਸੀ ਦੀ ਲਿੱਪੀ ਅਪੂਰਣ ਸੀ, ਉਸ ਵਿਚ ਣ, ਙ, ਞ ਆਦਿਕ ਕਈ ਅੱਖਰ ਨਹੀਂ ਸਨ, ਅ, ਸ, ਹ, ਕ ਦੀ ਥਾਂ ਦੋ ਦੋ, ਤਿੰਨ ਤਿੰਨ ਅੱਖਰ ਸਨ, ਜਿਸ ਤਰ੍ਹਾਂ ਸੀਨ, ਸੁਆਦ, ਸੇ, ਜਿਨ੍ਹਾਂ ਦਾ ਉਚਾਰਣ ਇਕੋ ਸੀ ਪਰ ਸ਼ਕਲਾਂ ਅੱਡ ਅੱਡ ਸਨ। ਸ਼ਬਦ ਲਿਖਣ ਵਿਚ ਬੜੀ ਕਠਿਨਤਾ ਸੀ। ਅਰਬੀ ਲਿੱਪੀ ਵਿਚ ਬਾਣੀ ਸ਼ੁੱਧ ਲਿਖੀ ਜਾਣੀ ਕਠਿਨ ਸੀ, ਇਸ ਲਈ ਇਸ ਦੀ ਵਰਤੋਂ ਨਹੀਂ ਕੀਤੀ। ਗੁਰੂ ਜੀ ਨੇ ਆਪ ਗੁਰਮੁਖੀ ਬਣਾਈ, ਜੋ ਸੰਸਕ੍ਰਿਤ ਨਾਲੋਂ ਸੌਖੀ ਤੇ ਅਰਬੀ, ਫ਼ਾਰਸੀ ਲਿੱਪੀ ਨਾਲੋਂ ਸੰਪੂਰਨ ਹੈ, ਇਸ ਵਿਚ ਬਾਣੀ ਲਿਖੀ। ਇਕ ਤੇ ਗੁਰੂ ਜੀ ਦੇ ਮੁੱਖ ਤੋਂ ਨਿਕਲਣ ਕਰਕੇ, ਦੂਸਰੇ ਸਤਿਗੁਰੂ ਦੇ ਮੁਖਵਾਕ ਗੁਰਮੁਖ ਸਿੱਖਾਂ ਨੇ ਇਸ ਲਿੱਪੀ ਵਿਚ ਲਿਖੇ, ਜਿਸ ਕਰਕੇ ਇਸ ਦਾ ਨਾਂ ਗੁਰਮੁਖੀ ਪੈ ਗਿਆ। ਜਦ ਅਸੀਂ ਸ਼ਾਰਦਾ ਤੇ ਟਾਕਰੀ ਦੇ ਅੱਖਰਾਂ ਦਾ ਮੁਕਾਬਲਾ ਗੁਰਮੁਖੀ ਅੱਖਰਾਂ ਨਾਲ ਕਰਦੇ ਹਾਂ ਤਾਂ ਬਹੁਤ ਸ਼ਕਲਾਂ ਆਪਸ ਵਿਚ ਮਿਲਦੀਆਂ ਹਨ। ਇਹ ਖਿਆਲ ਗਲਤ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਬਣਾਈ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਣਾਈ ਹੈ। 'ਆਸਾ ਰਾਗ ਦੀ ਪੱਟੀ' ਇਸ ਦਾ ਸਬੂਤ ਹੈ। ਹਾਂ ਗੁਰਮੁਖੀ ਵਧੇਰੇ ਲਿਖਣ ਲਈ ਪ੍ਰਚਲਤ ਦੂਸਰੀ ਪਾਤਸ਼ਾਹੀ ਨੇ ਕੀਤੀ ਹੈ।

[ਮਹਾਨ ਕੋਸ਼]

ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ—'ਮਨਸੁਖ ਤੀਨ ਬਰਸ ਬਾਬੇ ਕੋਲ ਰਿਹਾ। ਗੁਰੂ ਬਾਬੇ ਦੀ ਬਾਣੀ ਬਹੁਤ ਲਿਖਿਆ ਸੂ। ਪੋਥੀਆਂ ਲਿਖ ਲੀਤੀਆਂ।[੧]

ਇਸ ਤੋਂ ਸਪੱਸ਼ਟ ਹੋ ਗਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਭਾਈ ਮਨਸੁਖ ਨੇ ਲਿਖੀ। ਜਿਸ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ

---

੧. ਇਹ ਪੁਰਾਤਨ ਜਨਮ ਸਾਖੀ ਈਸਟ ਇੰਡੀਆ ਕੰਪਨੀ ਦੇ ਵਕਤ ਕਰਨਲ ਕੋਲ ਬਰੂਕ ਵਲੈਤ ਲੈ ਗਿਆ ਸੀ। ਇਸ ਦੇ ਉਤਾਰੇ ਹੁਣ ਮਿਲਦੇ ਹਨ।

ਸੰਭਾਲ ਕੇ ਰਖਿਆ। ਇਸ ਤੋਂ ਪਿਛੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੁਝ ਬਾਣੀ ਅਤੇ ਜਨਮ ਸਾਖੀ ਭਾਈ ਪੈੜੇ ਮੋਖੇ ਤੋਂ ਲਿਖਵਾਈ। ਸਤਿਗੁਰੂ ਨੇ ਉਹ ਬਾਣੀ ਸੰਭਾਲ ਕੇ ਰਖੀ ਅਤੇ ਕੁਝ ਆਪਣੀ ਬਾਂਣੀ ਉਚਾਰਣ ਕੀਤੀ। ਤੀਸਰੇ ਪਾਤਸ਼ਾਹ ਦੇ ਸਮੇਂ ਮੋਹਨ ਜੀ ਦੇ ਪੁੱਤਰ ਸਹੰਸ ਰਾਮ ਜੀ ਨੇ ਬਾਣੀ ਸੈਂਚੀਆਂ ਦੇ ਰੂਪ ਵਿਚ ਲਿਖੀ, ਜੋ ਮੋਹਨ ਜੀ ਦੇ ਪਾਸ ਗੋਇੰਦਵਾਲ ਵਿਚ ਸੀ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਪੋਤਰੇ ਸਹੰਸ ਰਾਮ ਜੀ ਨੂੰ ਹੋਣਹਾਰ ਸਮਝ ਕੇ ਬਚਪਨ ਵਿਚ ਵਰ ਦਿਤਾ ਸੀ—

ਜਬ ਹੀ ਬਯ ਕਰੋ ਭਯੋ ਬਡੇਰਾ,
ਸਤਿਗੁਰ ਬਾਣੀ ਲਿਖਹਿ ਘਨੇਰਾ।[1]

ਇਸ ਤੋਂ ਪਿਛੋਂ ਪੰਚਮ ਪਾਤਸ਼ਾਹ ਦੇ ਸਮੇਂ ਭਾਈ ਗੁਰਦਾਸ ਜੀ ਨੇ ਗੁਰਬਾਣੀ ਲਿਖੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨੀ :

ਬਾਣੀ ਨੂੰ ਬੀੜ ਰੂਪ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਚੇ ਕੀਤਾ। ਆਪ ਸੰਮਤ ੧੬੫੭ ਤੋਂ ਲੈ ਕੇ ੧੬੬੨ ਤਕ ਸ੍ਰੀ ਅੰਮ੍ਰਿਤਸਰ ਵਿਚ ਬਿਰਾਜੇ। ਇਸ ਸਮੇਂ ਵਿਚ ਬੀੜ ਤਿਆਰ ਕਰਨ ਦਾ ਕੰਮ ਕੀਤਾ। ਗੋਇੰਦਵਾਲ ਵਿਚ ਬਾਬਾ ਮੋਹਨ ਜੀ ਪਾਸ ਗੁਰਬਾਣੀ ਦੀਆਂ ਜੋ ਸੈਂਚੀਆ ਸਨ, ਉਨ੍ਹਾਂ ਨੂੰ ਲਿਆਉਣ ਲਈ ਮਹਾਰਾਜ ਨੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਭੇਜਿਆ, ਪਰ ਗੁਰਬਾਣੀ ਵਰਗੀ ਅਮੋਲਕ ਵਸਤੂ ਕੌਣ ਦੇਵੇ ? ਮੋਹਨ ਜੀ ਨੇ ਮੁਖੀ ਸਿੱਖਾਂ ਨੂੰ ਸੈਂਚੀਆਂ ਦੇਣ ਤੋਂ ਇਨਕਾਰ ਕਰ ਦਿਤਾ। ਇਸ ਪਰ ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਸੰਗਤ ਸਮੇਤ ਨੰਗੇ ਪੈਰੀਂ ਗੋਇੰਦਵਾਲ ਪੁਜੇ। ਜਿਸ ਚੁਬਾਰੇ ਵਿਚ ਬਾਬਾ ਮੋਹਨ ਜੀ ਨਿਵਾਸ ਕਰਦੇ ਸਨ, ਉਸ ਦੇ ਥੱਲੇ ਜਾ ਖਲੋਤੇ। ਮੋਹਨ ਜੀ ਬੜੀ

---

੧. ਸੂਰਜ ਪ੍ਰਕਾਸ਼, ਰਾਸਿ ੧, ਅਧਿ: ੫੯

ਮਸਤਾਨੀ ਬ੍ਰਿਤੀ ਦੇ ਸਨ। ਉਨ੍ਹਾਂ ਨੂੰ ਕੌਣ ਬੁਲਾਉਂਦਾ? ਉਹ ਸਮਾਧੀ ਵਿਚ ਲੀਨ ਸਨ। ਮਹਾਰਾਜ ਨੇ ਸੋਚਿਆ ਸ਼ਾਇਦ ਮੋਹਨ ਜੀ ਨਾ ਬੋਲਣ। ਇਸ ਲਈ ਕਿਉਂ ਨਾ ਉਸ 'ਮੋਹਨ' ਨੂੰ ਆਵਾਜ਼ ਮਾਰੀਏ, ਜਿਸ ਦੇ ਧਿਆਨ ਵਿਚ ਮੋਹਨ ਜੀ ਮਗਨ ਬੈਠੇ ਹਨ। ਇਹ ਵਿਚਾਰ ਕੇ ਗੁਰੂ ਜੀ ਨੇ ਸਿਰੰਦਾ ਪਕੜਿਆ। ਸ਼ਾਮ ਦਾ ਵਕਤ ਸੀ। ਹਜ਼ੂਰ ਨੇ ਬੜੀ ਮਧੁਰ ਸੁਰ, ਲੈਅ ਅਤੇ ਤਾਲ ਵਿਚ ਗਉੜੀ ਰਾਗ ਦਾ ਇਹ ਸ਼ਬਦ ਗਾਇਆ—

ਗਉੜੀ ਮ: ੫

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥
ਮੋਹਨ ਤੇਰੇ ਸੋਹਨਿ ਦੁਆਰ
ਜੀਉ ਸੰਤ ਧਰਮਸਾਲਾ ॥
ਧਰਮਸਾਲ ਅਪਾਰ ਦੈਆਰ
ਠਾਕੁਰ ਸਦਾ ਕੀਰਤਨੁ ਗਾਵਹੇ ॥
ਜਹ ਸਾਧ ਸੰਤ ਇਕਤ੍ਰ ਹੋਵਹਿ
ਤਹਾ ਤੁਝਹਿ ਧਿਆਵਦੇ ॥
ਕਰ ਦਇਆ ਮਇਆ ਦਇਆਲ
ਸੁਆਮੀ ਹੋਹੁ ਦੀਨ ਕ੍ਰਿਪਾਰਾ ॥
ਬਿਨਵੰਤਿ ਨਾਨਕ ਦਰਸ ਪਿਆਸੇ
ਮਿਲਿ ਦਰਸਨ ਸੁਖੁ ਸਾਰਾ ॥੧॥

[ਪੰਨਾ ੨੪੮]

ਇਹ ਪਵਿੱਤਰ ਸ਼ਬਦ ਸੁਣ ਕੇ ਮੋਹਨ ਜੀ ਦੀ ਸਮਾਧੀ ਖੁੱਲ੍ਹ ਗਈ ਚੁਬਾਰੇ ਦੀ ਬਾਰੀ ਖੋਲ੍ਹ ਕੇ ਥੱਲੇ ਤੱਕ ਕੇ ਕਹਿਣ ਲਗੇ—'ਗੁਰੂ ਅਰਜਨ, ਦੇਵ ਜੀ! ਸਾਡੇ ਪਿਤਾ ਜੀ ਪਾਸ ਗੁਰਤਾ ਦੀ ਜੋ ਦਾਤ ਸੀ, ਉਹ ਸ੍ਰੀ ਗੁਰੂ ਰਾਮਦਾਸ ਜੀ ਨੇ ਪਹਿਲੇ ਪ੍ਰਾਪਤ ਕਰ ਲਈ। ਸਾਡੇ ਪਾਸ ਗੁਰਬਾਣੀ ਦੀਆਂ ਸੈਂਚੀਆਂ ਹਨ, ਹੁਣ ਤੁਸੀਂ ਇਹ ਵੀ ਲੈਣਾ ਚਾਹੁੰਦੇ ਹੋ। ਕੋਈ ਵਸਤੂ ਤੇ ਸਾਡੇ ਪਾਸ ਰਹਿਣ ਦਿਓ।'

ਇਹ ਸੁਣ ਕੇ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਬਦ

ਦਾ ਦੂਜਾ ਬੰਦ ਉਚਾਰਣ ਕੀਤਾ—

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ ॥
ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ ॥
ਮਾਨਹਿ ਤ ਏਕੁ ਅਲੇਖੁ ਠਾਕੁਰੁ,
ਜਿਨਹਿ ਸਭ ਕਲ ਧਾਰੀਆ ॥
ਤੁਧੁ ਬਚਨਿ ਗੁਰ ਕੈ ਵਸਿ ਕੀਆ,
ਆਦਿ ਪੁਰਖੁ ਬਨਵਾਰੀਆ ॥
ਤੂੰ ਆਪਿ ਚਲਿਆ ਆਪਿ ਰਹਿਆ
ਆਪਿ ਸਭ ਕਲ ਧਾਰੀਆ ॥
ਬਿਨਵੰਤਿ ਨਾਨਕ ਪੈਜ ਰਾਖਹੁ,
ਸਭ ਸੇਵਕ ਸਰਨਿ ਤੁਮਾਰੀਆ ॥੨॥

ਇਹ ਅੰਮ੍ਰਿਤ ਬਚਨ ਸੁਣ ਕੇ ਮੋਹਨ ਜੀ ਨੂੰ ਬੜੀ ਸ਼ਾਂਤੀ ਹੋਈ, ਇਸ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸ਼ਬਦ ਦੇ ਦੋ ਅੰਕ ਹੋਰ ਕਹੇ—

ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ॥
ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ॥
ਜਮਕਾਲੁ ਤਿਨ ਕਉ ਲਗੈ ਨਾਹੀ
ਜੋ ਇਕ ਮਨਿ ਧਿਆਵਏ ॥
ਮਨਿ ਬਚਨਿ ਕਰਮਿ ਜਿ ਤੁਧੁ
ਅਰਾਧਹਿ ਸੇ ਸਭੇ ਫਲ ਪਾਵਹੇ ॥
ਮਲ ਮੂਤ ਮੂੜ ਜਿ ਮੁਗਧ ਹੋਤੇ
ਸਿ ਦੇਖਿ ਦਰਸੁ ਸੁਗਿਆਨਾ ॥
ਬਿਨਵੰਤਿ ਨਾਨਕ ਰਾਜੁ ਨਿਹਚਲੁ
ਪੂਰਨ ਪੁਰਖ ਭਗਵਾਨਾ ॥੩॥
ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ॥
ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ॥

ਤਾਰਿਆ ਜਹਾਨੁ ਲਹਿਆ ਅਭਿਮਾਨੁ
ਜਿਨਿ ਦਰਸਨੁ ਪਾਇਆ ॥
ਜਿਨਿ ਤੁਧ ਨੋ ਧੰਨੁ ਕਹਿਆ
ਤਿਨ ਜਮੁ ਨੇੜਿ ਨ ਆਇਆ॥
ਬੇਅੰਤ ਗੁਣ ਤੇਰੇ ਕਥੇ ਨ ਜਾਹੀ
ਸਤਿਗੁਰ ਪੁਰਖ ਮੁਰਾਰੇ ॥
ਬਿਨਵੰਤਿ ਨਾਨਕ ਟੇਕ ਰਾਖੀ
ਜਿਤੁ ਲਗਿ ਤਰਿਆ ਸੰਸਾਰੇ ॥੪॥੨॥

ਜਿਸ ਤਰ੍ਹਾਂ ਕੁਤਬ-ਨੁਮਾ ਦੀ ਸੂਈ ਹਰ ਵੇਲੇ ਉੱਤਰ ਦਿਸ਼ਾ ਵਲ ਰਹਿੰਦੀ ਹੈ, ਗੁਰੂ ਜੀ ਦੀ ਸੁਰਤ ਨਿਰੰਕਾਰ ਵਲ ਰਹਿੰਦੀ ਸੀ। ਜੁੜੀ ਸੁਰਤ ਨੇ ਜਦ ਸ਼ਬਦ ਦੇ ਬਾਣ ਮਾਰੇ, ਮੋਹਨ ਦਾ ਮਨ ਕੋਮਲ ਹੋ ਗਿਆ, ਦ੍ਰਵਿਤ ਗਿਆ। ਉਨ੍ਹਾਂ ਨੇ ਨਿਮਰਤਾ ਤੇ ਪ੍ਰੇਮ ਦੇ ਵੱਸ ਹੋ ਕੇ ਪੋਥੀਆਂ ਪੰਚਮ ਪਾਤਸ਼ਾਹ ਨੂੰ ਦੇ ਦਿਤੀਆਂ। ਉਨ੍ਹਾਂ ਨੂੰ ਗੁਰੂ ਜੀ ਅੰਮ੍ਰਿਤਸਰ ਲੈ ਆਏ। ਬੜੇ ਸਤਿਕਾਰ ਨਾਲ ਉਨ੍ਹਾਂ ਦਾ ਮੁਤਾਲਿਆ ਕੀਤਾ। ਬੀੜ ਲਿਖਵਾਣ ਦੀ ਤਿਆਰੀ ਸ਼ੁਰੂ ਕੀਤੀ।

ਪੰਚਮ ਪਾਤਸ਼ਾਹ ਨੇ ਪਹਿਲੇ ਸਤਿਗੁਰਾਂ ਦੀ ਬਾਣੀ, ਜੋ ਲਿਖਤ ਰੂਪ ਵਿਚ ਮਿਲੀ, ਉਹ ਮੰਗਵਾਈ। ਜੋ ਸਿੱਖਾਂ ਨੂੰ ਜ਼ਬਾਨੀ ਯਾਦ ਸੀ, ਉਹ ਇਕੱਤ੍ਰ ਕੀਤੀ। ਇਥੋਂ ਤੀਕ ਕਿ ਪੈੜੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਪਰ ਦਸੀ ਗਈ 'ਪ੍ਰਾਣ-ਸੰਗਲੀ' ਲਿਆਉਣ ਲਈ ਸੰਗਲਾਦੀਪ ਭੇਜਿਆ। ਇਸ ਤੋਂ ਬਿਨਾਂ ਭਗਤਾਂ ਦੀ ਬਾਣੀ, ਜੋ ਪੰਜਾਬ ਵਿਚੋਂ ਜਾਂ ਬਾਹਰੋਂ ਮਿਲ ਸਕੀ, ਉਹ ਇਕੱਤ੍ਰ ਕੀਤੀ। ਭਗਤਾਂ ਦੇ ਪ੍ਰੇਮੀਆਂ ਨੂੰ ਜੋ ਬਾਣੀ ਯਾਦ ਸੀ, ਉਹ ਸੁਣੀ। ਇਸ ਤੋਂ ਪਿਛੋਂ ਸ੍ਰੀ ਰਾਮਸਰ ਬੈਠ ਕੇ ਭਾਈ ਗੁਰਦਾਸ ਜੀ ਤੋਂ ਬੀੜ ਲਿਖਵਾਣੀ ਸ਼ੁਰੂ ਕੀਤੀ। ਤੱਤ-ਵੇਤਾ, ਆਤਮ-ਦਰਸ਼ੀ, ਬ੍ਰਹਮ-ਗਿਆਨੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਸੋਧਣ, ਵਿਚਾਰਨ, ਰਾਗ, ਕਾਵਯ ਤੇ ਲਿਖਤ ਦੀ ਦ੍ਰਿਸ਼ਟੀ ਨਾਲ ਸੰਪਾਦਤ ਕਰਨ ਵਿਚ ਕਮਾਲ ਕਰ ਦਿਤਾ। ਲਗਾਤਾਰ ਕਈ ਸਾਲ ਕਠਨ ਮਿਹਨਤ, ਖੋਜ-

ਪੜਤਾਲ ਤੇ ਸੁਧਾਈ ਦੇ ਬਾਅਦ ਇਸ ਮਹਾਨ ਕਾਰਜ ਨੂੰ ਸਿਰੇ ਚੜ੍ਹਾਇਆ। ਆਦਿ ਬੀੜ ਵਿਚ ਮੂਲ ਮੰਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਕਲਮ ਨਾਲ ਲਿਖਿਆ।

'੧ ਓਂ' ਤੋਂ ਬਾਣੀ ਸ਼ੁਰੂ ਕੀਤੀ, ਅੰਤਮ ਸਲੋਕ 'ਤੇਰਾ ਕੀਤਾ ਜਾਤੋ ਨਾਹੀ' ਦੁਆਰਾ ਸਰਵ-ਸ਼ਕਤੀਮਾਨ ਦੇ ਸਾਹਮਣੇ ਆਤਮ-ਸਮਰਪਨ ਕਰਦੇ ਹੋਏ 'ਨਾਨਕ ਨਾਮ ਮਿਲੈ ਤਾਂ ਜੀਵਾਂ' ਉਤੇ ਭੋਗ ਪਾਇਆ ਹੈ। ਨਾਮ ਤੋਂ ਬਾਣੀ ਆਰੰਭ ਕੀਤੀ ਹੈ। ਉਸੇ ਦੀ ਪ੍ਰਾਪਤੀ ਲਈ ਅੰਤਮ ਅਰਦਾਸ ਕਰ ਕੇ ਸਮਾਪਤ ਕੀਤੀ। ਬੀੜ ਸੰਪੂਰਣ ਹੋਣ ਪਿਛੋਂ ਭਾਦਰੋਂ ਸੁਦੀ ੧ ਸੰਮਤ ੧੬੬੧ ਬਿ: ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਸ ਦਾ ਪ੍ਰਕਾਸ਼ ਕੀਤਾ ਅਤੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ ਗਿਆ।

ਖਾਸ ਬਾਣੀਆਂ :

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਪੁਜੀ, ਆਸਾ ਦੀ ਵਾਰ, ਪੱਟੀ, ਸਿਧ ਗੋਸਟਿ, ਦਖਣੀ ਓਅੰਕਾਰ, ਬਾਰਾਂ ਮਾਹ ਤੁਖਾਰੀ, ਅਨੰਦੁ, ਬਾਰਾਂ ਮਾਹ ਮਾਝ ਮ: ੫, ਸੁਖਮਨੀ, ਚਉਬੋਲੇ ਆਦਿਕ ਖਾਸ ਬਾਣੀਆਂ ਹਨ, ਜਿਨ੍ਹਾਂ ਵਿਚ ਖਾਸ ਵਿਚਾਰਾਂ ਦੀ ਲੜੀ ਪਾਈ ਜਾਂਦੀ ਹੈ।

ਭਗਤ ਬਾਣੀ :

ਚਾਰ ਵੇਦ ਰਿਸ਼ੀਆਂ ਦਾ ਗਿਆਨ ਸਨ। ਤੌਰੇਤ ਮੂਸਾ ਤੇ, ਅੰਜੀਲ ਈਸਾ ਅਤੇ ਕੁਰਾਨ ਮੁਹੰਮਦ ਉਤੇ ਨਾਜ਼ਲ ਹੋਇਆ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਸਤਿਗੁਰਾਂ ਦੀ ਬਾਣੀ ਦਰਜ ਹੈ, ਨਾਲ ਹੀ ਲਗਭਗ ਚੌਥਾ ਹਿੱਸਾ ਬਾਣੀ ਭਗਤਾਂ ਅਤੇ ਹੋਰ ਕਵੀ ਸਤ-ਪੁਰਸ਼ਾਂ ਦੀ ਹੈ। ਬਾਣੀ ਗਿਆਨ ਵਾਹਿਗੁਰੂ ਦਾ ਹੈ, ਪਰ ਇਸ ਦਾ ਪ੍ਰਕਾਸ਼ ਕਵੀ ਹਿਰਦਿਆਂ ਰਾਹੀਂ ਹੋਇਆ ਹੈ। ਸਿੱਖ ਧਰਮ ਦਾ ਨਿਸਚਾ ਹੈ ਕਿ ਸਤਿਗੁਰੂ ਪੂਰਨ ਆਤਮਾ ਸਨ। ਉਨ੍ਹਾਂ ਵਿਚ ਕੋਈ ਕਮੀ ਨਹੀਂ ਸੀ। ਭਗਤਾਂ ਨੇ ਆਪਣੇ ਜੀਵਨ ਵਿਚ ਆਤਮਕ ਉੱਨਤੀ ਕੀਤੀ ਹੈ। ਕਈ ਤਰੁੱਟੀਆਂ ਨੂੰ ਦੂਰ ਕਰ ਕੇ

ਪਰਮ ਪਦਵੀ ਪ੍ਰਾਪਤ ਕੀਤੀ ਹੈ। ਗੁਰੂ ਜੀ ਨੇ ਅਜਿਹੇ ਪੁਰਸ਼ਾਂ ਦੀ ਬਾਣੀ ਨੂੰ ਦਰਜ ਕੀਤਾ। ਹਿੰਦੁਸਤਾਨ ਵਿਚ ਇਨ੍ਹਾਂ 'ਚੋਂ ਕਈ ਭਗਤਾਂ ਨੂੰ ਨੀਵੀਂ ਜ਼ਾਤ ਦਾ ਸਮਝਿਆ ਜਾਂਦਾ ਸੀ, ਉਨ੍ਹਾਂ ਦੀ ਬਾਣੀ ਦਰਜ ਕਰ ਕੇ ਇਸ ਗਲ ਦਾ ਸਬੂਤ ਦਿਤਾ ਹੈ ਕਿ ਆਤਮਕ ਗਿਆਨ ਸਾਰੇ ਹਿਰਦਿਆਂ ਵਿਚ ਪ੍ਰਕਾਸ਼ ਕਰ ਸਕਦਾ ਹੈ। ਇਸ ਦੇ ਨਾਲ ਜ਼ਾਤ-ਪਾਤ ਤੇ ਛੂਤ-ਛਾਤ ਨੂੰ ਜੜ੍ਹੋਂ ਪੁੱਟਿਆ ਹੈ। ਆਤਮਕ ਗੁਣਾਂ ਦੀ ਜੋ ਧਾਰਾ ਹਿੰਦੁਸਤਾਨ ਦੇ ਵੱਖ ਵੱਖ ਹਿਸਿਆਂ ਵਿਚ ਚਲ ਰਹੀ ਸੀ, ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗਮ ਰੂਪ ਵਿਚ ਇਕੱਤ੍ਰ ਕੀਤਾ ਹੈ। ਭਗਤਾਂ ਦੀ ਬਾਣੀ ਨਿਰੋਲ ਭਗਤੀ-ਭਾਵ ਨੂੰ ਮੁੱਖ ਰਖ ਕੇ ਦਰਜ ਕੀਤੀ ਹੈ। ਇਸ ਗਲ ਨੂੰ ਨਹੀਂ ਵੇਖਿਆ ਕਿ ਕਿਸੇ ਭਗਤ ਦਾ ਮਤ ਕੀ ਹੈ। ਉਹ ਹਿੰਦੂ ਹੈ ਜਾਂ ਮੁਸਲਮਾਨ, ਬ੍ਰਹਮਣ ਹੈ ਜਾਂ ਸੂਦਰ। ਇਸ ਗਲ ਦੀ ਵੀ ਪ੍ਰਵਾਹ ਨਹੀਂ ਕੀਤੀ ਕਿ ਧੰਨਾ ਮੂਰਤੀ ਪੂਜਾ ਤੋਂ ਉਚਾ ਉਠਿਆ ਹੈ, ਕਬੀਰ ਜੀ ਵੈਸ਼ਨਵ ਹਨ, 'ਨਿਤਿ ਉਠਿ ਕੋਰੀ ਗਾਗਰ ਆਨੈ ਲੀਪਤ ਜੀਉ ਗਇਓ' ਅਨੁਸਾਰ ਕਰਮ ਕਾਂਡ ਕਰਦੇ ਹਨ, ਕੋਈ ਭਗਤ ਅਵਤਾਰ-ਫ਼ਿਲਾਸਫ਼ੀ ਜਾਂ ਆਵਾਗਉਣ ਨੂੰ ਮੰਨਦਾ ਹੈ। ਨਿਰੋਲ ਪ੍ਰੇਮ-ਭਗਤੀ ਨੂੰ ਮੁੱਖ ਰਖ ਕੇ ਭਗਤਾਂ ਦੀ ਬਾਣੀ ਪ੍ਰਵਾਨ ਕੀਤੀ ਹੈ।

ਹਿੰਦੂ ਭਗਤਾਂ ਦੇ ਨਾਲ ਸ਼ੇਖ ਫਰੀਦ ਸ਼ਕਰਗੰਜ ਅਤੇ ਭੀਖਣ ਕਾਕੋਰੀ ਵਾਲੇ ਮੁਸਲਮਾਨ ਮਹਾਤਮਾ ਦੀ ਬਾਣੀ ਦਰਜ ਕਰ ਕੇ ਆਤਮਕ ਏਕਤਾ ਦਾ ਅਸਚਰਜ ਸਬੂਤ ਦਿਤਾ ਹੈ। ਗੁਰਮਤਿ ਵਿਚ ਪੰਜ ਨਮਾਜ਼ਾਂ, ਪੁਲਸਰਾਤ, ਕਿਆਮਤ, 'ਗੋਰਾਂ ਸੇ ਨਿਮਾਣੀਆ ਬਹਿਸਣ ਰੂਹਾਂ ਮਲ' ਆਦਿਕ ਇਸਲਾਮੀ ਸਿਧਾਂਤ ਨਹੀਂ ਮੰਨੇ, ਪਰ ਵਿਚਾਰਾਂ ਦੀ ਸੁਤੰਤ੍ਰਤਾ ਤੇ ਖੁੱਲ੍ਹ-ਦਿਲੀ ਦੇ ਕਾਰਨ ਮੁਸਲਮਾਨ ਭਗਤਾ ਦੀ ਬਾਣੀ ਵੀ ਪ੍ਰਵਾਨ ਕੀਤੀ ਹੈ। ਭਾਵੇਂ ਉਨ੍ਹਾਂ ਦੀ ਬਾਣੀ ਵਿਚ ਉਪ੍ਰੋਕਤ ਸਿਧਾਂਤਾਂ ਦੀ ਝਲਕ ਪੈਂਦੀ ਹੈ। ਗੁਰੂ ਜੀ ਨੇ ਇਸ ਗਲ ਦੀ ਸ਼ੰਕਾ ਨਹੀਂ ਕੀਤੀ ਕਿ ਕੋਈ ਭਗਤ ਕਿਸ ਮਾਰਗ ਤੇ ਤੁਰ ਕੇ ਟਿਕਾਣੇ ਪਹੁੰਚਿਆ ਹੈ। ਇਸ ਗਲ ਨੂੰ ਮੁੱਖ ਰਖਿਆ ਹੈ ਕਿ ਪ੍ਰੇਮ ਭਗਤੀ ਕਰਕੇ ਕੋਈ ਕਿੰਨਾ ਕੁ ਉਚਾ ਉਠਿਆ ਹੈ ਜਾਂ ਪਰਮ

ਪਦਵੀ ਨੂੰ ਪ੍ਰਾਪਤ ਹੋਇਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਜਿਸ ਵਕਤ ਤਿਆਰ ਹੋ ਰਹੀ ਸੀ, ਉਸ ਸਮੇਂ ਪੰਜਾਬ ਦੇ ਭਗਤਾਂ ਵਿਚੋਂ ਛੱਜੂ, ਪੀਲੂ, ਕਾਹਨਾ ਤੇ ਸ਼ਾਹ ਹੁਸੈਨ ਆਪਣੀ ਆਪਣੀ ਬਾਣੀ ਲੈ ਕੇ ਪੰਚਮ ਪਾਤਸ਼ਾਹ ਪਾਸ ਆਏ। ਹਜ਼ੂਰ ਨੇ ਉਨ੍ਹਾਂ ਦੀ ਬਾਣੀ ਵਿਚ ਕਈ ਆਤਮਕ ਤਰੁੱਟੀਆਂ ਮਲੂਮ ਕਰ ਕੇ ਉਸ ਨੂੰ ਬੀੜ ਵਿਚ ਦਰਜ ਨਹੀਂ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਲ ੫੮੯੪ ਸ਼ਬਦ ਦਰਜ ਹਨ, ਜਿਨ੍ਹਾਂ ਵਿਚੋਂ ੯੩੭ ਭਗਤਾਂ ਅਤੇ ਸਤਿਪੁਰਸ਼ਾਂ ਦੇ ਹਨ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ—

ਭਗਤ ਕਬੀਰ ਜੀ ੫੪੧, ਸ੍ਰੀ ਨਾਮਦੇਵ ਜੀ ੬੪, ਸ੍ਰੀ ਰਵਿਦਾਸ ਜੀ ੪੧, ਸ਼ੇਖ ਫਰੀਦ ੧੩੪ (੪ ਸ਼ਬਦ ਤੇ ੧੩੦ ਸਲੋਕ), ਤ੍ਰਿਲੋਚਨ ਜੀ ੪, ਬੇਣੀ ਜੀ ੩, ਸ੍ਰੀ ਜੈਦੇਵ ਜੀ ੨, ਭੀਖਨ ਜੀ ੨, ਸੂਰਦਾਸ ਜੀ ੨ (ਇਕ ਪੂਰਾ ਸ਼ਬਦ ਤੇ ਇਕ ਦੀ ਇਕੋ ਤੁਕ), ਸ੍ਰੀ ਰਾਮਾਨੰਦ ਜੀ ੧, ਪਰਮਾਨੰਦ ਜੀ ੧, ਸੈਣ ਜੀ ੧, ਪੀਪਾ ਜੀ ੧ ਅਤੇ ਸਧਨਾ ਜੀ ੧ ਹਨ। ਇਨ੍ਹਾਂ ਦੀ ਬਾਣੀ ਨੂੰ ਗੁਰੂ ਜੀ ਨੇ 'ਭਗਤ ਬਾਣੀ' ਸਿਰਲੇਖ ਦਿਤਾ ਹੈ।

ਭਗਤਾਂ ਤੋਂ ਬਿਨਾਂ ਰਾਮਕਲੀ ਰਾਗ ਵਿਚ ਸੁੰਦਰ ਜੀ ਦਾ ਸੱਦ ਹੈ, ਜਿਸ ਦੇ ੬ ਪਦ ਹਨ। ਇਹ ਸ੍ਰੀ ਗੁਰੂ ਅਮਰਦਾਸ ਜੀ ਦੇ ਅੰਤਮ ਸਮੇਂ ਦਾ ਉਪਦੇਸ਼ ਹੈ। ਇਸ ਤੋਂ ਬਿਨਾਂ ਸਤਾ ਬਲਵੰਡ ਦੀ ਵਾਰ ਹੈ, ਜਿਸ ਦੀਆਂ ੮ ਪਉੜੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਮ ਭਾਗ ਵਿਚ ੧੧ ਭੱਟਾਂ ਦੇ ੧੨੩ ਸਵਈਏ ਹਨ। ਇਹ ਗੁਰੂ ਪਦਵੀ ਦੀ ਉਸਤਤਿ ਵਿਚ ਲਿਖੇ ਗਏ ਹਨ।

ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਵੇਂ ਚੜ੍ਹਾਈ ਗਈ, ਜਦ ਕਿ ਬਹੁਤ ਸਾਰੇ ਭਗਤ ਮਹਾਰਾਜ ਤੋਂ ਬਹੁਤ ਚਿਰ ਪਹਿਲੇ ਹੋ ਚੁਕੇ ਸਨ? ਇਸ ਸਬੰਧੀ ਇਕ ਸਾਖੀ ਭਾਈ ਸੰਤੋਖ ਸਿੰਘ ਜੀ ਨੇ 'ਗੁਰ ਪ੍ਰਤਾਪ ਸੂਰਜ' ਵਿਚ ਲਿਖੀ ਹੈ, ਜਿਸ ਦਾ ਭਾਵ ਇਹ ਹੈ ਕਿ 'ਜਿਸ ਵਕਤ ਪੰਚਮ ਪਾਤਸ਼ਾਹ ਸ੍ਰੀ ਰਾਮਸਰ ਬੈਠ ਕੇ ਬੀੜ ਲਿਖਵਾ ਰਹੇ ਸਨ, ਉਸ

ਵਕਤ ਆਪ ਨੇ ਤੰਬੂ ਵਿਚ ਭਗਤਾਂ ਦੀਆਂ ਆਤਮਾਵਾਂ ਨੂੰ ਸਦਿਆ। ਉਨ੍ਹਾਂ ਨੇ ਬਾਣੀ ਉਚਾਰਣ ਕੀਤੀ, ਜੋ ਮਹਾਰਾਜ ਨੇ ਲਿਖਵਾਈ। ਇਕ ਦਿਨ ਭਾਈ ਗੁਰਦਾਸ ਜੀ ਨੇ ਸ਼ੰਕਾ ਕੀਤੀ ਕਿ ਗੁਰੂ ਜੀ ਭਗਤਾਂ ਦੀ ਬਾਣੀ ਕਿਸ ਤਰ੍ਹਾਂ ਲਿਖਵਾਂਦੇ ਹਨ? ਦੂਸਰੇ ਦਿਨ ਗੁਰੂ ਜੀ ਨੇ ਭਾਈ ਸਾਹਿਬ ਨੂੰ ਤੰਬੂ ਵਿਚ ਭਗਤਾਂ ਦੀਆਂ ਆਤਮਾਵਾ ਦੇ ਦਰਸ਼ਨ ਕਰਵਾ ਦਿਤੇ।'

ਦੂਜੀ ਰਾਇ ਪੰਡਤ ਤਾਰਾ ਸਿੰਘ ਜੀ ਨਰੋਤਮ ਨੇ ਭਗਤ ਬਾਣੀ ਦੇ ਟੀਕੇ ਵਿਚ ਲਿਖੀ ਹੈ। ਉਹ ਇਹ ਹੈ—'ਪੂਰਬ ਚਾਰ ਗੁਰੋਂ ਕੇ ਬਚਨੋਂ ਸਹਿਤ ਆਪਣੇ ਬਚਨੋਂ ਸੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਮੁਕਤੀ ਕੀ ਇਛਾ ਵਾਲੇ ਅਧਿਕਾਰੀ ਜਨੋਂ ਕੇ ਗਯਾਨ ਕੇ ਲਾਭ ਹੇਤ ਜੋ ਉਪਦੇਸ਼ ਕੀਆ, ਉਸੀ ਉਪਦੇਸ਼ ਕੋ ਦ੍ਰਿੜ੍ਹ ਕਰਨੇ ਹੇਤ ਭਗਤੋਂ ਕੇ ਨਾਮ ਸੇ ਉਪਦੇਸ਼ ਕਰੇ ਹੈਂ।'

ਭਾਵ—ਭਗਤਾਂ ਦਾ ਨਾਂ ਰਖ ਕੇ ਬਾਣੀ ਪੰਚਮ ਪਾਤਸ਼ਾਹ ਨੇ ਆਪ ਲਿਖੀ ਹੈ।

ਇਨ੍ਹਾਂ ਦੋਹਾਂ ਵਿਚਾਰਾ ਸਬੰਧੀ ਅਸੀਂ ਬਹੁਤ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦੇ। ਜਿਥੋਂ ਤੀਕ ਆਤਮਾ ਦੇ ਅਮਰ ਹੋਣ ਦਾ ਸਬੰਧ ਹੈ, ਇਸ ਪਰ ਨਿਸਚਾ ਰਖਦੇ ਹਾਂ। ਗੁਰਮਤਿ ਵਿਚ ਆਤਮਾ ਨੂੰ ਅਮਰ ਮੰਨਿਆ ਹੈ। ਪੁਰਾਤਨ ਆਤਮ-ਦਰਸ਼ੀ ਆਤਮਾ ਨੂੰ ਸਾਖਯਾਤ ਕਰਦੇ ਸਨ। ਵਰਤ-ਮਾਨ ਸਮੇਂ ਵਿਚ ਸਰ ਆਲਵਰਲਾਜ ਵਰਗੇ ਤੱਤ-ਵੇਤਾ ਹਨ, ਜਿਨ੍ਹਾਂ ਦਾ ਨਿਸਚਾ ਹੈ ਕਿ ਮਰ ਜਾਣ ਪਿਛੋਂ ਆਤਮਾ ਰਹਿੰਦੀ ਹੈ। ਉਸ ਨਾਲ ਗਲਾਂ ਬਾਤਾਂ ਕੀਤੀਆਂ ਜਾ ਸਕਦੀਆਂ ਹਨ। ਪਰ ਭਗਤਾਂ ਦੀ ਬਾਣੀ ਤਾਂ ਸੈਂਚੀਆਂ ਵਿਚ ਮੌਜੂਦ ਅਤੇ ਕਈ ਹੋਰ ਗ੍ਰੰਥਾਂ ਵਿਚ ਮਿਲਦੀ ਸੀ। ਇਸ ਲਈ ਸੈਂਚੀਆਂ ਵਿਚੋਂ ਅਤੇ ਹੋਰ ਗ੍ਰੰਥਾਂ ਵਿਚੋਂ ਜਾਂ ਜ਼ਬਾਨੀ ਸੁਣ ਕੇ ਉਸ ਦੀ ਖੋਜ ਪੜਤਾਲ ਕਰ ਕੇ ਦਰਜ ਕੀਤੀ ਗਈ ਹੈ। ਪੰਡਤ ਤਾਰਾ ਸਿੰਘ ਜੀ ਦੀ ਰਾਇ ਇਸ ਲਈ ਦਰੁਸਤ ਨਹੀਂ ਕਿ ਭਗਤ ਬਾਣੀ ਦੀ ਰਚਨਾ, ਉਸ ਦੇ ਸਿਰਲੇਖ, ਰਸ ਢੰਗ ਤੇ ਬੋਲੀ ਪੰਚਮ ਪਾਤਸ਼ਾਹ ਦੀ ਬਾਣੀ ਨਾਲ

ਨਹੀਂ ਮਿਲਦੀਆਂ ।[1]

ਬੀੜਾਂ ਦਾ ਵੇਰਵਾ : ਕਰਤਾਰਪੁਰ ਵਾਲੀ ਬੀੜ—

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਤਿੰਨ ਬੀੜਾਂ ਹਨ। ਸਭ ਤੋਂ ਪਹਿਲੀ ਉਹ ਬੀੜ ਹੈ, ਜੋ ਪੰਚਮ ਪਾਤਸ਼ਾਹ ਨੇ ਸ੍ਰੀ ਰਾਮਸਰ ਬੈਠ ਕੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ। ਇਸ ਦਾ ਮੂਲ ਮੰਤਰ ਸਤਿਗੁਰਾਂ ਨੇ ਆਪ ਲਿਖਿਆ ਹੈ। ਇਸ ਨੂੰ ਕਰਤਾਰਪੁਰ ਵਾਲੀ ਬੀੜ ਕਹਿੰਦੇ ਹਨ। ਇਸ ਵਿਚ ੫੭੫੧ ਸ਼ਬਦ ਦਰਜ ਹਨ। ਇਸ ਦੇ ਪੱਤਰੇ ੯੭੫ ਹਨ। ਇਸ ਦੇ ਪੰਨਾ ੫੪੨ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਦਸਤਖਤ ਹਨ। ਇਹ ਧੀਰ ਮੱਲ ਦੀ ਸੰਤਾਨ ਪਾਸ ਹੈ। ਸ੍ਰੀ ਕਰਤਾਰਪੁਰ ਦੀ ਬੀੜ ਵਿਚ ਆਸਾ ਰਾਗ ਵਿਚ ਕਬੀਰ ਜੀ ਦੇ ਸ਼ਬਦ (੧) 'ਰਹੁ ਰਹੁ ਰੀ ਬਹੁਰੀਆ' (੨) 'ਕਰਵਤ ਭਲਾ ਨ ਕਰਵਟ ਤੇਰੀ' ਮੱਧ ਵਿਚ 'ਦੇਖੋ ਲੋਗਾ' ਦਾ ਸ਼ਬਦ ੩੫ ਪਰ ਹੜਤਾਲ ਫੇਰੀ ਹੋਈ ਹੈ। ਮਾਰੂ ਵਿਚ ਮੀਰਾਂ ਬਾਈ ਦਾ ਇਕ ਸ਼ਬਦ ਲਿਖ ਕੇ ਕਲਮ ਨਾਲ ਕਟਿਆ ਹੋਇਆ ਹੈ।

ਇਕ ਖਿਆਲ ਪ੍ਰਚਲਤ ਹੈ ਕਿ ਇਸ ਬੀੜ ਵਿਚ ਪੰਚਮ ਪਾਤਸ਼ਾਹ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਲਈ ਪੱਤਰੇ ਖਾਲੀ ਛੱਡੇ ਹੋਏ ਸਨ, ਇਹ ਠੀਕ ਨਹੀਂ। ਇਸ ਬੀੜ ਵਿਚ ਕਈ ਥਾਈਂ ਪੱਤਰੇ ਖਾਲੀ ਛਡੇ ਹੋਏ ਹਨ, ਜਿਥੇ ਨੌਵੇਂ ਸਤਿਗੁਰੂ ਜੀ ਦੀ ਕੋਈ ਬਾਣੀ ਦਰਜ ਨਹੀਂ।

ਮਿਸਲਾਂ ਦੇ ਸਮੇਂ ਕਰਤਾਰਪੁਰ ਵਾਲੀ ਬੀੜ ਦਾ ਉਤਾਰਾ ਕਰਨ ਲਈ ਬਾਬਾ ਦੀਪ ਸਿੰਘ ਜੀ ਸ਼ਹੀਦ ਅਤੇ ਹੋਰ ਸਿੰਘਾਂ ਨੇ ਸੋਢੀਆਂ ਨੂੰ ਪ੍ਰੇਰਨਾ ਕੀਤੀ, ਪਰ ਉਨ੍ਹਾਂ ਨੇ ਆਗਿਆ ਨਾ ਦਿਤੀ। ਬਾਬਾ ਜੀ ਤੇ ਬਹੁਤ ਸਾਰੇ ਸਿੰਘ ਕਰਤਾਰਪੁਰ ਵਿਚ ਧਰਨਾ ਮਾਰ ਕੇ ਬੈਠ ਗਏ ਅਤੇ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਪ੍ਰਤਿੱਗਿਆ ਕਰ ਲਈ। ਇਹ ਦੇਖ ਕੇ ਸੋਢੀਆਂ ਨੇ ਉਤਾਰਾ ਕਰਨ ਦੀ ਆਗਿਆ ਦੇ ਦਿਤੀ। ਬਾਬਾ ਦੀਪ ਸਿੰਘ

---

੧. ਦੇਖੋ ਭਗਤ ਦਰਸ਼ਨ

ਜੀ ਸ਼ਹੀਦ ਨੇ ਇਸ ਬੀੜ ਦਾ ਉਤਾਰਾ ਕੀਤਾ ।

ਭਾਈ ਬੰਨੋ ਜੀ ਵਾਲੀ ਬੀੜ—

ਸੰਮਤ ੧੬੬੧ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਂਗਟ ਜ਼ਿਲਾ ਗੁਜਰਾਤ ਨਿਵਾਸੀ ਭਾਈ ਬੰਨੋ ਜੀ ਨੂੰ ਆਗਿਆ ਕੀਤੀ ਕਿ ਲਾਹੌਰ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਲਦ ਬੰਨ੍ਹਵਾ ਕੇ ਲਿਆਓ। ਭਾਈ ਸਾਹਿਬ ਨੇ ਬੇਨਤੀ ਕੀਤੀ—

'ਸੱਚੇ ਪਾਤਸ਼ਾਹ ! ਬੀੜ ਇਕ ਹੋਣ ਕਰਕੇ ਸੰਗਤਾਂ ਹਰ ਥਾਵੇਂ ਦਰਸ਼ਨ ਨਹੀਂ ਕਰ ਸਕਦੀਆਂ, ਜੇ ਹੁਕਮ ਕਰੋ ਤਾਂ ਮੈਂ ਆਪਣੇ ਨਗਰ ਸੰਗਤਾਂ ਨੂੰ ਦਰਸ਼ਨ ਕਰਾ ਕੇ ਅਤੇ ਜਿਲਦ ਬੰਨ੍ਹਵਾ ਕੇ ਸ਼ੀਘਰ ਮੁੜ ਆਵਾਂ।' ਮਹਾਰਾਜ ਨੇ ਆਗਿਆ ਦੇ ਦਿਤੀ। ਭਾਈ ਬੰਨੋ ਜੀ ਨੇ ਰਸਤੇ ਵਿਚ ਆਉਂਦਿਆਂ ਜਾਂਦਿਆਂ ਬਹੁਤ ਸਾਰੇ ਦਿਨ ਲਾ ਕੇ ਬੀੜ ਦਾ ਉਤਾਰਾ ਕਰਵਾ ਲਿਆ। ਕੁਝ ਵਾਧੂ ਸ਼ਬਦ ਵੀ ਦਰਜ ਕਰ ਲਏ। ਜਦ ਪੰਚਮ ਪਾਤਸ਼ਾਹ ਦੀ ਸੇਵਾ ਵਿਚ ਵਾਪਸ ਪੁਜੇ ਤਾਂ ਉਨ੍ਹਾਂ ਨੇ ਬੀੜ ਦਾ ਉਤਾਰਾ ਤੇ ਉਸ ਵਿਚ ਵਾਧੂ ਸ਼ਬਦ ਪਏ ਵੇਖ ਕੇ ਇਸ ਦਾ ਨਾਂ 'ਖਾਰੀ ਬੀੜ' ਰਖਿਆ। ਕਈ ਲੇਖਕਾਂ ਦੀ ਰਾਇ ਹੈ ਕਿ ਖਾਰੇ ਪਿੰਡ ਠਹਿਰਣ ਕਰਕੇ ਬੀੜ ਦਾ ਨਾਂ 'ਖਾਰੀ' ਪੈ ਗਿਆ।

ਭਾਈ ਬੰਨੋ ਜੀ ਦੀ ਬੀੜ ਵਿਚ ਕਰਤਾਰਪੁਰ ਵਾਲੀ ਬੀੜ ਨਾਲੋਂ ਹੇਠ ਲਿਖੇ ਸ਼ਬਦ ਮੁੰਦਾਵਣੀ ਤੋਂ ਪਿਛੋਂ ਵਧੀਕ ਲਿਖੇ ਹਨ—

(੧) ਬਾਇਆ ਤਿਸ, (੨) ਰਤਨ ਮਾਲਾ, (੩) ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ, (੩) ਜਿਤ ਦਰ ਲਖ ਮੁਹੰਮਦਾ, (੪) ਬੀੜ ਵਿਚ 'ਰੁਣ ਝੁੰਜਨੜਾ' ਅਤੇ (੫) 'ਰੇ ਮਨ ਤਜ ਬੇਮੁਖਨ ਕੇ ਸੰਗ' ਆਦਿਕ ਸ਼ਬਦ ਸਾਰੇ ਲਿਖੇ ਹੋਏ ਹਨ। (੬) 'ਧਰ ਅੰਬਰ ਵਿਚ ਵੇਲਤੀ' ਇਕ ਸਲੋਕ ਵੀ ਦਰਜ ਹੈ।

ਇਹ ਬੀੜ ੧੯੪੭ ਤੋਂ ਪਹਿਲਾਂ ਮਾਂਗਟ ਵਿਚ ਭਾਈ ਬੰਨੋ ਜੀ

ਦੀ ਸੰਤਾਨ ਪਾਸ ਸੀ। ਹਰ ਮਹੀਨੇ ਦੀ ਸੰਗਰਾਂਦ ਨੂੰ ਇਸ ਦੇ ਦਰਸ਼ਨ ਕਰਾਏ ਜਾਂਦੇ ਸਨ। ਪਰ ਹੁਣ ਇਹ ਬੀੜ ਕਾਨਪੁਰ (ਉੱਤਰ ਪ੍ਰਦੇਸ਼) ਵਿਚ ਹੈ।

ਦਮਦਮੇ ਵਾਲੀ ਬੀੜ—

ਸੰਮਤ ੧੭੬੨-੬੩ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਤਮਕ ਸ਼ਕਤੀ ਨਾਲ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਵਿਖੇ ਬੀੜ ਲਿਖਵਾਈ, ਜੋ ਦਮਦਮੇ ਦੀ ਬੀੜ ਦੇ ਨਾਂ ਤੇ ਪ੍ਰਸਿੱਧ ਹੋਈ। ਇਸ ਵਿਚ ਦਸਮ ਪਾਤਸ਼ਾਹ ਨੇ ਨੌਵੇਂ ਪਾਤਸ਼ਾਹ ਦੀ ਬਾਣੀ ਚੜ੍ਹਾਈ ਹੈ। ਇਸ ਬੀੜ ਦੇ ਉਤਾਰੇ ਬਾਬਾ ਦੀਪ ਸਿੰਘ ਜੀ ਸ਼ਹੀਦ ਨੇ ਕੀਤੇ ਹਨ। ਅਜ ਕਲ ਜੋ ਬੀੜਾਂ ਪ੍ਰਚਲਤ ਹਨ, ਇਹ ਦਮਦਮੇ ਵਾਲੀ ਬੀੜ ਦਾ ਉਤਾਰਾ ਹਨ। ਰਵਾਇਤ ਹੈ ਕਿ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਤੇ ਵਡੇ ਘਲੂਘਾਰੇ ਦੇ ਸਮੇਂ ਇਹ ਬੀੜ ਕਿਤੇ ਜਾਂਦੀ ਰਹੀ।

ਕਈ ਆਦਮੀ ਗੁਰਬਾਣੀ ਜਾਂ ਬੀੜਾਂ ਲਿਖਦੇ ਸਨ ਅਤੇ ਉਹ ਗੁਰੂ ਸਾਹਿਬਾਨ ਦੇ ਪੇਸ਼ ਕਰ ਕੇ ਪ੍ਰਵਾਨਗੀ ਜਾਂ ਹਸਤਾਖਰ ਲੈਂਦੇ ਸਨ। ਕਈ ਬੀੜਾਂ ਮਿਲਦੀਆਂ ਹਨ, ਜਿਨ੍ਹਾਂ ਪਰ ਤੀਰ ਨਾਲ ਕੀਤੇ ਹੋਏ ਨਿਸ਼ਾਨ ਜਾਂ ਦਸਤਖਤ ਮਿਲਦੇ ਹਨ। ਮੁੱਖ ਕਰਤਾਰਪੁਰ ਵਾਲੀ, ਉਸ ਦੇ ਨਾਲ ਦੀ ਪੁਰਾਣੀ ਭਾਈ ਬੰਨੋ ਜੀ ਵਾਲੀ ਅਤੇ ਪ੍ਰਚਲਤ ਸ੍ਰੀ ਦਮਦਮੇ ਵਾਲੀ ਬੀੜ, ਜਿਸ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਚੜ੍ਹਾਈ ਗਈ ਹੈ।

ਦਸਮ ਗ੍ਰੰਥ—

ਸ੍ਰੀ ਗੁਰੂ ਗੋਬਿੰਦ ਸਿੰਘ ਉੱਚ ਕੋਟੀ ਦੇ ਵਿਦਵਾਨ, ਫਿਲਾਸਫਰ, ਮਹਾਨ ਕਵੀ ਅਤੇ ਆਤਮਕ ਅਨੁਭਵੀ ਸਨ। ਆਪ ਨੇ ਬਹੁਤ ਸਾਰੀ ਬਾਣੀ ਲਿਖੀ ਹੈ। ਪਹਿਲੇ ਸਤਿਗੁਰੂ ਕੇਵਲ ਆਤਮਕ ਉਪਦੇਸ਼ ਲਈ ਬਾਣੀ ਉਚਾਰਨ ਕਰਦੇ ਰਹੇ। ਦਸਮ ਪਾਤਸ਼ਾਹ ਨੇ ਆਤਮ ਉਪਦੇਸ਼ ਲਈ ਬਾਣੀ ਲਿਖਣ ਦੇ ਨਾਲ ਨਾਲ ਨਾਟਕ ਦੇ ਰੂਪ ਵਿਚ ਸ੍ਵੈ-ਲਿਖਤ ਜੀਵਨ

ਬਚਿਤ੍ਰ ਨਾਟਕ, ਪੁਰਾਤਨ ਗ੍ਰੰਥਾਂ ਤੋਂ ਕਹਾਣੀ ਦਾ ਪਲਾਟ ਲੈ ਕੇ ਵਾਰ ਭਗੌਤੀ ਕੀ, ਅਕਾਲ ਨਾਮਾ ਅਤੇ ਜ਼ਫਰਨਾਮਾ ਆਦਿਕ ਖਤ ਵੀ ਔਰੰਗਜ਼ੇਬ ਨੂੰ ਲਿਖੇ ਹਨ। ਦਸਮ ਪਾਤਸ਼ਾਹ ਜੰਗਾਂ ਜੁੱਧਾਂ ਤੇ ਬਹੁਤ ਰੁਝੇਵੇਂ ਦੇ ਕਾਰਨ ਦਸਮ ਗ੍ਰੰਥ ਦੀ ਬੀੜ ਨਹੀਂ ਤਿਆਰ ਕਰ ਸਕੇ। ਉਨ੍ਹਾਂ ਤੋਂ ਪਿਛੋਂ ਭਾਈ ਮਨੀ ਸਿੰਘ ਜੀ ਨੇ ਤਿਆਰ ਕੀਤੀ ਹੈ।

ਦਸਮ ਗ੍ਰੰਥ ਵਿਚ ਕੁਲ ੧੭੨੫੩ ਛੰਦ ਹਨ। ਜਾਪ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ, ੩੩ ਸਵਯੇ, ਗਿਆਨ ਪ੍ਰਬੋਧ, ਵਾਰ ਭਗੌਤੀ ਆਦਿਕ ਸ੍ਰੀ ਮੁਖਵਾਕ ਅਤੇ ਖਾਸ ਬਾਣੀਆਂ ਹਨ। ਦਸਮ ਪਾਤਸ਼ਾਹ ਨੇ ਆਪਣੀ ਬਾਣੀ ਆਦਿ ਬੀੜ ਵਿਚ ਨਹੀਂ ਚੜ੍ਹਾਈ ਅਤੇ ਨਾ ਹੀ ਅੰਤ ਵਿਚ ਨਾਨਕ ਨਾਮ ਵਰਤਿਆ ਹੈ।[1]

ਸ਼ਬਦਾਂਤਿਕ ਲਗਾਂ ਮਾਤ੍ਰਾਂ—

ਧਾਰਮਿਕ ਗ੍ਰੰਥਾਂ ਦੀ ਬਾਣੀ ਨੂੰ ਵਿਗਾੜਨ ਦਾ ਰਿਵਾਜ ਬਹੁਤ ਪੁਰਾਣਾ ਹੈ। ਇਸ ਲਈ ਸਤਿਗੁਰਾਂ ਨੇ ਬਾਣੀ ਨੂੰ ਸੁਰੱਖਿਅਤ ਰਖਣ ਲਈ ਇਕ ਤੇ ਗੁਰਮੁਖੀ ਅੱਖਰ ਆਪ ਬਣਾਏ, ਦੂਸਰੇ ਪੰਚਮ ਪਾਤਸ਼ਾਹ ਨੇ ਲਗਾਂ ਮਾਤ੍ਰਾਂ ਦੀ ਵਰਤੋਂ ਖਾਸ ਨਿਯਮਾਂ ਅਨੁਸਾਰ ਕੀਤੀ। ਬਾਣੀ ਲਿਖਣ ਦਾ ਢੰਗ ਆਪਣਾ ਵਰਤਿਆ। ਕਈਆਂ ਦਾ ਖਿਆਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸ਼ਬਦਾਂ ਦੇ ਅੰਤ ਵਿਚ ਲਗੀਆਂ ਸਿਹਾਰੀਆਂ ਬਿਹਾਰੀਆਂ ਦਾ ਕੋਈ ਖਾਸ ਅਰਥ ਨਹੀਂ, ਐਵੇਂ ਲਗੀਆਂ ਹੋਈਆਂ ਹਨ। ਪਰ ਜੇ ਖੋਜ ਕਰੀਏ ਤਾਂ ਪਤਾ ਲਗਦਾ ਹੈ ਕਿ ਇਹ ਲਗਾਂ ਮਾਤ੍ਰਾਂ ਕਿਸੇ ਨਾ ਕਿਸੇ ਨਿਯਮ ਅਨੁਸਾਰ ਲਗੀਆਂ ਹੋਈਆਂ ਹਨ ਅਤੇ ਆਪਣੀ ਆਪਣੀ ਥਾਂ ਤੇ ਵਿਸ਼ੇਸ਼ ਅਰਥ ਰਖਦੀਆਂ ਹਨ।

---

੧. ਵਿਸਥਾਰ ਨਾਲ ਵੇਖਣ ਲਈ 'ਗੁਰਮਤਿ ਲੈਕਚਰ' ਅਰਥਾਤ ਜੀਵਨ ਅਤੇ ਫ਼ਿਲਾਸਫ਼ੀ ਦਸ ਗੁਰੂ ਸਾਹਿਬਾਨ ਵਿਚੋਂ 'ਦਸਮ ਪਾਤਸ਼ਾਹ ਦੀ ਬਾਣੀ' ਦਾ ਲੇਖ ਪੜ੍ਹੋ।

ਜਿਨ੍ਹਾਂ ਨਾਵਾਂ ਦੇ ਅੰਤ ਔਂਕੜ ਹੋਵੇ, ਉਹ ਆਮ ਕਰਕੇ ਇਕ-ਵਚਨ ਹੁੰਦੇ ਹਨ। ਉਨ੍ਹਾਂ ਦਾ ਬਹੁ-ਵਚਨ ਬਨਾਉਣ ਲਈ ਅੰਤਲੇ ਅੱਖਰ ਨਾਲੋਂ ਔਂਕੜ ਲਾਹ ਕੇ ਮੁਕਤਾ ਕੀਤਾ ਜਾਂਦਾ ਹੈ। ਜਿਹਾ ਕਿ ਨੇਹੁ-ਨੇਹ। ਇਨ੍ਹਾਂ ਨਿਯਮਾਂ ਅਨੁਸਾਰ ਕੰਨਾ (ਾ) ਬਹੁ-ਵਾਚਕ ਵਾਸਤੇ ਵਰਤਿਆ ਹੈ। ਚੰਦ ਤੋਂ ਚੰਦਾ, 'ਜੇ ਸਉ ਚੰਦਾ ਉਗਵਹਿ', ਰਸ ਤੋਂ ਰਸਾਂ, ਬੰਧਨ ਤੋਂ ਬੰਧਨਾ, ਦਾਸ ਇਕ-ਵਚਨ ਤੋਂ ਦਾਸਾ ਬਹੁ-ਵਚਨ ਬਣਾਇਆ ਗਿਆ ਹੈ।

ਸਿਹਾਰੀ ਸਭ ਤੋਂ ਵਧ ਕੇ ਸਬੰਧਕ ਦੇ ਅਰਥਾਂ ਵਿਚ ਵਰਤੀ ਗਈ ਹੈ। ਜਿਹੜੇ ਸ਼ਬਦ ਕਿਸੇ ਚੀਜ਼ ਦਾ ਕਿਸੇ ਹੋਰ ਚੀਜ਼ ਨਾਲ ਪਦਵੀ ਜਾਂ ਅਸਥਾਨ ਦਾ ਸਬੰਧ ਪ੍ਰਗਟ ਕਰਦੇ ਹੋਣ, ਉਹਨਾਂ ਦੇ ਅੰਤ ਵਿਚ ਸਿਹਾਰੀ ਜ਼ਰੂਰ ਆਉਂਦੀ ਹੈ। ਉਦਾਹਰਣ ਲਈ—

੧) **'ਕਾਮਿ ਕ੍ਰੋਧਿ ਨਗਰ ਬਹੁ ਭਰਿਆ'** ਕਾਮ ਅਤੇ ਕ੍ਰੋਧ ਨਾਲ ਨਗਰ ਭਰਿਆ ਹੋਇਆ ਹੈ।

੨) **'ਜਿਉ ਸਾਬੁਣਿ ਕਾਪਰ ਊਜਲ ਹੋਤ'** ਜਿਵੇਂ ਸਾਬਣ ਨਾਲ ਕੱਪੜੇ ਉੱਜਲ ਹੁੰਦੇ ਹਨ।

੩) **'ਭੈ ਵਿਚਿ ਧਰਤੀ ਦਬੀ ਭਾਰਿ'** ਭਾਰ ਨਾਲ। ਕਾਮਿ, ਕ੍ਰੋਧਿ, ਸਾਬੁਣਿ ਅਤੇ ਭਾਰਿ ਦੀਆਂ ਸਿਹਾਰੀਆਂ ਸਬੰਧ ਪ੍ਰਗਟ ਕਰਦੀਆਂ ਹਨ। ਇਸੇ ਤਰ੍ਹਾਂ ਬਿਹਾਰੀ (ੀ) ਬਹੁ-ਵਚਨ ਨਾਵਾਂ ਦੇ ਅੰਤ ਵਿਚ ਸਬੰਧਕੀ ਅਰਥ ਦਿੰਦੀ ਹੈ। ਇਸ ਦੇ ਨਾਲ ਬਿੰਦੀ ਲਿਖੀ ਨਹੀਂ ਹੁੰਦੀ ਪਰ ਉਚਾਰਣ ਜਾਂ ਅਰਥ ਕਰਨ ਸਮੇਂ ਪੜ੍ਹੀ ਜਾਂਦੀ ਹੈ। ਉਦਾਹਰਣ ਲਈ—

੧) ਸਿਖੀ—ਸਿੱਖਾਂ ਨੇ :

"ਸਿਖੀ ਸਿਖਿਆ ਗੁਰ ਵੀਚਾਰਿ" ॥

[ਆਸਾ ਦੀ ਵਾਰ

੨) ਪੁਤ੍ਰੀ—ਪੁੱਤਰਾਂ ਨੇ :

੪੬।

ਪੁਤ੍ਰੀ ਕਉਲੁ ਨ ਪਾਲਿਓ ॥

[ਵਾਰ ਸਤਾ ਬਲਵੰਡ

ਬਿਹਾਰੀ ਉਸ ਕ੍ਰਿਆ ਦੇ ਅੰਤ ਵਿਚ, ਜਿਸ ਦੇ ਅਰਥ ਹੋਣ 'ਮੈਂ ਕਰਾਂ' ਜਾਂ 'ਕਰਦਾ ਹਾਂ' ਲਈ ਵੀ ਆਉਂਦੀ ਹੈ। ਮੈਂ ਸੋਚਾ—ਜੇ ਸੋਚੀ ਲਖਵਾਰ।

ਔਂਕੜ (_) ਸਾਧਾਰਣ ਭੂਤ ਕਾਲ (Past Tens) ਜਿਸ ਦੇ ਅੰਤ ਵਿਚ ਨੰਨਾ ਹੋਵੇ ਅਤੇ ਜਿਸ ਦਾ ਕਰਤਾ ਇਕ-ਵਚਨ ਅਨਯ ਪੁਰਖ ਹੋਵੇ, ਉਸ ਦੇ ਨੰਨੇ ਥਲੇ ਔਂਕੜ ਆਉਂਦੀ ਹੈ। ਬਖਸਿਅਨੁ, ਉਸ ਨੇ ਬਖਸ਼ੇ—

ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ।

ਉਸ ਨੇ ਰਖੇ—

ਜੋ ਧੁਰਿ ਰਖਿਅਨੁ ਮੇਲਿ ਮਿਲਾਇ ॥

[ਧਨਾਸਰੀ ਮ: ੩

ਦੁਲੈਂਕੜੇ ਕਿਸੇ ਨਾਂਵ ਨਾਲ ਸਬੰਧਕੀ ਪਦ ਵਰਤਣ ਲਈ, ਜਿਹਾ ਕਿ—**'ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ'**, **'ਖਾਕੂ ਜੋੜੂ ਨ ਕੋਇ'**, **'ਸਸੂ ਤੇ ਪਿਰਿ ਕੀਨੀ ਵਾਖਿ'** ਭਾਵ ਸੱਸ ਤੋਂ ਵੱਖ ਕੀਤੀ।

ਲਾਂ (ˆ) ਆਮ ਤੌਰ ਤੇ ਸਿਹਾਰੀ ਦੀ ਥਾਂ ਵਰਤੀ ਹੈ। ਦੁਲਾਈਆਂ ਸਥਾਨ-ਵਾਚਕ ਸਬੰਧੀ ਅਰਥਾਂ ਵਿਚ ਵਰਤੀਆਂ ਹਨ। ਰੈਣੜੀ—ਰੈਨ ਵਿਚ :

ਭਿੰਨੀ ਰੈਨੜੀਐ ਚਾਮਕਨਿ ਤਾਰੇ ॥

ਜੰਘੀਐ—ਜੰਘਾਂ ਨਾਲ :

ਇਨੀ ਨਿਕੀ ਜੰਘੀਐ ਥਲਿ ਡੂਗਰ ਭਵਿਓਮਿ ॥

ਕਿਸ ਨਾਂਵ ਦੇ ਅੰਤ ਵਿਚ ਜਿਸ ਦੇ ਨਾਲ ਸਬੰਧਕੀ ਪਦ ਵਰਤਿਆ ਜਾਣਾ ਹੋਵੇ—

ਘਰੈ ਅੰਦਰਿ ਸਭੁ ਵਥੁ ਹੈ ॥

[ਆਸਾ ਮ: ੩

ਹਉਮੈ ਨਾਵੈ ਨਾਲਿ ਵਿਰੋਧੁ ਹੈ ॥

[ਵਡਹੰਸ ਮ: ੩

ਕਨੌੜਾ (˜) ਕਈ ਥਾਈਂ ਸਥਾਨ-ਵਾਚਕ ਸਬੰਧਕਾਂ ਦੇ ਤੌਰ ਤੇ ਵਰਤਿਆ ਜਾਂਦਾ ਹੈ। ਅਰਥ ਕਰਦਿਆਂ ਇਸ ਦੇ ਨਾਲ ਬਿੰਦੀ ਲਾ ਲਈਦੀ ਹੈ। ਜਿਹਾ ਕਿ, ਮੂਹੌਂ—ਮੂੰਹ ਤੋਂ :

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥

[ਜਪੁਜੀ[1]

ਗੁਰਬਾਣੀ ਵਿਚ ਲਗਾਂ ਮਾਤ੍ਰਾਂ ਦੀ ਕੀਤੀ ਗਈ ਵਰਤੋਂ ਸਹੀ ਅਰਥ ਸਮਝਣ ਵਿਚ ਬੜੀ ਸਹਾਇਤਾ ਕਰਦੀ ਹੈ।

ਇਸ ਤੋਂ ਬਿਨਾਂ ਟਿਕਾਓ ਲਈ 'ਰਹਾਉ' ਵਰਤਿਆ ਹੈ। ਕਈ ਵਿਦਵਾਨਾਂ ਦਾ ਖਿਆਲ ਹੈ ਕਿ ਰਹਾਉ ਦੀ ਤੁਕ ਵਿਚ ਸ਼ਬਦ ਦਾ ਸਾਰ ਹੁੰਦਾ ਹੈ। 'ਸੁਧ' ਤੇ 'ਸੁਧ ਕੀਚੇ' ਪਦ ਵੀ ਵਰਤੇ ਹਨ। ਇਹ ਲਿਖਣ ਸਬੰਧੀ ਸੂਚਨਾ ਹੈ। ਕਿਸੇ ਬਾਣੀ ਦਾ ਆਰੰਭ ਕਰਨ ਸਮੇਂ ਤਿੰਨ ਤਰ੍ਹਾਂ ਦੇ ਮੰਗਲ ਲਿਖੇ ਹਨ।

(੧) ਮੂਲ ਮੰਤ੍ਰ ਵਾਲਾ। (੨) ੧ਓ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥(੩) ੧ਓ ਸਤਿਗੁਰ ਪ੍ਰਸਾਦਿ ॥ ਇਕ '੧ਓ' ਤੋਂ ਲੈ ਕੇ ਦੂਸਰੇ '੧ਓ' ਤਕ ਇਕ ਖਾਸ ਖਿਆਲ ਦਾ ਵਰਨਣ ਮਿਲਦਾ ਹੈ।

ਰਾਗ ਅਤੇ ਕਾਵਯ—

ਰਾਗ, ਕਾਵਯ ਅਤੇ ਚਿੱਤ੍ਰਕਾਰੀ ਕੋਮਲ ਹੁਨਰ ਮੰਨੇ ਗਏ ਹਨ।

---

੧. ਲਗਾਂ ਮਾਤ੍ਰਾਂ ਸਬੰਧੀ ਪ੍ਰਿੰਸੀਪਲ ਤੇਜਾ ਸਿੰਘ ਐਮ. ਏ. ਪਹਿਲੇ ਵਿਦਵਾਨ ਹਨ, ਜਿਨ੍ਹਾਂ ਨੇ ਖੋਜ ਕਰ ਕੇ ਸੰਨ ੧੯੨੫ ਵਿਚ ਇਕ ਪੁਸਤਕ 'ਸ਼ਬਦਾਂਰਥ ਲਗਾਂ ਮਾਤ੍ਰਾਂ' ਲਿਖੀ ਸੀ। ਉਸਦੇ ਆਧਾਰ ਤੇ ਹੀ ਇਹ ਪ੍ਰਕਰਣ ਲਿਖਿਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚੀ ਬਾਣੀ ਵਿਚ ਪਹਿਲੇ ਦੋਵੇਂ ਹੁਨਰ ਵਰਤੇ ਹਨ। ਗੁਰਬਾਣੀ ਵਿਚ ਪ੍ਰਧਾਨਤਾ ਆਤਮਕ ਰਸ ਦੀ ਹੈ। ਗਿਆਨ ਆਤ-ਮਕ ਹੈ ਤੇ ਜੋੜਦਾ ਵਾਹਿਗੁਰੂ ਨਾਲ ਹੈ, ਪਰ ਰਾਗ ਅਤੇ ਕਾਵਯ ਨੂੰ ਲੋਕਾਂ ਨੀਵੀਆਂ ਮਨੋ-ਕਾਮਨਾਵਾਂ ਲਈ ਵਰਤ ਕੇ ਨੀਵਾਂ ਕਰ ਦਿਤਾ ਸੀ। ਗੁਰੂ ਜੀ ਨੇ ਗੁਰਬਾਣੀ ਵਿਚ ਵਰਤ ਕੇ ਇਨ੍ਹਾਂ ਨੂੰ ਉਚਿਆਂ ਕੀਤਾ ਹੈ। ਰਾਗ ਜਾਂ ਕਾਵਯ ਵਰਤਣ ਦਾ ਭਾਵ ਹੁਨਰਾਂ ਨੂੰ ਵਰਤ ਕੇ ਮਨੁੱਖੀ ਸੁਰਤ ਨੂੰ ਉਚਿਆਂ ਕਰਨਾ ਨਹੀਂ। ਸੁਰਤ ਨੂੰ ਉਚਾਂ ਤਾਂ ਧੁਰ ਕੀ ਬਾਣੀ ਕਰਦੀ ਹੈ। ਹੁਨਰਾਂ ਦਾ ਸੁਚੱਜਾ ਵਰਤਾਓ ਉਨ੍ਹਾਂ ਨੂੰ ਪਵਿੱਤਰ ਬਣਾਉਂਦਾ ਹੈ। ਮਨੁੱਖ ਦੀ ਸੁਰਤ ਨੂੰ ਉਚਿਆਂ ਕਰਨ ਦਾ ਚੰਗਾ ਸਾਧਨ ਬਣਦਾ ਹੈ। ਗੁਰਬਾਣੀ ਰਾਗ ਜਾਂ ਕਾਵਯ ਦੇ ਆਸਰੇ ਨਹੀਂ। ਜਿਸ ਤਰ੍ਹਾਂ ਲੋਹਾ ਪਾਰਸ ਨੂੰ ਛੋਹ ਕੇ ਕੰਚਨ ਬਣਦਾ ਹੈ, ਇਸੇ ਤਰ੍ਹਾਂ ਰਾਗ ਅਤੇ ਕਾਵਯ ਬਾਣੀ ਨਾਲ ਮਿਲ ਕੇ ਚੰਗੇ ਬਣੇ ਹਨ। ਰਾਗ ਅਤੇ ਕਾਵਯ ਕੋਮਲ ਹੁਨਰ ਹਨ। ਇਨ੍ਹਾਂ ਤੋਂ ਉਚਾ ਰਸ ਰਸ 'ਵਿਸਮਾਦ' ਹੈ। ਵਿਸਮਾਦ ਤੋਂ ਉਚਾ ਆਤਮ-ਰਸ ਹੈ। ਉਹ ਵਾਹਿਗੁਰੂ ਨਾਲ ਜੁੜਨ ਕਰਕੇ ਪ੍ਰਾਪਤ ਹੁੰਦਾ ਹੈ। ਗੁਰਬਾਣੀ ਮਨ ਨੂੰ ਵਾਹਿਗੁਰੂ ਨਾਲ ਜੋੜਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਇਹ ਇਕੱਤੀ ਰਾਗ ਹਨ—

ਸ੍ਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ, ਮਾਲੀ ਗੌੜਾ, ਮਾਰੂ, ਤੁਖਾਰੀ, ਕੇਦਾਰਾ, ਭੈਰੋਂ ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ ਅਤੇ ਜੈਜਾਵੰਤੀ।

ਪਹਿਲੇ ਤੀਹ ਰਾਗਾਂ ਵਿਚ ਬਾਣੀ ਪੰਚਮ ਪਾਤਸ਼ਾਹ ਨੇ ਚੜ੍ਹਾਈ ਹੈ। ਜੈਜਾਵੰਤੀ ਵਿਚ ਨੌਵੇਂ ਪਾਤਸ਼ਾਹ ਨੇ ਚਾਰ ਸ਼ਬਦ ਲਿਖੇ ਹਨ। ਇਹ ਰਾਗ ਅਤੇ ਸ਼ਬਦ ਦਸਵੇਂ ਪਾਤਸ਼ਾਹ ਨੇ ਦਰਜ ਕੀਤੇ ਹਨ।

ਪੁਰਾਤਨ ਰਾਗਾਂ ਵਿਚ ਮੇਘ, ਦੀਪਕ, ਮਾਲਕੌਂਸ, ਜੋਗ ਆਦਿਕ

ਜਿਹੜੇ ਰਾਗ ਹਦੋਂ ਵਧ ਸ਼ਾਂਤੀ, ਤਪਤ, ਉਦਾਸੀ ਜਾਂ ਖੁਸ਼ੀ ਪੈਦਾ ਕਰਦੇ ਸਨ, ਉਹ ਗੁਰਬਾਣੀ ਵਿਚ ਨਹੀਂ ਵਰਤੇ। ਜੇ ਕਿਤੇ ਵਰਤੇ ਹਨ ਤਾਂ ਮਿਲਾ ਕੇ ਜਿਹਾ ਕਿ ਗਉੜੀ ਦੀਪਕੀ, ਬਸੰਤ ਹਿੰਡੋਲ। ਸੰਗੀਤ ਦੇ ਕਈ ਮਤ ਹਨ, ਜਿਨ੍ਹਾਂ ਵਿਚੋਂ ਇਕ ਮਤ ਭੈਰਵ ਦਾ ਤੇ ਦੂਸਰਾ ਹਨੂੰਮੰਤ ਮਤ ਹੈ। ਗੁਰੂ ਜੀ ਨੇ ਸ੍ਰੀ ਰਾਗ ਤੋਂ ਬਾਣੀ ਨੂੰ ਆਰੰਭ ਕੀਤਾ ਹੈ, ਸੰਗੀਤ ਹਿੰਦੀ ਵਰਤਿਆ ਹੈ। ਰਾਮਕਲੀ ਵਿਚ ਜੋਗੀਆਂ ਪ੍ਰਤੀ ਕਥਨ ਕੀਤੇ ਹੋਏ ਸ਼ਬਦ ਵਧੇਰੇ ਮਿਲਦੇ ਹਨ। ਆਸਾ, ਸੂਹੀ ਅਤੇ ਤਿਲੰਗ ਵਿਚ ਮੁਸਲਮਾਨਾਂ ਪ੍ਰਤੀ ਉਪਦੇਸ਼ ਕੀਤੇ ਹੋਏ ਸ਼ਬਦ ਵਧੇਰੇ ਹਨ, ਕਿਉਂਕਿ ਇਹ ਰਾਗ ਮੁਸਲਮਾਨ ਫ਼ਕੀਰ ਵਧੇਰੇ ਵਰਤਦੇ ਸਨ।

ਸੰਗੀਤ-ਨਿਧਿ ਪੰਚਮ ਪਾਤਸ਼ਾਹ ਨੇ ਰਾਗ ਸਬੰਧੀ 'ਸੁਧੰਗ' ਲਿਖਿਆ ਹੈ। ਜਿਸ ਦਾ ਭਾਵ ਇਹ ਹੈ ਕਿ ਰਾਗ ਸੁਧ-ਅੰਗ ਵਿਚ ਗਾਓ। 'ਘਰ' ਸ਼ਬਦ ਬਹੁਤ ਥਾਈਂ ਜੋੜੀ ਤੇ ਤਾਲ ਲਈ ਵਰਤਿਆ ਹੈ। ਗੁਰੂ ਜੀ ਨੇ ੧੩ ਘਰ ਤਕ ਕਾਨੜਾ ਅਤੇ ੧੭ ਘਰ ਤਕ ਆਸਾਵਰੀ ਗਾਇਨ ਕੀਤੀ ਹੈ। ਕਾਨੜੇ ਵਿਚ ਪੜਤਾਲ ਲਿਖੀ ਹੈ, ਪੜਤਾਲ ਵਿਚ ਅਸਥਾਈ ਦਾ ਤਾਲ ਕਾਇਮ ਰਹਿੰਦਾ ਹੈ, ਅੰਤਰੇ ਵਿਚ ਤਾਲ ਬਦਲ ਕੇ ਆਉਂਦੇ ਹਨ। ਕਈ ਲੈਆਂ ਤੇ ਦੁਗਣ ਆੜ ਆਦਿਕ ਆਉਂਦੇ ਹਨ। ਜੋੜੀ ਜਾਂ ਮ੍ਰਿਦੰਗ ਤੇ ਵਜੰਤ੍ਰੀਆਂ ਲਈ ਗੁਰੂ ਜੀ ਨੇ ਗੱਤ ਤੇ ਜਤ ਦੱਸੀਆਂ ਹਨ। ਗੱਤ ਦੇ ਅਰਥ ਹਨ—ਥ੍ਰੀਕ ਅੱਖਰਾਂ ਵਿਚ ਕਿਸੇ ਬੋਲ ਦਾ ਹੋਣਾ। 'ਜਤ' ਸਾਧਾਰਨ ਅੱਖਰਾਂ ਵਿਚ ਕਿਸੇ ਬੋਲ ਦਾ ਦਾਇਰਾ ਬੰਨ੍ਹਣਾ।

ਨੌ ਧੁਨਾਂ—

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਜਿਥੇ ਸੰਗੀਤ ਵਿਚ ਕਮਾਲ ਕੀਤਾ ਹੈ, ਨਾਲ ਹੀ ਬੀਰ ਰਸ ਪੈਦਾ ਕਰਨ ਲਈ ਪਰਉਪਕਾਰੀ, ਸੂਰਬੀਰ, ਦੇਸ਼ ਭਗਤ ਅਤੇ ਦੀਨ ਰਖਯਕ ਪੁਰਸ਼ਾਂ ਦੇ ਨਾਵਾਂ ਦੀਆਂ ਵਾਰਾਂ ਪਰ ਗਾਉਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨੌਂ ਧੁਨਾਂ ਚੜ੍ਹਾਈਆਂ। ਪਰ ਅਬਦੁੱਲ ਨਥੇ ਅਤੇ ਹੋਰ ਢਾਡੀਆਂ ਪਾਸੋਂ ਗਵਾਈਆਂ। ਮੀਰੀ ਪੀਰੀ

ਦੇ ਮਾਲਕ ਛੇਵੇਂ ਪਾਤਸ਼ਾਹ ਨੇ ਇਨ੍ਹਾਂ ਦੀ ਵਰਤੋਂ ਕਰ ਕੇ ਸਿੱਖ ਪੰਥ ਨੂੰ ਸੂਰਬੀਰਤਾ ਤੇ ਸੰਤ ਸਿਪਾਹੀ ਹੋਣ ਦੀ ਗੁੜ੍ਹਤੀ ਦਿੱਤੀ। ਨੌਂ ਧੁਨਾਂ ਇਸ ਪ੍ਰਕਾਰ ਹਨ—

੧. ਵਾਰ ਮਾਝ ਕੀ ਸਲੋਕ ਮ: ੧, ਮਲਕ ਮੁਰੀਦ ਚੰਦ੍ਰਹੜਾ ਸੋਹੀਆ ਕੀ ਧੁਨਿ।

੨. ਗਉੜੀ ਕੀ ਵਾਰ ਮ: ੫, ਰਾਇ ਕਮਾਲ ਦੀ ਮੌਜਦੀ ਕੀ ਧੁਨਿ।

੩. ਵਾਰ ਆਸਾ ਮ: ੧, ਟੁੰਡੇ ਅਸਰਾਜੇ ਕੀ ਧੁਨਿ।

੪. ਗੂਜਰੀ ਕੀ ਵਾਰ ਮ: ੩, ਸਿਕੰਦਰ ਬਿਰਾਹਮ ਕੀ ਧੁਨਿ।

੫. ਵਡਹੰਸ ਦੀ ਵਾਰ ਮ: ੪, ਲਲਾ ਬਹਿਲੀਮਾ ਕੀ ਧੁਨਿ।

੬. ਰਾਮਕਲੀ ਵਾਰ ਮ: ੩, ਜੋਧੈ ਵੀਰੈ ਪੂਰਬਾਣੀ ਕੀ ਧੁਨਿ।

੭. ਸਾਰੰਗ ਦੀ ਵਾਰ ਮ: ੪, ਰਾਇ ਮਹਮੇ ਹਸਨੇ ਕੀ ਧੁਨਿ।

੮. ਵਾਰ ਮਲਾਰ ਮ: ੧, ਰਾਣੇ ਕੈਲਾਸ਼ ਤਥਾ ਮਾਲ ਦੇਉ ਕੀ ਧੁਨਿ।

੯. ਕਾਨੜੇ ਕੀ ਵਾਰ ਮ: ੪, ਮੂਸੇ ਕੀ ਵਾਰ ਕੀ ਧੁਨਿ।

ਇਕ ਸੁਆਦਲੀ ਗਲ ਹੋਰ ਹੈ ਕਿ ਗੁਰਬਾਣੀ ਅਜਿਹੇ ਢੰਗ ਨਾਲ ਉਚਾਰਣ ਕੀਤੀ ਗਈ ਹੈ ਕਿ ਕੋਈ ਪੁਰਾਤਨ ਰਾਗ ਜਾਂ ਸੁਰ-ਤਾਲ ਜਾਂ ਅਜਕਲ ਦੇ ਸਿਨਮਿਆਂ ਦੀ ਕੋਈ ਤਰਜ਼ ਲੈ ਲਵੋ, ਬਾਣੀ ਉਸ ਵਿਚ ਗਾਈ ਜਾ ਸਕਦੀ ਹੈ। ਮੁੱਕਦੀ ਗਲ, ਗੁਰੂ ਜੀ ਨੇ ਸੰਗੀਤ ਤੇ ਕਾਵਿ ਵਿਚ ਵੀ ਕਮਾਲ ਕੀਤਾ ਹੈ।

ਕਾਵਯ—

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕਾਵਯ ਵਿਚ ਹੈ। ਇਸ ਵਿਚ ਸਲੋਕ, ਸ਼ਬਦ, ਅਸ਼ਟਪਦੀ, ਸਵਈਏ, ਝੂਲਨਾ, ਦੋਹਰਾ, ਸੋਰਠਾ,

ਇਕਤੁਕੇ, ਦੁਤੁਕੇ, ਤਿਤੁਕੇ, ਪੰਚਪਦੇ, ਸੋਹਲੇ, ਛੰਤ, ਛਕੇ, ਕਾਫੀ, ਗਾਥਾ ਆਦਿਕ ਛੰਦ ਉਚਾਰਣ ਕੀਤੇ ਗਏ ਹਨ। ਸਾਡੇ ਦੇਸ਼ ਵਿਚ ਖੁਸ਼ੀ ਵਿਚ ਕਾਵਯ ਨੂੰ ਵਰਤਦੇ ਹਨ। ਵਿਆਹ ਸਮੇਂ ਗੀਤ, ਸਿਠਣੀਆਂ, ਸੁਹਾਗ, ਘੋੜੀ ਆਦਿਕ ਕਵਿਤਾ ਵਿਚ ਹਨ। ਮ੍ਰਿਤਕ ਸਮੇਂ ਵੈਣ ਤੇ ਅਲਾਹਣੀਆਂ। ਬਾਰਾਂ ਮਾਹ, ਵਾਰਾਂ ਅਤੇ ਰੁੱਤਾਂ ਤੇ ਕਵਿਤਾ ਲਿਖੀ ਗਈ। ਬਾਰਾਂ ਤੇ ਬੋਲਿਆਂ ਵਿਚ ਗਊਆਂ ਮਹੀਆਂ ਚਰਾਂਦੇ ਵਾਗੀ ਢੋਲੇ ਗਾਂਦੇ ਹਨ। ਗੁਰੂ ਜੀ ਨੇ ਮਨੁੱਖ ਨੂੰ ਵਾਹਿਗੁਰੂ ਨਾਲ ਜੋੜਨ ਲਈ ਬਾਣੀ ਉਚਾਰਨ ਕੀਤੀ ਹੈ। ਖੁਸ਼ੀ ਵਿਚ ਉਸ ਨੂੰ ਭੁੱਲ ਨ ਜਾਵੇ, ਇਸ ਲਈ ਵਿਆਹ ਸਮੇਂ ਦੇ ਛੰਦ, ਘੋੜੀਆਂ ਅਤੇ ਲਾਵਾਂ ਉਚਾਰਨ ਕੀਤੀਆਂ। ਬਾਰਾਂ ਮਾਹ, ਥਿਤੀ ਅਤੇ ਵਾਰ ਕਥਨ ਕੀਤੇ ਹਨ। ਗਮੀ ਵਿਚ ਉੱਕਾ ਨਿੱਘਰ ਨਾ ਜਾਏ, ਇਸ ਲਈ ਅਲਾਹਣੀਆਂ ਵਿਚ ਆਤਮਕ ਉਪਦੇਸ਼ ਕੀਤਾ ਹੈ। ਸਾਰੇ ਗੁਰੂ ਇਕ ਰੂਪ ਸਨ, ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਹੋਏ ਦਸ ਸਤਿਗੁਰਾਂ 'ਚੋਂ, ਬਿਨਾਂ ਦਸਮ ਪਾਤਸ਼ਾਹ ਦੇ, ਛੇ ਗੁਰੂਆਂ ਨੇ ਆਪਣੀ ਬਾਣੀ ਦੇ ਅੰਤ ਵਿਚ 'ਨਾਨਕ' ਨਾਂ ਵਰਤਿਆ ਹੈ।

ਬੋਲੀਆਂ ਦੀ ਵਰਤੋਂ—

ਗੁਰਬਾਣੀ ਆਤਮਕ ਗਿਆਨ ਹੈ। ਸੰਗੀਤ ਤੇ ਕਾਵਯ ਆਦਿਕ ਦਾ ਭੰਡਾਰ ਹੋਣ ਨਾਲ ਕਈ ਬੋਲੀਆਂ ਦਾ ਖਜ਼ਾਨਾ ਵੀ ਹੈ। ਬਾਣੀ ਵਿਚ ਪ੍ਰਧਾਨ ਪੁਰਾਣੀ ਪੰਜਾਬੀ ਅਤੇ ਸੰਤ ਭਾਸ਼ਾ ਹੈ। ਪ੍ਰਾਕ੍ਰਿਤ ਅਤੇ ਹਿੰਦੀ ਦੀ ਵਰਤੋਂ ਕਾਫੀ ਕੀਤੀ ਗਈ ਹੈ। ਇਸ ਤੋਂ ਬਿਨਾਂ ਅਣਗਿਣਤ ਸ਼ਬਦ ਸੰਸਕ੍ਰਿਤ ਅਤੇ ਭਾਰਤ ਦੀਆਂ ਪ੍ਰਾਂਤਕ ਬੋਲੀਆਂ ਦੇ ਮਿਲਦੇ ਹਨ। ਵਿਦੇਸ਼ੀ ਬੋਲੀਆਂ ਵਿਚੋਂ ਅਰਬੀ ਅਤੇ ਫ਼ਾਰਸੀ ਦੇ ਬਹੁਤ ਸਾਰੇ ਸ਼ਬਦ ਮਿਲਦੇ ਹਨ। ਉਦਾਹਰਣ ਲਈ ਰਾਜ਼ਕ, ਰਹੀਮ, ਹੁਜਰਾ, ਖੁਸ਼ਮ, ਦਰਗੋਸ਼, ਪਾਕ ਪ੍ਰਵਰਦਗਾਰ, ਪੁਲਸਰਾਤ ਆਦਿਕ ਅਰਬੀ ਫ਼ਾਰਸੀ ਦੇ ਸ਼ਬਦ ਹਨ। ਹਿੰਦੀ ਬੋਲੀਆਂ ਵਿਚੋਂ ਪ੍ਰਬ—ਪੂਰਬ ਪਹਿਲੇ **'ਪ੍ਰਬ ਜਿਨਹੁ ਸੇਵਾ ਕਰੀਆ ॥'** ਸਵੱਦੀਏ ਪਾਲੀ ਜ਼ਬਾਨ ਦਾ ਸ਼ਬਦ ਹੈ, ਜੋ ਲੰਕਾ ਵਿਚ ਬੋਲੀ

ਜਾਂਦੀ ਹੈ। ਜਿਸ ਵਿਚ ਬੁੱਧ ਧਰਮ ਦੇ ਕਈ ਪੁਰਾਣੇ ਗ੍ਰੰਥ ਲਿਖੇ ਹੋਏ ਮਿਲਦੇ ਹਨ। ਬੀਠਲ, ਤਾਂਢੇ, ਰੀ ਬਾਈ, ਜਾਪੀਅਲੇ ਮਰਾਠੀ ਦੇ ਸ਼ਬਦ ਹਨ। ਡੂੰਘਰ—ਰੇਤ ਦਾ ਟਿੱਬਾ, ਲਾਪਸੀ—ਦਲੀਆ ਗੁਜਰਾਤੀ ਦੇ ਸ਼ਬਦ ਹਨ। ਨ ਚਉ—ਬੋਲ ਜਾਂ ਕਹੋ ਸਿੰਧੀ ਹੈ, ਯਥਾ **'ਤੂ ਚਉ ਸਜਣ ਮੈਡਿਆ'**। ਗੋਰੂ—ਗਊਆਂ ਦਾ ਰਖਵਾਲਾ ਅਤੇ ਦਗਰਾ—ਸਾਥੀ, ਰ.ੜ੍ਹ-ਵਾਲੀ ਦੇ ਸ਼ਬਦ ਹਨ।। ਜੁਲਈ—ਜਾਣਾ ਪੋਠੋਹਾਰੀ ਦਾ ਸ਼ਬਦ ਹੈ।

ਗੁਰੂ ਜੀ ਜਿਸ ਦੇਸ਼ ਵਿਚ ਗਏ ਹਨ, ਉਥੇ ਉਨ੍ਹਾਂ ਨੇ ਉਸ ਦੇਸ਼ ਦੀ ਆਮ ਫ਼ਹਿਮ ਬੋਲੀ ਵਿਚ ਉਪਦੇਸ਼ ਕਰਨ ਦਾ ਯਤਨ ਕੀਤਾ ਹੈ। ਇਸ ਤੋਂ ਬਿਨਾਂ ਹੋਰ ਬਹੁਤ ਸਾਰੇ ਸੰਤਾਂ ਭਗਤਾਂ ਦੀ ਬਾਣੀ ਹੋਣ ਕਰਕੇ ਕਈ ਬੋਲੀਆਂ ਦੇ ਸ਼ਬਦ ਮਿਲਦੇ ਹਨ। ਮਜ਼ਬਾਂ ਵਿਚ ਜੋ ਪੁਰਾਣਾ ਵਹਿਮ ਸੀ ਕਿ ਰੱਬ ਦਾ ਗਿਆਨ ਸੰਸਕ੍ਰਿਤ, ਇਬਰਾਨੀ ਜਾਂ ਅਰਬੀ ਵਿਚ ਹੀ ਨਾਜ਼ਲ ਹੋਇਆ, ਇਸ ਨੂੰ ਸਤਿਗੁਰਾਂ ਪ੍ਰਵਾਨ ਨਹੀਂ ਕੀਤਾ। ਇਕ ਗਲ ਸ਼ੋਕ ਨਾਲ ਕਹਿਣੀ ਪੈਂਦੀ ਹੈ ਕਿ ਜਿਸ ਬਾਣੀ ਦਾ ਉਪਦੇਸ਼ ਸਾਰੇ ਜਗਤ ਨੂੰ ਦਿੱਤਾ ਗਿਆ, ਜਿਸ ਵਿਚ ਬੋਲੀਆਂ ਦੀ ਕੋਈ ਪਾਬੰਦੀ ਪ੍ਰਵਾਨ ਨਹੀਂ ਕੀਤੀ ਗਈ, ਉਹ ਬਾਣੀ ਅਜ ਸਿਰਫ਼ ਪੰਜਾਬੀ ਤੇ ਇਕ ਦੋ ਹੋਰ ਬੋਲੀਆਂ ਵਿਚ ਹੀ ਮਿਲ਼ਦੀ ਹੈ। ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਅੰਗਰੇਜ਼ੀ ਵਿਚ ਹੋਇਆ ਹੈ। ਸਾਡੀ ਰਾਇ ਹੈ ਕਿ ਮੂਲ ਨੂੰ ਕਾਇਮ ਰਖ ਕੇ ਦੁਨੀਆਂ ਦੀ ਹਰ ਬੋਲੀ ਵਿਚ ਗੁਰਬਾਣੀ ਦੇ ਅਨੁਵਾਦ ਹੋਣੇ ਚਾਹੀਦੇ ਹਨ, ਤਾਂ ਹੀ ਸਿੱਖੀ ਪ੍ਰਫੁੱਲਤ ਹੋ ਸਕੇਗੀ।

ਗੁਰਬਾਣੀ ਧੁਰੋਂ ਆਈ ਹੈ, ਇਸ ਲਈ ਇਸ ਵਿਚ ਉਦੇਸ਼ ਪ੍ਰਭਾਵ ਤੇ ਰਸ ਦੀ ਏਕਤਾ ਪਾਈ ਜਾਂਦੀ ਹੈ। ਯਥਾਰਥ ਗਿਆਨ ਹੈ। ਫਿਰ ਵੀ ਇਸ ਰੱਬੀ ਗਿਆਨ ਨੇ ਜਿਸ ਨਿਰਮਲ ਹਿਰਦੇ 'ਚ, ਜਿਸ ਰੰਗ ਵਿਚ ਉਛਾਲਾ ਖਾਧਾ ਹੈ, ਉਸ ਦਾ ਅਸਰ ਬਾਣੀ ਤੋਂ ਸਪੱਸ਼ਟ ਪ੍ਰਗਟ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਦੀ ਬਾਣੀ ਸਿਧਾਂਤਾਂ ਦੇ ਲਿਹਾਜ਼ ਨਾਲ ਬਹੁਤ ਗੂੜ੍ਹੀ ਹੈ। ਇਸ ਵਿਚ ਬਹੁਤ ਸਾਰੀ ਧਾਰਮਿਕ ਫ਼ਿਲਾਸਫ਼ੀ ਕਥਨ ਕੀਤੀ-ਗਈ ਹੈ

ਹੈ। ਇਸ ਵਿਚ ਭਗਤੀ, ਪ੍ਰੇਮ, ਗਿਆਨ, ਵੈਰਾਗ, ਨਿਰਭੈਤਾ ਆਦਿ ਬਹੁਤ ਸਾਰੇ ਗੁਣ ਪਾਏ ਜਾਂਦੇ ਹਨ। ਗੂੜ੍ਹ ਹੋਣ ਕਰਕੇ ਸਮਝਣ ਲਈ ਮਿਹਨਤ ਦੀ ਲੋੜ ਹੈ। ਇਸ ਦੀ ਬੋਲੀ ਵੀ ਕਠਨ ਹੈ। ਕਈ ਇਕ ਮਹਾਨ ਅਤੇ ਅਟੱਲ ਸਚਾਈਆਂ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਕਥਨ ਕੀਤਾ ਹੈ। ਜਿਵੇਂ—

੧) ਮਨਿ ਜੀਤੈ ਜਗੁ ਜੀਤੁ ॥

੨) ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥

੩) ਨਾਨਕ ਦੁਖੀਆ ਸਭੁ ਸੰਸਾਰੁ ॥

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਸਾਰੇ ਗੁਰੂਆਂ ਨਾਲੋਂ ਥੋੜ੍ਹੀ ਹੈ। ਸਿਰਫ ੬੩ ਸਲੋਕ ਹਨ। ਸਿੱਖੀ ਨੂੰ ਅਮਲੀ ਤੌਰ ਤੇ ਪੇਸ਼ ਕਰਨ ਅਤੇ ਗੁਰੂ ਕਾ ਹੁਕਮ ਮੰਨਣ ਦਾ ਜੋ ਰਸ ਮਹਾਰਾਜ ਦੇ ਹਿਰਦੇ ਵਿਚ ਪ੍ਰਧਾਨ ਸੀ, ਉਸ ਨੇ ਬਾਣੀ ਵਿਚ ਉਛਾਲਾ ਮਾਰਿਆ ਹੈ। ਜਿਹਾ ਕਿ—

੧) ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥
ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥

੨) ਕਿਸਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥
ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥

ਤੀਸਰੀ ਪਾਤਸ਼ਾਹੀ ਨੇ ਬੜਾ ਪਵਿੱਤਰ ਧਾਰਮਿਕ ਜੀਵਨ ਬਤੀਤ ਕੀਤਾ ਸੀ, ਉਨ੍ਹਾਂ ਨੇ ਕਈ ਵੇਰ ਤੀਰਥ ਯਾਤਰਾ ਕੀਤੀ। ਬੜਾ ਕਰਮ-ਕਾਂਡ ਕੀਤਾ ਸੀ। ਗੁਰੂ ਕੇ ਮਿਲਾਪ ਨੇ ਉਨ੍ਹਾਂ ਵਿਚ ਇਕ ਅਸਚਰਜ ਪ੍ਰੀਵਰਤਨ ਲਿਆਂਦਾ। ਇਸ ਲਈ ਤੀਸਰੇ ਪਾਤਸ਼ਾਹ ਆਪਣੀ ਬਾਣੀ ਵਿਚ ਆਤਮਕ ਗਿਆਨ ਦੇ ਨਾਲ ਕਰਮ-ਕਾਂਡ ਸਬੰਧੀ ਸਮਾਲੋਚਨਾ ਕਰਦੇ ਹਨ। ਮਨ-ਹਠ ਤੇ ਹਉਮੈ ਤੋਂ ਵਰਜਦੇ ਹੋਏ ਗੁਰੂ-ਮਿਲਾਪ ਦੀ ਬਰਕਤ ਨੂੰ ਬਹੁਤ ਵਧੇਰੇ ਕਥਨ ਕਰਦੇ ਹਨ। ਗੁਰੂ ਦੇ ਮਿਲਾਪ ਨਾਲ ਵਾਹਿਗੁਰੂ ਦੀ ਪ੍ਰਾਪਤੀ ਤੇ ਸੱਚਾ ਸੁੱਖ ਪ੍ਰਾਪਤ ਹੁੰਦਾ ਹੈ। ਇਸ ਦਾ ਵਰਨਣ ਆਪ ਅਨੰਦੁ ਸਾਹਿਬ

ਵਿਚ ਕਰਦੇ ਹਨ। ਜਿਹੜੀਆਂ ਸਮਾਜਕ ਰਸਮਾਂ ਮਨੁੱਖ ਨੂੰ ਵਾਹਿਗੁਰੂ ਨਾਲੋਂ ਵਿਛੋੜਦੀਆਂ ਹਨ, ਉਨ੍ਹਾਂ ਤੋਂ ਸਿੱਖ ਨੂੰ ਬਚਣ ਲਈ ਉਪਦੇਸ਼ ਕਰਦੇ ਹਨ।

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਪ੍ਰੇਮ-ਭਗਤੀ ਤੇ ਗੁਰੂ ਸੇਵਾ ਦਾ ਸਮੁੰਦਰ ਠਾਠਾਂ ਪਿਆ ਮਾਰਦਾ ਹੈ। ਜਿਸ ਤਰ੍ਹਾਂ ਸਮੁੰਦਰ ਦੀਆਂ ਲਹਿਰਾਂ ਕਦੀ ਉੱਚੀਆਂ ਉਠਦੀਆਂ ਹਨ, ਕਦੀ ਨੀਵੀਆਂ ਹੋ ਤੁਰਦੀਆਂ ਹਨ, ਇਸੇ ਤਰ੍ਹਾਂ ਗੁਰਦੇਵ ਦੇ ਆਤਮਕ ਉਛਾਲੇ ਹਨ। ਸ਼ਬਦ ਨੂੰ ਕਥਨ ਕਰਦੇ ਹਨ ਤਾਂ ਉਸ ਦੀਆਂ ਕਈ ਤੁਕਾਂ ਬਹੁਤ ਲੰਮੀਆਂ ਹਨ, ਕਈ ਛੋਟੀਆਂ। ਵਰਤਮਾਨ ਨਵੀਨ ਖੁੱਲ੍ਹੀ ਕਾਵਯ ਵਾਂਗੂ ਜਜ਼ਬੇ ਨੂੰ ਕਥਨ ਕਰਦੇ ਹਨ, ਬੰਦਸ਼ ਦੀ ਪ੍ਰਵਾਹ ਨਹੀਂ ਕਰਦੇ। ਆਪ ਨੇ ਸ਼ਬਦਾਂ ਦੇ ਤੁਕਾਂਤ ਬੜੇ ਕਠਨ ਨਿਭਾਹੇ ਹਨ।

ਪੰਚਮ ਪਾਤਸ਼ਾਹ ਦੀ ਬਾਣੀ ਡਾਢੀ ਮਿਠੀ, ਸੌਖੀ, ਸਫਲ, ਭਾਵ-ਪੂਰਤ ਤੇ ਮਨ ਵਿਚ ਖੁਭ ਜਾਣ ਵਾਲੀ ਹੈ। ਈਸ਼ਵਰ ਭਗਤੀ ਤੇ ਗਿਆਨ ਦਾ ਹਲਾਰਾ ਦਿੰਦੀ ਹੈ। ਖਾਸ ਕਰਕੇ ਸੁਖਮਨੀ ਸਾਹਿਬ ਤਾਂ ਇਕ ਅਸਚਰਜ ਰਚਨਾ ਹੈ। ਜੋ ਸੁਰਤ ਨੂੰ ਵਿਸਮਾਦ ਵਿਚ ਤੇ ਉਸ ਤੋਂ ਪਰ੍ਹੇ ਵਾਹਿਗੁਰੂ ਵਿਚ ਲੈ ਜਾਂਦੀ ਹੈ।

ਹਿੰਦ-ਰਖਯਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਵੈਰਾਗ ਨੇ ਉਛਾਲਾ ਖਾਧਾ ਹੈ। ਸੰਸਾਰ ਤੋਂ ਉਪਰਾਮ ਨਹੀਂ ਕਰਦੀ, ਕਰਮ ਯੋਗੀ ਬਣਾਉਂਦੀ ਹੈ। ਪਰ ਨਾਲ ਹੀ ਵਿਸ਼ਿਆਂ ਵਿਕਾਰਾਂ ਤੋਂ ਉਦਿਆਂ ਉਠਾ ਕੇ ਬੁੱਧੀ ਨੂੰ ਨਿਰਮਲ ਕਰ ਦਿੰਦੀ ਹੈ। ਬਹੁਤ ਸੌਖੀ, ਭਾਵ-ਪੂਰਤ ਤੇ ਰਸ-ਦਾਇਕ ਹੈ। ਇਸ ਦੀ ਬੋਲੀ ਹਿੰਦੀ ਹੈ। ਅੰਤਮ ਸਲੋਕ ਤਾਂ ਅਸਚਰਜ ਰਚਨਾ ਹਨ। ਮਨ ਨੂੰ ਵਿਕਾਰਾਂ ਵਲੋਂ ਮੋੜ ਕੇ ਵਾਹਿਗੁਰੂ ਵਿਚ ਜੋੜਦੇ ਹਨ।

ਸਤਿਗੁਰਾਂ ਨੇ ਧਾਰਮਿਕ, ਆਤਮਕ ਤੇ ਇਖਲਾਕੀ ਸਿਧਾਂਤਾਂ ਨੂੰ ਗੁਰਬਾਣੀ ਵਿਚ ਵਰਣਨ ਕੀਤਾ ਹੈ। ਇਨ੍ਹਾਂ ਨੂੰ ਬਾਣੀ ਵਿਚੋਂ ਸਮਝਣਾ

ਰਤਾ ਇਸ ਲਈ ਕਠਨ ਹੈ ਕਿ ਇਹ ਦਾਰਸ਼ਨਿਕ ਵਿਚਾਰ ਸ਼ੈਲੀ (System of Phylosophy) ਵਾਂਗੂ ਇਕ ਥਾਂ ਤੇ ਕਥਨ ਨਹੀਂ ਕੀਤੇ। ਕਈ ਬਾਣੀਆਂ ਵਿਚ ਵਿਚਾਰਾਂ ਨੂੰ ਇਕ ਲੜੀ ਵਿਚ ਪਰੋਇਆ ਹੈ, ਪਰ ਆਮ ਸ਼ਬਦਾਂ ਵਿਚ ਇਸ ਦੀ ਪਾਬੰਦੀ ਨਹੀਂ ਕੀਤੀ ਗਈ। ਮਨ, ਆਤਮਾ, ਪਾਪ, ਪੁੰਨ ਆਦਿਕ ਜੋ ਪ੍ਰਮਾਰਥਕ ਵਿਸ਼ੇ ਕਹੇ ਹਨ, ਉਨ੍ਹਾਂ ਸਬੰਧੀ ਲਫ਼ਜ਼ੀ ਬਹਿਸ ਵਿਚ ਪੈਣ ਦੀ ਕੋਸ਼ਿਸ਼ ਨਹੀਂ ਕੀਤੀ। ਮਨ ਕੀ ਹੈ? ਇਸ ਦੇ ਲੱਛਣ ਕਰਨ ਉਤੇ ਜ਼ੋਰ ਨਹੀਂ ਦਿੱਤਾ।

ਸੁਖਮਨੀ ਉਤੇ ਸਮਾਲੋਚਨਾ ਕਰਦੇ ਹੋਏ ਸ੍ਰੀ ਧ੍ਰਤ ਸਚਦਾ ਨੰਦ ਤਿਵਾੜੀ ਐਮ. ਏ. ਨੇ ਲਿਖਿਆ ਹੈ—

'ਸੁਖਮਨੀ ਵਿਚ ਜੋ ਵਿਸ਼ਯ ਕਥਨ ਕੀਤਾ ਗਿਆ ਹੈ, ਉਸ ਦੀ ਮਹਿਮਾ ਇਤਨੀ ਗਾਈ ਹੈ ਕਿ ਪੜ੍ਹਦਿਆਂ ਪੜ੍ਹਦਿਆਂ ਪਾਠਕ ਦਾ ਚਿੱਤ ਉਸ ਵਿਚ ਡੁੱਬ ਜਾਂਦਾ ਹੈ। ਚੰਗਾ ਹੁੰਦਾ ਜੇਕਰ ਇਸ ਵਿਚ ਉਨ੍ਹਾਂ ਸਾਤ-ਵਿਕ ਗੁਣਾਂ ਜਾਂ ਪਦਾਰਥਾਂ ਦੇ ਲੱਛਣ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਦੇ ਸਾਧਨ ਵੀ ਦਸੇ ਜਾਂਦੇ।[੧]

ਅਸਲ ਗਲ ਇਹ ਹੈ ਕਿ ਹਿੰਦੁਸਤਾਨ ਵਿਚ ਮਨ, ਬੁੱਧ, ਚਿੱਤ, ਹੰਕਾਰ, ਆਤਮਾ, ਪਾਪ, ਪੁੰਨ, ਬ੍ਰਹਮ ਗਿਆਨ, ਸਤਿ ਸੰਤੋਖ ਆਦਿਕ ਸਬੰਧੀ ਲੱਛਣਾਂ ਦੀ ਬਹਿਸ ਬਹੁਤ ਹੋ ਚੁੱਕੀ ਸੀ। ਦਾਰਸ਼ਨਿਕ ਵਿਚਾਰ ਸ਼ੈਲ਼ੀ ਬਣੀ ਹੋਈ ਸੀ। ਲੋਕਾਂ ਨੇ ਆਤਮ-ਗਿਆਨ ਨੂੰ ਬੁੱਧੀ ਦਾ ਇਕ ਸੁਗਲ ਬਣਾਇਆ ਹੋਇਆ ਸੀ। ਸਤਿਗੁਰਾਂ ਨੇ ਬਾਣੀ ਵਿਚ ਫੋਕੇ ਲਫ਼ਜ਼ੀ ਗਿਆਨ ਨੂੰ ਮਹਾਨਤਾ ਨਹੀਂ ਦਿੱਤੀ, ਆਤਮਕ ਗਿਆਨ ਤੇ ਕਰਮ ਯੋਗ ਨੂੰ ਬਿਆਨ ਕੀਤਾ ਹੈ।

ਚੂਕਿ ਸਾਰੇ ਸਿਧਾਂਤ ਤੇ ਆਤਮਕ ਵਿਚਾਰ ਇਕ ਥਾਂ ਇਕ ਲੜੀ

---

੧. ਨਾਗਰੀ ਪ੍ਰਚਾਰਨੀ ਪੱਤ੍ਰਕਾ, ਮਹੀਨਾ ਸਾਵਣ ੧੯੯੭ ਬਿ:, ਪੰਨਾ ੧੯੦-੯੧, ਗੁਟਕਾ ਗੁਰਮਤਿ ਪ੍ਰਕਾਸ਼ ਤੇ ਰੀਵਿਊ।

ਵਿਚ ਕਥਨ ਨਹੀਂ ਕੀਤੇ, ਇਸ ਲਈ ਉਨ੍ਹਾਂ ਨੂੰ ਮਲੂਮ ਕਰਨ ਲਈ ਖੋਜ ਦੀ ਲੋੜ ਪੈਂਦੀ ਹੈ। ਕਈ ਵੇਰ ਬਾਣੀ ਵਿਚ ਇਕ ਦੂਸਰੇ ਦੇ ਵਿਰੁੱਧ ਖਿਆਲ ਪ੍ਰਤੀਤ ਹੁੰਦੇ ਹਨ। ਵਾਸਤਵ ਵਿਚ ਬਾਣੀ ਵਿਚ ਸਿਧਾਂਤਾਂ ਦੀ ਇਕਸਾਰਤਾ ਹੈ, ਕੋਈ ਵਿਰੋਧ ਨਹੀਂ। ਹਾਂ, ਅਵਸਥਾ ਜਾਂ ਅਸਥਾਨ ਦਾ ਭੇਦ ਹੋਣ ਕਰਕੇ ਇਹ ਗਲ ਪ੍ਰਤੀਤ ਹੁੰਦੀ ਹੈ। ਵਿਚਾਰ ਨਾਲ ਇਸ ਦਾ ਨਿਰਣਾ ਹੋ ਜਾਂਦਾ ਹੈ।

ਬਾਣੀ ਦੇ ਰੂਪ—

ਸਾਰੀ ਬਾਣੀ ਨੂੰ ਧਿਆਨ ਨਾਲ ਪੜ੍ਹਿਆਂ ਇਉਂ ਮਾਲੂਮ ਹੁੰਦਾ ਹੈ ਕਿ ਗੁਰਬਾਣੀ ਇਨ੍ਹਾਂ ਪੰਜਾਂ ਰੂਪਾਂ ਵਿਚ ਉਚਾਰਨ ਕੀਤੀ ਗਈ ਹੈ—

੧) **ਉਪਦੇਸ਼ ਰੂਪ**—ਸ਼ਬਦਾਂ ਦੀ ਭਾਰੀ ਬਹੁ-ਗਿਣਤੀ ਇਸ ਭਾਗ ਵਿਚ ਆਉਂਦੀ ਹੈ।

੨) **ਪਰਥਾਇ ਸ਼ਬਦ**—ਵਾਹਿਗੁਰੂ ਨਾਲੋਂ ਕੋਈ ਟੁੱਟੀ ਹੋਈ ਜਾਂ ਵਿਗੜੀ ਹੋਈ ਆਤਮਾ ਗੁਰੂ-ਜੋਤੀ ਦੇ ਸਾਹਮਣੇ ਆਈ, ਕੋਈ ਬਾਹਰ-ਮੁਖੀ ਘਟਨਾ ਹੋਈ, ਉਸ ਵਕਤ ਅੰਤਰ-ਆਤਮੇ ਹੋ ਕੇ, ਵਾਹਿਗੁਰੂ ਵਿਚ ਲੀਨ ਹੋ ਕੇ ਜੋ ਬਾਣੀ ਉਚਾਰਣ ਕੀਤੀ ਗਈ, ਅਜਿਹੇ ਸ਼ਬਦਾਂ ਨੂੰ ਸਮਝਣ ਲਈ ਸਤਿਗੁਰਾਂ ਦੇ ਇਤਿਹਾਸ ਨੂੰ ਪੜ੍ਹਨ ਦੀ ਲੋੜ ਪੈਂਦੀ ਹੈ। ਬਾਣੀ ਇਤਿਹਾਸਕ ਨਹੀਂ, ਉਹ ਆਪਣੇ ਰੂਪ ਵਿਚ ਹੀ ਹੈ। ਪਰ ਕਿਸੇ ਘਟਨਾ ਸਮੇਂ ਉਚਾਰਨ ਕੀਤੀ ਗਈ ਹੈ। ਉਦਾਹਰਣ ਲਈ ਤਲੰਬੇ ਵਿਚ ਜਗਤ-ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਸੱਜਣ ਠੱਗ ਨੂੰ ਉਪਦੇਸ਼ ਕਰਦੇ ਹਨ—

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥

[ਸੂਹੀ

ਹਿੰਦੁਸਤਾਨ ਉਤੇ ਬਾਬਰ ਚੜ੍ਹ ਕੇ ਆਇਆ, ਮੁਗਲਾਂ ਤੇ ਪਠਾਣਾਂ ਵਿਚਕਾਰ ਸਖਤ ਲੜਾਈ ਹੋਈ, ਦੇਸ਼ ਦੀ ਤਬਾਹੀ ਤੇ ਬਰਬਾਦੀ ਹੋਈ।

ਉਸ ਵਕਤ ਦੀ ਦਰਦਨਾਕ ਦਸ਼ਾ ਵੇਖ ਕੇ ਸਤਿਗੁਰੂ ਵਾਹਿਗੁਰੂ ਨਾਲ ਜੁੜੇ, ਬਾਣੀ ਆਈ। ਆਪ ਨੇ ਫੁਰਮਾਇਆ—

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥

[੩੬੦]

ਸ੍ਰੀ ਗੁਰੂ ਰਾਮਦਾਸ ਜੀ ਦਾ ਪੁੱਤਰ ਪ੍ਰਿਥੀ ਚੰਦ ਗੁਰਗਦੀ ਲਈ ਵਾਦ-ਵਿਵਾਦ ਕਰਦਾ ਹੈ। ਗੁਰੂ ਜੀ ਅੰਤਰ-ਮੁਖੀ ਹੋ ਕੇ ਵਾਹਿਗੁਰੂ ਨਾਲ ਜੁੜੇ, ਪ੍ਰਿਥੀ ਚੰਦ ਨੂੰ ਸਮਝਾਉਣ ਲਈ ਫੁਰਮਾਇਆ—

ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ
ਤਿਨ ਸਿਉ ਝਗਰਤ ਪਾਪ ॥

[ਸਾਰੰਗ ਮ: ੪, ਪੰਨਾ ੧੨੦੦]

ਪੰਚਮ ਪਾਤਸ਼ਾਹ ਤੇ ਦਿੱਲੀ ਤੋਂ ਮੁਗ਼ਲ ਫੌਜਦਾਰ ਸੁਲਹੀ ਖਾਂ ਚੜ੍ਹ ਕੇ ਆਇਆ। ਕਿਸੇ ਅਣ-ਡਿਠ ਸ਼ਕਤੀ ਨੇ ਰਾਹ ਵਿਚ ਉਸ ਦੀ ਮੌਤ ਕਰ ਦਿੱਤੀ। ਉਸ ਸਮੇਂ ਮਹਾਰਾਜ ਦੀ ਸੁਰਤ ਵਾਹਿਗੁਰੂ ਨਾਲ ਜੁੜੀ ਤੇ ਬਚਨ ਹੋਇਆ—

ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ,
ਸੁਲਹੀ ਹੋਇ ਮੂਆ ਨਾਪਾਕੁ ॥

[ਪੰਨਾ ੮੨੫]

ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਸੀਤਲਾ ਨਿਕਲੀ, ਉਹ ਰਾਜ਼ੀ ਹੋ ਗਏ।

ਪੰਚਮ ਪਾਤਸ਼ਾਹ ਵਾਹਿਗੁਰੂ ਦਾ ਸ਼ੁਕਰ ਕਰਦੇ ਹੋਏ ਕਹਿੰਦੇ ਹਨ—

ਸੀਤਲਾ ਤੇ ਰਖਿਆ ਬਿਹਾਰੀ ॥
ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥੧॥

[ਗਉੜੀ, ਪੰਨਾ ੨੦੦]

ਇਸ ਕਿਸਮ ਦੇ ਸ਼ਬਦ ਗਿਣਤੀ ਵਿਚ ਬਹੁਤੇ ਨਹੀਂ। ਇਨ੍ਹਾਂ ਦਾ ਮਕਸਦ ਕਿਸੇ ਬਾਹਰਲੀ ਘਟਨਾ ਨੂੰ ਦੇਖ ਕੇ ਅੰਤਰ-ਮੁਖੀ ਹੋ ਕੇ ਵਾਹਿਗੁਰੂ ਨਾਲ ਜੁੜਨਾ ਜਾਂ ਜੋੜਨਾ ਹੀ ਹੈ।

ਅੰਤ੍ਰੀਵ ਸ਼ਬਦ—

ਮਹਾਂ ਪੁਰਸ਼ ਕਈ ਵੇਰ ਅਜਿਹੇ ਬਚਨ ਕਰਦੇ ਹਨ, ਜਿਨ੍ਹਾਂ ਸ਼ਬਦਾਂ ਦੇ ਬਾਹਰ-ਮੁਖੀ ਅਰਥ ਹੋਰ ਹੁੰਦੇ ਹਨ, ਪਰ ਅੰਤ੍ਰੀਵ ਭਾਵ ਕੁਝ ਹੋਰ ਹੁੰਦਾ ਹੈ। ਜਿਹਾ ਕਿ ਈਸਾ ਕਹਿੰਦਾ ਹੈ—'ਸੂਰਾਂ ਅਗੇ ਮੋਤੀ ਨਹੀਂ ਸੁੱਟਣੇ।' ਇਸ ਦਾ ਮਤਲਬ ਇਹ ਹੈ ਕਿ ਨਿਗੁਣੇ ਪੁਰਸ਼ਾਂ ਪਾਸ ਉੱਤਮ ਵਿਚਾਰ ਪ੍ਰਗਟ ਨਹੀਂ ਕਰਨੇ, ਕਿਉਂਕਿ ਉਹ ਕਦਰ ਨਹੀਂ ਕਰ ਸਕਦੇ। ਗੁਰਬਾਣੀ ਵਿਚ ਕੁਝ ਸ਼ਬਦ ਅਜਿਹੇ ਹਨ, ਜਿਨ੍ਹਾਂ ਦੇ ਬਾਹਰ-ਮੁਖੀ ਅਰਥ ਹੋਰ ਅਤੇ ਭਾਵ ਕੁਝ ਹੋਰ ਹੈ। ਉਦਾਹਰਣ ਲਈ ਵੇਖੋ—

ਈਧਨ ਤੇ ਬੈਸੰਤਰੁ ਭਾਗੈ ॥
ਮਾਟੀ ਕਉ ਜਲੁ ਦਹਦਿਸ ਤਿਆਗੈ ॥
ਊਪਰਿ ਚਰਨ ਤਲੈ ਆਕਾਸੁ ॥
ਘਟ ਮਹਿ ਸਿੰਧੁ ਕੀਓ ਪਰਗਾਸੁ ॥

[ਰਾਮਕਲੀ ਮ: ੫, ਪੰਨਾ ੯੦੦]

ਭਾਵ—ਲੱਕੜੀ ਦੇ ਅੰਦਰ ਅੱਗ ਹੈ ਪਰ ਸਾੜਦੀ ਨਹੀਂ। ਧਰਤੀ ਦੇ ਸਾਰੇ ਪਾਸੇ ਜਲ ਹੈ, ਪਰ ਡੋਬਦਾ ਨਹੀਂ। ਮਨੁੱਖ ਦੇ ਸਰੀਰ ਵਿਚ ਅੱਗ ਹੈ, ਪਰ ਸਰੀਰ ਨੂੰ ਨਹੀਂ ਸਾੜਦੀ। ਪਾਣੀ ਹੈ, ਪਰ ਉਹ ਮਿੱਟੀ ਨੂੰ ਨਸ਼ਟ ਨਹੀਂ ਕਰਦਾ। ਹਿਰਦੇ ਰੂਪ ਘੜੇ ਵਿਚ ਸਮੁੰਦਰ (ਵਾਹਿਗੁਰੂ) ਦਾ ਪ੍ਰਕਾਸ਼ ਹੈ।

ਸਸੂ ਤੇ ਪਿਰਿ ਕੀਨੀ ਵਾਖਿ ॥
ਦੇਰ ਜਿਠਾਣੀ ਮੁਈ ਦੂਖਿ ਸੰਤਾਪਿ ॥

[ਆਸਾ ਮ: ੫, ਪੰਨਾ ੩੭੦]

ਭਾਵ—ਵਾਹਿਗੁਰੂ ਪਤੀ ਨੇ ਮਾਇਆ ਰੂਪ ਸੱਸ ਤੋਂ ਵੱਖਰਾ ਕਰ ਦਿੱਤਾ ਹੈ। ਆਸਾ ਤ੍ਰਿਸਨਾ ਰੂਪ ਦਿਉਰ ਜਠਾਣੀ ਦੁੱਖ ਨਾਲ ਮਰ ਗਏ।

ਢੋਲੁ ਰਬਾਬੀ ਬਲਦੁ ਪਖਾਵਜ,
ਕਊਆ ਤਾਲ ਬਜਾਵੈ ॥

[ਆਸਾ ਕਬੀਰ ਜੀ, ਪੰਨਾ ੪੭੭]

ਪਹਿਲਾ ਪੂਤੁ ਪਿਛੈ ਰੀ ਮਾਈ ॥
ਗੁਰ ਲਾਗੋ ਚੇਲੇ ਕੀ ਪਾਈ ॥

[ਆਸਾ ਕਬੀਰ ਜੀ, ਪੰਨਾ ੪੮੧]

ਇਨ੍ਹਾਂ ਸ਼ਬਦਾਂ ਵਿਚ ਮਨੁੱਖ ਦੀਆਂ ਮਨੋ-ਬ੍ਰਿਤੀਆਂ ਨੂੰ ਬਾਹਰ-ਮੁਖੀ ਪਦਾਰਥਾਂ ਜਾਂ ਪਸ਼ੂਆਂ ਦੀਆਂ ਮਨੋ-ਬ੍ਰਿਤੀਆਂ ਨਾਲ ਉਪਮਾ ਦੇ ਕੇ ਉਪਦੇਸ਼ ਕੀਤਾ ਹੈ। ਆਦਮੀ ਦਾ ਮਨ ਬਹੁਤ ਮਸਤ ਹੁੰਦਾ ਹੈ, ਉਸ ਨੂੰ ਹਾਥੀ ਨਾਲ, ਲੋਭ ਨੂੰ ਭੈਂਸੇ ਨਾਲ, ਚਿੱਤ ਨੂੰ ਕਛੂਏ ਨਾਲ, ਨਿਮ੍ਰਤਾ ਨੂੰ ਕੀੜੀ ਨਾਲ ਤਸ਼ਬੀਹ ਦਿੱਤੀ ਹੈ। ਬਾਣੀ ਵਿਚ ਅਜਿਹੇ ਸ਼ਬਦ ਬਹੁਤ ਹੀ ਥੋੜ੍ਹੇ ਹਨ ਇਕ ਗਲ ਚੇਤੇ ਰਖਣ ਵਾਲੀ ਹੈ ਕਿ ਗੁਰਬਾਣੀ ਵਿਚ ਕੋਈ ਸ਼ਬਦ ਐਸਾ ਨਹੀਂ, ਜਿਸ ਨੂੰ ਸਪੱਸ਼ਟ ਨਹੀਂ ਕੀਤਾ ਗਿਆ। ਬਾਣੀ ਦੇ ਗੂੜ੍ਹ ਅਰਥ ਬਾਣੀ ਵਿਚੋਂ ਹੀ ਮਿਲ ਜਾਂਦੇ ਹਨ। ਸੋਰਠ ਰਾਗ ਵਿਚ ਗੁਰੂ ਅਮਰਦਾਸ ਜੀ ਨੇ ਫੁਰਮਾਇਆ—

ਥਾਲੈ ਵਿਚਿ ਤੈ ਵਸਤੂ ਪਈਓ
ਹਰਿ ਭੋਜਨੁ ਅੰਮ੍ਰਿਤੁ ਸਾਰੁ ॥

ਇਹ ਤਿੰਨ ਵਸਤਾਂ ਕਿਹੜੀਆਂ ਹਨ? ਇਸ ਨੂੰ ਪੰਚਮ ਪਾਤਸ਼ਾਹ ਨੇ ਅੰਤਮ ਮੁੰਦਾਵਣੀ ਵਿਚ ਸਪੱਸ਼ਟ ਕਰ ਦਿੱਤਾ ਹੈ।

ਅਲੰਕਾਰ ਤੇ ਕਟਾਖਸ਼ ਰੂਪ ਵਿਚ ਬਾਣੀ—

ਸਤਿਗੁਰਾਂ ਦੀ ਉਚੀ ਸੁਰਤ ਨੇ ਸਿਰਜਨਹਾਰ ਦੀ ਪ੍ਰਾਕ੍ਰਿਤਕ ਰਚਨਾ ਨਾਲ ਜੁੜ ਕੇ ਅਲੰਕਾਰ ਤੇ ਕਟਾਖਸ਼ ਰੂਪ ਬਚਨ ਵੀ ਕੀਤੇ ਹਨ।

ਭਾਵ ਇਨ੍ਹਾਂ ਦਾ ਅਸਲੇ ਨਾਲ ਜੁੜਨਾ ਹੀ ਹੈ। ਜਿਹਾ ਕਿ—

ਤੂੰ ਸੁਣਿ ਹਰਣਾ ਕਾਲਿਆ, ਕੀ ਵਾੜੀਐ ਰਾਤਾ ਰਾਮ ॥

[ਆਸਾ ਮ: ੧, ਪੰਨਾ ੪੩੮]

ਮੋਰੀ ਰੁਣ ਝੁਣ ਲਾਇਆ, ਭੈਣੇ ਸਾਵਣੁ ਆਇਆ ॥

[ਵਡਹੰਸ ਮ: ੧]

ਪੰਚਮ ਪਾਤਸ਼ਾਹ ਦੀ ਸੁਰਤ ਸੁਪਨੇ ਵਿਚ ਨਿਰੰਕਾਰ ਨਾਲ ਜੁੜੀ। ਅੰਦਰ ਕੋਈ ਨੂਰੀ ਝਲਕ ਪਈ। ਉਸ ਨੂੰ ਬਾਣੀ ਵਿਚ ਇਉਂ ਕਥਨ ਕਰਦੇ ਹਨ—

ਸੁਪਨੇ ਊਭੀ ਭਈ ਗਹਿਓ ਕੀ ਨਾ ਅੰਚਲਾ ॥
ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬਚਲਾ ॥
ਖੋਜਉ ਤਾਕੇ ਚਰਣ ਕਹਹੁ ਕਤ ਪਾਈਐ ॥
ਹਰਿਹਾਂ ਸੋਈ ਜਤਨੁ ਬਤਾਇ ਸਖੀ ਪ੍ਰਿਉ ਪਾਈਐ ॥

[ਫੁਨਹੇ]

ਪੁਰਾਣੇ ਮਜ਼ਬੀ ਤੇ ਰਾਜਨੀਤਕ ਪ੍ਰਭਾਵਾਂ ਤੋਂ ਉਚੀ—

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਹਿੰਦੁਸਤਾਨ ਦੀ ਬਾਰ੍ਹਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਤਕ ਦੇ ਧਾਰਮਿਕ ਵਿਚਾਰਾਂ ਦਾ ਬਹੁਤ ਹਦ ਤਕ ਪਤਾ ਲੱਗਦਾ ਹੈ। ਕਈ ਆਦਮੀ ਜੋ ਬਾਣੀ ਜਾਂ ਗੁਰਮਤਿ ਸਿਧਾਂਤ ਨੂੰ ਗਹੁ ਨਾਲ ਨਹੀਂ ਪੜ੍ਹਦੇ, ਉਹ ਗੁਰਬਾਣੀ ਨੂੰ ਵੇਦਾਂਤ ਦੀ ਰੋਸ਼ਨੀ 'ਚ ਲੈਂਦੇ ਜਾਂ ਪੇਸ਼ ਕਰਦੇ ਹਨ। ਕਈ ਆਦਮੀ ਸੂਫ਼ੀ ਮਤ ਤੇ ਇਸਲਾਮ ਦੀ ਰੋਸ਼ਨੀ ਵਿਚ ਕਥਨ ਕਰਦੇ ਹਨ। ਹਕੀਕਤ ਇਹ ਹੈ ਕਿ ਸਤਿਗੁਰੂਆਂ ਨੇ ਆਪਣੇ ਸੁਤੰਤਰ ਵਿਚਾਰ ਦਿਤੇ ਹਨ। ਪੁਰਾਣੇ ਮਜ਼੍ਹਬੀ ਆਸਰਾਂ ਨੂੰ ਨਹੀਂ ਕਬੂਲਿਆ। ਹਿੰਦੁਸਤਾਨ ਵਿਚ ਉਪਨਿਸ਼ਦਾਂ ਸ਼ਾਸਤ੍ਰਾਂ ਅਰਥਾਤ ਫ਼ਿਲਾਸਫ਼ੀ ਦੀਆਂ ਜਨਮ-ਦਾਤਾ ਮੰਨੀਆਂ ਹਨ। ਉਪਨਿਸ਼ਦਾਂ, ਸ਼ਾਸਤ੍ਰਾਂ, ਗੀਤਾ ਅਤੇ ਸਿਮ੍ਰਤੀਆਂ ਤਕ ਨੇ ਵੇਦ ਦਾ ਆਸਰਾ ਲਿਆ ਹੈ।

ਇਨ੍ਹਾਂ ਵਿਚ ਭਾਵੇਂ ਵੇਦ 'ਤ੍ਰਿਗੁਣੀ ਬਾਣੀ' ਕਿਹਾ ਗਿਆ, ਪਰ ਉਸ ਤੋਂ ਇਨਕਾਰ ਨਹੀਂ ਕੀਤਾ। ਗੁਰੂ ਜੀ ਨੇ ਕਿਸੇ ਦਾ ਆਸਰਾ ਨਹੀਂ ਲਿਆ।

ਸ੍ਰੀ ਗੁਰੂ ਅਮਰਦਾਸ ਜੀ ਜਦ ਤੀਰਥਾਂ ਪਰ ਗਏ ਤਾਂ ਇਕ ਮੁਕਾਮ ਤੇ ਪੰਡਤਾਂ ਨੇ ਮਹਾਰਾਜ ਪਾਸ ਪ੍ਰਸ਼ਨ ਕੀਤਾ—'ਜਦ ਵੇਦ ਤੇ ਹੋਰ ਪੁਰਾਤਨ ਗ੍ਰੰਥ ਮੌਜੂਦ ਹਨ, ਫਿਰ ਗੁਰਬਾਣੀ ਲਿਖਣ ਦੀ ਕੀ ਲੋੜ ਹੈ?' ਗੁਰੂ ਜੀ ਨੇ ਉੱਤਰ ਦਿਤਾ—

ਜੈਸੇ ਧਰਤੀ ਊਪਰਿ ਮੇਘੁਲਾ[1] ਬਰਸਤ ਹੈ,
ਕਿਆ ਧਰਤੀ ਮਧੇ[2] ਪਾਣੀ ਨਾਹੀ ॥
ਜੈਸੇ ਧਰਤੀ ਮਧੇ ਪਾਣੀ ਪਰਗਾਸਿਆ,
ਬਿਨੁ ਪਗਾ[3] ਵਰਸਤ ਫਿਰਾਹੀ ॥

[ਗਉੜੀ ਮ: ੩]

ਭਾਵ ਪੁਰਾਤਨ ਧਰਮ ਗ੍ਰੰਥ ਧਰਤੀ ਦੇ ਜਲ ਦੀ ਤਰ੍ਹਾਂ ਹਨ। ਜਿਵੇ ਧਰਤੀ ਵਿਚੋਂ ਜਲ ਕੱਢਣ ਲਈ ਕਠਿਨ ਮਿਹਨਤ ਕਰਨੀ ਪੈਂਦੀ ਹੈ, ਇਸੇ ਤਰ੍ਹਾਂ ਪੁਰਾਤਨ ਗ੍ਰੰਥਾਂ 'ਚੋਂ ਗਿਆਨ ਪ੍ਰਾਪਤ ਕਰਨ ਲਈ ਮਿਹਨਤ ਦੀ ਲੋੜ ਹੈ। ਗੁਰੂ ਬਾਣੀ ਮੀਂਹ ਦੇ ਜਲ ਦੀ ਤਰ੍ਹਾਂ ਹੈ, ਜੋ ਸਭ ਤੇ ਵਰਸਦੀ ਹੈ। ਸਭ ਨੂੰ ਜੀਅ ਦਾਨ ਦਿੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਜਿਥੇ ਪੁਰਾਣਾ ਧਾਰਮਿਕ ਅਸਰ ਨਹੀਂ ਕਬੂਲ ਕੀਤਾ ਗਿਆ, ਉਥੇ ਨਾਲ ਹੀ ਕੋਈ ਰਾਜਨੀਤਕ ਅਸਰ ਵੀ ਕਬੂਲ ਨਹੀਂ ਕੀਤਾ। ਸਿੱਖ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਵਿਰੋਧੀਆਂ ਨੇ ਗੁਰੂ ਕੇ ਲੰਗਰ ਸਬੰਧੀ ਦਿੱਲੀ ਜਾ ਕੇ ਅਕਬਰ ਦੇ ਦਰਬਾਰ ਵਿਚ ਸ਼ਿਕਾਇਤ ਕੀਤੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਸਮੇਂ ਸਾਰੇ ਦੇਸ਼ ਵਿਚ ਚਰਚਾ ਹੋਈ ਹੋਵੇਗੀ ਕਿਉਂਕਿ ਵਿਚਾਰਾਂ ਦੀ ਸੁਤੰਤ੍ਰਤਾ ਦੇ ਲਿਹਾਜ਼ ਨਾਲ ਇਹ ਇਕ ਬਹੁਤ ਨਵੀਂ ਰਚਨਾ ਸੀ। ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਬੀੜ ਸਬੰਧੀ ਵ

---

੧) ਬੱਦਲ, ੨) ਵਿਚ, ੩) ਬਿਨਾਂ ਪੈਰਾਂ ਦੇ

ਅਕਬਰ ਪਾਸ ਸ਼ਿਕਾਇਤ ਹੋਈ। ਅਕਬਰ ਸੰਮਤ ੧੬੫੫ ਦੇ ਲਗਭਗ ਪੰਜਾਬ ਵਿਚ ਆਇਆ, ਉਸ ਤੋਂ ਪਹਿਲੇ ਹੀ ਬੀੜ ਦੀ ਤਿਆਰੀ ਹੋ ਰਹੀ ਸੀ। ਇਸ ਲਈ ਜਾਪਦਾ ਇਹ ਹੈ ਕਿ ਆਰੰਭਕ ਦਸ਼ਾ ਵਿਚ ਹੀ ਅਕਬਰ ਨੇ ਸੈਂਚੀਆਂ ਨੂੰ ਦੇਖਿਆ। ਬਾਅਦ ਵਿਚ ਜਹਾਂਗੀਰ ਨੇ ਵੀ ਜਤਨ ਕੀਤਾ ਕਿ ਕਿਸੇ ਤਰ੍ਹਾਂ ਗੁਰਬਾਣੀ ਵਿਚ ਇਸਲਾਮ ਦੀ ਤਾਰੀਫ਼ ਦਰਜ ਕੀਤੀ ਜਾਵੇ, ਪਰ ਸਤਿਗੁਰਾਂ ਨੇ ਕੋਈ ਰਾਜਨੀਤਕ ਅਸਰ ਕਬੂਲ ਨਹੀਂ ਕੀਤਾ।

ਔਰੰਗਜ਼ੇਬ ਨੇ ਰਾਮ ਰਾਇ ਤੇ ਅਸਰ ਪਾਇਆ। ਰਾਮ ਰਾਇ ਨੇ 'ਮਿਟੀ ਮੁਸਲਮਾਨ ਕੀ ਪੇੜੈ ਪਈ ਘੁਮਿਆਰ' ਦੇ ਗਲਤ ਅਰਥ ਕੀਤੇ। ਸਤਵੀਂ ਪਾਤਸ਼ਾਹੀ ਨੇ ਉਸ ਨੂੰ ਮੂੰਹ ਨਹੀਂ ਲਾਇਆ। ਜੋ ਸ਼ਬਦ ਕਿਸੇ ਦੇ ਕਹੇ ਜਾਂ ਆਖੇ ਲਿਖੇ ਜਾਣ, ਉਹ ਬੇਜਾਨ ਹੁੰਦੇ ਹਨ, ਕਿਉਂਕਿ ਆਤਮਾ ਵਿਚੋਂ ਨਿਕਲੇ ਹੋਏ ਨਹੀਂ ਹੁੰਦੇ। ਗੁਰਬਾਣੀ ਵਾਹਿਗੁਰੂ ਦਾ ਗਿਆਨ ਹੈ, ਇਸ ਨੂੰ ਕਥਨ ਕਰਨ ਵਿਚ ਕੋਈ ਅਸਰ ਨਹੀਂ ਕਬੂਲ ਕੀਤਾ ਗਿਆ।

ਗੁਰਬਾਣੀ ਦੀ ਮਹਾਨਤਾ, ਸ਼ੁਧ ਪਾਠ ਤੇ ਵਿਚਾਰ—

ਸਤਿਗੁਰਾਂ ਨੇ ਗੁਰਬਾਣੀ ਦੀ ਜੋ ਮਹਾਨਤਾ ਦੱਸੀ ਹੈ ਅਤੇ ਸਤਿਕਾਰ ਕੀਤਾ ਹੈ, ਇਸ ਸਬੰਧੀ ਇਤਿਹਾਸ 'ਚੋਂ ਕੁਝ ਕੁ ਸਾਖੀਆਂ ਕ੍ਰਮ ਅਨੁਸਾਰ ਪੇਸ਼ ਕਰਦੇ ਹਾਂ। ਪਿਛੇ ਦੱਸ ਆਏ ਹਾਂ ਕਿ ਸਿੱਧਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁਛਿਆ—'ਕੋਈ ਕਰਾਮਾਤ ਵਿਖਾਓ।'

ਹਜ਼ੂਰ ਨੇ ਉੱਤਰ ਦਿਤਾ—'ਗੁਰਬਾਣੀ ਤੇ ਸੰਗਤ ਤੋਂ ਬਿਨਾਂ ਸਾਨੂੰ ਕਿਸੇ ਦੀ ਵੀ ਟੇਕ ਨਹੀਂ, ਸਾਡੇ ਪਾਸ ਇਹ ਦੋ ਵੱਡੀਆਂ ਕਰਾ-ਮਾਤਾਂ ਹਨ।'

ਗੁਰੂ ਘਰ ਦੇ ਪ੍ਰੀਤਵਾਨ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਬੇਨਤੀ ਕੀਤੀ—'ਸੱਚੇ ਪਾਤਸ਼ਾਹ! ਸਿੱਖੀ ਦੀ ਰਹਿਤ ਦੱਸੋ।'

ਸਤਿਗੁਰੂ ਜੀ ਨੇ ਉੱਤਰ ਦਿਤਾ—

ਗੁਰੂ ਵਾਕ ਜਿਨ ਦ੍ਰਿੜ੍ਹ ਕਰ ਮਾਨੇ,
ਸੋ ਮਮ ਪਯਾਰੇ ਸਿਖ ਮਹਾਨੇ।
ਪ੍ਰਭੂ ਸਰੂਪ ਰਿਦੇ ਮੋ ਧਾਰੇ,
ਗੁਰਬਾਣੀ ਕੋ ਰਿਦੈ ਬਿਚਾਰੇ।

[ਸੂਰਜ ਪ੍ਰਕਾਸ਼ ਰਾਸਿ ੧—੬੪]

ਇਕ ਵੇਰ ਸ੍ਰੀ ਗੁਰੂ ਰਾਮਦਾਸ ਜੀ ਦੀ ਸੇਵਾ ਵਿਚ ਬਹੁਤ ਸਾਰੀ ਸੰਗਤ ਆਈ। ਮੁਖੀ ਸਿੱਖਾਂ ਨੇ ਆਤਮਕ ਵਿਚਾਰ ਦੇ ਕੁਝ ਪ੍ਰਸ਼ਨ ਕੀਤੇ। ਮਹਾਰਾਜ ਨੇ ਭਾਈ ਜਾਪਾ, ਘਨਈਆ ਅਤੇ ਤੁਲਸੇ ਨੂੰ ਉਪਦੇਸ਼ ਕਰਦਿਆਂ ਆਖਿਆ—

ਜਿਮ ਨਿਸਦਿਨ ਘਰ ਕਾਜ ਸੁਧਾਰੇ,
ਤਯਾਗਹੁ ਕਬਹੂੰ ਨ ਲਾਗਹਿ ਪਯਾਰੇ।
ਤਥਾ ਪਯਾਰ ਕਰਹੁ ਗੁਰਬਾਨੀ,
ਪਠਨ ਸੁਨਨ ਕੀਜਹਿ ਰੁਚਿ ਠਾਨੀ।
ਧਰਯੋ ਅਰਥ ਜੋ ਸ਼ਬਦ ਮਝਾਰਾ,
ਬਾਰ ਬਾਰ ਉਰ ਕਰਹੁ ਵਿਚਾਰਾ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦਾ ਬਹੁਤ ਹੀ ਸਤਿਕਾਰ ਕੀਤਾ ਹੈ। ਆਪ ਸੈਂਚੀਆਂ ਲੈਣ ਲਈ ਗੋਇੰਦਵਾਲ ਨੰਗੇ ਚਰਨੀਂ ਗਏ। ਜਦ ਬੀੜ ਤਿਆਰ ਹੋ ਗਈ ਤਾਂ ਸ੍ਰੀ ਹਰਿਮੰਦਰ ਵਿਚ ਪ੍ਰਕਾਸ਼ ਕਰ ਕੇ ਗੁਰਦੇਵ ਨੇ ਸਿੱਖ ਸੰਗਤਾਂ ਪ੍ਰਤੀ ਹੁਕਮ ਕੀਤਾ—

(੧) ਮਮ ਆਗਿਆ ਸਭ ਹੀ ਸੁਨੋ ਸੱਤ ਬਚਨ ਨਿਰਧਾਰ।
ਗ੍ਰੰਥ ਗੁਰੂ ਸਮ ਮਾਨੀਓ ਭੇਦ ਨ ਕੋਊ ਵਿਚਾਰ।
(੨) ਗੁਰੂ ਗ੍ਰੰਥ ਅਸਥਾਪਨ ਕੀਨੋ।
ਪੂਰਬ ਦਿਸ ਹਰਿਮੰਦਰ ਚੀਨੋ।
(੩) ਭੂਮ ਸੈਨ ਨਿਤ ਪ੍ਰਤ ਕਰੈ ਗੁਰੂ ਗ੍ਰੰਥ ਕੇ ਪਾਸ।
ਗੁਰੂ ਗ੍ਰੰਥ ਭਗਵੰਤ ਸਮ ਜਾਨੋ ਕਰ ਅਰਦਾਸ।

[ਗੁਰਬਿਲਾਸ, ਪਾ: ੬]

ਭਾਵ—ਗੁਰਬਾਣੀ ਦੇ ਅਦਬ ਅਤੇ ਸਤਿਕਾਰ ਲਈ ਪੰਚਮ ਪਾਤਸ਼ਾਹ ਆਪ ਭੁੰਜੇ ਬਿਰਾਜਦੇ ਸਨ ਅਤੇ ਬਾਣੀ ਨੂੰ ਉੱਚੀ ਥਾਂ ਰਖਦੇ ਸਨ ।

ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਲਿਖਦੇ ਹਨ ਕਿ ਕਿਸੇ ਦੇਸ਼ ਵਿਚੋਂ ਦੋ ਸਿੱਖ ਸਤਵੀਂ ਪਾਤਸ਼ਾਹੀ ਦੇ ਦਰਸ਼ਨ ਕਰਨ ਆਏ। ਜਦ ਉਹ ਦਰਬਾਰ ਵਿਚ ਪਹੁੰਚੇ ਤਾਂ ਗੁਰੂ ਜੀ ਉਸ ਵਕਤ ਬਿਰਾਜੇ ਹੋਏ ਸਨ। ਦੋਵੇਂ ਸਿੱਖ ਬੜੇ ਚੰਗੇ ਰਾਗੀ ਸਨ। ਉਨ੍ਹਾਂ ਨੇ ਬੜੀ ਮਿੱਠੀ ਸੁਰ ਵਿਚ ਗੁਰਬਾਣੀ ਦਾ ਕੀਰਤਨ ਸ਼ੁਰੂ ਕਰ ਦਿਤਾ।

ਸੁਨ ਬਾਨੀ ਪੁਨ ਸਤਿਗੁਰ ਜਾਗੇ ।
ਕਰੀ ਸ਼ੀਘ੍ਰਤਾ ਸਿਹਜਾ ਤਿਆਗੇ ।
ਪਾਟੀ ਚੋਟ ਸੁ ਦਾਸਨ ਹੇਰੀ।
ਕਰ ਧਰ ਮਰਦਨ ਕੀਨ ਘਨੇਰੀ ।

ਭਾਵ—ਬਾਣੀ ਸੁਣ ਕੇ ਮਹਾਰਾਜ ਛੇਤੀ ਨਾਲ ਉਠੇ ਤਾਂ ਚੋਟ ਲੱਗ ਗਈ, ਜੋ ਦਾਸਾਂ ਨੇ ਵੇਖੀ ਤੇ ਮਲਣ ਲੱਗ ਪਏ ।

ਪੁਨ ਕਰ ਜੋਰੇ ਪੂਛਨ ਲਾਗੇ ।
'ਸ੍ਰੀ ਸਤਿਗੁਰ ਤੁਮ ਕਿਸ ਬਿਧਿ ਜਾਗੇ?
ਬਚਨ ਆਪ ਕੇ ਸ਼ਬਦ ਬਨੇ ਹੈਂ ।
ਨਰ ਤਾਰਨ ਹਿਤ ਸੁਖਦ ਭਨੇ ਹੈਂ।
ਸ਼ੰਕ ਨ ਕਿਸੀ ਕੀ ਰਾਵਰ ਪਰੀ,
ਕਾਰਜ ਕਵਨ ਸ਼ੀਘ੍ਰਤਾ ਕਰੀ ?

ਸਿੱਖਾਂ ਨੇ ਬੇਨਤੀ ਕੀਤੀ—'ਸੱਚੇ ਪਾਤਸ਼ਾਹ ! ਆਪ ਇਤਨੀ ਕਾਹਲੀ ਵਿਚ ਕਿਉਂ ਜਾਗ ਪਏ ਅਤੇ ਉਠ ਕੇ ਤੁਰੇ, ਜਿਸ ਕਰਕੇ ਆਪ ਨੂੰ ਚੋਟ ਲੱਗ ਗਈ। ਗੁਰਬਾਣੀ ਦੇ ਸ਼ਬਦ ਆਪ ਦੇ ਹੀ ਉਚਾਰਣ ਕੀਤੇ ਹੋਏ ਹਨ, ਸ਼ੰਕਾ ਵਾਲੀ ਗਲ ਕੀ ਸੀ ?

ਭਾਈ ਸਾਹਿਬ ਲਿਖਦੇ ਹਨ—

ਸੁਨ ਕਰ ਸ੍ਰੀ ਹਰਿ ਰਾਇ ਉਚਾਰੇ,
ਸੁਨਹੁ ਸਿਖ ਤੁਮ ਤੇ ਮਮ ਪਿਆਰੇ।
ਗੁਰ ਅਨਭੈ ਵਿਚ ਬਾਨੀ ਰੂਪ,
ਯਾਕੀ ਮਹਿਮਾ ਅਮਿਤ ਅਨੂਪ।
ਭਵ ਅਗਨੀ ਸਾਗਰ ਕੋ ਤਰਨੀ;
ਸਤਿਗੁਰ ਸਿਖਨ ਕੋ ਸੁਖ ਕਰਨੀ।

(੨) ਜੋ ਸਿਖ ਗੁਰਬਾਨੀ ਭੈ ਕਰੈ।
ਬਿਨ ਪ੍ਰਯਾਸ ਭਵਸਾਗਰ ਤਰੈ।

(੩) ਜੋ ਗੁਰ ਭਗਤ ਸਿਖ ਹੈ ਮੇਰਾ।
ਗੁਰਬਾਨੀ ਭੈ ਤਿਸੈ ਘਨੇਰਾ।
ਜਿਨ ਭੈ ਬਾਨੀ ਅਦਬ ਨ ਧਾਰਾ,
ਜਾਨਹੁ ਸੋ ਸਿਖ ਨਹੀਂ ਹਮਾਰਾ।
ਗੁਰ ਉਪਦੇਸ਼ ਜਾਹਿ ਮਨ ਲਾਗਾ,
ਕੋਟ ਜਨਮ ਕੋ ਸੋਵਤ ਜਾਗਾ।
ਮਨ ਜਾਗੇ ਕੀ ਇਹੈ ਨਿਸ਼ਾਨੀ,
ਪ੍ਰਿਯ ਲਾਗੇ ਸਤਿਗੁਰ ਕੀ ਬਾਨੀ।
ਧੰਨ ਸਿਖ ਜਿਨ ਕੇ ਉਰ ਭਾਈ,
ਸਮ ਸਰਿਤਾ[1] ਮਨ ਮੀਨ ਬਨਾਈ।
ਸਤਿਗੁਰ ਬਾਨੀ ਚੰਦਨ ਬਾਵਨ,
ਮਨ ਦਾਸਨਤਰ ਕਰਹਿ ਸੁ ਪਾਵਨ।

[ਰਾਸਿ ੧੦, ਅਧਿ: ੨੧]

ਬਾਣੀ ਪੜ੍ਹਨ ਦੀਆਂ ਤਿੰਨ ਹਾਲਤਾਂ ਹਨ—

੧) ਸ਼ੁੱਧ ਪਾਠ, ੨) ਅਰਥ ਬੋਧ, ੩) ਬਾਣੀ ਰੂਪ ਹੋਣਾ।

---

੧. ਗੁਰਬਾਣੀ ਰੂਪ ਨਦੀ ਵਿਚ ਮੱਛੀ ਦੀ ਤਰ੍ਹਾਂ

ਅਰਥਾਤ ਬਾਣੀ ਦੀ ਕਮਾਈ ਅਤੇ ਉਸ ਦੀ ਰੋਸ਼ਨੀ ਵਿਚ ਜੀਵਨ ਉਸ ਰੀ ਕਰਨੀ। ਸ਼ੁੱਧ ਪਾਠ ਤੇ ਅਰਥਾ ਦੇ ਸਮਝਣ ਨਾਲ ਮਨ ਟਿਕਾਗਰ ਅਤੇ ਪਵਿੱਤ੍ਰ ਹੁੰਦਾ ਹੈ। ਉਸ ਨੂੰ ਆਪਣੀਆਂ ਤਰੁੱਟੀਆਂ ਦਾ ਪਤਾ ਲੱਗਦਾ ਹੈ। ਜੀਵਨ ਦੀ ਸੇਧ ਮਿਲਦੀ ਹੈ। ਬਾਣੀ ਉਤੇ ਅਮਲ ਕਰਨ ਜਾਂ ਇਸ ਦੀ ਕਮਾਈ ਕਰਨ ਨਾਲ ਪਰਮ-ਪਦਵੀ ਨੂੰ ਪ੍ਰਾਪਤ ਹੁੰਦਾ ਹੈ। ਪਾਠ ਕਰਨਾ ਪਹਿਲੀ ਪਉੜੀ ਹੈ। ਇਸ ਦਾ ਬੜਾ ਹੀ ਮਹਾਤਮ ਹੈ। ਜਿਸ ਤਰ੍ਹਾਂ ਧੂਪ ਦੀਪ ਕਰਨ ਜਾਂ ਸੁਗੰਧਤ ਫੁੱਲਾਂ ਦੀ ਵਰਤੋਂ ਨਾਲ ਵਾਯੂ ਸ਼ੁੱਧ ਹੁੰਦੀ ਹੈ, ਇਸੇ ਤਰ੍ਹਾਂ ਗੁਰਬਾਣੀ ਦੇ ਪਾਠ ਨਾਲ ਮਾਨਸਿਕ-ਮੰਡਲ ਸ਼ੁੱਧ ਹੁੰਦਾ ਹੈ। ਮਾੜੇ ਵਿਚਾਰਾਂ ਦਾ ਵੀ ਮਨ ਤੇ ਅਸਰ ਪੈਂਦਾ ਹੈ ਅਤੇ ਚੰਗਿਆਂ ਦਾ ਵੀ। ਗੁਰਬਾਣੀ ਉੱਤਮ ਵਿਚਾਰਾਂ ਦਾ ਭੰਡਾਰ ਹੈ, ਜੋ ਬਾਣੀ ਦਾ ਪਾਠ ਕਰੇਗਾ ਅਤੇ ਜਿਥੇ ਪਾਠ ਹੋਵੇਗਾ, ਨਿਸਚਿਤ ਤੌਰ ਤੇ ਉਹ ਮਨੁੱਖ ਅਤੇ ਥਾਂ ਪਵਿੱਤ੍ਰ ਹੋਵਗੀ। ਨਿਰਾ ਪਾਠ ਤੇ ਨਹੀਂ ਟਿਕਣਾ, ਇਸ ਨੂੰ ਫੋਕਾ ਕਰਮ-ਕਾਂਡ ਅਤੇ ਰਸਮੀ ਨਹੀਂ ਬਣਾਣਾ। ਮਨ ਨੂੰ ਪਵਿੱਤ੍ਰ ਕਰਨ ਲਈ ਪਾਠ ਕਰਨਾ ਪਹਿਲੀ ਪਉੜੀ ਹੈ। ਬਾਣੀ ਰੂਪ ਹੋਣਾ, ਉਸ ਦੀ ਕਮਾਈ ਕਰ ਕੇ ਜੀਵਨ ਨੂੰ ਪਲਟਾ ਦੇਣਾ ਅੰਤਮ ਪਉੜੀ ਹੈ। ਸਿੱਖ ਲਈ ਇਥੇ ਪੁੱਜਣਾ ਜ਼ਰੂਰੀ ਹੈ।

ਇਕ ਦਿਨ ਛੇਵੇਂ ਪਾਤਸ਼ਾਹ ਦੀਵਾਨ ਵਿਚ ਬੈਠੇ ਹੋਏ ਸਨ। ਸੰਗਤ ਜੁੜੀ ਹੋਈ ਸੀ। ਹਜ਼ੂਰ ਨੇ ਬਚਨ ਕੀਤਾ—'ਸੰਗਤ ਵਿਚ ਕੋਈ ਅਜਿਹਾ ਸਿੱਖ ਹੈ, ਜੋ ਸਾਨੂੰ ਜਪੁਜੀ ਦਾ ਸ਼ੁੱਧ ਪਾਠ ਸੁਣਾਵੇ।'

ਹਾਫ਼ਜ਼ਾਬਾਦ ਨਿਵਾਸੀ ਭਾਈ ਗੁਪਾਲੇ ਨੇ ਖੜੇ ਹੋ ਕੇ ਬੇਨਤੀ ਕੀਤੀ—'ਸੱਚੇ ਪਾਤਸ਼ਾਹ! ਜੇ ਆਪ ਦੀ ਆਗਿਆ ਹੋਵੇ ਤਾਂ ਦਾਸ ਪਾਠ ਸੁਨਾਉਣ ਲਈ ਹਾਜ਼ਰ ਹੈ।'

ਗੁਰੂ ਜੀ ਨੇ ਉੱਤਰ ਦਿਤਾ—'ਭਾਈ ਗੁਪਾਲਾ, ਇਕ ਮਨ ਹੋ ਕੇ ਸ਼ੁੱਧ ਪਾਠ ਕਰਨਾ, ਜੋ ਵਸਤੂ ਮੰਗੋਗੇ, ਉਹੋ ਮਿਲੇਗੀ।'

ਭਾਈ ਗੁਪਾਲੇ ਨੇ ਪਾਠ ਸ਼ੁਰੂ ਕੀਤਾ। ਜਿਉਂ ਜਿਉਂ ਉਹ ਪਾਠ

ਕਰਦਾ ਗਿਆ, ਮਹਾਰਾਜ ਸਿੰਘਾਸਣ ਖਾਲੀ ਕਰਦੇ ਗਏ। ਗੁਪਾਲੇ ਦੇ ਮਨ ਵਿਚ ਖਿਆਲ ਆਇਆ—'ਕਿਹਾ ਚੰਗਾ ਹੋਵੇ ਕਿ ਸਤਿਗੁਰੂ ਜੀ ਸ਼ੁੱਧ ਪਾਠ ਦੇ ਬਦਲੇ ਇਕ ਘੋੜਾ ਬਖਸ਼ਿਸ਼ ਕਰਨ।'

ਜਪੁਜੀ ਸਾਹਿਬ ਦਾ ਪਾਠ ਸਮਾਪਤ ਹੋਣ ਪਰ ਛੇਵੇਂ ਪਾਤਸ਼ਾਹ ਨੇ ਬਚਨ ਕੀਤਾ—'ਭਾਈ ਗੁਪਾਲਾ, ਅਸੀਂ ਗੁਰਬਾਣੀ ਦੇ ਪਾਠ ਦੇ ਬਦਲੇ ਤੇਰੇ ਲਈ ਆਪਣਾ ਸਿੰਘਾਸਣ ਖਾਲੀ ਕਰ ਰਹੇ ਸਾਂ, ਤੈਨੂੰ ਆਪਣੇ ਬਰਾਬਰ ਬਿਠਾਣਾ ਸੀ, ਪਰ ਤੂੰ ਦਿਲੋਂ ਘੋੜਾ ਮੰਗਿਆ ਹੈ, ਇਸ ਲਈ ਤੈਨੂੰ ਘੋੜਾ ਦਿਤਾ ਜਾਵੇਗਾ।'

ਸਤਵੇਂ ਪਾਤਸ਼ਾਹ ਇਕ ਦਿਨ ਸੰਗਤ ਵਿਚ ਬਿਰਾਜੇ ਹੋਏ ਸਨ। ਸਿੱਖਾਂ ਨੇ ਪ੍ਰਸ਼ਨ ਕੀਤਾ—

ਪਾਠ ਕਰਹਿ ਹਮ ਨਿਤ ਗੁਰਬਾਨੀ,
ਅਰਥ ਪ੍ਰਮਾਰਥ ਕਛੂ ਨ ਜਾਨੀ।
ਜੋ ਮਾਰਗ ਗੁਰਸ਼ਬਦ ਬਤਾਇਵ,
ਸੋ ਹਮ ਤੇ ਨਹਿ ਜਾਤ ਕਮਾਇਵ।

ਭਾਵ ਇਹ ਸੀ ਕਿ ਜੋ ਕੁਝ ਬਾਣੀ ਵਿਚ ਲਿਖਿਆ ਹੈ, ਉਹ ਬਹੁਤ ਆਦਰਸ਼ਕ ਹੈ। ਅਸੀਂ ਉਸ ਪਰ ਪੂਰੀ ਤਰ੍ਹਾਂ ਅਮਲ ਨਹੀਂ ਕਰ ਸਕਦੇ। ਫਿਰ ਰੋਜ਼ਾਨਾ ਬਾਣੀ ਪੜ੍ਹਨ ਦਾ ਕੀ ਲਾਭ ?

ਗੁਰੂ ਜੀ ਨੇ ਕਿਹਾ—'ਇਸ ਪ੍ਰਸ਼ਨ ਦਾ ਉੱਤਰ ਕਲ ਦਿਆਂਗੇ।'

ਦੂਜੇ ਦਿਨ ਮਹਾਰਾਜ ਘੋੜੇ ਤੇ ਚੜ੍ਹ ਕੇ ਸ਼ਿਕਾਰ ਨੂੰ ਗਏ। ਰਸਤੇ ਵਿਚ ਇਕ ਘਿਉ ਵਾਲੇ ਭਾਂਡੇ ਦੀ ਟੁੱਟੀ ਹੋਈ ਠੀਕਰ ਪਈ ਸੀ। ਗੁਰੂ ਜੀ ਨੇ ਸਿੱਖਾਂ ਨੂੰ ਕਿਹਾ—'ਔਹ ਠੀਕਰ ਚੁੱਕ ਲਿਆਓ।' ਸਿੱਖਾਂ ਨੇ ਲੈ ਆਂਦੀ। ਗੁਰੂ ਜੀ ਨੇ ਫੁਰਮਾਇਆ—

ਰਹੀ ਚਿਕਨਤਾ ਠੀਕਰ ਮਾਹਿ,
ਤਿਉ ਬਾਨੀ ਗੁਨ ਰਹੈ ਮਨ ਮਾਹਿ।

ਭਾਵ—ਜਿਸ ਤਰ੍ਹਾਂ ਘਿਉ ਦੇ ਭਾਂਡੇ ਵਿਚ ਘਿਉ ਪੈਣ ਕਰਕੇ

ਵਿੱਖਿਆਈ ਰਹਿੰਦੀ ਹੈ, ਇਸ ਤਰ੍ਹਾਂ ਜੋ ਆਦਮੀ ਬਾਣੀ ਦਾ ਅਭਿਆਸ ਕਰੇਗਾ, ਬਾਣੀ ਦੀ ਪਵਿੱਤ੍ਰਤਾ ਉਸ ਦੇ ਮਨ ਤੇ ਅਸਰ ਪਾਏਗੀ।

ਅਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜਿਸ ਵਕਤ ਦਿੱਲੀ ਵਿਚ ਜੋਤੀ ਜੋਤ ਸਮਾਉਣ ਲੱਗੇ ਤਾਂ ਸੰਗਤ ਨੇ ਬੇਨਤੀ ਕੀਤੀ— 'ਆਪ ਦੀ ਥਾਂ ਕੌਣ ਸ਼ਸ਼ੋਭਤ ਹੋ ਕੇ ਸਾਡੀ ਅਗਵਾਈ ਕਰੇਗਾ?'

ਬਾਲਾ ਪ੍ਰੀਤਮ ਸਤਿਗੁਰੂ ਨੇ ਉੱਤਰ ਦਿਤਾ—

(੧) ਗੁਰੂ ਗ੍ਰੰਥ ਸਾਹਿਬ ਸਭ ਕੇਰਾ,
ਜੋ ਹਮਰੋ ਚਹਿ ਦਰਸ਼ਨ ਹੇਰਾ।
ਸੋ ਸਰਧਾ ਧਰ ਹੇਰਨ ਕਰੈ,
ਪਾਪਨ ਗਨ ਕੋ ਤਤ ਛਿਨ ਹਰੈ।
(੨) ਹਮ ਸੋ ਬਾਤ ਕਰਨ ਕਉ ਚਾਹਹਿ,
ਪਠਹਿ ਸੁਨਹਿ ਗੁਰੂ ਗ੍ਰੰਥ ਉਮਾਹਿ।
ਸਰਨ ਗ੍ਰੰਥ ਸਾਹਿਬ ਕੀ ਜਾਇ,
ਤਤ ਛਿਨ ਸਤਿਗੁਰ ਬਨਹਿ ਸਹਾਇ।
ਸ਼ਰਧਾਲੂ ਕੋ ਸਭ ਕਿਛ ਅਹੈ,
ਹੋਹਿ ਅਸ਼ਰਧਕ ਕਿਮੁਹਿ ਨ ਲਹੈ।
ਤਨੁ ਸਦੀਵ ਥਿਰ ਹੋਇ ਨ ਕੋਇ,
ਰਿਦਾ ਗ੍ਰੰਥ ਗੁਰ ਕੋ ਲਿਹੁ ਜੋਇ।

ਸਤਿਗੁਰਾਂ ਨੇ ਨੌਵੀਂ ਅਤੇ ਦਸਵੀਂ ਪਾਤਸ਼ਾਹੀ ਦੇ ਰੂਪ ਵਿਚ ਬ ਧਰਮ ਦੀ ਰਖਿਆ ਲਈ ਖਾਲਸਾ ਪੰਥ ਨੂੰ ਸਾਜ ਕੇ ਸਿੱਖੀ ਨੂੰ ਸੰਪੂਰਣ ਕਰਨਾ ਸੀ, ਇਸ ਲਈ ਅਠਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦ ਪਦਵੀ ਨੂੰ ਕਥਨ ਕਰਦੇ ਹੋਏ ਨਾਲ ਹੀ ਇਹ ਬਚਨ ਕੀਤਾ—

ਬਾਬਾ ਬਹਹਿ ਜਿ ਗ੍ਰਾਮ ਬਕਾਲੇ,
ਬਨਿ ਗੁਰ ਸੰਗਤਿ ਸਕਲ ਸਮਾਲੇ।

[ਸੂਰਜ ਪ੍ਰਕਾਸ਼, ਰਾਸਿ ੧੦—੫੨

ਦਸਮ ਪਾਤਸ਼ਾਹ ਇਕ ਦਿਨ ਦੀਵਾਨ ਵਿਚ ਸਜੇ ਹੋਏ ਸਨ ਕਿ ਇਕ ਸਿੰਘ ਰਾਮਕਲੀ ਦਖਣੀ ਦੀ ਬਾਣੀ ਓਅੰਕਾਰ ਦਾ ਪਾਠ ਕਰ ਰਿਹਾ ਸੀ। ਉਸ ਨੇ ਪਾਠ ਕਰਦਿਆਂ ਤੁਕ ਪੜ੍ਹੀ—

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥

ਸ਼ੁੱਧ ਪਾਠ 'ਕੈ ਜਾਣੈ ਗੁਰੁ ਸੂਰਾ' ਸੀ। ਇਹ ਅਸ਼ੁੱਧ ਪਾਠ ਸੁਣ ਕੇ ਮਹਾਰਾਜ ਬਹੁਤ ਖਫ਼ਾ ਹੋਏ। ਆਪ ਨੇ ਸਿੱਖ ਨੂੰ ਸਮਝਾਇਆ ਕਿ 'ਕੇ ਅਤੇ ਕੈ' ਦੇ ਉਚਾਰਣ ਨਾਲ ਹੀ ਸ਼ਬਦ ਦੇ ਅਰਥਾਂ ਵਿਚ ਬੜਾ ਫਰਕ ਪੈ ਜਾਂਦਾ ਹੈ। 'ਕੇ ਜਾਣੈ' ਦਾ ਅਰਥ ਹੈ 'ਕੀ ਜਾਣਦਾ ਹੈ'। 'ਕੈ ਜਾਣੈ' ਦਾ ਅਰਥ ਹੈ 'ਜਾਂ ਗੁਰੂ ਸੂਰਮਾ ਜਾਣਦਾ ਹੈ।' ਭਾਵ ਇਹ ਕਿ ਕਰਤਾ ਪੁਰਖ ਦੀ ਮਿਤ ਨੂੰ ਜਾਂ ਉਹ ਆਪ ਜਾਣਦਾ ਹੈ ਜਾਂ ਪੂਰਨ ਗੁਰੂ ਜੋ ਵਾਹਿਗੁਰੂ ਵਿਚ ਲੀਨ ਹੁੰਦਾ ਹੈ। ਅਸ਼ੁੱਧ ਪਾਠ ਕਰਨ ਦੇ ਨਾਲ ਸਬਦ ਦਾ ਭਾਵ ਹੀ ਉਲਟ ਜਾਂਦਾ ਹੈ। ਇਹ ਸਮਝਾ ਕੇ ਸਤਿਗੁਰੂ ਜੀ ਨੇ ਬਚਨ ਕੀਤਾ—

ਸਿਖਹੁ ਸੁਨਹੁ ਸੀਖ ਇਹੁ ਮੇਰੀ।
ਬਾਨੀ ਪਢਹੁ ਸੁਧ ਗੁਰ ਕੇਰੀ।
ਪਢੇ ਮਹਾਤਮ ਲਹੈ ਬਿਸਾਲ।
ਹਲਤ ਪਲਤ ਮਹਿ ਹੋਇ ਨਿਹਾਲ।
ਜੋ ਅਸੁਧ ਹੈ ਪਢੀਐ ਸੁਧ ਕਰ।
ਬਿਗਰੀ ਵਸਤ ਸੁਧਾਰਹਿ ਜਿਮਕਰ।

[ਸੂ: ਪ੍ਰ: ਰੁਤ ੩—੩੪]

ਇਕ ਦਿਨ ਕਲਗੀਧਰ ਦੀ ਸੇਵਾ ਵਿਚ ਸਿੱਖਾਂ ਨੇ ਬੇਨਤੀ ਕੀਤੀ, 'ਸੱਚੇ ਪਾਤਸ਼ਾਹ! ਗੁਰਬਾਣੀ ਸੁਰਤ ਨੂੰ ਕਿਥੇ ਤਕ ਪੁਚਾਂਦੀ ਹੈ?' ਗੁਰੂ ਜੀ ਨੇ ਉਤਰ ਦਿਤਾ—'ਜਿਸ ਤਰ੍ਹਾਂ ਹੁਮਾ ਪੰਛੀ ਦਾ ਖੰਭ ਕਿਸੇ ਤੀਰ ਨੂੰ ਲਾ ਦਿਓ ਅਤੇ ਉਹ ਤੀਰ ਚਲਾਇਆ ਜਾਵੇ ਤਾਂ ਉਥੇ ਜਾ ਕੇ ਟਿਕਦਾ ਹੈ, ਜਿਥੇ ਹੁਮਾ ਹੋਵੇ। ਇਸੇ ਤਰ੍ਹਾਂ ਗੁਰਬਾਣੀ ਸ੍ਰੀ ਨਿਰੰਕਾਰ ਵਿਚੋਂ ਆਈ ਹੈ, ਇਸ ਨਾਲ ਜੁੜੋ ਤਾਂ ਨਿਰੰਕਾਰ ਤਕ ਹੀ ਲੈ ਜਾਵੇਗੀ।'

ਪ੍ਰੇਮ ਸੁਮਾਰਗ ਵਿਚ ਲਿਖਿਆ ਹੈ ਕਿ ਸਤਿਗੁਰ ਨੇ ਬਚਨ ਕੀਤਾ--'ਜੋ ਚਾਹੇ ਮੈਂ ਗੁਰੂ ਨਾਲ ਗੱਲਾਂ ਕਰਾਂ ਤਾਂ ਸ਼ਬਦ ਪੜ੍ਹੇ।'

ਇਕ ਵਿਦਵਾਨ ਦਾ ਕਥਨ ਹੈ ਕਿ ਇਕ ਅਸਲੀ ਲਿਖਾਰੀ ਜੀਵਨ ਤੋਂ ਪ੍ਰੇਰਨਾ ਲੈਂਦਾ ਹੈ। ਸਤਿਗੁਰਾਂ ਨੇ ਗੁਰਬਾਣੀ ਦੀ ਪ੍ਰੇਰਨਾ ਵਾਹਿਗੁਰੂ ਤੋਂ ਲਈ ਹੈ। ਬਾਣੀ ਦੀ ਰੋਸ਼ਨੀ ਵਿਚ ਆਪਣਾ ਜੀਵਨ ਬਣਾਇਆ ਹੈ। ਜਿਸ ਤਰ੍ਹਾਂ ਗੁਲਾਬ ਦੇ ਅਤਰ ਵਿਚ ਉਸ ਦੇ ਫਲ, ਪੱਤਰ ਤੇ ਬੂਟੇ ਆਦਿਕ ਨਹੀਂ ਦਿਸਦੇ, ਪਰ ਗੁਲਾਬ ਦੀ ਰੂਹ ਉਸ ਵਿਚ ਹੁੰਦੀ ਹੈ। ਇਸੇ ਤਰ੍ਹਾਂ ਗੁਰਬਾਣੀ ਵਿਚ ਸਤਿਗੁਰੂ ਦੀ ਆਤਮਾ ਹੈ, ਜੋ ਆਤਮਾ ਵਾਹਿਗੁਰੂ ਨਾਲ ਇਕ-ਰੂਪ ਸੀ। ਗੁਰਬਾਣੀ ਸਬੰਧੀ ਕੁਝ ਵਾਕ ਦਰਜ ਕਰ ਕੇ ਇਸ ਪ੍ਰਕਰਣ ਨੂੰ ਸਮਾਪਤ ਕਰਦੇ ਹਾਂ—

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥

[ਪੰਨਾ ੯੩੫]

ਇਹੁ ਬਾਣੀ ਜੋ ਜੀਅਹੁ ਜਾਣੈ
ਤਿਸੁ ਅੰਤਰਿ ਰਵੈ ਹਰਿ ਨਾਮਾ ॥੪੧॥

[ਬਿਲਾਵਲ ਮ: ੩, ਪੰਨਾ ੭੯੭]

ਭਾਵ—ਜੋ ਪੁਰਸ਼ ਬਾਣੀ ਨੂੰ ਦਿਲੋਂ ਸਮਝੇਗਾ, ਉਸ ਦੇ ਹਿਰਦੇ ਵਿਚ ਵਾਹਿਗੁਰੂ ਦਾ ਨਿਵਾਸ ਹੋਵੇਗਾ।

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥

[ਰਾਮਕਲੀ ਮ: ੩, ਅਨੰਦੁ]

ਗੁਰਬਾਣੀ ਵਰਤੀ ਜਗ ਅੰਤਰਿ
ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥

[ਪੰਨਾ ੧੦੬੬]

ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥

[ਪੰਨਾ ੭੫੯]

ਭਗਤਿ ਭੰਡਾਰ ਗੁਰਬਾਣੀ ਲਾਲ ॥
ਗਾਵਤ ਸੁਨਤ ਕਮਾਵਤ ਨਿਹਾਲ ॥੨॥
[ਆਸਾ ਮ: ੫, ਪੰਨਾ ੩੭੬]

ਧੁਰ ਕੀ ਬਾਣੀ ਆਈ ॥
ਜਿਨਿ ਸਗਲੀ ਚਿੰਤ ਮਿਟਾਈ ॥
[ਸੋਰਠਿ ਮ: ੫, ਪੰਨਾ ੬੨੮]

ਗੁਰਬਾਣੀ ਗਾਵਹੁ ਭਾਈ ॥
ਓਹ ਸਫਲ ਸਦਾ ਸੁਖਦਾਈ ॥

ਆਤਮਕ ਗੁਣਾਂ ਦੀ ਦਾਤੀ ਅਤੇ ਵਾਹਿਗੁਰੂ ਨਾਲ ਜੋੜਨ ਵਾਲੀ ਗੁਰੂ ਰੂਪ ਗੁਰਬਾਣੀ ਹੈ।

ਬਾਣੀ ਕੀ ਹੈ ? ਇਸ ਸਬੰਧੀ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ—

ਸੁਧਾ ਕੀ ਤਰੰਗਨੀ [1]ਸੀ ਰੋਗ ਭ੍ਰਮ ਭੰਗਨੀ ਹੈ,
ਮਹਾਂ ਸ੍ਵੇਤ ਰੰਗਨੀ[2] ਮਹਾਨ ਮਾਨ ਮਾਨੀ ਹੈ।
ਕਿਧੋ ਯਿਹ ਹੰਸਨੀ ਸੀ ਮਾਨਸ ਵਤੰਸਨੀ[3] ਹੈ,
ਗੁਨੀਨ ਪ੍ਰਸੰਸਨੀ ਸਰਬ ਜਗ ਜਾਨੀ ਹੈ।
ਕਿਧੋ ਚੰਦ ਚਾਂਦਨੀ ਸੀ ਮੋਹ ਘਾਮ ਮੰਦਨੀ[4] ਹੈ,
ਰਿਦੇ ਕੀ ਅਨੰਦਨੀ ਸਦੀਵ ਸੁਖ ਦਾਨੀ ਹੈ।
ਪ੍ਰੇਮ ਪਟਰਾਨੀ,ਸਯਾਨੀ,ਗਯਾਨ ਕੀ ਜਨਨਿ ਜਾਨੀ,
ਗੁਨੀ ਭਨੀ ਬਾਨੀ ਤਾਕੀ ਗੁਰੂ ਗੁਰ ਬਾਨੀ ਹੈ।

ਇਕ ਹੋਰ ਕਵੀ ਲਿਖਦੇ ਹਨ—

ਭੋਜਨ ਖਾਏ ਬਿਨ ਭੂਖ ਨ ਦੂਰ ਹੋਤ,
ਪਿਆਸ ਨ ਦੂਰ ਹੋਤ ਪੀਏ ਬਿਨ ਪਾਨੀ ਕੇ।

---

੧) ਅੰਮ੍ਰਿਤ ਦੀ ਨਦੀ, ੨) ਚਿੱਟੇ ਰੰਗ ਦੀ, ੩) ਮਾਨ ਸਰੋਵਰ ਨੂੰ ਸੋਭ ਦੇਣ ਵਾਲੀ, ੪) ਮੋਹ ਦੀ ਧੁੱਪ ਨੂੰ ਨਾਸ ਕਰਨ ਵਾਲੀ

ਚਢੇ ਬਿਨ ਸੂਰਜ ਕੇ ਤਿਮਰ[1] ਨ ਦੂਰ ਹੋਤ,
ਮੁਕਤਿ ਨ ਪਾਵੈ ਜੈਸੇ ਕੋਊ ਬਿਨ ਗਿਆਨੀ ਕੇ।
ਰੀਝੈ ਨ ਇਸ਼ਟ ਦੇਵ ਜੈਸੇ ਬਿਨ ਸ਼ਰਧਾ ਕੇ,
ਦਾਰਦ[2] ਨ ਦੂਰ ਹੋਤ ਈਸ ਬਿਨ ਦਾਨੀ ਕੇ।
ਕਹਤ 'ਪਯੂਖ' ਤਿਮ ਘੋਰ ਕਲੀ ਕਾਲ ਬੀਚ,
ਸ਼ਾਂਤ ਨ ਪਾਵੈ ਬਿਨ ਗਿਆਨ ਗੁਰਬਾਨੀ ਕੇ।

ਨੋਬਲ ਇਨਾਮ ਪ੍ਰਾਪਤ ਕਰਨ ਵਾਲੀ ਪ੍ਰਸਿੱਧ ਲੇਖਕ ਸ੍ਰੀਮਤੀ ਪਰਲ ਬੱਕ ਅੰਗਰੇਜ਼ੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ ਪੜ੍ਹ ਕੇ ਲਿਖਦੀ ਹੈ—

'ਸ੍ਰੀ ਗੁਰੂ ਗ੍ਰੰਥ ਸਾਹਿਬ ਭਾਵਾਂ ਤੇ ਵਿਚਾਰਾਂ ਦਾ ਇਕ ਮੂਲ ਸੋਮਾ ਹੈ। ਇਸ ਵਿਚ ਮਨੁੱਖ ਦੀ ਰੂਹ ਦੀ ਇਕੱਲਤਾ ਦਾ ਪ੍ਰਗਟਾਵਾ ਹੈ ਜਾਂ ਉਸ ਦੀਆਂ ਧੁਰ ਅੰਦਰ ਦੀਆਂ ਲੋਚਾਵਾਂ ਤੇ ਤਾਂਘਾਂ ਦਾ, ਉਸ ਦੀ ਰੱਬ ਵਲ ਝੀਣੀ ਪੁਕਾਰ ਦਾ, ਉਸ ਦੀ ਰੱਬ ਨਾਲ ਇਕ ਸੁਰ ਹੋਣ ਦੀ ਤ੍ਰਾਂਟ ਅਤੇ ਭੁੱਖ ਦਾ।

'ਮੈਂ ਬਾਕੀ ਮਹਾਨ ਧਰਮਾਂ ਦੀਆਂ ਧਰਮ ਪੁਸਤਕਾਂ ਵੀ ਪੜ੍ਹੀਆਂ ਹਨ, ਪਰ ਮੇਰੇ ਦਿਲ ਅਤੇ ਦਿਮਾਗ ਦੋਹਾਂ ਉਤੇ ਜੋ ਸ਼ਕਤੀਸ਼ਲੀ ਪ੍ਰਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਪਾਇਆ ਹੈ, ਉਹ ਮੈਨੂੰ ਕਿਤੋਂ ਨਹੀਂ ਲੱਭਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਕਾਰ ਵੱਡਾ ਹੈ, ਪਰ ਉਸ ਵਿਚ ਭਾਵ ਦੀ ਏਕਤਾ ਹੈ ਅਤੇ ਉਸ ਵਿਚੋਂ ਮਨੁੱਖੀ ਦਿਲ ਦੀ ਧੁਰ ਡੂੰਘਾਈ ਤੇ ਵਿਸ਼ਾਲਤਾ ਦੀ ਹਾਥ ਪੈਂਦੀ ਹੈ, ਜੋ ਰੱਬ ਦੇ ਪਵਿੱਤਰ ਤੋਂ ਪਵਿੱਤਰ ਅਤੇ ਅਗੰਮ ਤੋਂ ਅਗੰਮ ਚਿੱਤਰ ਤੋਂ ਲੈ ਕੇ ਮਨੁੱਖੀ ਸਰੀਰ ਦੀਆਂ ਵਕਤੀ ਲੋੜਾਂ ਤੀਕ ਸਭ ਕੁਝ ਨੂੰ ਆਪਣੇ ਕਲਾਵੇ ਵਿਚ ਲਈ ਬੈਠਾ ਹੈ।'

o

---

੧) ਹਨੇਰਾ, ਦਰਿੱਦ੍ਰ, ੨) ਗਰੀਬੀ, ਭੁੱਖ

੧੦.

ਨਾਮ ਸਿਮਰਨ

ਨਾਮ ਕੀ ਹੈ ? ਨਾਮ ਦੀ ਮਹਿਮਾ, ਜਪਣ ਦਾ ਫਲ।

ਨਾਮ ਕੀ ਹੈ ? ਜਿਸ ਸੰਗਿਆ ਨਾਲ ਅਸੀਂ ਕਿਸੇ 'ਨਾਮੀ' ਨੂੰ ਜਾਂ ਵਸਤੂ ਨੂੰ ਯਾਦ ਕਰਦੇ ਹਾਂ, ਉਸ ਨੂੰ ਨਾਮ ਕਹਿੰਦੇ ਹਨ। ਨਾਮ ਇਕ ਵਸਤੂ ਨੂੰ ਦੂਜੀਆਂ ਵਸਤਾਂ ਨਾਲੋਂ ਵੱਖ ਕਰਦਾ ਹੈ। ਇਹ ਸਾਰੀ ਰਚਨਾ 'ਨਾਮ' ਅਤੇ 'ਰੂਪ' ਦੀ ਹੱਦ ਵਿਚ ਹੈ। ਸਿਮਰਣ ਦੇ ਅਰਥ ਹਨ—ਯਾਦ ਕਰਨਾ, ਬਾਰ ਬਾਰ ਚਿੰਤਨ ਕਰਨਾ। ਸਿਖ ਧਰਮ ਵਿਚ ਨਾਮ ਜਪਣਾ ਇਕ ਮੁਖ ਨਿਯਮ ਹੈ। ਸ੍ਰੀ ਗੁਰੂ ਰਾਮਦਾਸ ਜੀ ਸਿਖ ਦਾ ਨਿਤ-ਕਰਮ ਦਸਦੇ ਹੋਏ ਫੁਰਮਾਉਂਦੇ ਹਨ—

ਗੁਰ ਸਤਿਗੁਰ ਕਾ ਜੋ ਸਿਖ ਅਖਾਏ ॥
ਸੋ ਭਲਕੇ ਉਠਿ ਹਰਿ ਨਾਮ ਧਿਆਵੈ ॥

(ਵਾਰ ਗਉੜੀ)

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ—

(੧) ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥
ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥
ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥
ਨਾਮ ਬਿਨਾ ਜਨਮੁ ਬਿਰਥਾ ਜਾਏ ॥੧॥
ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ॥
ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ ॥ਰਹਾਉ॥
ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ ॥

ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ ॥
ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ ॥
ਨਾਮੁ ਬਿਨਾ ਧ੍ਰਿਗੁ ਜੀਵਣੁ ਮੂਆ ॥੨॥
ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥
ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥
ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ ॥
ਨਾਮ ਬਿਨਾ ਭ੍ਰਮਿ ਆਵੈ ਜਾਈ ॥

(ਭੈਰਉ ਮ: ੫ ਪੰਨਾ ੧੧੫੬)

(੨) ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥

(ਪੰ: ੨੮੪ ਸੁਖਮਨੀ)

(੩) ਜਾਸੁ ਜਪਤ ਭਉ ਅਪਦਾ ਜਾਇ ॥
ਧਾਵਤ ਮਨੂਆ ਆਵੈ ਠਾਇ ॥
ਜਾਸੁ ਜਪਤ ਫਿਰਿ ਦੂਖੁ ਨ ਲਾਗੈ ॥
ਜਾਸੁ ਜਪਤ ਇਹ ਹਉਮੈ ਭਾਗੈ ॥
(੪) ਜਾਸੁ ਜਪਤ ਵਸਿ ਆਵਹਿ ਪੰਚਾ ॥
ਜਾਸੁ ਜਪਤ ਰਿਦੈ ਅੰਮ੍ਰਿਤੁ ਸੰਚਾ ॥

(ਗਉੜੀ ਮ: ੫)

ਨਾਮ ਕੀ ਹੈ ? ਸਤਿਗੁਰੂ ਅਤੇ ਗੁਰਬਾਣੀ ਦਵਾਰਾ ਪ੍ਰਾਪਤ ਉਹ ਆਤਮਿਕਤਤਵ ਜੋ ਸਾਨੂੰ ਵਾਹਿਗੁਰੂ ਦਾ ਅਹਿਸਾਸ ਕਰਾਉਂਦਾ ਹੈ, ਉਸ ਨਾਲ ਜੋੜਦਾ ਹੈ, ਉਸ ਵਿਚ ਲੀਨ ਕਰ ਦਿੰਦਾ ਹੈ। ਅਜਿਹਾ ਨਾਮ ਪ੍ਰਾਪਤ ਸ੍ਰੀ ਵਾਹਿਗੁਰੂ ਦੀ ਮੇਹਰ ਨਾਲ ਹੁੰਦਾ ਹੈ। ਵਾਹਿਗੁਰੂ ਦੇ ਸਿਰਗੁਣ ਸਰੂਪ ਨੂੰ ਨਾਮ ਕਹਿੰਦੇ ਹਨ। ਨਾਮ ਤੋਂ ਭਾਵ ਸਿਰਗੁਣ ਰੂਪ ਰੱਬ ਆਪ ਹੈ। ਕੋਈ ਅੱਖਰਾਂ ਤੋਂ ਬਣਿਆ ਸ਼ਬਦ ਨਹੀਂ ਹੋ ਸਕਦਾ। (੨) ਪਰ ਅਸਲ ਵਿਚ 'ਜਸ ਓਹੁ ਤਸ ਲਖੈ ਨ ਕੋਈ' ਅਨੁਸਾਰ ਮਨੁਖ ਲਈ ਜਿਹਾ ਰੱਬ ਹੈ, ਉਹੋ ਜਿਹਾ ਜਾਣ ਲੈਣਾ ਸੰਭਵ ਨਹੀਂ, ਕਿਉਂਕਿ 'ਏਵਡੁ ਊਚਾ ਹੋਵੈ ਕੋਇ, ਤਿਸੁ ਊਚੇ ਕਉ ਜਾਣੈ ਸੋਇ' ਇਸ ਲਈ ਸਾਡੇ ਪਾਸੋਂ ਇਤਨਾ ਹੀ ਹੋ ਸਕਦਾ ਹੈ ਕਿ ਉਸ ਦਾ ਕੁਝ ਕੁ ਪ੍ਰਕਾਸ਼ ਵੇਖੀਏ। ਨਾਮ ਦਾ ਦੂਜਾ ਅਰਥ ਰੱਬ ਦਾ ਉਹ ਭਾਵ ਹੈ, ਜੋ ਮਨੁਖ ਉਤੇ ਪ੍ਰਕਾਸ਼ ਹੁੰਦਾ ਆਇਆ ਹੈ। (੩) ਵਾਹਿਗੁਰੂ ਦਾ ਪ੍ਰਕਾਸ਼ ਗੁਰੂ ਸ਼ਬਦ ਜਾਂ ਗੁਰਬਾਣੀ ਵਿਚ ਭੀ ਹੈ—

(ੳ) ਗੁਰਬਾਣੀ ਵਰਤੀ ਜਗ ਅੰਤਰਿ ਇਸੁ
ਬਾਣੀ ਤੇ ਹਰਿ ਨਾਮੁ ਪਾਇਦਾ ॥੮॥

(ਮਾਰੂ ਮ: ੩

(ਅ) ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥
ਅਨਦਿਨੁ ਹਰਿ ਕਾ ਨਾਮੁ ਵਖਾਣੀ ॥

(ਮਾਰੂ ਮ: ੩ ਪੰ: ੧੦੫੭

ਇਨ੍ਹਾਂ ਵਾਕਾਂ ਤੋਂ ਸਪਸ਼ਟ ਹੈ ਕਿ ਗੁਰੂ ਕਾ ਸ਼ਬਦ ਅੰਮ੍ਰਿਤ ਬਾਣੀ ਹੈ। ਗੁਰਮਤਿ ਵਿਚ ਇਸੇ ਨੂੰ ਹਰੀ ਕਾ ਨਾਮ ਕਿਹਾ ਗਿਆ ਹੈ। ੧, "ਨਾਮ ਤੋਂ ਮੁਰਾਦ ਇਕ ਸਰਬ ਵਿਆਪਕ ਸ਼ਕਤੀ ਹੈ, ਜੋ ਹਰ ਥਾਂ ਭਰਪੂਰ ਹੋ ਕੇ ਘਟ ਘਟ ਨੂੰ ਧਾਰ ਰਹੀ ਹੈ। ਨਾਮ ਤੋਂ ਭਾਵ ਨਿਰ ਨਿਰੰਕਾਰ ਦੀ ਕਿਸੇ ਸੰਗਿਆ ਤੋਂ ਨਹੀਂ।"

---

੧. ਪ੍ਰਿੰਸੀਪਲ ਤੇਜਾ ਸਿੰਘ ਐਮ. ਏ. ਲੇਖ 'ਅਕਾਲੀ' ਵਿਸਾਖੀਨੰਬਰ ੧੯੪੫।

() "ਉਸ ਸਾਰੀ ਕ੍ਰਿਆ ਨੂੰ ਜੋ ਦ੍ਰਿਸ਼ਟ ਮਾਨ ਤੋਂ ਚੁਕਣ ਤੇ ਦ੍ਰਿਸ਼ਟਾ ਵਿਚ ਲਾਉਣ ਤੇ ਖਰਚ ਹੁੰਦੀ ਹੈ ਇਸ ਨੂੰ ਨਾਮ ਆਖਦੇ ਹਨ। ਧਿਆਨ ਨੂੰ ਦ੍ਰਿਸ਼ਟਮਾਨ ਉਤੋਂ ਚੁਕਣ ਦੇ ਪ੍ਰਿਥਮ ਤਰੱਦਦ ਤੋਂ ਲੈ ਕੇ 'ਨਾਮੀ' ਤਕ ਪ੍ਰਾਪਤ ਹੋ ਜਾਣ ਤਕ ਸਾਰੇ ਰੰਗ ਨੂੰ 'ਨਾਮ' ਆਖਦੇ ਹਨ। 'ਨਾਮ' ਨਾਮੀ ਵਲ ਲਗਣਾ।"

ਜਿਸ ਤਰ੍ਹਾਂ ਵਾਹਿਗੁਰੂ ਦੀ ਹੋਂਦ ਨੂੰ ਸ਼ਬਦਾਂ ਵਿਚ ਕਥਨ ਕਰਨਾ ਕਠਨ ਹੈ, ਉਸਨੂੰ ਅੰਤਰ ਆਤਮੇ ਮਹਿਸੂਸ ਕਰੀਦਾ ਹੈ, ਇਸੇ ਤਰ੍ਹਾਂ ਨਾਮ ਦਾ ਪਤਾ ਅਭਿਆਸ ਤੇ ਕਮਾਈ ਤੋਂ ਲਗਦਾ ਹੈ। ਜਿਵੇਂ ਮਨੁਖ ਨੇ ਦ੍ਰਿਸ਼ਟਮਾਨ ਤੇ ਅਣ-ਦ੍ਰਿਸਟ ਚੀਜ਼ਾਂ ਨੂੰ ਗਿਆਨ ਇੰਦ੍ਰਿਆਂ ਰਾਹੀਂ ਜਾਣ ਕੇ ਮਨ ਦਵਾਰਾ ਮਹਿਸੂਸ ਕਰਕੇ ਉਨ੍ਹਾਂ ਦੇ ਨਾਂ ਰਖੇ ਹਨ, ਇਸੇ ਤਰ੍ਹਾਂ ਆਤਮ ਦਰਸੀ ਤੇ ਤਤ-ਵੇਤਾ ਪੁਰਸ਼ਾਂ ਨੇ ਵਾਹਿਗੁਰੂ ਦੇ ਨਾਂ ਰਖੇ ਹਨ। ਉਸਦੀ ਹੋਂਦ ਨੂੰ ਮਹਿਸੂਸ ਤੇ ਨਿਸਚੇ ਕਰਕੇ ਕਈ ਨਾਮ ਕਥਨ ਕੀਤੇ ਹਨ। ਨਾਮ ਦੇ ਪਿਛੇ ਨਾਮੀ ਦੇ ਗੁਣ ਹੁੰਦੇ ਹਨ, ਇਸ ਲਈ ਕਈ ਆਦਮੀ ਵਾਹਿਗੁਰੂ ਦੇ ਗੁਣਾਂ ਦਾ ਤਸੱਵਰ ਕਰਕੇ ਨਾਮ ਜਾਪਦੇ ਹਨ।

ਨਾਮ ਸਿਮਰਣ ਨਾਲ ਦੁਖ ਦੂਰ ਹੁੰਦੇ ਹਨ। ਅੰਤਰ ਆਤਮ ਠੰਢ ਪੈਂਦੀ ਹੈ। ਉਸ ਪ੍ਰਕਾਸ਼ ਵਿਚ ਮਨੁਖ ਸੰਸਾਰਕ ਜੀਵਨ ਨੂੰ ਸਫਲ ਬਣਾਉਂਦਾ ਹੈ। ਆਪਣੇ ਜੀਵਨ ਉਦੇਸ਼ ਨੂੰ ਸਹੀ ਸਮਝਦਾ ਹੈ। ਚੰਗੇ ਕਰਮ ਕਰਦਾ ਹੈ। ਜਿਨ੍ਹਾਂ ਨਾਲ ਉਸਦੀ ਆਪਣੀ ਕਲਿਆਣ ਹੁੰਦੀ ਹੈ ਅਤੇ ਸੰਸਾਰ ਦਾ ਭਲਾ ਹੁੰਦਾ ਹੈ।

ਨਾਮ ਜਪਣ ਤੋਂ ਭਾਵ ਸਿਰਫ ਦੋ ਤਿੰਨ ਅੱਖਰਾਂ ਦਾ ਬਣਿਆ ਹੋਇਆ ਨਾਮ ਜਪਣਾ ਹੀ ਨਹੀਂ, ਬਲਕਿ ਵਾਹਿਗੁਰੂ ਦੀ ਹੋਂਦ ਨੂੰ ਪ੍ਰਤੱਖ ਮਹਿਸੂਸ ਕਰਕੇ ਉਸ ਵਿਚ ਜੁੜਨਾ, ਫਿਰ ਜੀਭਾ ਅਤੇ ਮਨ ਦਵਾਰਾ ਉਸ ਦਾ ਸਿਮਰਣ ਕਰਨਾ, ਅੰਤ੍ਰੀਵ. ਆਤਮੇ ਵਾਹਿਗੁਰੂ

---

੧. ਗੁਰਮਤਿ ਨਿਰਣਯ ਪੰਨਾ ੧੬੬

ਦਵਾਰਾ ਉਸ ਦਾ ਸਿਮਰਣ ਕਰਨਾ, ਅੰਤ੍ਰੀਵ ਆਤਮੇ ਵਾਹਿਗੁਰੂ ਨਾਲ ਜੁੜ ਕੇ ਸਦਾ ਸੁਖ ਪ੍ਰਾਪਤ ਕਰਨਾ ਹੈ।

ਸਾਡੀ ਸੁਰਤ ਸੰਸਾਰਕ ਪਦਾਰਥਾਂ, ਰਸਾਂ ਤੇ ਮਨੋ ਕਾਮਨਾਵਾਂ ਤੋਂ ਸ਼ੀਘਰ ਉਚੀ ਨਹੀਂ ਹੋ ਜਾਂਦੀ । ਨੀਵੇਂ ਸੰਸਕਾਰਾਂ ਤੋਂ ਉਠਕੇ ਇਕ ਦਮ 'ਨਾਮੀਂ' ਵਲ ਨਹੀਂ ਲੱਗ ਜਾਂਦੀ, ਇਸ ਲਈ ਜਰੂਰੀ ਹੈ ਕਿ ਅਸੀਂ ਵਾਹਿਗੁਰੂ ਦੀ ਹੋਂਦ ਨੂੰ ਮਹਿਸੂਸ ਕਰਕੇ 'ਧਿਆਨ' ਨੂੰ ਉਸ ਵਿਚ ਟਿਕਾਈਏ। ਧਿਆਨ ਦਾ ਭਾਵ ਹੈ ਮਨ ਦਾ ਕਿਸੇ ਇਕ ਨੁਕਤੇ ਤੇ ਕੁਝ ਚਿਰ ਲਈ ਟਿਕਣਾ ਜਾਂ ਉਸ ਵਲ ਲਗ ਜਾਣਾ। ਪਰ ਧਿਆਨ ਸਦਾ ਕਾਇਮ ਨਹੀਂ ਰਹਿੰਦਾ ।

ਸਿਖ ਧਰਮ ਵਿਚ ਤਿੰਨ ਅਵਸਥਾ ਦਸੀਆਂ ਹਨ :—

(੧) ਧਿਆਨ।

(੨) ਸਿਮਰਣ ।

(੩) ਲਿਵ।

ਧਿਆਨ ਨੂੰ ਕਿਸ ਤਰ੍ਹਾਂ ਸਿਮਰਣ ਵਿਚ ਜੋੜਿਆ ਜਾਵੇ ? ਇਸ ਲਈ ਦੋ ਤਰ੍ਹਾਂ ਦੇ ਸਾਧਨ ਹਨ :—

(੧) ਸ਼ਰੀਰਕ।

(੨) ਮਾਨਸਿਕ ।

ਸਿਮਰਣ ਤੇ ਲਿਵ ਵਿਚ ਜੁੜਨ ਲਈ ਦੋਵੇਂ ਜ਼ਰੂਰੀ ਹਨ। ਮਨੁਖ ਖਿਆਲਾਂ ਦਾ ਬਣਿਆ ਹੋਇਆ ਹੈ । ਪਹਿਲੇ ਇਸ ਦੇ ਮਨ ਵਿਚ ਕੋਈ ਖਿਆਲ ਪੈਦਾ ਹੁੰਦਾ ਹੈ, ਫਿਰ ਉਸ ਅਨੁਸਾਰ ਕਰਮ ਕਰਦਾ ਹੈ। ਇਸ ਲਈ ਪਹਿਲੇ ਮਨ ਜਾਂ ਖਿਆਲ ਨੂੰ ਬਦਲਣ ਦੀ ਲੋੜ ਹੁੰਦੀ। ਵਾਹਿਗੁਰੂ ਦੀ ਹੋਂਦ ਨੂੰ ਮੰਨ ਕੇ ਉਸ ਨੂੰ ਦਿਲ ਵਿਚ ਮਹਿਸੂਸ ਕਰਨਾ ਪਹਿਲਾਂ ਮਾਨਸਕ ਸਾਧਨ ਹੈ।

ਦੂਜਾ ਸਾਧਨ ਸਰੀਰਕ ਹੈ । ਉਹ ਹੈ ਰਸਨਾ ਦਵਾਰਾ ਨਾਮ ਜਪਣਾ ਜਾਂ ਸਿਮਰਣ ਕਰਨਾ, ਮਨ ਅਤੇ ਸਰੀਰ ਦਾ ਇਕ ਸੁਰ ਕਰਨਾ

ਬੜਾ ਜ਼ਰੂਰੀ ਹੈ । ਮਨ ਦਾ ਅਸਰ ਸਰੀਰ ਤੇ ਪੈਂਦਾ ਹੈ, ਮਨ ਸਰੀਰ ਦਾ ਅਤੇ ਬਾਹਰਲੀਆਂ ਘਟਨਾਵਾਂ ਦਾ ਅਸਰ ਗਿਆਨ ਇੰਦ੍ਰੀਆਂ ਰਾਹੀਂ ਕਬੂਲ ਕਰਦਾ ਹੈ । ਮਨ ਦੀ ਅਵਸਥਾ ਦਾ ਅਸਰ ਸਰੀਰ ਤੇ ਪੈਂਦਾ ਹੈ । ਦਿਨੇ ਮਨੁਖ ਜੋ ਕੰਮ ਕਰਦਾ ਹੈ, ਰਾਤ ਉਸਦੇ ਸੁਪਨੇ ਵੇਖਦਾ ਹੈ । ਗੁਰੂ ਜੀ ਨੇ ਤਨ ਅਤੇ ਮਨ ਦੋਹਾਂ ਨੂੰ ਇਕ ਸੁਰ ਕਰਕੇ ਵਾਹਿਗੁਰੂ ਨਾਲ ਜੋੜਿਆ ਹੈ । ਮਾਨ ਕਰਕੇ ਉਸਦੇ ਗੁਣਾਂ ਨਾਲ ਜੁੜ ਕੇ ਧਿਆਨ ਕਰਨਾ ਅਤੇ ਰਸਨਾ ਦਵਾਰਾ ਸਿਮਰਣ ਕਰਨਾ ਦਸਿਆ ਹੈ । ਧਿਆਨ ਦੀ ਅਵਸਥਾ ਪੱਕ ਜ ਦੀ ਹੈ ਤਾਂ ਸਿਮਰਣ ਆਪੇ ਹੁੰਦਾ ਹੈ, ਪਰ ਸਿਮਰਣ ਦੀ ਅਵਸਥਾ ਵਿਚ ਪੁਜੀ ਹੋਈ ਸੁਰਤ ਕਿਸੇ ਵੇਲੇ ਟੁਟ ਜਾਂਦੀ ਹੈ । 'ਅਜੁ ਨਾ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ' ਦੀ ਹਾਲਤ ਹੁੰਦੀ ਹੈ ।

ਤੀਜੀ ਹਾਲਤ ਹੈ ਲਿਵ ਦੀ, ਜਿਥੇ ਪੁਜਕੇ ਤੋਟਾ ਨਹੀਂ ਆਉਂਦਾ । ਧਿਆਨ, ਵਿਚਾਰ ਜਾਂ ਸੋਚ ਨਾਲ ਕਰਮ ਨਹੀਂ ਕਰਨੇ ਪੈਂਦੇ ਸੁਭਾਵਕ ਚੰਗੇ ਕਰਮ ਹੋਈ ਜਾਂਦੇ ਹਨ । ਸੁਰਤ ਵਾਹਿਗੁਰੂ ਨਾਲ ਜੁੜੀ ਰਹਿੰਦੀ ਹੈ । ਕਿਸੇ ਘਟਨਾ ਦੇ ਕਾਰਨ ਜੇਕਰ ਰਤਾ ਕਿਸੇ ਪਾਸੇ ਰਜੂਹ ਵੀ ਕਰੇ ਤਾਂ ਫਿਰ ਝਟ ਪਟ ਅਸਲੇ ਨਾਲ ਜੁੜ ਜਾਂਦੀ ਹੈ । ਨਾਮ ਜਪਣ ਵਾਲਾ ਸਰੀਰ ਅਤੇ ਮਨ ਕਰਕੇ ਨਾਮ ਨਾਲ ਜੁੜੇ ਸਰਬ ਵਿਆਪਕ ਸ਼ਕਤੀਮਾਨ ਨੂੰ ਅਨੁਭਵ ਕਰੇ, ਇਹ ਹੀ ਨਾਮ ਜਪਣਾ ਹੈ ।

ਲਿਵ ਦੀ ਬਾਬਤ ਸ੍ਰੀ ਗੁਰੂ ਅਮਰ ਦਾਸ ਜੀ ਕਹਿੰਦੇ ਹਨ—

ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥
ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵਿਚਾਰੀਆ ॥
ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ।

ਲਿਵ ਦੀ ਬਖਸ਼ਸ਼ ਵਾਹਿਗੁਰੂ ਵਲੋਂ ਹੁੰਦੀ ਹੈ । ਇਸ ਅਵਸਥਾ ਵਿਚ—

ਆਠ ਪਹਰ ਪ੍ਰਭ ਬਸਹਿ ਹਜੂਰੇ ॥
ਕਹੁ ਨਾਨਕ ਸੇਈ ਜਨ ਪੂਰੇ ॥੭॥ (੨੮੬)

ਇਸ ਤਰ੍ਹਾਂ ਮਨੁਖ ਜੜ੍ਹਤਾ ਵਿਚੋਂ ਉਠਕੇ ਸੁਰਤ ਅਤੇ ਮਤਿ ਪ੍ਰਾਪਤ ਕਰਦਾ ਹੈ । ਮਨ ਅਤੇ ਬੁਧੀ ਤੋਂ ਉਚੇ ਉਠਕੇ ਵਾਹਿਗੁਰੂ ਨਾਲ ਜੁੜਦਾ ਹੈ । 'ਬੁਧਿ ਬਦਲੀ ਸਿਧਪਾਈ' ਦੀ ਪਦਵੀ ਪ੍ਰਾਪਤ ਕਰਦਾ ।

ਮਹਾਂ ਪੁਰਸ਼ਾਂ ਦੀ ਸੰਗਤ ਕਰਕੇ ਗੁਰਬਾਣੀ ਪੜ੍ਹਕੇ ਜਾਂ ਕੀਰਤਨ ਸੁਣਕੇ ਮਨ ਨਾਮ ਸਿਮਰਣ ਵਲ ਲਗਦਾ ਹੈ । ਤਜਰਬੇ ਤੋਂ ਇਹ ਮਲੂਮ ਹੁੰਦਾ ਹੈ ਕਿ ਕਈ ਵੇਰ ਸਾਧਨ ਕਰਦਿਆਂ ਸਿਮਰਣ ਵਲ ਨਹੀਂ ਲਗਦਾ । ਕਈ ਵੇਰ ਅਚਾਨਕ ਟਿਕ ਜਾਂਦਾ ਹੈ । ਇਹ ਅਵਸਥਾ ਬਹੁਤ ਸਧਾਰਣ ਮਨੁਖਾਂ ਦੀ ਹੁੰਦੀ ਹੈ । ਮਹਾਂ ਪੁਰਖਾਂ ਦੀ ਸੁਰਤ ਇਕ ਰਸ ਪੱਕੀ ਹੁੰਦੀ ਹੈ । ਸਿਖੀ ਨੇ ਇਹ ਆਦਰਸ਼ ਪੇਸ਼ ਕੀਤਾ ਹੈ ਕਿ ਕੰਮ ਕਰਦਿਆਂ ਸੁਰਤ ਨਿਰੰਕਾਰ ਨਾਲ ਜੁੜੀ ਰਹੇ । ਸ੍ਰੀ ਗੁਰੂ ਨਾਨਕ ਦੇਵ ਸੁਲਤਾਨ ਪੁਰ ਵਿਚ ਮੋਦੀਖਾਨੇ ਦਾ ਕੰਮ ਕਰਦੇ ਸਨ । ਇਕ ਦਿਨ ਸਾਧੂ ਨੇ ਆਕੇ ਕਿਹਾ, "ਮੋਦੀ ਜੀ । ਆਟਾ ਤੋਲ ਦਿਓ ।"

ਜਦ ਹਜ਼ੂਰ ਆਟਾ ਤੋਲਣ ਲਗੇ ਅਤੇ ਤੇਰਾਂ ਦੀ ਧਾਰਨਾ ਪਾਈ ਨੇ ਤਾਂ 'ਤੇਰਾ ਹੀ ਤੇਰਾ' ਹੀ ਤੇਰਾ' ਵਿਚ ਮਗਨ ਹੋ ਗਏ । ਇਹ ਅਵਸਥਾ ਲਿਵ ਦੀ ਹੈ ।

ਭਗਤ ਨਾਮ ਦੇਵ ਜੀ ਲਿਵ ਦੀ ਅਵਸਥਾ ਨੂੰ ਇਉਂ ਕਥਨ ਕਰਦੇ ਹਨ :—

ਆਨੀਲੇ ਕਾਗਦੁ ਕਾਟੀਲੇ ਗੂਡੀ ਅਕਾਸ ਮਧੇ ਭਰਮੀਅਲੇ ॥
ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ ॥੧॥
ਮਨੁ ਰਾਮਨਾਮਾ ਬੇਧੀਅਲੇ॥ਜੈਸੇ ਕਨਿਕਕਲਾਚਿਤੁ ਮਾਂਡੀਅਲੇ॥੧॥
ਰਹਾਉ॥ਆਨੀਲੇ ਕੁੰਭੁ ਭਰਾਈਲੇਊਦਕਰਾਜ ਕੁਆਰਿਪੁਰੰਦਰੀਏ॥
ਹਸਤ ਬਿਨੋਦ ਬਿਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ ॥੨॥
ਮੰਦਰ ਏਕ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ ॥
ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ ॥੩॥

ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ ॥
ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥
॥ ੪ ॥ ੧ ॥ (੯੭੨)

ਭਾਵ—ਜਿਵੇਂ ਬੱਚੇ ਕਾਗਜ਼ ਦੀ ਗੁੱਡੀ ਬਣਾਕੇ ਉਡਾਂਦੇ ਹਨ ਪਰ ਉਡਾਣ ਵਾਲਾ ਦੂਜਿਆਂ ਨਾਲ ਗੱਲਾਂ ਕਰਦਿਆਂ, ਸੁਰਤ ਡੋਰ ਵਿਚ ਰਖਦਾ ਹੈ, ਜਿਸ ਤਰ੍ਹਾਂ ਸੁਨਿਆਰਾ ਗਹਿਣੇ ਘੜਦਿਆਂ ਧਿਆਨ ਸੋਨੇ ਵਿਚ ਰਖਦਾ ਹੈ, ਜਿਸ ਤਰ੍ਹਾਂ ਲੜਕੀਆਂ ਪਾਣੀ ਭਰ ਕੇ ਆਉਂਦੀਆਂ ਹਨ, ਆਪਸ ਵਿਚ ਗੱਲਾਂ ਕਰਦੀਆਂ ਹਨ ਪਰ ਸੁਰਤ ਸਿਰ ਉਤੇ ਚੁਕੀ ਹੋਈ ਗਾਗਰ ਵਿਚ ਰਖਦੀਆਂ ਹਨ। ਗਊ ਬਨ ਵਿਚ ਚੁਗਦੀ ਹੈ ਪਰ ਬਛੇ ਦਾ ਖਿਆਲ ਰਖਦੀ ਹੈ, ਇਕ ਇਸਤ੍ਰੀ ਬੱਚੇ ਨੂੰ ਪੰਘੂੜੇ ਵਿਚ ਪਾਕੇ ਅੰਦਰ ਬਾਹਰ ਕੰਮ ਕਾਜ ਕਰਦੀ ਹੈ, ਪਰ ਬੱਚੇ ਦਾ ਖਿਆਲ ਰਖਦੀ ਹੈ। ਇਸੇ ਤਰ੍ਹਾਂ ਭਗਤ ਵਾਹਿਗੁਰੂ ਦੇ ਧਿਆਨ ਅਤੇ ਸਿਮਰਣ ਵਿਚ ਰਹਿੰਦੇ ਹਨ।

ਜੋ ਕੁਝ ਮਨੁਖ ਸੋਚਦਾ ਅਤੇ ਵਿਚਾਰਦਾ ਹੈ, ਉਹ ਕਦੀ ਬਿਰਥਾ ਨਹੀਂ ਜਾਂਦਾ। ਮਨੁਖ ਦੇ ਆਪਣੇ ਮਨ ਅਤੇ ਸੰਸਾਰ ਦੀਆਂ ਹੋਰ ਵਸਤਾਂ ਤੇ ਉਸ ਦਾ ਜ਼ਰੂਰ ਅਸਰ ਹੁੰਦਾ ਹੈ। ਨਾਮ ਸਿਮਰਣ ਦਾ ਅਸਰ ਮਨ ਉਤੇ ਭੀ ਹੋਰਨਾ ਤੇ ਪੈਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸਿਮਰਣ ਸ਼ਕਤੀ ਦਾ ਇਉਂ ਵਰਨਣ ਕਰਦੇ ਹਨ:—

ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥

ਭਾਵ—ਕੂੰਜ ਸੈ ਕੋਹਾਂ ਤੇ ਆਪਣੇ ਬਚੇ ਛੱਡ ਆਉਂਦੀ ਹੈ। ਉਨ੍ਹਾਂ ਨੂੰ ਕੌਣ ਖੁਆਂਦਾ ਜਾਂ ਚੋਗਾ ਦਿੰਦਾ ਹੈ, ਸਿਮਰਣ ਦੀ ਸ਼ਕਤੀ ਨਾਲ ਉਹਨਾਂ ਦੀ ਪਾਲਣਾ ਹੁੰਦੀ। ਭਾਈ ਗੁਰਦਾਸ ਜੀ ਇਸ ਨੂੰ ਇਸ ਤਰ੍ਹਾਂ ਕਥਨ ਕਰਦੇ ਹਨ—

ਕਛੂ ਅੰਡਾ ਸੇਂਵਦਾ ਜਲ ਬਾਹਰ ਧਰ ਧਿਆਨ ਧਰੇਂਦਾ।
ਕੂੰਜ ਕਰੇਂਦੀ ਸਿਮਰਣੋ ਪੂਰਨ ਬੱਚਾ ਹੋਇ ਉਡੰਦਾ।

ਸਿਮਰਣ ਇਕ ਬਹੁਤ ਸੂਖਮ ਸ਼ਕਤੀ ਹੈ । ਸਵੈ-ਸਰੂਪ ਨਾਲ ਮਿਲਣ ਦਾ ਇਕ ਸਾਧਨ ਹੈ। ਸਵੈ-ਸਰੂਪ ਇਕ ਬਹੁਤ ਸੂਖਮ ਨੁਕਤਾ ਹੈ, ਜਿਸਦੇ ਦੁਆਲੇ ਕਈ ਘੇਰੇ ਹਨ । ਜਿਤਨਾ ਅਸੀਂ ਖਿਆਲ ਦੁਆਰਾ ਮੂਲ ਤੋਂ ਦੂਰ ਹੋ ਜਾਂਦੇ ਹਾਂ, ਉਤਨਾ ਹੀ ਸਥੂਲ ਰੂਪ ਹੁੰਦੇ ਜਾਂਦੇ ਹਾਂ । ਜਿਤਨਾ ਸਿਮਰਣ ਅਤੇ ਲਿਵ ਦੀ ਅਵਸਥਾ ਵਿਚ ਟਿਕਦੇ ਹਾਂ, ਉਤਨਾ ਹੀ ਅਸਲੇ ਦੇ ਨੇੜੇ ਹੁੰਦੇ ਹਾਂ ।

ਮੈਸਮਰੇਜ਼ਮ, ਹੈਪਨਾਟਿਜ਼ਮ, ਯੋਗ ਆਦਿਕ ਸਭ ਖਿਆਲੀ ਤਾਕਤ ਦੇ ਕ੍ਰਿਸ਼ਮੇ ਹਨ । ਜਿੰਨਾ ਜਿੰਨਾ ਕੋਈ ਖਿਆਲ ਦੀ ਤਾਕਤ ਪ੍ਰਾਪਤ ਕਰਦਾ ਹੈ, ਉਹ ਉਨ੍ਹਾਂ ਹੀ ਇਨ੍ਹਾਂ ਚੀਜ਼ਾਂ ਨੂੰ ਪ੍ਰਗਟ ਕਰਦਾ ਹੈ। ਸ਼ੁਧ ਖਿਆਲ ਦਿਮਾਗੀ ਉਚਤਾ ਦਾ ਨਤੀਜਾ ਹੁੰਦੇ ਹਨ। ਦਿਮਾਗ ਵਿਦਿਆ ਨਾਲ ਉਚਾ ਹੁੰਦਾ। ਸਿਮਰਣ ਉਹ ਸ਼ਕਤੀ ਹੈ, ਜਿਸ ਨੂੰ ਪ੍ਰਾਪਤ ਕਰਕੇ ਮਨੁਖ ਦਿਲ, ਦਿਮਾਗ ਤੇ ਸਰੀਰ ਤੋਂ ਉਪਰ ਉਠ ਕੇ ਆਪਣੇ ਮੂਲ ਰੂਪ ਵਿਚ ਟਿਕ ਜਾਂਦਾ ਹੈ ।

(ਗਿਆਨ ਮਾਰਗ

ਲਿਵ ਦੀ ਅਵਸਥਾ ਵਿਚ ਸੁਰਤ ਰੱਬ ਨਾਲ ਜੁੜ ਜਾਂਦੀ ਹੈ। ਇਹ ਹਾਲਤ ਹੋ ਜਾਂਦੀ ਹੈ :—

ਏਮਨਾਬਾਦ ਵਿਚ ਗੁਰੂ ਜੀ ਦੀ ਮੁਲਾਕਾਤ ਬਾਬਰ ਨਾਲ ਹੋਈ। ਬਾਬਰ ਬੜਾ ਸ਼ਰਾਬੀ ਸੀ। ਉਸ ਨੇ ਗੁਰੂ ਜੀ ਨੂੰ ਕਿਹਾ, 'ਸ਼ਰਾਬ ਪੀਓ, ਸਾਰੇ ਫ਼ਕੀਰ ਭੰਗ ਪੋਸਤ ਤੇ ਸ਼ਰਾਬ ਪੀਂਦੇ ਹਨ ।

ਸਤਿਗੁਰੂ ਨੇ ਉਤਰ ਦਿਤਾ, "ਬਾਬਰ, ਇਸ ਸ਼ਰਾਬ ਵਿਚ ਮਦਹੋਸ਼ੀ ਹੈ। ਇਸ ਦਾ ਨਸ਼ਾ ਉਤਰ ਜਾਂਦਾ ਹੈ । ਸਵੇਰੇ ਪੀਓ ਤਾਂ ਸ਼ਾਮ ਨੂੰ ਫਿਰ ਪੀਣ ਦੀ ਲੋੜ ਪੈਂਦੀ ਹੈ । ਅਸੀਂ ਅਜਿਹਾ ਨਸ਼ਾ ਪੀਤਾ ਹੈ, ਜੋ ਕਦੀ ਉਤਰ ਨਹੀਂ ਸਕਦਾ—

"ਮਦਰਾ ਭੰਗ ਅਫੀਮ ਉਤਰ ਜਾਇ ਪ੍ਰਭਾਤ ।
ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ ।"

ਕਈ ਆਦਮੀ ਕਹਿੰਦੇ ਹਨ 'ਨਾਮ ਵਿਚ ਕੋਈ ਅਸਰ ਨਹੀਂ' ਇਹ ਗੱਲ ਬਿਲਕੁਲ ਬਿਅਰਥ ਹੈ। ਕੋਈ ਆਦਮੀ ਸਾਡੇ ਮਾਤਾ ਪਿਤਾ ਦਾ ਨਾਂ ਸਤਿਕਾਰ ਨਾਲ ਨਾ ਲਵੇ, ਸਾਨੂੰ ਦੁਖ ਹੁੰਦਾਹੈ। ਕਿਸੇ ਬੀਰ ਪੁਰਸ਼ ਜਾਂ ਸ਼ਹੀਦ ਦਾ ਨਾਂ ਲੈ ਕੇ ਕੋਈ ਵਾਰਤਾ ਸੁਣਾਈ ਜਾਵੇ ਤਾਂ ਲਹੂ ਖੌਲਣ ਲਗ ਪੈਂਦਾ ਹੈ। ਵੈਰਾਗ ਮਈ ਕਥਾ ਸੁਣ ਕੇ ਅੱਖਾਂ ਵਿਚ ਅਥਰੂ ਆ ਜਾਂਦੇ ਹਨ। ਦਰ ਅਸਲ ਹਰੇਕ ਸ਼ਬਦ ਵਿਚ ਸਮਝਾਣ ਬੁਝਾਣ ਦੀ ਸ਼ਕਤੀ ਹੁੰਦੀ ਹੈ। ਨਾਮ ਦੇ ਪਿਛੇ ਨਾਮੀ ਦਾ ਖਿਆਲ ਤੇ ਰੂਪ ਹੁੰਦਾ ਹੈ। ਜਦ ਅਸੀਂ ਕਿਸੇ ਨਾਂ ਲੈਂਦੇ ਹਾਂ, ਉਸ ਦੇ ਪਿਛੇ ਨਾਮੀ ਦਾ ਤਸੱਵਰ ਹੁੰਦਾ ਹੈ। ਇਸੇ ਤਰ੍ਹਾਂ ਸਤਿਨਾਮ, ਵਾਹਿਗੁਰੂ, ਰਾਮ, ਅੱਲਾ ਜਾਂ ਗਾਡ ਕਹਿਣ ਨਾਲ ਇਨ੍ਹਾਂ ਦੇ ਪਿਛੇ ਕੋਈ ਹਸਤੀ ਹੁੰਦੀ ਹੈ, ਉਸ ਦਾ ਤਸੱਵਰ ਹੁੰਦਾ ਹੈ। ਨਾਮੀ ਦਾ ਤਸੱਵਰ ਕਰਕੇ ਨਾਮ ਜਪਣਾ ਤਬਦੀਲੀ ਲਿਆਉਂਦਾ ਹੈ। ਬਾਣੀ ਦਸਦੀ ਹੈ:—

ਗੁਣ ਕਹ ਗੁਣੀ ਸਮਾਵਣਿਆ ॥

ਮਨ ਵਿਸ਼ਿਆ ਵਿਕਾਰਾਂ ਵਿਚ ਲੱਗਾ ਹੋਵੇ ਤੇ ਰਸਨਾ ਦਵਾਰਾ ਨਾਮ ਰਟ ਕੇ ਕਿਹਾ ਜਾਵੇ ਕਿ ਨਾਮ ਜਪਣ ਨਾਲ ਕੋਈ ਅਸਰ ਨਹੀਂ ਹੁੰਦਾ ਤਾਂ ਇਹ ਗੱਲ ਠੀਕ ਨਹੀਂ ਹੋਵੇਗੀ। ਜਿਸ ਪਾਸੇ ਮੋਘੇ ਦਾ ਮੂੰਹ ਕਰ ਦਿਤਾ ਜਾਵੇ, ਓਧਰ ਖੇਤੀ ਜ਼ਰੂਰ ਸਿੰਜੀ ਜਾਵੇਗੀ, ਲੇਕਨ ਮੋਘੇ ਦਾ ਮੂੰਹ ਕਿਸੇ ਹੋਰ ਪਾਸੇ ਹੋਵੇ ਤੇਕਿਹਾ ਜਾਏ ਕਿ ਪੈਲੀ ਸਿੰਜੀ ਜਾਵੇ ਤਾਂ ਇਹ ਗਲ ਨਹੀਂ ਹੋ ਸਕਦੀ।

ਨਾਮ ਅਭਿਆਸ ਤਿੰਨ ਤਰ੍ਹਾਂ ਕੀਤਾ ਜਾਂਦਾ ਹੈ—ਰਸਨਾ ਦਵਾਰਾ। ਗੁਰਦੇਵ ਫੁਰਮਾਉਂਦੇ ਹਨ :—

ਸਾ ਰਸਨਾ ਧਨੁ ਧਨੁ ਹੈ ਮੇਰੀ ਜਿੰਦੜੀਏ,
ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥

ਬਿਹਾਗੜਾ ਮ: ੪ (੫੪੦)

(੨) ਰਸਨਾ ਨਾਮ ਉਚਾਰਣ ਨਾਹ ਕਰੇ, ਕੰਠ ਵਿਚ ਨਾਮ ਜਪਣ ਦੀ ਕਿਰਿਆ ਹੋਵੇ।

(੩) ਅਜਪਾ ਜਾਪ, ਜੋ ਵਾਹਿਗੁਰੂ ਜਾਪ ਵਿਚ ਨਹੀਂ ਆ ਸਕਦਾ ਉਸ ਦਾ ਮਨ ਦੀਆਂ ਇਕਾਗਰ ਬਿਰਤੀਆ ਨਾਲ ਚਿੰਤਨ ਕਰਨਾ :—

ਜਾਪੁ ਸੁ ਅਜਪਾ ਜਾਪੈ ॥

ਸ਼ਬਦ ਹਜ਼ਾਰੇ ਪਾ: ੧੦

ਅਜਪਾ ਜਾਪ ਉਸ ਹਾਲਤ ਵਿਚ ਹੁੰਦਾ ਹੈ, ਜਦ ਆਪ ਮੁਹਾਰਾ ਜਾਪ ਹੋਵੇ । ਦਿਨ ਰਾਤ ਸੁਆਸ ਸੁਆਸ ਵਾਹਿਗੁਰੂ ਦੀ ਯਾਦ ਰਹੇ । ਇਹ ਹੈ ਅਜਪਾ ਜਾਪ । 'ਗੁਰਮੁਖ ਰੋਮ ਰੋਮ ਹਰਿ ਧਿਆਵੈ, ਇਸੇ ਹਾਲਤ ਲਈ ਕਿਹਾ ਹੈ। ਪੰਚਮ ਸਤਿਗੁਰੂ ਇਸ ਅਵਸਥਾ ਨੂੰ ਇਉਂ ਵਰਨਣ ਕਰਦੇ ਹਨ :— (ਆਸਾ ਮ: ੫)

(੧) ਊਠਤ ਬੈਠਤ ਸੋਵਤ ਧਿਆਈਐ ॥
ਮਾਰਗਿ ਚਲਤ ਹਰੇ ਹਰਿ ਗਾਈਐ ॥੧॥
ਸ੍ਰਵਣ ਸੁਨੀਜੈ ਅੰਮ੍ਰਿਤ ਕਥਾ ॥
ਜਾਸੁ ਸੁਨੀ ਮਨਿ ਹੋਇ ਅਨੰਦਾ,
ਦੂਖ ਰੋਗ ਮਨ ਸਗਲੇ ਲਥਾ ॥੧॥ਰਹਾਉ॥
ਕਾਰਜਿ ਕਾਮਿ ਬਾਟ ਘਾਟ ਜਪੀਜੈ ॥
ਗੁਰਪ੍ਰਸਾਦਿ ਹਰਿ ਅੰਮ੍ਰਿਤੁ ਪੀਜੈ ॥੨॥
ਦਿਨਸੁ ਰੈਨਿ ਹਰਿ ਕੀਰਤਨੁ ਗਾਈਐ ॥
ਸੋ ਜਨੁ ਜਮ ਕੀ ਵਾਟ ਨ ਪਾਈਐ ॥੩॥
ਆਠ ਪਹਰ ਜਿਸੁ ਵਿਸਰਹਿ ਨਾਹੀ ॥
ਗਤਿ ਹੋਵੈ ਨਾਨਕ ਤਿਸੁ ਲਗਿ ਪਾਈ ॥੧੦॥

(੩੮੬)

(੨) ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ,
ਨਾਮੁ ਗੋਬਿੰਦ ਕਾ ਸਦਾ ਲੀਜੈ ॥
ਮਿਟਹਿ ਕਮਾਣੇ ਪਾਪ ਚਿਰਾਣੇ,
ਸਾਧ ਸੰਗਤਿ ਮਿਲ ਮੁਆ ਜੀਜੈ ॥੧॥ਰਹਾਉ॥

ਰਾਜ ਜੋਬਨ ਬਿਸਰੰਤ ਹਰਿ ਮਾਇਆ,
ਮਹਾ ਦੁਖ ਏਹੁ ਮਹਾਂਤ ਕਹੈ ॥
ਆਸ ਪਿਆਸ ਰਮਣ ਹਰਿ ਕੀਰਤਨ,
ਏਹੁ ਪਦਾਰਥੁ ਭਾਗਵੰਤ ਲਹੈ ॥੧॥
ਸਰਣਿ ਸਮਰਥ ਅਕਥ ਅਗੋਚਰਾ,
ਪਤਿਤ ਉਧਾਰਣ ਨਾਮੁ ਤੇਰਾ ॥
ਅੰਤਰਜਾਮੀ ਨਾਨਕ ਕੇ ਸੁਆਮੀ,
ਸਰਬਤ ਪੂਰਨ ਠਾਕੁਰੁ ਮੇਰਾ ॥੨॥੨॥

(ਪੰਨਾ ੬੯੩)

ਸਿਖ ਧਰਮ ਵਿਚ ਵਾਹਿਗੁਰੂ ਦੇ ਨਾਮ ਸਿਮਰਨ ਨੂੰ ਜੀਵਨ ਆਧਾਰ ਮੰਨਿਆ ਹੈ। ਜ਼ਿੰਦਗੀ ਦੀ ਤਾਰੀਫ਼ ਇਹ ਕੀਤੀ ਜਾਂਦੀ ਹੈ ਕਿ ਜਦ ਤੀਕ ਖੂਨ ਦਿਲ ਵਿਚ ਗੇੜੇ ਕਢਦਾ ਹੈ, ਨਬਜ਼ ਚਲਦੀ ਹੈ,ਮਨੁਖ ਦਾ ਦਿਲ ਦਿਮਾਗ ਕੰਮ ਕਰਦਾ ਹੈ, ਉਦੋਂ ਤਕ ਜੀਉਂਦਾ ਹੈ। ਸਤਿਗੁਰੂ ਕਹਿੰਦੇ ਹਨ—

(੧) ਆਖਾ ਜੀਵਾ ਵਿਸਰੈ ਮਰਿ ਜਾਉ ॥
(੨) ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ,
ਤਿਤੁ ਵੇਲੈ ਮਰਿ ਜਾਇ ਜੀਉ ਮੇਰਾ ॥੫॥

(ਪੰਨਾ ੫੬੨)

ਨਾਮ ਸਿਮਰਨ ਤੋਂ ਬਿਨਾਂ ਜੀਵਨ ਹੀ ਬਿਰਥਾ ਦਸਿਆ ਹੈ—

(੧) ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥*
ਤਿਉ ਜੀਵਹਿ ਸਾਕਤ ਨਾਮੁ ਬਿਸਾਰੀ ॥੧॥

*ਸਪ ਦੀ ਆਯੂ ਲੰਬੀ ਹੈ, ਪਰ ਹੁੰਦੀ ਬਿਰਥਾ ਹੈ।

ਏਕ ਨਿਮਖ ਜੋ ਸਿਮਰਨ ਮਹਿ ਜੀਆ ॥
ਕੋਟਿ ਦਿਨਸ ਲਾਖ ਸਦਾ ਥਿਰ ਥੀਆ ॥੧॥ਰਹਾਉ॥
ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ ॥
ਕਾਗ ਬਤਨ* ਬਿਸਟਾ ਮਹਿ ਵਾਸ ॥੨॥ (੨੩੯)

(੨) ਨਾਮ ਬਿਨਾ ਜੋ ਪਹਿਰੈ ਖਾਇ ॥
ਜਿਉ ਕੂਕਰ ਜੂਠਨ ਮਹਿ ਪਾਇ ॥੧॥
ਨਾਮ ਬਿਨਾ ਜੇਤਾ ਬਿਉਹਾਰ ॥
ਜਿਉ ਮਿਰਤਕ ਮਿਥਿਆ ਸੀਗਾਰੁ ॥੨॥
ਨਾਮੁ ਬਿਸਾਰਿ ਕਰੇ ਰਸ ਭੋਗ ॥
ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥੩॥
ਨਾਮੁ ਤਿਆਗਿ ਕਰੇ ਅਨ ਕਾਜ ॥
ਬਿਨਸਿ ਜਾਇ ਝੂਠੇ ਸਭਿ ਪਾਜ ॥੪॥
ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥
ਕੋਟਿ ਕਰਮ ਕਰਤੋ ਨਰਕਿ ਜਾਵੈ ॥੫॥
ਹਰਿ ਕਾ ਨਾਮੁ ਜਿਨਿ ਮਨਿ ਨ ਅਰਾਧਾ ॥
ਚੋਰ ਕੀ ਨਿਆਈ ਜਮਪੁਰਿ ਬਾਧਾ ॥੬॥ (੨੪੦)

(੩) ਜਾ ਮਹਿ ਭਜਨੁ ਰਾਮ ਕੋ ਨਾਹੀ ॥
ਤਿਹ ਨਰਿ ਜਨਮੁ ਅਕਾਰਥੁ ਖੋਇਆ,
ਯਹ ਰਾਖਹੁ ਮਨਮਾਹੀ ॥੧॥ਰਹਾਉ॥
ਤੀਰਥ ਕਰੈ ਬਰਤ ਫੁਨਿ ਰਾਖੈ,
ਨਹ ਮਨੂਆ ਬਸਿ ਜਾ ਕੋ ॥
ਨਿਹਫਲ ਧਰਮੁ ਤਾਹਿ ਤੁਮ ਮਾਨਹੁ,

---

*ਸੰ, ਵਦਨ-ਮੂਹ। ਸਿਮਰਨ ਤੋਂ ਬਿਨਾਂ ਮੂੰਹ ਕਾਂ ਵਰਗਾ ਹੈ ਜੋ ਮੈਲੇ ਵਿਚ ਰਹਿੰਦਾ ਹੈ।

ਸਾਚੋ ਕਹਤ ਮੈ ਯਾ ਕਉ ॥੧॥
ਜੈਸੇ ਪਾਹਨੁ ਜਲ ਮਹਿ ਰਾਖਿਓ,
ਭੇਦੈ ਨਾਹਿ ਤਿਹ ਪਾਨੀ ॥
ਤੈਸੇ ਹੀ ਤੁਮ ਤਾਹਿ ਪਛਾਨਹੁ,
ਭਗਤਿ ਹੀਨ ਜੋ ਪ੍ਰਾਨੀ ॥੨॥
ਕਲਿ ਮਹਿ ਮੁਕਤਿ ਨਾਮ ਤੇ ਪਾਵਤ,
ਗੁਰੁ ਯਹ ਭੇਦੁ ਬਤਾਵੈ ॥
ਕਹੁ ਨਾਨਕ ਸੋਈ ਨਰੁ ਗਰੂਆ,
ਜੋ ਪ੍ਰਭ ਕੇ ਗੁਨ ਗਾਵੈ ॥

(ਬਿਲਾਵਲ ਮ: ੯)

ਨਾਮ ਤੋਂ ਬਿਨਾ ਸਾਰੇ ਕਰਮ ਬਿਰਥੇ ਹਨ—

ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥
ਨਾਨਕ ਜਮਪੁਰਿ ਬਧੇ ਮਾਰੀਅਹਿ ਜਿਉ ਸੰਨੀ ਉਪਰਿ ਚੋਰ ।੧।

ਨਾਮ ਸਭ ਪਾਪਾਂ ਨੂੰ ਦੂਰ ਕਰਦਾ ਹੈ— (੧੨੪੭)

ਲਖ ਮੜਿਆ ਕਰ ਏਕਠੇ ਏਕ ਰਤੀ ਲੈ ਭਾਹਿ ॥

(ਆਸਾ ਮ: ੧)

ਭਾਵ—ਲਕੜ ਦੇ ਕਈ ਢੇਰ ਹੋਣ, ਥੋਹੜੀ ਜਿਹੀ ਅੱਗ ਸਾਰਿਆਂ ਨੂੰ ਭਸਮ ਕਰ ਦਿੰਦੀ ਹੈ, ਇਸੇ ਤਰ੍ਹਾਂ ਵਾਹਿਗੁਰੂ ਦਾ ਨਾਮ ਪਾਪਾਂ ਨੂੰ ਨਸ਼ਟ ਕਰ ਦਿੰਦਾ ਹੈ ।*

ਕਈ ਆਦਮੀ ਪ੍ਰਸ਼ਨ ਕਰਦੇ ਹਨ 'ਵਾਹਿਗੁਰੂ ਨੂੰ ਸਾਡੇ ਭਜਨ ਸਿਮਰਨ ਦੀ ਕੀ ਲੋੜ ਹੈ ? ਜੇ ਕਰ ਉਸ ਨੂੰ ਲੋੜ ਹੈ ਤਾਂ ਉਹ ਸਾਧਾਰਣ ਮਨੁਖਾਂ ਵਾਂਗੂ ਹੋਇਆ, ਜੋ ਖੁਸ਼ਾਮਦ ਨਾਲ ਖੁਸ਼ ਅਤੇ ਹੁਕਮ ਨਾ ਮੰਨੋ ਤਾਂ ਨਰਾਜ਼ ਹੋ ਜਾਂਦੇ ਹਨ । ਉਹ ਸਾਡੇ ਬੰਧਨ

---

*ਕਹੌਂ ਕਹਾਂ ਲਗ ਨਾਮ ਬਡਾਈ ॥ ਰਾਮ ਨ ਸਕਹਿ ਨਾਮ ਗੁਨ ਗਾਈ ।
ਰਾਮ ਏਕ ਤਾਪਸ *ਤ੍ਰਿਯ ਤਾਰੀ॥ਨਾਮ ਕੋਟ ਖਲ ਪਤਿਤ ਉਧਾਰੀ ।
* ਗੌਤਮ ਦੀ ਇਸਤ੍ਰੀ ਅਹਿਲਿਆ । (ਤੁਲਸੀ ਦਾਸ)

ਵਿਚ ਹੋਇਆ ?'

ਇਸਦਾ ਉਤਰ ਇਹ ਹੈ ਕਿ ਅਸੀਂ ਭਜਨ ਸਿਮਰਨ ਇਸ ਲਈ ਨਹੀਂ ਕਰਦੇ ਕਿ ਰੱਬ ਨੂੰ ਉਸਦੀ ਲੋੜ ਹੈ, ਸਗੋਂ ਆਪਣੀਆਂ ਖਾਮੀਆਂ ਨੂੰ ਦੂਰ ਕਰਨ ਲਈ ਤੇ ਰੋਜ਼ਾਨਾ ਜੀਵਨ ਵਿਚ ਮਨ ਉਤੇ ਪਏ ਭੈੜੇ ਅਸਰਾਂ ਨੂੰ ਦੂਰ ਕਰਨ ਲਈ ਕਰਦੇ ਹਾਂ । ਉਸ ਦੀਆਂ ਅਨੰਤ ਬਖਸ਼ਸ਼ਾਂ ਨੂੰ ਚੇਤੇ ਕਰਕੇ ਧੰਨਵਾਦ ਕਰਦੇ ਹਾਂ । ਇਸ ਲਈ ਗੁਰਦੇਵ ਕਹਿੰਦੇ ਹਨ—

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥
ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥
ਜਿਹ ਪ੍ਰਸਾਦਿ ਸੁਗੰਧਤ ਤਨ ਲਾਵਹਿ ॥
ਤਿਸ ਕਉ ਸਿਮਰਤ ਪਰਮ ਗਤਿ ਪਾਵਹਿ॥

ਸ੍ਰੀ ਗੁਰੂ ਅਮਰਦਾਸ ਜੀ ਬਿਰਧ ਅਵਸਥਾ ਵਿਚ ਰਾਤ ਨੂੰ ਇਕ ਕਿਲੀ ਪਕੜ ਕੇ ਖਲੋ ਕੇ ਭਜਨ ਸਿਮਰਨ ਕਰਦੇ ਸਨ । ਇਕ ਦਿਨ ਸੰਗਤ ਨੇ ਪ੍ਰਸ਼ਨ ਕੀਤਾ 'ਸਚੇ ਪਾਤਸ਼ਾਹ ! ਆਪ ਨੇ ਪਰਮ ਪਦਵੀ ਪ੍ਰਾਪਤ ਕਰ ਲਈ ਹੈ, ਗੁਰਗੱਦੀ ਤੇ ਬਿਰਾਜਮਾਨ ਹੋ । ਹੁਣ ਆਪ ਨੂੰ ਰੋਜ਼ਾਨਾ ਭਜਨ ਕਰਨ ਦੀ ਕੀ ਲੋੜ ?'

ਸਤਿਗੁਰੂ ਨੇ ਉਤਰ ਦਿਤਾ 'ਜਿਸ ਤਰ੍ਹਾਂ ਸਰੀਰ ਨੂੰ ਰੋਜ਼ਾਨਾ ਭੋਜਨ ਦੀ ਲੋੜ ਹੈ, ਇਸੇ ਤਰ੍ਹਾਂ ਮਨ ਨੂੰ ਸਿਮਰਨ ਦੀ ਲੋੜ ਹੈ । ਮਨ ਉਤੇ ਬਾਹਿਰਮੁਖੀ ਘਟਨਾਵਾਂ ਦੇ ਜੋ ਮਾੜੇ ਪ੍ਰਭਾਵ ਪੈਂਦੇ ਹਨ, ਉਹ ਨਾਮ ਨਾਲ ਦੂਰ ਹੁੰਦੇ ਹਨ । ਕਿਸੇ ਗਰੀਬ ਨੇ ਪਹਾੜ ਪੁਟਕੇ ਹੀਰਾ ਕਢਿਆ ਸੀ, ਉਹ ਲਖਪਤੀ ਬਣ ਗਿਆ, ਪਰ ਫਿਰ ਵੀ ਉਹ ਪਹਾੜ ਪੁਟਣ ਦਾ ਕੰਮ ਕਰਦਾ ਰਿਹਾ । ਇਸ ਤਰ੍ਹਾਂ ਪਵਿਤ੍ਰ ਕਰਮ ਕਰੀ ਜਾਣੇ ਚਾਹੀਦੇ ਹਨ ।'

ਸਿਖ ਧਰਮ ਨੇ ਨਾਮ ਸਿਮਰਣ ਬਾਰੇ ਕਈ ਭੁਲੇਖਿਆਂ ਨੂੰ ਦੂਰ ਕੀਤਾ ਹੈ । ਹਿੰਦੂ ਮੰਨਦੇ ਹਨ ਕਿ ਓਮ ਉਸ ਦਾ ਨਾਂ ਹੈ । ਮੁਸਲਮਾਨਾਂ ਦਾ ਨਿਸਚਾ ਹੈ ਕਿ ਅੱਲਾਂ ਉਸ ਦਾ ਜਾਤੀ ਨਾਂ ਹੈ । ਹਾਲਾਂ ਕਿ ਅੱਲਾ ਈਰਾਨ ਵਿਚ ਇਕ ਪਹਾੜ ਦਾ ਨਾਂ ਹੈ ਅਤੇ ਅਰਬ ਵਿਚ ਇਕ ਬੁਤ ਦਾ ਨਾਂ ਸੀ । ਗੁਰੂ ਸਾਹਿਬ ਨੇ ਨਾਵਾਂ ਦੇ ਝਗੜੇ ਨੂੰ ਖਤਮ ਕੀਤਾ—

'ਕੋਈ ਬੋਲੈ ਰਾਮ ਰਾਮ, ਕੋਈ ਖੁਦਾਇ।'

ਸਾਰੇ ਨਾਂ ਉਸ ਦੇ ਹਨ ਪਰ ਉਸ ਦਾ ਕੋਈ ਨਾਂ ਵੀ ਨਹੀਂ, ਉਹ ਨਿਰੰਕਾਰ ਤੇ ਅਨਾਮੀ ਹੈ। ਦੂਸਰਾ ਭੁਲੇਖਾ ਸੀ ਨਾਮ ਜਪਣ ਦਾ, ਚੜ੍ਹਦੇ ਲਹਿੰਦੇ ਵਲ ਮੂੰਹ ਕਰਕੇ ਜਪੋ, ਫਲਾਣੇ ਆਸਣ ਵਿਚ ਬੈਠੋ; ਫਲਾਣੇ ਮੰਤ੍ਰ ਜਾਂ ਕਲਾਮ ਦਾ ਇਤਨੇ ਜਾਪ ਕਰੋ। ਸਿਖੀ ਨੇ ਇਹਨਾਂ ਗੱਲਾਂ ਨੂੰ ਪ੍ਰਵਾਨ ਨਹੀਂ ਕੀਤਾ। ਸਿਖੀ ਵਿਚ ਮੂਲ ਮੰਤ੍ਰ ਤੇ ਵਾਹਿਗੁਰੂ ਦਾ ਸਿਮਰਨ ਹੀ ਕੀਤਾ ਜਾਂਦਾ ਹੈ।

੧੧.

ਸਤਿਸੰਗਤ

ਮਨੁਖ ਜੀਵਨ ਤੇ ਇਸ ਦੇ ਸੰਸਕਾਰ ਤਿੰਨ ਤਰ੍ਹਾਂ ਬਣਦੇ ਹਨ—

(੧) ਮਾਤਾ ਪਿਤਾ ਤੋਂ ਇਹ ਉਸ ਵਕਤ ਬਣਦੇ ਹਨ, ਜਦ ਮਨੁਖ ਮਾਤਾ ਦੇ ਗਰਭ ਵਿਚ ਹੁੰਦਾ ਹੈ। ਮਾਤਾ ਪਿਤਾ ਤੋਂ ਲਏ ਗੁਣ ਉਸ ਵਕਤ ਪਤਾ ਲਗਦੇ ਹਨ, ਜਦ ਦੋ ਬਰਾਬਰ ਤੇ ਆਦਮੀਆ ਵਿਚ ਭਿੰਨ ਭਿੰਨ ਗੁਣ ਪਾਏ ਜਾਂਦੇ ਹਨ। ਇਹ ਮਾਂ ਪਿਊ ਦੇ ਵਿਰਸੇ ਚੋਂ ਮਿਲੇ ਹੁੰਦੇ ਹਨ। ਇਨ੍ਹਾਂ ਨੂੰ ਵਿਰਾਸਤ (**Heredity**) ਕਹਿੰਦੇ ਹਨ। ਕਈ ਤਤਵੇਤਾ ਪੁਰਸ਼ ਪੂਰਬ ਜਨਮ ਦੇ ਸੰਸਕਾਰਾਂ ਨੂੰ ਮੰਨਦੇ ਹਨ, ਜੋ ਸਮੇਂ ਅਨੁਸਾਰ ਪ੍ਰਗਟ ਹੋ ਆਉਂਦੇ ਹਨ।

(੨) ਮਨੁਖ ਦੇ ਸੁਭਾਵਕ ਗੁਣਾਂ ਵਿਚ ਸੰਗਤ ਕਰਕੇ ਤਬਦੀਲੀ ਹੋ ਜਾਂਦੀ ਹੈ। ਮਨੁਖ ਚੂੰ ਕਿ ਸਮਾਜਕ ਜੀਵਨ ਰਖਦਾ ਹੈ, ਇਸ ਲਈ ਇਕ ਦੂਸਰੇ ਦੀ ਸੰਗਤ ਤੇ ਉਸ ਦੇ ਵਿਚਾਰਾਂ ਦਾ ਅਸਰ ਬਹੁਤ ਕਬੂਲ ਕਰਦਾ ਹੈ। ਭਿੰਨ ਭਿੰਨ ਚੀਜ਼ਾਂ ਦੇ ਮਿਲਾਪ ਕਰਕੇ ਮਨੁਖ ਦੀ ਪ੍ਰਵਿਰਤੀ ਵਿਚ ਭੀ ਭੇਦ ਹੋ ਜਾਂਦਾ ਹੈ।

(੩) ਵਿਦਿਆ ਨਿਜ ਅਨੁਭਵ ਜਾਂ ਤਜਰਬੇ ਰਾਹੀਂ।

ਇਹਨਾਂ ਤਿੰਨਾਂ ਵਿਚੋਂ ਸੰਗਤ ਦਾ ਅਸਰ ਬਹੁਤ ਵਧੇਰੇ ਹੁੰਦਾ ਹੈ। ਵਰਤਮਾਨ ਮਨੋਵਿਗਿਆਨਕਾਂ ਨੇ ਖੋਜ ਕਰਕੇ ਇਹ ਨਤੀਜਾ ਕਢਿਆ ਹੈ ਕਿ ਮਨੁਖ ਬਣਿਆ ਹੀ ਵਿਚਾਰਾਂ ਦਾ ਹੈ, ਵਿਚਾਰ ਸੰਗਤ ਕਰਕੇ ਬਣਦੇ ਹਨ। ਜਿਸ ਤਰ੍ਹਾਂ ਗੱਡੀ ਲੀਹਾਂ ਵਿਚ ਤੁਰੀ ਜਾਂਦੀ ਹੈ,ਮਨੁਖ ਸੁਭਾਵ ਦੀਆਂ ਲੀਹਾਂ ਵਿਚ ਤੁਰਿਆ ਜਾਂਦਾ ਹੈ ਉਸ ਸੁਭਾਵ ਦੇ ਬਨਾਉਣ ਵਿਚ ਮਾਤਾ, ਪਿਤਾ ਤੇ ਨਿਜ ਅਨੁਭਵ ਨਾਲੋਂ ਸਭ ਤੋਂ ਵਧੀਕ ਹਿਸਾ ਸੰਗਤ ਦਾ ਹੁੰਦਾ,

ਹੈ। ਦੂਸਰੀ ਗਲ ਇਹ ਕਿ ਜਦੋਂ ਮਨੁਖ ਦੂਜਿਆਂ ਨਾਲ ਮਿਲ ਕੇ ਕੰਮ ਕਰਦਾ ਹੈ, ਉਸਦੀ ਕੰਮ ਕਰਨ ਦੀ ਸ਼ਕਤੀ ਵਧ ਜਾਂਦੀ ਹੈ। ਮਨੁਖ ਨੇ ਹੁਣ ਤੀਕ ਜੋ ਉਨਤੀ ਕੀਤੀ ਹੈ, ਉਸ ਸਮਾਜਕ ਜੀਵਨ ਕਰਕੇ ਕੀਤੀ ਹੈ। ਆਮ ਇਕੱਠ ਮਨੁਖ ਨੂੰ ਜੀਵਨ ਦੇ ਹੋਰ ਪਹਿਲੂਆਂ ਵਿਚ ਉਨਤ ਕਰਦੇ ਹਨ। ਆਤਮਿਕ ਉਨਤੀ ਲਈ ਸਤਿਸੰਗਤ ਹੀ ਇਕ ਸਾਧਨ ਹੈ। ਇਸੇ ਲਈ ਗੁਰੂ ਸਾਹਿਬ ਨੇ ਆਤਮਿਕ ਉਨਤੀ ਲਈ ਸਤਿਸੰਗਤ ਜ਼ਰੂਰੀ ਦਸੀ ਹੈ। ਗੁਰਮਤਿ ਨੇ ਪੁਰਾਣੇ ਮਜ਼ਬਾਂ ਵਾਂਗੂ ਹੀ ਮਨੁਖ ਦੀ ਸ਼ਖਸੀ ਜ਼ਿੰਦਗੀ ਨੂੰ ਉਚਿਆਂ ਕਰਨ ਦਾ ਜਤਨ ਕੀਤਾ ਹੈ। ਉਹ ਸਤਿਸੰਗਤ ਰਾਹੀਂ ਹੋ ਸਕਦੀ ਹੈ। ਸਾਡੀ ਅਰਦਾਸ ਵਿਚ ਇਹ ਸ਼ਬਦ ਆਉਂਦੇ ਹਨ—'ਗੁਰਮੁਖ ਕਾ ਮੇਲ ਸਾਧੂ ਕਾ ਸੰਗ'। ਇਸਦਾ ਭਾਵ ਇਹੀ ਹੈ ਕਿ ਸਿਖ ਜੀਵਨ ਦੀ ਉਸਾਰੀ ਲਈ ਸਤਿਸੰਗ ਦੀ ਮੰਗ ਕਰਦਾ ਹੈ। ਗੁਰਬਾਣੀ ਵਿਚ ਸਤਸੰਗਤ ਦੀ ਬਹੁਤ ਮਹਿਮਾ ਕਥਨ ਕੀਤੀ ਗਈ ਹੈ।

ਸਤਸੰਗਤ ਕੀ ਹੈ ? ਇਸ ਸਬੰਧੀ ਗੁਰੂ ਜੀ ਦਸਦੇ ਹਨ—

(੧) ਸਤਿਸੰਗਤਿ ਕੈਸੀ ਜਾਣੀਐ ॥
ਜਿਥੈ ਏਕੋ ਨਾਮੁ ਵਖਾਣੀਐ ॥ (੭੨)

(ਸ੍ਰੀ ਰਾਗ ਮ: ੧)

(੨) ਤਿਤੁ ਜਾਇ ਬਹਹੁ ਸਤ ਸੰਗਤੀ ॥
ਜਿਥੈ ਹਰਿਕਾ ਹਰਿਨਾਮ ਬਿਲੋਈਐ ॥
(੩) ਸਤਿਗੁਰ ਬਾਝਹੁ ਸੰਗਤਿ ਨ ਹੋਈ ॥
ਬਿਨੁ ਸਬਦੇ ਪਾਰੁ ਨ ਪਾਏ ਕੋਈ ॥

(ਮਾਰੂ ਮ: ੩ ਪੰਨਾ ੧੦੬੮)

ਭਾਈ ਗੁਰਦਾਸ ਜੀ ਲਿਖਦੇ ਹਨ, 'ਇਕ ਸਿਖ ਦੁਇ ਸਾਧ ਸੰਗ' ਭਾਵ ਇਕ ਸਿਖ ਹੈ। ਜਦ ਨਾਮ, ਬਾਣੀ ਤੇ ਗੁਰਮਤਿ ਦੀ ਵਿਚਾਰ ਕਰਨ ਲਈ ਦੋ ਸਿਖ ਮਿਲਦੇ ਹਨ, ਉਹ ਸੰਗਤ ਰੂਪ ਹੁੰਦੇ ਹਨ। ਭਾਈ ਨੰਦ ਲਾਲ ਜੀ ਕਹਿੰਦੇ ਹਨ—

(੧) ਸੁਹਬਤੇ ਨੇਕਾਂ ਅਗਰ ਬਾਸ਼ਦ ਨਸੀਬ।
ਦੌਲਤੇ ਜਾਵੇਦ ਯਾਬੀ ਐ ਹਬੀਬ।
ਜ਼ੱਰਾ ਰਾ ਦੀਦਮ ਕਿ ਖੁਰਸ਼ੀਦ ਜਹਾਂ।
ਸ਼ੁਦ ਜ਼ ਫ਼ੈਜ਼ੇ ਸੁਹਬਤ ਸਾਹਿਬ ਦਿਲਾਂ।

ਭਾਵ—ਹੇ ਪਿਆਰੇ ਤੈਨੂੰ ਜੇਕਰ ਭਲੇ ਪੁਰਸ਼ਾਂ ਦੀ ਸੰਗਤ ਪ੍ਰਾਪਤ ਹੋਵੇ ਤਾਂ ਅਬਿਨਾਸ਼ੀ ਧਨ ਦੀ ਪ੍ਰਾਪਤੀ ਹੋਵੇਗੀ। ਸਤਸੰਗਤ ਦੇ ਪ੍ਰਭਾਵ ਕਰਕੇ ਮੈਂ ਮਿੱਟੀ ਦੇ ਇਕ ਕਿਣਕੇ ਨੂੰ ਜਹਾਨ ਦਾ ਸੂਰਜ ਬਣਿਆ ਵੇਖਿਆ ਹੈ। ਭਾਈ ਨੰਦ ਲਾਲ ਜੀ ਇਕ ਥਾਂ ਹੋਰ ਕਹਿੰਦੇ ਹਨ—

(੨) ਆਂ ਹਜੂਮੇ ਖੁਸ਼ ਕਿ ਬਹਿਰੇ ਜ਼ਿੰਦਗੀਸਤ।
ਆਂ ਹਜੂਮੇ ਖੁਸ਼ ਕਿ ਬਹਿਰੇ ਬੰਦਗੀਸਤ।
ਆਂ ਹਜੂਮੇ ਖੁਸ਼ ਕਿ ਬਹਿਰੇ ਯਾਦ ਓਸਤ।
ਆਂ ਹਜੂਮੇ ਖੁਸ਼ ਕਿ ਹੱਕ ਬੁਨਿਆਦ ਓਸਤ।

ਭਾਵ—ਉਹ ਇਕੱਠ ਚੰਗਾ ਹੈ ਜੋ ਜੀਵਨ ਅਤੇ ਬੰਦਗੀ ਲਈ ਹੈ। ਉਹ ਸਮਾਗਮ ਚੰਗਾ ਹੈ, ਜੋ ਉਸਦੀ ਯਾਦ ਲਈ ਹੈ। ਉਹ ਮਿਲਾਪ ਸ਼ੁਭ ਹੈ, ਜਿਸਦਾ ਮੂਲ ਕਾਰਨ ਵਾਹਿਗੁਰੂ ਹੈ।

ਭਾਈ ਮਨੀ ਸਿੰਘ ਜੀ ਭਗਤ ਰਤਨਾਵਲੀ ਵਿਚ ਲਿਖਦੇ ਹਨ—

'ਮਹਾਰਾਜ ਦੇ ਮਿਲਣ ਦੇ ਚਾਰ ਦੁਆਰੇ ਹੈਨ—ਪ੍ਰਿਥਮ ਸਤਸੰਗਤ ਹੈ, ਦੂਸਰਾ ਸ਼ਾਂਤ ਹੈ, ਤੀਸਰਾ ਸੰਤੋਖ ਹੈ ਅਰ ਚੌਥਾ ਸਮ ਦਮ।'

'ਗੁਰ ਸੋਭਾ' ਵਿਚ ਲਿਖਿਆ ਹੈ—

ਧਰਮ ਸਾਲ ਸੰਗਤ ਜਬ ਆਵੈ।
ਦਰਸ਼ਨ ਪਾਰਬ੍ਰਹਮ ਕੋ ਪਾਵੈ।
ਗੁਰ ਸੰਗਤ ਕਛੁ ਭੇਦ ਨ ਹੋਈ।
ਪੁਨ ਜਨ ਕਥਾ ਬਖਾਨਤ ਸੋਈ।

ਸਿਖ ਧਰਮ ਵਿਚ ਮਨੁਖ ਨੂੰ ਕਰਮ ਯੋਗੀ ਬਣਾਇਆ ਹੈ। ਏਕਾਂਤਵਾਸ ਕਰਨ ਨਾਲ ਮਨ ਕੋਈ ਵਧੇਰੇ ਕਾਬੂ ਨਹੀਂ ਆਉਂਦਾ।

ਸਤਿਗੁਰਾਂ ਨੇ ਏਕਾਂਤ ਦੀ ਥਾਂ ਸਤਸੰਗਤ ਅਤੇ ਸੰਨਿਆਸ ਦੀ ਥਾਂ ਗ੍ਰਿਹਸਤ ਮਾਰਗ ਦਸਿਆ ਹੈ। ਸਤਸੰਗ ਰਾਹੀਂ ਮਨੁਖ ਦੀ ਆਪਣੀ ਆਤਮਿਕ ਉਨਤੀ ਹੁੰਦੀ ਹੈ ਅਤੇ ਨਾਲ ਹੀ ਸਮਾਜ ਦਾ ਭਲਾ ਵੀ ਹੁੰਦਾ ਹੈ। ਗੁਰਵਾਕ ਹਨ—

(੧) ਖੋਜਤ ਖੋਜਤ ਸੁਨੀ ਇਹ ਸੋਇ ॥
ਸਾਧ ਸੰਗਤਿ ਬਿਨੁ ਤਰਿਓ ਨ ਕੋਇ ॥

(ਆਸਾ ਮ: ੫) (੩੭੩)

(੨) ਹਰਿ ਜਨ ਰਾਮ ਰਾਮ ਰਾਮ ਧਿਆਏ ॥
ਏਕ ਪਲਕ ਸੁਖ ਸਾਧ ਸਮਾਗਮ
ਕੋਟਿ ਬੈਕੁੰਠਹਿ ਪਾਏ ॥

(੧੨੦੮) (ਸਾਰੰਗ)

ਭਾਈ ਗੁਰਦਾਸ ਜੀ ਦਸਦੇ ਹਨ ਕਿ ਕਿਸ ਤਰ੍ਹਾਂ ਸਤਸੰਗਤਿ ਵਿਚ ਥੋੜਾ ਸਮਾਂ ਦਿਤਾ ਹੋਇਆ ਵੀ ਜੀਵਨ ਨੂੰ ਸਫਲ ਬਣਾ ਦੇਂਦਾ ਹੈ—

ਜੈਸੇ ਥਥ ਭਰੀ ਨਾਂਵ ਆਂਗੁਰੀ ਦਵੈ ਬਾਹਰ ਹਵੈ,
ਪਾਰ ਪਰੇ ਪੂਰ ਸਭੈ ਕੁਸਲ ਬਿਹਾਤ ਹੈ।
ਜੈਸੇ ਏਕਾ ਹਾਰੀ ਏਕ ਘਰੀਪਾਕਸਾਲ ਬੈਠ,
ਭੋਜਨ ਕੈ ਬਿੰਜਨਾਦਿ ਸਵਾਦਿ ਕੈ ਅਘਾਤ ਹੈ।
ਜੈਸੇ ਰਾਜ ਦੁਆਰ ਜਾਇ ਕਰਤ ਜੁਹਾਰ ਜਨ,
ਏਕ ਘਰੀ ਪਾਛੈ ਦੇਸ ਭੋਗਤਾ ਹਵੈ ਖਾਤ ਹੈ।
ਆਠ ਹੀ ਪਹਿਰ ਸਾਠ ਘਰੀ ਮੈ ਜੋ ਏਕ ਘਰੀ,
ਸਾਧ ਸਮਾਗਮ ਕਰੈ ਨਿਜ ਘਰ ਜਾਤ ਹੈ।

ਸਤਿਸੰਗਤਿ ਸ਼ੁਭ ਗੁਣ ਪੈਦਾ ਕਰਦੀ ਹੈ। ਅਉਗਣਾਂ ਨੂੰ ਦੂਰ ਕਰਦੀ ਹੈ। ਨੀਵੇਂ ਪਤਿਤ ਤੇ ਆਚਰਨ ਹੀਣ ਪੁਰਸ਼ਾਂ ਨੂੰ ਪਵਿਤ੍ਰ ਆਤਮਾ ਤੇ ਮਹਾਂ ਪੁਰਖ ਬਣਾ ਦਿੰਦੀ ਹੈ। ਗੁਰਦੇਵ ਫਰਮਾਉਂਦੇ ਹਨ—

(੧) ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ
ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥੩॥

(ਗੋਂਡ ਮ: ੪) (੮੬੧)

(੨) ਸੰਗਤਿ ਸੰਤ ਸੰਗਿ ਲਗਿ ਊਚੇ
ਜਿਉ ਪੀਪ ਪਲਾਸ ਖਾਇ ਲੀਜੈ ॥

(ਮਲਾਰ) (੧੩੨੪)

ਭਾਵ ਜਿਵੇਂ ਪਿਪਲ ਛਿਛਰੇ (ਪਲਾਸ) ਨੂੰ ਖਾ ਕੇ ਆਪਣੇ ਵਿਚ ਅਭੇਦ ਕਰ ਲੈਂਦਾ ਹੈ, ਇਸੇ ਤਰ੍ਹਾਂ ਸ਼ੁਭ ਸੰਗਤ ਪਾਪੀ ਨੂੰ ਆਪਣੇ ਵਿਚ ਲੀਨ ਕਰਕੇ ਸੁਧਾਰ ਦੇਂਦੀ ਹੈ। ਭਾਈ ਗੁਰਦਾਸ ਜੀ ਲਿਖਦੇ ਹਨ:—

ਚੰਦਨ ਵਾਸ ਵਣਾਸ ਪਤਿ ਸਭ ਚੰਦਨ ਹੋਵੈ।
ਅਸਟ ਧਾਤੁ ਇਕ ਧਾਤੁ ਹੋਇ ਸੰਗਿ ਪਾਰਸਿ ਢੋਵੈ।
ਨਦੀਆ ਨਾਲੇ ਵਾਹੜੇ ਮਿਲਿ ਗੰਗ ਸੰਗੋਵੈ।
ਪਤਿਤ ਉਧਾਰਣੁ ਸਾਧੁ ਸੰਗ ਪਾਪ ਮਲੁ ਧੋਵੈ।
ਨਰਕ ਨਿਵਾਰ ਅਸੰਖ ਹੋਇ ਲਖ ਪਤਿਤ ਸੰਗੋਵੈ।
ਆਪ ਆਪਿ ਵਰਤਦਾ ਗੁਰਮੁਖਿ ਅਲੋਵੈ।

[ਵਾਰ ੨-੧੬]

ਹਿੰਦੁਸਤਾਨ ਦੇ ਪ੍ਰਸਿਧ ਰਿਸ਼ੀਬਾਲਮੀਕ ਰਾਹ ਮਾਰਦੇ ਸਨ। ਇਕ ਦਿਨ ਕੁਝ ਮਹਾਤਮਾ ਉਧਰੋਂ ਆ ਲੰਘੇ, ਜਿਥੇ ਬਾਲਮੀਕ ਖੜੇ ਸਨ। ਸੰਤਾਂ ਨੂੰ ਮਾਰਨ ਲਈ ਬਾਲਮੀਕ ਅਗੇ ਵਧੇ। ਭਾਈ ਗੁਰਦਾਸ ਜੀ ਲਿਖਦੇ ਹਨ—

ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।
ਪੂਰਾ ਸਤਿਗੁਰ ਭੇਟਿਆ ਮਨ ਵਿਚ ਹੋਆ ਖਿੰਜੋਤਾੜਾ।
ਮਾਰਨ ਨੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਘਾੜਾ।
ਸਤਿਗੁਰ ਮਨੂਆ ਰਾਖਿਆ ਹੋਇ ਨਆਵੈ ਉਛੇ ਹਾੜਾ।
ਅਉਗਣ ਸਭ ਪਰਗਾਸਿਅਨੁ ਰੋਜ਼ਗਾਰੁ ਹੈ ਏਹ ਅਸਾੜਾ।

ਘਰਿ ਵਿਚਿ ਪੁਛਣ ਘਲਿਆ ਅੰਤਕਾਲ ਹੈ ਕੋਇ ਅਸਾੜਾ ।
ਕੋੜਮੜਾ ਚਉਪੰਨੀਐ ਕੋਇ ਨ ਬੇਲੀ ਕਰਦੇ ਝਾੜਾ ।
ਸਚ ਦ੍ਰਿੜਾਇ ਉਧਾਰਿਅਨੁ ਟਪਿ ਨਿਕਥਾ ਉਪਰਵਾੜਾ ।
ਗੁਰਮੁਖ ਲੰਘੇ ਪਾਪ ਪਹਾੜਾ ।

[ਵਾਰ ੧੦-]

ਬਾਲਮੀਕ ਨੂੰ ਮਤਪੁਰਸ਼ਾਂ ਨੇ ਇਨਾ ਹੀ ਪੁਛਿਆ—'ਤੂੰ ਕਿਉਂ ਧਾੜੇ ਮਾਰਦਾ ਹੈਂ ?' ਘਰ ਦਿਆਂ ਦੇ ਨਿਰਬਾਹ ਲਈ ਮਾਰ ਧਾੜ ਕਰਦਾ ਹਾਂ । ਹੋਰ ਰੋਜ਼ੀ ਦਾ ਕੋਈ ਵਸੀਲਾ ਨਹੀਂ ਬਾਲਮੀਕ ਨੇ ਉਤਰ ਦਿਤਾ ਮਹਾਤਮਾ ਨੇ ਕਿਹਾ—'ਜਿਨਾ ਲਈ ਤੂੰ ਧਾੜੇ ਮਾਰਦਾ ਹੈਂ, ਕੀ ਉਹ ਅੰਤ ਕਾਲ ਵੀ ਤੇਰੇ ਸਹਾਇਕ ਹੋਣਗੇ ?' ਇਸ ਬਚਨ ਨੇ ਬਾਲਮੀਕ ਦੇ ਮਨ ਨੂੰ ਪਲਟ ਕੇ ਰਖ ਦਿਤਾ, ਉਸਦੇ ਹਿਰਦੇ ਵਿਚ ਸੱਚ ਦਾ ਪ੍ਰਕਾਸ਼ ਹੋ ਗਿਆ । ਸਤਿ ਸੰਗਤ ਕਰਕੇ ਇਕ ਡਾਕੂ ਅਤੇ ਧਾੜਵੀ ਰਿਸ਼ੀ ਬਣ ਗਿਆ ।*

ਜਿਸ ਤਰ੍ਹਾਂ ਇੰਜਨ ਵਿਚ ਭਾਪ ਦੀ ਸ਼ਕਤੀ ਹੁੰਦੀ ਹੈ, ਉਸਨੂੰ ਭਾਵੇਂ ਸਿਧੇ ਪਾਸੇ ਵਰਤ ਲਓ ਭਾਵੇਂ ਪੁਠੇ ਪਾਸੇ । ਇਸੇ ਤਰ੍ਹਾਂ ਮਨੁਖ ਦੇ ਮਨ ਵਿਚ ਇਕ ਸ਼ਕਤੀ ਹੁੰਦੀ ਹੈ, ਜੇ ਵਾਹਿਗੁਰੂ ਦੀ ਕਿਰਪਾ ਹੋ ਜਾਵੇ ਤਾਂ ਉਹ ਸਿਧੇ ਪਾਸੇ ਕੰਮ ਕਰਦੀ ਹੈ । ਧਰਮ, ਇਖਲਾਕ ਤੇ ਨੇਕੀ ਵਲ ਲਗਦੀ ਹੈ । ਕੁਸੰਗਤ ਵਿਚ ਪੈ ਜਾਵੇ ਤਾਂ ਭੈੜੇ ਕੰਮਾਂ ਵਿਚ ਵਰਤੀ ਦੀ ਹੈ । ਮਨ ਪੰਛੀ ਦੀ ਤਰ੍ਹਾਂ ਹੈ, ਜਿਸ ਬ੍ਰਿਛ ਤੇ ਬੈਠੇਗਾ, ਉਹੋ ਜਿਹੇ ਫਲ ਖਾਏਗਾ । ਮਨ ਸ਼ੀਸ਼ੇ ਦੀ ਤਰ੍ਹਾਂ ਹੈ, ਇਸ ਵਿਚ ਅਜਿਹਾ ਅਕਸ ਪਵੇਗਾ, ਉਹੋ ਜਿਹਾ ਦਿਸੇਗਾ । ਮਨ ਪਾਣੀ ਦੀ ਤਰ੍ਹਾਂ ਹੈ, ਇਸ ਵਿਚ ਕੋਈ ਰੰਗ ਘੋਲ ਦਿਉ, ਉਸਦਾ ਰੂਪ ਹੋ ਆਏਗਾ । ਚੰਗੀ ਸੰਗਤ ਅਤੇ ਚੰਗੇ ਵਿਚਾਰ ਕਰੀਏ, ਤਾਂ ਚੰਗੇ ਬਣ ਜਾਈਦਾ ਹੈ । ਇਸੇ ਲਈ ਮਹਾਂ ਪੁਰਸ਼ਾਂ ਨੇ ਸਤਿਸੰਗਤ ਲਈ ਜ਼ੋਰ ਦਿਤਾ ਹੈ । ਕੁਸੰਗਤ ਦਾ ਤਿਆਗ ਦਸਿਆ ਹੈ ।

***ਮਜਨ ਫਲ ਪਿਖੀਐ ਤਤਕਾਲਾ ।**
ਕਾਕਾ ਹੋਹਿ ਪਿਕ ਬਕਉ ਮਰਾਲਾ ।

ਸੁਨ ਅਸਚਰਜ ਕਰੈ ਜੋ ਕੋਈ।
ਸਤਿਸੰਗਤਿ ਮਹਿਮਾ ਨਹਿ ਗੋਈ।
ਬਾਲਮੀਕ ਨਾਰਦ ਘਟ ਜੋਨੀ।
ਨਿਜ ਨਿਜ ਕਹੀ ਮੁਖਨ ਨਿਜ ਹੋਨੀ।
ਸੋ ਜਾਨਤ ਸਤਿਸੰਗ ਪ੍ਰਭਾਊ।
ਲੋਕਹਿ ਵੇਦ ਨ ਆਨ ਉਪਾਊ।
ਬਿਨ ਸਤਿਸੰਗ ਵਿਵੇਕ ਨ ਹੋਈ।
ਰਾਮ ਕ੍ਰਿਪਾ ਬਿਨ ਸੁਲਭ ਨ ਸੋਈ।

[ਤੁਲਸੀ]

ਮਹਾਤਮਾ ਨੇ ਪੰਜਾਂ ਦੀ ਸੰਗਤ ਤੋਂ ਵਰਜਿਆ ਹੈ—

[੧] ਝੂਠੇ ਆਦਮੀ ਤੋਂ ਕਿਉਂਕਿ ਉਹ ਧੋਖਾ ਦਿੰਦਾ ਹੈ।

[੨] ਮੂਰਖ ਦੀ ਸੰਗਤ ਤੋਂ ਕਿਉਂਕਿ ਉਸ ਤੋਂ ਲਾਭ ਕੋਈ ਨਹੀਂ ਹੁੰਦਾ, ਸਗੋਂ ਨੁਕਸਾਨ ਹੀ ਹੁੰਦਾ ਹੈ।

[੩] ਕ੍ਰਿਪਣ ਦੇ ਸੰਗ ਤੋਂ ਬਚੋ, ਕਿਉਂਕਿ ਉਸ ਦਾ ਮਨ ਕਠੋਰ ਹੁੰਦਾ ਹੈ, ਦੂਸਰੇ ਨੂੰ ਕਠੋਰ ਬਣਾ ਦੇਵੇਗਾ।

[੪] ਕਾਇਰ ਦੀ ਸੰਗਤ ਤੋਂ ਪਰੇ ਰਹੋ, ਕਿਉਂਕਿ ਤੁਹਾਡੇ ਮਨ ਨੂੰ ਕਾਇਰ ਤੇ ਢਹਿੰਦੀ ਕਲਾ ਵਾਲਾ ਬਣਾ ਦੇਵੇਗਾ।

[੫] ਦੁਸ਼ਟ ਦੀ ਸੰਗਤ ਤੋਂ ਦੂਰ ਰਹੋ, ਕਿਉਂਕਿ ਉਹ ਕਿਸੇ ਦਾ ਭਲਾ ਨਹੀਂ ਕਰ ਸਕਦਾ, ਨੁਕਸਾਨ ਹੀ ਕਰਦਾ ਹੈ।

ਸਤਿਸੰਗਤ ਕਿਸ ਤਰ੍ਹਾਂ ਮਾੜੇ ਆਦਮੀਆਂ ਨੂੰ ਬਦਲ ਦਿੰਦੀ ਹੈ। ਇਸ ਦੀਆਂ ਕੁਝ ਕੁ ਉਦਾਹਰਣਾਂ ਇਤਿਹਾਸ ਵਿਚੋਂ ਪੇਸ਼ ਕਰਦੇ ਹਾਂ।

ਦੱਖਣੀ ਲਹਿੰਦੇ ਪੰਜਾਬ ਤਲਬ ਨਗਰ ਵਿਚ ਇਕ ਸ਼ੇਖ ਸਜਣ ਨਾਮੀ ਠੱਗ ਰਹਿੰਦਾ ਸੀ। ਇਹ ਫਕੀਰਾਂ ਦਾ ਭੇਖ ਬਣਾਕੇ ਲੋਕਾਂ ਨੂੰ ਲੁਟਦਾ ਸੀ। ਕਈਆਂ ਨੂੰ ਕਤਲ ਕਰਕੇ ਅੰਦਰ ਹੀ ਦਬ ਦਿੰਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਸਜਣ ਦਾ ਉਧਾਰ ਕਰਨ ਲਈ ਇਸਦੇ ਟਿਕਾਣੇ ਪੁਜੇ। ਠੱਗ ਨੇ ਆਪਣੇ ਸੁਭਾਵ ਅਨੁਸਾਰ ਰਾਤ ਦੇ ਸਮੇਂ ਗੁਰਦੇਵ ਨੂੰ

ਮਾਰਨਾ ਚਾਹਿਆ । ਉਹਨਾਂ ਨੇ ਰੱਬ ਨਾਲ ਜੁੜ ਕੇ ਇਹ ਸ਼ਬਦ ਗਾਵਿਆ, ਜਿਸ ਨੂੰ ਸੁਣਕੇ ਸਜਣ ਗੁਰੂ ਜੀ ਦੇ ਪਾਸ ਆਇਆ । ਮਹਾਰਾਜ ਨੇ ਉਸ ਨੂੰ ਕਿਹਾ—'ਤੇਰਾ ਨਾ ਸਜਣ ਹੈ, ਪਰ ਕੰਮ ਸਜਣਾਂ ਵਾਲੇ ਨਹੀਂ ਕਰਦਾ ।' ਬਸ ਇਤਨੇ ਬਚਨ ਸੁਣਦਿਆਂ ਹੀ ਸਜਣ ਕੰਬ ਗਿਆ । ਉਸ ਦਾ ਮਨ ਬਦਲ ਗਿਆ ਅਤੇ ਉਸ ਨੇ ਠੱਗੀ ਛਡ ਦਿਤੀ । ਗੁਰੂ ਕਾ ਸਿਖ ਬਣ ਕੇ ਲੱਗਾ ਗੁਰੂ ਗੁਰੂ ਜਪਣ ਅਤੇ ਆਏ ਗਏ ਸੰਤ ਸਾਧ ਤੇ ਅਤਿਥੀ ਦੀ ਸੇਵਾ ਕਰਨ ਲਗ ਪਿਆ । ਇਹ ਸਤਿਸੰਗਤ ਦਾ ਫਲ ਹੈ ।

ਇਕ ਗੱਲ ਚੇਤੇ ਰਖਣੀ ਚਾਹੀਦੀ ਹੈ ਕਿ ਮਹਾਂ ਪੁਰਸ਼ਾਂ ਦੇ ਬਚਨ ਭਾਵੇਂ ਸਧਾਰਣ ਹੀ ਹੁੰਦੇ ਹਨ, ਪਰ ਉਹਨਾਂ ਦੇ ਪਿਛੇ ਤਪ ਦਾ ਤੇਜ, ਕਮਾਈ ਤੇ ਆਚਰਣ ਕੰਮ ਕਰਦਾ ਹੈ । ਇਸ ਲਈ ਉਹ ਬਚਨ ਵਧੇਰੇ ਅਸਰ ਕਰਦੇ ਹਨ । ਹਰ ਕੋਈ ਉਹੋ ਜਿਹੇ ਲਫ਼ਜ਼ ਕਹਿ ਕੇ ਦੂਜੇ ਦੀ ਜ਼ਿੰਦਗੀ ਨੂੰ ਨਹੀਂ ਬਦਲ ਸਕਦਾ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਜਨ ਠਗ ਤੇ ਬੰਗਾਲ ਵਿਚ ਨੂਰ ਸ਼ਾਹ ਦੇ ਜੀਵਨ ਨੂੰ ਬਦਲ ਕੇ ਰਖ ਦਿਤਾ । ਨਿਰਾ ਉਪਦੇਸ਼ ਨਾਲ ਨਹੀਂ ਬਲਕਿ ਜੀਵਨ ਨਾਲ ਬਦਲਿਆ ਹੈ । ਈਸਾ ਨੇ ਪੀਟਰ ਨੂੰ ਕਿਹਾ ਸੀ—'ਕੀ ਤੂੰ ਮਛੀਆਂ ਹੀ ਫੜਦਾ ਰਹੇਂਗਾ ।'

ਬੁਧ ਇਕ ਵੇਰਾਂ ਕਿਤੇ ਜਾ ਰਹੇ ਸਨ ਕਿ ਇਕ ਵੇਸਵਾ ਨੇ ਉਹਨਾਂ ਨੂੰ ਕਿਹਾ 'ਰਾਜ ਕੁਮਾਰ ਗੋਤਮ ! ਕਦੀ ਮੇਰੇ ਘਰ ਵੀ ਆਓ, ਵੇਸਵਾ ਨੇ ਇਹ ਸ਼ਬਦ ਨੀਵੀਂ ਵਾਸ਼ਨਾ ਨਾਲ ਆਖੇ ਸਨ ।

ਬੁਧ ਨੇ ਉੱਤਰ ਦਿਤਾ—'ਮੇਰਾ ਸਮਾਂ ਨਹੀਂ ਆਇਆ ।'

ਕੁਝ ਚਿਰ ਪਿਛੋਂ ਵੇਸਵਾ ਬੀਮਾਰ ਹੋ ਗਈ । ਉਸਦੇ ਸਾਥੀਆਂ ਨੇ ਉਸ ਦੇ ਗਹਿਣੇ ਕਪੜੇ ਲਾਹ ਲਏ । ਨੀਮ ਮੁਰਦਾ ਸਮਝਕੇ ਗਠੜੀ ਬੰਨ੍ਹਕੇ ਕਿਤੇ ਸੁਟ ਆਏ । ਅਚਾਨਕ ਬੁਧ ਉਧਰੋਂ ਲੰਘੇ । ਗਠੜੀ ਵਿਚੋਂ ਉਹਨਾਂ ਨੇ ਲੋਥ ਕਢੀ, ਕੋਮਲ ਹਥਾਂ ਨੇ ਵੇਸਵਾ ਦੇ ਮਲੀਨ ਤਨ ਨੂੰ ਸਾਫ ਕੀਤਾ ਅਤੇ ਉਸ ਦੇ ਮੂੰਹ ਵਿਚ ਪਾਣੀ ਪਾਇਆ । ਜਦ ਵੇਸਵਾ ਨੇ ਅੱਖਾਂ ਖੋਲ੍ਹੀਆਂ, ਤਦ ਭਗਵਾਨ ਬੁਧ ਨੇ ਕਿਹਾ—ਮੇਰਾ ਸਮਾਂ ਆ ਗਿਆ ਹੈ ।' ਵੇਸਵਾ ਦੇ ਅੰਦਰ ਸਚ ਦਾ ਪ੍ਰਕਾਸ਼ ਹੋ ਗਿਆ । ਉਸ ਨੇ ਚਰਨ ਪਕੜੇ ਤੇ

ਉਪਦੇਸ਼ ਲੈ ਕੇ ਕਈ ਦੇਸ਼ਾਂ ਵਿਚ ਬੁੱਧ ਧਰਮ ਦਾ ਪ੍ਰਚਾਰ ਕੀਤਾ। ਇਹ ਦੱਸਣ ਤੋਂ ਭਾਵ ਇਹ ਹੈ ਕਿ ਸੰਗਤ ਭੈੜੇ ਹਿਰਦਿਆਂ ਨੂੰ ਵੀ ਬਦਲ ਕੇ ਰਖ ਦਿੰਦੀ ਹੈ। ਸਾਨੂੰ ਜੀਵਨ ਦਾ ਸਹੀ ਰਾਹ ਦੱਸਦੀ ਹੈ।

ਇਕ ਵੇਰ ਪੰਚਮ ਪਾਤਸ਼ਾਹ ਸ੍ਰੀ ਅੰਮ੍ਰਿਤਸਰ ਵਿਚ ਸਸ਼ੋਭਤ ਸਨ। ਸੰਗਤ ਜੁੜੀ ਹੋਈ ਸੀ। ਇਕ ਓਪਰਾ ਜਿਹਾ ਆਦਮੀ ਝੁੰਮ ਮਾਰੀ ਆਇਆ ਅਤੇ ਸੰਗਤ ਵਿਚ ਬੈਠ ਗਿਆ। ਕੁਝ ਚਿਰ ਪਿਛੋਂ ਹੋਰ ਆਦਮੀ ਆ ਗਏ ਜੋ ਖੋਜੀ ਸਨ। ਸਤਿਸੰਗ ਤੇ ਕੀਰਤਨ ਦੀ ਸਮਾਪਤੀ ਹੋ ਗਈ। ਖੋਜੀਆਂ ਨੇ ਉਠ ਕੇ ਬੇਨਤੀ ਕੀਤੀ—'ਸੱਚੇ ਪਾਤਸ਼ਾਹ ! ਅਸੀਂ ਚੋਰ ਨੂੰ ਲਭਦੇ ਲਭਦੇ ਇਥੇ ਪਹੁੰਚੇ ਹਾਂ। ਕ੍ਰਿਪਾ ਕਰਕੇ ਸੰਗਤ ਵਿਚੋਂ ਸਾਨੂੰ ਚੋਰ ਫੜਾ ਦਿਓ।'

ਗੁਰੂ ਜੀ—'ਸਾਡੀ ਸੰਗਤ ਵਿਚ ਕਦੀ ਵੀ ਕੋਈ ਚੋਰ ਨਹੀਂ ਆਇਆ। ਜੇਕਰ ਕੋਈ ਹੈ ਤਾਂ ਤੁਸੀਂ ਲਭ ਕੇ ਸਾਨੂੰ ਦੱਸੋ, ਅਸੀਂ ਉਸ ਨੂੰ ਦੰਡ ਦੇਵਾਂਗੇ।'

ਖੋਜੀਆਂ ਨੇ ਬਥੇਰੀ ਭਾਲ ਕੀਤੀ, ਪਰ ਉਨ੍ਹਾਂ ਨੂੰ ਕੋਈ ਚੋਰ ਨਾ ਲਭਾ। ਉਨ੍ਹਾਂ ਨੇ ਬੇਨਤੀ ਕੀਤੀ—'ਗੁਰਦੇਵ ! ਅਸੀਂ ਬਥੇਰੀ ਭਾਲ ਕੀਤੀ ਹੈ ਪਰ ਕੋਈ ਚੋਰ ਦਿਸਦਾ ਨਹੀਂ। ਸੰਗਤ ਵਿਚ ਤਾਂ ਸਾਰੇ ਸੰਤ ਹੀ ਮਾਲੂਮ ਹੁੰਦੇ ਹਨ। ਖੁਰਾ ਇਥੇ ਆਉਂਦਾ ਹੈ, ਪਰ ਚੋਰ ਦਾ ਪਤਾ ਨਹੀਂ ਲਗਦਾ। ਇਹ ਅਸਚਰਜ ਗਲ ਹੈ। ਆਪ ਜਾਣੀ ਜਾਣ ਹੋ। ਹਜ਼ੂਰ ਫਿਰ ਸੰਗਤ ਨੂੰ ਪੁੱਛ ਵੇਖੋ।'

ਸਤਿਗੁਰੂ—'ਕਿਉਂ ਭਾਈ ! ਇਸ ਸੰਗਤ ਵਿਚ ਕੋਈ ਚੋਰ ਹੈ ?'

ਇਕ ਆਦਮੀ ਨੇ ਖੜੇ ਕੇ ਕਿਹਾ, 'ਸਤਿਗੁਰੂ ਜੀ ! ਮੈਂ ਇਨ੍ਹਾਂ ਦਾ ਚੋਰ ਹਾਂ। ਮੇਰਾ ਨਾਂ ਬਿਧੀ ਚੰਦ ਹੈ। ਮੈਂ ਮਝੀਂ ਕੱਢ ਕੇ ਲਿਆਂਦੀਆਂ ਹਨ। ਇਹ ਖੋਜੀ ਮੇਰੇ ਪਿਛੇ ਆਏ। ਮੈਂ ਮੱਝੀਂ ਸੰਗਤ ਵਿਚ ਵਾੜ ਕੇ ਆਪ ਦੀ ਸੰਗਤ ਵਿਚ ਆ ਬੈਠਾ ਹਾਂ। ਸਤਿਸੰਗਤ ਦਾ ਇਤਨਾ ਪ੍ਰਭਾਵ ਪਿਆ ਕਿ ਇਹ ਮੈਨੂੰ ਪਛਾਣ ਨਹੀਂ ਸਕੇ। ਹੁਣ ਸੱਚੇ ਪਾਤਸ਼ਾਹ ! ਮੈਂ

ਚੋਰੀ ਛੱਡਣ ਦਾ ਪ੍ਰਣ ਕਰਦਾ ਹਾਂ ਤੇ ਆਪ ਦੀ ਸ਼ਰਨ ਵਿਚ ਰਹਿ ਕੇ ਨਾਮ ਸਿਮਰਣ ਅਤੇ ਸਤਿਸੰਗਤ ਕਰਨੀ ਚਾਹੁੰਦਾ ਹਾਂ।'

ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਗਤ ਨੇ ਬਿਧੀ ਚੰਦ ਡਾਕੂ ਨੂੰ ਭਾਈ ਬਿਧੀ ਚੰਦ, ਸਿੱਖਾਂ ਦਾ ਸੈਨਾਪਤੀ ਅਤੇ ਧਰਮ ਦਾ ਪ੍ਰਚਾਰਕ ਬਣਾ ਦਿਤਾ। ਭਾਈ ਗੁਰਦਾਸ ਜੀ ਨੇ ਕਿਹਾ ਹੈ ਕਿ ਪਾਰਸ ਲੋਹੇ ਨੂੰ ਸੋਨਾ ਬਣਾਉਂਦਾ ਹੈ, ਕਿਸੇ ਚੀਜ਼ ਨੂੰ ਪਾਰਸ ਨਹੀਂ ਬਣਾ ਸਕਦਾ। ਪਰ ਗੁਰੂ ਉਹ ਪਾਰਸ ਹੈ ਜੋ ਸਿੱਖ ਨੂੰ ਪਾਰਸ ਬਣਾ ਦਿੰਦਾ ਹੈ। ਭਾਈ ਸਾਹਿਬ ਜੀ ਲਿਖਦੇ ਹਨ—

ਸਤਿਗੁਰ ਦੇਵ ਸੇਵ ਅਲਖ ਅਭੇਵ ਗਤਿ,
ਸਾਵਧਾਨ ਸਾਧ ਸੰਗ ਸਿਮਰਨ ਮਾਤ੍ਰ ਕੈ।
ਪਤਿਤ ਪੁਨੀਤ ਰੀਤ ਪਾਰਸ ਕਰੈ ਮਨੂਰ,
ਬਾਸ ਮੈਂ ਸੁਬਾਸ ਦੈ ਕੁਪਾਤ੍ਰਹਿ ਸੁਪਾਤ੍ਰ ਕੈ।
ਪਤਿਤ ਪੁਨੀਤ ਕਰ ਪਾਵਨ ਪਵਿਤ੍ਰ ਕੀਨੇ,
ਪਾਰਸ ਮਨੂਰ ਬਾਸ ਬਾਸੇ ਦ੍ਰੁਮ [1]ਜਾਤ੍ਰ ਕੈ।
ਸਰਿਤਾ ਸਮੁੰਦ੍ਰ ਸਾਧ ਸੰਗ ਤ੍ਰਿਖਾਵੰਤ ਜੀਆ;
ਕ੍ਰਿਪਾ ਜਲ ਦੀਜੈ ਮੋਹਿ ਕੰਠ ਛੇਦ ਚਾਤ੍ਰ ਕੈ॥

[ਵਾਰ ੧੯—੯੩]

ਪੰਚਮ ਪਾਤਸ਼ਾਹ ਫ਼ੁਰਮਾਉਂਦੇ ਹਨ—

(੧) ਸੰਤ ਸੰਗਿ ਅੰਤਰ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥

[ਪੰਨਾ ੨੯੩]

(੨) ਮਹਾ ਪਵਿਤ੍ਰ ਸਾਧ ਕਾ ਸੰਗੁ॥
ਜਿਸੁ ਭੇਟਤ ਲਾਗੈ ਪ੍ਰਭ ਰੰਗੁ॥੧॥

[ਪੰਨਾ ੩੯੨-੯੩]

---

੧. ਬ੍ਰਿਛ।

(੩) ਮਹਿਮਾ ਸਾਧੂ ਸੰਗਿ ਕੀ ਸੁਨਹੁ ਮੇਰੇ ਮੀਤਾ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥੧॥

ਇਨ੍ਹਾਂ ਵਾਕਾਂ ਤੋਂ ਸਪੱਸ਼ਟ ਹੋਇਆ ਕਿ ਸੰਗਤ ਰਾਹੀਂ ਅਸੀਂ ਨਾਮ ਨੂੰ ਸਮਝ ਸਕਦੇ ਹਾਂ। ਸਤਿਸੰਗਤ ਕਰਕੇ ਸਾਡੇ ਪਾਪ ਕੱਟੇ ਜਾਂਦੇ ਹਨ।

ਤੀਰਥ ਦੇ ਅਰਥ ਹਨ—ਤਾਰਨ ਵਾਲਾ। ਬਾਣੀ ਵਿਚ ਸਤਸੰਗਤ ਨੂੰ ਮਹਾਨ ਤੀਰਥ ਮੰਨਿਆ ਹੈ। ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ—

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥ ਕਿਲ ਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰ ਗਵਾਈ॥

[ਮਲਾਰ ਮ: ੪]

ਭਾਵ—ਤੀਰਥ ਕਹਿੰਦੇ ਹਨ, ਲੋਕੀਂ ਇਸ਼ਨਾਨ ਕਰ ਕੇ ਆਪਣੇ ਪਾਪ ਤੇ ਮੈਲ ਸਾਨੂੰ ਦੇ ਜਾਂਦੇ ਹਨ, ਸਾਡੀ ਮੈਲ ਸਾਧੂ ਮਹਾਤਮਾ ਤੇ ਸਤ-ਪੁਰਸ਼ ਆਪਣੀ ਭਜਨ-ਬੰਦਗੀ ਤੇ ਪਵਿੱਤ੍ਰ ਆਚਰਣ ਨਾਲ ਦੂਰ ਕਰਦੇ ਹਨ, ਉਹ ਵੱਡੇ ਤੀਰਥ ਹਨ।[1] ਅਜਿਹੇ ਸਾਧੂ ਮਹਾਤਮਾ ਗੁਰਮੁਖ ਸਿੱਖ ਕੌਣ ਹਨ? ਬਾਣੀ ਉਨ੍ਹਾਂ ਦੇ ਲੱਛਣ ਦੱਸਦੀ ਹੈ—

(੧) ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤ॥੧॥

[ਪੰਨਾ ੩੧੯]

(੨) ਇਹ ਨਿਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥

[ਪੰਨਾ ੩੨੦]

ਸਿੱਖੀ ਵਿਚ ਪਖੰਡੀ, ਭੇਖੀ ਤੇ ਗੁਰੂ-ਡੰਮੀਆਂ ਦੀ ਪੂਜਾ ਦਾ ਖੰਡਨ ਕੀਤਾ ਹੈ ਤੇ ਚੰਗੇ ਪੁਰਸ਼ਾਂ ਦਾ ਸਤਿਕਾਰ ਕਰਨਾ ਦਸਿਆ ਹੈ।

---

੧. ਤੀਰਥੰ ਕੁਰਵੰਤਿ ਤੀਰਥਾਣੀ। ਭਾਵ—ਸਾਧੂ ਪੁਰਸ਼ ਉਹ ਤੀਰਥ ਹਨ ਜੋ ਤੀਰਥਾਂ ਨੂੰ ਬਣਾਉਂਦੇ ਹਨ।

ਸਿੱਖ ਧਰਮ ਵਿਚ ਸੰਗਤ ਦਾ ਜੋ ਖਿਆਲ ਦਿਤਾ ਗਿਆ ਹੈ, ਇਹ ਨਵੀਨ ਅਤੇ ਵੱਖਰਾ ਹੈ। ਹਿੰਦੁਸਤਾਨ ਦੇ ਪੁਰਾਣੇ ਧਰਮ ਵਿਚ ਵਿਅਕਤੀ-ਗਤ ਆਚਰਣ ਦੀ ਉਸਾਰੀ ਤੇ ਬੜਾ ਜ਼ੋਰ ਦਿਤਾ ਗਿਆ ਸੀ। ਰਿਸ਼ੀਆਂ ਨੇ ਜੰਗਲਾਂ ਵਿਚ ਜਾ ਕੇ ਤਪ ਕਰਨਾ, ਬੁੱਧਾਂ ਨੇ ਮੱਠਾਂ ਤੇ ਸਟੂਪਿਆਂ ਵਿਚ ਮਨ ਨੂੰ ਇਕਾਗਰ ਕਰਨਾ, ਜੋਗੀ ਏਕਾਂਤਵਾਸ ਕਰ ਕੇ ਸਮਾਧੀ ਲਾ ਕੇ ਅਨਹਦ ਸ਼ਬਦ ਸੁਣਦੇ ਸਨ। ਹਿੰਦੁਸਤਾਨ ਦੇ ਮੰਦਰਾਂ ਦੀ ਬਣਤਰ ਨੂੰ ਵੇਖਿਆ ਜਾਵੇ ਤਾਂ ਮਾਲੂਮ ਹੁੰਦਾ ਹੈ ਕਿ ਮੰਦਰ ਵਿਚ ਸਿਰਫ ਠਾਕੁਰ ਜਾਂ ਪੁਜਾਰੀ ਲਈ ਥਾਂ ਹੁੰਦੀ ਹੈ। ਤੀਰਥਾਂ ਤੇ ਕੁੰਭ ਅਤੇ ਮੇਲੇ ਲਗਦੇ ਹਨ ਪਰ ਕਦੀ ਕਦਾਈਂ। ਇਨ੍ਹਾਂ ਵਿਚ ਸਾਰੇ ਲੋਕ ਨਹੀਂ ਜਾ ਸਕਦੇ। ਜਿਸ ਤਰ੍ਹਾਂ ਸਰਮਾਏਦਾਰੀ ਨਜ਼ਾਮ ਵਿਚ ਕੁਝ ਆਦਮੀ ਬਹੁਤ ਧਨਾਢ ਬਣ ਜਾਂਦੇ ਹਨ ਅਤੇ ਸਧਾਰਣ ਲੋਕੀਂ ਬਹੁਤ ਕੰਗਾਲ ਹੋ ਜਾਂਦੇ ਹਨ, ਇਹੀ ਹਾਲਤ ਪੁਰਾਤਨ ਵਿਅਕਤੀਗਤ ਧਰਮ ਦੀ ਸੀ। ਕੁਝ ਆਦਮੀ ਆਤਮਿਕ ਤੌਰ ਤੇ ਬਹੁਤ ਉਚੇ ਹੁੰਦੇ ਸਨ, ਬਾਕੀ ਦੇ ਬਹੁਤ ਨੀਵੇਂ। ਸਿੱਖ ਧਰਮ ਨੇ ਰੋਜ਼ਾਨਾ ਸਤਿਸੰਗਤ ਕਰਨ ਦਾ ਖਿਆਲ ਦੇ ਕੇ ਸਮਾਨਤਾ ਪੈਦਾ ਕੀਤੀ ਤੇ ਜਮਾਤੀ ਆਚਰਣ ਦੀ ਉਸਾਰੀ ਕੀਤੀ ਹੈ।

ਈਸਾਈਅਤ ਤੇ ਇਸਲਾਮ ਵੀ ਸਮਾਜਕ ਧਰਮ ਹਨ। ਇਨ੍ਹਾਂ ਵਿਚ ਮਿਲ ਜੁਲ ਕੇ ਨਮਾਜ ਪੜ੍ਹਨੀ ਤੇ ਹੋਲੀ ਕਮਯੂਨਿਨ (ਪ੍ਰਸ਼ਾਦ) ਦੇਣ ਦਾ ਰਿਵਾਜ ਸੀ। ਪਰ ਇਨ੍ਹਾਂ ਵਿਚ ਖੁਦਾ ਜਾਂ ਪੈਗੰਬਰ ਦੀ ਆਤਮਾ ਕੰਮ ਨਹੀਂ ਕਰਦੀ ਮੰਨੀ। ਸਿੱਖ ਸੰਗਤ ਵਿਚ ਨਿਰਾ ਇਹ ਖਿਆਲ ਕੰਮ ਨਹੀਂ ਕਰਦਾ ਕਿ ਧਾਰਮਿਕ ਅਸੂਲਾਂ ਦੀ ਬਿਨਾ ਤੇ ਸੰਗਤ ਇਕੱਠੀ ਹੋਈ ਹੈ, ਬਲਕਿ ਇਹ ਭਾਵਨਾ ਕੰਮ ਕਰਦੀ ਹੈ ਕਿ ਸੰਗਤ ਵਿਚ ਵਾਹਿਗੁਰੂ ਅਤੇ ਗੁਰੂ ਨਿਵਾਸ ਕਰਦੇ ਹਨ। ਇਹ ਭਾਵਨਾ ਕਿਸੇ ਹੋਰ ਮਜ਼ਬ ਵਿਚ ਨਹੀਂ ਮਿਲਦੀ। ਸਤਿਸੰਗਤ ਨੂੰ ਉਤਮ ਤੇ ਸਾਰਿਆਂ ਨੇ ਕਿਹਾ ਹੈ ਪਰ ਵਾਹਿਗੁਰੂ ਅਤੇ ਗੁਰੂ ਦਾ ਨਿਵਾਸ ਸੰਗਤ ਹੈ, ਇਹ ਸਿਧਾਂਤ ਸਿੱਖੀ ਨੇ ਪੇਸ਼ ਕੀਤਾ ਹੈ—'ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥' ਭਾਈ ਗੁਰਦਾਸ ਜੀ ਲਿਖਦੇ ਹਨ, ਈਸ਼ਵਰ ਨੇ ਕਿਹਾ—

ਨਿਜ ਘਰ ਮੇਰੋ ਸਾਧ ਸੰਗਤਿ ਨਾਰਦ ਮੁਨਿ,
ਦਰਸਨ ਸਾਧ ਸੰਗ ਮੇਰੋ ਨਿਜ ਰੂਪ ਹੈ।
ਸਾਧ ਸੰਗ ਮੇਰੋ ਮਾਤ ਪਿਤਾ ਔ ਕੁਟੰਬ ਸਖਾ,
ਸਾਧ ਸੰਗ ਮੇਰੋ ਸੁਤ ਸਰੇਸ਼ਟ ਅਨੂਪ ਹੈ।
ਸਾਧ ਸੰਗ ਸਰਬ ਨਿਧਾਨ ਪ੍ਰਾਨ ਜੀਵਨ ਮੈ,
ਸਾਧ ਸੰਗ ਨਿਜ ਪਦ ਸੇਵਾ ਦੀਪ ਧੂਪ ਹੈ।
ਸਾਧ ਸੰਗ ਰੰਗ ਰਸ ਭੋਗ ਸੁਖ ਸਹਿਜ ਮੈ,
ਸਾਧ ਸੰਗ ਸੋਭਾ ਅਤਿ ਊਪਮਾ ਔ ਊਪ ਹੈ।

[ਵਾਰ ੩੦—੩]

ਗੁਰੂ ਸੰਗਤ ਵਿਚ ਹੈ, ਗੁਰੂ ਬੀਸ ਬਿਸਵੇ ਤੇ ਸੰਗਤ ਇਕੀ ਬਿਸਵੇ ਹੈ। ਇਸ ਮਨੌਤ ਨੇ ਸਿੱਖੀ ਵਿਚ ਸੰਗਤ ਦੇ ਦਰਜੇ ਨੂੰ ਬਹੁਤ ਉਚਾ ਕੀਤਾ ਹੈ। ਪੰਚਮ ਪਾਤਸ਼ਾਹ ਨੇ ਸੰਗਤ ਦਾ ਕਹਿਣਾ ਮੰਨ ਕੇ ਚੰਦੂ ਦਾ ਰਿਸ਼ਤਾ ਮੋੜ ਦਿਤਾ। ਦਸਮ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ। ਰਾਜਪੂਤਾਨੇ ਵਿਚ ਦਾਦੂ ਦੀ ਸਮਾਧ ਤੇ ਤੀਰ ਨਾਲ ਨਮਸਕਾਰ ਕਰਨ ਪਰ ਸੰਗਤ ਤੋਂ ਤਨਖਾਹ ਬਖਸ਼ਵਾਈ। ਇਹ ਗਲਾਂ ਸਿੱਖੀ ਵਿਚ ਹੀ ਮਿਲਦੀਆਂ ਹਨ। ਸੰਗਤ ਵਿਚ ਨਾਮ ਜਪਣਾ, ਬਾਣੀ ਪੜ੍ਹਨੀ, ਕੀਰਤਨ ਕਰਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਪਾਠ ਕਰਨਾ, ਸੇਵਾ ਕਰਨੀ, ਲੰਗਰ ਬਨਾਉਣਾ ਤੇ ਛਕਣਾ, ਅਰਦਾਸ ਵਿਚ 'ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਧਰਮ ਪਿਛੇ ਸੀਸ ਦਿਤੇ' ਕਹਿਣ ਸਮੇਂ ਸੰਤਾਂ, ਭਗਤਾਂ, ਸੂਰਬੀਰਾਂ ਤੇ ਸ਼ਹੀਦ ਆਤਮਾ ਨਾਲ ਜੁੜਨਾ ਸਿਖ ਧਰਮ ਨੇ ਹੀ ਦੱਸਿਆ ਹੈ।

ਸ੍ਰੀ ਕਬੀਰ ਜੀ ਦਾ ਕਥਨ ਹੈ—

ਕਬੀਰ ਮਨ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲ ਖਾਇ ॥

ਭਾਵ—ਮਨੁੱਖੀ ਮਨ ਪੰਛੀ ਦੀ ਤਰ੍ਹਾਂ ਹੈ। ਉਹ ਦਸਾਂ ਦਿਸਾਂ ਵਿਚ ਉਡਦਾ ਫਿਰਦਾ ਹੈ। ਜਿਸ ਕਿਸਮ ਦੇ ਚੰਗੇ ਮਾੜੇ ਬ੍ਰਿਛ ਉਤੇ ਬੈਠਦਾ ਹੈ,

ਉਹੋ ਜਿਹਾ ਫਲ ਖਾਂਦਾ ਹੈ।

ਸੰਗਤ ਵਿਚ ਕੇਵਲ ਆਤਮਕ ਉੱਨਤੀ ਹੀ ਨਹੀਂ ਮੰਨੀ, ਬਲਕਿ ਸਮਾਜਿਕ ਵੀ ਮੰਨੀ ਹੈ। ਸਭ ਸਿੱਖ ਬਰਾਬਰ ਹਨ, 'ਰਾਣਾ ਰੰਕ ਬਰਾਬਰੀ' ਦਾ ਖਿਆਲ ਹਉਮੈ ਨੂੰ ਉਡਾਂਦਾ ਹੈ। ਜ਼ਾਤ-ਪਾਤ, ਉਚ-ਨੀਚ ਤੇ ਛੂਤ-ਛਾਤ ਨੂੰ ਜੜ੍ਹੋਂ ਪੁੱਟਦਾ ਹੈ। ਮੁੱਕਦੀ ਗਲ ਸਿੱਖ ਧਰਮ ਵਿਚ ਸੰਗਤ ਆਤਮਕ ਉੱਨਤੀ, ਸਮਾਜਕ ਉੱਨਤੀ ਤੇ ਸਾਂਝੇ ਕੌਮੀ ਜੀਵਨ ਦੀ ਉਸਾਰੀ ਲਈ ਜ਼ਰੂਰੀ ਹੈ।

o

੧੨.

ਕੀਰਤਨ

ਕੀਰਤਨ ਉਸ ਗਾਇਨ ਨੂੰ ਕਹਿੰਦੇ ਹਨ, ਜਿਸ ਵਿਚ ਵਾਹਿਗੁਰੂ ਦੀ ਕੀਰਤੀ ਕੀਤੀ ਜਾਵੇ। ਇਹ ਸਿੱਖ ਧਰਮ ਦੀ ਭਗਤੀ ਦਾ ਖਾਸ ਅੰਗ ਹੈ। ਗੁਰਬਾਣੀ ਅਤੇ ਰਾਗ ਨੂੰ ਸੁਰ ਤਾਰ ਜਾਂ ਕਿਸੇ ਸਿੱਧੀ ਧਾਰਨਾ ਵਿਚ ਗਾਉਣ ਤੇ ਨਿਰੰਕਾਰ ਦਾ ਜੱਸ ਕਰਨਾ ਕੀਰਤਨ ਹੈ। ਸਤਿਗੁਰੂ ਜੀ ਨੇ ਫੁਰਮਾਇਆ ਹੈ—

ਕੀਰਤਨੁ ਨਿਰਮੋਲਕ ਹੀਰਾ ॥

[ਪੰਨਾ ੮੯੩]

ਆਤਮਕ ਸ਼ਾਂਤੀ ਲਈ ਇਹ ਬਹੁਤ ਸੋਹਣਾ ਸਾਧਨ ਹੈ, ਬਹੁਮੁੱਲੀ ਵਸਤੂ ਹੈ। ਸਿੱਖ ਧਰਮ ਦੇ ਲਗਭਗ ਸਾਰੇ ਸੰਸਕਾਰਾਂ ਵਿਚ ਕੀਰਤਨ ਦਾ ਭਾਗ ਹੁੰਦਾ ਹੈ। ਸਾਰੇ ਕਰਮਾਂ ਵਿਚੋਂ ਇਸ ਨੂੰ ਮੁੱਖ ਕਰਮ ਮੰਨਿਆ ਹੈ—

ਹਰਿ ਕੀਰਤਿ ਸਾਧ ਸੰਗਤਿ ਹੈ
ਸਿਰ ਕਰਮਨ ਕੈ ਕਰਮਾ ॥

ਪੰਚਮ ਪਾਤਸ਼ਾਹ ਫੁਰਮਾਉਂਦੇ ਹਨ—

ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ ॥
ਅਨਿਕ ਬਾਰ ਕਰਿ ਬੰਦਨ ਸੰਤਨ
ਊਹਾਂ ਚਰਨ ਗੋਬਿੰਦ ਜੀ ਕੇ ਬਸਨਾ ॥੧॥

[ਕਾਨੜਾ ਮਹਲਾ ੫, ੧੨੯੮]

ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਸਿੱਖ ਸੰਗਤ ਦੀ ਮਰਯਾਦਾ ਇਉਂ ਲਿਖੀ ਹੈ—

(੧) ਸੋਦਰ ਆਰਤੀ ਗਾਵੀਐ
ਅੰਮ੍ਰਿਤ ਵੇਲੇ ਜਾਪ ਉਚਾਰਾ ॥

(੨) ਕੁਰਬਾਣੀ ਤਿਨਾ ਗੁਰ ਸਿਖਾਂ
ਗੁਰਬਾਣੀ ਲਿਵ ਲਾਇ ਸੁਣੰਦੇ ॥

ਇਨ੍ਹਾਂ ਸਾਰੇ ਵਾਕਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਕੀਰਤਨ ਸਿੱਖ ਧਰਮ ਦੀ ਭਗਤੀ ਤੇ ਪੂਜਾ ਦਾ ਇਕ ਖਾਸ ਅੰਗ ਹੈ। ਸਤਿਗੁਰਾਂ ਨੇ ਸਾਰੀ ਬਾਣੀ ੩੧ ਰਾਗਾਂ ਵਿਚ ਉਚਾਰਣ ਕੀਤੀ ਹੈ। ਕੀਰਤਨ ਬਹੁਤ ਸਿਆਣੇ ਆਦਮੀ ਨੂੰ ਵੀ ਅਪੀਲ ਕਰਦਾ ਹੈ, ਨਾਲ ਹੀ ਸਧਾਰਣ ਲੋਕਾਂ ਨੂੰ ਵੀ। ਸਾਡੇ ਦੇਸ਼ ਵਿਚ ਭਗਤੀ ਨੌਂ ਪ੍ਰਕਾਰ (ਨਵਧਾ) ਦੀ ਮੰਨੀ ਗਈ ਹੈ—

(੧) **ਸ੍ਰਵਣ**—ਇਸ਼ਟ ਦੇਵ ਦਾ ਜਸ ਸੁਣਨਾ।
(੨) **ਕੀਰਤਨ**—ਗੁਣ ਗਾਉਣੇ।
(੩) **ਸਿਮਰਣ**—ਯਾਦ ਕਰਨਾ ਜਾਂ ਮਨ ਦਵਾਰਾ ਚਿੰਤਨ ਕਰਨਾ।
(੪) **ਚਰਨ ਸੇਵਾ**।
(੫) **ਅਰਚਨਾ**—ਚੰਦਨ ਤੇ ਫੁੱਲਾਂ ਆਦਿਕ ਨਾਲ ਪੂਜਾ ਕਰਨੀ।
(੬) **ਬੰਦਨਾ**—ਪ੍ਰਣਾਮ ਜਾਂ ਨਮਸਕਾਰ ਕਰਨੀ।
(੭) **ਸਖਾ ਭਾਵ**—ਮਿਤ੍ਰ ਸਮਝਣਾ।
(੮) **ਦਾਸ ਭਾਵ**—ਆਪ ਨੂੰ ਸੇਵਕ ਸਮਝਣਾ।
(੯) **ਆਤਮ ਨਿਵੇਦਨ**—ਆਪਣੇ ਆਪ ਨੂੰ ਇਸ਼ਟ ਦੇ ਸਾਹਮਣੇ ਅਰਪਨ ਕਰ ਦੇਣਾ। ਇਸ ਭਗਤੀ ਅਨੁਸਾਰ ਮੂਰਤੀ ਪੂਜਾ ਜਾਂ ਅਵਤਾਰ ਪੂਜਾ ਵਧੇਰੇ ਕੀਤੀ ਜਾਂਦੀ ਹੈ। ਇਸ ਵਿਚ ਰਾਗ ਅਤੇ ਕੀਰਤਨ ਵੀ ਸ਼ਾਮਲ ਹਨ।

[ਨਾਰਦ ਸੂਤਰ]

ਰਾਗ ਕਾਵਯ ਤੇ ਚਿਤ੍ਰਕਾਰੀ ਤਿੰਨ ਕੋਮਲ ਹੁਨਰ ਹਨ। ਮਨੋ-

ਭਾਵਾਂ ਨੂੰ ਪ੍ਰਗਟ ਕਰਨ ਜਾਂ ਪ੍ਰਤੱਖ ਕਰਨ ਨੂੰ ਕੋਮਲ ਹੁਨਰ ਕਹਿੰਦੇ ਸਨ। ਚਿਤ੍ਰਕਾਰੀ ਕਿਉਂ ਹੁਨਰ ਹੈ ? ਇਸ ਲਈ ਕਿ ਜਦ ਅਸੀਂ ਕਿਸੇ ਮਨੁੱਖ ਦੀ ਤਸਵੀਰ ਲੈਂਦੇ ਹਾਂ ਤਾਂ ਕੈਮਰੇ ਦੀ ਪਲੇਟ ਤੇ ਉਸ ਦੀ ਛਾਇਆ ਜੇਹੀ ਪੈਂਦੀ ਹੈ। ਮਨੁੱਖ ਦਾ ਮਾਸ, ਹੱਡੀਆਂ ਅਤੇ ਸਥੂਲ ਰੂਪ ਤਸਵੀਰ ਵਿਚ ਨਹੀਂ ਆਉਂਦਾ, ਸੂਖਮ ਰੂਪ ਹੀ ਆਉਂਦਾ ਹੈ। ਸਰੀਰ ਦਾ ਪ੍ਰਕ੍ਰਿਤਕ ਭਾਗ ਨਹੀਂ ਆਉਂਦਾ, ਕੇਵਲ ਉਸ ਦਾ ਰੂਪ ਆਉਂਦਾ ਹੈ। ਤਸਵੀਰ ਦੇ ਅਰਥ ਹਨ—ਕਿਸੇ ਚੀਜ਼ ਦਾ ਸੂਖਮ ਰੂਪ। ਚਿਤ੍ਰਕਾਰ ਕਿਸੇ ਦ੍ਰਿਸ਼ਯ ਨੂੰ ਵੇਖਦਾ ਤੇ ਉਸ ਨੂੰ ਹਿਰਦੇ ਵਿਚ ਉਕਰਦਾ ਹੈ। ਫਿਰ ਕਲਮ ਤੇ ਬੁਰਸ਼ ਆਦਿਕਾਂ ਨਾਲ ਰੰਗ ਭਰ ਕੇ ਕੱਪੜੇ ਜਾਂ ਕਾਗਜ਼ ਤੇ ਤਸਵੀਰ ਬਣਾ ਦਿੰਦਾ ਹੈ। ਚਿਤ੍ਰਕਾਰ ਨੇ ਬਹੁਤ ਸੂਖਮ ਰੂਪ ਨੂੰ ਮੂਰਤੀ ਦੀ ਸ਼ਕਲ ਵਿਚ ਲੈ ਆਂਦਾ। ਇਸ ਲਈ ਚਿਤ੍ਰਕਾਰੀ ਕੋਮਲ ਹੁਨਰ ਹੈ। ਪਰ ਚਿਤ੍ਰਕਾਰ ਜਾਂ ਪੱਥਰ-ਘਾੜਾ ਜੋ ਤਸਵੀਰ ਬਣਾਂਦਾ ਹੈ, ਉਹ ਪ੍ਰਾਕ੍ਰਿਤਕ ਵਸਤੂ ਦੀ ਹੁੰਦੀ ਹੈ।

ਕਾਵਯ ਇਸ ਲਈ ਕੋਮਲ ਹੁਨਰ ਕਿ ਕਵੀ ਕੁਦਰਤ ਦੇ ਕਿਸੇ ਦ੍ਰਿਸ਼ਯ ਨੂੰ ਵੇਖਦਾ ਹੈ, ਕਿਸੇ ਘਟਨਾ ਦਾ ਗਿਆਨ ਪ੍ਰਾਪਤ ਕਰਦਾ ਹੈ, ਉਹ ਭਾਵਾਂ ਤੇ ਜਜ਼ਬਿਆਂ ਨੂੰ ਮਨ ਰਾਹੀਂ ਕਬੂਲ ਕਰਦਾ ਹੈ। ਫਿਰ ਉਨ੍ਹਾਂ ਖਿਆਲਾਂ ਨੂੰ ਸ਼ਬਦ ਜਾਂ ਬੰਦਸ਼ ਵਿਚ ਲਿਆ ਕੇ ਕਵਿਤਾ ਰੂਪ ਵਿਚ ਕਥਨ ਕਰਦਾ ਹੈ। ਕਾਵਯ ਚੂੰਕਿ ਵਲਵਲਿਆਂ ਦਾ ਨਿਚੋੜ ਹੁੰਦਾ ਹੈ, ਇਸ ਲਈ ਉਹ ਮਨ ਨੂੰ ਵਧੇਰੇ ਅਪੀਲ ਕਰਦੀ ਹੈ।

ਰਾਗ ਇਨ੍ਹਾਂ ਦੋਹਾਂ ਹੁਨਰਾਂ ਨਾਲੋਂ ਰਤਾ ਬਰੀਕ ਹੈ। ਰਾਗ ਕੀ ਹੈ? ਸੁਰ ਨੂੰ ਇਕ ਖਾਸ ਢੰਗ ਨਾਲ ਹਰਕਤ ਵਿਚ ਲਿਆਉਣਾ। ਜੇਕਰ ਸੁਰ ਵਿਚ ਵਿਉਂਤ ਤੇ ਇਕਸਾਰਤਾ ਨਾ ਹੋਵੇ ਤਾਂ ਉਹ ਰਾਗ ਨਹੀਂ ਹੋਵੇਗਾ, ਬਲਕਿ ਰੌਲਾ-ਗੋਲਾ ਹੋਵੇਗਾ। ਰਾਗ ਕੇਵਲ ਸੁਰ ਤੇ ਹਵਾ ਨੂੰ ਬੰਨ੍ਹਣ ਦਾ ਨਾਂ ਹੈ, ਜਿਸ ਨੂੰ ਸੁਣ ਕੇ ਚਿਤ ਪ੍ਰਸੰਨ ਅਤੇ ਪ੍ਰੀਤੀ ਉਤਪੰਨ ਹੋਵੇ। ਹਿੰਦੀ ਵਿਚ ਰਾਗ ਦੇ ਅਰਥ 'ਪ੍ਰੀਤੀ' ਹਨ। ਰਾਗ ਨੂੰ ਆਤਮਾ ਦੀ ਖੁਰਾਕ ਕਿਹਾ ਗਿਆ ਹੈ। ਇਸ ਦਾ ਅਸਰ ਕੇਵਲ ਮਨੁੱਖਾਂ ਤੇ ਹੀ ਨਹੀਂ ਹੁੰਦਾ ਬਲਕਿ

ਪਸ਼ੂਆਂ ਪੰਛੀਆਂ ਤੇ ਵੀ ਹੁੰਦਾ ਹੈ। ਘੰਡੇਹੜੇ ਦਾ ਸ਼ਬਦ ਸੁਣ ਕੇ ਹਿਰਨ ਫਸ ਜਾਂਦਾ ਹੈ। ਬੀਨ ਸੁਣ ਕੇ ਜ਼ਹਿਰੀ ਸੱਪ ਸਿਰ ਸੁੱਟ ਦਿੰਦਾ ਹੈ। ਪਿਆਨੋ ਸੁਣ ਕੇ ਗਊਆਂ ਦੁੱਧ ਵਧੇਰੇ ਦਿੰਦੀਆਂ ਹਨ। ਬੱਚੇ ਦੇ ਸਾਹਮਣੇ ਸਾਜ਼ ਵਜਾਓ, ਪੰਘੂੜੇ ਵਿਚ ਪਿਆ ਉਛਲਦਾ ਹੈ। ਇਤਨੇ ਕੋਮਲ ਤੇ ਪ੍ਰਭਾਵਸ਼ਾਲੀ ਹੁਨਰ ਦੀ ਗਲਤ ਵਰਤੋਂ ਸੁਰਤ ਨੂੰ ਬਹੁਤ ਨੀਵਿਆਂ ਕਰ ਦਿੰਦੀ ਹੈ। ਸੁਚੱਜੀ ਵਰਤੋਂ ਸੁਰਤ ਨੂੰ ਉਚਿਆਂ ਕਰਦੀ ਹੈ। ਹਿੰਦੁਸਤਾਨ ਦੇ ਮਹਾਂ ਰਿਸ਼ੀਆਂ ਨੇ ਵੇਦ ਦੀਆਂ ਰਿਚਾਂ, ਸੂਤਰ ਮੰਤ੍ਰ ਅਤੇ ਉਪਨਿਸ਼ਦਾਂ ਦੇ ਵਾਕ ਰਾਗ ਵਿਚ ਹੀ ਉਚਾਰਣ ਕੀਤੇ ਹਨ। ਰਾਗ ਦੀਆਂ ਸੱਤ ਸੁਰਾਂ ਸਾ, ਰੇ, ਗਾ, ਮਾ, ਪਾ, ਧਾ, ਨੀ, ਕਾਇਮ ਕੀਤੀਆਂ। ਸੰਗੀਤ ਸ਼ਾਸਤ੍ਰ ਵਿਚ ਛੇ ਰਾਗ ਸ਼ਰੋਮਣੀ ਮੰਨੇ ਗਏ—ਸ੍ਰੀ ਰਾਗ, ਭੈਰਵ, ਮੇਘ, ਦੀਪਕ, ਮਾਲਕੌਂਸ ਅਤੇ ਹਿੰਡੋਲ। ਇਨ੍ਹਾਂ ਤੋਂ ਬਿਨਾਂ ਕਈ ਰਾਗ ਅਤੇ ਰਾਗਣੀਆਂ ਕਲਪਤ ਕੀਤੀਆਂ

ਰਾਗਾਂ ਦੇ ਵੱਖੋ ਵੱਖ ਪ੍ਰਭਾਵ ਮੰਨੇ ਗਏ ਹਨ। ਸ੍ਰੀ ਰਾਗ ਸਬੰਧੀ ਮੰਨਿਆ ਗਿਆ ਹੈ ਕਿ ਇਹ ਸੁੱਤੇ ਦੇ ਮਨ ਉਤੇ ਚਲਦੇ ਦਿਨ ਦੀ ਖਾਮੋਸ਼ੀ ਤੇ ਖਿਆਲਾਂ ਨੂੰ ਇਕ ਖਾਸ ਰਸ ਵਿਚ ਭਰ ਦਿੰਦਾ ਹੈ। ਭੈਰਵ ਮਨ ਉਤੇ ਪ੍ਰਭਾਤ ਸਮੇਂ ਪੰਛੀਆਂ ਦੇ ਬੋਲਣ, ਵਾਯੂ ਦੀ ਸੁਗੰਧੀ, ਤ੍ਰੇਲ ਤੇ ਠੰਡਕ, ਊਸ਼ਾ ਤੇ ਅੰਮ੍ਰਿਤ ਵੇਲੇ ਦੇ ਦ੍ਰਿਸ਼ਯ ਦਾ ਅਸਰ ਪੈਦਾ ਕਰਦਾ ਹੈ। ਮੇਘ ਬਾਰਸ਼ ਦੇ ਆਉਣ ਤੇ ਬਿਜਲੀ ਦਾ ਰੰਗ ਬੰਨ੍ਹ ਦਿੰਦਾ ਹੈ। ਦੀਪਕ ਸਰੀਰ ਵਿਚ ਤਪਸ਼ ਤੇ ਵਾਯੂਮੰਡਲ ਵਿਚ ਗਰਮੀ ਪੈਦਾ ਕਰਨ ਵਾਲਾ ਰਾਗ ਮੰਨਿਆ ਗਿਆ ਹੈ। ਮਾਲਕੌਂਸ ਦਾ ਕੰਮ ਜੋਸ਼, ਵਲਵਲਾ ਤੇ ਨਰਮ ਜਿਹੀ ਉਕ-ਸਾਹਟ ਪੈਦਾ ਕਰਨਾ ਮੰਨਿਆ ਗਿਆ। ਹਿੰਡੋਲ ਦੇ ਗਾਉਣ ਨਾਲ ਬਸੰਤ ਦਾ ਖੇੜਾ ਅਤੇ ਖੁਸ਼ੀ ਆਉਂਦੀ ਹੈ। ਇਹ ਰਾਗ ਸ਼ਹਿਦ ਦੀ ਤਰ੍ਹਾਂ ਮਿੱਠਾ ਮੰਨਿਆ ਗਿਆ ਹੈ। ਇਸ ਤੋਂ ਬਿਨਾਂ ਸੰਗੀਤ ਵਿਚ ਚਾਰ ਗੱਲਾਂ ਹੋਰ ਮੰਨੀਆਂ ਗਈਆਂ ਹਨ—

(੧) ਬੋਲੀ ਸਰਲ ਤੇ ਉਚਾਰਨ ਸ਼ੁੱਧ।

(੨) ਰਸ।

(ਙ) ਸਮੇਂ ਦੀ ਉਪਯੋਗਤਾ ।

(ਚ) ਕਲਾ ਦੀ ਸੁਭਾਵਕਤਾ ।

ਇਸ ਦੇ ਨਾਲ ਸੁਰ-ਤਾਲ, ਸਾਜ਼ ਵਜਾਣੇ, ਨਿਰਤ ਆਦਿਕ ਸੰਗੀਤ ਦੇ ਕਈ ਭਾਗ ਕਾਇਮ ਕੀਤੇ ਗਏ ਹਨ। ਹੋਰ ਹੁਨਰਾਂ ਵਾਂਗੂ ਹਿੰਦੁਸਤਾਨ ਨੇ ਰਾਗ ਵਿਚ ਵੀ ਕਮਾਲ ਕਰ ਦਿਤਾ ਹੈ।

ਪੱਛਮੀ ਧਰਮਾਂ 'ਚੋਂ ਇਸਲਾਮ ਨੇ ਰਾਗ ਨੂੰ ਹਰਾਮ ਦੱਸਿਆ ਹੈ। ਚਿਤ੍ਰਕਾਰੀ ਆਦਿਕ ਕੋਮਲ ਹੁਨਰਾਂ ਦੀ ਨਿਖੇਧੀ ਕੀਤੀ ਹੈ, ਫਿਰ ਵੀ ਸੂਫ਼ੀ ਫ਼ਕੀਰ ਗਾਉਂਦੇ ਹਨ। ਮੁਸਲਮਾਨ ਬਾਦਸ਼ਾਹਾਂ ਦੇ ਨਾਲ ਕੁਝ ਰਾਗ ਹਿੰਦੁਸਤਾਨ ਵਿਚ ਆਏ। ਉਹ ਹਨ—ਜੰਗਲਾ, ਸ਼ਾਹਾਨਾ, ਦਰਬਾਰੀ, ਜ਼ਿਲਾ, ਤਿਲੰਗ ਆਦਿਕ। ਤਿਲੰਗ ਬਾਰੇ ਕਈ ਰਾਗੀਆਂ ਦੀ ਰਾਇ ਹੈ ਕਿ ਇਹ ਹਿੰਦੀ ਸੰਗੀਤ ਦਾ ਰਾਗ ਹੈ। ਸਾਜ਼ਾਂ ਵਿਚੋਂ ਸਤਾਰ ਬਾਰੇ ਖਿਆਲ ਹੈ ਕਿ ਇਹ ਅਮੀਰ ਖੁਸਰੋ ਨੇ ਲਿਆਂਦੀ। ਸ਼ਾਹਜਹਾਂ ਦੇ ਸਮੇਂ ਰਾਗ ਉਤੇ 'ਸ਼ਮਸੁਲ ਸੂਰਤ' ਨਾਮੇ ਕਿਤਾਬ ਲਿਖੀ ਗਈ। ਮੁਸਲਮਾਨਾਂ ਦਾ ਹਿੰਦੁਸ-ਤਾਨੀ ਰਾਗ ਉਤੇ ਕੋਈ ਬਹੁਤਾ ਅਸਰ ਇਸ ਲਈ ਨਹੀਂ ਪਿਆ ਕਿ ਇਥੋਂ ਦਾ ਸੰਗੀਤ ਸੰਪੂਰਨ ਸੀ। ਸਰੋਦ, ਰਬਾਬ ਤੇ ਸ਼ਹਿਨਾਈ ਆਦਿਕ ਸਾਜ਼ ਇਸਲਾਮੀ ਯਾਦਗਾਰਾਂ ਹਨ।

ਸਿੱਖ ਧਰਮ ਦਾ ਜਨਮ ਐਸੇ ਸਮੇਂ ਹੋਇਆ ਜਦ ਕਿ ਹਿੰਦੂਆਂ ਤੇ ਮੁਸਲਮਾਨਾਂ ਦਾ ਧਰਮ, ਸਭਿਅਤਾ ਤੇ ਹੁਨਰ ਆਪਸ ਵਿਚ ਮਿਲ ਰਹੇ ਸਨ। ਹਿੰਦੁਸਤਾਨ ਦਾ ਸੰਗੀਤ ਸਿੱਖੀ ਦੇ ਵਿਰਸੇ ਵਿਚ ਸੀ, ਪਰ ਸਿੱਖੀ ਨੇ ਨਿਰੰਕਾਰ ਦਾ ਕੀਰਤਨ ਇਕ ਨਵੀਂ ਚੀਜ਼ ਦਿਤੀ ਹੈ। ਕਾਸ਼ੀ, ਮਥੁਰਾ, ਅਯੁਧਿਆ ਆਦਿਕ ਹਿੰਦੂ ਧਰਮ ਦੇ ਕੇਂਦਰਾਂ ਵਿਚ ਕੀਰਤਨ ਹੁੰਦਾ ਸੀ, ਪਰ ਦੇਵ-ਪੂਜਾ, ਮੂਰਤੀ-ਪੂਜਾ ਤੇ ਅਵਤਾਰਾਂ ਦੀ ਕੀਰਤੀ ਦੇ ਰੂਪ ਵਿਚ।

ਮੰਦਰਾਂ ਵਿਚ ਦੇਵ-ਦਾਸੀਆਂ ਭਗਵਾਨ ਦੇ ਸਰਗੁਣ ਸਰੂਪ ਦਾ ਕੀਰਤਨ ਕਰਦੀਆਂ ਸਨ। ਵੈਸ਼ਨਵ ਸੰਪ੍ਰਦਾਵਾਂ ਦੇ ਭਗਤ ਵੀ ਕੀਰਤਨ ਕਰਦੇ ਸਨ। ਗੁਰਬਾਣੀ ਦੀ ਰੱਬੀ ਕਾਵਯ ਅਤੇ ਰਾਗ ਦੋਵੇਂ ਮਿਲ ਕੇ

ਸ੍ਰੀ ਵਾਹਿਗੁਰੂ ਦੇ ਨਿਰਗੁਣ ਸਰੂਪ ਦੀ ਉਸਤਤੀ ਕਰਨੀ, ਇਕ ਪੂਜਾ ਅਤੇ ਭਗਤੀ ਕਰਨੀ ਸਤਿਗੁਰਾਂ ਨੇ ਸਿਖਾਈ ਹੈ। ਕੀਰਤਨ ਵਾਹਿਗੁਰੂ ਦੀ ਪ੍ਰਾਪਤੀ ਲਈ ਰੁਚੀ ਤੇ ਵਾਯੂਮੰਡਲ ਪੈਦਾ ਕਰਦਾ ਹੈ। ਮਨ ਨੂੰ ਉਸ ਦੇ ਪ੍ਰਾਪਤ ਕਰਨ ਦੇ ਯੋਗ ਬਣਾਉਂਦਾ ਹੈ।

ਅਰਸਤੂ ਨੇ ਕਿਹਾ—'ਰਾਗ ਵਰਗੀ ਦੁਰਲੱਭ ਵਸਤੂ ਨੀਵੀਂ ਵਰਤੋਂ ਲਈ ਨਹੀਂ, ਬਲਕਿ ਮਨ ਦੀ ਅਸ਼ਾਂਤੀ ਅਤੇ ਖ਼ਿਆਲਾਂ ਦੀ ਪ੍ਰੇਸ਼ਾਨੀ ਨੂੰ ਦੂਰ ਕਰਨ ਲਈ ਪ੍ਰਾਪਤ ਹੋਈ ਹੈ।'

ਗੁਰੂ ਸਾਹਿਬ ਦੇ ਵਕਤ ਰਾਗ ਦੀ ਵਰਤੋਂ ਨੀਵੀਂ ਹੋਣ ਲੱਗ ਪਈ ਸੀ। ਧਰਮ ਵਿਚ ਵੀ ਨੀਵੀਂ ਹੋ ਗਈ। ਸੰਗੀਤ ਸਮਾਜ ਵਿਚ ਕੰਜਰਾਂ ਕੋਲ ਚਲਾ ਗਿਆ ਸੀ। ਸ਼ਾਹੀ ਦਰਬਾਰਾਂ ਵਿਚ, ਖ਼ਾਨਕਾਹਾਂ ਤੇ ਮਕਬਰਿਆਂ ਉਤੇ ਨਾਚ-ਮੁਜਰੇ ਹੁੰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਰੌ ਨੂੰ ਈਸ਼ਵਰ-ਭਗਤੀ ਦੇ ਰੂਪ ਵਿਚ ਬਦਲਣ ਦਾ ਜਤਨ ਕੀਤਾ। ਆਪ ਜਦ ਪਹਿਲੀ ਉਦਾਸੀ ਕਰਨ ਲਈ ਸੁਲਤਾਨਪੁਰੋਂ ਤਿਆਰ ਹੋਏ ਤਾਂ ਫ਼ਿਰੰਦੇ ਪਾਸੋਂ ਰਬਾਬ ਮੰਗਵਾਇਆ[੧] ਜੋ ਮਰਦਾਨੇ ਨੂੰ ਦਿਤਾ ਤੇ ਉਸ ਨੂੰ ਸਾਥੀ ਬਣਾ ਕੇ 'ਸਤਿ ਕਰਤਾਰ, ਧੰਨ ਨਿਰੰਕਾਰ' ਅਤੇ ਗੁਰਬਾਣੀ ਦਾ ਪਵਿੱਤਰ ਸੰਦੇਸ਼ ਕੀਰਤਨ ਰਾਹੀਂ ਦੇਣਾ ਸ਼ੁਰੂ ਕੀਤਾ।

ਗੁਰੂ ਜੀ ਨੇ ਪੰਜਾਬ ਦੀਆਂ ਬਾਰਾਂ, ਦਰਿਆਵਾਂ ਤੇ ਕੰਢਿਆਂ, ਜੰਗਲਾਂ-ਬੀਆਬਾਨਾਂ, ਮਾਰੂਥਲਾਂ, ਕੰਦਰਾਂ, ਪਹਾੜਾਂ, ਹਿੰਦੁਸਤਾਨ ਦੇ ਤੀਰਥਾਂ, ਅਰਬ, ਈਰਾਨ, ਕਾਬਲ, ਤਿੱਬਤ, ਸਿੱਕਮ, ਭੂਟਾਨ ਆਦਿਕ ਦੇਸ਼ਾਂ ਵਿਚ ਕੀਰਤਨ ਨਾਲ ਲੋਕਾਂ ਨੂੰ ਮੋਹ ਲਿਆ। ਸੱਜਣ ਠੱਗ, ਕੌਡੇ ਰਾਖਸ਼, ਨੂਰ ਸ਼ਾਹ ਵਰਗੀ ਜਾਦੂਗਰਨੀ, ਹਮਜ਼ਾ ਗੌਂਸ ਤੇ ਵਲੀ ਕੰਧਾਰੀ ਵਰਗੇ ਕਠੋਰ-ਚਿਤਾਂ ਨੂੰ ਕੀਰਤਨ ਨਾਲ ਮੋਮ ਕਰ ਦਿਤਾ। ਸੱਚਖੰਡ ਵਿਚ ਪ੍ਰਵੇਸ਼ ਸਮੇਂ ਕਿਹਾ ਨੇ—**ਹਉ ਢਾਢੀ ਵੇਕਾਰ ਕਾਰੈ ਲਾਇਆ ॥**

---

੧. ਸਾਦਕ ਅਲੀ ਖਾਂ ਦੀ ਪੁਸਤਕ 'ਸਰਮਾਇਆ ਇਸ਼ਕ' ਵਿਚ ਲਿਖਿਆ ਹੈ ਕਿ ਰਬਾਬ ਗੁਰੂ ਨਾਨਕ ਦੇਵ ਜੀ ਦੀ ਕਾਢ ਹੈ।

ਮਰਦਾਨੇ ਪਾਸੋਂ ਕੀਰਤਨ ਸੁਣ ਕੇ ਹੀ ਗੁਰਦੇਵ ਨੇ ਉਸ ਨੂੰ 'ਭਾਈ ਮਰਦਾਨੇ ਦੀ ਪਦਵੀ ਦਿਤੀ।

ਆਪ ਨੇ ਬਾਣੀ ਰਾਗ ਵਿਚ ਉਚਾਰਣ ਕੀਤੀ। ਰਾਗਾਂ ਵਿਚੋਂ ਆਸਾ ਰਾਗ ਗੁਰੂ ਬਾਬੇ ਜੀ ਦਾ ਬਹੁਤ ਮਿੱਠਾ ਤੇ ਪਿਆਰਾ ਰਾਗ ਸੀ। ਇਸ ਲਈ ਆਪ ਨੇ ਆਸਾ ਦੀ ਵਾਰ ਗਾਇਨ ਕੀਤੀ ਤੇ ਅੰਮ੍ਰਿਤ ਵੇਲੇ ਉਨ੍ਹਾਂ ਨੇ ਕੀਰਤਨ ਦੀ ਮਰਯਾਦਾ ਕਾਇਮ ਕੀਤੀ। ਦੱਖਣੀ-ਲਹਿੰਦੇ ਪੰਜਾਬ ਨੂੰ 'ਆਸਾ ਦੇਸ' ਕਹਿੰਦੇ ਸਨ। ਆਸਾ ਇਸ ਦੇਸ ਦਾ ਰਾਗ ਹੈ। ਇਸ ਇਲਾਕੇ ਵਿਚ ਰੇਤ ਬੜੀ ਹੈ, ਜੋ ਦਿਨ ਨੂੰ ਤਪਦੀ ਹੈ, ਸਵੇਰੇ ਠੰਢੀ ਹੁੰਦੀ ਹੈ। ਇਸ ਲਈ ਆਸਾ ਸਵੇਰ ਦਾ ਰਾਗ ਮੰਨਿਆ ਗਿਆ ਹੈ। ਲੋਕੀ ਰਾਗ ਨੂੰ ਇਸ਼ਕ ਲਈ ਵਰਤਦੇ ਸਨ, ਸਤਿਗੁਰੂ ਜੀ ਨੇ ਇਸ ਨੂੰ ਵਾਹਿਗੁਰੂ ਦੇ ਪ੍ਰੇਮ ਅਤੇ ਭਗਤੀ ਲਈ ਵਰਤਿਆ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਗੁਰੂ ਦਰਬਾਰ ਵਿਚ ਭਾਈ ਸਾਧੂ ਤੇ ਬਾਦੂ ਕੀਰਤਨ ਕਰਦੇ ਸਨ। ਤੀਜਰੀ ਪਾਤਸ਼ਾਹੀ ਕੀਰਤਨ ਦੇ ਬੜੇ ਰਸੀਏ ਸਨ। ਆਪ ਨੇ ਬਾਣੀ ਵੀ ਰਾਗ ਵਿਚ ਉਚਾਰਣ ਕੀਤੀ ਤੇ ਸਿਰੰਦਾ ਬਣਾਇਆ। ਚੌਥੀ ਪਾਤਸ਼ਾਹੀ ਦੇ ਸਮੇਂ ਵੀ ਕੀਰਤਨ ਹੁੰਦਾ ਸੀ। ਇਤਿਹਾਸ ਵਿਚ ਲਿਖਿਆ ਹੈ ਕਿ ਇਕ ਦਿਨ ਇਕ ਜੋਗੀ ਸ੍ਰੀ ਗੁਰੂ ਰਾਮ ਦਾਸ ਜੀ ਦੇ ਪਾਸ ਆਇਆ। ਸੰਗਤ ਸਾਵਧਾਨ ਹੋ ਕੇ ਕੀਰਤਨ ਸੁਣ ਰਹੀ ਸੀ। ਸਾਰਿਆਂ ਦੀ ਸੁਰਤ ਵਾਹਿਗੁਰੂ ਦੇ ਚਰਨਾਂ ਵਿਚ ਜੁੜੀ ਹੋਈ ਸੀ। ਸਹਿਜ ਯੋਗ ਦੀ ਅਵਸਥਾ ਸੀ, ਸਿੱਖ ਰਸਨਾ ਨਾਲ ਬਾਣੀ ਪੜ੍ਹਦੇ ਸਨ, ਨੇਤ੍ਰਾਂ ਨਾਲ ਸਤਿਗੁਰੂ ਦੇ ਦਰਸ਼ਨ ਕਰ ਕੇ ਗੱਦ-ਗੱਦ ਹੋ ਰਹੇ ਸਨ। ਕੰਨਾਂ ਨਾਲ ਕੀਰਤਨ ਸੁਣਦੇ ਸਨ। ਮਨ ਕਰਕੇ ਸ਼ਬਦ ਵਿਚ ਜੁੜੇ ਹੋਏ ਸਨ। ਇਹ ਵੇਖ ਕੇ ਜੋਗੀ ਨੇ ਪ੍ਰਸ਼ਨ ਕੀਤਾ—'ਮਹਾਰਾਜ! ਆਪ ਦੇ ਦਰਬਾਰ ਵਿਚ ਕੋਈ ਸਿੱਖ ਯੋਗ-ਅਭਿਆਸ ਨਹੀਂ ਕਰ ਰਿਹਾ। ਯੋਗ ਗਿਆਨ ਇੰਦ੍ਰੀਆਂ ਨੂੰ ਰੋਕ ਕੇ ਮਨ ਨੂੰ ਅਸਥਿਰ ਕਰਦਾ ਹੈ। ਇਸ ਤੋਂ ਬਿਨਾਂ ਮਨ ਨਹੀਂ ਟਿਕ ਸਕਦਾ। ਮਨ ਨਾ ਟਿਕੇ ਤਾਂ ਆਤਮਾ ਦਾ ਗਿਆਨ ਨਹੀਂ ਹੁੰਦਾ। ਗਿਆਨ ਤੋਂ ਬਿਨਾਂ ਮੁਕਤੀ ਨਹੀਂ ਮਿਲ ਸਕਦੀ। ਦੱਸੋ

ਵਿਨ੍ਹਾਂ ਸਿੱਖਾਂ ਦੀ ਕਲਿਆਣ ਕਿਵੇਂ ਹੋਵੇਗੀ ?'

ਗੁਰੂ ਜੀ ਨੇ ਜੋਗੀ ਨੂੰ ਉੱਤਰ ਦਿਤਾ—

ਹਥਿ ਕਰਿ ਤੰਤੁ ਬਜਾਵੈ ਜੋਗੀ ਥੋਥਰ ਵਾਜੈ ਬੇਨ ॥
ਗੁਰਮਤਿ ਹਰਿ ਗੁਣ ਬੋਲਹੁ ਜੋਗੀ
ਇਹੁ ਮਨੂਆ ਹਰਿ ਰੰਗਿ ਭੇਨ ॥ ੧ ॥

[ਪੰਨਾ ੩੬੮]

ਭਾਵ—ਹੇ ਜੋਗੀ, ਤੂੰ ਹਥਾਂ ਨਾਲ ਜੋ ਕਿੰਗਰੀ ਜਾਂ ਬੀਨਾ ਵਜਾਂਦਾ ਹੈਂ, ਇਹ ਥੋਥੀ ਹੈ। ਤੂੰ ਵਾਹਿਗੁਰੂ ਦੇ ਗੁਣਾਂ ਵਿਚ ਆਪਣਾ ਮਨ ਜੋੜ ਤਾਂ ਕਿ ਤੈਨੂੰ ਸੱਚਾ ਸੁੱਖ ਪ੍ਰਾਪਤ ਹੋਵੇ।

ਮਿਟ ਚੁਕੇ ਜੋਗ ਮਤ ਦੇ ਖਿਆਲਾਂ ਨੂੰ ਨਵਾਂ ਲੇਬਲ ਲਾ ਕੇ ਅਜ ਕਲ ਇਕ ਨਵੇਂ ਮਤ ਦੇ ਆਦਮੀ ਕਹਿੰਦੇ ਹਨ—'ਬਾਹਰਲੇ ਕੀਰਤਨ ਵਿਚ ਕੀ ਪਿਆ ਹੈ ? ਤ੍ਰਿਕੁਟੀ, ਦਸਮ ਦੁਆਰ ਜਾਂ ਨਿਜ-ਧਾਮ ਵਿਚ ਸੁਰਤ ਨੂੰ ਟਿਕਾਣਾ ਚਾਹੀਦਾ ਹੈ। ਇਨ੍ਹਾਂ ਥਾਵਾਂ ਉਤੇ ਮ੍ਰਿਦੰਗ, ਸਾਰੰਗੀ, ਬੰਸਰੀ, ਸੰਖ, ਬੱਦਲਾਂ ਦੀ ਘਨਘੋਰ ਦੇ ਸ਼ਬਦ ਸੁਣੀਂਦੇ ਹਨ। ਇਹ ਸੁਣਨੇ ਚਾਹੀਦੇ ਹਨ। ਇਹ ਮਨ ਦੇ ਟਿਕਾਓ ਦਾ ਇਕ ਸਾਧਨ ਹੈ।' ਇਹ ਅਭਿਆਸ ਇਸ ਲਈ ਗਲਤ ਹੈ ਕਿ ਇਸ ਨੂੰ ਜੋਗੀ ਕਰ ਕੇ ਇਸ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਏ ਸਨ। ਅਨਹਦ ਸ਼ਬਦ ਸੁਣਨ ਦੇ ਤਾਲੂ ਵਿਚ ਅੰਮ੍ਰਿਤ ਚੁਆਣ ਵਾਲੇ ਕਿੰਗਰੀ ਤੇ ਬੀਨਾ ਬਜਾਣ ਲੱਗ ਪਏ, ਮੜ੍ਹੀਆਂ ਵਿਚ ਜਾ ਬੈਠੇ, ਝੂਠੀ ਮਸਤੀ ਲਈ ਸ਼ਰਾਬ ਪੀਣ ਲੱਗ ਪਏ। ਫਰਜ਼ ਕਰੋ ਅੰਦਰ ਕੋਈ ਆਵਾਜ਼ਾਂ ਸੁਣੀਂਦੀਆਂ ਹਨ ਤਾਂ ਉਨ੍ਹਾਂ ਨੂੰ ਸੁਣਨ ਦਾ ਲਾਭ ਕੀ ? ਮ੍ਰਿਦੰਗ ਬੀਨਾ ਜਾਂ ਬੰਸਰੀ ਦੀਆਂ ਆਵਾਜ਼ਾਂ ਉਤੇ ਸੁਰਤ ਲਗਾਤਾਰ ਨਹੀਂ ਟਿਕ ਸਕਦੀ। ਸਾਜ਼ਾਂ ਦੀ ਆਵਾਜ਼ ਵਿਚ ਰਸ ਤਾਂ ਹੁੰਦਾ ਹੈ ਪਰ ਹੁੰਦਾ ਬੇਮਾਇਨੇ ਹੈ। ਜੇ ਸਰੀਰ ਨੂੰ ਕਸ਼ਟ ਦੇ ਕੇ ਅੰਦਰ ਸਾਜ਼ ਸੁਣਨੇ ਹਨ ਤਾਂ ਬਾਹਰ ਵਜਾ ਕੇ ਸੁਣੇ ਜਾ ਸਕਦੇ ਹਨ। ਗੁਰੂ ਸਾਹਿਬ ਨੇ ਕੀਰਤਨ ਦੀ ਮਰਯਾਦਾ ਇਸ ਲਈ ਕਾਇਮ ਕੀਤੀ ਕਿ ਰਾਗ ਜਾਂ ਸਾਜ਼ਾਂ ਦੀ ਸੁਰ ਨਾਲ ਮਨ ਆਕਰਖਤ ਹੋਵੇ ਫਿਰ ਬਾਣੀ ਨਾਲ ਮਿਲਾ ਕੇ ਪੜ੍ਹਨ ਨਾਲ ਅਰਥਾਂ ਤੇ ਉਚ ਭਾਵਾਂ ਦੇ

ਮਗਰ ਜਾ ਕੇ ਵਾਹਿਗੁਰੂ ਵਿਚ ਲੀਨ ਹੋਵੇ। ਇਸ ਲਈ ਹਠ-ਯੋਗ ਜਾਂ ਕਠਨ ਸਾਧਨਾ ਦੀ ਥਾਂ ਕੀਰਤਨ ਰਖਿਆ ਹੈ।

ਪੰਚਮ ਪਾਤਸ਼ਾਹ ਅਦਭੁਤ ਰਾਗੀ ਸਨ। ਆਪ ਨੇ ਬਾਣੀ ਰਾਗ ਵਿਚ ਲਿਖੀ ਹੈ। ਸੱਤਾ ਬਲਵੰਡ ਆਪ ਦੇ ਦਰਬਾਰ ਵਿਚ ਕੀਰਤਨ ਕਰਦੇ ਸਨ। ਇਕ ਦਿਨ ਇਨ੍ਹਾਂ ਘਰੋਗੀ ਖਰਚ ਲਈ ਚੜ੍ਹਤ ਦੀ ਮਾਇਆ ਮੰਗੀ, ਮਹਾਰਾਜ ਨੇ ਦੇਣੀ ਪ੍ਰਵਾਨ ਕਰ ਲਈ। ਅਚਾਨਕ ਉਸ ਦਿਨ ਮਾਇਆ ਥੋੜੀ ਚੜ੍ਹੀ। ਸੱਤਾ ਬਲਵੰਡ ਗੁੱਸੇ ਹੋ ਕੇ ਗੁਰੂ ਦਰਬਾਰ ਵਿਚ ਕੀਰਤਨ ਕਰਨ ਨਾ ਆਏ। ਪੰਚਮ ਪਾਤਸ਼ਾਹ ਆਪ ਉਨ੍ਹਾਂ ਦੇ ਘਰ ਚਲ ਕੇ ਗਏ। ਹਜ਼ੂਰ ਨੇ ਉਨ੍ਹਾਂ ਨੂੰ ਕਿਹਾ, 'ਚਲੋ ਚਲ ਕੇ ਕੀਰਤਨ ਕਰੋ।' ਪਰ ਸੱਤੇ ਬਲਵੰਡ ਨੇ ਇਕ ਨਾ ਮੰਨੀ, ਸਗੋਂ ਗੁਰੂ ਘਰ ਦੀ ਨਿੰਦਾ ਕਰਨ ਲੱਗ ਪਏ। ਪੰਚਮ ਪਾਤਸ਼ਾਹ ਵਾਪਸ ਆ ਗਏ। ਹਜ਼ੂਰ ਨੇ ਸਿੱਖਾਂ ਨੂੰ ਸਾਜ਼ ਦੇ ਕੇ ਕੀਰਤਨ ਕਰਣ ਦਾ ਹੁਕਮ ਦਿਤਾ ਅਤੇ ਸਿਰੰਦਾ ਲੈ ਕੇ ਆਪ ਕੀਰਤਨ ਕਰਨ ਲੱਗ ਪਏ।

ਅਸੀਂ ਗੁਰਬਾਣੀ ਦੇ ਪ੍ਰਕਰਣ ਵਿਚ ਰਾਗਾਂ ਸਬੰਧੀ ਬਹੁਤ ਕੁਝ ਵਰਨਣ ਕਰ ਆਏ ਹਾਂ। ਇਥੇ ਟੂਕ-ਮਾਤਰ ਕਹਿਣਾ ਚਾਹੁੰਦੇ ਹਾਂ ਕਿ ਗੁਰੂ ਜੀ ਨੇ ਮੇਘ, ਦੀਪਕ, ਹਿੰਡੋਲ ਆਦਿਕ ਜੋ ਤਿੱਖੇ ਰਾਗ ਸਨ, ਉਹ ਬਾਣੀ ਵਿਚ ਨਹੀਂ ਵਰਤੇ। ਸਾਜ਼ਾਂ ਵਿਚ ਸਾਰੰਗੀ ਨਹੀਂ ਵਰਤੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਦਰਬਾਰ ਸਾਹਿਬ ਵਿਚ ਚਾਰ ਚੌਂਕੀਆਂ ਕਾਇਮ ਕੀਤੀਆਂ। ਉਹ ਇਹ ਹਨ—(੧) ਅੰਮ੍ਰਿਤ ਵੇਲੇ ਆਸਾ ਦੀ ਵਾਰ ਦੀ, (੨) ਸਵਾ ਪਹਿਰ ਦਿਨ ਚੜ੍ਹੇ ਚਰਨ ਕੰਵਲ ਦੀ, ਇਸ ਨੂੰ ਬਿਲਾਵਲ ਦੀ ਚੌਂਕੀ ਵੀ ਕਹਿੰਦੇ ਹਨ। (੩) ਸ਼ਾਮ ਨੂੰ ਸੋਦਰ ਦੀ, (੪) ਚਾਰ ਘੜੀ ਰਾਤ ਗਏ ਕਲਿਆਣ ਦੀ ਚੌਂਕੀ। ਇਨ੍ਹਾਂ ਤੋਂ ਬਿਨਾਂ ਸ੍ਰੀ ਅੰਮ੍ਰਿਤਸਰ ਵਿਚ ਸ਼ਾਮ ਨੂੰ ਹੋਰ ਵੀ ਚੌਂਕੀਆਂ ਚੜ੍ਹਦੀਆਂ ਹਨ, ਜਿਨ੍ਹਾਂ ਵਿਚ ਪ੍ਰੇਮੀ ਸਿੰਘ ਪੁਰਾਤਨ ਰੀਤਾਂ ਨਾਲ ਪ੍ਰੇਮ ਭਰੇ ਸ਼ਬਦ ਪੜ੍ਹਦੇ ਹਨ। ਇਹ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਛੇਵੇਂ ਪਾਤਸ਼ਾਹ ਦੇ ਕਿਲ੍ਹਾ ਗਵਾਲੀਅਰ ਵਿਚ ਨਜ਼ਰਬੰਦ ਹੋਣ ਸਮੇਂ ਜਾਰੀ ਕੀਤੀਆਂ ਸਨ।

ਉਸ ਸਮੇਂ ਦੀ ਯਾਦਗਾਰ ਅਜੇ ਤੀਕ ਕਾਇਮ ਹਨ। ਅਰਦਾਸ ਵਿਚ ਵੀ ਕੀਰਤਨ ਦੀਆਂ ਚੌਂਕੀਆਂ ਨੂੰ ਯਾਦ ਕੀਤਾ ਜਾਂਦਾ ਹੈ। ਛੇਵੇਂ ਪਾਤਸ਼ਾਹ ਨੇ ਕੀਰਤਨ ਵਿਚ ਬੀਰ-ਰਸ ਪੈਦਾ ਕਰਨ ਲਈ ਢੱਡ ਸਾਰੰਗੀ ਨੂੰ ਪ੍ਰਚਲਤ ਕੀਤਾ ਹੈ।

ਸਤਵੇਂ ਪਾਤਸ਼ਾਹ ਕੀਰਤਨ ਦਾ ਕਿੰਨਾ ਸਤਿਕਾਰ ਕਰਦੇ ਸਨ, ਇਹ ਗੁਰਬਾਣੀ ਦੇ ਪ੍ਰਕਰਣ ਵਿਚ ਦੱਸ ਆਏ ਹਾਂ।

ਦਸਮ ਪਾਤਸ਼ਾਹ ਕੋਮਲ ਹੁਨਰਾਂ ਦੇ ਬੜੇ ਕਦਰ-ਦਾਨ ਸਨ। ਬੜੇ ਬੜੇ ਕਵੀ ਤੇ ਰਾਗੀ ਆਪ ਦੇ ਦਰਬਾਰ ਵਿਚ ਰਹਿੰਦੇ ਸਨ। ਇਕ ਦਿਨ ਆਨੰਦਪੁਰ ਵਿਚ ਇਕ ਸਿੰਘ ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ ਕਿ ਦੀਵਾਨ ਵਿਚ ਰਾਗੀ ਆ ਗਏ। ਉਨ੍ਹਾਂ ਨੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿਤਾ। ਪਾਠ ਕਰਨ ਵਾਲੇ ਸਿੰਘ ਨੇ ਕੁਝ ਤੰਗੀ ਮੰਨੀ। ਜਦ ਕੀਰਤਨ ਦਾ ਭੋਗ ਪੈ ਗਿਆ ਤਾਂ ਉਸ ਨੇ ਗੁਰੂ ਜੀ ਦੀ ਸੇਵਾ ਵਿਚ ਬੇਨਤੀ ਕੀਤੀ, 'ਸੱਚੇ ਪਾਤਸ਼ਾਹ! ਮੈਂ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ, ਉਤੋਂ ਰਾਗੀ ਆ ਗਏ। ਇਨ੍ਹਾਂ ਨੇ ਕੀਰਤਨ ਸ਼ੁਰੂ ਕਰ ਦਿਤਾ। ਮੇਰਾ ਪਾਠ ਬੜੀ ਮੁਸ਼ਕਲ ਨਾਲ ਪੂਰਾ ਹੋਇਆ। ਇਸ ਦੋਸ਼ ਦਾ ਰਾਗੀਆਂ ਨੂੰ ਦੰਡ ਮਿਲਣਾ ਚਾਹੀਦਾ ਹੈ।' ਇਹ ਗੱਲ ਸੁਣ ਕੇ ਕਲਗੀਧਰ ਨੇ ਬਚਨ ਕੀਤਾ—

ਤੂੰ ਸੰਗਤ ਕੋ ਦੇਤ ਚਬੀਨੀ,
ਜਿਸ ਤੇ ਤ੍ਰਿਪਤ ਹੋਇ ਹੈ ਝੀਨੀ।
ਰਾਗੀ ਆਨ ਪ੍ਰਸ਼ਾਦ ਛਕਾਯੇ,
ਬਡ ਭਾਗਨ ਕੇ ਬਹੁ ਤ੍ਰਿਪਤਾਯੇ।
ਇਨ ਪਰ ਗੁਰ ਕੀ ਖੁਸ਼ੀ ਉਦਾਰਾ,
ਕਲਜੁਗ ਕੀਰਤਨ ਨਾਮ ਅਧਾਰਾ।

[ਸੂਰਜ ਪ੍ਰਕਾਸ਼, ਰੁਤ ੩—੩੪]

ਦਸਮ ਪਾਤਸ਼ਾਹ ਨੇ ਆਪਣੀ ਬਾਣੀ ਰਾਮਕਲੀ, ਦੇਵਗੰਧਾਰੀ ਆਦਿਕ ਰਾਗਾਂ ਵਿਚ ਉਚਾਰਣ ਕੀਤੀ ਹੈ। ਰਿਆਸਤ ਮੰਡੀ ਵਿਚ ਦਸਮ

ਪਾਤਸ਼ਾਹ ਦਾ ਇਕ ਬਹੁਤ ਭਾਰੀ ਰਬਾਬ ਪਿਆ ਹੈ। ਅਨੰਦਪੁਰ ਦੇ ਮਹਾਨ ਜੰਗ ਦੇ ਸਮੇਂ ਦਸ ਲੱਖ ਦੁਸ਼ਮਣਾਂ ਵਿਚ ਘਿਰੇ ਹੋਏ ਕਲਗੀਧਰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਰਹੇ।

ਕਈ ਸਿਆਣਿਆਂ ਦਾ ਖਿਆਲ ਹੈ ਕਿ ਤਲਵਾਰ ਅਤੇ ਨੇਜ਼ੇ ਤੋਂ ਕੌਮ ਦੀ ਕਿਸਮਤ ਬਣਦੀ ਹੈ ਅਤੇ ਸਾਜ਼ਾਂ ਉਤੇ ਮੁੱਕ ਜਾਂਦੀ ਹੈ। ਸਿੱਖ ਧਰਮ ਨੇ ਮਨ ਨੂੰ ਪਵਿੱਤ੍ਰ ਕਰਨ ਲਈ ਕੀਰਤਨ, ਦੀਨ ਰਖਿਆ ਤੇ ਆਜ਼ਾਦੀ ਲਈ ਤਲਵਾਰ ਫੜਾ ਕੇ ਇਸ ਨੂੰ ਸੰਪੂਰਨ ਕੀਤਾ ਹੈ।

ਇਸ ਵਕਤ ਪੱਛਮੀ ਪ੍ਰਭਾਵ ਤੇ ਸਿਨਮਿਆਂ ਦੇ ਕਾਰਨ ਕੀਰਤਨ ਦੀ ਮਰਯ ਦਾ ਵਿਗੜ ਰਹੀ ਹੈ। ਤਰਜ਼ਾਂ ਵਿਚ ਚਟਕ-ਮਟਕ ਤੇ ਹੁੰਦੀ ਹੈ, ਨਿੱਗਰਤਾ ਨਹੀਂ ਹੁੰਦੀ। ਕੀਰਤਨ ਦੀਆਂ ਪੁਰਾਤਨ ਰਹੁ-ਰੀਤਾਂ ਤੇ ਮਰਯਾਦਾ ਕਾਇਮ ਰਖਣ ਲਈ ਇਕ ਟਕਸਾਲ ਦੀ ਲੋੜ ਹੈ।

ਗੁਰੂ ਜੀ ਨੇ ਰਾਗ ਸਬੰਧੀ ਇਕ ਰਾਇ ਪ੍ਰਗਟ ਕੀਤੀ ਹੈ—

ਸਭਨਾਂ ਰਾਗਾਂ ਵਿਚ ਸੋ ਭਲਾ ਭਾਈ
ਜਿਤੁ ਵਸਿਆ ਮਨ ਆਇ ॥
ਰਾਗ ਨਾਦ ਸਭ ਸਚ ਹੈ
ਕੀਮਤਿ ਕਹੀ ਨ ਜਾਇ ॥

[ਮਹਲਾ ੪]

ਕੀਰਤਨ ਲਈ ਰਾਗ ਨੂੰ ਪ੍ਰਵਾਨ ਕੀਤਾ ਹੈ, ਪਰ ਰਾਗ ਦਾ ਦੂਜਾ ਅੰਗ ਨਿਰਤ ਨਹੀਂ ਕਬੂਲ ਕੀਤਾ। ਨਿਰਤ ਦਾ ਮਤਲਬ ਹੈ ਗਾਉਣ, ਲੈਅ ਤਾਲ ਦੇ ਨਾਲ ਸਰੀਰਕ ਅੰਗਾਂ ਦੀ ਹਰਕਤ, ਇਹ ਕੇਵਲ ਕਲਾ ਹੈ। ਸਿੱਖ ਸੰਗਤ ਵਿਚ ਰਾਗ ਦਵਾਰਾ ਕੀਰਤਨ ਦੀ ਮਰਯਾਦਾ ਕਾਇਮ ਕੀਤੀ ਹੈ, ਪਰ ਨਿਰੰਕਾਰੀ ਨੂੰ ਪ੍ਰਚਲਤ ਨਹੀਂ ਕੀਤਾ।

o

੧੩.

ਅਰਦਾਸ

ਅਰਦਾ ਕੀ ਹੈ ? ਮਨੁੱਖੀ ਆਤਮਾ ਦਾ ਆਪਣੇ ਸੋਮੇ ਪ੍ਰਮਾਤਮਾ ਵਲ ਰੁਖ ਕਰਨਾ। ਅਸੀਂ ਉਸ ਦੀ ਅੰਸ਼ ਹਾਂ, ਇਸ ਲਈ ਉਸ ਨਾਲ ਮਿਲਣ ਦੀ ਤੜਪ ਰਖਦੇ ਹਾਂ, ਅੰਦਰਲੀ ਉਮੰਗ ਦਾ ਨਾਂ ਅਰਦਾਸ ਹੈ। ਮਨੁੱਖ ਸੁਭਾਵਕ ਤੌਰ ਤੇ ਕਮਜ਼ੋਰ ਹੈ। ਇਸ ਸੰਸਾਰ ਵਿਚ ਘਟਨਾਵਾਂ ਦੀ ਹਨੇਰੀ ਚਲਦੀ ਹੈ। ਉਸ ਵਿਚ ਮਨੁੱਖ ਦੇ ਮਨ ਦਾ ਦ੍ਰਿੜ੍ਹ ਰਹਿਣਾ ਕਠਨ ਹੈ। ਉਹ ਕਈ ਵੇਰ ਡੋਲ ਜਾਂਦਾ ਹੈ। ਉਸ ਨੂੰ ਕਿਸੇ ਉਚੀ ਟੇਕ ਦੀ ਲੋੜ ਹੁੰਦੀ ਹੈ। ਸਰਬ ਸ਼ਕਤੀਮਾਨ ਨਾਲ ਜੁੜਨ ਦੀ ਲੋੜ ਪ੍ਰਤੀਤ ਹੁੰਦੀ ਹੈ, ਜੋ ਮਨੁੱਖ ਨਾਲੋਂ ਵਧੇਰੇ ਸਾਧਨਾਂ ਦਾ ਮਾਲਕ ਹੋਵੇ। ਉਹ ਵਾਹਿਗੁਰੂ ਹੈ, ਉਸ ਪਰ ਭਰੋਸਾ ਕਰਨਾ ਮਨੁੱਖ ਨੂੰ ਬਹੁਤ ਸਾਰੀਆ ਪ੍ਰੇਸ਼ਾਨੀਆ ਤੋਂ ਬਚਾ ਦਿੰਦਾ ਹੈ। ਇਸ ਲਈ ਸਾਰੇ ਆਸਤਕ ਮਤ ਅਰਦਾਸ ਉਤੇ ਸਹਿਮਤ ਹਨ। ਅਰਦਾਸ ਨਾਲ ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ। ਆਦਮੀ ਮਹਿਸੂਸ ਕਰਦਾ ਹੈ ਕਿ ਉਹ ਆਪਣੇ ਤੋਂ ਵੱਡੀ ਕਿਸੇ ਸ਼ਕਤੀ ਨਾਲ ਜੁੜਿਆ ਹੈ।

ਅਰਦਾਸ ਫ਼ਾਰਸੀ ਦੇ ਸ਼ਬਦ 'ਅਰਜ਼ ਦਾਸ਼ਤ' ਤੋਂ ਬਣਿਆ ਹੈ। ਅਰਜ਼—ਬੇਨਤੀ, ਦਾਸ਼ਤ—ਰਖਣਾ, ਭਾਵ ਬੇਨਤੀ ਕਰਨੀ। ਸ. ਕਪੂਰ ਸਿੰਘ ਨੇ ਲਿਖਿਆ ਹੈ ਕਿ ਅਰਦਾਸ ਸੰਸਕ੍ਰਿਤ ਦੇ ਸ਼ਬਦ 'ਅਰਦ-ਆਸ' ਤੋਂ ਬਣਿਆ ਹੈ। ਜਿਸ ਦੇ ਅਰਥ ਹਨ—ਮਨੋਕਾਮਨਾ।

ਜਦ ਅਸੀਂ ਅੰਦਰਲੇ ਗਿਆਨ ਤੇ ਰੱਬ ਦੇ ਵਿਸ਼ਵਾਸ ਨਾਲ ਭਰ ਜਾਂਦੇ ਹਾਂ, ਉਸ ਵਕਤ ਮਨ ਦੀ ਇਕ ਖਾਸ ਹਾਲਤ ਹੁੰਦੀ ਹੈ। ਉਸ ਨੂੰ ਪ੍ਰਗਟ ਕਰਨ ਲਈ ਜੋ ਸ਼ਬਦ ਅਸੀਂ ਵਰਤਦੇ ਹਾਂ, ਉਨ੍ਹਾਂ ਨੂੰ ਅਰਦਾਸ ਕਹਿੰਦੇ ਹਨ। ਭਾਵੇਂ ਉਨ੍ਹਾਂ ਸ਼ਬਦਾਂ ਨੂੰ ਅਸੀਂ ਜ਼ਬਾਨ ਦਵਾਰਾ ਪ੍ਰਗਟ

ਕਰੀਏ ਜਾਂ ਮਨ ਰਾਹੀਂ ਚੁੱਪ ਦੇ ਰੂਪ ਵਿਚ।

ਸਿੱਖ ਧਰਮ ਕੇਵਲ ਤਸੱਵਰ ਨਾਲ ਹੀ ਤਸੱਲੀ ਨਹੀਂ ਦਿੰਦਾ, ਬਲਕਿ ਵਾਹਿਗੁਰੂ ਨਾਲ ਨੇੜੇ ਦਾ ਸਬੰਧ ਕਾਇਮ ਕਰਦਾ ਹੈ। ਜਿਨ੍ਹਾਂ ਢੰਗਾਂ ਨਾਲ ਇਹ ਸਬੰਧ ਕਾਇਮ ਹੁੰਦਾ ਹੈ, ਉਨ੍ਹਾਂ ਵਿਚੋਂ ਇਕ ਅਰਦਾਸ ਹੈ। ਇਹ ਆਤਮਿਕ ਪ੍ਰਕਾਸ਼ ਤੇ ਜਗਾਵਾ ਦੇਣ ਵਾਲੀ ਚੀਜ਼ ਹੈ। ਦ੍ਰਿਸ਼ਟ-ਮਾਨ ਜਗਤ ਸਾਡੇ ਲਈ ਉਤਨੀ ਹੀ ਹਕੀਕਤ ਰਖਦਾ ਹੈ, ਜਿਤਨਾ ਉਸ ਦਾ ਗਿਆਨ ਅਸੀਂ ਇੰਦ੍ਰੀਆਂ ਰਾਹੀਂ ਪ੍ਰਾਪਤ ਕਰਕੇ ਮਾਨਸਕ ਤੌਰ ਤੇ ਉਨਤੀ ਜਾਂ ਬੁੱਧੀ ਦਾ ਵਿਕਾਸ ਕਰਦੇ ਹਾਂ। ਜਿਸ ਤਰ੍ਹਾਂ ਬਾਹਰਲੀ ਸੁੰਦਰਤਾ ਦੀ ਪਰਖ ਲਈ ਮਾਨਸਿਕ ਵਿਕਾਸ ਦੀ ਲੋੜ ਹੈ, ਇਸੇ ਤਰ੍ਹਾਂ ਆਤਮਕ ਪ੍ਰਕਾਸ਼ ਲਈ ਮਨ ਦਾ ਪਵਿੱਤ੍ਰ ਤੇ ਨਿਰਮਲ ਹੋਣਾ ਜ਼ਰੂਰੀ ਹੈ। ਅਰਦਾਸ ਮਨ ਨੂੰ ਪਵਿੱਤ੍ਰ ਤੇ ਨਿਰਮਲ ਕਰਦੀ ਹੈ। ਇਹ ਇਕ ਅੰਦਰਲਾ ਅਹਿਸਾਸ ਹੈ।

ਇਕ ਪੱਛਮੀ ਦਾਰਸ਼ਨਿਕ ਹਾਰਨ ਦਾ ਕਥਨ ਹੈ—

Prayer is voice of faith.

ਭਾਵ—ਪ੍ਰਾਰਥਨਾ ਨਿਸਚੇ ਦੀ ਆਵਾਜ਼ ਹੈ।

ਅਰਦਾਸ ਵਿਚ ਰੱਬ ਦੀ ਰਜ਼ਾ, ਉਸ ਦੀ ਬਖਸ਼ਸ਼ ਕਰਮ ਤੇ ਤ੍ਰਿਸ਼ਨਾ ਮੰਗੀਦਾ ਹੈ। ਸਿੱਖ ਧਰਮ ਵਿਚ ਅਰਦਾਸ ਦੀ ਬੜੀ ਮਹਾਨਤਾ ਹੈ। ਹਰ ਕਾਰਜ ਦੇ ਆਰੰਭ ਵਿਚ ਜਾਂ ਸੰਪੂਰਣਤਾ ਪਰ ਧੰਨਵਾਦ ਦੇ ਤੌਰ ਤੇ ਕਰੀਦੀ ਹੈ। ਅਰਦਾਸ ਕਿਸੇ ਦੇ ਬੁਰੇ ਲਈ ਨਹੀਂ ਬਲਕਿ ਭਲੇ ਲਈ ਕੀਤੀ ਜਾਂਦੀ ਹੈ। ਏਮਰਸਨ ਨੇ ਕਿਹਾ ਹੈ—

God enters by a private door into every individual.

ਭਾਵ—ਵਾਹਿਗੁਰੂ ਹਰੇਕ ਹਿਰਦੇ ਵਿਚ ਦਾਖਲ ਹੁੰਦਾ ਹੈ ਪਰ ਇਕ ਖਾਸ ਰਸਤੇ ਥਾਣੀ। ਉਹ ਰਸਤਾ ਅਰਦਾਸ ਹੈ। ਅਰਦਾਸ ਸਬੰਧੀ ਕੁਝ ਇਤਰਾਜ਼ ਕੀਤੇ ਜਾਂਦੇ ਹਨ—

(੧) ਜਦ ਵਾਹਿਗੁਰੂ ਅੰਤਰਜਾਮੀ ਹੈ, ਸਾਡੇ ਦਿਲਾਂ ਦੀ ਜਾਣਦਾ ਹੈ, ਫਿਰ ਉਸ ਨੂੰ ਕੁਝ ਕਹਿਣ ਦੀ ਕੀ ਲੋੜ ਹੈ ?

(੨) ਜਦ ਵਾਹਿਗੁਰੂ ਨੇ ਸਾਡੇ ਕਰਮ ਪਹਿਲੇ ਹੀ ਬਣਾ ਦਿਤੇ ਹਨ ਤੇ ਉਹ ਬਦਲ ਨਹੀਂ ਸਕਦੇ, ਉਸ ਹਾਲਤ ਵਿਚ ਅਰਦਾਸ ਦੀ ਕੀ ਲੋੜ ਹੈ ?

ਇਨ੍ਹਾਂ ਇਤਰਾਜ਼ਾਂ ਦਾ ਉੱਤਰ ਇਹ ਹੈ ਕਿ ਇਹ ਠੀਕ ਹੈ ਵਾਹਿਗੁਰੂ ਅੰਤਰਜਾਮੀ ਹੈ, ਉਹ ਸਾਡੇ ਦਿਲਾਂ ਦੀਆਂ ਜਾਣਦਾ ਹੈ, ਪਰ ਅਸੀਂ ਉਸ ਤੇ ਨਿਸਚਾ ਰਖਦੇ ਹਾਂ। ਸਾਨੂੰ ਪਤਾ ਨਹੀਂ ਕਿ ਉਸ ਨੇ ਕੀ ਕਰਨਾ ਹੈ। ਅਸੀਂ ਉਸ ਦੀ ਕ੍ਰਿਪਾ ਤੇ ਬਖਸ਼ਸ਼ ਦੀ ਮੰਗ ਕਰਦੇ ਹਾਂ। ਭਲਾ ਹੈ ਕਿ ਬੁਰਾ, ਇਸ ਨੂੰ ਉਹ ਜਾਣਦਾ ਹੈ। ਬਾਕੀ ਰਿਹਾ ਕਰਮਾਂ ਦਾ ਮਸਲਾ, ਇਹ ਕਰਮ ਫ਼ਿਲਾਸਫ਼ੀ ਦਾ ਮਤ ਹੈ। ਸਿੱਖ ਧਰਮ ਵਾਹਿਗੁਰੂ ਦੀ ਬਖਸ਼ਸ਼ ਤੇ ਭਰੋਸਾ ਰਖਦਾ ਹੈ, ਨਿਰਾ ਆਪਣੇ ਕਰਮਾਂ ਉਤੇ ਵਿਸ਼ਵਾਸ ਨਹੀਂ ਕਰਦਾ। ਅਸੀਂ ਮਨੁੱਖ ਹਾਂ, ਅਲਪੱਗ ਜੀਵ ਤੇ ਨਿਰਬਲ ਹਾਂ। ਸ੍ਰੀ ਵਾਹਿਗੁਰੂ ਸਰਬ ਸ਼ਕਤੀਮਾਨ ਤੇ ਸਰਬੱਗ ਹੈ। ਉਹ ਸਾਡੇ ਕਰਮਾਂ ਨੂੰ ਬਦਲ ਸਕਦਾ ਹੈ। ਇਸ ਲਈ ਅਰਦਾਸ ਕਰਦੇ ਹਾਂ। ਜੇ ਅਸੀਂ ਮਨੁੱਖ ਨਾ ਹੁੰਦੇ, ਰੱਬ ਹੁੰਦੇ ਤਾਂ ਅਰਦਾਸ ਨਾ ਕਰਦੇ। ਅਰਦਾਸ ਭੀ ਇਕ ਕਰਮ ਹੈ, ਜਿਸ ਦਾ ਫਲ ਮਿਲਦਾ ਹੈ।

ਭਾਵ—ਅਰਦਾਸ ਨਿਸਚੇ ਦੀ ਆਵਾਜ਼ ਜਾਂ ਕਹੇ ਹੋਏ ਸ਼ਬਦ ਹੁੰਦੇ ਹਨ।

ਅਰਦਾਸ ਸਬੰਧੀ ਇਕ ਭੁਲੇਖਾ ਹੋਰ ਵੀ ਪਾਇਆ ਜਾਂਦਾ ਹੈ। ਉਹ ਇਹ ਹੈ ਕਿ ਕਈ ਆਦਮੀ ਬੱਚਿਆਂ ਵਾਂਗ ਭਾਵਨਾ ਰਖ ਕੇ ਅਰਦਾਸ ਕਰਦੇ ਹਨ। ਉਹ ਕਹਿੰਦੇ ਹਨ—'ਹੇ ਵਾਹਿਗੁਰੂ ! ਸਾਨੂੰ ਧਨ ਪਦਾਰਥ, ਧੀਆਂ ਪੁੱਤਰ, ਕੰਮ-ਕਾਜ, ਐਸ਼ਵਰਯ ਦੇ; ਦੁੱਖਾਂ ਤੋਂ ਬਚਾਈਂ।' ਜੇ ਇਹ ਵਸਤਾਂ ਨਾ ਪ੍ਰਾਪਤ ਹੋਣ ਤਾਂ ਉਹ ਰੱਬ ਦੀ ਹੋਂਦ ਤੋਂ ਇਨਕਾਰੀ ਹੋ ਜਾਂਦੇ ਹਨ ਜਾਂ ਅਰਦਾਸ ਨੂੰ ਮਿਥਿਆ ਮੰਨਦੇ ਹਨ। ਇਹ ਮਨੌਤ ਬੱਚਿਆਂ ਵਾਲੀ

ਹੈ, ਠੀਕ ਨਹੀਂ । ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਰੀਆਂ ਵਸਤਾਂ ਦੇਣ ਵਾਲਾ ਪ੍ਰਮਾਤਮਾ ਹੀ ਹੈ । ਅਸੀਂ ਉਸ ਤੋਂ ਹੀ ਮੰਗਣੀਆਂ ਹਨ । ਪਰ ਉਸ ਦੀ ਹੋਂਦ ਸਿਰਫ ਮੰਗਾਂ ਪੂਰੀਆਂ ਹੋਣ ਪਰ ਹੀ ਤੇ ਨਹੀਂ ਮੰਨਣੀ ? ਜੇਕਰ ਕੋਈ ਬੱਚਾ ਆਖੇ ਕਿ ਮੇਰੇ ਮਾਂ-ਪਿਓ ਤਦ ਹੀ ਹਨ ਜੇ ਮੈਨੂੰ ਚੰਗੇ ਕੱਪੜੇ, ਮਠਿਆਈਆਂ ਤੇ ਖਿਡੌਣੇ ਦੇਈ ਜਾਣ ਤਾਂ ਇਹ ਗੱਲ ਗਲਤ ਹੋਵੇਗੀ । ਉਹ ਪਦਾਰਥ ਦੇਣ ਤਦ ਵੀ ਮਾਤਾ-ਪਿਤਾ ਹਨ । ਜੇ ਕਿਸੇ ਗੱਲ ਵਿਚ ਬੱਚੇ ਦੀ ਬੇਹਤਰੀ ਸਮਝ ਕੇ ਕੋਈ ਚੀਜ ਨਾ ਦੇਣ ਤਾਂ ਵੀ ਉਨ੍ਹਾਂ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾਂਦਾ । ਬੱਚੇ ਦੀ ਨਿਸਬਤ ਮਾਂ-ਬਾਪ ਵਧੇਰੇ ਜਾਣਦੇ ਹਨ । ਸਿੱਖ ਧਰਮ ਦਾ ਨਿਸਚਾ ਹੈ ਕਿ ਵਾਹਿਗੁਰੂ ਸਾਡਾ ਪਿਤਾ ਹੈ, ਉਹ ਸਾਡੇ ਉਤੇ ਸਦਾ ਬਖਸ਼ਸ਼ ਕਰਦਾ ਹੈ । ਦੁਖ ਅਤੇ ਸੁਖ ਸਾਡੀ ਭਲਾਈ ਲਈ ਹੀ ਦਿੰਦਾ ਹੈ ।

ਕੇਤਿਆ ਦੂਖ ਭੂਖ ਸਦ ਮਾਰ ॥
ਏਹਿ ਭਿ ਦਾਤਿ ਤੇਰੀ ਦਾਤਾਰ ॥

ਸਿੱਖਾਂ ਦਾ ਵਿਸ਼ਵਾਸ ਹੈ ਕਿ ਅਰਦਾਸ ਕਰਨੀ ਮਨੁੱਖ ਦਾ ਫਰਜ਼ ਹੈ, ਉਸ ਨੂੰ ਪੂਰਾ ਕਰਨਾ ਵਾਹਿਗੁਰੂ ਦੀ ਮਰਜ਼ੀ ਹੈ ।

(੧) **ਆਪੇ ਜਾਣੈ ਕਰੇ ਆਪਿ, ਆਪੇ ਆਣੈ ਰਾਸਿ ॥**
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ ॥੧॥

[ਪੰਨਾ ੧੦੯੩]

(੨) **ਮੈ ਤਾਣੁ ਦੀਬਾਣੁ ਤੂ ਹੈ ਮੇਰੇ ਸੁਆਮੀ,**
ਮੈ ਤੁਧੁ ਆਗੈ ਅਰਦਾਸਿ ॥
ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ,
ਮੇਰਾ ਦੁਖੁ ਸੁਖੁ ਤੁਝ ਹੀ ਪਾਸਿ ॥੨॥

[ਪੰਨਾ ੭੩੫]

ਈਸਾ ਨੇ ਕਿਹਾ ਹੈ—'ਜੋ ਮੰਗੇਗਾ ਸੋ ਪਾਏਗਾ ।'

ਗੁਰੂ ਜੀ ਨੇ ਦੱਸਿਆ ਹੈ ਕਿ ਵਾਹਿਗੁਰੂ 'ਅਣਮੰਗਿਆ ਦਾਨ ਦੇਵਣਾ' ਹੈ ।

(ੜ) ਮਨੁੱਖੀ ਜੀਵਨ ਵਿਚ ਤਿੰਨ ਕਿਸਮ ਦੇ ਦੁੱਖ ਆਉਂਦੇ ਹਨ—ਸਰੀਰਕ, ਮਾਨਸਕ, ਦੈਵੀ ਜਾਂ ਗੈਬੀ ਮੁਸੀਬਤਾਂ।

ਸਿਖ ਧਰਮ ਦਾ ਨਿਸਚਾ ਹੈ। ਕਿ ਸੁਧ ਮਨ ਹੋ ਕੇ ਕੀਤੀ ਹੋਈ ਅਰਦਾਸ ਪ੍ਰਵਾਨ ਹੁੰਦੀ ਹੈ। ਆਪਣੀਆਂ ਕਮਜੋਰੀਆਂ ਨੂੰ ਅਨੁਭਵ ਕਰਨਾ ਵਾਹਿਗੁਰੂ ਦੇ ਭਰੋਸੇ ਤੇ ਵਿਸ਼ਵਾਸ਼ ਨਾਲ ਭਰ ਜਾਣ, ਮਨ ਨੂੰ ਸੁਰਜੀਤ ਕਰਨ ਅਤੇ ਆਤਮਾ ਦੀ ਸੱਚੀ ਕਾਮਨਾ ਦਾ ਨਾਂ ਅਰਦਾਸ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਤਲਵੰਡੀ ਤੋਂ ਸੁਲਤਾਨਪੁਰ ਨੂੰ ਜਾਣ ਲਈ ਤਿਆਰ ਹੋਏ ਤਦ ਰਾਇ ਬੁਲਾਰ ਨੂੰ ਵਿਸਦਾ ਪਤਾ ਲੱਗਾ। ਉਸ ਨੇ ਗੁਰੂ ਜੀ ਦਾ ਪ੍ਰੀਤੀ ਭੋਜਨ ਕੀਤਾ। ਬਚਨ ਕਰਦਿਆਂ ਰਾਇ ਬੁਲਾਰ ਨੇ ਪੁਛਿਆ, ਸ੍ਰੀ ਨਾਨਕ ਜੀ, ਤੁਸੀਂ ਹੁਣ ਸੁਲਤਾਨ ਪੁਰ ਜਾ ਰਹੇ ਹੋ, ਪਤਾ ਨਹੀਂ ਕਦੋਂ ਦਰਸ਼ਨ ਹੋਣ ਇਸ ਲਈ ਕੋਈ ਉਪਦੇਸ਼ ਕਰ ਜਾਉ।'

ਗੁਰੂ ਜੀ ਨੇ ਰਾਇ ਬੁਲਾਰ ਦਾ ਪ੍ਰੇਮ ਵੇਖਕੇ ਉਤਰ ਦਿਤਾ—''ਰਾਇ ਜੀ! ਸਾਡੀ ਸਿਖਿਆ ਇਹੀ ਜੇ ਕਿ ਜਦ ਤੁਹਾਡਾ ਆਪਣਾ ਬਲ ਕੰਮ ਨਾ ਕਰੇ ਤਾਂ ਦੋਵੇਂ ਹੱਥ ਜੋੜ ਕੇ ਵਾਹਿਗੁਰੂ ਦੀ ਚਰਨੀਂ ਪੈ ਜਾਣਾ ਤੇ ਅਰਦਾਸ ਕਰਨੀ।''

ਤੀਸਰੀ ਪਾਤਸ਼ਾਹੀ ਦੇ ਜੀਵਨ ਵਿਚ ਸਾਖੀ ਆਉਂਦੀ ਹੈ ਕਿ ਦਿਨ ਇਕ ਗੁਰਦੇਵ ਗੋਇੰਦਵਾਲ ਵਿਚ ਅੰਮ੍ਰਿਤ ਵੇਲੇ ਨਾਮ ਸਿਮਰਨ ਵਿਚ ਬੈਠੇ ਹੋਏ ਸਨ ਕਿ ਅਚਾਨਕ ਕਿਸੇ ਮਾਈ ਦੇ ਘਰੋਂ ਰੋਣ ਦੀ ਆਵਾਜ ਕੰਨੀਂ ਪਈ। ਆਪ ਨੇ ਹਜ਼ੂਰੀ ਸਿਖ ਭਾਈ ਬਲੂ ਨੂੰ ਪੁਛਿਆ—'ਕਿਉਂ ਭਾਈ! ਅੰਮ੍ਰਿਤ ਵੇਲੇ ਕੌਣ ਰੋ ਰਿਹਾ ਹੈ?'

ਭਾਈ ਬਲੂ ਨੇ ਕਿਹਾ—'ਸਚੇ ਪਾਤਸ਼ਾਹ! ਇਕ ਬੁਢੀ ਮਾਈ ਦ ਇਕ-ਲੌਤਾ ਪੁਤਰ ਮਰ ਗਿਆ ਹੈ। ਉਹ ਵਿਚਾਰੀ ਪਈ ਰੋਂਦਾ ਕੁਰਲਾਂਦੀ ਹੈ।'

ਗੁਰੂ ਜੀ ਨੇ ਕਿਹਾ—'ਭਾਈ ਬਲੂ ਵਾਹਿਗੁਰੂ ਦਾ ਭਾਣਾ ਅਮਿੱਟੀ ਹੈ। ਉਸ ਨੂੰ ਕੋਈ ਟਾਲ ਨਹੀਂ ਸਕਦਾ। ਪਰ ਜੇ ਗੋਇੰਦਵਾਲ ਵਿਚ ਇਸ

ਤਰ੍ਹਾਂ ਬਿਰਧ ਮਾਈਆਂ ਦੇ ਬੱਚੇ ਮਰਨ ਲੱਗੇ ਤਾਂ ਉਨ੍ਹਾਂ ਦੇ ਰੁਦਨ ਨਾਲ ਰੋਜ਼ ਸਾਡੀ ਸਮਾਧੀ ਖੁਲ੍ਹੇਗੀ। ਅਜ ਤੋਂ ਅਸੀਂ ਅਰਦਾਸ ਕਰਦੇ ਹਾਂ—'ਹੇ ਸਰਬ ਸ਼ਕਤੀਮਾਨ ਜਗਤ ਅਧਾਰ ਪਰਮ ਪਿਤਾ! ਜਦ ਤੀਕ ਸਾਡਾ ਜੀਵਨ ਹੈ, ਗੋਇੰਦਵਾਲ ਵਿਚ ਕਿਸੇ ਮਾਂ ਦਾ ਪੁਤਰ ਨਾ ਮਰੇ। ਨਾ ਕੋਈ ਮਾਂ ਰੋਵੇ ਤੇ ਨਾ ਸਾਡੀ ਸਮਾਧੀ ਖੁਲ੍ਹੇ।'

ਪੰਚਮ ਪਾਤਸ਼ਾਹ ਨੂੰ ਗ੍ਰਿਫਤਾਰ ਕਰਨ ਲਈ ਜਦ ਦਿੱਲੀ ਤੋਂ ਸੁਲਹੀ ਖਾਂ ਚੜ੍ਹ ਕੇ ਆਇਆ, ਉਸ ਵਕਤ ਗੁਰੂ ਜੀ ਨੇ ਵੀ ਅਰਦਾਸ ਕੀਤੀ।

ਗੁਰੂ ਸਾਹਿਬ ਕਹਿੰਦੇ ਹਨ—

ਤੀਨੇ ਤਾਪ ਨਿਵਾਰਣਹਾਰਾ, ਦੁਖ ਹੰਤਾ ਸੁਖ ਰਾਸਿ।
ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ।

(ਟੋਡੀ ਮ: ੫)

ਮੁਹੱਸਨ ਫ਼ਾਨੀ ਲਿਖਦਾ ਹੈ ਕਿ ਜਦ ਕਿਸੇ ਸਿਖ ਨੂੰ ਕਿਸੇ ਗੱਲ ਦੀ ਲੋੜ ਹੁੰਦੀ ਸੀ ਤਾਂ ਉਹ ਗੁਰੂ ਕੇ ਦਰਬਾਰ ਵਿਚ ਹਾਜ਼ਰ ਹੋ ਕੇ ਸਿਖ ਸੰਗਤ ਪਾਸੋਂ ਅਰਦਾਸ ਕਰਾਉਂਦਾ ਸੀ। ਸਿਖਾਂ ਵਿਚ ਇਹ ਰਿਵਾਜ ਵੀ ਸੀ ਕਿ ਆਪਣੀ ਅਰਦਾਸ ਕਿਸੇ ਬਜ਼ੁਰਗ ਤੋਂ ਕਰਵਾਉਂਦੇ ਸਨ।

ਦਸਮ ਪਾਤਸ਼ਾਹ ਤਕ ਇਹੀ ਮਰਯਾਦਾ ਕਾਇਮ ਰਹੀ। ਜਦ ਬਾਬਾ ਬੰਦਾ ਬਹਾਦਰ ਨੇ ਪੰਜਾਬ ਵਲ ਚੜ੍ਹਾਈ ਕੀਤੀ ਤਾਂ ਮਹਾਰਾਜ ਨੇ ਉਸ ਨੂੰ ਹੁਕਮ ਕੀਤਾ—'ਜਦ ਕੋਈ ਭੀੜ ਬਣੇ, ਪੰਜਾਂ ਸਿੰਘਾਂ ਨੂੰ ਨਾਲ ਲੈ ਕੇ ਅਰਦਾਸ ਕਰਨੀ।'

ਸਿਖੀ ਵਿਚ ਜਨਮ, ਵਿਵਾਹ, ਮ੍ਰਿਤਕ, ਸਫਰ ਅਤੇ ਕਿਸੇ ਜੰਗ ਵਿਚ ਚੜ੍ਹਾਈ ਸਮੇਂ ਅਰਦਾਸ ਕਰਨੀ ਮੁਖ ਮੰਨੀ ਗਈ ਹੈ। ਮਿਸਲਾਂ ਦੇ ਇਤਿਹਾਸ ਵਿਚ ਆਉਂਦਾ ਹੈ ਕਿ ਸ: ਜੱਸਾ ਸਿੰਘ ਰਾਮਗੜ੍ਹੀਆ ਦੀ ਆਹਲੂਵਾਲੀਆ ਮਿਸਲ ਨਾਲ ਕੁਝ ਵਿਗੜ ਗਈ। ਉਹ ਪੰਜਾਬ ਛੱਡ ਕੇ ਬਾਂਗਰ ਵਲ ਚਲੇ ਗਏ। ਪ੍ਰਦੇਸ ਵਿਚ ਉਨ੍ਹਾਂ ਨੂੰ ਬਹੁਤ ਤੰਗੀ ਆ ਗਈ। ਜਿਸ ਪਰ ਸਰਦਾਰ ਜੀ ਨੇ ਅਰਦਾਸ ਕੀਤੀ। ਖੂਹ ਵਿਚੋਂ ਪਾਣੀ ਕਢਣ

ਲਗੇ ਕਿ ਵਿਚੋਂ ਮੋਹਰਾਂ ਮਿਲ ਗਈਆਂ, ਤੰਗੀ ਦੂਰ ਹੋ ਗਈ । ਬਾਬਾ ਦੀਪ ਸਿੰਘ ਜੀ ਨੇ ਅੰਮ੍ਰਿਤਸਰ ਦੀ ਪਵਿਤ੍ਰਤਾ ਕਾਇਮ ਰਖਣ ਲਈ ਅਰਦਾਸ ਕੀਤੀ ਸੀਸ ਦੇ ਕੇ ਨਿਬਾਹ ਦਿਤੀ । ਨੁਸ਼ਹਿਰੇ ਦੀ ਜੰਗ ਲਈ ਜਦ ਮਹਾਰਾਜਾ ਰਣਜੀਤ ਸਿੰਘ ਜੀ ਨੇ ਚੜ੍ਹਾਈ ਕੀਤੀ, ਅਗਲੇ ਦਸਤੇ ਦੀ ਕਮਾਨ ਅਕਾਲੀ ਫੂਲਾ ਸਿੰਘ ਜੀ ਕਰ ਰਹੇ ਸਨ । ਸ਼ੇਰੇ ਪੰਜਾਬ ਨੂੰ ਪਤਾ ਲੱਗਾ ਕਿ ਪਠਾਣੀ ਦਲ ਬਹੁਤ ਹੈ, ਉਸ ਨੇ ਹਮਲਾ ਮੁਲਤਵੀ ਕਰਨਾ ਚਾਹਿਆ । ਅਕਾਲੀ ਫੂਲਾ ਸਿੰਘ ਜੀ ਅਰਦਾਸ ਸੋਧ ਚੁਕੇ ਸਨ, ਇਸ ਲਈ ਨਾ ਰੁਕੇ । ਮਹਾਰਾਜਾ ਸਾਹਿਬ ਨੇ ਉਨ੍ਹਾਂ ਨੂੰ ਕਿਹਾ, ਅਕਾਲੀ ਜੀ ! ਅੱਗੇ ਬਹੁਤ ਖਤਰਾ ਹੈ, ਦੁਸ਼ਮਨ ਭਾਰੀ ਗਿਣਤੀ ਵਿਚ ਇਕੱਠਾ ਹੋਇਆ ਹੈ, ਤੁਸੀਂ ਅੱਗੇ ਨਾ ਵਧੋ ।''

ਅਕਾਲੀ ਫੂਲਾ ਸਿੰਘ ਜੀ ਨੇ ਉਤਰ ਦਿਤਾ, 'ਅਸੀਂ ਅਰਦਾਸਾ ਕਰ ਚੁਕੇ ਹਾਂ, ਹੁਣ ਨਹੀਂ ਰੁਕ ਸਕਦੇ । ਫਤਹਿ ਗੁਰੂ ਨੇ ਬਖਸ਼ਣੀ ਹੈ ।' ਸਿੱਖ ਪੰਥ ਵਿਚ ਅਰਦਾਸ ਉਤੇ ਇਤਨਾ ਭਰੋਸਾ ਕੀਤਾ ਜਾਂਦਾ ਹੈ ।

ਹੁਣ ਅਸੀਂ ਸਿੱਖੀ ਵਿਚ ਜੋ ਅਰਦਾਸ ਕੀਤੀ ਜਾਂਦੀ ਹੈ, ਉਹ ਦਰਜ ਕਰਦੇ ਹਾਂ—

ੴ ਵਾਹਿਗੁਰੂ ਜੀ ਕੀ ਫਤਹ ॥

ਸ੍ਰੀ ਭਗਉਤੀ ਜੀ ਸਹਾਇ ॥

ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦ ॥

ਪ੍ਰਿਥਮ ਭਗਉਤੀ ਸਿਮਰਿਕੈ ਗੁਰ ਨਾਨਕ ਲਈਂ ਧਿਆਇ । ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ । ਅਰਜਨ ਹਰਗੋਬਿੰਦ ਨੋ ਸਿਮਰੋ ਸ੍ਰੀ ਹਰਿ ਰਾਇ । ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖ ਜਾਇ । ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ । ਸਭ ਥਾਈਂ ਹੋਇ ਸਹਾਇ । ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸਭ ਥਾਈਂ ਹੋਇ ਸਹਾਇ । ਦਸਾਂ

ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ !

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ, ਬੋਲੋ ਜੀ ਵਾਹਿਗੁਰੂ !

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ, ਬੋਲੋ ਜੀ ਵਾਹਿਗੁਰੂ !

ਚੌਹਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ !

ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਚਿਤ ਆਵੇ, ਚਿਤ ਆਵਨ ਕਾ ਸਦਕਾ ਸਰਬ ਸੁਖ ਹੋਵੇ । ਜਹਾਂ ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖ਼ਾਲਸੇ ਜੀ ਕੇ ਬੋਲ ਬਾਲੇ, ਖ਼ਾਲਸਾ ਜੀ, ਬੋਲੋ ਜੀ ਵਾਹਿਗੁਰੂ !

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ !

ਸਿੱਖਾਂ ਦਾ ਮਨ ਨੀਵਾਂ, ਮਤ ਉੱਚੀ, ਮਤ ਦਾ ਰਾਖਾ ਆਪ ਵਾਹਿਗੁਰੂ ! ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ, ਵਾਹਿਗੁਰੂ ! ਆਪ ਦੇ ਹਜ਼ੂਰ……ਦੀ ਅਰਦਾਸ ਹੈ ਜੀ।

ਅੱਖਰ ਵਾਧਾ ਘਾਟਾ ਭੁੱਲ ਚੁੱਕ ਮਾਫ਼ ਕਰਨੀ।

ਸਰਬੱਤ ਦੇ ਕਾਰਜ ਰਾਸ ਕਰਨੇ।

ਸੋਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।

ਨਾਨਕ ਨਾਮ ਚੜ੍ਹਦੀ ਕਲਾ।
ਤੇਰੇ ਭਾਣੇ ਸਰਬੱਤ ਦਾ ਭਲਾ॥

ਅਰਦਾਸ ਦੀ ਪਹਿਲੀ ਪਉੜੀ ਸ੍ਰੀ ਦਸਮ ਪਾਤਸ਼ਾਹ ਦੀ ਲਿਖੀ ਹੋਈ ਵਾਰ 'ਸ੍ਰੀ ਭਗਉਤੀ' ਦਾ ਮੰਗਲ ਹੈ। ਇਥੇ ਭਗਉਤੀ ਤੋਂ ਭਾਵ ਵਾਹਿਗੁਰੂ ਸਰਬ ਸ਼ਕਤੀਮਾਨ ਦਾ ਹੈ। ਦਸਮ ਪਾਤਸ਼ਾਹ ਜੀ ਦੀ ਬਾਣੀ ਵਿਚ ਭਗਉਤੀ ਸ਼ਬਦ ਵਾਹਿਗੁਰੂ ਅਤੇ ਤਲਵਾਰ ਲਈ ਵਰਤਿਆ ਗਿਆ ਹੈ। ਉਹ ਭਗਉਤੀ ਜੋ ਬ੍ਰਹਮਾ, ਵਿਸ਼ਨੂੰ, ਸ਼ਿਵ ਅਤੇ ਚੰਡੀ ਨੂੰ ਪੈਦਾ ਕਰਨ ਵਾਲੀ ਹੈ। ਜਿਹਾ ਕਿ ਗੁਰਵਾਕ ਹੈ—

ਤੈ ਹੀ ਦੁਰਗਾ ਸਾਜਿ ਕੈ,
ਦੈਤਾਂ ਦਾ ਨਾਸ ਕਰਾਇਆ॥

ਗੁਰੂ ਜੀ ਨੇ ਦੇਵ-ਪੂਜਾ ਦਾ ਸਖਤ ਖੰਡਨ ਕੀਤਾ ਹੈ, ਇਸ ਲਈ ਇਥੇ ਭਗਉਤੀ ਤੋਂ ਮੁਰਾਦ ਦੇਵੀ ਨਹੀਂ, ਤਲਵਾਰ ਭੀ ਨਹੀਂ, ਕਿਉਂਕਿ **'ਪ੍ਰਿਥਮ ਭਗਉਤੀ ਸਿਮਰਿ ਕੈ'** ਜ਼ਾਹਰ ਕਰਦਾ ਹੈ ਕਿ ਸਿਮਰਣ ਵਾਹਿਗੁਰੂ ਦਾ ਹੀ ਕੀਤਾ ਜਾ ਸਕਦਾ ਹੈ, ਤਲਵਾਰ ਦਾ ਨਹੀਂ।

ਬਾਕੀ ਦੇ ਬੰਦ ਭਾਈ ਮਨੀ ਸਿੰਘ ਜੀ ਦੇ ਬਣਾਏ ਮੰਨੇ ਜਾਂਦੇ ਹਨ।

ਅਰਦਾਸ ਵਾਹਿਗੁਰੂ ਦੇ ਸਾਹਮਣੇ ਹੀ ਹੁੰਦੀ ਹੈ। ਇਸ ਲਈ ਪਹਿਲੀ ਪਉੜੀ ਵਿਚ ਉਸ ਦਾ ਸਿਮਰਣ ਕੀਤਾ ਗਿਆ। ਗੁਰੂ ਸਾਹਿਬ ਦੇ ਸਮੇਂ ਇਹ ਪ੍ਰਪਾਟੀ ਸੀ ਕਿ ਸੰਗਤ ਜਾਂ ਅਰਦਾਸੀਆ ਅਰਦਾਸ ਤੇ ਵਾਹਿਗੁਰੂ ਅਗੇ ਕਰਦਾ ਸੀ, ਪਰ ਨਾਲ ਹੀ ਸਤਿਗੁਰੂ ਦਾ ਨਾਮ ਲਿਆ ਜਾਂਦਾ ਸੀ। ਇਸ ਲਈ ਕਿ ਸਿੱਖ ਵਾਹਿਗੁਰੂ ਨੂੰ ਗੁਰੂ ਰਾਹੀਂ ਪ੍ਰਾਪਤ ਕਰਦਾ ਹੈ।

ਹੋਰ ਧਰਮਾਂ ਵਿਚ ਪ੍ਰਾਰਥਨਾ, ਦੁਆ ਜਾਂ ਪ੍ਰੇਅਰ ਵਾਹਿਗੁਰੂ ਨੂੰ ਵੱਖਰਾ ਜਾਣ ਕੇ ਕਰਦੇ ਹਨ। ਸਿੱਖੀ ਨੇ ਇਹ ਨਿਸਚਾ ਦਿੱਤਾ ਕਿ ਵਾਹਿਗੁਰੂ ਨੂੰ ਪ੍ਰਤੱਖ ਕਰਨ ਲਈ ਗੁਰੂ ਅਤੇ ਸੰਗਤ ਨੂੰ ਹਾਜ਼ਰ ਸਮਝਣਾ ਸਿੱਖ ਸੰਗਤ ਵਿਚ ਜੁੜ ਕੇ ਅਰਦਾਸ ਸਮੇਂ ਹੱਥ ਜੋੜ ਕੇ ਇਸੇ ਲਈ ਖੜੇ ਹੁੰਦੇ ਹਾਂ ਕਿ ਵਾਹਿਗੁਰੂ ਹਾਜ਼ਰ ਨਾਜ਼ਰ ਹੈ। ਸਤਿਗੁਰਾਂ ਨੂੰ ਇਸ ਲਈ ਯਾਦ ਕੀਤਾ ਜਾਂਦਾ ਹੈ ਕਿ ਵਾਹਿਗੁਰੂ ਗਿਆਨ ਪ੍ਰਾਪਤ ਹੁੰਦਾ ਹੈ। ਦਸਾਂ ਸਤਿਗੁਰਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਵਿੱਤਰ ਨਾਂ ਲੈ ਕੇ ਅਸੀਂ ਮਨ ਨੂੰ ਵਾਹਿਗੁਰੂ ਨਾਲ ਜੋੜਦੇ ਹਾਂ। 'ਬੋਲੋ ਜੀ ਵਾਹਿਗੁਰੂ' ਕਹਿ ਕੇ ਅਸੀਂ ਉਸ ਵਿਚ ਲੀਨ ਹੋ ਜਾਂਦੇ ਹਾਂ। ਸਤਿਗੁਰਾਂ ਦੀ ਪੁੰਨ ਸਿਮ੍ਰਤੀ ਦੇ ਨਾਲ ਉਨ੍ਹਾਂ ਦਾ ਪਵਿੱਤਰ ਜੀਵਨ ਸਾਡੇ ਸਾਹਮਣੇ ਆ ਜਾਂਦਾ ਹੈ। ਉਸ ਤੋਂ ਸਾਨੂੰ ਜੀਵਨ ਦੀ ਉਸਾਰੀ ਲਈ ਪ੍ਰੇਰਨਾ ਮਿਲਦੀ ਹੈ। ਈਸ਼ਵਰ ਭਗਤੀ, ਭਰਾਤ੍ਰੀ ਭਾਵ, ਸੇਵਾ, ਕੁਰਬਾਨੀ, ਪਰਉਪਕਾਰ ਅਤੇ ਬੀਰਤਾ ਆਦਿਕ ਜੋ ਆਤਮਕ ਗੁਣ ਸਾਨੂੰ ਸਤਿਗੁਰਾਂ ਨੇ ਦਿੱਤੇ ਹਨ, ਉਨ੍ਹਾਂ ਦੀ ਯਾਦ ਆ ਜਾਂਦੀ ਹੈ।

ਵਾਹਿਗੁਰੂ ਨਾਲ ਮਨ ਜੁੜਨ ਤੇ ਦਸਾਂ ਪਾਤਸ਼ਾਹੀਆਂ ਦਾ ਪਵਿੱਤਰ ਨਾਮ ਲੈਣ ਦੇ ਬਾਅਦ ਫਿਰ ਪੰਜਾਂ ਪਿਆਰਿਆਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੁਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਨੂੰ ਯਾਦ ਕਰਦੇ ਹਾਂ। ਜਿਨ੍ਹਾਂ ਨੇ ਸਭ ਤੋਂ ਪਹਿਲੇ ਸੀਸ ਦੇ ਕੇ ਅੰਮ੍ਰਿਤ ਪਾਨ ਕੀਤਾ। ਇਨ੍ਹਾਂ ਦੀ ਯਾਦ ਨਾਲ ਸਿੱਖੀ ਤੇ ਆਪਾ ਵਾਰਨ ਦੀ ਸਪਿਰਟ ਪੈਦਾ ਹੁੰਦੀ ਹੈ। ਪੰਜਾਂ ਪਿਆਰਿਆਂ ਦੇ ਨਾਲ ਦਸਮੇਸ਼ ਜੀ

ਦੇ ਚਾਰ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤੇਹ ਸਿੰਘ ਜੀ ਨੂੰ ਯਾਦ ਕਰਦੇ ਹਾਂ, ਜਿਨ੍ਹਾਂ ਨੇ ਕੁਰਬਾਨੀ ਕਰਨ ਵਿਚ ਕਮਾਲ ਕਰ ਦਿੱਤਾ ।

ਸਾਹਿਬਜ਼ਾਦਿਆਂ ਦੀ ਪਵਿੱਤਰ ਯਾਦ ਸਾਡੇ ਹਿਰਦਿਆਂ ਵਿਚ ਇਕ ਅਸਚਰਜ ਵਲਵਲਾ, ਸਪਿਰਟ ਅਤੇ ਭਾਵਨਾ ਪੈਦਾ ਕਰਦੀ ਹੈ। ਇਨ੍ਹਾਂ ਦੇ ਨਾਲ ਚਾਲੀ ਮੁਕਤਿਆਂ ਨੂੰ ਚਿੰਤਨ ਕਰਦੇ ਹਾਂ, ਜਿਨ੍ਹਾਂ ਨੇ ਗੁਰੂ ਕੇ ਸਨਮੁਖ ਰਹਿ ਕੇ ਸਿੱਖੀ ਧਾਰਨ ਕੀਤੀ। ਸੰਮਤ ੧੭੬੧ ਬਿ: ਵਿਚ ਅਨੰਦਪੁਰ ਦੇ ਘੇਰੇ ਸਮੇਂ ਦੁੱਖ ਭੁੱਖ ਦੇ ਮਾਰਿਆਂ ਨੇ ਬੇਮੁਖਤਾ ਕੀਤੀ, ਬੇਦਾਵਾ ਲਿਖਿਆ, ਪਰ ਮਾਈ ਭਾਗੋ ਦੀ ਪ੍ਰੇਰਨਾ ਨਾਲ ਮੁਕਤਸਰ ਵਿਚ 'ਸਨਮੁਖ' ਹੋ ਕੇ ਸ਼ਹੀਦੀ ਪਾਈ ਤੇ ਟੁੱਟੀ ਗੰਢ ਲਈ। ਜਿਨ੍ਹਾਂ ਸ਼ਹੀਦਾਂ, ਭਗਤਾਂ, ਦਾਨੀਆਂ, ਸੂਰਬੀਰ ਪੁਰਸ਼ਾਂ ਨੇ ਗੁਰੂ ਕੀ ਹਜ਼ੂਰੀ ਪ੍ਰਾਪਤ ਕੀਤੀ ਤੇ ਵਾਹਿਗੁਰੂ ਨਾਲ ਮਿਲੇ, ਉਨ੍ਹਾਂ ਦੀ ਯਾਦ ਮਨਾਂ ਵਿਚ ਇਕ ਅਸਚਰਜ ਭਾਵ ਪੈਦਾ ਕਰਦੀ ਹੈ।

ਕਈ ਮਤਾਂ ਵਿਚ ਅਰਦਾਸ ਰਾਹੀਂ ਝਟਪਟ ਵਾਹਿਗੁਰੂ ਨਾਲ ਜੁੜਨ ਲਈ ਜਤਨ ਕੀਤਾ ਜਾਂਦਾ ਹੈ। ਸਿੱਖੀ ਦੀ ਅਰਦਾਸ ਉਸ ਨਾਲ ਅਜੀਬ ਢੰਗ ਨਾਲ ਜੋੜਦੀ ਹੈ। ਸਤਿਗੁਰਾਂ, ਪੰਜਾਂ ਪਿਆਰਿਆਂ, ਚਾਰ ਸਾਹਿਬਜ਼ਾਦਿਆਂ ਅਤੇ ਹੋਰ ਮਹਾਂਪੁਰਖਾਂ ਦੀ ਯਾਦ ਕਰ ਕੇ ਕਿਹਾ ਜਾਂਦਾ ਹੈ—'ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੈ ਇਹ ਅਰਦਾਸ ਇਕ ਅਲੌਕਿਕ ਰਸ ਪੈਦਾ ਕਰਦੀ ਹੈ।

ਅਰਦਾਸ ਦੇ ਤੀਸਰੇ ਬੰਦ ਵਿਚ ਚਾਰ ਤਖ਼ਤਾਂ ਤੇ ਸਮੂਹ ਗੁਰ-ਦੁਆਰਿਆਂ ਨੂੰ ਯਾਦ ਕੀਤਾ ਜਾਂਦਾ ਹੈ। ਇਸ ਲਈ ਕਿ ਗੁਰਦੁਆਰੇ ਧਰਮ ਦਾ ਕੇਂਦਰ ਹਨ। ਅਸੀਂ ਧਰਮ, ਸਤਿਸੰਗ, ਕੀਰਤਨ ਅਤੇ ਸੇਵਾ ਗੁਰਦੁਆਰਿਆਂ ਤੋਂ ਸਿਖਦੇ ਹਾਂ। ਗੁਰਦੁਆਰੇ ਸਿੱਖੀ ਦੇ ਧਾਰਮਿਕ ਤੇ ਸਮਾਜਕ ਜੀਵਨ ਦਾ ਅੰਗ ਹਨ। ਇਸ ਲਈ ਅਰਦਾਸ ਵਿਚ ਇਨ੍ਹਾਂ ਦਾ ਚਿੰਤਨ ਕੀਤਾ ਗਿਆ ਹੈ। ਸਿੱਖ ਪੰਥ ਸੰਸਾਰ ਵਿਚ ਪਹਿਲਾ ਧਰਮ ਹੈ,

ਜਿਹੜਾ ਰੋਜ਼ਾਨਾ ਅਰਦਾਸ ਵਿਚ ਆਪਣੇ ਗੁਰਦੁਆਰਿਆਂ ਤੇ ਧਰਮ ਅਸਥਾਨਾਂ ਨੂੰ ਯਾਦ ਕਰਦਾ ਹੈ। ਅਕਾਲੀ ਲਹਿਰ ਵਿਚ ਜਿਨ੍ਹਾਂ ਸ਼ਹੀਦਾਂ ਨੇ ਗੁਰਦੁਆਰਿਆਂ ਦੀ ਪਵਿੱਤ੍ਰਤਾ ਕਾਇਮ ਰਖਣ ਲਈ ਸ਼ਹੀਦੀਆਂ ਪਾਈਆਂ, ਉਨ੍ਹਾਂ ਦੀ ਤਹਿ ਵਿਚ ਵੀ ਅਰਦਾਸ ਦੀ ਸਪਿਰਟ ਹੀ ਕੰਮ ਕਰਦੀ ਸੀ।

ਇਸ ਤੋਂ ਉਪ੍ਰੰਤ 'ਸਰਬੱਤ ਖਾਲਸੇ' ਦੀ ਅਰਦਾਸ ਕੀਤੀ ਜਾਂਦੀ ਹੈ। ਖਾਲਸੇ ਨੂੰ ਵਾਹਿਗੁਰੂ ਨਾਮ ਚਿਤ ਆਵੇ, ਜਿਥੇ ਜਿਥੇ ਸਿੰਘ ਹੋਣ ਉਥੇ ਉਥੇ ਉਨ੍ਹਾਂ ਦੀ ਰੱਖਿਆ ਹੋਵੇ, ਸੇਵਾ ਲਈ ਦੇਗ ਲੰਗਰ ਅਤੇ ਪਰਉਪਕਾਰ ਤੇ ਆਜ਼ਾਦੀ ਲਈ ਤੇਗ ਚਲੇ। ਵਾਹਿਗੁਰੂ ਦੀ ਬਖਸ਼ੀ ਹੋਈ ਸ੍ਰੀ ਸਾਹਿਬ ਖਾਲਸੇ ਦੀ ਸਹਾਇਕ ਹੋਵੇ ਅਤੇ ਖਾਲਸੇ ਜੀ ਦੇ ਬੋਲ ਬਾਲੇ ਹੋਣ।

ਫਿਰ ਬਖਸ਼ੀ ਗੁਣਾਂ ਲਈ ਪ੍ਰਾਰਥਨਾ ਕੀਤੀ ਗਈ ਹੈ। ਸਿੱਖ ਧਰਮ ਚੂੰਕਿ ਜਥੇਬੰਦ ਧਰਮ ਹੈ, ਇਸ ਲਈ ਬਖਸ਼ੀ ਗੁਣਾਂ ਦੀ ਮੰਗ ਕਰਨ ਸਮੇਂ ਵੀ ਸਮੁਦਾਇ ਦੇ ਰੂਪ ਵਿਚ ਕੀਤੀ ਹੈ। ਸਿੱਖੀ ਦਾਨ, ਕੇਸ ਦਾਨ, ਵਿਵੇਕ, ਵਿਸਾਹ ਤੇ ਭਰੋਸਾ, ਸਭ ਤੋਂ ਵਡੇ ਨਾਮ ਦਾਨ ਦੀ ਮੰਗ ਕੀਤੀ ਹੈ। ਸ੍ਰੀ ਅੰਮ੍ਰਿਤਸਰ ਦੇ ਇਸ਼ਨਾਨ ਲਈ ਪ੍ਰਾਰਥਨਾ ਕੀਤੀ ਗਈ। ਇਹ ਕਿਉਂ? ਇਸ ਲਈ ਕਿ ਮੁਗਲ ਰਾਜ ਦੇ ਅੰਤਮ ਸਮੇਂ ਅਤੇ ਅਬਦਾਲੀ ਰਾਜ ਵਿਚ ਸ੍ਰੀ ਅੰਮ੍ਰਿਤਸਰ ਸਿੱਖੀ ਦਾ ਦਿਲ ਹੈ। ਇਥੋਂ ਸਿੱਖ ਜੀਵਨ ਲੈਂਦਾ ਹੈ। ਇਸ ਲਈ ਅਰਦਾਸ ਵਿਚ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਦਾ ਵਰਣਨ ਕੀਤਾ ਗਿਆ ਹੈ। ਇਸ ਦੇ ਨਾਲ ਸ੍ਰੀ ਦਰਬਾਰ ਸਾਹਿਬ ਵਿਚ ਚੌਂਕੀਆਂ ਦੇ ਰੂਪ ਵਿਚ ਕੀਰਤਨ ਦੀ ਜੋ ਮਰਯਾਦਾ ਹੈ, ਪੰਥ ਖਾਲਸੇ ਦੇ ਨਿਵਾਸ ਲਈ ਜੋ ਬੁੰਗੇ ਬਣਾਏ ਗਏ, ਐਸ਼ਵਰਜ ਅਤੇ ਵਡਿਆਈ ਦੇ ਝੂਲਦੇ ਨਿਸ਼ਾਨਾਂ ਨੂੰ ਯਾਦ ਕੀਤਾ ਗਿਆ। ਹੋਰ ਕੌਮੀ ਝੰਡੇ ਨੂੰ ਝੰਡਾ, ਪਰਚਮ, ਫਲੈਗ ਆਦਿਕ ਨਾਵਾਂ ਨਾਲ ਯਾਦ ਕਰਦੀਆਂ ਹਨ। ਸਿੱਖੀ ਨੇ ਝੰਡੇ ਨੂੰ ਨਿਸ਼ਾਨ ਇਸ ਲਈ ਕਿਹਾ ਕਿ ਕਿਸੇ ਪੰਥ ਜਾਂ ਦੇਸ਼ ਦੇ ਜੀਉਂਦੇ ਹੋਣ ਜਾਂ ਉਸ ਦੇ ਸੁਤੰਤਰ ਹੋਣ ਦਾ ਨਿਸ਼ਾਨ ਹੀ ਆਪਣਾ ਝੰਡਾ ਹੁੰਦਾ ਹੈ। ਇਸ

ਲਈ ਅਰਦਾਸ ਵਿਚ ਨਿਸ਼ਾਨਾਂ ਨੂੰ ਯਾਦ ਕੀਤਾ ਗਿਆ ਹੈ ।

ਅਰਦਾਸ ਵਿਚ ਮਨ ਨੀਵਾਂ (ਜਿਸ ਵਿਚ ਹੰਕਾਰ ਨਾ ਹੋਵੇ) ਅਤੇ ਮਤ ਉੱਚੀ ਹੋਣ ਲਈ ਕਿਹਾ ਗਿਆ ਹੈ । ਬੁੱਧੀ ਨਿਰਮਲ ਹੋਵੇ, ਪਰ ਉਸ ਦਾ ਰਾਖਾ ਵਾਹਿਗੁਰੂ ਹੋਵੇ, ਤਾਂ ਕਿ ਉਸ ਦੀ ਨਿਰਮਲਤਾ ਸਦਾ ਲਈ ਕਾਇਮ ਰਹਿ ਸਕੇ । ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਣ ਲਈ ਬਿਨੈ ਕੀਤੀ ਜਾਂਦੀ ਹੈ । ਆਪਣੀਆਂ ਭੁੱਲਾਂ ਤੇ ਪਛਤਾਵਾ ਅਤੇ ਵਾਹਿਗੁਰੂ ਉਤੇ ਅਟੁੱਟ ਸ਼ਰਧਾ ਪ੍ਰਗਟ ਕਰਦੇ ਹੋਏ ਉਸ ਤੋਂ ਸ਼ੁਭ ਪ੍ਰੇਰਨਾ ਲਈ ਮੰਗ ਮੰਗੀ ਜਾਂਦੀ ਹੈ । ਗੁਰਬਾਣੀ ਵਿਚ ਇਸ ਭਾਵ ਨੂੰ ਬਹੁਤ ਥਾਈਂ ਪ੍ਰਗਟ ਕੀਤਾ ਹੈ । ਉਦਾਹਰਣ ਲਈ—

(੧) ਕਿਰਪਾ ਕਰਹੁ ਦੀਨ ਕੇ ਦਾਤੇ
ਮੇਰਾ ਗੁਣੁ ਅਵਗੁਣ ਨ ਬੀਚਾਰਹੁ ਕੋਈ ॥
ਮਾਟੀ ਕਾ ਕਿਆ ਧੋਪੈ ਸੁਆਮੀ
ਮਾਣਸ ਕੀ ਗਤਿ ਏਹੀ ॥

(੨) ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ ॥
ਸੇਵਾ ਕਛੂ ਨ ਜਾਨਉ ਨੀਚ ਮੂਰਖਾਰੇ ॥੧॥
ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ ॥
ਹਮ ਅਪਰਾਧੀ ਸਦ ਭੂਲਤੇ
ਤੁਮ ਬਖਸਨਹਾਰੇ ॥੧॥ਰਹਾਉ॥
ਹਮ ਅਵਗਨ ਕਰਹ ਅਸੰਖ ਨੀਤਿ
ਤੁਮ੍ਹ ਨਿਰਗੁਨ ਦਾਤਾਰੇ ॥
ਦਾਸੀ ਸੰਗਤਿ ਪ੍ਰਭੂ ਤਿਆਗਿ
ਏ ਕਰਮ ਹਮਾਰੇ ॥੨॥
ਤੁਮ ਦੇਵਹੁ ਸਭੁ ਕਿਛੁ ਦਇਆ ਧਾਰਿ
ਹਮ ਅਕਿਰਤਘਨਾਰੇ ॥

ਲਾਗਿ ਪਰੇ ਤੇਰੇ ਦਾਨ ਸਿਉ
ਨਹ ਚਿਤਿ ਖਸਮਾਰੇ ॥੩॥
ਤੁਝ ਤੇ ਬਾਹਰਿ ਕਿਛੁ ਨਹੀ
ਭਵ ਕਾਟਨਹਾਰੇ ॥
ਕਹੁ ਨਾਨਕ ਸਰਣਿ ਦਇਆਲ ਗੁਰ
ਲੇਹੁ ਮੁਗਧ ਉਧਾਰੇ ॥੪॥੩੩॥੮੦੯॥

ਭਾਈ ਗੁਰਦਾਸ ਜੀ ਲਿਖਦੇ ਹਨ—

ਭਗਤ ਵਛਲ ਸੁਨ ਹੋਤ ਹੌਂ ਨਿਰਾਸ ਰਿਦੈ,
ਪਤਿਤ ਪਾਵਨ ਸੁਨ ਆਸਾ ਉਰ ਧਾਰ ਹੌਂ।
ਅੰਤਰ ਜਾਮੀ ਸੁਨ ਕੰਪਤ ਹੌਂ ਅੰਧਰ ਗਤਿ,
ਦੀਨ ਕੈ ਦਯਾਲ ਸੁਨ ਭੈ ਭਰਮ ਟਾਰ ਹੌਂ।
[1]ਜਲਧਰ ਸੰਗਮ ਕੈ ਅਫਲ ਸੇਂਬਲ ਦ੍ਰੁਮ;
ਚੰਦਨ ਸੁਗੰਧਿ ਸਨਬੰਧ ਮਲਗਾਰ[2] ਹੌਂ।
ਅਪਨੀ ਕਰਨੀ ਕਰ ਨਰਕ ਹੂੰ ਨ ਪਾਵੌਂ ਠੌਰ,
ਤੁਮਰੋ ਬਿਰਦ ਕਰ ਆਸਰੋ ਸਮਾਰ ਹੌਂ।
[੫੦੨]

ਇਕ ਹੋਰ ਕਵੀ ਨੇ ਅਰਦਾਸ ਉੱਤੇ ਲਿਖਿਆ ਹੈ—

ਨਿਸ ਬਾਸੁਰ ਔਗੁਨ ਕਰਤ ਹੀ ਬਤੀਤ ਜਾਤ,
ਗੁਨ ਤੋ ਨ ਮੂਲ ਹਿਤ ਚਿਤ ਸੇ ਬਿਸਾਰੇ ਹੈਂ।
ਬਿਘਨ ਸੇ ਭਰੇ, ਬਹੁ ਬਾਧਾ ਮੇ ਪਰੇ ਹੈਂ,
ਮਾਇਆ ਮੋਹਨੀ ਕੇ ਸੰਗ ਸਭ ਗਤਿਮਿਤ ਹਾਰੇ ਹੈਂ।

---

੧. ਬੱਦਲ ਦੀ ਸੰਗਤ ਕਰ ਕੇ ਸਿੰਬਲ ਨਹੀਂ ਬਦਲਦਾ। ਚੰਦਨ ਦੀ ਸੰਗਤ ਕਰ ਕੇ ਚੰਦਨ ਬਣ ਜਾਂਦਾ ਹੈ। ੨, ਚੰਦਨ।

ਕਹਤ ਰਸ ਰੰਗ ਕਾਹੂ ਕਾਮ ਨ ਕਾਜ ਕੇ ਹੈਂ,
ਸ਼ਰਣ ਤਿਹਾਰੀ ਪਾਨ ਪਲੂ ਪਸਾਰੇ ਹੈਂ।
ਕਾਰਨ ਕਰਨ ਨਾਥ, ਨਾਥ ਹੈਂ ਤਿਹਾਰੇ ਹਾਥ,
ਤਾਰੋ ਤੋ ਤਿਹਾਰੇ ਨਾ ਤਾਰੋ ਤੋ ਤਿਹਾਰੇ ਹੈਂ।

ਅਰਦਾਸ ਵਿਚ ਪਰਮ ਪਿਤਾ ਸ੍ਰੀ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਆਪਣੇ ਅਵਗੁਣਾਂ ਨੂੰ ਮੰਨ ਕੇ ਉਸ ਪਾਸੋਂ ਬਖਸ਼ਸ਼ ਦੀ ਮੰਗ ਕਰਨ ਦੇ ਬਾਅਦ ਇਹਨੂੰ ਸਰਬ-ਸਾਂਝ ਤੇ ਮਨੁੱਖ ਮਾਤਰ ਦੇ ਭਲੇ ਲਈ ਇਨ੍ਹਾਂ ਸ਼ਬਦਾਂ ਵਿਚ ਖਤਮ ਕੀਤਾ ਗਿਆ—

ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਦਾ ਭਲਾ।

ਗੁਰੂ ਨਾਨਕ ਜੀ ਕਹਿੰਦੇ ਹਨ—'ਹੇ ਜਗਤ ਆਧਾਰ, ਕਰੁਣਾ ਨਿਧਾਨ, ਸਰਬ ਸ਼ਕਤੀਮਾਨ! ਤੇਰੇ ਨਾਮ ਦੀ ਚੜ੍ਹਦੀ ਕਲਾ ਹੋਵੇ ਜਾਂ ਤੇਰੇ ਨਾਮ ਨਾਲ ਜੁੜ ਕੇ ਚੜ੍ਹਦੀ ਕਲਾ ਪ੍ਰਾਪਤ ਹੋਵੇ। ਤੇਰੀ ਰਜ਼ਾ ਵਿਚ ਮਨੁੱਖ ਮਾਤਰ, ਜੀਅ ਜੰਤ ਤੇ ਸਰਬੱਤ ਦਾ ਭਲਾ ਹੋਵੇ। ਸਿੱਖ ਧਰਮ ਦੀ ਅਰਦਾਸ ਸਾਰੇ ਵਿਸ਼ਵ ਦੇ ਭਲੇ ਲਈ ਹੈ। ਇਹ ਇਕ ਉੱਚਾ ਧਾਰਮਿਕ ਭਾਵ ਹੈ। ਇਸ ਵਿਚ ਪ੍ਰਚਾਰ ਦੀ ਸਪਿਰਟ ਹੈ। ਪਰ ਇਸ ਵਿਚ ਕਿਸੇ ਦੀ ਵਿਰੋਧਤਾ ਨਹੀਂ ਪਾਈ ਜਾਂਦੀ। ਇਕ ਗੱਲ ਹੋਰ ਚੇਤੇ ਰਖਣ ਵਾਲੀ ਹੈ ਕਿ ਅਰਦਾਸ ਇਸ਼ਟ-ਦੇਵ ਦੀ ਮਨੋਬ੍ਰਿਤੀ ਦੇ ਅਨੁਸਾਰ ਹੁੰਦੀ ਹੈ। ਇਸ਼ਟ ਕਠੋਰ ਹੋਵੇ ਤਾਂ ਉਪਾਸ਼ਕ ਦੀ ਅਰਦਾਸ ਵੀ ਕਠੋਰ ਹੁੰਦੀ ਹੈ। ਸਿੱਖੀ ਦੀ ਅਰਦਾਸ ਵਿਚ ਸਰਬੱਤ ਦਾ ਭਲਾ ਇਸ ਲਈ ਮੰਗਿਆ ਗਿਆ ਹੈ ਕਿ ਸਤਿਗੁਰਾਂ ਦਾ ਇਸ਼ਟ ਵਾਹਿਗੁਰੂ ਸੀ। ਵਾਹਿਗੁਰੂ ਸਭ ਦਾ ਭਲਾ ਕਰਦਾ ਹੈ। ਇਸ ਲਈ ਗੁਰੂ ਸਾਹਿਬ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਹੈ।

ਕਈ ਵੇਰ ਮਨੁੱਖ ਆਪਣੀ ਅਕਲ, ਤਾਕਤ ਤੇ ਸਿਆਣਪ ਕਰਕੇ ਸਰਬ ਸ਼ਕਤੀਮਾਨ ਨੂੰ ਭੁੱਲ ਜਾਂਦਾ ਹੈ। ਇਹ ਰੱਬ ਦਾ ਬੇਸਮਝ ਪੁੱਤਰ ਪਾਪ ਕਰਦਾ ਹੈ। ਸੁਖਮਨੀ ਸਾਹਿਬ ਵਿਚ ਪੰਚਮ ਪਾਤਸ਼ਾਹ ਨੇ

ਭੁੱਲੇ ਹੋਏ ਮਨੁੱਖ ਨੂੰ ਇਉਂ ਸਮਝਾਇਆ ਹੈ—

ਰਮਈਆ ਕੇ ਗੁਨ ਚੇਤਿ ਪਰਾਨੀ ॥
ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥
ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥
ਗਰਭ ਅਗਨਿ ਮਹਿ ਜਿਨਹਿ ਉਬਾਰਿਆ॥

ਜਦ ਮਨੁੱਖ ਨੂੰ ਉਸ ਦੀ ਅਸਲੀਅਤ ਤੇ ਵਾਹਿਗੁਰੂ ਦੀਆਂ ਬਖਸ਼ਸ਼ਾਂ ਸਮਝਾ ਚੁਕੇ ਤਾਂ ਪਰਮ ਪਿਤਾ ਸ੍ਰੀ ਵਾਹਿਗੁਰੂ ਨੂੰ ਸੰਬੋਧਨ ਕਰ ਕੇ ਕਿਹਾ ਹੈ—

ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥
ਕਰੁ ਗਹਿ ਲੇਹੁ ਓੜਿ ਨਿਬਹਾਵੈ ॥
ਕਹਾ ਬੁਝਾਰਤਿ ਬੂਝੈ ਡੋਰਾ ॥
ਨਿਸਿ ਕਹੀਐ ਤਉ ਸਮਝੈ ਭੋਰਾ ॥
ਕਹਾ ਬਿਸਨਪਦ ਪਾਵੈ ਗੁੰਗ ॥
ਜਤਨ ਕਰੈ ਤਉ ਭੀ ਸੁਰ ਭੰਗ ॥
ਕਹ ਪਿੰਗੁਲ ਪਰਬਤ ਪਰ ਭਵਨ ॥
ਨਹੀ ਹੋਤ ਊਹਾ ਉਸੁ ਗਵਨ ॥
ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ ॥
ਨਾਨਕ ਤੁਮਰੀ ਕਿਰਪਾ ਤਰੈ ॥੬॥

ਹੇ ਵਾਹਿਗੁਰੂ ! ਇਹ ਮਨੁੱਖ ਅੰਨ੍ਹਾ ਤੇ ਬੋਲਾ ਹੈ, ਕਿਵੇਂ ਤੈਨੂੰ ਜਾਣ ਸਕਦਾ ਹੈ ? ਪਿਤਾ ਨੂੰ ਪੁੱਤਰ ਦੀ ਬੇਬਸੀ ਤੇ ਨਿਤਾਣਾਪਨ ਦੱਸਣ ਦੇ ਪਿਛੋਂ ਫੁਰਮਾਉਂਦੇ ਹਨ—

ਤੂ ਠਾਕੁਰੁ ਤੁਮ ਪਹਿ ਅਰਦਾਸਿ ॥
ਜੀਉ ਪਿੰਡੁ ਸਭੁ ਤੇਰੀ ਰਾਸਿ ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥

ਕੋਇ ਨ ਜਾਨੈ ਤੁਮਰਾ ਅੰਤੁ ॥
ਊਚੇ ਤੇ ਊਚਾ ਭਗਵੰਤ ।
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥
ਤੁਮ ਤੇ ਹੋਇ ਸੁ ਆਗਿਆਕਾਰੀ ॥
ਤੁਮਰੀ ਗਤਿ ਮਿਤਿ ਤੁਮਹੀ ਜਾਨੀ ॥
ਨਾਨਕ ਦਾਸ ਸਦਾ ਕੁਰਬਾਨੀ ॥

ਅਰਦਾਸ ਵਾਹਿਗੁਰੂ, ਗੁਰੂ, ਸ਼ਹੀਦਾਂ, ਭਗਤਾਂ, ਸੰਤਾਂ, ਗੁਰ-ਦੁਆਰਿਆਂ ਤੇ ਪੰਥਕ ਜਥੇਬੰਦੀ ਨਾਲ ਜੋੜਦੀ ਹੈ । ਸ਼ਖਸੀ ਕਮਜ਼ੋਰੀਆਂ ਨੂੰ ਦੂਰ ਕਰਨ ਦੀ ਮੰਗ ਮੰਗਦੀ ਹੋਈ ਸਰਬ ਸਾਂਝ ਤੇ ਮਨੁੱਖ ਮਾਤਰ ਦੇ ਭਲੇ ਦੀ ਕਾਮਨਾ ਉਤੇ ਜਾ ਕੇ ਸਮਾਪਤ ਹੁੰਦੀ ਹੈ । ਅਰਦਾਸ ਸਿੱਖ ਧਰਮ ਦਾ ਇਕ ਖਾਸ ਅੰਗ ਹੈ । ਸਾਡਾ ਨਿਸਚਾ ਹੈ ਕਿ ਅਰਦਾਸ ਕੇਵਲ ਆਪਣੇ ਮਨੋਰਥਾਂ ਦੀ ਸਫਲਤਾ ਅਤੇ ਅਪਰਾਧਾਂ ਦੀ ਮੁਆਫ਼ੀ ਲਈ ਹੀ ਨਹੀਂ, ਬਲਕਿ ਇਹ ਸਾਡੇ ਮਨ ਨੂੰ ਪਵਿੱਤਰ ਕਰਦੀ ਅਤੇ ਪਾਪ ਕੱਟ ਦਿੰਦੀ ਹੈ । ਜਿਸ ਵਕਤ ਅਸੀਂ ਸੱਚੇ ਮਨ ਨਾਲ ਗੁਰਬਾਣੀ ਵਿਚੋਂ ਇਹ ਕਹਿੰਦੇ ਹਾਂ--

(੧) ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ
ਤੇਤੇ ਅਉਗਣ ਹਮਾਰੇ ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ
ਡੁਬਦੇ ਪਥਰ ਤਾਰੇ ।

(੨) ਅਸੀ ਖਤੇ ਬਹੁਤ ਕਮਾਵਦੇ
ਅੰਤ ਨ ਪਾਰਾਵਾਰ ॥
ਹਰਿ ਕ੍ਰਿਪਾ ਕਰ ਕੈ ਬਖਸ ਲੈਹੁ,
ਹਉ ਪਾਪੀ ਵਡ ਗੁਨਹਿਗਾਰ ॥

ਉਸ ਸਮੇਂ ਸਾਡਾ ਮਨ ਪਵਿੱਤਰ ਹੋ ਕੇ ਵਾਹਿਗੁਰੂ ਅਤੇ ਗੁਰੂ ਨਾਲ ਜੁੜ ਜਾਂਦਾ ਹੈ । ਉਸ ਵਿਚ ਇਕ ਅਸਚਰਜ ਤਾਕਤ ਆ ਜਾਂਦੀ ਹੈ ।

੧੪.

ਭਰਾਤ੍ਰੀ ਭਾਵ

ਮਨੁੱਖਤਾ ਦੀ ਬਿਨਾ ਤੇ ਬਰਾਬਰੀ

ਸਿੱਖ ਧਰਮ ਅਨੁਸਾਰ ਜਗਤ ਦਾ ਕਰਤਾ ਇਕ ਵਾਹਿਗੁਰੂ ਹੈ। ਸਾਰੇ ਮਨੁੱਖ ਉਸ ਦੇ ਪੈਦਾ ਕੀਤੇ ਹੋਏ ਹਨ। ਸਾਰਿਆਂ ਵਿਚ ਉਸ ਦੀ ਅੰਸ਼ ਕੰਮ ਕਰਦੀ ਹੈ, ਇਸ ਲਈ **'ਏਕ ਪਿਤਾ ਏਕਸ ਕੇ ਹਮ ਬਾਰਿਕ'** ਦੇ ਮਹਾਨ ਵਾਕ ਅਨੁਸਾਰ ਸਾਰੇ ਭਾਈ ਤੇ ਬਰਾਬਰ ਹਨ। ਇਸ ਨੂੰ ਭਰਾਤ੍ਰੀ-ਭਾਵ ਕਹਿੰਦੇ ਹਨ। ਨਸਲੀ, ਮਜ਼੍ਹਬੀ ਜਾਂ ਰਾਜਨੀਤਕ ਤੁਅੱਸਬ ਕਰ ਕੇ ਕਿਸੇ ਨਾਲ ਨਫ਼ਰਤ ਕਰਨੀ ਪਾਪ ਹੈ। ਸਾਰੇ ਮਨੁੱਖਾਂ ਵਿਚ ਰੱਬ ਨੇ ਗੁਣ ਰਖੇ ਹਨ। ਵਿਕਾਸ ਕਰਨ ਦੀ ਸ਼ਕਤੀ ਰਖੀ ਹੈ। ਇਕ ਕੁਲੀਨ ਆਦਮੀ ਮੂਰਖ, ਅਸੱਭ੍ਯ ਤੇ ਦੁਰਾਚਾਰੀ ਹੋ ਸਕਦਾ ਹੈ। ਇਕ ਨੀਵੀਂ ਕੁਲ ਵਿਚ ਪੈਦਾ ਹੋਇਆ ਮਨੁੱਖ ਧਰਮੀ, ਵਿਦਵਾਨ ਤੇ ਸ਼ੁਭ ਆਚਰਣ ਵਾਲਾ ਹੋ ਸਕਦਾ ਹੈ। ਸ੍ਰਿਸ਼ਟੀ ਰਚਨਾ ਵਿਚ ਬੜਾ ਭੇਦ ਹੈ। ਗੁਣ, ਕਰਮ ਤੇ ਸੁਭਾਵ ਕਰਕੇ ਸਾਰੇ ਮਨੁੱਖ ਇਕੋ ਜਿਹੇ ਨਹੀਂ ਹੋ ਸਕਦੇ ਪਰ ਮਨੁੱਖਤਾ ਕਰਕੇ ਇਕ ਹਨ। ਹਿੰਦੁਸਤਾਨ ਵਿਚ ਇਸ ਵਿਤਕਰੇ ਦੀ ਜੜ੍ਹ ਵਰਨ ਆਸ਼ਰਮ ਤੇ ਸਿਮ੍ਰਤੀ ਸੀ, ਜਿਸ ਨੇ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਬਣਾਏ। ਇਸ ਨੇ ਜਾਤ-ਪਾਤ ਦੀ ਵੰਡ ਕੀਤੀ। ਊਚ-ਨੀਚ ਅਤੇ ਛੂਤ-ਛਾਤ ਦਾ ਮਸਲਾ ਖੜਾ ਕਰ ਦਿੱਤਾ। ਇਬਰਾਨੀ ਮਤਾਂ ਵਿਚ ਮਜ਼੍ਹਬ ਦੀ ਬਿਨਾ ਤੇ ਇਸ ਵਿਤਕਰੇ ਨੂੰ ਪ੍ਰਚਾਰਿਆ ਗਿਆ। ਈਸਾ ਨੇ ਕਿਹਾ ਸੀ—"ਜੋ ਦੁਨੀਆਂ ਦੇ ਸਾਹਮਣੇ ਮੇਰਾ ਇਕਰਾਰ ਕਰੇਗਾ, ਮੈਂ ਆਸਮਾਨੀ ਬਾਪ ਦੇ ਸਾਹਮਣੇ ਉਸ ਦਾ ਇਕਰਾਰ ਕਰਾਂਗਾ। ਜੋ ਮੇਰਾ ਇਨਕਾਰ ਕਰੇਗਾ, ਮੈਂ ਉਸ ਤੋਂ ਇਕਰਾਰ ਕਸਾਂਗਾ।" ਇਸ ਦਾ ਅਸਰ ਇਹ ਹੋਇਆ ਕਿ ਈਸਾਈਆਂ ਲਈ ਸਿਰਫ ਉਹੀ ਚੰਗਾ ਹੈ ਜੋ ਈਸਾ ਨੂੰ ਮੰਨਦਾ ਹੈ। ਮੁਹੰਮਦ ਨੇ

ਕਿਹਾ ਸੀ—''ਲਿਆਓ ਈਮਾਨ ਮੇਰੇ ਪਰ ਅਤੇ ਮੇਰੇ ਖ਼ੁਦਾ ਪਰ,ਤਦ ਤੁਸੀਂ ਦੋਜ਼ਕ ਦੀ ਅੱਗ ਵਿਚੋਂ ਬਚੋਗੇ।'' ਇਸ ਅਧਾਰ ਤੇ ਮੁਸਲਮਾਨਾਂ ਨੇ ਜਿਸਦਾ ਬਣਾ ਲਿਆ ਕਿ ਜੋ ਆਦਮੀ ਇਸਲਾਮ ਤੇ ਈਮਾਨ ਨਹੀਂ ਰਖਦਾ, ਭਾਵੇਂ ਉਹ ਕਿਤਨਾ ਚੇ ਗਾ ਹੋਵੇ, ਉਹ ਕਾਫ਼ਰ ਹੈ। ਇਸ ਨਫ਼ਰਤ ਨੇ ਈਸਾਈਆਂ ਤੇ ਮੁਸਲਮਾਨਾਂ ਵਿਚਕਾਰ ਸਲੀਬੀ ਜੰਗ ਕਰਵਾਏ। ਹਿੰਦੁਸਤਾਨ ਵਿਚ ਬ੍ਰਾਹਮਣ ਕਿਸੇ ਆਦਮੀ ਨੂੰ ਸ਼ੂਦਰ ਸਮਝ ਕੇ ਨਫ਼ਰਤ ਕਰਦਾ ਸੀ। ਮੁਸਲਮਾਨ ਮਜ਼ਹਬ ਦੀ ਬਿਨਾ ਤੇ ਘ੍ਰਿਣਾ ਕਰਦਾ ਹੈ। ਸ਼ੀਆ ਤੇ ਸੁੰਨੀ ਇਕ ਦੂਸਰੇ ਨਾਲ ਨਹੀਂ ਮਿਲਦੇ। ਮੁਸਲਮਾਨਾਂ ਵਿਚ ਮਿਰਜ਼ਈ ਇਕ ਨਿੱਕਾ ਜਿਹਾ ਫ਼ਿਰਕਾ ਹੈ, ਜਿਸ ਨਾਲ ਬਾਕੀ ਮੁਸਲਮਾਨ ਰੋਟੀ-ਬੇਟੀ ਦੀ ਸਾਂਝ ਨਹੀਂ ਕਰਦਾ ਉਸ ਦੇ ਮੁਰਦੇ ਕਬਰਸਤਾਨ ਵਿਚ ਨਹੀਂ ਦੱਬਣ ਦਿੰਦੇ। ਇਕ ਤੀਸਰੀ ਨਫ਼ਰਤ ਹੈ ਕੌਮੀ ਜਾਂ ਨਸਲੀ, ਇਹ ਪੱਛਮ ਦੀ ਕੌਮ-ਪ੍ਰਸਤੀ ਨੇ ਪੈਦਾ ਕੀਤੀ ਹੈ। ਪੱਛਮੀ ਕੌਮਾਂ ਦੂਸਰੀਆਂ ਕੌਮਾਂ ਨਾਲੋਂ ਸਭਯ ਤੇ ਚੰਗੀ ਨਸਲ ਹੋਣ ਦੇ ਅਭਿਮਾਨ ਕਰਕੇ ਨਫ਼ਰਤ ਕਰਦੀਆਂ ਹਨ। ਗੋਰੇ ਅਤੇ ਕਾਲੇ, ਅਮਰੀਕਨ ਤੇ ਨੀਗਰੋ ਦੀ ਨਫ਼ਰਤ ਅਜੇ ਕਾਇਮ ਹੈ। ਅਮਰੀਕਾ ਵਿਚੋਂ ਕੁਟਲ ਨੀਤੀ ਨਾਲ 'ਲਾਲ ਹਿੰਦੀਆਂ' ਦੀ ਨਸਲ ਨੂੰ ਹੀ ਖ਼ਤਮ ਕਰਨ ਦਾ ਜਤਨ ਕੀਤਾ ਗਿਆ। ਅਫ਼ਰੀਕਾ ਦੇ ਗੋਰੇ ਹਬਸ਼ੀਆਂ ਤੇ ਹਿੰਦੁਸਤਾਨੀਆਂ ਤੋਂ ਘ੍ਰਿਣਾ ਕਰਦੇ ਹਨ। ਪੱਛਮ ਦੀ ਸਾਮਰਾਜੀ ਬ੍ਰਿਤੀ ਤੇ ਸਰਮਾਏਦਾਰੀ ਦੀ ਲੁੱਟ-ਖਸੁੱਟ ਦੇ ਕਾਰਨ ਮਾਰਕਸਵਾਦ ਨੇ ਜਨਮ ਲਿਆ। ਜਿਸ ਨੇ ਸਮਾਜ ਵਿਚ ਦੋ ਭਾਗ ਬਣਾ ਦਿੱਤੇ ਹਨ—(੧) ਮਜ਼ਦੂਰ ਤੇ ਕਿਸਾਨ, (੨) ਸਰਮਾਏਦਾਰ। ਹਿੰਦੁਸਤਾਨ ਵਿਚੋਂ ਜਾਤ-ਪਾਤ ਕਰਕੇ ਊਚ-ਨੀਚ ਤੇ ਸਮਾਜਕ ਨਫ਼ਰਤ ਸੀ, ਜੋ ਅਜ਼ਾਦੀ ਪਿਛੋਂ ਘਟੀ ਹੈ। ਦੂਸਰੇ ਬਹੁਤ ਸਾਰੇ ਸੁਤੰਤਰ ਦੇਸ਼ਾਂ ਵਿਚ ਸਾਂਝੀਵਾਲਤਾ ਦੀ ਲਹਿਰ ਚਲ ਰਹੀ ਹੈ। ਸਰਮਾਏਦਾਰ ਤੇ ਮਜ਼ਦੂਰ ਦੋ ਧੜੇ ਬਣ ਗਏ ਹਨ। ਦੋਹਾਂ ਵਿਚ ਇਕ ਦੂਜੇ ਵਿਰੁੱਧ ਸਖ਼ਤ ਘ੍ਰਿਣਾ ਪਾਈ ਜਾਂਦੀ ਹੈ। ਕੌਮੀ, ਨਸਲੀ, ਮਜ਼ਹਬੀ ਜਾਂ ਆਰਥਿਕ ਧੜੇਬੰਦੀਆਂ ਕਰਕੇ ਜੋ ਨਫ਼ਰਤ ਪੈਦਾ ਹੋਈ ਹੈ, ਉਸ ਦੇ ਕੁਝ ਕੁ ਕਾਰਨ ਇਹ ਹਨ—(੧) ਕੌਮੀ ਭੇਦ, (੨) ਰਾਜਨੀਤਕ ਭੇਦ, (੩) ਕੌਮ

ਦਾ ਫਰਕ ਜਾਂ ਸਰੀਰਕ ਭੇਦ। ਨਿੱਜੀ ਲਾਭ ਜਾਂ ਹਾਨੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖਾਂ ਵਿਚ ਖਿਆਲਾਂ, ਗੁਣਾਂ, ਮਜ਼੍ਹਬੀ ਵਿਚਾਰਾਂ ਅਤੇ ਨਸਲਾਂ ਕਰਕੇ ਭੇਦ ਹੈ, ਕੰਮ ਦੇ ਲਿਹਾਜ਼ ਨਾਲ ਸੰਸਾਰਕ ਪਦਵੀਆਂ ਅੱਡ ਅੱਡ ਹਨ। ਪਰ ਇਨ੍ਹਾਂ ਸਾਰੀਆਂ ਗਲਾਂ ਤੋਂ ਉੱਚੇ ਹੋ ਕੇ ਵੇਖੋ ਤਾਂ ਮਨੁੱਖਤਾ ਇਕੋ ਹੀ ਹੈ। ਸੁਭਾਵਕ ਗੁਣਾਂ ਵਿਚ ਫਰਕ ਨਹੀਂ। ਹਰੇਕ ਮਨੁੱਖ ਵਿਕਾਸ ਕਰ ਸਕਦਾ ਹੈ। ਅਸੀਂ ਦੇਖਦੇ ਹਾਂ ਕਿ ਨਿੱਕੇ ਬੱਚਿਆਂ ਵਿਚ ਕੋਈ ਤਅੱਸਬ ਨਹੀਂ ਹੁੰਦਾ। ਮੇਲ-ਜੋਲ, ਸਾਂਝੀ ਰਹਿਣੀ-ਬਹਿਣੀ ਅਤੇ ਵਿਦਿਆ ਨਾਲ ਹਰ ਤਰ੍ਹਾਂ ਦੀ ਨਫਰਤ ਨੂੰ ਘਟਾਇਆ ਜਾ ਸਕਦਾ ਹੈ।

ਗੁਰੂ ਸਾਹਿਬਾਨ ਨੇ ਭਰਾਤ੍ਰੀ-ਭਾਵ ਮਨੁੱਖਤਾ ਦੀ ਬਿਨਾ ਤੇ ਦੱਸਿਆ ਹੈ। ਮਜ਼੍ਹਬੀ, ਨਸਲੀ ਅਤੇ ਕੌਮੀ ਨਫਰਤ ਨੂੰ ਘਟਾਉਣ ਲਈ ਗੁਰਬਾਣੀ ਵਿਚ ਉਚੇ ਸਿਧਾਂਤ ਪੇਸ਼ ਕੀਤੇ ਹਨ। ਆਪਣੇ ਜੀਵਨ ਵਿਚ ਅਮਲੀ ਤੌਰ ਤੇ ਕੰਮ ਕੀਤਾ ਹੈ। ਸਿੱਖ ਧਰਮ ਦੇ ਨਿਯਮ ਅਜਿਹੇ ਬਣਾਏ ਹਨ, ਜਿਨ੍ਹਾਂ ਨੂੰ ਵਰਤੋਂ ਵਿਚ ਲਿਆ ਕੇ ਸਾਰੇ ਮਨੁੱਖ ਬਰਾਬਰ ਹੋਣ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਮਤ ੧੫੫੪ ਵਿਚ ਪਹਿਲੀ ਉਦਾਸੀ ਸ਼ੁਰੂ ਕੀਤੀ। ਉਸ ਵਿਚ ਆਪ ਨੇ ਬਾਲੇ ਅਤੇ ਮਰਦਾਨੇ ਨੂੰ ਸਾਥੀ ਬਣਾਇਆ। ਬਾਲਾ ਸੰਧੂ ਜੱਟ ਤੇ ਹਿੰਦੂ ਸੀ, ਮਰਦਾਨਾ ਮੁਸਲਮਾਨ ਮਰਾਸੀ ਸੀ। ਦੋਵੇਂ ਸਤਿਗੁਰੂ ਦੇ ਸਾਦਿਕ ਸਨ। ਗੁਰੂ ਜੀ ਇਨ੍ਹਾਂ ਨੂੰ ਭਾਈ ਬਾਲਾ ਤੇ ਭਾਈ ਮਰਦਾਨਾ ਕਹਿ ਕੇ ਬੁਲਾਉਂਦੇ ਸਨ। ਕਈ ਤੀਰਥਾਂ ਤੇ ਗੁਰੂ ਜੀ ਨੂੰ ਪੰਡਤਾਂ ਨੇ ਪੁਛਿਆ, 'ਤੁਸੀਂ ਬੇਦੀ ਖੱਤਰੀ ਹੋ ਕੇ ਮਰਦਾਨਾ ਮਰਾਸੀ ਕਿਵੇਂ ਨਾਲ ਲੈ ਤੁਰੇ ਹੋ? ਇਸ ਦਾ ਤੁਹਾਡਾ ਕੀ ਜੋੜ ਹੈ?'

ਗੁਰੂ ਜੀ ਇਸ ਦਾ ਉੱਤਰ ਦਿੰਦੇ ਸਨ, 'ਇਕ ਵਾਹਿਗੁਰੂ ਸਾਰੇ ਮਨੁੱਖਾਂ ਦਾ ਪਿਤਾ ਹੈ, ਅਸੀਂ ਸਾਰੇ ਉਸ ਦੇ ਪੁੱਤਰ ਹਾਂ। ਵਾਹਿਗੁਰੂ ਦਾ ਪੁੱਤਰ ਹੋਣ ਕਰਕੇ ਮਰਦਾਨਾ ਮੇਰਾ ਭਾਈ ਹੈ।'

ਗੁਰੂ ਜੀ ਸੈਦਪੁਰ (ਏਮਨਾਬਾਦ) ਪੁਜੇ। ਲਾਲੋ ਤਰਖਾਣ ਦੇ ਘਰ ਜਾ ਬਿਰਾਜੇ। ਬ੍ਰਾਹਮਣ ਅਤੇ ਖੱਤਰੀ ਉਸ ਨੂੰ ਸ਼ੂਦਰ ਸਮਝਦੇ ਸਨ। ਗੁਰੂ

ਜੀ ਦਾ ਲਾਲੋ ਦੇ ਘਰ ਟਿਕਣਾ ਜਾਤ-ਅਭਿਮਾਨੀਆਂ ਨੂੰ ਚੰਗਾ ਨਾ ਲੱਗਾ। ਸੈਦਪੁਰ ਦੇ ਹਾਕਮ ਮਲਕ ਭਾਗੋ ਨੇ ਬ੍ਰਹਮ ਭੋਜ ਕੀਤਾ। ਹੋਰ ਸਾਧਾਂ ਫ਼ਕੀਰਾਂ ਦੇ ਨਾਲ ਉਸ ਨੇ ਗੁਰੂ ਜੀ ਨੂੰ ਵੀ ਸੱਦ ਭੇਜਿਆ। ਮਹਾਰਾਜ ਬ੍ਰਹਮ ਭੋਜ ਵਿਚ ਨਾ ਗਏ। ਮਲਕ ਭਾਗੋ ਨੇ ਗੁੱਸੇ ਵਿਚ ਆ ਕੇ ਫਿਰ ਆਦਮੀ ਭੇਜੇ। ਇਸ ਪਰ ਆਪ ਮਲਕ ਦੇ ਘਰ ਗਏ। ਉਥੇ ਬਹੁਤ ਸਾਰੇ ਸਾਧੂ, ਫ਼ਕੀਰ, ਮੰਗਤੇ ਬ੍ਰਹਮ ਭੋਜ ਖਾਣ ਵਾਲੇ ਇਕੱਠੇ ਹੋਏ ਸਨ। ਸਾਰਿਆਂ ਦੇ ਸਾਹਮਣੇ ਮਲਕ ਨੇ ਗੁਰੂ ਜੀ ਨੂੰ ਕਿਹਾ, 'ਤੁਸੀਂ ਖੱਤਰੀ ਹੋ ਕੇ ਸੂਦਰਾਂ ਦੇ ਪਏ ਖਾਵੋ ਅਤੇ ਮੇਰਾ ਬ੍ਰਹਮ ਭੋਜ ਕਬੂਲ ਨਾ ਕਰੋ, ਇਸ ਦਾ ਕੀ ਕਾਰਨ?' ਗੁਰੂ ਜੀ ਨੇ ਉੱਤਰ ਦਿੱਤਾ—'ਮਲਕ ਜੀ! ਲਾਲੋ ਤਰਖਾਣ ਜਿਸ ਨੂੰ ਤੁਸੀਂ ਸੂਦਰ ਦੱਸਦੇ ਹੋ, ਉਹ ਧਰਮ ਦੀ ਕਿਰਤ ਕਰਦਾ ਹੈ। ਉਸ ਦੀ ਰੋਟੀ ਵਿਚ ਦੁੱਧ ਹੈ। ਤੁਸੀਂ ਜ਼ੁਲਮ ਤੇ ਜਬਰ ਨਾਲ ਗਰੀਬਾਂ ਦਾ ਲਹੂ ਨਿਚੋੜ ਕੇ ਬ੍ਰਹਮ ਭੋਜ ਕੀਤਾ ਹੈ। ਤੁਹਾਡੇ ਮਾਹਲ ਪੂੜਿਆਂ ਵਿਚੋਂ ਗਰੀਬਾਂ ਦਾ ਲਹੂ ਚੋ ਰਿਹਾ ਹੈ। ਅਸੀਂ ਇਕ ਗਰੀਬ ਦੇ ਘਰ ਭੋਜਨ ਕਰ ਸਕਦੇ ਹਾਂ। ਧਰਮ ਦੀ ਕਿਰਤ ਦਾ ਭੋਜਨ ਕਰਨ ਨਾਲ ਮਨ ਪਵਿੱਤਰ ਹੁੰਦਾ ਹੈ। ਤੁਹਾਡੇ ਵਰਗੇ ਮਲਕ ਦਾ ਬ੍ਰਹਮ ਭੋਜ ਖਾਧਿਆਂ ਮਨ ਮਲੀਨ ਹੁੰਦਾ ਹੈ ਤੇ ਸੁਰਤ ਨੀਵੀਂ ਹੁੰਦੀ ਹੈ। ਇਸ ਲਈ ਅਸੀਂ ਲਾਲੋ ਦੇ ਘਰ ਭੋਜਨ ਕਰਦੇ ਹਾਂ, ਤੁਹਾਡਾ ਬ੍ਰਹਮ ਭੋਜ ਖਾਣ ਤੋਂ ਇਨਕਾਰ ਕੀਤਾ ਹੈ।' ਇਹ ਬਚਨ ਸੁਣ ਕੇ ਮਲਕ ਭਾਗੋ ਦਾ ਦਿਲ ਪੰਘਰ ਗਿਆ। ਉਸ ਦਾ ਮਨ ਤੇ ਆਚਰਣ ਬਦਲ ਗਿਆ। ਗੁਰੂ ਜੀ ਨੇ ਲਾਲੋ ਨੂੰ 'ਭਾਈ' ਦੀ ਪਦਵੀ ਬਖ਼ਸ਼ੀ ਅਤੇ ਸਿੱਖੀ ਦੇ ਪ੍ਰਚਾਰ ਲਈ ਮੁਖੀ ਥਾਪਿਆ।

ਚੌਥੀ ਉਦਾਸੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮੱਕੇ ਨੂੰ ਗਏ। ਰਸਤੇ ਵਿਚ ਆਪ ਨੇ ਕਈ ਮੁਸਲਮਾਨਾਂ ਨੂੰ ਸਿੱਖੀ ਦਾ ਉਪਦੇਸ਼ ਕੀਤਾ। ਮੱਕੇ ਵਿਚ ਹਾਜੀਆਂ ਨਾਲ ਗੋਸ਼ਟ ਹੋਈ। ਹਾਜੀਆਂ ਨੇ ਕਿਹਾ—

ਵਡਾ ਹਿੰਦੂ ਕਿ ਮੁਸਲਮਾਨੋਈ।

ਭਾਈ ਗੁਰਦਾਸ ਜੀ ਲਿਖਦੇ ਹਨ—

ਬਾਬਾ ਆਖੇ ਹਾਜੀਆਂ,
ਸੁਭ ਅਮਲਾਂ ਬਾਝੋਂ ਦੋਵੇਂ ਰੋਈ।

ਭਾਵ—ਕੋਈ ਆਦਮੀ ਕੇਵਲ ਹਿੰਦੂ ਜਾਂ ਮੁਸਲਮਾਨ ਹੋਣ ਕਰਕੇ ਚੰਗਾ ਨਹੀਂ ਹੋ ਸਕਦਾ। ਚੰਗਾ ਉਹ ਹੈ, ਜਿਸ ਦੇ ਕਰਮ ਚੰਗੇ ਹਨ। ਗੁਰੂ ਜੀ ਨੇ ਪ੍ਰਚਾਰ ਕਰ ਕੇ ਥਾਂ ਥਾਂ ਸੰਗਤ ਕਾਇਮ ਕੀਤੀ। ਸੰਗਤ ਵਿਚ ਹਰੇਕ ਮਨੁੱਖ ਨਾਲ ਬਰਾਬਰੀ ਦਾ ਵਰਤਾਓ ਕਰਨ ਦੀ ਆਗਿਆ ਕੀਤੀ। ਪੰਜਾਬ ਵਿਚ ਭਾਈ ਲਾਲੋ, ਸ਼ੇਖ ਸੱਜਣ, ਬਨਾਰਸ ਵਿਚ ਗੁਪਾਲ ਦਾਸ, ਪਟਨੇ ਵਿਚ ਬਦਿਰੱਕੇ ਗੁਲਾਮ ਨੂੰ, ਬੁਸ਼ਹਿਰ ਵਿਚ ਝੰਡੇ ਬਾਢੀ ਅਤੇ ਤਿੱਬਤ ਵਿਚ ਦੇਵ ਲੂਤ ਨੂੰ ਸੰਗਤਾਂ ਦਾ ਮੁਖੀ ਥਾਪਿਆ। ਜਿਥੇ ਜਿਥੇ ਸੰਗਤ ਕਾਇਮ ਕੀਤੀ, ਉਸ ਦੇ ਜੋੜ ਮੇਲੇ ਲਈ ਧਰਮਸਾਲਾ ਵੀ ਬਣਾਈ। ਵਾਕ ਹੈ—

ਮੈ ਬਧੀ ਸਚੁ ਧਰਮਸਾਲ ਹੈ ॥
ਗੁਰਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾ ਪਖਾ ਫੇਰਦਾ,
ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥
[ਪੰਨਾ ੭੩]

ਧਰਮਸਾਲਾਂ ਜਾਂ ਗੁਰਦੁਆਰਿਆਂ ਵਿਚ ਸੰਗਤ ਪੰਗਤ ਵਿਚ ਸਭ ਨਾਲ ਇਕੋ ਜਿਹਾ ਵਰਤਾਉ ਕਰਨਾ ਸਿਖਾਇਆ। ਨਾਮ ਜਪਣਾ, ਵੰਡ ਕੇ ਛਕਣਾ ਤੇ ਕਿਰਤ ਕਰਨੀ ਸਭ ਨੂੰ ਦੱਸੀ। ਗੁਰਦੁਆਰਿਆਂ ਵਿਚ ਲੰਗਰ ਕਾਇਮ ਕੀਤੇ। ਸਾਰਿਆਂ ਨੂੰ ਇਕੋ ਪੰਗਤ ਵਿਚ ਬਿਠਾ ਕੇ ਇਕੋ ਜਿਹਾ ਪ੍ਰਸ਼ਾਦ ਛਕਾ ਕੇ ਜਾਤ-ਪਾਤ ਤੇ ਛੂਤ-ਛਾਤ ਨੂੰ ਖਤਮ ਕੀਤਾ।

ਗੁਰੂ ਜੀ ਦੀ ਸੰਸਾਰ ਯਾਤਰਾ ਦੇ ਸਾਥੀ ਭਾਈ ਮਰਦਾਨੇ ਦਾ ਦੇਹਾਂਤ ਹੋਣ ਲੱਗਾ ਤਾਂ ਗੁਰੂ ਜੀ ਨੇ ਉਸ ਨੂੰ ਪੁੱਛਿਆ, 'ਮਰਦਾਨਿਆਂ! ਤੈਨੂੰ ਮੋਇਆਂ ਅਸੀਂ ਕਿਹੜਾ ਦਾਗ ਦੇਵੀਏ? ਕਿਉਂਕਿ ਬ੍ਰਾਹਮਣ ਜਲ ਵਿਚ ਡਾਲ ਦਿੰਦੇ ਹਨ, ਖੱਤਰੀ ਅਗਨਿ ਵਿਚ ਜਲ ਵਾਦੇ ਹੈਂ, ਵੈਸ਼ ਪਉਣ

ਤ ਸੁੱਟ ਘੱਤਦੇ ਹਨ, ਅਰ ਸੂਦਰ ਧਰਤੀ ਵਿਚ ਦੱਬਦੇ ਹਨ। ਸੋ ਤੂੰ ਜਿਹੜਾ ਦਾਗ ਕਹੇਂ ਸੋਈ ਦਾਗ ਤੈਨੂੰ ਦੇਈਏ।' ਮਰਦਾਨੇ ਨੇ ਉੱਤਰ ਦਿੱਤਾ, 'ਤੇਰੇ ਸ਼ਬਦ ਕਰ ਮੇਰੇ ਵਿਚੋਂ ਦੇਹ ਅਭਿਮਾਨ ਦੂਰ ਹੋ ਗਇਆ ਹੈ ਅਰ ਵਰਨ ਦੇਹ ਅਭਿਮਾਨ ਉਤੇ ਹਨ, ਮੈਂ ਆਪ ਨੂੰ ਦੇਹ ਦਾ ਸਾਖੀ ਜਾਤਾ ਹੈ, ਸੋ ਜਿਵੇਂ ਤੁਹਾਡੀ ਇਛਿਆ ਹੋਵੇ ਦਾਗ ਦੇਵੋ।' ਇਹ ਸੁਣ ਕੇ ਮਹਾ-ਰਾਜ ਨੇ ਕਿਹਾ, 'ਤੇਰੀ ਮੜ੍ਹੀ ਬਣਾ ਕੇ ਜਗਤ ਤੋਂ ਪੂਜਾਈਏ?'

ਭਾਵ ਇਹ ਸੀ ਕਿ ਮੁਸਲਮਾਨ ਕਬਰਾਂ ਅਤੇ ਖਾਨਗਾਹਾਂ ਨੂੰ ਪੂਜਦੇ ਸਨ, ਇਸ ਲਈ ਮਕਬਰਾ ਬਣਵਾ ਕੇ ਪੂਜਾਨ ਦਾ ਇਸ਼ਾਰਾ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਕਰਕੇ ਮਰਦਾਨੇ ਦੇ ਅੰਤ੍ਰੀਵ ਨੇਤਰ ਖੁੱਲ੍ਹ ਚੁੱਕੇ ਸਨ, ਉਹ ਪਿਤਾ ਪੁਰਖੀ ਧਰਮ ਤੋਂ ਉੱਚਾ ਹੋ ਕੇ ਸਿੱਖ ਬਣ ਚੁੱਕਾ ਸੀ। ਉਸ ਨੇ ਉੱਤਰ ਦਿੱਤਾ—'ਸਰੀਰ ਦੀ ਮੜ੍ਹੀ ਵਿਚੋ ਕਢਦੇ ਹੋ ਅਤੇ ਫਿਰ ਪੱਥਰਾਂ ਦੀ ਮੜ੍ਹੀ ਵਿਚ ਪਾਉਂਦੇ ਹੋ।' ਇਹ ਸੁਣ ਕੇ ਗੁਰੂ ਬਾਬੇ ਨੇ ਬਚਨ ਕੀਤਾ—'ਤੁਧ ਬ੍ਰਹਮ ਨੂੰ ਪਛਾਤਾ, ਤੂੰ ਬ੍ਰਾਹਮਣ ਹੋਇਆ ਹੈਂ। ਸੋ ਤੈਨੂੰ ਜਲ ਦਾ ਦਾਗ ਦੇਵਾਂਗੇ ਤੇ ਰਾਵੀ ਨਦੀ ਵਿਚ ਪ੍ਰਵਾਹ ਦੇਵਾਂਗੇ।'

[ਗਯਾਨ ਰਤਨਾਵਲੀ, ਭਾਈ ਮਨੀ ਸਿੰਘ ਜੀ

ਜਦ ਕਰਤਾਰਪੁਰ (ਰਾਵੀ) ਵਿਖੇ ਮਰਦਾਨੇ ਦਾ ਦੇਹਾਂਤ ਹੋ ਗਿਆ, ਗੁਰੂ ਸਾਹਿਬ ਨੇ ਉਸ ਦੇ ਸਰੀਰ ਨੂੰ ਜਲ ਪ੍ਰਵਾਹ ਕਰ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਭਾਈ' ਦੀ ਪਦਵੀ ਸਮਾਨਤਾ ਦੀ ਬੁਨਿਆਦ ਹੈ। ਜਾਤ-ਪਾਤ ਦੀ ਬਿਨਾ ਤੇ ਘ੍ਰਿਣਾ ਕਰਨ ਨੂੰ ਗੁਰੂ ਜੀ ਨੇ ਬਹੁਤ ਖੰਡਨ ਕੀਤਾ ਹੈ—

(੧) ਫਕੜ ਜਾਤੀ ਫਕੜੁ ਨਾਉ ॥
ਸਭਨਾ ਜੀਆ ਇਕਾ ਛਾਉ ॥

[ਵਾਰ ਸ੍ਰੀ ਰਾਗ ਮ: ੧, ਪੰਨਾ ੮੩

(੨) ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥੧॥

[ਆਸਾ ਮ: ੧, ਪੰਨਾ ੩੪੯

ਗੁਰੂ ਜੀ ਨੇ ਜਨਮ ਕਰਕੇ ਜ਼ਾਤ ਨਹੀਂ ਮੰਨੀ। ਕਰਮ ਕਰਕੇ ਕੋਈ ਆਦਮੀ ਚੰਗਾ ਜਾਂ ਮੰਦਾ ਹੋ ਸਕਦਾ ਹੈ*। ਫਿਰ ਸਦੀਆਂ ਦੇ ਗਿਰੇ ਹੋਏ ਅਤੇ ਕੁਚਲੇ ਹੋਏ ਸ਼ੂਦਰਾਂ ਅਤੇ ਨੀਚਾਂ ਨੂੰ ਇਹ ਸੰਦੇਸ਼ ਦਿਤਾ ਹੈ—

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥ ੪ ॥ ੩ ॥

[ਸ੍ਰੀ ਰਾਗ ਮ: ੧, ਪੰਨਾ ੧੫

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੇ ਬੁਨਿਆਦੀ ਅਸੂਲਾਂ ਵਿਚ ਭਰਾਤ੍ਰੀ-ਭਾਵ ਤੇ ਮਨੁੱਖ ਮਾਤਰ ਦੀ ਸਮਾਨਤਾ ਰਖੀ ਹੈ। ਉਸ ਦੇ ਆਧਾਰ ਤੇ ਪਿਛੋਂ ਨੌਂ ਗੁਰੂਆਂ ਨੇ ਬੜਾ ਸ਼ਾਨਦਾਰ ਕੰਮ ਕੀਤਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪਿੰਡ ਦੇ ਨਾਈ, ਘੁੰਮਿਰ, ਲੁਹਾਰ ਤੇ ਹੋਰ ਕਈ ਕਹਿਣ ਮਾਤਰ ਛੋਟੀਆਂ ਜਾਤਾਂ ਦੇ ਆਦਮੀਆਂ ਨੂੰ ਮੁਖੀ ਸਿੱਖ ਬਣਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨੂੰ ਪ੍ਰਵਾਨ ਕੀਤਾ। ਪਰ ਤੀਸਰੇ ਪਾਤਸ਼ਾਹ ਦੇ ਸਮੇਂ ਤਕ ਸੰਗਤ ਪੰਗਤ ਦਾ ਮਸਲਾ ਬੜੀ ਮਹਾਨਤਾ ਰਖਦਾ ਸੀ। ਇਸ ਲਈ ਉਨ੍ਹਾਂ ਨੇ ਗੁਰੂ ਕੇ ਲੰਗਰ ਨੂੰ ਖਾਸ ਮਹਾਨਤਾ ਦਿੱਤੀ। ਸਭ ਨੂੰ ਇਕੋ ਪੰਗਤ ਵਿਚ ਪ੍ਰਸ਼ਾਦ ਛਕਣ ਦਾ ਹੁਕਮ ਦਿੱਤਾ। ਮਹਾਰਾਜ ਦਾ ਹੁਕਮ ਸੀ—'ਜੋ ਸਾਡੇ ਦਰਸ਼ਨ ਨੂੰ ਆਵੇ, ਉਹ ਪਹਿਲਾਂ ਲੰਗਰ ਵਿਚੋਂ ਪ੍ਰਸ਼ਾਦ ਛਕੇ।' ਇਸ ਹੁਕਮ ਦੇ ਵਿਰੁੱਧ ਜਾਤ-ਅਭਿਮਾਨੀ ਬ੍ਰਾਹਮਣਾਂ, ਖੱਤਰੀਆਂ ਅਤੇ ਮੁਤੱਸਬੀ ਮੁਸਲਮਾਨਾਂ ਨੇ ਲਾਹੌਰ ਜਾ ਕੇ ਅਕਬਰ ਦੇ ਦਰਬਾਰ ਵਿਚ ਸ਼ਿਕਾਇਤ ਕੀਤੀ ਕਿ ਗੁਰੂ ਅਮਰਦਾਸ ਜੀ ਮਰਯਾਦਾ ਨੂੰ ਤੋੜਦੇ ਹਨ। ਅਕਬਰ ਨੇ ਆਪ ਇਹ ਅਰਜ਼ੀ ਸੁਣੀ।

---

*ਉਤਮ ਔਰ ਚੰਡਾਲ ਘਰ ਇਕ ਦੀਪਕ ਉਜਿਆਰ।
ਤੁਲਸੀ ਮਤੇ ਪਤੰਗ ਕੇ ਸਭੀ ਜੋਤ ਇਕ ਸਾਰ।
(ਤੁਲਸੀ ਦਾਸ)

ਉਸ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਜਵਾਬ ਦੇਣ ਲਈ ਲਾਹੌਰ ਸਦਿਆ। ਮਹਾਰਾਜ ਆਪ ਨਾ ਗਏ ਅਤੇ ਆਪਣੀ ਥਾਂ ਸ੍ਰੀ ਗੁਰੂ ਰਾਮਦਾਸ ਜੀ ਨੂੰ ਲਾਹੌਰ ਭੇਜ ਦਿੱਤਾ। ਉਨ੍ਹਾਂ ਨੇ ਬੜੀ ਯੋਗਤਾ ਨਾਲ ਸਿੱਖੀ ਦਾ ਪੱਖ ਪੇਸ਼ ਕੀਤਾ, ਜਿਸ ਨੂੰ ਸੁਣ ਕੇ ਅਕਬਰ ਨੇ ਜਾਤ-ਅਭਿਮਾਨੀਆਂ ਦੀ ਅਰਜ਼ੀ ਖਾਰਜ ਕਰ ਦਿੱਤੀ।

ਇਤਿਹਾਸ ਦੱਸਦਾ ਹੈ ਕਿ ਇਕ ਵੇਰ ਅਕਬਰ ਗੁਰੂ ਜੀ ਦੇ ਦਰਸ਼ਨ ਕਰਨ ਲਈ ਗੋਇੰਦਵਾਲ ਆਇਆ। ਮਹਾਰਾਜ ਨੇ ਉਸ ਨੂੰ ਸੰਗਤ ਦੇ ਨਾਲ ਹੀ ਇਕੋ ਪੰਗਤ ਵਿਚ ਬਿਠਾ ਕੇ ਪ੍ਰਸ਼ਾਦ ਛਕਾਇਆ। ਤੀਸਰੇ ਪਾਤਸ਼ਾਹ ਨੇ ਅੱਲਾ ਸ਼ਾਹ ਪਠਾਣ ਭਲੇ ਨਿਵਾਸੀ ਘੋੜਿਆਂ ਦੇ ਸੁਦਾਗਰ ਨੂੰ ਸਿੱਖ ਬਣਾਇਆ। ਜਾਤ-ਪਾਤ ਤੋੜ ਕੇ ਭਾਈ ਸ਼ੀਂਹੇ ਉਪਲ ਦੀ ਲੜਕੀ ਦੀ ਸ਼ਾਦੀ ਪ੍ਰੇਮੇ ਨਾਲ ਕੀਤੀ, ਜੋ ਮਥੋ ਮੁਰਾਰੀ ਨਾਮ ਕਰਕੇ ਪ੍ਰਸਿੱਧ ਹੋਏ।

ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਵਸਾਇਆ। ਇਸ ਵਿਚ ਪਰ ਜ਼ਾਤਾਂ ਦੇ ਕਿਰਤੀ ਲੋਕ ਲਿਆ ਕੇ ਆਬਾਦ ਕੀਤੇ, ਅੰਮ੍ਰਿਤ ਸਰੋਵਰ ਬਣਾਇਆ, ਜਿਸ ਵਿਚ ਹਰੇਕ ਆਦਮੀ ਨੂੰ ਜਲ ਪੀਣ ਅਤੇ ਇਸ਼ਨਾਨ ਕਰਨ ਦੀ ਖੁੱਲ੍ਹ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੪੫ ਬਿ: ਵਿਚ ਅੰਮ੍ਰਿਤ ਸਰੋਵਰ ਦੇ ਵਿਚਕਾਰ ਹਰਿਮੰਦਰ ਬਣਾਇਆ, ਜਿਸ ਦੇ ਚਾਰ ਦਰਵਾਜ਼ੇ ਰਖੇ। ਜਿਸ ਦਾ ਭਾਵ ਇਹ ਸੀ ਕਿ ਚਹੁੰਆਂ ਵਰਨਾਂ ਦਾ ਜਾਂ ਚਹੁੰਆਂ ਦਿਸ਼ਾਂ ਦਾ ਕੋਈ ਆਦਮੀ ਆਵੇ, ਉਸ ਨੂੰ ਦਰਸ਼ਨ ਦੀ ਖੁੱਲ੍ਹ ਹੋਵੇਗੀ। ਹਰਿਮੰਦਰ ਸਿੱਖਾਂ ਦਾ ਸੀ, ਪਰ ਪੰਚਮ ਪਾਤਸ਼ਾਹ ਨੇ ਉਸ ਦੀ ਨੀਂਹ ਸਾਈਂ ਮੀਆਂ ਮੀਰ ਤੋਂ ਰਖਵਾਈ। ਇਹ ਮਜ਼੍ਹਬ ਦੇ ਇਤਿਹਾਸ ਵਿਚ ਖੁਲ੍ਹਦਿਲੀ ਦਾ ਕਮਾਲ ਹੈ।

ਸੰਮਤ ੧੬੪੭ ਬਿ: ਵਿਚ ਗੁਰੂ ਜੀ ਨੇ ਤਰਨ ਤਾਰਨ ਨਗਰ ਵਸਾਇਆ, ਜਿਥੇ ਸਰੋਵਰ ਤੇ ਹਰਿਮੰਦਰ ਬਣਾਇਆ। ਤਰਨ ਤਾਰਨ ਦਾ ਭਾਵ ਹੈ—ਜੋ ਤਰਨ ਲਈ ਆਵੇਗਾ, ਉਸ ਨੂੰ ਤਾਰੇਗਾ। ਤਰਨ ਤਾਰਨ ਵਚ ਵੀ ਹਰ ਆਦਮੀ ਨੂੰ ਖੁੱਲ੍ਹ ਕੀਤੀ। ਖਾਸ ਕਰ ਕੁਸ਼ਟੀਆਂ ਦੀ ਸੇਵਾ

ਲਈ ਇਹ ਤੀਰਥ ਬਣਾਇਆ। ਸੰਮਤ ੧੬੬੧ ਬਿ: ਵਿਚ ਪੰਚਮ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ। ਇਸ ਵਿਚ ਸ੍ਰੀ ਕਬੀਰ ਜੀ, ਨਾਮਦੇਵ, ਸ੍ਰੀ ਰਵਿਦਾਸ ਜੀ, ਸ਼ੇਖ ਫਰੀਦ ਆਦਿਕ ਭਗਤਾਂ ਦੀ ਬਾਣੀ ਦਰਜ ਕਰ ਕੇ ਆਤਮਕ ਏਕਤਾ ਤੇ ਬਰਾਬਰੀ ਦਾ ਇਕ ਅਸਚਰਜ ਸਬੂਤ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੀ ਰਚਨਾ ਕੋਈ ਨਹੀਂ ਮਿਲਦੀ।

ਛੇਵੇਂ ਪਾਤਸ਼ਾਹ ਨੇ ਵੀ ਜਾਤ-ਪਾਤ ਤੇ ਛੂਤ-ਛਾਤ ਨੂੰ ਮਿਟਾਇਆ ਹੈ। ਸੰਮਤ ੧੬੮੧ ਵਿਚ ਛੇਵੇਂ ਸਤਿਗੁਰੂ ਕਸ਼ਮੀਰ ਗਏ। ਇਸ ਦੌਰੇ ਵਿਚ ਆਪ ਨੇ ਮੰਟੂ ਭਾਈ ਕੇ ਜ਼ਿਲਾ ਗੁਜਰਾਂਵਾਲੇ ਵਿਚ ਹਰਿਗੋਬਿੰਦ ਤੇ ਮੀਰਪੁਰ ਤੋਂ ਪਰੇ ਚੌਮੁਖ ਵਿਖੇ ਬੀਰਮ ਦੱਤ ਬ੍ਰਾਹਮਣ ਨੂੰ ਸਿੱਖ ਬਣਾਇਆ। ਭਾਈ ਹਰਿਗੋਬਿੰਦ ਦੀ ਸੰਤਾਨ ਨੂੰ ਹੁਣ ਤੀਕ 'ਭਾਈ' ਕਹਿੰਦੇ ਹਨ। ਭਾਈ ਬੀਰਮ ਸ਼ਾਹ ਦੀ ਸੰਤਾਨ ਨੂੰ 'ਸ਼ਾਹ' ਕਰਕੇ ਪੁਕਾਰਦੇ ਹਨ। ਬਿਜੈ ਮੁਕਤ ਵਿਚ ਲਿਖਿਆ ਹੈ ਕਿ ਗੁਰੂ ਜੀ ਕਸ਼ਮੀਰ ਵਿਚ ਸਨ ਕਿ ੬ ਹਿੰਦੂ ਜੋ ਮੁਸਲਮਾਨ ਬਣ ਚੁੱਕੇ ਸਨ, ਆਪ ਦੀ ਸੇਵਾ ਵਿਚ ਹਾਜ਼ਰ ਹੋਏ। ਉਨ੍ਹਾਂ ਨੇ ਬੇਨਤੀ ਕੀਤੀ—'ਗੁਰਦੇਵ ! ਅਸੀਂ ਸਿੱਖ ਧਰਮ ਧਾਰਨ ਕਰਨਾ ਚਾਹੁੰਦੇ ਹਾਂ।' ਮਹਾਰਾਜ ਨੇ ਉਨ੍ਹਾਂ ਨੂੰ ਸਿੱਖ ਬਣਾਇਆ। 'ਦਬਿਸਤਾਨ ਮਜ਼ਾਹਿਬ' ਵਿਚ ਲਿਖਿਆ ਹੈ ਕਿ ਇਕ ਪੰਡਤ ਪ੍ਰਤਾਪ ਮੱਲ ਦਾ ਪੁੱਤਰ ਖਾਣ ਪੀਣ ਦੇ ਭਰਮ-ਭੇਦ ਤੇ ਛੂਤ-ਛਾਤ ਤੋਂ ਤੰਗ ਆ ਕੇ ਮੁਸਲਮਾਨ ਹੋਣ ਲੱਗਾ। ਗੁਰੂ ਜੀ ਨੇ ਉਸ ਨੂੰ ਉਪਦੇਸ਼ ਕੀਤਾ—'ਸਿੱਖ ਧਰਮ ਵਿਚ ਜਾਤ-ਪਾਤ ਤੇ ਛੂਤ-ਛਾਤ ਕੋਈ ਚੀਜ਼ ਨਹੀਂ।' ਇਹ ਉਪਦੇਸ਼ ਸੁਣ ਕੇ ਉਹ ਸਿੱਖ ਬਣ ਗਿਆ।

ਮੁਗਲ ਰਾਜ ਦੇ ਸਮੇਂ ਕਿਸੇ ਮੁਸਲਮਾਨ ਨੂੰ ਹਿੰਦੂ ਜਾਂ ਸਿੱਖ ਬਣਾਉਣਾ ਬਹੁਤ ਕਠਨ ਸੀ। ਛੇਵੇਂ ਪਾਤਸ਼ਾਹ ਨੇ ਕਸ਼ਮੀਰ ਵਿਚ ਕੱਟੂਸ਼ਾਹ ਲਾਹੌਰ ਦੇ ਕਾਜ਼ੀ ਰੁਸਤਮ ਖਾਂ ਦੀ ਲੜਕੀ ਕੌਲਾਂ, ਖ਼ਵਾਜਾ ਰੌਸ਼ਨ ਸ਼ਾਹ ਕਸ਼ਮੀਰੀ ਅਤੇ ਜਾਨੀ ਸ਼ਾਹ ਫ਼ਕੀਰ ਆਦਿਕ ਮੁਸਲਮਾਨਾਂ ਨੂੰ ਸਿੱਖ ਸੇਵਕ

ਬਣਾਇਆ ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਇਕ ਪੁਰਾਣੇ ਵਹਿਮ ਦਾ ਖੰਡਨ ਕੀਤਾ ਕਿ ਵੇਦ ਬਾਣੀ ਜਾਂ ਗੀਤਾ ਦਾ ਪਾਠ ਸਿਰਫ ਬ੍ਰਾਹਮਣ ਹੀ ਕਰ ਸਕਦਾ ਹੈ । ਪੰਜੋਖਰਾ ਜ਼ਿਲਾ ਅੰਬਾਲਾ ਵਿਚ ਇਕ ਪੰਡਤ ਨੇ ਗੁਰੂ ਸਾਹਿਬ ਤੇ ਪ੍ਰਸ਼ਨ ਕੀਤਾ—'ਆਪ ਦਾ ਨਾਂ ਹਰਿਕ੍ਰਿਸ਼ਨ ਹੈ । ਸ੍ਰੀ ਕ੍ਰਿਸ਼ਨ ਨੇ ਗੀਤਾ ਉਚਾਰਣ ਕੀਤੀ ਹੈ, ਆਪ ਵੀ ਗੀਤਾ ਸੁਣਾਓ ।' ਇਤਿਹਾਸ ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਇਕ ਛੱਜੂ ਨਾਮੇ ਝੀਵਰ ਤੇ ਕ੍ਰਿਪਾ-ਦ੍ਰਿਸ਼ਟੀ ਕਰ ਕੇ ਉਸ ਤੋਂ ਸਭਾ ਵਿਚ ਗੀਤਾ ਸੁਣਵਾਈ । ਇਹ ਸਾਬਤ ਕੀਤਾ ਕਿ ਸਿੱਖ ਸੰਗਤ ਵਿਚ ਇਕ ਝੀਵਰ ਵੀ ਉੱਤਮ ਗਿਆਨ ਕਥਨ ਕਰ ਸਕਦਾ ਹੈ ।

ਨੌਵੇਂ ਸਤਿਗੁਰੂ ਸੈਫ ਦੀਨ, ਸੈਫਾਬਾਦ (ਪਟਿਆਲਾ) ਨੂੰ ਸਿੱਖ ਕੀਤਾ । ਆਪ ਜਦ ਔਰੰਗਜ਼ੇਬ ਦੇ ਸੱਦਣ ਪਰ ਦਿੱਲੀ ਗਏ ਤਦ ਭਾਈ ਮਤੀ ਦਾਸ, ਭਾਈ ਗੁਰਦਿੱਤਾ, ਦਿਆਲੇ ਅਤੇ ਚੀਮੇ ਤੋਂ ਬਿਨਾਂ ਰਮਦਾਸ ਜ਼ਿਲਾ ਅੰਮ੍ਰਿਤਸਰ ਦਾ ਇਕ ਰੰਗਰੇਟਾ ਭਾਈ ਜੈਤਾ ਆਪ ਦੇ ਨਾਲ ਸੀ । ਗੁਰੂ ਜੀ ਦੇ ਸ਼ਹੀਦ ਹੋਣ ਪਰ ਚਾਂਦਨੀ ਚੌਕ ਦਿੱਲੀ ਵਿਚੋਂ ਸੀਸ ਲਿਆਉਣ ਦਾ ਮਾਣ ਉਸ ਨੂੰ ਪ੍ਰਾਪਤ ਹੋਇਆ । ਦਸਮ ਪਾਤਸ਼ਾਹ ਨੇ ਸ਼ਹੀਦ ਸਤਿਗੁਰੂ ਦਾ ਸੀਸ ਲਿਆਉਣ ਬਦਲੇ ਇਸ ਨੂੰ ਛਾਤੀ ਨਾਲ ਲਾ ਕੇ ਕਿਹਾ—'ਰੰਗਰੇਟਾ ਗੁਰੂ ਕਾ ਬੇਟਾ' । ਇਹ ਸੂਰਬੀਰ ਪੁਰਸ਼ ਪਿਛੋਂ ਅੰਮ੍ਰਿਤ ਛਕ ਕੇ ਭਾਈ ਜੀਵਨ ਸਿੰਘ ਨਾਮ ਤੋਂ ਪ੍ਰਸਿੱਧ ਹੋਇਆ । ਚਮਕੌਰ ਦੇ ਜੰਗ ਵਿਚ ਇਸ ਨੇ ਸ਼ਹੀਦੀ ਪ੍ਰਾਪਤ ਕੀਤੀ । ਚਮਕੌਰ ਵਿਚ ਭਾਈ ਜੀਵਨ ਸਿੰਘ ਦਾ ਸ਼ਹੀਦ ਗੰਜ ਬਣਿਆ ਹੋਇਆ ਹੈ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਦੀ ਚੋਣ ਕਰ ਕੇ ਉਨ੍ਹਾਂ ਨੂੰ ਇਕ ਬਾਟੇ ਵਿਚ ਅੰਮ੍ਰਿਤ ਛਕਾ ਕੇ ਸਮਾਨਤਾ ਦਾ ਅਸਚਰਜ ਸਬੂਤ ਦਿੱਤਾ । ਇਸ ਦੇ ਨਾਲ ਜਾਤ-ਪਾਤ, ਊਚ-ਨੀਚ ਤੇ ਇਲਾਕੇ-ਬੰਦੀ ਦੀ ਵੰਡ ਨੂੰ ਖ਼ਤਮ ਕਰ ਕੇ ਰਖ ਦਿੱਤਾ । ਪਿਆਰਿਆਂ ਦੀ ਚੋਣ ਸਮੇਂ ਆਪ ਨੇ ਫ਼ਰਮਾਇਆ—

ਨਾਮ ਗਰੀਬ ਨਿਵਾਜ ਹਮਾਰਾ ।
ਹੈ ਜਗ ਮੇਂ ਪ੍ਰਸਿਧ ਅਪਾਰਾ ।
ਹੋ ਸਫਲਾ ਜਗ ਮੈਂ ਤਬ ਥੋ ਹੈ ।
ਲਘੁ ਜਾਤਨ ਕੋ ਬਡ ਪਨ ਦੇ ਹੈ ।
ਜਿਨ ਕੀ ਜਾਤ ਔਰ ਕੁਲ ਮਾਹੀ ।
ਸਰਦਾਰੀ ਨਹਿ ਭਈ ਕਦਾਹੀਂ ।
ਕੀਟਨ ਤੇ ਇਨ ਕੋ ਮ੍ਰਿਗਿੰਦੂ ।
ਕਰੌਂ ਹਰਨ ਹਿਤ ਤੁਰਕ ਗਜਿੰਦੂ ।
ਇਨ ਹੀ ਕੋ ਸਰਦਾਰ ਬਨਾਵੇਂ ।
ਤਬੈ ਗੋਬਿੰਦ ਸਿੰਘ ਨਾਮ ਕਹਾਵੇਂ ।

ਪਹਿਲੇ ਸਤਿਗੁਰਾਂ ਦੇ ਵਕਤ ਸੰਗਤ ਤੇ ਪੰਗਤ ਦੀ ਏਕਤਾ ਸੀ । ਦਸਮ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਨੂੰ ਇਕ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਅਤੇ ਆਪ ਉਨ੍ਹਾਂ ਤੋਂ ਛਕ ਕੇ ਜ਼ਾਤ-ਪਾਤ ਅਤੇ ਛੂਤ-ਛਾਤ ਦੇ ਭਰਮ ਨੂੰ ਅਮਲੀ ਤੌਰ ਤੇ ਮਿਟਾ ਦਿੱਤਾ । ਅੰਮ੍ਰਿਤ ਛਕਾਉਣ ਦੇ ਬਾਅਦ ਕਲਗੀਧਰ ਨੇ ਜੋ ਉਪਦੇਸ਼ ਕੀਤਾ, ਉਸ ਦਾ ਸਾਰੰਸ਼ ਇਹ ਸੀ—'ਸਭ ਸਿੰਘ ਖਾਲਸਾ ਹਨ, ਕਿਰਤ-ਨਾਸ਼, ਕਰਮ-ਨਾਸ਼, ਕੁਲ-ਨਾਸ਼ ਅਤੇ ਪਿਛਲਾ ਧਰਮ ਨਾਸ਼ ਸਮਝਣਾ । ਭਾਵ ਇਹ ਸੀ ਕਿ ਕਿਰਤ ਦੀ ਘਿਨਾ ਤੇ ਕਿਸੇ ਨੂੰ ਨੀਵਾਂ ਨਹੀਂ ਸਮਝਣਾ । ਬਸ਼ਰਤੇ ਕਿ ਉਹ ਕਿਰਤ ਮਾੜੀ ਨਾ ਕਰਦਾ ਹੋਵੇ, ਜਿਸ ਨਾਲ ਸਮਾਜ ਵਿਚ ਬਦੀ ਫੈਲੇ । ਕਰਮਾਂ ਦੀ ਵੰਡ ਨਹੀਂ ਕਰਨੀ ਕਿ ਫਲਾਣੇ ਕਰਮ ਬ੍ਰਾਹਮਣ ਕਰੇ ਤੇ ਫਲਾਣੇ ਸ਼ੂਦਰ ਕਰੇ । ਕੁਲ ਅਭਿਮਾਨ ਨਹੀਂ ਕਰਨਾ । ਕਿਸੇ ਵਰਨ ਜਾਂ ਕਿਸੇ ਮਜ਼੍ਹਬ ਦਾ ਕੋਈ ਆਦਮੀ ਜੋ ਸਿੱਖ ਧਰਮ ਧਾਰਨ ਕਰਦਾ ਹੈ, ਉਸ ਨੂੰ ਗੁਰਭਾਈ ਸਮਝਣਾ ।

ਦਸਮ ਪਾਤਸ਼ਾਹ ਨੇ ੧੭੬੧ ਬਿ: ਵਿਚ ਮਾਲਵੇ ਦੇ ਸੱਯਦ ਮਹਿਮੀ ਸ਼ਾਹ ਨੂੰ ਭਾਈ ਮਾਨ ਸਿੰਘ ਜੀ ਤੋਂ ਅੰਮ੍ਰਿਤ ਛਕਵਾ ਕੇ ਸਿੰਘ ਸਜਾਇਆ । ਭਾਈ ਸੰਤੋਖ ਸਿੰਘ ਲਿਖਦੇ ਹਨ—

ਸ੍ਰੀ ਮੁਖ ਕੈ ਤਬ ਨਾਮ ਉਚਰਯੋ ।
ਸੁਭ ਅਜਮੇਰ ਸਿੰਘ ਤਹਿ ਧਰਯੋ ।

ਸਾਬੋ ਕੀ ਤਲਵੰਡੀ ਵਿਚ ਭਾਈ ਬੀਰ ਸਿੰਘ ਰੰਘਰੇਟੇ ਦੀ ਛਾਤੀ ਦੇ ਮੁਕਾਬਲੇ ਤੇ ਦੁਨਾਲੀ ਬੰਦੂਕ ਨਾਲ ਪ੍ਰੀਖਿਆ ਕੀਤੀ । ਦਸ਼ਮ ਪਾਤਸ਼ਾਹ ਦੀ ਕ੍ਰਿਪਾ ਨਾਲ ਭਾਈ ਬੀਰ ਸਿੰਘ ਪ੍ਰਸਿੱਧ ਸੂਰਮਾ ਹੋਇਆ । ਭਾਈ ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਦੇ ਹਨ ਕਿ ਬਾਰਾਂ ਮਿਸਲਾਂ ਦੇ ਸਮੇਂ ਭਾਈ ਬੀਰ ਸਿੰਘ ਨਿਸ਼ਾਨ ਸਾਹਿਬ, ਘੋੜ ਸਵਾਰ ਤੇ ਤੋਪਾਂ ਲੈ ਕੇ ਖ਼ਾਲਸਾ ਦਲ ਦੇ ਨਾਲ ਚੜ੍ਹਦਾ ਸੀ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਰਨਾਂ ਦੀ ਵੰਡ ਨੂੰ ਖ਼ਤਮ ਕਰ ਦਿੱਤਾ । ਜਾਤ-ਪਾਤ ਅਤੇ ਛੂਤ-ਛਾਤ ਦੀ ਜੜ੍ਹ ਸਿਮ੍ਰਤੀ ਸੀ, ਉਸ ਤੋਂ ਇਨਕਾਰ ਕੀਤਾ । ਆਪ ਨੇ ਸਿਮ੍ਰਤੀ ਬਾਰੇ ਕਿਹਾ —

ਜੋ ਸਿਮ੍ਰਿਤਿਨ ਕੇ ਭਏ ਅਨੁਰਾਗੀ ।
ਤਿਨ ਤਿਨ ਕ੍ਰਿਯਾ ਬ੍ਰਹਮ ਕੀ ਤਯਾਗੀ ।
ਜਿਨ ਮਨ ਹਰਿ ਚਰਨਨ ਠਹਿਰਾਯੋ ।
ਸੋ ਸਿਮ੍ਰਿਤਿਨ ਕੇ ਰਾਹ ਨ ਆਯੋ ।

ਭਾਵ ਇਹ ਸੀ ਕਿ ਸਮੇਂ ਅਤੇ ਲੋੜ ਅਨੁਸਾਰ ਸਮਾਜਕ ਨਿਯਮ ਬਦਲੇ ਜਾ ਸਕਦੇ ਹਨ ਤੇ ਸਿਮਰਤੀ ਦਾ ਰਾਹ ਬਦਲਿਆ ਜਾ ਸਕਦਾ ਹੈ ।

ਹਿੰਦੁਸਤਾਨ ਵਿਚ ਬੁੱਧ ਧਰਮ ਨੇ ਜਾਤ-ਪਾਤ ਤੋਂ ਇਨਕਾਰ ਅਤੇ ਛੂਤ-ਛਾਤ ਨੂੰ ਮਿਟਾਉਣ ਦਾ ਜਤਨ ਕੀਤਾ । ਪਰ ਨਾਸਤਕ ਵਾਦ ਦੇ ਕਾਰਨ ਬੁੱਧ ਮੱਤ ਸ਼ੰਕਰ ਦੇ ਸਾਹਮਣੇ ਨਾ ਟਿਕ ਸਕਿਆ । ਅਹਿੰਸਾ ਦੇ ਕਾਰਨ ਬਾਹਰਲੇ ਜਰਵਾਣਿਆਂ ਦੇ ਹਮਲਿਆਂ ਦਾ ਟਾਕਰਾ ਨਾ ਕਰ ਸਕਿਆ । ਉਸ ਹਾਲਤ ਵਿਚ ਬੁੱਧ ਮੱਤ ਹਿੰਦੁਸਤਾਨ ਵਿਚੋਂ ਕੱਢ ਦਿੱਤਾ ਗਿਆ । ਇਸ ਦੇ ਨਾਲ ਹੀ ਜਾਤ-ਪਾਤ ਤੇ ਵਰਨਾਂ ਦੀ ਵੰਡ ਦਾ ਖ਼ਿਆਲ ਫਿਰ ਸੁਰਜੀਤ ਹੋ ਗਿਆ । ਛੂਤ-ਛਾਤ ਅਗੇ ਨਾਲੋਂ ਵਧ ਗਈ । ਖੱਤ੍ਰੀਆਂ ਵਿਚ ੯੫੦ ਅਤੇ ਬ੍ਰਾਹਮਣਾਂ ਵਿਚ ੨੦੦ ਜਾਤਾਂ ਬਣ ਗਈਆਂ । 'ਅੱਨ

ਪੂਰਬੀਏ ਨੌਂ ਚੁੱਲ੍ਹੇ ਵਾਲੀ ਹਾਲਤ ਬਣ ਗਈ। ਇਸ ਦਾ ਫਲ ਇਹ ਹੋਇਆ ਕਿ ਸਾਡੀ ਏਕਤਾ ਨਸ਼ਟ ਹੋ ਗਈ। ਕੌਮੀ ਆਚਰਣ ਕਮਜ਼ੋਰ ਹੋ ਗਿਆ। ਵਿਦਿਆ ਤੇ ਹੁਨਰ ਕੁਝ ਆਦਮੀਆਂ ਤਕ ਸੀਮਤ ਹੋ ਗਏ। ਦੇਸ਼ ਗੁਲਾਮ ਹੋ ਗਿਆ। ਸੂਦਰ ਉੱਚੀਆਂ ਜ਼ਾਤਾਂ ਦੇ ਅਧੀਨ ਸਨ, ਉਨ੍ਹਾਂ ਵਿਚੋਂ ਬਹੁਤ ਸਾਰੇ ਮੁਸਲਮਾਨ ਹੋ ਗਏ। ਉਨ੍ਹਾਂ ਨੇ ਬਾਹਰੋਂ ਆਏ ਹੋਏ ਹਾਕਮਾਂ ਦੀ ਪਰ-ਅਧੀਨਤਾ ਪ੍ਰਵਾਨ ਕਰ ਲਈ। ਦੱਖਣ ਵਿਚ ਈਸਾਈਅਤ ਦਾ ਪ੍ਰਚਾਰ ਵੀ ਜ਼ਾਤ-ਪਾਤ ਕਰਕੇ ਹੋਇਆ।

ਸਮਾਜ ਵਿਚ ਕੁਝ ਆਦਮੀ ਦਿਮਾਗੀ ਤੌਰ ਤੇ ਬਹੁਤ ਉਚੇ ਤੇ ਬਾਕੀ ਦੇ ਬਹੁਤ ਨੀਵੇਂ ਰਹਿ ਗਏ ਸਨ। ਬਾਗ਼ ਦੇ ਕੁਝ ਬੂਟਿਆਂ ਨੂੰ ਬਹੁਤ ਸਾਰਾ ਪਾਣੀ ਮਿਲਦਾ ਸੀ, ਬਾਕੀ ਬਹੁਤ ਸਾਰੇ ਸੁਕੇ ਪਏ ਸਨ। ਹਿੰਦੁਸਤਾਨ ਵਿਚ ਇਹ ਮਸਲਾ ਬਹੁਤ ਹੀ ਕੌੜਾ ਸੀ। ਸਿੱਖ ਧਰਮ ਨੇ ਇਸ ਨੂੰ ਕਾਫੀ ਮਿਟਾਇਆ। ਪਰ ਫਿਰ ਵੀ ਪੁਰਾਣੇ ਸੰਸਕਾਰਾਂ ਅਤੇ ਆਲੇ ਦੁਆਲੇ ਦੇ ਪ੍ਰਭਾਵਾਂ ਦੇ ਕਾਰਨ ਜ਼ਾਤ-ਪਾਤ ਤੇ ਛੂਤ-ਛਾਤ ਦੀ ਖਰਾਬੀ ਸਿੱਖਾਂ ਵਿਚ ਵੀ ਆ ਗਈ। ਉਸ ਨੂੰ ਸਿੰਘ ਸਭਾ ਅਤੇ ਅਕਾਲੀ ਲਹਿਰ ਨੇ ਖਤਮ ਕਰ ਦਿੱਤਾ ਹੈ। ਅਜ ਸਿੱਖ ਗੁਰਦੁਆਰੇ, ਲੰਗਰ, ਕਾਲਜ, ਸਕੂਲ ਮਨੁੱਖ ਮਾਤਰ ਲਈ ਖੁੱਲ੍ਹੇ ਹਨ। ਅਖੌਤੀ ਅਛੂਤ ਜਾਤੀਆਂ ਦੇ ਸਿੰਘ ਸਭ ਸੰਸਥਾਵਾਂ ਵਿਚ ਕੰਮ ਕਰਦੇ ਸਨ।

ਸੰਨ ੧੯੪੭ ਵਿਚ ਭਾਰਤ ਅਜ਼ਾਦ ਹੋਇਆ। ਸਾਡੀ ਰਾਜ ਬਣਤਰ ਵਿਚ ਛੂਤ-ਛਾਤ ਨੂੰ ਜੁਰਮ ਕਰਾਰ ਦੇ ਕੇ ਖਤਮ ਕੀਤਾ ਗਿਆ ਹੈ।

ਪੁਰਾਤਨ ਸਮੇਂ ਦੇ ਹਿੰਦੂਆਂ ਵਿਚ ਜ਼ਾਤ-ਪਾਤ ਦਾ ਮਸਲਾ ਸੀ। ਮੁਸਲਮਾਨਾਂ ਦੇ ਮਜ਼੍ਹਬੀ ਨਫਰਤ ਨੂੰ ਪ੍ਰਚਾਰਿਆ ਸੀ। ਗੁਰੂ ਸਾਹਿਬਾਨ ਨੇ ਸੰਗਤ, ਪੰਗਤ, ਗੁਰਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਤੇ ਅੰਮ੍ਰਿਤ ਛਕਾਣ ਸਮੇਂ ਹਰ ਤਰ੍ਹਾਂ ਦੇ ਤੁਅੱਸਬ ਨੂੰ ਖਤਮ ਕੀਤਾ। ਸਾਰੇ ਮਨੁੱਖਾਂ ਨੂੰ ਭਾਈ, ਸਾਂਝੀਵਾਲ ਤੇ ਬਰਾਬਰ ਮੰਨਿਆ।

ਪੁਰਾਤਨ ਮਜ਼੍ਹਬ ਵਿਚ ਇਹ ਖਿਆਲ ਸੀ ਕਿ ਸ੍ਰੀ ਕਬੀਰ,

ਰਵਿਦਾਸ, ਨਾਮਦੇਵ ਆਦਿਕ ਨੀਚ ਜਾਤਾਂ ਦੇ ਪੁਰਸ਼ ਭਗਤੀ ਕਰ ਕੇ ਉੱਚੇ ਹੋਏ ਹਨ। ਸਿੱਖ ਧਰਮ ਨੇ ਦੱਸਿਆ ਕਿ ਭਗਤੀ ਜੋ ਵੀ ਕਰੇ, ਉਹੀ ਉਚਾ ਹੈ, ਜੋ ਨਾ ਕਰੇ ਉਹ ਨੀਵਾਂ ਹੈ ਪਰ ਜਨਮ ਕਰਕੇ ਕੋਈ ਨੀਚ ਨਹੀਂ ਮਨੁੱਖਤਾ ਕਰਕੇ ਸਾਰੇ ਬਰਾਬਰ ਹਨ। ਦਸਮ ਪਾਤਸ਼ਾਹ ਫੁਰਮਾਉਂਦੇ ਹਨ—

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥

ਸਿੱਖੀ ਨੇ ਨਸਲੀ ਕੌਮੀ, ਮਜ਼੍ਹਬੀ ਤੇ ਆਰਥਿਕ ਬੰਧਨ ਤੋੜ ਕੇ ਮਨੁੱਖ ਮਾਤਰ ਨੂੰ ਭਰਾਤ੍ਰੀ ਭਾਵ, ਸਮਾਨਤਾ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। **ਏਕ ਪਿਤਾ ਏਕਸ ਕੇ ਹਮ ਬਾਰਿਕ** ਦਾ ਵਾਕ ਇਸ ਦੀ ਸੋਚ ਹੈ।[1]

---

੧. ਇਸ ਵਿਸ਼ੇ ਤੇ ਵਧੇਰੇ ਜਾਣਨ ਲਈ ਇਸੇ ਕਲਮ ਦੀ ਲਿਖਤ 'ਜ਼ਾਤ-ਪਾਤ ਤੇ ਛੂਤ-ਛਾਤ ਸਬੰਧੀ ਗੁਰਮਤਿ ਸਿਧਾਂਤ' ਪੜ੍ਹੋ।

੧੫

ਸੇਵਾ

ਸੇਵਾ ਸਿੱਖ ਧਰਮ ਦਾ ਮੁੱਖ ਅੰਗ ਹੈ। ਇਹ ਸ਼ਖਸੀ ਤੇ ਪੰਥਕ ਰਹਿਤ ਦੋਹਾਂ ਵਿਚ ਸ਼ਾਮਲ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ;

ਵਿਚਿ ਦੁਨੀਆ ਸੇਵ ਕਮਾਈਐ ।
ਤਾ ਦਰਗਹ ਬੈਸਣੁ ਪਾਈਐ ॥

[ਸਿਰੀ ਰਾਗ, ਪੰਨਾ ੨੬

ਭਾਵ—ਵਾਹਿਗੁਰੂ ਦੀ ਦਰਗਾਹ ਵਿਚ ਸੇਵਾ ਨਾਲ ਹੀ ਪ੍ਰਵਾਨ ਹੋਈਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਕਹਿੰਦੇ ਹਨ—

ਹਸਤੀ ਸਿਰਿ ਜਿਉ ਅੰਕਸੁ ਹੈ,
ਅਹਰਣਿ ਜਿਉ ਸਿਰ ਦੇਇ ॥
ਮਨੁ ਤਨੁ ਆਗੈ ਰਾਖਿ ਕੈ,
ਊਭੀ ਸੇਵ ਕਰੇਇ ॥

[ਸੋਰਠਿ ਵਾਰ

ਜਿਸ ਤਰ੍ਹਾਂ ਹਾਥੀ ਦੇ ਸਿਰ ਵਿਚ ਅੰਕਸ ਵਜਦਾ ਹੈ ਅਤੇ ਅਹਿਰਣ ਤੇ ਵਦਾਨ ਪੈਂਦਾ ਹੈ, ਪਰ ਦੋਵੇਂ ਅੰਕਸ ਤੇ ਵਦਾਨ ਸਹਾਰ ਕੇ ਭੀ ਕੰਮ ਕਰੀ ਜਾਂਦੇ ਹਨ, ਇਸੇ ਤਰ੍ਹਾਂ ਸੱਚਾ ਸੇਵਕ ਕਸ਼ਟ ਵਿਚ ਪੈ ਕੇ ਵੀ ਸਭ ਤੋਂ ਉੱਚੀ (ਊਭੀ) ਸੇਵਾ ਕਰਦਾ ਹੈ।

ਸੇਵਾ ਕਈ ਤਰ੍ਹਾਂ ਦੀ ਹੈ—

(੧) ਵਾਹਿਗੁਰੂ ਦੀ ।

(੨) ਗੁਰੂ ਦੀ।

(੩) ਸੰਗਤ ਦੀ ਸੇਵਾ।

(੪) ਮਾਤਾ ਪਿਤਾ ਤੇ ਸਬੰਧੀਆਂ ਦੀ।

(੫) ਦੇਸ਼ ਅਤੇ ਜਾਤੀ ਦੀ ਸੇਵਾ।

(੬) ਮਨੁੱਖ ਮਾਤਰ ਤੇ ਪ੍ਰਾਣੀ ਮਾਤਰ ਦੀ।

ਸੇਵਾ ਲਈ ਪ੍ਰੇਰਨਾ ਦੇਣ ਵਾਲੇ ਕਾਰਨ ਇਹ ਹਨ—

(੧) ਸ਼ਰਧਾ ਭਗਤੀ—ਇਸ ਨਾਲ ਗੁਰੂ, ਸੰਗਤ, ਸੰਤ, ਮਹਾਤਮਾ ਆਦਿਕ ਦੀ ਸੇਵਾ ਕੀਤੀ ਜਾਂਦੀ ਹੈ।

(੨) ਵਫ਼ਾਦਾਰੀ ਅਤੇ ਸਤਿਕਾਰ—ਇਸ ਨਾਲ ਮਾਤਾ ਪਿਤਾ, ਉਮਰਾਦਾ ਜਾਂ ਕਿਸੇ ਬਜ਼ੁਰਗ ਦੀ ਸੇਵਾ ਕਰੀਦੀ ਹੈ।

(੩) ਮੋਹ ਜਾਂ ਪਿਆਰ—ਇਸ ਨਾਲ ਇਸਤ੍ਰੀ, ਪੁੱਤਰ, ਮਿੱਤਰ ਅਤੇ ਸਨੇਹੀਆਂ ਦੀ ਸੇਵਾ ਹੁੰਦੀ ਹੈ।

(੪) ਲਾਲਚ ਕਰਕੇ ਮਾਲਕ ਦੀ ਜਾਂ ਅਜਿਹੇ ਪੁਰਸ਼ ਦੀ ਸੇਵਾ ਕੀਤੀ ਜਾਂਦੀ ਹੈ, ਜਿਸ ਤੋਂ ਕੁਝ ਪ੍ਰਾਪਤ ਹੋਵੇ।

(੫) ਕਿਸੇ ਮਨੁੱਖ ਜਾਂ ਜਾਨਵਰ ਨੂੰ ਦੁਖੀ ਦੇਖ ਕੇ ਦਇਆ ਅਤੇ ਤਰਸ ਖਾ ਕੇ ਉਸ ਦੀ ਸੇਵਾ ਕੀਤੀ ਜਾਂਦੀ ਹੈ।

(੬) ਦੂਜਿਆਂ ਦੇ ਭਲੇ ਤੇ ਉਪਕਾਰ ਲਈ ਦੇਸ਼ ਅਤੇ ਕੌਮ ਦੀ ਸੇਵਾ ਕੀਤੀ ਜਾਂਦੀ ਹੈ।

(੭) ਨਿਸ਼ਕਾਮ ਸੇਵਾ—ਇਹ ਬਹੁਤ ਉੱਚੇ ਪੁਰਸ਼ ਕਰਦੇ ਹਨ। ਮਨੁੱਖ ਮਾਤਰ ਦੇ ਭਲੇ ਨਿਸ਼ਕਾਮ ਹੋ ਕੇ ਕੀਤੀ ਹੋਈ ਸੇਵਾ ਹੀ ਗੁਰੂ ਤੇ ਸ੍ਰੀ ਵਾਹਿਗੁਰੂ ਦੀ ਸੇਵਾ ਕਹੀ ਜਾ ਸਕਦੀ ਹੈ।

ਸੇਵਾ ਨਾਲ ਸਰੀਰ ਅਤੇ ਮਨ ਦੋਵੇਂ ਪਵਿੱਤਰ ਹੁੰਦੇ ਹਨ। ਸਿੱਖ ਧਰਮ ਵਿਚ ਭਗਤੀ ਅਤੇ ਸੇਵਾ ਮੁਕਤੀ ਦੇ ਸਾਧਨ ਮੰਨੇ ਗਏ ਹਨ। ਸੇਵਾ ਆਤਮਕ ਉੱਨਤੀ ਦੀ ਇਕ ਪਉੜੀ ਮੰਨੀ ਹੈ। ਇਹ ਜੀਵਨ ਨੂੰ ਸਫਲ ਬਣਾਉਂਦੀ ਹੈ ਅਤੇ ਰਸ ਪੈਦਾ ਕਰਦੀ ਹੈ। ਸਿੱਖੀ ਵਿਚ ਸਭ ਤੋਂ ਉੱਚੀ

ਸੇਵਾ ਗੁਰੂ, ਸਾਧ ਸੰਗਤ ਤੇ ਪ੍ਰਮੇਸ਼ਵਰ ਦੀ ਮੰਨੀ ਹੈ। ਵਫਾਦਾਰੀ ਜਾਂ ਸਤਿਕਾਰ ਦੇ ਜਜ਼ਬੇ ਨਾਲ ਮਾਤਾ ਪਿਤਾ ਜੀ ਜੋ ਸੇਵਾ ਕੀਤੀ ਜਾਂਦੀ ਹੈ, ਉਹ ਇਕ ਇਖਲਾਕੀ ਫਰਜ਼ ਹੈ। ਲਾਲਚ ਕਰਕੇ ਕੀਤੀ ਹੋਈ ਸੇਵਾ ਨੌਕਰੀ ਜਾਂ ਚਾਕਰੀ ਹੁੰਦੀ ਹੈ। ਇਹ ਕੇਵਲ ਸਵਾਰਥ ਲਈ ਹੈ। ਗੁਰੂ ਤੇ ਵਾਹਿਗੁਰੂ ਦੀ ਸੇਵਾ ਮਨੁੱਖ ਮਾਤਰ ਵਿਚ ਵਾਹਿਗੁਰੂ ਦੀ ਜੋਤਿ ਸਮਝ ਕੇ ਸਭ ਦੀ ਸੇਵਾ ਕਰਨੀ ਬਹੁਤ ਆਦਰਸ਼ਕ ਹੈ।

ਸ੍ਰੀ ਕਬੀਰ ਜੀ ਦਾ ਕਥਨ ਹੈ—

ਕਬੀਰ ਸੇਵਾ ਕਉ ਦੁਇ ਭਲੇ
ਏਕੁ ਸੰਤੁ ਇਕੁ ਰਾਮੁ ॥
ਰਾਮੁ ਜੁ ਦਾਤਾ ਮੁਕਤਿ ਕੋ
ਸੰਤੁ ਜਪਾਵੈ ਨਾਮੁ ॥੧੬੪॥

[ਪੰਨਾ ੧੩੭੩

ਗੁਰਬਾਣੀ ਦਾ ਵਾਕ ਹੈ—

ਗੁਰ ਸੇਵਾ ਤੇ ਭਗਤਿ ਕਮਾਈ ॥
ਤਬ ਇਹ ਮਾਨਸ ਦੇਹੀ ਪਾਈ ॥

[ਪੰਨਾ ੧੧੫੯

ਭਗਤੀ ਤੇ ਗੁਰੂ ਦੀ ਸੇਵਾ ਕੀਤੀ, ਤਦ ਸਹੀ ਅਰਥਾਂ ਵਿਚ ਮਨੁੱਖ ਦੇਹੀ ਪ੍ਰਾਪਤ ਹੋਈ। ਇਸ ਤੋਂ ਬਿਨਾਂ ਜਨਮ ਲੈ ਕੇ ਵੀ ਮਨੁੱਖਤਾ ਨਹੀਂ ਪ੍ਰਾਪਤ ਹੁੰਦੀ। ਤੀਸਰੀ ਪਾਤਸ਼ਾਹੀ ਕਹਿੰਦੇ ਹਨ—

ਸਤਿਗੁਰ ਕੀ ਸੇਵਾ ਸਫਲੁ ਹੈ
ਜੇ ਕੋ ਕਰੇ ਚਿਤੁ ਲਾਇ ॥
ਮਨਿ ਚਿੰਦਿਆ ਫਲੁ ਪਾਵਣਾ
ਹਉਮੈ ਵਿਚਹੁ ਜਾਇ ॥
ਬੰਧਨ ਤੋੜੈ ਮੁਕਤਿ ਹੋਇ
ਸਚੇ ਰਹੈ ਸਮਾਇ ॥

ਇਸੁ ਜਗ ਮਹਿ ਨਾਮੁ ਅਲਭੁ ਹੈ
ਗੁਰਮੁਖਿ ਵਸੈ ਮਨ ਆਇ ॥
ਨਾਨਕ ਜੋ ਗੁਰੁ ਸੇਵਹਿ ਆਪਣਾ
ਹਉ ਤਿਨ ਬਲਿਹਾਰੈ ਜਾਉ ॥੧॥

[ਵਾਰ ਸੋਰਠ, ਪੰਨਾ ੬੪੪

ਗੁਰ ਸੇਵਾ ਤੇ ਸੁਖੁ ਊਪਜੈ
ਫਿਰਿ ਦੁਖੁ ਨ ਲਗੈ ਆਇ ॥
ਜੰਮਣੁ ਮਰਣਾ ਮਿਟਿ ਗਇਆ
ਕਾਲੈ ਕਾ ਕਿਛੁ ਨ ਬਸਾਇ ॥
ਹਰਿ ਸੇਤੀ ਮਨੁ ਰਵਿ ਰਹਿਆ
ਸਚੇ ਰਹਿਆ ਸਮਾਇ ॥
ਨਾਨਕ ਹਉ ਬਲਿਹਾਰੀ ਤਿੰਨ ਕਉ
ਜੋ ਚਲਨਿ ਸਤਿਗੁਰ ਭਾਇ ॥੧॥

[ਬਿਲਾਵਲ ਮ: ੩, ਪੰਨਾ ੬੫੧

ਇਨ੍ਹਾਂ ਮਹਾਨ ਵਾਕਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖ ਧਰਮ ਵਿਚ ਸੇਵਾ ਦਵਾਰਾ ਨਾਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਜਨਮ ਸਫਲ ਹੁੰਦਾ ਹੈ। ਜਨਮ ਮਰਨ ਦੇ ਬੰਧਨ ਕੱਟੇ ਜਾਂਦੇ ਹਨ। ਮੌਤ ਦਾ ਡਰ ਚੁੱਕ ਜਾਂਦਾ ਹੈ। ਮਨੁੱਖ ਸ੍ਰੀ ਵਾਹਿਗੁਰੂ ਵਿਚ ਲੀਨ ਹੋ ਜਾਂਦਾ ਹੈ। ਪੰਚਮ ਪਾਤਸ਼ਾਹ ਫੁਰ-ਮਾਉਂਦੇ ਹਨ—

ਕਰੋੜਿ ਹਸਤ ਤੇਰੀ ਟਹਲ ਕਮਾਵਹਿ,
ਚਰਣ ਚਲਹਿ ਪ੍ਰਭ ਮਾਰਗਿ ਰਾਮ ॥
ਭਵ ਸਾਗਰ ਨਾਵ ਹਰਿ ਸੇਵਾ,
ਜੋ ਚੜੈ ਤਿਸੁ ਤਾਰਗਿ ਰਾਮ ॥

[ਰਾਗ ਸੂਹੀ, ਪੰਨਾ ੭੮੧

ਹੇ ਵਾਹਿਗੁਰੂ ! ਕ੍ਰੋੜਾਂ ਹਥ ਦੇ, ਜਿਨ੍ਹਾਂ ਨਾਲ ਤੇਰੀ ਸੇਵਾ ਕਰੀਏ,

ਅਨੇਕ ਚਰਨ ਦੇ, ਤੇਰੇ ਮਾਰਗ ਤੇ ਚਲੀਏ। ਸੰਸਾਰ ਸਾਗਰ ਵਿਚ ਹਰੀ ਦੀ ਸੇਵਾ ਇਕ ਬੇੜੀ ਹੈ, ਜੋ ਤਾਰ ਸਕਦੀ ਹੈ।

ਭਾਈ ਗੁਰਦਾਸ ਜੀ ਲਿਖਦੇ ਹਨ—

ਗੁਰਮੁਖਿ ਹਥਿ ਸਕਥ ਹਨਿ ਸਾਧ ਸੰਗਤਿ ਗੁਰ ਕਾਰ ਕਮਾਵੈ। ਪਾਣੀ ਪਖਾ ਪੀਹਣਾ ਪੈਰ ਧੋਇ ਚਰਣਾਮਤੁ ਪਾਵੈ। ਗੁਰਬਾਣੀ ਲਿਖਿ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੈ। ਨਮਸਕਾਰ ਡੰਡਉਤ ਕਰਿ ਗੁਰਭਾਈ ਗਲ ਮਿਲਿ ਗਲਿ ਲਾਵੈ। ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ। ਪਾਰਸੁ ਪਰਸਿ ਅਪਰਸਿ ਹੋਇ ਪਰ ਤਨ ਪਰ ਧਨ ਹਥੁ ਨ ਲਾਵੈ। ਗੁਰਸਿਖ ਗੁਰਸਿਖ ਪੂਜ ਕੈ ਭਾਇ ਭਗਤਿ ਭਾਣਾ ਭਾਵੈ। ਆਪੁ ਗਵਾਇ ਨ ਆਪ ਗਣਾਵੈ ॥੧੧॥

[ਵਾਰ ੬, ਪਉੜੀ ੧੧

ਗੁਰਮੁਖਿ ਪੈਰ ਸਕਾਰਥੇ ਗੁਰਮੁਖਿ ਮਾਰਗਿ ਚਾਲ ਚਲੰਦੇ। ਗੁਰੂ ਦੁਆਰ ਜਾਨਿ ਚਲਿ ਸਾਧ ਸੰਗਤਿ ਚਲਿ ਜਾਇ ਬਹੰਦੇ। ਧਾਵਨ ਪਰਉਪਕਾਰ ਨੋ ਗੁਰਸਿਖਾ ਨੋ ਖੋਜਿ ਲਹੰਦੇ। ਦੁਬਿਧਾ ਪੰਥਿ ਨ ਧਾਵਨੀ, ਮਾਇਆ ਵਿਚ ਉਦਾਸੁ ਰਹੰਦੇ। ਬੰਦਿ ਖਲਾਸੀ ਬੰਦਗੀ ਵਿਰਲੇ ਕੇਈ ਹੁਕਮੀ ਬੰਦੇ। ਗੁਰਸਿਖ ਪਰਦਖਣਾਂ ਪੈਰੀਂ ਪੈ ਰਹਰਾਸਿ ਕਰੰਦੇ। ਗੁਰ ਚੇਲੇ ਪਰਚੈ ਪਰਚੰਦੇ ॥੧੩॥

[ਵਾਰ ੬, ਪਉੜੀ ੧੩

ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ।

[ਵਾਰ ੨੭, ਪਉੜੀ ੧੨

ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਸੱਚੀ ਗੁਰੂ ਸੇਵਾ ਵਿਚ ਕਮਾਲ ਕਰ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ

ਸ੍ਰੀ ਲਹਿਣਾ ਜੀ ਦੀਆਂ ੧੨ ਪ੍ਰੀਖਿਆਂ ਸੇਵਾ ਦੇ ਰੂਪ ਵਿਚ ਲੀਤੀਆਂ ਪਰ ਆਪ ਉਹਨਾਂ ਵਿਚ ਪਾਸ ਹੋਏ। ਤੀਸਰੀ ਪਾਤਸ਼ਾਹੀ ਨੇ ਬੜਾ ਪਵਿੱਤਰ ਜੀਵਨ ਗੁਜ਼ਾਰਨ ਅਤੇ ਤੀਰਥਾਂ ਦੀ ਯਾਤਰਾ ਦੇ ਬਾਅਦ ਗੁਰੂ ਦੀ ਸੇਵਾ ਪ੍ਰਾਪਤ ਕੀਤੀ। ਇਸ ਨੇ ਆਪ ਦੇ ਜੀਵਨ ਵਿਚ ਇਕ ਅਸਚਰਜ ਰਸ ਪੈਦਾ ਕਰ ਦਿੱਤਾ। ਬਿਰਧ ਅਵਸਥਾ ਵਿਚ ਬਿਆਸਾ ਵਿਚੋਂ ਰੋਜ਼ ਅੰਮ੍ਰਿਤ ਵੇਲੇ ਸ੍ਰੀ ਗੁਰੂ ਅੰਗਦ ਦੇਵ ਦੇ ਇਸ਼ਨਾਨ ਲਈ ਜਲ ਲਿਆਉਣਾ, ਲੰਗਰ ਦੀ ਅਤੁੱਟ ਸੇਵਾ ਕਰ ਕੇ ਫਿਰ ਇਹ ਮੰਗ ਹੀ ਮੰਗਣੀ—

ਹਰਿ ਪੁਰਖੁ ਨਿਰੰਜਨੁ ਸੇਵਿ ਹਰਿਨਾਮੁ ਧਿਆਈਐ ॥
ਸਤ ਸੰਗਤਿ ਸਾਧੂ ਲਗਿ ਹਰਿਨਾਮਿ ਸਮਾਈਐ ॥
ਹਰਿ ਤੇਰੀ ਵਡੀ ਕਾਰ ਮੈ ਮੂਰਖ ਲਾਈਐ ॥
ਹਉ ਗੋਲਾ ਲਾਲਾ ਤੁਧੁ ਮੈ ਹੁਕਮ ਫੁਰਮਾਈਐ ॥
ਹਉ ਗੁਰਮੁਖਿ ਕਾਰ ਕਮਾਵਾ ਜਿ ਗੁਰਿ ਸਮਝਾਈਐ ॥

[ਵਾਰ ਸੋਰਠ ਮ: ੩, ਪੰਨਾ ੬੪੩

ਗੁਰੂ-ਸੇਵਾ ਦਾ ਮਕਸਦ ਕੋਈ ਸ਼ਖਸੀ ਸੇਵਾ ਤੇ ਨਹੀਂ ਸੀ, ਸਿੱਖਿਆ ਅਤੇ ਜੀਵਨ ਦੀ ਉਸਾਰੀ ਲਈ ਸੀ। ਇਸ ਲਈ ਚੌਥੇ ਅਤੇ ਪੰਜਵੇਂ ਸਤਿਗੁਰੂ ਨੇ ਗੁਰੂ-ਸੇਵਾ ਦੇ ਨਾਲ ਲੋਕ-ਸੇਵਾ ਵੀ ਕੀਤੀ। ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਬਹੁਤ ਗਰੀਬੀ ਅਤੇ ਸੇਵਾ ਤੋਂ ਸ਼ੁਰੂ ਹੋਇਆ। ਇਤਿਹਾਸ ਵਿਚ ਲਿਖਿਆ ਹੈ ਕਿ ਗੋਇੰਦਵਾਲ ਵਿਚ ਬਾਉਲੀ ਦੀ ਕਾਰ ਸੇਵਾ ਹੋ ਰਹੀ ਸੀ। ਸ੍ਰੀ ਗੁਰੂ ਰਾਮਦਾਸ ਤੀਸਰੇ ਪਾਤਸ਼ਾਹ ਦੇ ਜਵਾਈ ਹੋ ਕੇ ਟੋਕਰੀ ਢੋਂਦੇ ਸਨ। ਲਾਹੌਰ ਦੇ ਸੋਢੀਆਂ ਨੇ ਇਸ ਨੂੰ ਬਹੁਤ ਬੁਰਾ ਸਮਝਿਆ। ਉਹਨਾਂ ਨੇ ਸ੍ਰੀ ਜੇਠਾ ਜੀ ਨੂੰ ਤਾਹਨੇ ਮਿਹਣੇ ਵੀ ਮਾਰੇ, ਪਰ ਆਪ ਨੇ ਉਹਨਾਂ ਦੀ ਕੋਈ ਪ੍ਰਵਾਹ ਨਾ ਕੀਤੀ। ਇਕ ਰਸ ਸੇਵਾ ਕਰਦੇ ਰਹੇ।

ਸ੍ਰੀ ਗੁਰੂ ਅਮਰਦਾਸ ਜੀ ਦੀਆਂ ਦੋ ਪੁੱਤਰੀਆਂ ਸਨ—ਬੀਬੀ ਦਾਨੀ ਅਤੇ ਬੀਬੀ ਭਾਨੀ। ਬੀਬੀ ਦਾਨੀ ਦੇ ਪਤੀ ਦਾ ਨਾਂ ਰਾਮਾ ਸੀ।

ਬੀਬੀ ਭਾਨੀ ਦੇ ਪਤੀ ਭਾਈ ਜੇਠਾ ਜੀ (ਸ੍ਰੀ ਗੁਰੂ ਰਾਮਦਾਸ ਜੀ) ਸਨ। ਦੋਵੇਂ ਧੀਆਂ ਤੇ ਜਵਾਈ ਗੋਇੰਦਵਾਲ ਵਿਚ ਰਹਿੰਦੇ ਸਨ, ਗੁਰੂ ਕੀ ਸੇਵਾ ਕਰਦੇ ਸਨ। ਇਕ ਵੇਰ ਤੀਸਰੇ ਪਾਤਸ਼ਾਹ ਨੇ ਦੋਹਾਂ ਜਵਾਈਆਂ ਨੂੰ ਕਿਹਾ, ''ਸਾਡੇ ਬੈਠਣ ਲਈ ਮਿੱਟੀ ਦੇ ਥੜੇ ਬਣਾਓ।'' ਸ੍ਰੀ ਜੇਠਾ ਜੀ ਤੇ ਰਾਮੇ ਨੇ ਬਨਾਣੇ ਸ਼ੁਰੂ ਕਰ ਦਿੱਤੇ।

ਗੁਰਦੇਵ ਸ਼ਾਮ ਨੂੰ ਆਏ, ਵੇਖ ਕੇ ਕਹਿਣ ਲਗੇ, ''ਥੜੇ ਚੰਗੇ ਨਹੀਂ ਬਣੇ, ਢਾਹ ਦਿਓ!'' ਦੋਹਾਂ ਨੇ ਢਾਹ ਦਿੱਤੇ। ਦੂਸਰੇ ਦਿਨ ਫਿਰ ਨਵੇਂ ਬਣਾਏ, ਪਰ ਮਹਾਰਾਜ ਨੇ ਉਹ ਵੀ ਪਸੰਦ ਨਾ ਕੀਤੇ ਅਤੇ ਢੁਹਾ ਦਿੱਤੇ। ਇਸ ਪਰ ਰਾਮੇ ਨੂੰ ਬੜੀ ਤ੍ਰਮਕ ਲੱਗੀ। ਉਸ ਨੇ ਕਿਹਾ—

ਜਿਮ ਤੁਮ ਕਹਯੋ ਤਥਾ ਬਨਵਾਈ।
ਕੋ ਕਾਰਨ ਭਾ ਰਿਦੈ ਨ ਭਾਈ?
ਮੇਰੇ ਦੋਸ਼ ਨ ਯਾਮੈ ਕੋਈ।
ਆਪ ਕਹੀ ਜਿਮ ਤਥਾ ਸੇ ਹੋਈ।
ਮੈਂ ਕੈਸੇ ਕਰ ਦੇਉਂ ਢਹਾਈ।
ਇਸਤੇ ਆਛੀ ਕਿਆ ਬਨ ਆਈ?

ਗੁਰੂ ਜੀ ਨੇ ਭਾਈ ਜੇਠਾ ਜੀ ਨੂੰ ਪੁਛਿਆ, ''ਤੁਸੀਂ ਥੜਾ ਚੰਗਾ ਨਹੀਂ ਬਣਾਇਆ, ਕੀ ਕਾਰਨ?'' ਆਪ ਨੇ ਉੱਤਰ ਦਿੱਤਾ—

ਮੈਂ ਮਤ ਹੀਨ ਸਕਯੋ ਨਹਿ ਜਾਨ।
ਬਹੁਰ ਬਤਾਵਹੁ ਕ੍ਰਿਪਾ ਨਿਧਾਨ।

[ਸੂਰਜ ਪ੍ਰਕਾਸ਼

''ਸੱਚੇ ਪਾਤਸ਼ਾਹ! ਇਹ ਮੇਰੀ ਭੁੱਲ ਹੈ। ਇਸ ਨੂੰ ਬਖਸ਼ ਦਿਓ। ਅਗੋਂ ਜਿਸ ਤਰ੍ਹਾਂ ਹੁਕਮ ਕਰੋਗੇ, ਉਸ ਤਰ੍ਹਾਂ ਦਾ ਥੜ੍ਹਾ ਬਣਾਵਾਂਗਾ। ਸੇਵਕ ਦਾ ਕੰਮ ਸੇਵਾ ਕਰਨਾ ਹੈ। ਉਸ ਨੂੰ ਪ੍ਰਵਾਨ ਕਰਨਾ ਆਪ ਦੀ ਮਰਜ਼ੀ ਹੈ।'' ਭਾਈ ਸੰਤੋਖ ਸਿੰਘ ਲਿਖਦੇ ਹਨ, ਬਚਨ ਹੋਇਆ—

ਬਿਨਾ ਪ੍ਰੇਮ ਸਿਮਰਨ ਅਰ ਸੇਵਾ।

ਫਲ ਕਛੂ ਥੋਰੋ ਹੋਇ ਲਖ ਲੇਵਾ।

[ਸੂ: ਪ੍ਰ: ੧—੫

ਸ੍ਰੀ ਗੁਰੂ ਰਾਮਦਾਸ ਜੀ ਨੇ ਸਤਿਗੁਰੂ ਪਾਸ ਰਹਿ ਕੇ ਸੇਵਾ ਦੀ ਜੋ ਕਮਾਈ ਕੀਤੀ, ਉਸ ਨੂੰ ਅੰਮ੍ਰਿਤ ਸਰੋਵਰ ਬਣਾ ਕੇ ਅਤੇ ਸ੍ਰੀ ਅੰਮ੍ਰਿਤਸਰ ਸ਼ਹਿਰ ਵਸਾ ਕੇ ਲੋਕ-ਸੇਵਾ ਵਿਚ ਬਦਲ ਦਿੱਤਾ। ਪੰਚਮ ਪਾਤਸ਼ਾਹ ਨੇ ਤਰਨ ਤਾਰਨ ਕੁਸ਼ਟੀਆਂ ਦੀ ਸੇਵਾ ਲਈ ਬਣਾਇਆ। ਈਸਾ ਦੇ ਜੀਵਨ ਵਿਚ ਜ਼ਿਕਰ ਆਉਂਦਾ ਹੈ ਕਿ ਉਸ ਨੇ ਆਪਣੀ ਛੋਹ ਨਾਲ ਕੁਝ ਕੋਹੜੇ ਰਾਜ਼ੀ ਕੀਤੇ ਸਨ। ਈਸਾ ਨੇ ਆਪਣੇ ਸ਼ਗਿਰਦਾਂ ਨੂੰ ਕਿਹਾ ਸੀ—

''ਤੁਹਾਡੇ ਵਿਚ ਜੋ ਸਭ ਤੋਂ ਵੱਡਾ ਹੈ, ਉਹ ਤੁਹਾਡਾ ਸੇਵਾਦਾਰ ਹੋਵੇਗਾ।''

ਪਰ ਤਰਨ ਤਾਰਨ ਦੀ ਪਾਵਨ ਧਰਤੀ ਵਿਚ ਪੰਚਮ ਪਾਤਸ਼ਾਹ ਨੇ ਕਈ ਕੁਸ਼ਟੀ ਰਾਜ਼ੀ ਕੀਤੇ। ਅਜ ਵੀ ਉਥੇ ਕੁਸ਼ਟੀਆਂ ਦੀ ਬਸਤੀ ਹੈ ਅਤੇ ਕਈ ਕੁਸ਼ਟੀ ਰਾਜ਼ੀ ਹੁੰਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਨੇ ਸਿੱਖੀ ਵਿਚ ਭਾਈ ਮੰਝ, ਭਾਈ ਬਹਿਲੋ ਅਤੇ ਸੰਮਣ ਮੂਸਨ ਵਰਗੇ ਨਿਸ਼ਕਾਮ ਸੇਵਕ ਪੈਦਾ ਕੀਤੇ, ਜਿਨ੍ਹਾਂ ਨੇ ਆਪਣਾ ਤਨ, ਮਨ ਤੇ ਧਨ ਵਾਰ ਦਿੱਤਾ। ਮਾਨ ਵਡਿਆਈ ਨੂੰ ਕੁਰਬਾਨ ਕਰ ਦਿੱਤਾ। ਪੰਚਮ ਪਾਤਸ਼ਾਹ ਨੇ ਆਪਣੇ ਵਡੇ ਭਰਾ ਪ੍ਰਿਥੀ ਚੰਦ ਕੋਲੋਂ ਗੁਰੂ ਕਾ ਲੰਗਰ ਲਿਆ ਹੀ ਸੇਵਾ ਵਾਸਤੇ ਸੀ। ਗੁਰਦੇਵ ਆਪ ਤੇ ਮਾਤਾ ਗੰਗਾ ਜੀ ਲੰਗਰ ਵਿਚ ਸੰਗਤਾਂ ਦੀ ਸੇਵਾ ਕਰਦੇ ਸਨ। ਗੁਰੂ ਸੰਗਤ ਵਿਚ ਹੈ, ਇਸ ਲਈ ਸੰਗਤ ਦੀ ਸੇਵਾ ਗੁਰੂ ਦੀ ਸੇਵਾ ਹੈ। ਸਤਿਗੁਰੂ ਦੇ ਪਾਸ ਜੋ ਵੀ ਸਿੱਖ ਆਉਂਦੇ ਸਨ, ਉਹਨਾਂ ਨੂੰ ਪਹਿਲੇ ਸੰਗਤ, ਗੁਰਦੁਆਰੇ, ਲੰਗਰ ਆਦਿਕ ਵਿਚ ਸੇਵਾ ਦੀ ਜਾਚ ਦੱਸੀ ਜਾਂਦੀ ਸੀ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ—

ਗੁਰਸਿਖੀ ਦਾ ਸਿਖਣਾ
ਗੁਰਮੁਖ ਸਾਧ ਸੰਗਤ ਦੀ ਸੇਵਾ।

ਸੇਵਾ ਸਿੱਖੀ ਦੀ ਇਕ ਕਸੌਟੀ ਹੈ। ਸਾਡੇ ਦੇਸ਼ ਵਿਚ ਪੱਖਾ ਕਰਨ, ਜਲ ਛਕਾਣ, ਭਾਂਡੇ ਮਾਂਜਣ, ਲੰਗਰ ਪਕਾਣ ਤੇ ਝਾੜੂ ਦੇਣ ਨੂੰ ਨੀਵੇਂ ਕਰਮ ਸਮਝਿਆ ਜਾਂਦਾ ਸੀ। ਜੋ ਲੋਕ ਇਹ ਕੰਮ ਕਰਦੇ ਸਨ, ਉਹ ਸਮਾਜ 'ਚ ਨੀਵੇਂ ਸਮਝੇ ਜਾਂਦੇ ਸਨ। ਸਿੱਖ ਧਰਮ ਨੇ ਇਹ ਸਾਰੇ ਕੰਮ ਸੇਵਾ ਦੱਸੇ ਹਨ। ਇਹਨਾਂ ਦੇ ਕਰਨ ਨਾਲ ਸਿੱਖ ਖੁਸ਼ੀ ਮਹਿਸੂਸ ਕਰਦਾ ਹੈ।

ਇਸ ਤਰ੍ਹਾਂ ਹਰ ਤਰ੍ਹਾਂ ਦੀ ਹਉਮੈ ਨੂੰ ਦੂਰ ਕੀਤਾ ਗਿਆ। ਗੁਰੂ ਦਰਬਾਰ ਵਿਚ ਮੁਖੀ ਸਿੱਖ ਜਾਂ ਧਰਮ ਦੇ ਜੋ ਪ੍ਰਚਾਰਕ ਹੋਏ ਹਨ, ਉਹਨਾਂ ਸਾਰਿਆਂ ਨੂੰ ਕਈ ਕਈ ਸਾਲ ਸੇਵਾ ਦੀ ਸਿਖਿਆ ਦਿੱਤੀ। ਪੰਚਮ ਪਾਤ-ਸ਼ਾਹ ਫੁਰਮਾਉਂਦੇ ਹਨ—

ਮੈ ਬਧੀ ਸਚੁ ਧਰਮਸਾਲ ਹੈ ॥
ਗੁਰਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾ ਪਖਾ ਫੇਰਦਾ ਤਿਸੁ
ਨਿਵਿ ਨਿਵਿ ਲਗਾ ਪਾਇ ਜੀਉ ॥੧੦॥

[ਸਿਰੀ ਰਾਗ, ਪੰਨਾ ੭੩

ਛੇਵੀਂ ਪਾਤਸ਼ਾਹੀ ਨੇ ਮੁਗ਼ਲ ਰਾਜ ਦੀ ਸਖਤੀ ਦੇ ਵਿਰੁੱਧ ਅਵਾਜ਼ ਉਠਾ ਕੇ ਜਨਤਾ ਨਾਲ ਇਨਸਾਫ਼ ਕਰਨ, ਜ਼ੁਲਮ ਮਿਟਾਉਣ ਅਤੇ ਅਨਾਥਾਂ ਗਰੀਬਾਂ ਦੀ ਰਖਿਆ ਕਰਨ ਦਾ ਭਰੋਸਾ ਦੁਆ ਕੇ ਦੇਸ਼ ਦੀ ਸੇਵਾ ਕੀਤੀ ਹੈ। ਮੀਰੀ ਪੀਰੀ ਦੇ ਮਾਲਕ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਜਾ ਕੇ ਪਹਾੜੀ ਰਾਜਿਆਂ ਨੂੰ ਰਿਹਾਅ ਕਰਵਾਇਆ, ਬਹੁਤ ਭਾਰੀ ਸੇਵਾ ਸੀ। ਸਿੱਖ ਧਰਮ ਵਿਚ ਇਹ ਖਿਆਲ ਦਿੱਤਾ ਗਿਆ ਹੈ, **"ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ"** ਇਸ ਲਈ ਸਿੱਖ ਦੀ ਸੇਵਾ ਕਰਨੀ ਗੁਰੂ ਕੀ ਸੇਵਾ ਹੈ। ਇਤਿਹਾਸ ਵਿਚ ਲਿਖਿਆ ਹੈ ਕਿ ਕਸ਼ਮੀਰ ਵਿਚ ਛੇਵੇਂ ਪਾਤਸ਼ਾਹ ਦਾ ਇਕ ਪ੍ਰੇਮੀ ਸਿੱਖ ਭਾਈ ਕੱਟੂ ਸ਼ਾਹ ਸੀ। ਜਦ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਗਏ ਤਾਂ ਉਥੋਂ ਦੀ ਸੰਗਤ ਆਪ ਦੇ ਦਰਸ਼ਨ ਨੂੰ ਆਈ। ਸੰਗਤ ਮਹਾਰਾਜ ਲਈ ਇਕ ਸ਼ਹਿਦ ਦਾ ਕੁੱਪਾ ਤੇ ਫਲ

ਲਿਆਈ। ਉਸ ਨੂੰ ਰਾਹ ਵਿਚ ਭਾਈ ਕੱਟੂ ਸ਼ਾਹ ਮਿਲ ਪਿਆ। ਉਸ ਨੇ ਪੁਛਿਆ—"ਸੰਗਤ ਕਿਧਰ ਚਲੀ ਹੈ ?"

ਸਿੱਖਾਂ ਨੇ ਉੱਤਰ ਦਿੱਤਾ—"ਮਹਾਰਾਜ ਦੇ ਦਰਸ਼ਨਾਂ ਨੂੰ ਚਲੇ ਹਾਂ।"

ਕੱਟੂ—"ਭੇਟਾ ਕੀ ਲੈ ਚਲੇ ਹੋ ?"

ਸਿੱਖ—"ਗਰੀਬ ਹੁੰਦੇ ਹਾਂ, ਇਹ ਥੋੜਾ ਜਿਹਾ ਸ਼ਹਿਦ ਹੈ।"

ਕੱਟੂ—"ਕੁਝ ਸ਼ਹਿਦ ਮੈਨੂੰ ਵੀ ਦੇ ਦਿਓ।"

ਸਿੱਖ—"ਇਹ ਸਤਿਗੁਰੂ ਲਈ ਹੈ, ਤੇਰੇ ਲਈ ਨਹੀਂ।"

ਕਹਿੰਦੇ ਹਨ, ਜਦ ਸੰਗਤ ਗੁਰੂ ਜੀ ਪਾਸ ਪੁੱਜੀ ਤੇ ਸ਼ਹਿਦ ਖਰਾਬ ਹੋ ਚੁੱਕਾ ਸੀ।

ਗੁਰੂ ਜੀ—"ਕਿਉਂ ਭਈ ਗੁਰਸਿੱਖੋ, ਇਹ ਸ਼ਹਿਦ ਕਿਉਂ ਖਰਾਬ ਹੋ ਗਿਆ ?"

ਸੰਗਤ—"ਸੱਚੇ ਪਾਤਸ਼ਾਹ ! ਸ਼ਹਿਦ ਕਦੀ ਖਰਾਬ ਨਹੀਂ ਹੁੰਦਾ, ਪਰ ਰਸਤੇ ਵਿਚ ਆਪ ਦਾ ਇਕ ਸਿੱਖ ਕੱਟੂ ਖਾਣ ਲਈ ਮੰਗਦਾ ਸੀ, ਅਸੀਂ ਨਹੀਂ ਦਿੱਤਾ। ਪਤਾ ਨਹੀਂ ਉਸ ਦੀ ਕੋਈ ਬਦ-ਅਸੀਸ ਲਗ ਗਈ ਹੈ, ਜਿਸ ਕਰਕੇ ਇਹ ਖਰਾਬ ਹੋ ਗਿਆ ਹੈ।"

ਗੁਰੂ ਜੀ—"ਗੁਰਸਿਖੋ ! ਗੁਰੂ ਅਤੇ ਸੰਗਤ ਇਕੋ ਰੂਪ ਹੀ ਹਨ। ਸਿੱਖ ਦੀ ਸੇਵਾ ਕਰਨੀ ਗੁਰੂ ਦੀ ਸੇਵਾ ਹੈ। ਸਿੱਖ ਨੂੰ ਕੁਝ ਦੇਣਾ ਗੁਰੂ ਨੂੰ ਦੇਣਾ ਹੈ। ਭਾਈ ਕੱਟੂ ਸ਼ਾਹ ਦਾ ਖਾਧਾ ਹੋਇਆ ਸ਼ਹਿਦ ਜ਼ਰੂਰ ਸਾਨੂੰ ਪੁੱਜ ਜਾਣਾ ਸੀ। ਸਿੱਖ ਸੰਗਤ ਜਾਂ ਕਿਸੇ ਸਿੱਖ ਦੀ ਸੇਵਾ ਗੁਰੂ ਦੀ ਸੇਵਾ ਸਮਝ ਕੇ ਕੀਤੀ ਜਾਵੇ।"

ਸਿੱਖ ਧਰਮ ਵਿਚ ਸੇਵਾ ਤੋਂ ਬਿਨਾਂ ਜਨਮ ਅਤੇ ਸਰੀਰ ਨਿਸਫਲ ਮੰਨੇ ਹਨ। ਇਤਿਹਾਸ ਵਿਚ ਸਾਖੀ ਆਉਂਦੀ ਹੈ ਕਿ ਇਕ ਦਿਨ ਸ੍ਰੀ ਦਸਮ ਪਾਤਸ਼ਾਹ ਦਰਬਾਰ ਵਿਚ ਬੈਠੇ ਹੋਏ ਸਨ। ਇਕ ਨੌਜਵਾਨ ਧਨੀ

ਸਿੱਖ ਵੀ ਦੀਵਾਨ ਵਿਚ ਬੈਠਾ ਹੋਇਆ ਸੀ। ਗੁਰਦੇਵ ਨੇ ਉਸ ਨੂੰ ਕਿਹਾ, "ਸਾਨੂੰ ਠੰਡਾ ਜਲ ਛਕਾਓ।" ਨੌਜਵਾਨ ਸਿੱਖ ਨੇ ਜਲ ਦਾ ਕਟੋਰਾ ਲਿਆ ਕੇ ਪੇਸ਼ ਕੀਤਾ। ਮਹਾਰਾਜ ਨੇ ਉਸ ਦੇ ਹੱਥਾਂ ਵਲ ਵੇਖ ਕੇ ਕਿਹਾ—"ਬੇਟਾ! ਤੇਰੇ ਹੱਥ ਬੜੇ ਕੋਮਲ ਹਨ, ਕੀ ਕਾਰਨ? ਤੂੰ ਕਦੀ ਕੰਮ ਨਹੀਂ ਕੀਤਾ?"

ਲੜਕੇ ਨੇ ਉੱਤਰ ਦਿੱਤਾ—"ਸੱਚੇ ਪਾਤਸ਼ਾਹ, ਆਪ ਦਾ ਬਖਸ਼ਿਆ ਧਨ-ਪਦਾਰਥ ਬਹੁਤ ਹੈ। ਘਰ ਵਿਚ ਨੌਕਰ ਚਾਕਰ ਹਨ। ਮੈਂ ਪਹਿਲੀ ਵੇਰ ਜਲ ਦਾ ਕਟੋਰਾ ਆਪ ਦੇ ਹਜ਼ੂਰ ਪੇਸ਼ ਕੀਤਾ ਹੈ।"

ਮਹਾਰਾਜ ਨੇ ਇਹ ਸੁਣ ਕੇ ਕਿਹਾ—"ਇਹ ਪਾਣੀ ਡੋਲ੍ਹ ਦਿਓ ਕਿਉਂਕਿ ਜਿਨ੍ਹਾਂ ਹਥਾਂ ਨੇ ਕਦੀ ਸੇਵਾ ਅਤੇ ਕਿਰਤ ਨਹੀਂ ਕੀਤੀ, ਉਹਨਾਂ ਹਥਾਂ ਦਾ ਜਲ ਛਕਣਾ ਮੁਨਾਸਬ ਨਹੀਂ।"

ਸ੍ਰਿਸ਼ਟੀ ਰਚਨਾ ਵਿਚ ਮਨੁੱਖ ਪਉਣ, ਪਾਣੀ, ਅਗਨੀ, ਪ੍ਰਿਥਵੀ, ਸੂਰਜ, ਬਨ ਸਪਤੀ, ਫਲਾਂ, ਫੁੱਲਾਂ ਆਦਿਕ ਤੋਂ ਜੀਵਨ ਲੈਂਦਾ ਹੈ। ਫੁੱਲ ਆਪਣੀ ਸੁਗੰਧੀ ਨਾਲ ਇਸ ਦੀ ਕਿਤਨੀ ਸੇਵਾ ਕਰਦੇ ਹਨ? ਜੜ੍ਹੀਆਂ-ਬੂਟੀਆਂ, ਅਨਾਜ, ਪਸ਼ੂ-ਪੰਛੀ ਸਭ ਇਕ ਤਰ੍ਹਾਂ ਦੀ ਸੇਵਾ ਅਤੇ ਉਪਕਾਰ ਕਰਦੇ ਹਨ। ਇਸ ਲਈ ਮਨੁੱਖ ਦੀ ਸੇਵਾ ਦਾ ਦਾਇਰਾ ਭੀ ਖੁੱਲ੍ਹਾ ਹੋਣਾ ਚਾਹੀਦਾ ਹੈ। ਹਰ ਲੋੜਵੰਦ ਸੇਵਾ ਦਾ ਹੱਕਦਾਰ ਹੈ। 'ਖਾਲਕ ਖਲਕ ਮਹਿ' ਹੈ, ਇਸ ਲਈ ਖਲਕਤ ਦੀ ਸੇਵਾ ਰਬ ਦੀ ਸੇਵਾ ਹੈ—

ਹਰ ਕਿ ਖਿਦਮਤ ਕਰਦ ਓ ਮਖਦੂਮ ਸ਼ੁਦ।
ਹਰ ਕਿ ਖੁਦ ਰਾ ਦੀਦ ਓ ਮਹਰੂਮ ਸ਼ੁਦ।

ਭਾਵ—ਜੋ ਕੋਈ ਸੇਵਾ ਕਰਦਾ ਹੈ; ਉਹ ਸੇਵਾ ਕਰਾਉਣ ਦੇ ਯੋਗ ਹੋ ਜਾਂਦਾ ਹੈ। ਜੋ ਕੇਵਲ ਆਪਣੇ ਆਪ-ਅਰਥਾਤ ਸਵਾਰਥ ਨੂੰ ਵੇਖਦਾ ਹੈ, ਉਹ ਵਾਂਜਿਆਂ ਰਹਿ ਜਾਂਦਾ ਹੈ। ਜੇ ਲੋਕਾਂ ਦੀ ਸੇਵਾ ਦਿਖਾਵੇ ਲਈ ਜਾਂ ਮਿਹਣਿਆਂ ਤੋਂ ਡਰ ਕੇ ਕੀਤੀ ਜਾਵੇ ਤਾਂ ਉਹ ਮਨੁੱਖ ਦੀ ਆਤਮਾ ਨੂੰ

ਕਮਜ਼ੋਰ ਕਰ ਦਿੰਦੀ ਹੈ।[1]

ਸਿੱਖੀ ਵਿਚ ਪਾਖੰਡ ਅਤੇ ਦਿਖਾਵੇ ਦੀ ਸੇਵਾ ਨੂੰ ਬਹੁਤ ਖੰਡਨ ਕੀਤਾ ਹੈ। ਸਰਧਾ, ਪ੍ਰੇਮ, ਸਿਦਕ ਅਤੇ ਉਤਸ਼ਾਹ ਨਾਲ ਕੀਤੀ ਹੋਈ ਨਿਸ਼ਕਾਮ ਸੇਵਾ ਨੂੰ ਪ੍ਰਵਾਨ ਕੀਤਾ ਹੈ। ਸਵਾਰਥ ਤੇ ਮਾਣ ਵਡਿਆਈ ਲਈ ਕੀਤੀ ਹੋਈ ਸੇਵਾ ਕੋਈ ਉੱਚੀ ਸੇਵਾ ਨਹੀਂ ਮੰਨੀ। ਸੰਸਾਰਕ ਪਦਵੀ, ਐਸ਼ਵਰਜ, ਮਾਣ ਤੇ ਵਡਿਆਈ ਪਾ ਕੇ ਫਿਰ ਨਿਮਰਤਾ ਨਾਲ ਸੇਵਾ ਕਰਨੀ ਸਿੱਖੀ ਨੇ ਸਿਖਾਈ ਹੈ। **'ਕਰਕੇ ਨੀਚ ਜਤਾਵਣਾ ਤ ਪ੍ਰਭੂ ਲੇਖੈ ਅੰਦਰ ਪਾਈ'** ਦਾ ਆਦਰਸ਼ ਪੇਸ਼ ਕੀਤਾ ਹੈ।

ਮਿਸਲਾਂ ਦੇ ਵਕਤ ਸੂਬਾ ਲਾਹੌਰ ਨੇ ਸਿਖਾਂ ਨੂੰ ਨਵਾਬੀ ਅਤੇ ਜਗੀਰ ਭੇਜੀ, ਪਰ ਉਹਨਾਂ ਨੇ ਸੂਬੇ ਦੀ ਦਿੱਤੀ ਹੋਈ ਨਵਾਬੀ ਅਤੇ ਜਗੀਰ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ। ਜਦ ਸੂਬੇ ਵਲੋਂ ਆਏ ਭਾਈ ਸੁਬੇਗ ਸਿੰਘ ਜੀ ਨੇ ਨਵਾਬੀ ਲੈਣ ਲਈ ਬਹੁਤ ਜ਼ੋਰ ਦਿੱਤਾ ਤਾਂ ਸੰਗਤ ਨੇ ਕਿਹਾ, "ਇਹ ਨਵਾਬੀ ਤੇ ਜਗੀਰ ਸ: ਕਪੂਰ ਸਿੰਘ ਨੂੰ ਦੇ ਦਿਓ, ਜੋ ਸੰਗਤ ਵਿਚ ਪੱਖੇ ਦੀ ਸੇਵਾ ਕਰ ਰਿਹਾ ਹੈ।"

ਸ: ਕਪੂਰ ਸਿੰਘ ਜੀ ਨੇ ਸੰਗਤ ਦੇ ਹੁਕਮ ਅਨੁਸਾਰ ਨਵਾਬੀ ਤੇ ਜਗੀਰ ਲੈਣੀ ਪ੍ਰਵਾਨ ਕਰ ਲਈ, ਪਰ ਨਾਲ ਹੀ ਬੇਨਤੀ ਕੀਤੀ, "ਖਾਲਸਾ ਜੀ! ਨਵਾਬੀ ਤੇ ਜਗੀਰ ਦੇ ਕੇ ਮੈਥੋਂ ਪੱਖੇ ਦੀ ਸੇਵਾ ਨਾ ਖੋਹ ਲੈਣੀ। ਮਾਣ ਵਡਿਆਈ ਬਖਸ਼ ਕੇ ਸੰਗਤ ਦੀ ਸੇਵਾ ਵੀ ਬਖਸ਼ਣੀ।"

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਿਆਂ ਦੀ ਬੜੀ ਸੇਵਾ ਕੀਤੀ ਹੈ। ਇਮਾਰਤਾਂ ਬਣਵਾਈਆਂ ਤੇ ਜਗੀਰਾਂ ਲਾਈਆਂ, ਲੰਗਰ ਜਾਰੀ ਕੀਤੇ। ਉਹਨਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਕੀਤੀ। ਲੱਖਾਂ ਰੁਪਿਆਂ ਦਾ ਸੋਨਾ ਲਵਾਇਆ, ਰਾਜਪੂਤਾਨੇ ਵਿਚੋਂ ਸੰਗਮਰਮਰ ਮੰਗਵਾ ਕੇ ਪ੍ਰਕਰਮਾਂ ਦੀ ਸੇਵਾ ਕੀਤੀ, ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ,

---

੧. "ਸੱਚ ਦੀ ਪ੍ਰਾਪਤੀ" ਜਾਂ ਆਤਮ ਜੀਵਨ ਮਹਾਤਮਾ ਗਾਂਧੀ।

ਮੁਕੰਮਲ ਹੋਣ ਪਰ ਜਦ ਪੱਥਰ ਲਾਉਣ ਲੱਗੇ ਤਾਂ ਮਹਾਰਾਜਾ ਸਾਹਿਬ ਨੇ ਉਸ ਪਰ ਲਿਖਵਾਇਆ—'ਸਤਿਗੁਰੂ ਨੇ ਪਰਮ ਸੇਵਕ ਜਾਣ ਕੇ ਸੇਵਾ ਕਰਾਈ।' ਇਸ ਦਾ ਭਾਵ ਇਹ ਹੈ ਕਿ ਸੇਵਾ ਕੀਤੀ ਨਹੀਂ, ਬਲਕਿ ਸਤਿਗੁਰੂ ਨੇ ਕ੍ਰਿਪਾ ਕਰ ਕੇ ਆਪ ਕਰਵਾਈ ਹੈ। ਇਹ ਹਉਮੈ ਦੇ ਤਿਆਗ ਦੀ ਇਕ ਸੁੰਦਰ ਮਿਸਾਲ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨਿਸ਼ਕਾਮ ਸੇਵਾ ਦਾ ਉਪਦੇਸ਼ ਕਰਦੇ ਹੋਏ ਫੁਰਮਾਉਂਦੇ ਹਨ—

ਸੇਵਾ ਕਰੀ ਜੇ ਕਿਛੁ ਹੋਵੈ
ਅਪਣਾ ਜੀਉ ਪਿੰਡੁ ਤੁਮਾਰਾ॥

[ਸੋਰਠਿ ਮ: ੧, ਪੰਨਾ ੬੩੫

ਭਾਵ—ਹੇ ਵਾਹਿਗੁਰੂ! ਅਸੀਂ ਤਾਂ ਕੁਝ ਸੇਵਾ ਕਰ ਸਕੀਏ, ਜੇ ਸਾਡਾ ਕੁਝ ਹੋਵੇ? ਸਾਡਾ ਜੀਵਨ ਤੇ ਸਰੀਰ ਭੀ ਤੇਰਾ ਹੈ। ਜਦ ਸਿਖ ਇਸ ਆਦਰਸ਼ ਨੂੰ ਸਮਝ ਲੈਂਦਾ ਹੈ। ਫਿਰ ਉਹ ਹਉਮੈ ਤੇ ਸਵਾਰਥ ਤੋਂ ਉਚਿਆਂ ਹੋ ਕੇ ਵਾਹਿਗੁਰੂ ਦੀ ਸਮਝ ਸੇਵਾ ਕਰਦਾ ਹੈ। ਸਾਰੇ ਮਨੁੱਖ ਵਾਹਿਗੁਰੂ ਦੇ ਪੈਦਾ ਕੀਤੇ ਹੋਏ ਹਨ। ਉਹ ਭਾਈ ਹਨ। ਉਹਨਾਂ ਦੀ ਸੇਵਾ ਕਰਨੀ ਸਿਖ ਦਾ ਫਰਜ਼ ਹੈ। ਇਕ ਪੱਛਮੀ ਵਿਦਵਾਨ ਨੇ ਕਿਹਾ ਹੈ—

Service of humanity is the service of God.

ਭਾਵ—ਮਨੁੱਖਤਾ ਦੀ ਸੇਵਾ ਕਰਨੀ ਰਬ ਦੀ ਸੇਵਾ ਹੈ।

ਸਤਿਗੁਰਾਂ ਦੀ ਸਿਖਿਆ ਨੇ ਅਜਿਹੇ ਕਈ ਮਹਾਂਪੁਰਖ ਪੈਦਾ ਕੀਤੇ ਹਨ, ਜਿਨ੍ਹਾਂ ਨੇ ਆਤਮਕ ਤੌਰ ਤੇ ਬਹੁਤ ਉਚੇ ਹੋ ਕੇ, ਦੋਸਤ ਅਤੇ ਦੁਸ਼ਮਣ ਦਾ ਵਿਤਕਰਾ ਛੱਡ ਕੇ ਵਾਹਿਗੁਰੂ ਤੇ ਗੁਰੂ ਕੀ ਸੇਵਾ ਸਮਝ ਕੇ ਮਨੁੱਖ ਮਾਤਰ ਦੀ ਸੇਵਾ ਕੀਤੀ ਹੈ। ਅਨੰਦਪੁਰ ਸਾਹਿਬ ਦੇ ਜੰਗ ਵਿਚ ਦਸਮ ਪਾਤਸ਼ਾਹ ਦੇ ਇਕ ਸਿਖ ਭਾਈ ਘਨਈਆ ਜੀ ਮੈਦਾਨੇ-ਜੰਗ ਵਿਚ ਪਏ ਹੋਏ ਜ਼ਖਮੀਆਂ ਨੂੰ ਮਸ਼ਕ ਨਾਲ ਪਾਣੀ ਪਿਆਉਂਦੇ ਸਨ। ਸਿਖਾਂ

ਨੇ ਭਾਈ ਘਨਈਆ ਜੀ ਨੂੰ ਪਕੜ ਕੇ ਦਸਮ ਪਾਤਸ਼ਾਹ ਦੇ ਪੇਸ਼ ਕੀਤਾ ਅਤੇ ਸ਼ਿਕਾਇਤ ਕੀਤੀ—"ਸੱਚੇ ਪਾਤਸ਼ਾਹ ! ਭਾਈ ਘਨਈਆ ਦੁਸ਼ਮਣਾਂ ਨੂੰ ਪਾਣੀ ਪਿਲਾਂਦਾ ਹੈ। ਜਿਨ੍ਹਾਂ ਨੂੰ ਅਸੀਂ ਮਾਰਦੇ ਹਾਂ, ਉਹਨਾਂ ਨੂੰ ਪਾਣੀ ਪਿਲਾ ਕੇ ਫਿਰ ਇਹ ਸੁਰਜੀਤ ਕਰ ਦਿੰਦਾ ਹੈ। ਇਸ ਨੂੰ ਦੰਡ ਮਿਲਣਾ ਚਾਹੀਦਾ ਹੈ।"

ਸਿੱਖਾਂ ਦੀ ਇਹ ਗੱਲ ਸੁਣ ਕੇ ਸ੍ਰੀ ਕਲਗੀਧਰ ਜੀ ਨੇ ਭਾਈ ਘਨਈਏ ਨੂੰ ਪੁੱਛਿਆ—"ਕਿਉਂ ਭਾਈ ਸਿੱਖਾ ! ਇਹ ਤੇਰੀ ਸ਼ਿਕਾਇਤ ਕਰਦੇ ਹਨ ਕਿ ਤੂੰ ਦੁਸ਼ਮਣਾਂ ਨੂੰ ਪਾਣੀ ਪਿਲਾਂਦਾ ਹੈਂ। ਕੀ ਇਹ ਠੀਕ ਹੈ ?"

ਭਾਈ ਘਨਈਏ ਨੇ ਉੱਤਰ ਦਿੱਤਾ—"ਸੱਚੇ ਪਾਤਸ਼ਾਹ ! ਮੈਂ ਦੁਸ਼ਮਣ ਸਮਝ ਕੇ ਕਿਸੇ ਨੂੰ ਪਾਣੀ ਨਹੀਂ ਪਿਲਾਂਦਾ। ਜਿਸ ਮੂੰਹ ਵਿਚ ਮਸ਼ਕ ਨਾਲ ਪਾਣੀ ਪਾਉਂਦਾ ਹਾਂ, ਉਥੇ ਆਪ ਦਾ ਰੂਪ ਹੀ ਦਿਸਦਾ ਹੈ। ਮੈਂ ਤਾਂ ਆਪ ਨੂੰ ਹੀ ਪਾਣੀ ਪਿਲਾਂਦਾ ਹਾਂ।"

ਦਸਮ ਪਾਤਸ਼ਾਹ ਦੇ ਸਮੇਂ ਅਨੰਦਪੁਰ ਵਿਚ ਬਹੁਤ ਸਾਰੇ ਮੁਖੀ ਸਿੱਖਾਂ ਦੇ ਲੰਗਰ ਸਨ, ਜਿਨ੍ਹਾਂ ਵਿਚੋਂ ਇਕ ਲੰਗਰ ਭਾਈ ਨੰਦ ਲਾਲ ਜੀ ਦਾ ਸੀ। ਇਕ ਦਿਨ ਦਸਮ ਪਾਤਸ਼ਾਹ ਉਹਨਾਂ ਦੇ ਲੰਗਰ ਵਿਚ ਗਏ ਤੇ ਪੁਛਿਆ—"ਕਿਸ ਤਰ੍ਹਾਂ ਸੇਵਾ ਕਰਦੇ ਹੋ ?"

ਭਾਈ ਜੀ ਨੇ ਉੱਤਰ ਦਿੱਤਾ, "ਜਿਸ ਵੇਲੇ ਕੋਈ ਸਿੱਖ ਆ ਜਾਵੇ, ਪ੍ਰਸ਼ਾਦ ਛਕਾਉਂਦੇ ਹਾਂ।"

ਇਹ ਸੁਣ ਕੇ ਗੁਰੂ ਜੀ ਬੜੇ ਖੁਸ਼ ਹੋਏ।

ਸਿੱਖ ਰਾਜ ਦੇ ਅੰਤ ਵਿਚ ਇਕ ਮਹਾਂ ਪੁਰਖ ਬਾਬਾ ਖੁਦਾ ਸਿੰਘ ਜੀ ਹੋਏ ਹਨ, ਜੋ ਚੂਨੇ ਮੰਡੀ ਲਾਹੌਰ ਵਿਚ ਨਿਵਾਸ ਕਰਦੇ ਸਨ। ਇਕ ਦਿਨ ਰਾਤ ਦੇ ਸਮੇਂ ਆਪ ਭਜਨ ਵਿਚ ਬੈਠੇ ਹੋਏ ਸਨ ਕਿ ਕਿਸੇ ਦੇ ਰੋਣ ਦੀ ਆਵਾਜ਼ ਆਪ ਦੇ ਕੰਨੀਂ ਪਈ। ਆਪ ਹਨੇਰੀ ਰਾਤ ਵਿਚ

ਆਵਾਜ਼ ਦੇ ਮਗਰ ਤੁਰ ਪਏ। ਇਕ ਕੁੱਲੀ ਵਿਚ ਪੁਜੇ, ਜਿਥੇ ਇਕ ਇਸਤ੍ਰੀ ਫੋੜੇ ਨਾਲ ਬੀਮਾਰ ਪਈ ਸੀ। ਆਪ ਨੇ ਮੂੰਹ ਨਾਲ ਫੋੜੇ ਦਾ ਜ਼ਹਿਰ ਚੂਸ ਕੇ ਕੱਢ ਦਿੱਤਾ। ਇਸਤ੍ਰੀ ਦੇ ਪਤੀ ਨੇ ਕਿਹਾ, "ਆਪ ਨੇ ਸਾਡੀ ਗਰੀਬਾਂ ਦੀ ਬੜੀ ਸੇਵਾ ਕੀਤੀ ਹੈ।"

ਬਾਬਾ ਜੀ ਨੇ ਕਿਹਾ, "ਇਹ ਗੁਰੂ ਕਾ ਹੁਕਮ ਹੈ।"

ਇਹ ਨਿਸ਼ਕਾਮ ਸੇਵਾ ਦੀ ਸਭ ਤੋਂ ਉੱਤਮ ਮਿਸਾਲ ਹੈ।

o

੧੯.

ਜਥੇਬੰਦੀ

ਕਈ ਮੱਤਾਂ ਵਿਚ ਵਾਹਿਗੁਰੂ ਦੀ ਪ੍ਰਾਪਤੀ ਜਾਂ ਮੁਕਤੀ ਕਰਮ-ਕਾਂਡ, ਜਪ ਤਪ ਜਾਂ ਜੀਵਨ ਦੇ ਕੁਝ ਖਾਸ ਨਿਯਮ ਪੂਰੇ ਕਰਨ ਨਾਲ ਮੰਨੀ ਹੈ। ਪਰ ਸਿੱਖ ਧਰਮ ਵਿਚ ਮੁਕਤੀ ਭਗਤੀ ਤੇ ਸੇਵਾ ਰਾਹੀਂ ਮੰਨੀ ਹੈ। ਘੱਟ ਤੋਂ ਘੱਟ ਸਮਾਂ ਖਰਚ ਕਰ ਕੇ ਵੱਧ ਤੋਂ ਵੱਧ ਫਲ ਪ੍ਰਾਪਤ ਕਰਨ ਦਾ ਯਤਨ ਕੀਤਾ ਹੈ। ਸਿੱਖ ਨੇ ਕਿਉਂਕਿ ਸਾਰੀ ਦੁਨੀਆਂ ਦੀ ਸੇਵਾ ਕਰਨੀ ਹੈ, ਉਹ ਵਿਅਕਤੀਗਤ ਯਤਨਾਂ ਕਰ ਕੇ ਚੰਗੀ ਤਰ੍ਹਾਂ ਨਹੀਂ ਹੋ ਸਕਦੀ, ਜਥੇਬੰਦੀ ਰਾਹੀਂ ਹੋ ਸਕਦੀ ਹੈ। ਇਸੇ ਲਈ ਸਿੱਖ ਧਰਮ ਵਿਚ ਜਥੇ-ਬੰਦੀ ਇਕ ਮੁੱਖ ਅਸੂਲ ਹੈ। ਜਥੇਬੰਦੀ ਨੂੰ ਗੁਰੂ ਜੀ ਨੇ ਧਰਮ ਦਾ ਅੰਗ ਬਣਾਇਆ ਹੈ।

ਜਥੇਬੰਦੀ ਕੀ ਹੈ? ਸਾਡੇ ਨਿਜੀ ਵਿਚਾਰ ਭਾਵੇਂ ਕੁਝ ਹੋਣ। ਉਹਨਾਂ ਨੂੰ ਲੋਕ ਰਾਇ ਨਾਲ ਮਿਲਾ ਕੇ ਸਭ ਦੇ ਭਲੇ ਲਈ ਮਿਲ ਕੇ ਕੰਮ ਕਰਨ ਦਾ ਨਾਂ ਜਥੇਬੰਦੀ ਹੈ।

ਮਨੁੱਖ ਦੇ ਗੁਣ ਦੋ ਹਿਸਿਆਂ ਵਿਚ ਹੁੰਦੇ ਹਨ। ਇਕ ਉਹ ਗੁਣ ਹਨ ਜੋ ਕਿਸੇ ਵਿਚ ਸ਼ਖਸੀ ਹੁੰਦੇ ਹਨ। ਦੂਸਰੇ ਉਹ ਜੋ ਸਰਬ-ਸਾਂਝੇ ਹੁੰਦੇ ਹਨ। ਸ਼ਖਸੀ ਗੁਣਾਂ ਵਿਚ ਸਰੀਰ ਦੀ ਬਣਤਰ, ਆਪਣਾ ਦਿਮਾਗ, ਨਿਜ-ਅਨੁਭਵ, ਤਜਰਬਾ, ਵਿਚਾਰਾਂ ਦਾ ਮੰਡਲ, ਵਲਵਲੇ ਤੇ ਆਪਣੀਆਂ ਲੋੜਾਂ ਹੁੰਦੀਆਂ ਹਨ। ਇਹਨਾਂ ਦੇ ਮਿਲਣ ਕਰਕੇ ਇਕ ਸ਼ਖਸੀਅਤ ਬਣਦੀ ਹੈ, ਪਰ ਜੇਕਰ ਮਨੁੱਖ ਵਿਚ ਇਹੋ ਗੱਲਾਂ ਹੋਣ ਤਾਂ ਮਨੁੱਖ ਅਤੇ ਪਸ਼ੂ ਵਿਚ ਕੋਈ ਬਹੁਤਾ ਫਰਕ ਨਹੀਂ। ਮਨੁੱਖ ਸਰਬ-ਸਾਂਝੇ ਗੁਣ, ਤਜਰਬੇ, ਵਿਸ਼ਾਲ ਵਿਵੇਕ

ਬੁੱਧੀ ਤੇ ਭਾਵ ਰਖਦਾ ਹੈ। ਇਹ ਆਪਣੇ ਯਤਨ ਨਾਲ ਦੂਜਿਆਂ ਨੂੰ ਲਾਭ ਪੁਚਾਂਦਾ ਹੈ ਤੇ ਦੂਜਿਆਂ ਦੇ ਤਜਰਬੇ ਤੋਂ ਆਪ ਫਾਇਦਾ ਉਠਾਉਂਦਾ ਹੈ। ਮਨੁੱਖ ਸਮਾਜਕ ਜੀਵਨ, ਸੰਗਠਨ ਤੇ ਜਥੇਬੰਦੀ ਤੋਂ ਬਿਨਾਂ ਨਹੀਂ ਚਲ ਸਕਦਾ। ਹੁਣ ਤੀਕ ਇਸ ਨੇ ਜੋ ਉੱਨਤੀ ਕੀਤੀ ਹੈ, ਉਸ ਵਿਚ ਮਿਲਾਪ ਤੇ ਏਕਤਾ ਦਾ ਭਾਰੀ ਹਿਸਾ ਹੈ।

ਜਥੇਬੰਦੀ ਇਕ ਸਰੀਰ ਦੀ ਤਰ੍ਹਾਂ ਹੁੰਦੀ ਹੈ, ਜਿਸ ਦੇ ਕਈ ਅੰਗ ਹੁੰਦੇ ਹਨ। ਪਰ ਉਹ ਅੰਗ ਇਕ ਦਿਮਾਗ ਜਾਂ ਮਨ ਦੇ ਤਾਬਿਆ ਹੁੰਦੇ ਹਨ। ਸਾਰੇ ਅੰਗਾਂ ਦਾ ਹਾਣ ਲਾਭ ਸਾਂਝਾ ਹੁੰਦਾ ਹੈ। ਸਰੀਰ ਦਾ ਹਰੇਕ ਅੰਗ ਭਾਵੇਂ ਵੱਖ ਵੱਖ ਹੁੰਦਾ ਹੈ, ਪਰ ਸਾਰੇ ਅੰਗ ਇਕ ਦੂਜੇ ਨਾਲ ਮਿਲ ਕੇ, ਆਪਣੀ ਵੱਖਰੀ ਹੋਂਦ ਨੂੰ ਮਿਟਾ ਕੇ ਸਮੁੱਚੇ ਤੌਰ ਤੇ ਸਰੀਰ ਅਖਵਾਂਦੇ ਹਨ। ਇਸੇ ਤਰ੍ਹਾਂ ਜਦ ਮਨੁੱਖ ਸ਼ਖਸੀ ਨਫੇ ਨੁਕਸਾਨ ਨੂੰ ਸਮੁਦਾਇ ਨਾਲ ਮੇਲ ਲੈਂਦਾ ਹੈ, ਉਸ ਹਾਲਤ ਦਾ ਨਾਂ ਜਥੇਬੰਦੀ ਹੈ। ਏਕਤਾ ਉਦੋਂ ਤੀਕ ਨਹੀਂ ਪੈਦਾ ਹੋ ਸਕਦੀ, ਜਦ ਤੀਕ ਭਿੰਨ ਭਿੰਨ ਅੰਗ ਕਿਸੇ ਸਾਂਝੇ ਆਦਰਸ਼ ਲਈ ਆਪਣੇ ਆਪ ਨੂੰ ਭੁਲਾ ਨਾ ਦੇਣ।

ਸਾਰੀ ਰਚਨਾ ਵਿਚ ਸੰਗਠਨ ਪਾਇਆ ਜਾਂਦਾ ਹੈ। ਸੂਰਜ, ਚੰਦ੍ਰਮਾ, ਪ੍ਰਿਥਵੀ, ਤਾਰੇ ਕਿਸੇ ਅਣਡਿੱਠ ਸ਼ਕਤੀ ਨੇ ਆਪ ਆਪਣੀ ਥਾਂ ਜਕੜੇ ਹੋਏ ਹਨ। ਨਿਕੇ ਨਿਕੇ ਕੋਸ਼ਾਂ ਨਾਲ ਮਨੁੱਖ ਦਾ ਸਰੀਰ ਬਣਿਆ ਹੋਇਆ ਹੈ। ਜਦ ਅਸੀਂ ਬੋਲਦੇ ਹਾਂ, ਸਾਡੀ ਆਵਾਜ਼ ਨੂੰ ਈਥਰ ਦੀਆਂ ਲਹਿਰਾਂ ਮਿਲ ਕੇ ਦੂਸਰੇ ਤਕ ਪਹੁੰਚਾਉਂਦੀਆਂ ਹਨ। ਸ਼ਹਿਦ ਦੀਆਂ ਮੱਖੀਆਂ, ਕੂੰਜਾਂ ਤੇ ਕੀੜੀਆਂ ਮਿਲ ਕੇ ਕੰਮ ਕਰਦੀਆਂ ਜਾਂ ਉਡਦੀਆਂ ਹਨ। ਹਿਰਨ ਇਕ ਦੀ ਅਗਵਾਈ ਵਿਚ ਤੁਰਦੇ ਹਨ। ਨਿਕੇ ਨਿਕੇ ਅਣੂ ਜਦ ਸਖਤ ਹੋ ਕੇ ਇਕਠੇ ਹੋ ਜਾਂਦੇ ਹਨ ਤਾਂ ਲੋਹਾ ਬਣ ਜਾਂਦਾ ਹੈ। ਰੇਤ ਦੇ ਕਿਣਕੇ ਮਿਲ ਕੇ ਚਟਾਨ ਬਣ ਜਾਂਦੇ ਹਨ, ਉਹ ਸਮੁੰਦਰ ਦੀਆਂ ਲਹਿਰਾਂ ਦਾ ਮੂੰਹ ਵੀ ਮੋੜ ਦਿੰਦੇ ਹਨ। ਛੱਪੜ ਦਾ ਖੁੱਲ੍ਹਾ ਪਾਣੀ ਆਪਣੇ ਅੰਦਰ ਕੋਈ ਸ਼ਕਤੀ ਨਹੀਂ ਰਖਦਾ, ਪਰ ਇੰਜਣ ਦੇ 'ਬਾਇਲਰ' ਵਿਚ ਪਿਆ

ਥੋੜ੍ਹਾ ਜਿਹਾ ਪਾਣੀ ਭਾਫ਼ ਬਣ ਕੇ ਲੱਖਾਂ ਮਣ ਭਾਰ ਪਿਆ ਖਿੱਚਦਾ ਹੈ। ਜੇ ਕਰ ਧਿਆਨ ਨਾਲ ਵਿਸ਼ਵ ਰਚਨਾ ਨੂੰ ਵੇਖਿਆ ਜਾਵੇ ਤਾਂ ਇਸ ਵਿਚ ਸੰਗਠਨ ਕੰਮ ਕਰ ਰਿਹਾ ਹੈ। ਸੰਗਠਨ ਹੀ ਇਕ ਸ਼ਕਤੀ ਹੈ।

ਮਨੁੱਖਾਂ ਤੋਂ ਖਾਨਦਾਨ, ਖਾਨਦਾਨਾਂ ਤੋਂ ਕਬੀਲੇ ਅਤੇ ਕਬੀਲਿਆਂ ਦੇ ਮਿਲਣ ਕਰਕੇ ਕੌਮਾਂ ਬਣਦੀਆਂ ਹਨ। ਸੰਸਾਰ ਵਿਚ ਕੌਮਾਂ ਦੇ ਬਣਨ ਵਿਚ ਤਿੰਨ ਗੱਲਾਂ ਕੰਮ ਕਰਦੀਆਂ ਹਨ—

(੧) ਕਿਸੇ ਵੰਸ ਜਾਂ ਨਸਲ ਦਾ ਪਿਆਰ।

(੨) ਦੇਸ਼ ਦਾ ਪਿਆਰ।

(੩) ਕੁਝ ਨਿਸਚਤ ਸਿਧਾਂਤਾਂ ਦੇ ਆਸਰੇ ਮਨੁੱਖਾਂ ਦਾ ਇਕੱਤਰ ਹੋਣਾ।

ਸਿੱਖ ਧਰਮ ਕੋਈ ਖਾਨਦਾਨੀ ਧਰਮ ਨਹੀਂ ਹੈ। ਸਿੱਖੀ ਆਪਣੀ ਬੋਲੀ, ਸੱਭਯਤਾ ਅਤੇ ਦੇਸ਼ ਨਾਲ ਪਿਆਰ ਕਰਦੀ ਹੈ। ਅਸੀਂ ਬਜ਼ੁਰਗਾਂ ਤੇ ਮਾਣ ਕਰਦੇ ਹਾਂ, ਪਰ ਸਿੱਖ ਧਰਮ ਦੇ ਸਿਧਾਂਤ ਸਰਬ-ਸਾਂਝੇ ਹਨ। ਜਿਹਨਾਂ ਨੂੰ ਕੋਈ ਆਦਮੀ ਧਾਰਨ ਕਰ ਲਵੇ, ਉਹ ਸਿੱਖ ਹੋ ਸਕਦਾ ਹੈ। ਇਸ ਲਈ ਸਿੱਖ ਜਥੇਬੰਦੀ ਦੀ ਨੀਂਹ ਸਤਿਗੁਰਾਂ ਦੇ ਦੱਸੇ ਹੋਏ ਅਸੂਲਾਂ ਤੇ ਹੈ।

ਜਥੇਬੰਦੀ ਕਿਉਂ ਜ਼ਰੂਰੀ ਹੈ ? ਉਤੇ ਦੱਸ ਆਏ ਹਾਂ ਕਿ ਸਿੱਖ ਨੇ ਸਾਰੇ ਸੰਸਾਰ ਦੀ ਸੇਵਾ ਕਰਨੀ ਹੈ। ਉਹ ਜਥੇਬੰਦੀ ਰਾਹੀਂ ਹੋ ਸਕਦੀ ਹੈ। ਦੂਸਰੇ ਇਤਿਹਾਸ ਤੋਂ ਇਸ ਗੱਲ ਦਾ ਪਤਾ ਲਗਦਾ ਹੈ ਕਿ ਇਕ ਜਥੇਬੰਦ ਜਮਾਤ ਦਾ ਟਾਕਰਾ ਲੱਖਾਂ ਖਿੰਡੇ-ਪੁੰਡੇ ਆਦਮੀ ਨਹੀਂ ਕਰ ਸਕਦੇ। ਉਹਨਾਂ ਲੋਕਾਂ ਦੀ ਕੋਈ ਹਕੀਕਤ ਨਹੀਂ, ਜਿਨ੍ਹਾਂ ਦਾ ਆਪਸ ਵਿਚ ਕੋਈ ਸਬੰਧ ਨਹੀਂ, ਜਿਨ੍ਹਾਂ ਦੇ ਖਿਆਲਾਂ ਵਿਚ ਏਕਤਾ ਨਹੀਂ, ਸਾਂਝੇ ਅਸੂਲ ਨਹੀਂ ਜਾਂ ਇਕ ਸਾਂਝਾ ਆਦਰਸ਼ ਨਹੀਂ। ਜਿਸ ਤਰ੍ਹਾਂ ਜੀਉਂਦੇ ਸਰੀਰ ਦੇ ਅੰਗ ਇਕ ਦਿਮਾਗ ਦੀ ਤਾਬਿਆ ਹੁੰਦੇ ਹਨ, ਇਸੇ ਤਰ੍ਹਾਂ ਜੀਊਂ-

ਦੀਆਂ ਕੌਮਾਂ ਦੇ ਆਦਮੀ ਇਕ ਲੜੀ ਵਿਚ ਪ੍ਰੋਏ ਤੇ ਜਥੇਬੰਦੀ ਵਿਚ ਹੁੰਦੇ ਹਨ।

ਸਿੱਖ ਧਰਮ ਇਕ ਜਥੇਬੰਦ ਧਰਮ ਹੈ, ਇਸ ਲਈ ਹਰੇਕ ਸਿੱਖ ਆਪਣੇ ਆਪ ਨੂੰ ਪੰਥ ਦਾ ਇਕ ਅੰਗ ਸਮਝਦਾ ਹੈ। ਸਿੱਖ ਧਰਮ ਅਗਰ ਸ਼ਖਸੀ ਧਰਮ ਹੁੰਦਾ ਤਾਂ ਇਸ ਦਾ ਹਿੰਦੁਸਤਾਨ ਨੂੰ ਕੋਈ ਲਾਭ ਨਾ ਹੁੰਦਾ, ਨਾ ਹੀ ਇਹ ਸੰਸਾਰ ਦਾ ਕੋਈ ਭਲਾ ਕਰ ਸਕਦਾ। ਸ਼ਖਸੀ ਧਰਮ ਵਿਚ ਜੀਵਨ ਦੀ ਉਸਾਰੀ ਵਿਅਕਤੀਗਤ ਹੁੰਦੀ ਹੈ ਤੇ ਜਥੇਬੰਦ ਧਰਮ ਵਿਚ ਸਮੁਦਾਇ ਦੀ। ਜਿਸ ਤਰ੍ਹਾਂ ਕਿਸੇ ਵਿਦਿਆਲੇ ਦੇ ਵਿਦਿਆਰਥੀਆਂ ਲਈ ਕਈ ਮਜ਼ਮੂਨ ਪੜ੍ਹਨੇ ਜ਼ਰੂਰੀ ਹੁੰਦੇ ਹਨ, ਇਸੇ ਤਰ੍ਹਾਂ ਸਿੱਖ ਲਈ ਜਥੇਬੰਦੀ ਵਿਚ ਸ਼ਾਮਲ ਹੋਣਾ ਜ਼ਰੂਰੀ ਹੈ।

ਹਿੰਦੁਸਤਾਨ ਵਿਚ ਧਰਮ ਦੀ ਥਾਂ ਫ਼ਿਲਾਸਫ਼ੀ ਨੇ ਲੈ ਲਈ ਹੈ। ਫ਼ਿਲਾਸਫ਼ੀ ਵਿਚ ਵਿਚਾਰਾਂ ਦੀ ਸੁਤੰਤ੍ਰਤਾ ਨੂੰ ਕਾਇਮ ਰਖਿਆ ਗਿਆ। ਇਸ ਦਾ ਨਤੀਜਾ ਵਿਚਾਰਾਂ ਦੀ ਬਹੁਲਤਾ ਹੋਇਆ। ਇਸ ਕਾਰਨ ਹੀ ਕਈ ਸੰਪ੍ਰਦਾਵਾਂ ਤੇ ਮੱਤਾਂ ਨੇ ਜਨਮ ਲਿਆ। ਫ਼ਿਲਾਸਫ਼ੀ ਦੇ ਮੱਤ-ਭੇਦ ਨੇ ਸਿਆਣੇ ਆਦਮੀਆਂ ਨੂੰ ਨਾ ਮਿਲਣ ਦਿੱਤਾ। ਵਰਣ-ਆਸ਼੍ਰਮ ਦੀ ਵੰਡ ਕਰਕੇ ਸਾਧਾਰਨ ਜਨਤਾ ਏਕਤਾ ਨਾ ਕਰ ਸਕੀ। ਫ਼ਿਲਾਸਫ਼ੀ ਨੇ ਮਾਨ-ਸਿਕ ਖਿੰਡਾਓ ਪੈਦਾ ਕੀਤਾ, ਵਰਨਾਂ ਨੇ ਜ਼ਾਤ-ਪਾਤ ਦੀਆਂ ਵੰਡੀਆਂ ਪਾ ਦਿੱਤੀਆਂ। ਉਸ ਦੇ ਨਾਲ ਰਾਜਨੀਤਕ ਇੰਤਸ਼ਾਰ ਪੈਦਾ ਹੋਇਆ। ਨਿਜ-ਸੁਆਰਥ ਤੇ ਹਉਮੈਂ ਪ੍ਰਬਲ ਹੋ ਗਈ। ਇਸ ਦਾ ਫਲ ਦੇਸ਼ ਲਈ ਬਹੁਤ ਮਾੜਾ ਹੋਇਆ। ਸਾਡਾ ਇਸ ਤੋਂ ਇਹ ਭਾਵ ਨਹੀਂ ਕਿ ਸ਼ਖਸੀ ਆਜ਼ਾਦੀ ਨੂੰ ਖਤਮ ਕਰ ਦਿੱਤਾ ਜਾਵੇ ਜਾਂ ਵਿਚਾਰਾਂ ਦੀ ਸੁਤੰਤ੍ਰਤਾ ਨਾ ਹੋਵੇ ਬਲਕਿ ਮੁੱਦਾ ਇਹ ਹੈ ਕਿ ਵਿਅਕਤੀਗਤ ਵਿਚਾਰਾਂ ਦੀ ਸੁਤੰਤ੍ਰਤਾ ਹੁੰਦਿਆਂ ਹੋਇਆਂ ਵੀ ਕੁਝ ਅਜਿਹੇ ਨਿਸਚਤ ਸਿਧਾਂਤ ਜਾਂ ਅਸੂਲ ਹੋਣੇ ਚਾਹੀਦੇ ਹਨ, ਜਿਨ੍ਹਾਂ ਦੇ ਆਸਰੇ ਸੰਗਠਨ ਜਾਂ ਜਥੇਬੰਦੀ ਹੋ ਸਕੇ। ਸਾਡੇ ਦੇਸ਼ ਵਿਚ ਜੋ ਇਹ ਖਾਮੀ ਸੀ, ਇਸ ਨੂੰ ਗੁਰੂ ਸਾਹਿਬ ਨੇ ਦੂਰ ਕੀਤਾ ਹੈ। ਸਿੱਖ ਪੰਥ

ਨੂੰ ਜਥੇਬੰਦ ਬਣਾਇਆ ਹੈ।

ਸਿੱਖਾਂ ਵਿਚ ਜਥੇਬੰਦੀ ਦੇ ਖਿਆਲ ਨੇ ਕਿਸ ਤਰ੍ਹਾਂ ਉੱਨਤੀ ਕੀਤੀ। ਇਸ ਪਰ ਸਿਧਾਂਤਕ ਅਤੇ ਇਤਿਹਾਸਕ ਦ੍ਰਿਸ਼ਟੀ ਤੋਂ ਵਿਚਾਰ ਕਰਦੇ ਹਾਂ। ਸਿੱਖ ਜਥੇਬੰਦੀ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਖੀ। ਉਹਨਾਂ ਨੇ ਪ੍ਰਚਾਰ ਕਰ ਕੇ ਸੰਗਤ ਕਾਇਮ ਕੀਤੀ, ਸੰਗਤ ਨੂੰ ਕਰਾਮਾਤ ਦੱਸਿਆ ਹੈ। ਸੰਗਤ ਦੀ ਇਕੱਤ੍ਰਤਾ ਤੇ ਮਿਲ ਬੈਠਣ ਲਈ ਦੇਸ਼-ਦੇਸ਼ਾਂਤਰਾਂ ਵਿਚ ਗੁਰਦੁਆਰੇ ਬਣਾਏ, ਜਿਹੜੇ ਧਰਮ ਪ੍ਰਚਾਰ ਦੇ ਕੇਂਦਰ ਸਨ। ਇਹ ਹਿੰਦੁਸਤਾਨ ਤੋਂ ਬਾਹਰ ਵੀ ਸਨ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਬਾਅਦ ਦੇ ਸਤਿਗੁਰਾਂ ਨੇ ਵੀ ਬਣਾਏ। ਜੂਨਾਗੜ੍ਹ, ਕਾਮਰੂਪ ਤੇ ਧੋਬੜੀ (ਆਸਾਮ), ਢਾਕਾ, ਚਿਟਾਗਾਂਵ (ਬੰਗਲਾ), ਸੂਰਤ, ਪਟਨਾ (ਬਿਹਾਰ), ਕਟਕ, ਨਾਨਕਮਤਾ (ਯੂ. ਪੀ.), ਕਠਮੰਡੂ, ਬਗ਼ਦਾਦ, ਕਾਬਲ ਅਤੇ ਜਲਾਲਾਬਾਦ, ਕੋਲੰਬੋ, ਰਾਮੇਸ੍ਵਰਮ, ਕਜਲੀਬਨ, ਹੈਦਰਾਬਾਦ (ਦੱਖਣ), ਸੰਗਲਾਦੀਪ ਵਿਚ ਸਿੱਖ ਸੰਗਤਾਂ ਸਨ। ਭਾਈ ਗੁਰਦਾਸ ਜੀ ਦੀ ਯਾਰ੍ਹਵੀਂ ਵਾਰ ਵਿਚ ਪੁਰਾਤਨ ਸਿੱਖਾਂ ਅਤੇ ਸੰਗਤਾਂ ਦੇ ਨਾਂ ਮਿਲਦੇ ਹਨ। ਕਸ਼ਮੀਰ, ਤਿੱਬਤ, ਰਾਮਪੁਰ ਬੁਸ਼ਹਿਰ, ਦਿੱਲੀ, ਆਗਰਾ, ਉਜੈਨ, ਬੁਰਹਾਨਪੁਰ, ਲਖਨਊ, ਤਾਜ ਮਹਿਲ, ਢਾਕਾ ਆਦਿ ਵਿਚ ਸਿੱਖੀ ਪ੍ਰਚਾਰ ਦਾ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ। ਸ੍ਰੀ ਦਸਮ ਪਾਤਸ਼ਾਹ ਦੇ ਮਹਿਲ ਮਾਤਾ ਸਾਹਿਬ ਕੌਰ ਜੀ ਨੇ ਬਨਾਰਸ ਵਿਚ ਇਕ ਪੁਰਾਤਨ ਗੁਰਦੁਆਰੇ ਦੀ ਸੰਭਾਲ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਪੁਰਾਤਨ ਬੀੜਾਂ ਵਿਚ 'ਹਕੀਕਤ ਰਾਹ' ਮੁਕਾਮ ਪਰ ਲਿਖੀ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਉਸ ਵਕਤ ਸਿੱਖ ਸੰਗਤਾਂ ਦੱਖਣੀ ਭਾਰਤ ਵਿਚ ਤੇ ਲੰਕਾ ਤਕ ਸਨ।

ਭਾਈ ਗੁਰਦਾਸ ਜੀ ਸੰਗਤ ਦੀ ਵਡਿਆਈ ਕਰਦੇ ਹੋਏ ਲਿਖਦੇ ਹਨ—

ਨਹੀਂ ਦਦਸਾਰ[੧] ਪਿਤਾ ਪਿਤਾਮਾ ਪਰ ਪਿਤਾਮਾ,
ਸਜਨ ਕੁਟੰਬ ਸੁਤ ਬਾਂਧਵ ਨ ਭ੍ਰਾਤਾ ਹੈ।
ਨਹੀ ਨਨਸਾਰ[੨] ਮਾਤਾ ਪਰਮਾਤਾ ਬ੍ਰਿਧ ਮਾਤਾ,
ਮਾਮੂ ਮਾਮੀ ਮਾਸੀ ਮੌਸਾ ਬਿਬਿਧ ਬਿਖਯਾਤਾ ਹੈ।
ਨਹੀ ਸਸੁਰਾਰ[੩] ਸਾਸ ਸਸੁਰਾ ਔ ਸਾਰੋ ਸਾਰੀ[੪],
ਨਹੀ ਵਿਰਤੀਸਰ[੫] ਔ ਜਾਚਕ ਨ ਦਾਤਾ ਹੈ।
ਆਸਨ ਬਸਨ[੬] ਧਨ ਧਾਮ ਕਾਹੂ ਮੈਂ ਨ ਦੇਖਯੋ,
ਜੈਸੋ ਗੁਰਸਿਖ ਸਾਧ ਸੰਗਤ ਕੋ ਨਾਤਾ ਹੈ।

[ਕਬਿੱਤ ਸਵਯੇ ੧੦੦

ਹਰੇਕ ਸੰਗਤ ਦਾ ਇਕ ਮਖੀ ਹੁੰਦਾ ਸੀ। ਭਾਈ ਸੇਵਾਦਾਸ ਦੀ ਲਿਖਤ (੧੫੮੮ ਈ.) ਤੋਂ ਪਤਾ ਲਗਦਾ ਹੈ ਕਿ ਸੰਗਤ ਦੇ ਮੁਖੀ ਨੂੰ 'ਮੰਜੀ' ਕਹਿੰਦੇ ਸਨ। ਮੰਜੀ ਤੋਂ ਮੁਰਾਦ ਬੈਠਣ ਵਾਲੀ ਮੰਜੀ ਸੀ, ਜੋ ਗੁਰੂ ਜੀ ਕਿਸੇ ਮੁਖੀ ਸਿੱਖ ਨੂੰ ਬਖਸ਼ਦੇ ਸਨ।

ਸ੍ਰੀ ਗੁਰੂ ਨਾਨਕ ਦੇਵ ਦੇ ਪਿਛੋਂ ਤੀਸਰੇ ਸਤਿਗੁਰਾਂ ਨੇ ੨੨ ਮੰਜੀਆਂ ਕਾਇਮ ਕੀਤੀਆਂ। ਇਸ ਤਰ੍ਹਾਂ ਪੰਜਵੇਂ ਸਤਿਗੁਰੂ ਜੀ ਤਕ ਜਥੇਬੰਦੀ ਦਾ ਖਿਆਲ ਹੌਲੀ ਹੌਲੀ ਅਣਡਿੱਠੇ ਤਰੀਕੇ ਨਾਲ ਉੱਨਤ ਹੁੰਦਾ ਰਿਹਾ। ਤੀਸਰੇ ਸਤਿਗੁਰੂ ਜੀ ਨੇ ਗੋਇੰਦਵਾਲ ਵਿਚ ਬਾਉਲੀ ਬਣਵਾਈ ਤੇ ਵਿਸਾਖੀ ਦਾ ਮੇਲਾ ਸ਼ੁਰੂ ਕੀਤਾ। ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਵਸਾਇਆ। ਮਸੰਦ ਕਾਇਮ ਕੀਤੇ, ਜੋ ਕਾਰ-ਭੇਟ ਉਗਰਾਹ ਕੇ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਕਰਦੇ ਸਨ। ਇਸ ਤਰ੍ਹਾਂ ਕੇਂਦਰ ਬਣਨ ਦੇ ਨਾਲ ਸਿੱਖਾਂ ਦੀ ਆਰਥਕ ਜਥੇਬੰਦੀ ਵੀ ਹੋ ਗਈ। ਪੰਚਮ ਪਾਤਸ਼ਾਹ ਨੇ ਹਰਿਮੰਦਰ ਸਾਹਿਬ ਬਣਾਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ

੧. ਦਾਦਕੇ। ੨. ਨਾਨਕੇ। ੩. ਸਹੁਰੇ। ੪. ਸਾਲੀ। ੫. ਪ੍ਰੋਹਤ। ੬. ਅੰਨ ਬਸਤ੍ਰ।

ਤਿਆਰ ਕੀਤੀ। ਛੇਵੇਂ ਪਾਤਸ਼ਾਹ ਨੇ ਸ੍ਰੀ ਅਕਾਲ ਤਖਤ ਸਾਹਿਬ ਬਣਾ ਕੇ ਧਰਮ ਅਤੇ ਰਾਜਨੀਤੀ, ਮੀਰੀ ਅਤੇ ਪੀਰੀ ਦੋਹਾਂ ਨੂੰ ਜੋੜ ਦਿੱਤਾ। ਕਿਸੇ ਧਰਮ ਦੇ ਜਥੇਬੰਦ ਹੋਣ ਲਈ ਜੋ ਚੀਜ਼ਾਂ ਚਾਹੀਦੀਆਂ ਸਨ, ਉਹ ਪੂਰੀਆਂ ਹੋ ਗਈਆਂ। ਉਸ ਵਕਤ ਤਕ ਸਾਰੀ ਸਿੱਖੀ ਸਤਿਗੁਰੂ ਦੀ ਮਹਾਨ ਵਿਅਕਤੀ ਦੇ ਦੁਆਲੇ ਘੁੰਮਦੀ ਸੀ। ਸਤਿਗੁਰੂ ਨੇ ਆਪਣੇ ਆਪ ਨੂੰ ਸਿੱਖ ਸੰਗਤ ਵਿਚ ਟਿਕਾਇਆ। ਇਸ ਤਰ੍ਹਾਂ ਸਿੱਖ ਧਰਮ ਵਿਚ ਜਮਹੂਰੀ ਸਪਿਰਟ ਪੈਦਾ ਕੀਤੀ। ਜੋ ਸਿੱਖ-ਵਾਹਿਗੁਰੂ ਅਤੇ ਗੁਰੂ ਪਾਸੋਂ ਕੋਈ ਦਾਤ ਮੰਗਦਾ ਸੀ, ਉਹ ਸੰਗਤ ਪਾਸੋਂ ਅਰਦਾਸ ਕਰਵਾਂਦਾ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਸਾਜ ਕੇ ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਨੂੰ ਗੁਰੂ ਪਦਵੀ ਦੇ ਕੇ ਜਥੇਬੰਦੀ ਦੇ ਆਦਰਸ਼ ਨੂੰ ਮੁਕੰਮਲ ਕਰ ਦਿੱਤਾ। ਸੰਗਤ ਅਤੇ ਪੰਥ ਨੂੰ ਪੰਜ ਪਿਆਰੇ ਚੁਣ ਕੇ ਅੰਮ੍ਰਿਤ ਛਕਾਉਣ ਦਾ ਅਧਿਕਾਰ ਵੀ ਦਿੱਤਾ। ਇਸ ਤਰ੍ਹਾਂ ਗੁਰੂ ਰੂਪ ਹੋਇਆ।

ਦਸਮ ਪਾਤਸ਼ਾਹ ਨੇ ਰਾਜਪੂਤਾਨੇ ਵਿਚ ਦਾਦੂ ਦੀ ਸਮਾਧ ਤੇ ਤੀਰ ਨਾਲ ਨਮਸਕਾਰ ਕੀਤੀ। ਸਿੱਖਾਂ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਆਪ ਦਾ ਹੁਕਮ ਹੈ ਕਿ ਸਿੱਖ 'ਗੋਰ ਮੜੀ ਮਟ ਭੂਲ ਨ ਮਾਨੇ' ਫਿਰ ਆਪ ਨੇ ਸਮਾਧ ਨੂੰ ਕਿਉਂ ਨਮਸਕਾਰ ਕੀਤੀ?" ਮਹਾਰਾਜ ਨੇ ਉੱਤਰ ਦਿੱਤਾ— "ਇਹ ਸਾਡੀ ਭੁੱਲ ਹੈ, ਸੰਗਤ ਖਿਮਾ ਕਰ ਦੇਵੇ।" ਗੁਰੂ ਜੀ ਨੇ ਇਹ ਗਲ ਸਿੱਖੀ ਦੀ ਪ੍ਰੀਖਿਆ ਲਈ ਕੀਤੀ ਸੀ, ਭੁੱਲ ਨਹੀਂ ਸੀ। ਸਤਿਗੁਰੂ ਜੀ ਨੇ ੧੨੫) ਰੁਪਏ ਸੰਗਤ ਦੀ ਭੇਟਾ ਕੀਤੇ।

ਦਸਮ ਪਾਤਸ਼ਾਹ ਤੋਂ ਬਾਅਦ 'ਸਰਬੱਤ ਖਾਲਸਾ' ਸਾਲ ਵਿਚ ਦੋ ਵੇਰ ਵਿਸਾਖੀ ਅਤੇ ਦਿਵਾਲੀ ਤੇ ਸ੍ਰੀ ਅੰਮ੍ਰਿਤਸਰ ਵਿਚ ਇਕੱਤ੍ਰ ਹੋ ਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਬੈਠ ਕੇ ਆਪਣੇ ਧਾਰਮਿਕ ਫੈਸਲੇ ਕਰਦਾ ਸੀ। ਜੋ ਗੁਰਮਤਾ ਪਾਸ ਹੁੰਦਾ, ਉਸ ਨੂੰ ਗੁਰੂ ਪੰਥ ਦਾ ਹੁਕਮ ਮੰਨਿਆ ਜਾਂਦਾ ਸੀ। ਸੰਨ ੧੭੧੬ ਤੋਂ ੧੭੬੩ ਈ: ਤਕ ਸਿੱਖਾਂ ਤੇ ਮੁਗਲ ਹਕੂਮਤ ਵਲੋਂ

ਬਹੁਤ ਸਖਤੀ ਹੋਈ। ਨਾਦਰ ਸ਼ਾਹ ਦੁਰਾਨੀ ਅਤੇ ਅਹਿਮਦ ਸ਼ਾਹ ਅਬਦਾਲੀ ਨਾਲ ਟੱਕਰ ਹੋਈ। ਸਿੱਖਾਂ ਦੇ ਸਿਰਾਂ ਦਾ ਮੁੱਲ ਅੱਸੀ-ਅੱਸੀ ਰੁਪਏ ਪਿਆ, ਪਰ ਖਾਲਸਾ ਪੰਥ ਜਥੇਬੰਦ ਰਿਹਾ। ਥੋੜੀ ਜਿਹੀ ਕਮਜ਼ੋਰੀ ਬਾਬਾ ਬੰਦਾ ਬਹਾਦਰ ਦੇ ਵਕਤ ਆਈ, ਜਦ ਕਿ ਮਤ-ਭੇਦ ਦੇ ਕਾਰਨ ਕੁਝ ਸਿੱਖ ਸੂਬਾ ਲਾਹੌਰ ਪਾਸ ਜਾ ਨੌਕਰ ਹੋਏ। ਪਰ ਮੁਗਲਾਂ ਦੇ ਜਬਰ ਤੇ ਅਹਿਮਦ ਸ਼ਾਹ ਦੇ ਹਮਲਿਆਂ ਨੇ ਸਿੱਖਾਂ ਨੂੰ ਮੁੜ ਜਥੇਬੰਦ ਕਰ ਦਿੱਤਾ। ਬਾਰਾਂ ਮਿਸਲਾਂ ਕਾਇਮ ਹੋਈਆਂ। ਮਿਸਲ ਦੇ ਮਾਇਨੇ ਹੀ ਬਰਾਬਰੀ ਹੈ। ਇਹ ਭਾਵੇਂ ਅੱਡ-ਅੱਡ ਜਥੇ ਸਨ, ਪਰ ਸਿੱਖੀ ਦੀ ਸਪਿ-ਰਟ ਅਤੇ ਸਾਂਝੀ ਮੁਸੀਬਤ ਨੇ ਇਹਨਾਂ ਨੂੰ ਇਕ ਜਾਨ ਕੀਤਾ ਹੋਇਆ ਸੀ। ਜਦ ਇਹ ਮਿਲ ਕੇ ਕੋਈ ਗੁਰਮਤਾ ਕਰਦੇ ਸਨ ਤਾਂ ਹਰੇਕ ਸਿੱਖ ਉਸ ਨੂੰ ਮੰਨਦਾ ਸੀ। ਪੰਥਕ ਗੁਰਮਤਾ ਰੋਜ਼ ਰੋਜ਼ ਨਹੀਂ ਹੁੰਦਾ ਸੀ। ਇਹ ਓਦੋਂ ਕੀਤਾ ਜਾਂਦਾ ਸੀ, ਜਦ ਪੰਥ ਤੇ ਧਰਮ ਲਈ ਕੋਈ ਵਡੀ ਔਕੜ ਆ ਪੈਂਦੀ ਸੀ ਅਤੇ ਸਾਂਝੇ ਯਤਨ ਦੀ ਲੋੜ ਹੁੰਦੀ ਸੀ। ਗੁਰਮਤਾ ਇਕ ਦਮ ਸੰਗਤ ਵਿਚ ਪੇਸ਼ ਨਹੀਂ ਕਰ ਦਿੱਤਾ ਜਾਂਦਾ ਸੀ, ਬਲਕਿ ਪੇਸ਼ ਕਰਨ ਤੋਂ ਪਹਿਲੇ ਜਥਿਆਂ ਦੇ ਸਰਦਾਰ ਇਸ ਤੇ ਵਿਚਾਰ ਕਰਦੇ ਸਨ। ਸਰਬ ਸੰਮਤੀ ਕਰ ਕੇ ਫਿਰ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਸੰਗਤ ਨੂੰ ਗੁਰਮਤਾ ਪੜ੍ਹ ਕੇ ਸੁਣਾਉਂਦਾ ਸੀ। ਸਰਬੱਤ ਖਾਲਸਾ ਉਸ ਨੂੰ ਪਾਸ ਕਰਦਾ ਸੀ।

ਧਾਰਮਿਕ ਫੈਸਲੇ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਤੋਂ ਬਿਨਾਂ ਤਿੰਨ ਤਖਤ ਹੋਰ ਹਨ—ਸ੍ਰੀ ਕੇਸ ਗੜ੍ਹ ਸਾਹਿਬ (ਅਨੰਦਪੁਰ), ਸ੍ਰੀ ਪਟਨਾ ਸਾਹਿਬ, ਸਚਖੰਡ ਸ੍ਰੀ ਹਜ਼ੂਰ ਸਾਹਿਬ (ਨਾਦੇੜ)। ਧਾਰਮਿਕ ਫੈਸਲਿਆਂ ਉਤੇ ਇਹਨਾਂ ਤਖਤਾਂ ਦੀ ਸਹਿਮਤੀ ਵੀ ਲਈ ਜਾਂਦੀ ਸੀ। ਪੰਥ ਦੇ ਧਾਰਮਿਕ ਅਤੇ ਰਾਜਨੀਤਕ ਫੈਸਲੇ ਸ੍ਰੀ ਅਕਾਲ ਤਖਤ ਸਾਹਿਬ ਤੇ ਹੀ ਹੁੰਦੇ ਸਨ। ਬਾਰਾਂ ਮਿਸਲਾਂ ਦੇ ਸਰਦਾਰਾਂ ਨੇ ਸ੍ਰੀ ਅੰਮ੍ਰਿਤਸਰ ਦੀ ਰਾਖੀ ਅਤੇ ਵਿਸਾਖੀ ਦਿਵਾਲੀ ਤੇ ਆ ਕੇ ਠਹਿਰਨ ਲਈ ਸ੍ਰੀ ਦਰਬਾਰ ਸਾਹਿਬ ਦੇ ਦੁਆਲੇ ਬੁੰਗੇ ਬਣਾਏ। ਇਹਨਾਂ ਵਿਚ ਬੈਠ ਕੇ

ਸਿੱਖ ਸਰਦਾਰ ਤੇ ਜਥੇ ਵਿਚਾਰਾਂ ਕਰਦੇ ਸਨ। ਸਿੱਖ ਜਥੇਬੰਦੀ ਵਿਚ ਜਦ ਰਤਾ ਕਮਜ਼ੋਰੀ ਆਈ, ਉਸ ਨੂੰ ਭਾਈ ਤਾਰਾ ਸਿੰਘ ਡਲਵਾਂ, ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਬਾਬਾ ਦੀਪ ਸਿੰਘ ਜੀ ਅਤੇ ਬਾਬਾ ਗੁਰਬਖਸ਼ ਸਿੰਘ ਜੀ ਵਰਗਿਆਂ ਨੇ ਆਪਣੀਆਂ ਸ਼ਹੀਦੀਆਂ ਦੇ ਕੇ ਦੂਰ ਕੀਤਾ।

ਬਾਰਾਂ ਮਿਸਲਾਂ ਨੇ ਧਰਮ ਦੀ ਰਖਿਆ ਅਤੇ ਦੇਸ਼ ਦੀ ਆਜ਼ਾਦੀ ਲਈ ਜੋ ਸੂਰਬੀਰਤਾ ਵਿਖਾਈ ਅਤੇ ਸ਼ਾਨਦਾਰ ਕੁਰਬਾਨੀ ਕੀਤੀ, ਉਸ ਤੇ ਜਿਤਨਾ ਮਾਣ ਕੀਤਾ ਜਾਏ ਥੋਹੜਾ ਹੈ। ਪਰ ਰਾਜਨੀਤਕ ਤਾਕਤ ਹਾਸਲ ਕਰਨ ਦੇ ਪਿਛੋਂ ਮਿਸਲਾਂ ਵਿਚ ਫੁੱਟ ਪੈ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੁਰਬਾਨੀ, ਜਥੇਬੰਦੀ, ਏਕਤਾ ਅਤੇ ਜਮਹੂਰੀ ਆਚਰਣ ਦੀ ਜੋ ਸਿੱਖਿਆ ਦਿੱਤੀ ਸੀ, ਉਸ ਨੂੰ ਭੁੱਲਣ ਕਰਕੇ ਘਰੋਗੀ ਫੁੱਟ ਸਵਾਰਥ ਅਤੇ ਖ਼ਾਨਾ-ਜੰਗੀ ਵਿਚ ਮਿਸਲਾਂ ਦਾ ਅੰਤ ਹੋ ਗਿਆ। ਕਿਸੇ ਕੌਮ ਲਈ ਨਿਰਾ ਜਮਹੂਰੀ ਸਿੱਖਿਆ ਹੀ ਕਾਫ਼ੀ ਨਹੀਂ ਹੁੰਦੀ, ਸਗੋਂ ਨਾਲ ਹੀ ਜਮਹੂਰੀ ਆਚਰਣ ਬਨਾਉਣ ਦੀ ਵੀ ਲੋੜ ਹੁੰਦੀ ਹੈ। ਇਸ ਤੋਂ ਬਿਨਾਂ ਕਰਨੀ ਕਠਨ ਹੈ। ਸ਼ੁਰੂ ਵਿਚ ਮਿਸਲਾਂ ਵਿਚ ਜਮਹੂਰੀ ਆਚਰਣ ਸੀ, ਪਰ ਪਿਛੋਂ ਰਾਜਸੀ ਤਾਕਤ ਆਉਣ ਕਰਕੇ ਖਰਾਬੀ ਆ ਗਈ, ਜਿਸ ਦਾ ਫਲ ਮਿਸਲਾਂ ਦਾ ਖ਼ਾਤਮਾ ਹੋਇਆ।

ਮਿਸਲਾਂ ਤੋਂ ਪਿਛੋਂ ਮਹਾਰਾਜਾ ਰਣਜੀਤ ਸਿੰਘ ਨੇ ਰਹਿਨੁਮਾਈ ਕੀਤੀ। ਰਾਜਨੀਤਕ ਤਾਕਤ ਬਣਾਈ। ਉਸ ਨੇ ਬੜੀ ਸਿਆਣਪ ਨਾਲ ਰਾਜ ਪ੍ਰਬੰਧ ਕੀਤਾ। ਪਰ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਰਾਜਨੀਤਕ ਪੋਜ਼ੀਸ਼ਨ ਵਿਚ ਇਕ ਫਰਕ ਸੀ। ਉਹ ਇਹ ਸੀ ਕਿ ਮਿਸਲਾਂ ਸਿੱਖ ਜਥੇ ਸਨ। ਉਹ ਆਪਣੇ ਫੈਸਲੇ ਸ੍ਰੀ ਅਕਾਲ ਤਖਤ ਸਾਹਿਬ ਤੇ ਇਕੱਤਰ ਹੋ ਕੇ ਧਾਰਮਿਕ ਢੰਗ ਨਾਲ ਕਰਦੇ ਸਨ। ਉਹ ਫੈਸਲੇ ਸਿੱਖਾਂ ਦੇ ਹੁੰਦੇ ਸਨ। ਉਹ 'ਰਾਜ ਕਰੇਗਾ ਖ਼ਾਲਸਾ' ਦਾ ਨਾਹਰਾ ਲਾਉਂਦੇ ਸਨ, ਉਸ ਤੋਂ ਮੁਰਾਦ ਸਿੱਖਾਂ ਦਾ ਰਾਜ ਸੀ। ਪਰ ਉਸ ਨੂੰ

ਕਾਇਮ ਨਹੀਂ ਰਖ ਸਕੇ । ਸ਼ੇਰੇ-ਪੰਜਾਬ ਦੇ ਵਕਤ ਰਾਜ ਸਿਰਫ ਸਿੱਖਾਂ ਦਾਂ ਨਹੀਂ ਸੀ, ਬਲਕਿ ਸਮੁੱਚੇ ਪੰਜਾਬੀਆਂ ਦਾ ਸੀ । ਸਾਰੇ ਲੋਕ ਮਹਾਰਾਜੇ ਨੂੰ 'ਸਰਕਾਰ' ਕਹਿੰਦੇ ਸਨ । ਇਹ ਸਿੱਖ ਸਤਿਗੁਰਾਂ ਦੀ ਸਿਖਿਆ ਦੇ ਅਨੁਕੂਲ ਸੀ । ਸਤਿਗੁਰਾਂ ਨੇ ਸਿੱਖ ਸੰਗਤ ਜਾਂ ਪੰਥ ਦੀ ਸੇਵਾ ਦੇ ਨਾਲ ਨਾਲ ਲੋਕ-ਸੇਵਾ ਅਤੇ ਦੇਸ਼-ਸੇਵਾ ਵੀ ਸਿਖਾਈ ਸੀ । ਇਸ ਲਈ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਪ੍ਰਬੰਧ ਵਿਚ ਹਿੰਦੂ ਮੁਸਲਮਾਨ ਸਾਰੇ ਭਾਈਵਾਲ ਸਨ । ਉਸ ਨੇ ਰਾਜ-ਪ੍ਰਬੰਧ ਕਰਨ ਲਈ ਵਜ਼ੀਰ-ਮੰਡਲੀ ਬਣਾ ਦਿੱਤੀ । ਸੰਨ ੧੮੦੯ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੇ ਗੁਰਮਤਾ ਕਰਨਾ ਬੰਦ ਕਰ ਦਿੱਤਾ । ਤਖਤ ਸਾਹਿਬ ਪੰਥ ਲਈ ਧਾਰ-ਮਿਕ ਹੁਕਮਨਾਮੇ ਜਾਰੀ ਕਰਦਾ ਸੀ । ਪਰ ਰਾਜਸੀ ਫੈਸਲੇ ਮਹਾਰਾਜ ਸਾਹਿਬ ਦੀ ਵਜ਼ੀਰ-ਮੰਡਲੀ ਕਰਦੀ ਸੀ । ਸ਼ੇਰੇ-ਪੰਜਾਬ ਨੇ ਸਿੱਖ ਧਰਮ ਤੇ ਪੰਥ ਦਾ ਬੜਾ ਮਾਣ ਕੀਤਾ ਹੈ । ਜੇ ਕੋਈ ਭੁੱਲ ਹੋਈ ਹੈ ਤਾਂ ਉਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਹਾਜ਼ਰ ਹੋ ਕੇ ਮੰਨਿਆ ਹੈ ।

ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਹੀ ਸਿੱਖਾਂ ਵਿਚ ਮਾਝੇ ਅਤੇ ਮਾਲਵੇ ਦਾ ਸਵਾਲ ਪੈਦਾ ਹੋ ਗਿਆ ਸੀ । ਇਸ ਦਾ ਆਰੰਭ ਅਹਿਮਦ ਸ਼ਾਹ ਅਬਦਾਲੀ ਨੇ ਕੀਤਾ ਸੀ, ਜਦ ਕਿ ਉਸ ਨੇ ਬਾਬਾ ਆਲਾ ਸਿੰਘ ਨੂੰ ਸਰਹੰਦ ਦਾ ਇਲਾਕਾ ਦੇ ਕੇ ਉਸ ਨੂੰ ਦੂਸਰੀਆਂ ਮਿਸਲਾਂ ਨਾਲੋਂ ਅੱਡ ਕਰਨ ਦਾ ਯਤਨ ਕੀਤਾ । ਪਰ ਬਾਬਾ ਆਲਾ ਸਿੰਘ ਤੇ ਮਿਸਲਾਂ ਦੇ ਸਰਦਾਰਾਂ ਨੇ ਬੜੀ ਸਿਆਣਪ ਨਾਲ ਇਸ ਚਾਲ ਨੂੰ ਸਮਝ ਲਿਆ ਅਤੇ ਮਿਲਾਪ ਕਾਇਮ ਰਖਿਆ । ਪਰ ਇਕ ਵੇਰ ਜੋ ਬੀਜ ਬੀਜਿਆ ਜਾਵੇ, ਉਹ ਫਲ ਜ਼ਰੂਰ ਲਿਆਉਂਦਾ ਹੈ । ਬਾਬਾ ਆਲਾ ਸਿੰਘ ਦੇ ਪੋਤਰੇ ਰਾਜਾ ਅਮਰ ਸਿੰਘ ਨੇ ਹਕੂਮਤ ਦੀ ਸਹਾਇਤਾ ਕੀਤੀ, ਅਹਿਮਦ ਸ਼ਾਹ ਦਾ ਸਾਥ ਦਿੱਤਾ । ਸ: ਬਘੇਲ ਸਿੰਘ ਜੀ ਤੇ ਮਿਸਲਾਂ ਦੇ ਹੋਰ ਸਰਦਾਰ ਤੇ ਰਾਜਾ ਅਮਰ ਸਿੰਘ ਦੀ ਲੜਾਈ ਹੋਈ, ਪਰ ਲੜਾਈ ਦੇ ਬਾਅਦ ਸਿੱਖ ਫੇਰ ਸੰਭਲ ਗਏ । ਦੋਹਾਂ ਧਿਰਾਂ ਦਾ ਸਮਝੌਤਾ ਹੋ ਗਿਆ । ਮਹਾਰਾਜਾ ਰਣਜੀਤ ਸਿੰਘ ਦੇ ਵਕਤ ਅੰਗਰੇਜ਼ਾਂ ਨੇ ਨਾਭੇ,

ਪਟਿਆਲੇ, ਜੀਂਦ ਤੇ ਕੈਥਲ ਆਦਿਕ ਸਰਦਾਰਾਂ ਨੂੰ ਕਾਬੂ ਕਰਨ ਦਾ ਯਤਨ ਕੀਤਾ। ਮਹਾਰਾਜਾ ਰਣਜੀਤ ਸਿੰਘ ਇਹਨਾਂ ਨੂੰ ਆਪਣੇ ਨਾਲ ਨਾ ਮਿਲਾ ਸਕਿਆ। ਅੰਗਰੇਜ਼ ਆਪਣੀ ਨੀਤੀ ਵਿਚ ਸਫਲ ਹੋ ਗਏ, ਜਿਸ ਦਾ ਨਤੀਜਾ ਮਾਝੇ ਮਾਲਵੇ ਦੀ ਵੰਡ ਪੱਕੀ ਹੋ ਗਈ। ਲੁਧਿਆਣੇ ਵਿਚ ਅੰਗਰੇਜ਼ਾਂ ਦੀ ਛਾਉਣੀ ਪੈ ਗਈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖਤਮ ਹੋ ਗਿਆ। ਸਿੱਖ ਰਿਆਸਤਾਂ ਆਪਣੀ ਥਾਂ ਅੰਗਰੇਜ਼ਾਂ ਦੀਆਂ ਗੁਲਾਮ ਹੋ ਗਈਆਂ।

ਸਿੱਖ ਰਾਜ ਦਾ ਅੰਤ ਹੋਣ ਪਰ ਸਿੱਖ ਲੀਡਰਸ਼ਿਪ ਅੰਗਰੇਜ਼ ਦੇ ਅਸਰ ਥਲੇ ਹੋ ਗਈ। ਤਖਤਾਂ ਅਤੇ ਗੁਰਦੁਆਰਿਆਂ ਦੇ ਪੁਜਾਰੀ ਗੁਰਮਤਿ ਨੂੰ ਭੁੱਲ ਗਏ ਤੇ ਪੰਥਕ ਜਥੇਬੰਦੀ ਕਮਜ਼ੋਰ ਹੋ ਗਈ। ਸਿੱਖ ਜਨਤਾ ਬੜੇ ਜੋਸ਼, ਜਜ਼ਬੇ ਅਤੇ ਪੰਚਾਇਤੀ ਆਚਰਣ ਵਾਲੀ ਸੀ, ਇਸ ਲਈ ਕਈ ਸੁਧਾਰਕ ਲਹਿਰਾਂ ਜਾਰੀ ਹੁੰਦੀਆਂ ਰਹੀਆਂ। ੧੯੨੦ ਵਿਚ ਅਕਾਲੀ ਲਹਿਰ ਜਾਰੀ ਹੋਈ, ਜਿਸ ਨੇ ਪੰਥ ਨੂੰ ਜਥੇਬੰਦ ਕੀਤਾ। ਗੁਰ-ਦੁਆਰਿਆਂ ਦਾ ਸੁਧਾਰ ਕੀਤਾ। ਸਿੱਖਾਂ ਦਾ ਦਿਲ-ਦਿਮਾਗ ਬਦਲ ਕੇ ਰਖ ਦਿੱਤਾ। ਤਰ ੧੯੨੫ ਵਿਚ ਗੁਰਦੁਆਰਾ ਐਕਟ ਬਣਨ ਤੇ ਅੰਦਰ ਕਮਜ਼ੋਰੀ ਆ ਜਾਣ ਕਰਕੇ ਅਕਾਲੀ ਲਹਿਰ ਦਾ ਅੰਤ ਵੀ ਫੁੱਟ ਦੇ ਰੂਪ ਵਿਚ ਹੋਇਆ।

ਦਸਮ ਪਾਤਸ਼ਾਹ ਤੋਂ ਬਾਅਦ ਸਿੱਖਾਂ ਦੀ ਹਰ ਤਹਿਰੀਕ ਦਾ ਅੰਤ ਫੁੱਟ ਦੇ ਰੂਪ ਵਿਕ ਕਿਉਂ ਹੋਇਆ? ਇਸ ਦਾ ਕਾਰਨ ਸਤਿਗੁਰਾਂ ਦੀ ਸਿਖਿਆ ਹੈ ਚੰਗੀ ਤਰ੍ਹਾਂ ਨਾ ਸਮਝਣਾ ਅਤੇ ਉਸ ਦੀ ਰੌਸ਼ਨੀ ਵਿਚ ਜੀਵਨ ਨਾ ਬਨਾਉਣਾ ਹੈ। ਯਾਦ ਰਖੋ ਕਿ ਕਿਸੇ ਜਮਾਤ ਲਈ ਜਥੇਬੰਦੀ ਜਾਂ ਸਮਹੂਰੀ ਅਸੂਲਾਂ ਦੀ ਸਿਖਿਆ ਕਾਫੀ ਨਹੀਂ ਹੁੰਦੀ, ਜਮਹੂਰੀ ਆਚਰਣ ਬਨਾਉਣਾ ਤੇ ਸਿਖਿਆ ਪਰ ਵਰਤੋਂ ਕਰਨੀ ਜ਼ਰੂਰੀ ਹੈ। ਇਸ ਵਿਚ ਅਸੀਂ ਉੱਨਤ ਨਹੀਂ ਹੋ ਸਕੇ। ਜੋ ਜਥੇਬੰਦੀ ਪੰਚਾਇਤੀ ਅਸੂਲਾਂ ਅਨੁਸਾਰ ਬਣਾਈ ਜਾਵੇ, ਉਸ ਵਿਚ ਮਤ-ਭੇਦ ਜ਼ਰੂਰੀ ਹੈ।

ਪਰ ਮਤ-ਭੇਦ ਸਮੁੱਚੇ ਲਾਭਾਂ ਲਈ ਹੋਵੇ ਨਾ ਕਿ ਜ਼ਾਤੀ ਖਿਆਲਾਂ ਕਰ ਕੇ। ਦੋ ਪਹਿਲਵਾਨ ਅਖਾੜੇ ਵਿਚ ਕੁਸ਼ਤੀ ਕਰਦੇ ਹਨ, ਉਹਨਾਂ ਦਾ ਮਕਸਦ ਤਾਕਤ ਵਧਾਉਣਾ ਹੁੰਦਾ ਹੈ, ਨਾ ਕਿ ਇਕ ਦੂਜੇ ਨੂੰ ਮਾਰ ਦੇਣਾ।

ਸਾਂਝੀ ਮੁਸੀਬਤ ਵੇਲੇ ਇਕ ਹੋ ਜਾਣਾ, ਜੋਸ਼ ਅਤੇ ਜਜ਼ਬੇ ਨਾਲ ਕੁਰਬਾਨ ਹੋਣਾ ਖਾਲਸੇ ਦਾ ਖਾਸ ਗੁਣ ਹਨ। ਪਰ ਅਮਨ ਸਮੇਂ ਆਪਸ ਵਿਚ ਲੜ ਪੈਣਾ, ਈਰਖਾ, ਦਵੈਤ, ਹਉਮੈ, ਸਵਾਰਥ, ਸਾਜ਼ਸ਼ਾਂ ਦਾ ਸ਼ਿਕਾਰ ਹੋ ਜਾਣਾ ਅਤੇ ਇਹ ਨਾ ਸਮਝਣਾ ਕਿ ਸਹੀ ਲੀਡਰ ਕੌਣ ਹੈ, ਇਹ ਸਾਡੇ ਅਉਗਣ ਹਨ। ਜਥੇਬੰਦੀ ਨੂੰ ਫੁੱਟ ਦਾ ਸ਼ਿਕਾਰ ਹੋ ਜਾਣਾ, ਕਾਇਮ ਰਖਣ ਲਈ ਚੰਗੇ ਆਦਰਸ਼, ਚੰਗੇ ਲੀਡਰ, ਜਥੇਬੰਦੀ ਅਤੇ ਕੁਰਬਾਨੀ ਦੀ ਲੋੜ ਹੁੰਦੀ ਹੈ। ਗੁਰੂ ਸਾਹਿਬ ਨੇ ਖਾਲਸੇ ਨੂੰ ਇਹ ਸਾਰੇ ਗੁਣ ਦਿੱਤੇ ਸਨ, ਪਰ ਉਹਨਾਂ ਦਾ ਵਿਕਾਸ ਨਾ ਹੋਣ ਕਰਕੇ ਸਿੱਖ ਇਤਿਹਾਸ ਦੇ ਹਰ ਕਾਂਡ ਦਾ ਅੰਤ ਫੁੱਟ ਦੇ ਰੂਪ ਵਿਚ ਹੋਇਆ ਹੈ। ਸਿੱਖਾਂ ਵਿਚ ਜਥੇਬੰਦ ਹੋਣ ਦਾ ਗੁਣ ਬਹੁਤ ਵਧੇਰੇ ਹੈ। ਇਕ ਸਿੱਖ ਅਰਦਾਸ ਕਰਦਿਆਂ ਕਹਿੰਦਾ ਹੈ—'ਸਰਬੱਤ ਖਾਲਸੇ ਜੀ ਕੀ ਅਰਦਾਸ', ਇਕ ਨਿਹੰਗ ਸਿੰਘ ਜਿਥੇ ਡੇਰਾ ਕਰੇ, ਕਹਿੰਦਾ ਹੈ—'ਖਾਲਸੇ ਨੇ ਛਾਉਣੀ ਪਾਈ ਹੋਈ ਹੈ।' ਸੰਗਤ, ਗੁਰਬਾਣੀ, ਲੰਗਰ, ਅਰਦਾਸ, ਅੰਮ੍ਰਿਤ, ਪੰਜ ਪਿਆਰੇ ਹਰ ਗੱਲ ਸਿੱਖ ਨੂੰ ਜਥੇਬੰਦੀ ਦੀ ਪ੍ਰੇਰਨਾ ਕਰਦੀ ਹੈ।

ਕੀ ਸਿੱਖ ਧਰਮ ਵਿਚ ਸੰਪ੍ਰਦਾਵਾਂ ਹਨ। ਇਸ ਦਾ ਉੱਤਰ ਹੈ ਕਿ ਨਹੀਂ। ਉਦਾਸੀ, ਨਿਰਮਲੇ, ਨਿਹੰਗ, ਸੇਵਾ-ਪੰਥੀ, ਨਿਰੰਕਾਰੀ ਜਾਂ ਸੰਪ੍ਰਦਾਵਾਂ ਨਹੀਂ, ਸਮੇਂ ਸਮੇਂ ਕੀਤੇ ਗਏ ਸਿੱਖੀ ਪ੍ਰਚਾਰ ਦੀਆਂ ਸ਼ਾਖਾਂ ਹਨ।

ਕੁਝ ਪੱਛਮੀ ਖਿਆਲਾਂ ਦੇ ਪ੍ਰਚਾਰਕ ਕਹਿੰਦੇ ਹਨ—'ਜਥੇਬੰਦ ਧਰਮ ਨਹੀਂ ਹੋਣਾ ਚਾਹੀਦਾ। ਮਜ਼ਬ ਸ਼ਖਸੀ ਹੋਣਾ ਚਾਹੀਦਾ ਹੈ।' ਇਹ ਖਿਆਲ ਸਿੱਖ ਧਰਮ ਦੇ ਉਲਟ ਹੈ। ਪੱਛਮ ਵਿਚ ਈਸਾਈ ਮਤ ਨੇ ਕੁਝ

ਗਲਤੀਆਂ ਕੀਤੀਆਂ ਸਨ, ਜਿਸ ਦਾ ਨਤੀਜਾ ਲੋਕਾਂ ਵਿਚ ਉਪ੍ਰੋਕਤ ਖਿਆਲ ਪੈਦਾ ਹੋਇਆ। ਪਰ ਸਿੱਖੀ ਵਿਚ ਉਹ ਅਉਗਣ ਨਹੀਂ ਆਏ। ਜੇ ਧਰਮ ਦੀ ਜਥੇਬੰਦੀ ਮਾੜੀ ਹੈ ਤਾਂ ਦੱਸੋ ਕਿ ਯੂਰਪ ਦੀ ਕੌਮੀਅਤ ਅਤੇ ਸਾਇੰਸ ਨੇ ਤਬਾਹੀ ਨਹੀਂ ਕੀਤੀ। ਇਹਨਾਂ ਨੂੰ ਕਿਉਂ ਨਾ ਨਸ਼ਟ ਕਰ ਦਿੱਤਾ ਜਾਵੇ। ਸਵਾਦਲੀ ਗਲ ਇਹ ਹੈ ਕਿ ਜਥੇਬੰਦ ਧਰਮ ਦੀ ਵਿਰੋਧਤਾ ਕਰਨ ਵਾਲੇ ਆਪ ਕਿਸੇ ਮੰਡਲ ਜਾਂ ਜਥੇਬੰਦੀ ਦਾ ਢੌਂਗ ਰਚਾਉਂਦੇ ਹਨ। ਜਥੇਬੰਦੀ ਸਿੱਖ ਧਰਮ ਦਾ ਇਕ ਅੰਗ ਹੈ। ਇਸ ਦਾ ਉਦੇਸ਼ ਪੰਥ ਦੀ ਸੇਵਾ, ਦੇਸ਼ ਦੀ ਰਖਿਆ ਤੇ ਮਨੁੱਖ ਮਾਤਰ ਦਾ ਭਲਾ ਹੈ।

੧੭.

ਕੁਰਬਾਨੀ ਤੇ ਸ਼ਹੀਦੀ

ਆਦਰਸ਼ੀ ਉਪਕਾਰ ਤੇ ਸੁਤੰਤਰਤਾ ਲਈ ਕੁਰਬਾਨੀ

ਕੁਰਬਾਨੀ ਕੀ ਹੈ ? ਕਿਸੇ ਵਿਅਕਤੀ ਦਾ ਕਿਸੇ ਉੱਚੇ ਆਦਰਸ਼ ਤੇ ਸਰਬੱਤ ਦੇ ਭਲੇ ਲਈ ਆਪਣੇ ਆਪ ਨੂੰ ਨਿਛਾਵਰ ਕਰ ਦੇਣਾ। ਕੁਰਬਾਨੀ ਵਿਚ ਜੀਵਨ ਦਾ ਬੀਜ ਹੁੰਦਾ ਹੈ। ਪਵਿੱਤਰ ਕੁਰਬਾਨੀ ਕੌਮਾਂ ਨੂੰ ਜ਼ਿੰਦਾ ਕਰ ਦਿੰਦੀ ਹੈ। ਭਾਵੇਂ ਸਿੱਖ ਧਰਮ ਦੀ ਆਯੂ ਛੋਟੀ ਹੈ, ਪਰ ਧਰਮ ਤੇ ਦੇਸ਼ ਲਈ ਇਸ ਦੀਆਂ ਕੁਰਬਾਨੀਆਂ ਵਡੀਆਂ ਹਨ। ਸਿੱਖ ਲਈ ਜਿਵੇ ਈਸ਼ਵਰ ਭਗਤੀ, ਗੁਰੂ ਸੇਵਾ, ਸੰਗਤ, ਭਰਾਤ੍ਰੀ ਭਾਵ ਅਤੇ ਜਥੇਬੰਦੀ ਆਦਿਕ ਜ਼ਰੂਰੀ ਹਨ, ਉਥੇ ਆਤਮ-ਤਿਆਗ, ਕੁਰਬਾਨੀ, ਸ਼ਹੀਦੀ ਅਤੇ ਆਪਾ ਵਾਰਨਾ ਵੀ ਜ਼ਰੂਰੀ ਹੈ। ਸਿੱਖੀ ਦਾ ਅਰੰਭ ਹੀ ਕੁਰਬਾਨੀ ਤੋਂ ਹੁੰਦਾ ਹੈ। ਸਿੱਖੀ ਦਾ ਮਤਲਬ ਹੈ ਆਪਣਾ ਆਪ ਮਿਟਾ ਕੇ ਗੁਰੂ ਵਿਚ ਲੀਨ ਹੋਣਾ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ—

ਜਉ ਤਉ ਪ੍ਰੇਮ ਖੇਲਨ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰ ਦੀਜੈ ਕਾਣਿ ਨ ਕੀਜੈ ॥੨੦॥

[ਸਲੋਕ ਵਾਰਾਂ ਤੇ ਵਧੀਕ, ਪੰਨਾ ੧੪੧੨

ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ—

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ,
ਹੁਕਮਿ ਮੰਨਿਐ ਪਾਈਐ ॥

ਭਾਵ—ਸਿੱਖ ਉਹ ਹੈ, ਜਿਸ ਨੇ ਆਪਣਾ ਤਨ, ਮਨ ਤੇ ਧਨ ਗੁਰੂ ਦੇ ਅਰਪਣ-ਕਰ ਦਿੱਤਾ ਅਤੇ ਗੁਰੂ ਦੇ ਹੁਕਮ ਨੂੰ ਮੰਨਿਆ ਹੈ। ਭਾਈ ਗੁਰਦਾਸ ਜੀ ਸਿੱਖ ਦੇ ਆਤਮ-ਤਿਆਗ ਦੀ ਅਵਸਥਾ ਨੂੰ ਇਉਂ ਕਥਨ ਕਰਦੇ ਹਨ—

ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ।
ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦ ਕਾਰੇ ਜੋਵਣਾ।
ਨਾ ਤਿਸ ਭੁਖ ਨ ਨੀਂਦ ਖਾਣਾ ਸੋਵਣਾ।
ਪੀਹਣ ਹੋਇ ਜਦੀਦ ਪਾਣੀ ਢੋਵਣਾ।
ਸੇਵਕ ਹੋਇ ਸੰਜੀਦ ਨ ਹੱਸਣ ਰੋਵਣਾ।
ਦਰ ਦਰਵੇਸ਼ ਰਸੀਦ ਪਿਰਮ ਰਸ ਭੋਵਣਾ।
ਚੰਦ ਮੁਮਾਰਖ ਈਦ ਪੁਗ ਖਲੋਵਣਾ।

[ਵਾਰ ੩੮—੧

ਭਾਈ ਨੰਦ ਲਾਲ ਜੀ ਕਹਿੰਦੇ ਹਨ—

ਮਨਜ਼ਲੇ ਇਸ਼ਕ ਦਰਾਜ਼ ਅਸਤ ਬਪਾ ਨਤਵਾਂ ਰਫ਼ਤ।
ਸਰ ਕਦਮ ਸਾਜ਼ ਕਿ ਦਰ ਰਾਹੇ ਆਂ ਯਾਰ ਸ਼ਵੀ।

[ਦੀਵਾਨ ਗੋਯਾ, ੬੩—੩

ਅਨੁਵਾਦ—

ਮਨਜ਼ਲ ਪ੍ਰੇਮ ਦੁਰਾਡੀ ਡਾਢੀ, ਪੈਰੀਂ ਜਾਵਣ ਔਖਾ।
ਸਿਰ ਦੇ ਕਦਮ ਬਣਾਵੇਂ ਤੈਨੂੰ ਮਿਲੇ ਪਿਆਰਾ ਸੌਖਾ।

ਜਿਸ ਤਰ੍ਹਾਂ ਕਿਸੇ ਬੂਟੇ ਦਾ ਬੀਜ ਮਿਟੀ ਵਿਚ ਮਿਲ ਜਾਂਦਾ ਹੈ, ਫਿਰ ਆਪਣੇ ਵਰਗੇ ਕਈ ਬੀਜ ਤੇ ਬੂਟੇ ਪੈਦਾ ਕਰਦਾ ਹੈ। ਕਲਮ

ਪਹਿਲੋਂ ਚਾਕੂ ਨਾਲ ਘੜੀ ਜਾਂਦੀ ਹੈ, ਫਿਰ ਲਿਖਦੀ ਹੈ। ਮੋਤੀ ਪਹਿਲੋਂ ਵਿਝਦਾ ਹੈ, ਫਿਰ ਕਿਸੇ ਦੇ ਗਲੇ ਦਾ ਹਾਰ ਬਣਦਾ ਹੈ। ਮਹਿੰਦੀ ਪਿਸਦੀ ਹੈ, ਫਿਰ ਰੰਗ ਦਿੰਦੀ ਹੈ। ਇਸੇ ਤਰ੍ਹਾਂ ਕਿਸੇ ਉਚੇ ਆਦਰਸ਼ ਦੀ ਪ੍ਰਾਪਤੀ ਲਈ ਕੁਰਬਾਨੀ ਜ਼ਰੂਰੀ ਹੈ। ਮਾਂ ਆਪਣੀ ਸੁੰਦਰਤਾ ਨੂੰ ਵਾਰ ਕੇ ਆਪਣੇ ਬੱਚੇ ਨੂੰ ਸੁੰਦਰ ਬਣਾਉਂਦੀ ਹੈ।

ਸਿੱਖ ਧਰਮ ਵਿਚ ਜਿਸ ਤਰ੍ਹਾਂ ਨਿਸ਼ਕਾਮ ਸੇਵਾ ਕਰਨੀ ਦੱਸੀ; ਇਸੇ ਤਰ੍ਹਾਂ ਨਿਸ਼ਕਾਮ ਕੁਰਬਾਨੀ ਵੀ ਸਿਖਾਈ ਹੈ। ਜਿਸ ਤਰ੍ਹਾਂ ਆਂਵਲਾ ਖਾਣ ਵਿਚ ਕੌੜਾ ਜਾਪਦਾ ਹੈ ਪਰ ਅਖੀਰ ਵਿਚ ਉਸ ਦਾ ਸੁਆਦ ਮਿਠਾ ਹੁੰਦਾ ਹੈ, ਇਸੇ ਤਰ੍ਹਾਂ ਆਤਮ-ਤਿਆਗ ਜਾਂ ਕੁਰਬਾਨੀ ਕਰਨੀ ਬੜੀ ਕੌੜੀ ਤੇ ਕਠਨ ਹੁੰਦੀ ਹੈ, ਪਰ ਇਸ ਦਾ ਸੁਆਦ ਤੇ ਫਲ ਬਹੁਤ ਮਿਠਾ ਹੁੰਦਾ ਹੈ। ਕੁਰਬਾਨੀ ਸਬੰਧੀ ਸਿੱਖ ਇਤਿਹਾਸ ਵਿਚੋਂ ਕੁਝ ਉਦਾਹਰਣਾਂ ਦਿੰਦੇ ਹਾਂ।

ਜਗਤ ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਆਯੂ ਦੇ ਲਗਭਗ ੪੦ ਵਰ੍ਹੇ ਸੰਸਾਰ ਦੀ ਯਾਤਰਾ ਵਿਚ ਗੁਜ਼ਾਰੇ ਹਨ। ਉਨ੍ਹਾਂ ਨੇ ਚਾਰ ਉਦਾਸੀਆਂ ਕੀਤੀਆਂ ਹਨ। ਕਈ ਦੇਸ਼ਾਂ ਵਿਚ ਫਿਰ ਕੇ ਸਤਿਨਾਮ ਦਾ ਉਪਦੇਸ਼ ਕਰਦੇ ਰਹੇ। ਇਕ ਗ੍ਰਿਹਸਤੀ ਲਈ ਇਤਨਾ ਸਮਾਂ ਪ੍ਰਦੇਸਾਂ ਵਿਚ ਗੁਜ਼ਾਰਨਾ ਬਹੁਤ ਕਠਨ ਹੈ। ਕਹਿੰਦੇ ਹਨ ਕਿ ਜਦ ਪਹਿਲੀ ਉਦਾਸੀ ਕਰ ਕੇ ਮਹਾਰਾਜ ਸੁਲਤਾਨਪੁਰ ਆਏ ਤਾਂ ਬੇਬੇ ਨਾਨਕੀ, ਮਹਿਤਾ ਕਾਲੂ ਜੀ, ਮਾਤਾ ਤ੍ਰਿਪਤਾ ਜੀ ਤੇ ਆਪ ਦੀ ਧਰਮ ਪਤਨੀ ਸ੍ਰੀ ਸੁਲਖਣੀ ਜੀ ਨੇ ਬਹੁਤ ਵੈਰਾਗ ਕੀਤਾ। ਬੇਬੇ ਨਾਨਕੀ ਜੀ ਨੇ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਜੀ ਨੂੰ ਨਿਰੰਕਾਰੀ ਵੀਰ ਦੀ ਗੋਦੀ ਆ ਪਾਇਆ ਤੇ ਕਿਹਾ, "ਵੀਰ ਜੀਓ! ਆਪ ਨੇ ਹੁਣ ਪ੍ਰਦੇਸ ਨਹੀਂ ਜਾਣਾ।"

ਕੁਝ ਚਿਰ ਸਤਿਗੁਰੂ ਜੀ ਨੇ ਘਰ ਵਿਚ ਨਿਵਾਸ ਕੀਤਾ, ਫਿਰ ਕਰਤਾਰ ਦੇ ਹੁਕਮ ਵਿਚ ਦੂਜੀ ਉਦਾਸੀ ਲਈ ਤਿਆਰ ਹੋ ਪਏ। ਬੇਬੇ ਨਾਨਕੀ ਨੂੰ ਕਹਿਣ ਲਗੇ, "ਭੈਣ ਜੀ! ਕਰਤਾਰ ਚਿਤ ਆਵੇ,

ਅਸੀਂ ਹੁਣ ਫਿਰ ਪ੍ਰਦੇਸ ਚਲੇ ਹਾਂ, ਮੁੜ ਜਦੋਂ ਨਿਰੰਕਾਰ ਲਿਆਵੇਗਾ ਆ ਜਾਵਾਂਗੇ।"

ਇਹ ਬਚਨ ਸੁਣ ਕੇ ਬੇਬੇ ਜੀ ਦੀਆਂ ਅੱਖਾਂ ਵਿਚ ਅਥਰੂ ਆ ਗਏ। ਉਸ ਨੇ ਆਪਣੇ ਨਿਰੰਕਾਰੀ ਵੀਰ ਨੂੰ ਨਿਕੀ ਉਮਰ ਗੋਦੀ ਵਿਚ ਲੈ ਕੇ ਖਿਡਾਇਆ ਸੀ। ਵੀਰ ਦੀਆਂ ਆਤਮਕ ਰਮਜ਼ਾਂ ਦਾ ਉਸ ਨੂੰ ਪਤਾ ਸੀ, ਫਿਰ ਵੀ ਮੋਹ ਦੀਆਂ ਅਣਡਿੱਠ ਤਣਾਵਾਂ ਬੜੀਆਂ ਸਖਤ ਹੁੰਦੀਆਂ ਹਨ। ਉਸ ਨੇ ਨਿਰੰਕਾਰੀ ਵੀਰ ਦੀ ਪ੍ਰਦੇਸ ਤਿਆਰੀ ਵੇਖ ਕੇ ਆਪਣੇ ਨਿਕੇ ਨਿਕੇ ਭਤੀਜਿਆਂ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਜੀ ਨੂੰ ਗੁਰੂ ਬਾਬੇ ਦੇ ਕੋਲ ਲੈ ਆਂਦਾ ਤੇ ਦੋਹਾਂ ਲਤਾਂ ਨਾਲ ਚਮੋੜ ਕੇ ਕਿਹਾ, "ਵੀਰ ਜੀ! ਤੁਸੀਂ ਪ੍ਰਦੇਸ ਤੁਰ ਚਲੇ ਹੋ, ਇਹ ਨਿਕੇ ਬਚੇ ਕਿਸ ਨੂੰ ਬਾਪੂ ਕਹਿਣਗੇ? ਇਹ ਕਿਸ ਦੀ ਗੋਦ ਵਿਚ ਬੈਠਣਗੇ?"

ਗੁਰੂ ਬਾਬਾ ਜੀ ਨੇ ਉੱਤਰ ਦਿੱਤਾ, "ਬੇਬੇ ਜੀ! ਇਹ ਮੇਰੇ ਬਚੇ ਹਨ। ਅਸੀਂ ਨਿਰੰਕਾਰ ਦੇ ਹਾਂ, ਇਹ ਉਸ ਦੀ ਗੋਦ ਵਿਚ ਹਨ। ਤੁਸੀਂ ਜਾਣਦੇ ਹੋ ਕਿ ਸੰਸਾਰ ਦੇ ਕ੍ਰੋੜਾਂ ਬਚੇ ਦੁਖੀ ਹਨ। ਕਰਤਾਰ ਨੇ ਆਗਿਆ ਕੀਤੀ ਹੈ ਕਿ ਉਨ੍ਹਾਂ ਦਾ ਦੁਖ ਦੂਰ ਕਰੀਏ। ਇਸ ਲਈ ਦੋਹਾਂ ਬਚਿਆਂ ਨੂੰ ਕੁਝ ਚਿਰ ਵਿਛੋੜ ਕੇ ਅਸੀਂ ਕ੍ਰੋੜਾਂ ਬਚਿਆਂ ਦੀ ਸੇਵਾ ਕਰਨੀ ਹੈ। ਤੁਸਾਂ ਮੋਹ ਨਹੀਂ ਕਰਨਾ। ਸੁਰਤ ਨਿਰੰਕਾਰ ਨਾਲ ਜੋੜੀ ਰਖਣੀ, ਇਹਨਾਂ ਬਚਿਆਂ ਦੀ ਸੰਭਾਲ ਕਰਨੀ। ਜਦੋਂ ਯਾਦ ਕਰੋਗੇ, ਫਿਰ ਆ ਜਾਵਾਂਗੇ।"

ਸਿੱਖੀ ਦਾ ਕੁਰਬਾਨੀਆਂ ਨਾਲ ਤਿਆਰ ਕੀਤਾ ਹੋਇਆ ਜੋ ਸ਼ਾਨਦਾਰ ਮਹਿਲ ਹੈ, ਉਸ ਦਾ ਬੁਨਿਆਦੀ ਪੱਥਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਤਮ-ਤਿਆਗ ਤੇ ਨਿਸ਼ਕਾਮ ਕੁਰਬਾਨੀ ਹੈ। ਦਿੱਲੀ ਵਿਚ ਜਾ ਕੇ ਸਿਕੰਦਰ ਲੋਧੀ ਦੀ ਜੇਲ੍ਹ ਵਿਚ ਕੈਦ ਕਟਣੀ ਤੇ ਗਰੀਬਾਂ ਨੂੰ ਛੁਡਾਉਣਾ, ਰੂਹੇਲ ਖੰਡ ਵਿਚ ਗੁਲਾਮ ਬਣ ਕੇ ਵਿਕਣਾ ਅਤੇ ਗੁਲਾਮ ਹਿੰਦੁਸਤਾਨੀਆਂ ਦੇ ਬੰਧਨ ਕਟ ਦੇਣੇ, ਐਮਨਾਬਾਦ ਵਿਚ ਬਾਬਰ ਦੀ ਕੈਦ ਵਿਚ ਪੈਣਾ ਤੇ

ਚੱਕੀ ਪੀਹਣੀ, ਫਿਰ ਮੁਗਲ ਦੇ ਜ਼ੁਲਮ ਅਤੇ ਜਬਰ ਤੋਂ ਗਰੀਬਾਂ, ਅਨਾਥਾਂ ਤੇ ਫਕੀਰਾਂ ਨੂੰ ਬਚਾਉਣਾ ਨਿਸ਼ਕਾਮ ਤੇ ਸ਼ਾਨਦਾਰ ਕੁਰਬਾਨੀ ਹੈ।

ਜੌਹਨ ਸਟੂਆਰਟ ਮਿਲ ਦਾ ਕਥਨ ਹੈ—

"ਭਾਵੇਂ ਕੋਈ ਸਿਧਾਂਤ ਬਿਲਕੁਲ ਸੱਚਾ ਹੋਵੇ, ਸ਼ੰਕੇ ਦੀ ਗੁੰਜਾਇਸ਼ ਨਾ ਵੀ ਰਖਦਾ ਹੋਵੇ, ਤਦ ਵੀ ਇਹ ਇਕ ਮੁਰਦਾ ਸਿਧਾਂਤ ਹੋਵੇਗਾ, ਜੇ ਉਹ ਕਈ ਵੇਰ ਪੂਰੀ ਤਰ੍ਹਾਂ ਤੇ ਪੂਰੀ ਨਿਰਭੈਤਾ ਨਾਲ ਵਿਚਾਰਿਆ ਨਹੀਂ ਗਿਆ।"

ਜਿਸ ਤਰ੍ਹਾਂ ਕਿਸੇ ਸਿਧਾਂਤ ਲਈ ਅਕਲੀ ਪੜਚੋਲ ਜ਼ਰੂਰੀ ਹੈ, ਇਸੇ ਤਰ੍ਹਾ ਕਿਸੇ ਉਚੇ ਆਦਰਸ਼ ਦੀ ਸਫਲਤਾ ਲਈ ਕਸ਼ਟਾਂ ਦਾ ਟਾਕਰਾ ਕਰਨਾ ਆਤਮ-ਤਿਆਗ ਤੇ ਕੁਰਬਾਨੀ ਜ਼ਰੂਰੀ ਹੈ। ਸੰਸਾਰ ਵਿਚ ਅਜ ਤਕ ਕੋਈ ਚੰਗਾ ਆਦਰਸ਼ ਨਹੀਂ ਪ੍ਰਚਾਰਿਆ ਗਿਆ, ਜਿਸ ਲਈ ਮਹਾਂ-ਪੁਰਖਾਂ ਨੇ ਕਸ਼ਟ ਨਹੀਂ ਉਠਾਏ। ਭਾਵੇਂ ਉਹ ਧਾਰਮਿਕ ਹੈ, ਸਮਾਜਕ, ਰਾਜਨੀਤਕ ਜਾਂ ਜੀਵਨ ਦੇ ਕਿਸੇ ਹੋਰ ਪਹਿਲੂ ਨਾਲ ਸਬੰਧ ਰਖਦਾ ਹੈ। ਜਿਸ ਤਰ੍ਹਾਂ ਪਾਣੀ ਖਲੋ ਜਾਣ ਨਾਲ ਗੰਦਾ ਹੋ ਜਾਂਦਾ ਹੈ, ਲਹੂ ਰੁਕਣ ਨਾਲ ਸਰੀਰ ਮੁਰਦਾ ਹੋ ਜਾਂਦਾ ਹੈ, ਇਸੇ ਤਰ੍ਹਾਂ ਕੋਈ ਆਦਰਸ਼ ਕੁਰਬਾਨੀ ਤੋਂ ਬਿਨਾਂ ਮੁਰਦਾ ਹੋ ਜਾਂਦਾ ਹੈ। ਚੰਦਨ ਪੱਥਰ ਤੇ ਘਿਸੇ, ਫਿਰ ਮਥੇ ਤੇ ਲਾਉਣ ਨਾਲ ਠੰਡ ਪਾਉਂਦਾ ਹੈ। ਸੋਨਾ ਕੁਠਾਲੀ ਵਿਚ ਪੈ ਕੇ ਕੁੰਦਨ ਬਣਦਾ ਹੈ। ਇਸੇ ਤਰ੍ਹਾਂ ਜਿਸ ਆਦਰਸ਼ ਲਈ ਵਧੇਰੇ ਕੁਰਬਾਨੀ ਦਿੱਤੀ ਜਾਵੇ, ਉਹ ਬਹੁਤ ਸਮੇਂ ਤਕ ਜੀਉਂਦਾ ਰਹਿੰਦਾ ਹੈ।

ਸਿੱਖ ਧਰਮ ਇਕ ਉੱਚਾ ਆਦਰਸ਼ ਹੈ, ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਚਾਰਿਆ। ਪੰਚਮ ਸਤਿਗੁਰੂ ਤਕ ਇਹ ਭਗਤੀ, ਸਮਾਨਤਾ, ਸੇਵਾ, ਸਤਿਸੰਗ, ਭਰਾਤ੍ਰੀ-ਭਾਵ ਤੇ ਇਖਲਾਕੀ ਗੁਣਾਂ ਦੀ ਸਿਖਿਆ ਦਿੰਦੀ ਇਕ ਸ਼ਾਂਤ ਨਦੀ ਦੀ ਤਰ੍ਹਾਂ ਚਲਦਾ ਰਿਹਾ। ਕਿਤੇ ਮਾੜੀ ਮੋਟੀ ਰੋਕ ਪਈ ਤਾਂ ਉਹ ਪੁਰਾਤਨਤਾ ਦੇ ਹਾਮੀਆਂ ਵਲੋਂ ਧਾਰਮਿਕ ਜਾਂ ਸਮਾਜਕ ਸੀ। ਸਿੱਖੀ ਨਾਲ ਮੁਗਲ ਹਕੂਮਤ ਦੀ ਕੋਈ ਰਾਜਨੀਤਕ ਟੱਕਰ ਨਹੀਂ ਸੀ

ਹੋਵੀ, ਜਿਸ ਲਈ ਬਹੁਤ ਕੁਰਬਾਨੀ ਕਰਨ ਦੀ ਲੋੜ ਪਈ ਹੋਵੇ।

ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਇਤਿਹਾਸ ਦੇ ਪਹਿਲੇ ਪਾਵਨ ਸ਼ਹੀਦ ਹਨ, ਜਿਨ੍ਹਾਂ ਨੇ ਸ਼ਾਂਤਮਈ ਰਹਿ ਕੇ, ਬਹੁਤ ਕਸ਼ਟ ਸਹਾਰ ਕੇ ਸ਼ਾਨਦਾਰ ਕੁਰਬਾਨੀ ਕੀਤੀ ਹੈ। ਸਿੱਖੀ ਆਦਰਸ਼ ਨੂੰ ਬਚਾਉਣ ਲਈ ਆਪ ਨੇ ਅਦੁੱਤੀ ਸ਼ਹੀਦੀ ਪਾਈ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਕਿਹਾ ਸੀ—

ਤਨੁ ਮਨੁ ਕਾਟਿ ਕਾਟਿ ਸਭ ਅਰਪੀ
ਵਿਚਿ ਅਗਨੀ ਆਪੁ ਜਲਾਈ ॥ ੪ ॥

[ਰਾਗ ਸੂਹੀ, ਪੰਨਾ ਪ੭

ਇਕ ਅਨੁਸਾਰ ਪੰਚਮ ਪਾਤਸ਼ਾਹ ਨੇ ਕੁਰਬਾਨੀ ਦੇ ਹਵਨ ਕੁੰਡ ਵਿਚ ਆਪਣੀ ਆਹੂਤੀ ਦਿੱਤੀ ਹੈ। ਉਹ ਕਿਹੜਾ ਆਦਰਸ਼ ਸੀ, ਜਿਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੁਰਬਾਨੀ ਕੀਤੀ? ਇਸ ਦੀ ਇਤਿਹਾਸਕ ਵਿਚਾਰ ਵਿਚ ਪੈਣ ਦੀ ਲੋੜ ਨਹੀਂ। ਇਤਨਾ ਕਹਿਣਾ ਹੀ ਕਾਫੀ ਹੋਵੇਗਾ ਕਿ ਗੁਰੂ ਜੀ ਦੀ ਕੁਰਬਾਨੀ ਸਿੱਖ ਧਰਮ ਨੂੰ ਬਚਾਉਣ ਲਈ ਸੀ। 'ਤੋਜ਼ਕਿ ਜਹਾਂਗੀਰੀ' ਵਿਚ ਜਹਾਂਗੀਰ ਆਪ ਲਿਖਦਾ ਹੈ—

> "ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਦੁਕਾਨੇ ਬਾਤਲ ਗਰਮ ਸੀ। ਕਿਤਨੇ ਚਿਰ ਤੋਂ ਮੇਰੇ ਮਨ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ (ਗੁਰੂ) ਨੂੰ ਮੁਸਲਮਾਨਾਂ ਦੇ ਮਤ ਵਿਚ ਲਿਆਉਣਾ ਚਾਹੀਦਾ ਹੈ।"

ਇਸ ਲਿਖਤ ਤੋਂ ਸਿੱਧ ਹੁੰਦਾ ਹੈ ਕਿ ਮੁਗ਼ਲ ਸਿੱਖੀ ਨੂੰ ਖਤਮ ਕਰਨਾ ਚਾਹੁੰਦਾ ਸੀ। ਇਸ ਹਾਲਤ ਵਿਚ ਦੋ ਹੀ ਸੂਰਤਾਂ ਸਨ ਜਾਂ ਤੇ ਸਿੱਖੀ ਮੁਗ਼ਲ ਦੇ ਅਧੀਨ ਹੋ ਕੇ ਮਿਟ ਜਾਂਦੀ ਜਾਂ ਕੁਰਬਾਨੀ ਕਰ ਕੇ ਜ਼ਿੰਦਾ ਰਹਿੰਦੀ। ਪੰਚਮ ਗੁਰੂ ਜੀ ਨੇ ਕੁਰਬਾਨੀ ਵਾਲਾ ਰਸਤਾ ਪ੍ਰਵਾਨ ਕੀਤਾ।

ਪੰਚਮ ਪਾਤਸ਼ਾਹ ਦੀ ਕੁਰਬਾਨੀ ਵਿਚ ਸਿੱਖੀ ਦਾ ਇਕ ਹੋਰ ਆਦਰਸ਼ ਕੰਮ ਕਰਦਾ ਸੀ—

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ,
ਇਹੁ ਬਿਰਦੁ ਸੁਆਮੀ ਸੰਦਾ ॥

[ਬਿਹਾਗੜਾ ਮ: ੫, ਪੰਨਾ ੫੪੪

ਭਾਵ—ਜੋ ਸ਼ਰਨ ਆਵੇ, ਉਸ ਨੂੰ ਗਲੇ ਨਾਲ ਲਾਉਣਾ, ਇਹ ਵਾਹਿਗੁਰੂ ਅਤੇ ਗੁਰੂ ਦਾ ਬਿਰਦ ਹੈ। ਗੁਰੂ ਜੀ ਨੇ ਵਾਹਿਗੁਰੂ ਦੇ ਆਦਰਸ਼ਾਂ ਨੂੰ ਪ੍ਰਚਾਰਿਆ ਹੈ, ਇਸ ਲਈ ਜੋ ਪੁਰਸ਼ ਉਹਨਾਂ ਦੀ ਸ਼ਰਨ ਆਇਆ, ਉਸ ਨੂੰ ਕੰਠ ਨਾਲ ਲਾਇਆ ਗਿਆ। ਉਸ ਦੀ ਸੇਵਾ ਕੀਤੀ ਗਈ।

ਅਕਬਰ ਦੇ ਮਰਨ ਪਿਛੋਂ ਹਿੰਦੁਸਤਾਨ ਦੀ ਰਾਜ-ਗਦੀ ਲਈ ਜਹਾਂਗੀਰ ਤੇ ਉਸ ਦੇ ਪੁੱਤਰ ਖੁਸਰੋ ਵਿਚਕਾਰ ਕਸ਼ਮਕਸ਼ ਹੋਈ। ਖੁਸਰੋ ਨੇ ਜਹਾਂਗੀਰ ਦੇ ਵਿਰੁੱਧ ਬਗਾਵਤ ਕੀਤੀ। ਉਹ ਆਗਰਾ, ਮਥਰਾ ਅਤੇ ਦਿੱਲੀ ਤੋਂ ਹੁੰਦਾ ਹੋਇਆ ਪੰਜਾਬ ਵਲ ਆਇਆ। ਗੋਇੰਦਵਾਲ ਤੋਂ ਹੁੰਦਾ ਤਰਨ ਤਾਰਨ ਪਹੁੰਚਿਆ। ਉਸ ਦੇ ਪਿਛੇ ਜਹਾਂਗੀਰ ਫੌਜ ਲੈ ਕੇ ਆ ਰਿਹਾ ਸੀ। ਖੁਸਰੋ ਅਕਬਰ ਦੇ ਨਾਲ ਪਹਿਲੇ ਵੀ ਗੁਰੂ ਦਰਬਾਰ ਵਿਚ ਆਇਆ ਸੀ। ਓਦੋਂ ਸ਼ਾਹੀ ਠਾਠ-ਬਾਠ ਨਾਲ ਆਉਂਦਾ ਸੀ, ਐਤਕੀਂ ਇਕ ਬਾਗੀ ਦੇ ਰੂਪ ਵਿਚ ਰੋਟੀ-ਕਪੜੇ ਤੋਂ ਆਤੁਰ ਸੀ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਆਇਆ। ਆਪ ਨੇ ਸ਼ਹਿਜ਼ਾਦੇ ਨੂੰ ਦੀਨ ਤੇ ਦੁਖੀ ਸਮਝ ਕੇ ਸੇਵਾ ਕੀਤੀ। ਉਸ ਨੂੰ ਲੰਗਰ ਛਕਾਇਆ, ਬਸਤ੍ਰ ਆਦਿਕ ਦਿੱਤੇ। ਇਸ ਵਿਚ ਕੋਈ ਪੁਲੀਟੀਕਲ ਉਦੇਸ਼ ਨਹੀਂ ਸੀ। ਸੰਗਤ ਅਤੇ ਲੰਗਰ ਵਿਚ ਹਾਕਮ ਜਾਂ ਮਹਿਕੂਮ, ਰਾਜ ਦਰਬਾਰੀ ਜਾਂ ਬਾਗੀ, ਬਾਦਸ਼ਾਹ ਜਾਂ ਫਕੀਰ ਦਾ ਕੋਈ ਵਿਤਕਰਾ ਨਹੀਂ ਸੀ। ਗੁਰੂ ਜੀ ਨੇ ਇਸ ਆਦਰਸ਼ ਨੂੰ ਮੁੱਖ ਰਖ ਕੇ ਖੁਸਰੋ ਦੀ ਸੇਵਾ ਕੀਤੀ। ਜਹਾਂਗੀਰ ਨੇ ਇਸ ਨੂੰ ਜੁਰਮ ਸਮਝਿਆ। ਉਸ ਦੇ ਪਹਿਲੇ ਹੀ ਗੁਰਗਦੀ ਵਿਰੁੱਧ ਜੋ ਖਿਆਲ ਬਣੇ ਹੋਏ ਸਨ, ਉਹਨਾਂ ਦੇ ਕਾਰਨ, ਪੰਜਾਬ ਦੇ ਹਾਕਮਾਂ ਦੀ ਸਾਜ਼ਸ਼ ਅਤੇ ਰਾਜਨੀਤਕ

ਭੁਲੇਖੇ ਦੇ ਕਾਰਨ ਉਸ ਨੇ ਪੰਚਮ ਪਾਤਸ਼ਾਹ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ।

ਕਈ ਲੇਖਕ ਇਹ ਕਹਿੰਦੇ ਹਨ ਕਿ ਚੰਦੂ ਦੀ ਲੜਕੀ ਦਾ ਰਿਸ਼ਤਾ ਨਾ ਲੈਣ ਕਰਕੇ ਗੁਰੂ ਜੀ ਨੂੰ ਇਹ ਕੁਰਬਾਨੀ ਦੇਣੀ ਪਈ। ਇਹ ਗੱਲ ਉਹਨਾਂ ਦੀ ਮਹਾਨ ਆਦਰਸ਼ਕ ਕੁਰਬਾਨੀ ਨੂੰ ਘਟਾਉਣ ਵਾਲੀ ਹੈ। ਲੈਣ-ਦੇਣ, ਸਾਕਾਂ-ਸਬੰਧਾਂ, ਵੰਡ-ਵਿਹਾਰ ਦੇ ਝਗੜੇ ਰੋਜ਼ ਹੁੰਦੇ ਰਹਿੰਦੇ ਹਨ। ਜੇ ਕੇਵਲ ਸਾਕ ਨਾ ਲੈਣ ਕਰਕੇ ਹੀ ਇਤਨੇ ਕਸ਼ਟ ਝਲੇ ਹਨ ਤਾਂ ਉਹਨਾਂ ਦੀ ਕੋਈ ਮਹਾਨਤਾ ਨਹੀਂ ਰਹਿੰਦੀ। ਦਰਅਸਲ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕੁਰਬਾਨੀ ਸਿੱਖੀ ਨੂੰ ਬਚਾਉਣ, ਸ਼ਰਨ ਪਏ ਦੀ ਲਾਜ ਰਖਣ ਤੇ ਦੀਨ ਦੁਖੀਆਂ ਦੀ ਸੇਵਾ ਦੇ ਮਹਾਨ ਆਦਰਸ਼ ਨੂੰ ਪੂਰਨ ਕਰਦਿਆਂ ਹੋਈ ਹੈ। ਇਹ ਯਾਦ ਰਖਣਾ ਚਾਹੀਦਾ ਹੈ ਕਿ ਕਿਸੇ ਉਚੇ ਆਦਰਸ਼ ਤੋਂ ਬਿਨਾਂ ਉਚੀ ਕੁਰਬਾਨੀ ਨਹੀਂ ਕੀਤੀ ਜਾ ਸਕਦੀ।

ਇਤਿਹਾਸ ਦੱਸਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪੰਜ ਦਿਨ ਲਗਾਤਾਰ ਅਸਹਿ ਕਸ਼ਟ ਦਿੱਤੇ। ਧੁੱਪ ਵਿਚ ਰਖਿਆ ਗਿਆ, ਤੱਤੀ ਤਵੀ ਤੇ ਬਿਠਾ ਕੇ ਗਰਮ ਰੇਤ ਸੀਸ ਉਤੇ ਪਾਈ ਗਈ। ਪਰ ਉਹਨਾਂ ਨੇ ਸਾਰੇ ਤਸੀਹੇ ਖਿੜੇ ਮਥੇ ਸਹਾਰੇ।

ਜਿਉਂ ਜਿਉਂ ਦੇਗ ਦਾ ਜੋਸ਼ ਉਬਾਲ ਖਾਂਦਾ,
ਤਿਉਂ ਤਿਉਂ ਜਰਨ ਸ਼ਕਤੀ ਲਿਸ਼ਕਾਂ ਮਾਰਦੀ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਪਦੇ ਸੰਸਾਰ ਨੂੰ ਆਤਮਿਕ ਸ਼ਾਂਤੀ ਦਾ ਸੰਦੇਸ਼ ਦਿੱਤਾ ਸੀ—

ਜਹ ਮਹਾ ਭਇਆਨ ਤਪਤਿ ਬਹੁ ਘਾਮ ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥

[ਸੁਖਮਨੀ ਸਾਹਿਬ

ਚੰਦਨੁ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮੁ ॥

ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮ ॥

[ਜੈਤਸਰੀ ਵਾਰ ਮ: ੫

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮਕਾਰ ਦੁਖੁ ਲਗੈ ਨ ਭਾਈ ॥

[ਬਿਲਾਵਲ ਮ: ੫

ਇਹ ਮਹਾਨ ਆਦਰਸ਼ ਪੇਸ਼ ਕਰਨ ਵਾਲੇ ਸਤਿਗੁਰੂ ਜੀ ਨੇ ਅਸਹਿ ਕਸ਼ਟ ਸਹਾਰੇ। ਅਖੀਰ ਜੇਠ ਸੁਦੀ ਚੌਥ ਸੰਮਤ ੧੬੬੩ ਨੂੰ ਰਾਵੀ ਵਿਚ ਸ਼ਹੀਦ ਹੋ ਗਏ। ਇਹ ਸਿੱਖ ਇਤਿਹਾਸ ਦੀ ਪਹਿਲੀ ਕੁਰਬਾਨੀ ਹੈ, ਜੋ ਸਿੱਖ ਧਰਮ ਨੂੰ ਬਚਾਉਣ, ਦੀਨ ਰਖਿਆ ਅਤੇ ਸੇਵਾ ਕਰਨ ਬਦਲੇ ਦਿੱਤੀ ਗਈ। ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖੀ ਦੇ ਪਹਿਲੇ ਲਾਸਾਨੀ ਸ਼ਹੀਦ ਹਨ। ਸ਼ਹੀਦ ਅਰਬੀ ਦਾ ਸ਼ਬਦ ਹੈ, ਜਿਸ ਦੇ ਅਰਥ ਹਨ—ਗਵਾਹੀ ਦੇਣ ਵਾਲਾ ਜਾਂ ਰਬ ਦੇ ਰਾਹ ਵਿਚ ਮਰਨ ਵਾਲਾ। ਪੰਚਮ ਪਾਤ-ਸ਼ਾਹ ਨੇ ਇਕ ਉਚ-ਆਦਰਸ਼ ਲਈ ਸ਼ਹੀਦੀ ਪਾਈ ਹੈ।

ਇਸ ਤੋਂ ਪਿਛੋਂ ਦੂਜੀ ਕੁਰਬਾਨੀ ਤੇ ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹੈ। ਇਹ ਉਪਕਾਰ ਲਈ ਕੀਤੀ ਗਈ। ਔਰੰਗਜ਼ੇਬ ਨੇ ਪੰਜਾਬ ਅਤੇ ਕਸ਼ਮੀਰ ਦੇ ਹਿੰਦੂਆਂ ਤੇ ਸਖਤੀ ਕੀਤੀ। ਕਸ਼ਮੀਰੀ ਪੰਡਤਾਂ ਨੇ ਵੈਰਾਗ-ਮੂਰਤ ਸ੍ਰੀ ਗੁਰੂ ਤੇਗ ਬਹਾਦਰ ਪਾਸ ਅਨੰਦਪੁਰ ਵਿਚ ਆ ਕੇ ਧਰਮ ਰਖਿਆ ਲਈ ਪੁਕਾਰ ਕੀਤੀ। ਉਹਨਾਂ ਨੇ ਕਿਹਾ, "ਸੱਚੇ ਪਾਤਸ਼ਾਹ! ਆਪ ਤੋਂ ਬਿਨਾਂ ਧਰਮ ਦੀ ਰਖਿਆ ਕੌਣ ਕਰ ਸਕਦਾ ਹੈ। ਸਾਡੀ ਬਾਂਹ ਪਕੜੋ। ਹਕੂਮਤ ਵਲੋਂ ਜੋ ਜਬਰ ਹੋ ਰਿਹਾ ਹੈ, ਇਸ ਦੇ ਮਿਟਾਉਣ ਲਈ ਕੋਈ ਉਦਮ ਕਰੋ। ਸਾਨੂੰ ਕੋਈ ਰਸਤਾ ਨਹੀਂ ਦਿਸਦਾ, ਆਪ ਅਗਵਾਈ ਕਰੋ। ਸਾਡੀ ਬੇੜੀ ਭੰਵਰ ਵਿਚ ਫਸ ਗਈ ਹੈ, ਇਸ ਨੂੰ ਬੰਨੇ ਲਾ ਦਿਓ।"

ਇਹ ਦਰਦ ਭਰੀ ਵਿਥਿਆ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਹਨਾਂ ਨੂੰ ਉੱਤਰ ਦਿੱਤਾ—"ਜਾਓ, ਜਾ ਕੇ ਬਾਦਸ਼ਾਹ ਨੂੰ ਕਹਿ ਦਿਓ

ਕਿ ਸਾਡੇ ਮੁਖੀ ਗੁਰੂ ਤੇਗ ਬਹਾਦਰ ਹਨ। ਉਹਨਾਂ ਨੂੰ ਪਹਿਲੇ ਆਪਣੀ ਗਲ ਮੰਨਵਾਓ, ਅਸੀਂ ਉਹਨਾਂ ਦੇ ਪਿਛੇ ਹਾਂ। ਜੇ ਉਹ ਕਹਿਣਾ ਮੰਨ ਗਏ ਤਾਂ ਅਸੀਂ ਆਪੇ ਹੀ ਮੰਨ ਜਾਵਾਂਗੇ।"

ਵਿਕਟਰ ਹਿਊਗੋ ਦਾ ਕਥਨ ਹੈ—

"ਜ਼ਿੰਦਗੀ ਭਾਵੇਂ ਕਿਤਨੀ ਵੀ ਸ਼ਾਨਦਾਰ ਕਿਉਂ ਨਾ ਹੋਵੇ, ਪਰ ਉਹ ਤਵਾਰੀਖੀ ਫੈਸਲੇ ਲਈ ਮੌਤ ਦੀ ਉਡੀਕ ਕਰਦੀ ਹੈ।"

ਨੌਵੇਂ ਪਾਤਸ਼ਾਹ ਨੇ ਇਕ ਤਵਾਰੀਖੀ ਫੈਸਲਾ ਕਰ ਲਿਆ।

ਔਰੰਗਜ਼ੇਬ ਗੁਰਗਦੀ ਨੂੰ ਇਕ ਤਾਕਤ ਸਮਝਦਾ ਸੀ। ਉਸ ਨੇ ਇਸ ਨੂੰ ਖਤਮ ਕਰਨਾ ਚਾਹਿਆ। ਨੌਵੇਂ ਪਾਤਸ਼ਾਹ ਦੀ ਗ੍ਰਿਫਤਾਰੀ ਲਈ ਉਸ ਨੇ ਹੁਕਮ ਜਾਰੀ ਕੀਤਾ। ਗੁਰਦੇਵ ਪੰਜਾਬ ਤੋਂ ਚਲ ਕੇ ਆਗਰੇ ਪੁੱਜੇ। ਉਥੇ ਆਪ ਨੂੰ ਕੋਤਵਾਲ ਨੇ ਗ੍ਰਿਫਤਾਰ ਕਰ ਲਿਆ। ਉਪ੍ਰੰਤ ਦਿੱਲੀ ਵਿਚ ਲਿਆਂਦਾ ਗਿਆ। ਔਰੰਗਜ਼ੇਬ ਆਪ ਉਹਨਾਂ ਦਿਨਾਂ ਵਿਚ ਕਾਬਲ ਦੀ ਮੁਹਿੰਮ ਦੇ ਕਾਰਨ ਹਸਨ ਅਬਦਾਲ (ਪੰਜਾ ਸਾਹਿਬ) ਠਹਿਰਿਆ ਹੋਇਆ ਸੀ। ਪਰ ਗੁਰੂ ਜੀ ਸਬੰਧੀ ਉਹ ਹੁਕਮ ਜਾਰੀ ਕਰ ਰਿਹਾ ਸੀ। ਅਖੀਰ ਵਿਚ ਔਰੰਗਜ਼ੇਬ ਦੇ ਹੁਕਮ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਸ਼ਹੀਦ ਕੀਤਾ ਗਿਆ। ਇਹ ਸਿੱਖ ਇਤਿਹਾਸ ਦੀ ਦੂਜੀ ਕੁਰਬਾਨੀ ਸੀ ਅਤੇ ਉਪਕਾਰ ਲਈ ਸੀ।

ਕੋਈ ਪਵਿੱਤ੍ਰ ਕੁਰਬਾਨੀ ਬਿਰਥਾ ਨਹੀਂ ਜਾਂਦੀ। ਨੌਵੇਂ ਪਾਤਸ਼ਾਹ ਦੀ ਸ਼ਹੀਦੀ ਦੇ ਬਾਅਦ ਸਿੱਖਾਂ ਵਿਚ ਵਧੇਰੇ ਜੀਵਨ ਆਇਆ। ਸਿੱਖੀ ਦੇ ਚੰਨਣ ਬੂਟੇ ਨੂੰ ਜਿਵੇਂ ਪਵਿੱਤ੍ਰ ਸ਼ਹੀਦੀਆਂ ਦਾ ਲਹੂ ਪੈਂਦਾ ਗਿਆ, ਇਹ ਵਧਦਾ ਫੁੱਲਦਾ ਗਿਆ।

ਇਸ ਤੋਂ ਪਿਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਨੂੰ ਜੀਵਨ ਦੇਣ ਅਤੇ ਦੇਸ਼ ਦੀ ਆਜ਼ਾਦੀ ਲਈ ਜੋ ਸ਼ਾਨਦਾਰ ਕੁਰਬਾਨੀਆਂ ਕੀਤੀਆਂ

ਉਹਨਾਂ ਦੀ ਮਿਸਾਲ ਨਾ ਕੇਵਲ ਹਿੰਦੁਸਤਾਨ ਦੇ ਇਤਿਹਾਸ ਵਿਚ ਬਲਕਿ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਮਿਲਦੀ। ੯ ਸਾਲ ਦੀ ਉਮਰ ਵਿਚ ਪਿਤਾ ਦੀ ਸ਼ਹਾਦਤ, ਭਰ ਜਵਾਨੀ ਵਿਚ ਸੰਸਾਰਕ ਸੁਖ ਲੈਣ ਦੀ ਥਾਂ ਲਗਾਤਾਰ ਕਸ਼ਟਾਂ ਅਤੇ ਮੁਸੀਬਤਾਂ ਦਾ ਟਾਕਰਾ ਕਰਨਾ, ਦਸਮ ਪਾਤਸ਼ਾਹ ਦਾ ਹੀ ਕੰਮ ਹੈ। ਕਲਗੀਧਰ ਦੇ ਜੀਵਨ ਤੇ ਕੁਰਬਾਨੀ ਦਾ ਰੂਪ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਸਮੇਂ ਦੋ ਪੁੱਤਰਾਂ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਜੀ ਦਾ ਕੁਝ ਚਿਰ ਲਈ ਤਿਆਗ ਕੀਤਾ ਸੀ। ਸਿੱਖੀ ਨੂੰ ਸੰਪੂਰਨ ਕਰਨ ਵਾਲੇ ਦਸਵੇਂ ਸਰੂਪ ਵਿਚ ਚਾਰ ਪੁੱਤਰਾਂ ਦਾ ਬਲੀਦਾਨ ਕੀਤਾ ਹੈ।

ਸੰਮਤ ੧੭੫੮-੫੯ ਵਿਚ ਔਰੰਗਜ਼ੇਬ ਦੀਆਂ ਫੌਜਾਂ ਨੇ ਅਨੰਦਪੁਰ ਤੇ ਹਮਲਾ ਕੀਤਾ। ਭਿਆਨਕ ਜੰਗ ਦੇ ਪਿਛੋਂ ਪਹਾੜੀ ਰਾਜਿਆਂ ਤੇ ਮੁਗਲ ਸੈਨਾਪਤੀਆਂ ਦੇ ਕਸਮਾਂ ਖਾਣ ਅਤੇ ਭਰੋਸਾ ਦਿਵਾਉਣ ਪਰ ਗੁਰੂ ਜੀ ਨੇ ਅਨੰਦਪੁਰ ਦਾ ਕਿਲ੍ਹਾ ਛੱਡ ਦਿੱਤਾ। ਰਾਜਿਆਂ ਅਤੇ ਸੈਨਾਪਤੀਆਂ ਨੇ ਆਪਣੀਆਂ ਕਸਮਾਂ ਤੋੜ ਕੇ ਦਸਮ ਪਾਤਸ਼ਾਹ ਤੇ ਹਮਲਾ ਕੀਤਾ। ਉਹਨਾਂ ਨੂੰ ਪਕੜਨਾ ਚਾਹਿਆ। ਸਰਸਾ ਦੇ ਕੰਢੇ ਖੂਨੀ ਜੰਗ ਹੋਇਆ। ਇਸ ਜੰਗ ਦੀ ਹਫੜਾ-ਦਫੜੀ ਵਿਚ ਸਤਿਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤੇਹ ਸਿੰਘ ਜੀ ਮਾਤਾ ਗੁਜਰੀ ਸਮੇਤ ਨਿੱਖੜ ਗਏ। ਦੁਸ਼ਮਣ ਤੇ ਮੁਸੀਬਤ ਦਾ ਟਾਕਰਾ ਕਰਦੇ ਹੋਏ ਸਤਿਗੁਰੂ ਜੀ ਚਮਕੌਰ ਪੁੱਜੇ। ਇਕ ਜ਼ਿਮੀਂਦਾਰ ਦੀ ਗੜ੍ਹੀ ਵਿਚ ਜਾ ਕੇ ਟਿਕੇ। ਸ਼ਾਹੀ ਫੌਜ ਨੇ ਇਸ ਗੜ੍ਹੀ ਨੂੰ ਆ ਘੇਰਾ ਪਾਇਆ। ਚਮਕੌਰ ਵਿਚ ਭਿਆਨਕ ਜੰਗ ਹੋਇਆ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਨਾਲ ਸਨ। ਚਮਕੌਰ ਦੇ ਰਣ-ਖੇਤਰ ਵਿਚ ਕਲਗੀਧਰ ਨੇ ਸਾਹਿਬਜ਼ਾਦਿਆਂ ਦੀ ਬਾਜ਼ੀ ਲਾ ਦਿੱਤੀ। ਉਹਨਾਂ ਨੂੰ ਸੰਬੋਧਨ ਕਰ ਕੇ ਕਲਗੀਧਰ ਜੀ ਨੇ ਕਿਹਾ—

ਬੇਟਾ ਤੁਮ ਹੀ ਹੋ ਪੰਥ ਕੇ ਇਸ ਬੇੜੇ ਕੇ ਖਵਈਆ।
ਸਰ ਭੇਟ ਕਰੋ ਤਾ ਕਿ ਚਲੇ ਧਰਮ ਕੀ ਨਈਆ।
ਲੇ ਦੋ ਕੇ ਤੁਮ ਹੀ ਥੇ ਮੇਰੇ ਗੁਲਸ਼ਨ ਕਾ ਬਕਈਆ।
ਥੈ ਜਾਓ ਕਿ ਰਾਹ ਤਕਤੇ ਹੈਂ ਸਭ ਖੁਲਦ ਮੇਂ ਭਈਆ।

ਵਡੇ ਸਾਹਿਬਜ਼ਾਦੇ ਨੇ ਪੂਜਨੀਕ ਪਿਤਾ ਦੇ ਬਚਨ ਸੁਣ ਕੇ ਬੜੀ ਨਿਮਰਤਾ ਨਾਲ ਉੱਤਰ ਦਿਤਾ—

ਮੈਂ ਨਾਮ ਕਾ ਅਜੀਤ ਹੂੰ ਜੀਤਾ ਨਾ ਜਾਊਂਗਾ।
ਜੀਤਾ ਤੋ ਖੈਰ ਹਾਰ ਕੇ ਜੀਤਾ ਨਾ ਆਊਂਗਾ।

ਮਹਾਂਬਲੀ ਜੋਧੇ ਅਤੇ ਸੂਰਬੀਰ ਪਿਤਾ ਦੇ ਪੁੱਤਰਾਂ ਨੇ ਚਮਕੌਰ ਵਿਚ ਧਰਮ ਯੁੱਧ ਕਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ। ਕਲਗੀਧਰ ਦੇ ਛੋਟੇ ਸਾਹਿਬਜ਼ਾਦੇ ਸਰਹੰਦ ਵਿਚ ਸੂਬਾ ਵਜੀਦ ਖਾਂ ਦੇ ਹੁਕਮ ਨਾਲ ਜੀਉਂਦੇ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤੇ ਗਏ।

ਅਖੀਰ ੪੨ ਬਰਸ ਦੀ ਆਯੂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਦੇੜ ਵਿਚ ਗੁਦਾਵਰੀ ਦੇ ਕੰਢੇ ਇਕ ਪਠਾਣ ਦੇ ਹਥੋਂ ਖੰਜਰ ਖਾ ਕੇ ਸ਼ਹੀਦੀ ਪ੍ਰਾਪਤ ਕੀਤੀ।

ਜਿਸ ਤਰ੍ਹਾਂ ਕਿਸੇ ਬੂਟੇ ਨੂੰ ਕਲਮ ਕਰੋ, ਉਹ ਵਧਦਾ, ਫੁੱਲਦਾ ਤੇ ਫਲਦਾ ਹੈ, ਇਸੇ ਤਰ੍ਹਾਂ ਕੁਰਬਾਨੀ ਨਾਲ ਕੌਮਾਂ ਵਧਦੀਆਂ ਫੁੱਲਦੀਆਂ ਹਨ। ਦੇਸ਼ਾਂ ਦੀ ਤਕਦੀਰ ਬਦਲਦੀ ਹੈ। ਪਵਿੱਤ੍ਰ ਕੁਰਬਾਨੀ ਕਦੀ ਬਿਰਥਾ ਨਹੀਂ ਜਾਂਦੀ।

ਜ਼ਿੰਦਗੀ ਬਹੁਤ ਕੀਮਤੀ ਚੀਜ਼ ਹੈ, ਇਸ ਨੂੰ ਬਚਾਉਣਾ ਚਾਹੀਦਾ ਹੈ। ਪਰ ਕਈ ਵੇਰ ਅਜਿਹਾ ਸਮਾਂ ਆ ਜਾਂਦਾ ਹੈ, ਜਦ ਜ਼ਿੰਦਗੀ ਨੂੰ ਬਚਾਉਣ ਨਾਲ ਮਰ ਜਾਈਦਾ ਹੈ। ਕੁਰਬਾਨ ਕਰ ਦੇਣ ਨਾਲ ਸਦਾ ਲਈ ਅਮਰ ਹੋ ਜਾਈਦਾ ਹੈ।। ਕਈ ਜੀਉਂਦੇ ਵੀ ਮੁਰਦੇ ਤੁਰੇ ਫਿਰਦੇ ਹਨ, ਸ਼ਹੀਦ ਸਦਾ ਜੀਉਂਦੇ ਹਨ ਕਿਉਂਕਿ ਉਹ ਕੌਮ ਨੂੰ ਜ਼ਿੰਦਗੀ ਦਿੰਦੇ

ਹਨ। ਸ਼ੈਕਸਪੀਅਰ ਕਹਿੰਦਾ ਹੈ—'ਕਾਇਰ ਆਦਮੀ ਮਰਨ ਤੋਂ ਪਹਿਲੇ ਕਈ ਵੇਰ ਮਰਦੇ ਹਨ, ਸੂਰਬੀਰ ਇਕੋ ਵੇਰ ਮਰਦੇ ਹਨ।'

ਦਸਮ ਪਾਤਸ਼ਾਹ ਨੇ ਆਪਣਾ ਨਾਮ, ਰੂਪ ਸਪਿਰਟ ਅਤੇ ਅਧਿਕਾਰ ਸਭ ਪੰਥ ਨੂੰ ਬਖਸ਼ ਦਿਤੇ। ਆਪਣਾ ਸਰਬੰਸ ਦਾਨ ਕੀਤਾ ਹੈ। ਆਪਣਾ ਨਿਸ਼ਾਨ ਕਾਇਮ ਨਹੀਂ ਰਖਿਆ, ਬਲਕਿ—

ਮੈਂ ਨਹੀ ਹੂੰ ਅਸਥ ਤ ਹੈ ਤੇਰਾ,
ਇਤਨਾ ਮਿਟੂੰ ਕਿ ਤੂੰ ਹੀ ਰਹਿ ਜਾਏਂ।

ਵਾਲੀ ਗੱਲ ਕੀਤੀ ਹੈ। ਕਿਸੇ ਕਵੀ ਨੇ ਠੀਕ ਕਿਹਾ ਹੈ—

ਕੰਘਾ ਧਾਰ ਜ਼ੁਲਫ ਤਕ ਪਹੁੰਚਣੇ ਨੂੰ,
ਸੀਸ ਆਰੇ ਦੇ ਨਾਲ ਕਟਾ ਲੈਂਦਾ।
ਮੋਤੀ ਕੰਨ ਮਹਿਬੂਬ ਦੇ ਵਸਾਲ ਕਾਰਨ,
ਤਾਰ ਵਿਚ ਖੀਂ ਆਪ ਲੰਘਾ ਲੈਂਦਾ।
ਸੁਰਮਾ ਨੈਣ ਪਿਆਰੇ ਦੀ ਧਾਰ ਕਾਰਨ,
ਪਥਰ ਹੇਠ ਵਜੂਦ ਰਗੜਾ ਲੈਂਦਾ।
ਕਲਮ ਮਾਹੀ ਦੇ ਵਿਚ ਨਚਣੇ ਨੂੰ,
ਸੀਸ ਛੁਰੀ ਦੇ ਨਾਲ ਕਟਾ ਲੈਂਦਾ।
ਫੁਲ ਪ੍ਰੀਤਮ ਦੇ ਗਲੇ ਦਾ ਹਾਰ ਬਣਦਾ,
ਡਾਲੀ ਨਾਲੋਂ ਆਪ ਤੁੜਾ ਲੈਂਦਾ।
ਦੇਸ਼ ਕੌਮ ਤੇ ਧਰਮ ਦੇ ਦਰਦ ਵਾਲਾ,
ਤਿਵੇਂ ਆਪਣਾ ਆਪ ਮਿਟਾ ਲੈਂਦਾ।

ਸਤਿਗੁਰਾਂ ਦੀਆਂ ਕੁਰਬਾਨੀਆਂ ਤੇ ਪਵਿੱਤਰ ਸ਼ਹੀਦੀਆਂ ਦਾ ਸਦਕਾ ਸਿਖੀ ਵਿਚ ਬਾਬਾ ਬੰਦਾ ਬਹਾਦਰ, ਮਿਸਲਾਂ ਦੇ ਸਮੇਂ ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਸਬੇਗ ਸਿੰਘ, ਸ਼ਾਹਬਾਜ਼ ਸਿੰਘ, ਭਾਈ ਹਾਨੂ ਸਿੰਘ, ਬਾਬਾ ਦੀਪ ਸਿੰਘ ਤੇ ਬਾਬਾ ਗੁਰਬਖਸ਼ ਸਿੰਘ ਜੀ ਆਦਿਕ ਸ਼ਹੀਦ ਪੈਦਾ ਹੋਏ। ਮੀਰ ਮੰਨੂੰ ਦੇ ਸਮੇਂ ਬੱਚਿਆਂ ਦੇ

ਟੋਟੇ ਕਰਕਾ ਕੇ ਗਲਾਂ ਵਿਚ ਹਾਰ ਪਵਾਉਣ ਵਾਲੀਆਂ ਸੂਰਬੀਰ ਤੇ ਧਰਮੀ ਸ਼ਹੀਦ ਸਿੱਖਣੀਆਂ ਹੋਈਆਂ । ਵੀਹਵੀਂ ਸਦੀ ਵਿਚ ਗੁਰਦਵਾਰਿਆਂ ਦੀ ਪਵਿੱਤਰਤਾ ਕਾਇਮ ਰਖਣ ਵਾਲੇ ਸ੍ਰੀ ਨਨਕਾਣੇ ਸਾਹਿਬ, ਤਰਨ ਤਾਰਨ, ਗੁਰੂ ਕਾ ਬਾਗ਼, ਪੰਜਾ ਸਾਹਿਬ ਅਤੇ ਗੰਗਸਰ (ਜੈਤੋ) ਵਿਖੇ ਸ਼ਾਂਤਮਈ ਰਹਿ ਕੇ ਗੋਲੀਆਂ ਖਾਣ ਵਾਲੇ ਪੈਦਾ ਹੋਏ । ਕਿਸੇ ਨੇ ਠੀਕ ਕਿਹਾ ਹੈ—

Sweet ere the Frui tof Adversity.
We sow in teats and reap in joy.

ਭਾਵ—ਮੁਸੀਬਤ ਦੇ ਫਲ ਮਿਠੇ ਹੁੰਦੇ ਹਨ, ਜੋ ਅਸੀਂ ਅਥਰੂਆਂ ਨਾਲ ਬੀਜਦੇ ਹਾਂ, ਪਰ ਪ੍ਰਸੰਨਤਾ ਨਾਲ ਉਹਨਾਂ ਨੂੰ ਤੋੜਦੇ ਹਾਂ ।

o

੧੯

ਸੂਰਬੀਰਤਾ

ਜੋ ਪੁਰਸ਼ ਕਾਇਰਤਾ ਨੂੰ ਮਨ ਵਿਚ ਨਹੀਂ ਲਿਆਉਂਦੇ, ਰਣ ਵਿਚ ਸ਼ਤਰੂ ਨੂੰ ਪਿਠ ਨਹੀਂ ਵਿਖਾਉਂਦੇ, ਬਾਹਰ ਮੁੱਖੀ ਦੁਸ਼ਮਨਾਂ ਤੇ ਫ਼ਤੇਹ ਤੇ ਕਾਮ ਕਰੋਧ ਆਦਿਕ ਵਿਸ਼ੇ ਵਿਕਾਰਾਂ ਉਤੇ ਕਾਬੂ ਪਾਉਂਦੇ ਹਨ, ਉਹ ਸਤਕਾਰ ਯੋਗ ਸੂਰਬੀਰ ਹਨ। ਭਗਤ, ਦਾਨੀ, ਤੇ ਸੂਰਬੀਰ ਹੋਣਾ ਸਿਖੀ ਦੇ ਖਾਸ ਗੁਣ ਹਨ। ਸੂਰਬੀਰ ਦਾ ਦਰਜਾ ਸਿਖੀ ਵਿਚ ਬਹੁਤ ਉਚਾ ਹੈ। ਸਿਖ ਲਈ ਸੂਰਬੀਰ ਹੋਣਾ ਜ਼ਰੂਰੀ ਹੈ। ਜਪੁਜੀ ਦੇ ਅੰਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਤਮਿਕ ਉਨਤੀ ਦੀਆਂ ਪੰਜ ਪਉੜੀਆਂ ਵਰਣਨ ਕੀਤੀਆਂ ਹਨ ਉਹ ਇਹ ਹਨ:—

ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸਚਖੰਡ। ਸੂਰਮਿਆਂ ਦਾ ਟਿਕਾਣਾ ਚੌਥੇ ਖੰਡ ਵਿਚ ਮੰਨਿਆ ਹੈ। ਮਹਾਰਾਜ ਕਹਿੰਦੇ—

ਕਰਮ ਖੰਡ ਕੀ ਬਾਣੀ ਜੋਰ ॥
ਤਿਥੈ ਹੋਰ ਨ ਕੋਈ ਹੋਰੁ ॥
ਤਿਥੈ ਜੋਧ ਮਹਾ ਬਲ ਸੂਰ ॥
ਤਿਨ ਮਹਿ ਰਾਮੁ ਰਹਿਆ ਭਰਪੂਰ ॥

ਇਸ ਤੋਂ ਸਪਸ਼ਟ ਹੈ ਕਿ ਸੰਤ, ਭਗਤ, ਦਾਨੀ, ਸਿਧ ਅਤੇ ਯੋਗੀ ਪੁਰਸ਼ ਜਿਸ ਪਦਵੀ ਨੂੰ ਪਹੁੰਚਦੇ ਹਨ, ਇਕ ਸੂਰਬੀਰ ਵੀ ਉਸ ਪਦਵੀ ਨੂੰ ਪ੍ਰਾਪਤ ਕਰਦਾ ਹੈ। ਪੰਚਮ ਪਾਤਸ਼ਾਹ ਸੂਰਮੇ ਦਾ ਗੁਣ ਦਸਦੇ ਹਨ—

(੧) ਜੋ ਸੂਰਾ ਤਿਸ ਹੀ ਹੋਇ ਮਰਨਾ ॥
ਜੋ ਭਾਗੈ ਤਿਸੁ ਜੋਨੀ ਫਿਰਨਾ ॥ (ਮਾਰੂ)
(੨) ਰਣ ਦੇਖ ਸੂਰੇ ਚਿਤ ਉਲਾਸ ॥

ਭਗਤ ਕਬੀਰ ਜੀ ਕਹਿੰਦੇ ਹਨ—

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥
(ਮਾਰੂ)

ਦਸਮ ਪਾਤਸ਼ਾਹ ਫੁਰਮਾਉਂਦੇ ਹਨ—

ਕਬਹੂੰ ਰਣ ਜੂਝਯੋ ਨਹੀਂ ਕਛੁ ਦੈ ਜਸ ਨਹਿ ਲੀਨ ॥
ਗਾਵ ਬਸਤ ਜਾਨਯੋ ਨਹੀਂ ਜਮ ਸੋਂ ਕਿਨ ਕਹਿ ਦੀਨ ॥
(ਬਚਿਤ੍ਰ ਨਾਟਕ ੧੩)

ਭਾਵ—ਜੋ ਪੁਰਸ਼ ਕਦੀ ਜੰਗ ਵਿਚ ਲੜਿਆ ਨਹੀਂ, ਜਿਸ ਨੇ ਕਦੀ ਕੁਝ ਦਾਨ ਨਹੀਂ ਕੀਤਾ ਤੇ ਜੱਸ ਨਹੀਂ ਖਟਿਆ, ਜਿਸ ਨੂੰ ਕਿਸੇ ਚੰਗਿਆਈ ਕਰਕੇ ਨਗਰ ਵਿਚ ਕੋਈ ਨਹੀਂ ਜਾਣਦਾ, ਅਜਿਹੇ ਨੀਚ ਆਦਮੀ ਦਾ ਪਤਾ ਜਮਦੂਤਾਂ ਨੂੰ ਕਿਸ ਨੇ ਦਿਤਾ ?

ਸਿਖ ਧਰਮ ਵਿਚ ਸਤਿਗੁਰਾਂ ਨੇ, ਜੋ ਸੂਰਬੀਰਤਾ ਦਿਤੀ ਹੈ, ਉਸ ਦੇ ਦੋ ਪਹਿਲੂ ਹਨ—

(੧) ਅੰਦਰਲੇ ਸ਼ਤਰੂਆਂ, ਕਾਮ, ਕਰੋਧ ਤੇ ਲੋਭ ਆਦਿਕਾਂ ਉਤੇ ਵਿਜੈ ਪ੍ਰਾਪਤ ਕਰਨੀ।

(੨) ਬਾਹਰ ਮੁਖੀ ਸ਼ਤਰੂਆਂ ਤੇ ਫਤੇਹ ਪਾਉਣੀ।

ਇਕ ਆਦਮੀ ਸਰੀਰਕ ਤੌਰ ਤੇ ਕਿਤਨਾ ਬਲਵਾਨ, ਸ਼ਸਤ੍ਰ ਵਿਦਿਆ ਦਾ ਜਾਣੂ, ਰਣ ਖੇਤਰ ਵਿਚ ਸਾਹਮਣੇ ਹੋ ਕੇ ਜੂਝਣ ਵਾਲਾ ਸੂਰਮਾ ਹੈ, ਪਰ ਜੇ ਉਸ ਨੇ ਮਨ ਤੇ ਕਾਬੂ ਨਹੀਂ ਪਾਇਆ, ਉਸ ਵਿਚ

ਸਵੈ ਕਾਬੂ ਤੇ ਸੰਜਮੀ ਜੀਵਨ ਦਾ ਗੁਣ ਨਹੀਂ ਤਾਂ ਉਹ ਸਹੀ ਸੂਰਮਾ ਨਹੀਂ। ਗੁਰੂ ਜੀ ਨੇ ਇਸੇ ਲਈ ਕਿਹਾ ਹੈ—

ਮਨਿ ਜੀਤੈ ਜਗੁ ਜੀਤੁ ॥

ਭਾਵ—ਜਿਸ ਪੁਰਸ਼ ਨੇ ਮਨ ਨੂੰ ਜਿੱਤ ਲਿਆ, ਉਸਨੇ ਜਗਤ ਨੂੰ ਜਿਤ ਲਿਆ। ਸ੍ਰੀ ਰਾਗ ਦੀ ਵਾਰ ਵਿਚ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ—

ਨਾਨਕ ਸੋ ਸੂਰਾ ਵਰੀਆਮੁ ਜਿਨਿ
ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥ (੮੬)

ਭਾਵ—ਸਹੀ ਬਹਾਦਰ ਉਹ ਹੈ, ਜਿਸ ਨੇ ਹੰਕਾਰ ਨੂੰ ਮਾਰ ਲਿਆ। ਪੰਚਮ ਪਾਤਸ਼ਾਹ ਫੁਰਮਾਉਂਦੇ ਹਨ—

ਜਾਕਉ ਹਰਿ ਰੰਗੁ ਲਾਗੋ ਇਸੁ ਜੁਗ
ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ
ਜਾਕਾ ਸਤਿਗੁਰੁ ਪੂਰਾ ॥ ੧ ॥

(੬੮੦) ਧਨਾਸਰੀ

ਭਾਈ ਨੰਦ ਲਾਲ ਜੀ ਕਹਿੰਦੇ ਹਨ—

ਕੀਸਤ ਗੋਜ਼ਾ ਕੇ ਮੁਰਾਦੇ ਦਿਲ ਨ ਯਾਫ਼ਤ।
ਹਰ ਕਸੇ ਬਾ ਨਫ਼ਸਿ ਖ਼ੁਦ ਕਰਦੇ ਗਜ਼ਬ।

ਅਨੁਵਾਦ—

ਕਿਸ ਨੂੰ ਮਿਲੀ ਮੁਰਾਦ ਨ ਗੋਜ਼ਾ ਕੌਣ ਜਿਹਾ ਕਦ ਖ਼ਾਲੀ।
ਮਨ ਨੂੰ ਮਾਰ ਮੁਕਾਇਆ ਜਿਸ ਨੇ ਅੰਦਰ ਪ੍ਰੇਮ ਕੁਠਾਲੀ।

ਮਨੁਖ ਸੰਸਾਰ ਵਿਚ ਵਿਚਰਦਾ ਹੈ, ਇਸ ਦਾ ਮਨ ਸ਼ੀਸ਼ੇ ਵਾਂਗ ਬਾਹਰਲੇ ਦ੍ਰਿਸ਼ਾਂ ਨੂੰ ਫੋਕਸ ਕਰਦਾ ਹੈ। ਮਨ ਵਿਚ ਵਿਕਾਰਾਂ ਦੀਆਂ ਲਹਿਰਾਂ ਪੈਦਾ ਹੁੰਦੀਆਂ ਹਨ। ਬੁਧੀ ਤੇ ਵਾਸ਼ਨਾ ਦੇ ਵਿਚਕਾਰ ਜੰਗ ਹੁੰਦਾ ਹੈ। ਇਸ ਜੰਗ ਵਿਚ ਮਨੁਖ ਜਿਤ ਜਾਵੇ ਤਾਂ ਸੂਰਮਾ, ਹਾਰ ਜਾਵੇ ਤਾਂ ਵਿਸ਼ੇ

ਵਿਕਾਰਾਂ ਵਿਚ ਲੀਨ ਹੋ ਕੇ ਆਪ ਨੀਵਾਂ ਹੋ ਜਾਂਦਾ । ਸਮਾਜ ਵਿਚ ਗੰਦ ਪੈਦਾ ਕਰਦਾ ਹੈ। ਗੁਰੂ ਸਾਹਿਬ ਨੇ ਈਸ਼ਵਰ ਭਗਤੀ, ਨਾਮ ਸਿਮਰਣ, ਸਤਿਸੰਗ, ਸੇਵਾ ਅਤੇ ਅਰਦਾਸ ਰਾਹੀਂ ਸਿਖ ਨੂੰ ਮਨ ਉਤੇ ਕਾਬੂ ਪਾਉਣ ਅਤੇ ਸੰਜਮੀ ਜੀਵਨ ਦੀ ਜਾਂਚ ਦਸੀ ਹੈ । ਮਨ ਨੂੰ ਵਸ ਕਰਨਾ ਵੱਡੀ ਸੂਰਮਗਤੀ ਹੈ। ਇਹ ਆਤਮਕ ਪਹਿਲੂ ਹੈ, ਪਰ ਇਸ ਦੇ ਨਾਲ ਸੰਸਾਰਕ ਦੁਸ਼ਮਣਾਂ ਉਤੇ ਵਿਜੈ ਪਾਉਣੀ ਭੀ ਜ਼ਰੂਰੀ ਹੈ। ਸਵੈ ਕਾਬੂ ਅਤੇ ਆਤਮਿਕ ਗੁਣ ਪ੍ਰਾਪਤ ਕਰਕੇ ਸਿਖ ਸੰਤ ਬਣਦਾ ਹੈ। ਸ਼ਸਤ੍ਰਧਾਰੀ ਹੋ ਕੇ ਰਣ ਖੇਤਰ ਵਿਚ ਜੂਝ ਕੇ, ਧਰਮ, ਆਜ਼ਾਦੀ ਤੇ ਦੀਨ ਰਖਿਆ ਲਈ ਮਰ ਮਿਟਣ ਕਰਕੇ ਉਹ ਸੂਰਬੀਰ, ਜੋਧਾ ਅਤੇ ਸਿਪਾਹੀ ਹੈ। ਸਿਖ ਧਰਮ ਦਾ ਆਦਰਸ਼ ਆਤਮਿਕ ਅਤੇ ਸੰਸਾਰਕ ਪਹਿਲੂਆਂ ਤੋਂ ਇਕੋ ਜਿਹਾ ਉਚਾ ਕਰਨਾ ਹੈ।

ਇਕ ਰਿਸ਼ੀ ਤਪ ਕਰਦਾ ਹੈ, ਪਰ ਸ਼ਸਤ੍ਰਧਾਰੀ ਨਹੀਂ ਤਾਂ ਉਹ ਸੰਤ ਹੈ, ਜਿਸ ਦੇ ਰੂਪ ਤੋਂ ਕੋਈ ਦੁਸ਼ਮਣ, ਦੂਤ ਜਾਂ ਦੁਸ਼ਟ ਭੈ ਨਹੀਂ ਖਾਏਗਾ। ਇਕ ਆਦਮੀ ਨਿਰਾ ਸਿਪਾਹੀ, ਸ਼ਸਤ੍ਰਧਾਰੀ, ਲੜਾਕਾ ਤੇ ਖੂੰਖਾਰ ਹੈ, ਤਾਂ ਉਸ ਵਿਚ ਦਇਆ, ਪਰੇਮ ਤੇ ਉਪਕਾਰ ਦੀ ਭਾਵਨਾ ਨਹੀਂ ਹੋਵੇਗੀ। ਲੋਕੀਂ ਉਸ ਤੋਂ ਭੈ-ਭੀਤ ਹੋਣਗੇ। ਉਸ ਵਿਚ ਮਨੁੱਖਤਾ ਦੇ ਕੋਮਲ ਗੁਣ ਨਹੀਂ ਹੋਣਗੇ। ਸਤਿਗੁਰਾਂ ਨੇ ਸਿਖ ਨੂੰ ਆਤਮਿਕ ਗੁਣਾਂ ਕਰਕੇ ਸੰਤ ਅਤੇ ਬੀਰਤਾ ਦੇ ਗੁਣਾਂ ਕਰਕੇ ਸਿਪਾਹੀ ਬਣਾਇਆ ਹੈ।

ਇਸ ਰਚਨਾ ਵਿਚ ਸੰਗਰਾਮ ਹੋ ਰਿਹਾ ਹੈ । ਵਡੀਆਂ ਮਛੀਆਂ ਨਿਕੀਆਂ ਮਛੀਆਂ ਨੂੰ ਖਾ ਰਹੀਆਂ ਹਨ।

ਸਾਡੇ ਸਰੀਰ ਦੇ ਲਹੂ ਵਿਚ ਦੋ ਤਰ੍ਹਾਂ ਦੇ ਕੀਟਾਣੂ ਹਨ— ਇਕ ਲਾਲ ਤੇ ਦੂਜੇ ਚਿਟੇ। ਜਦ ਬਾਹਰੋਂ ਬੀਮਾਰੀਆਂ ਦੇ ਕੀਟਾਣੂ ਸਰੀਰ ਉਤੇ ਹਮਲਾ ਕਰਦੇ ਹਨ, ਉਸ ਵਕਤ ਲਹੂ ਦੇ ਸਫੇਦ ਕੀਟਾਣੂ ਉਹਨਾਂ ਦਾ ਟਾਕਰਾ ਕਰਦੇ ਹਨ। ਬਾਹਰਲੇ ਜਿਤ ਜਾਣ ਤਾਂ ਸਰੀਰ ਰੋਗੀ, ਸਰੀਰ ਦੇ ਕੀਟਾਣੂ ਜਿਤ ਜਾਣ ਤਾਂ ਅਰੋਗ ਰਹੀਦਾ ਹੈ। ਜੀਵਨ ਦੇ ਰਣ ਖੇਤਰ ਵਿਚ ਜ਼ਿੰਦਗੀ ਅਤੇ ਮੌਤ ਦੀ ਖਿਚੋਤਾਣ ਹੋ ਰਹੀ ਹੈ। ਤਕੜੇ ਜੀਉਂਦੇ

ਹਨ, ਮਾੜੇ ਮਰ ਜਾਂਦੇ ਹਨ। ਇਸ ਲਈ ਜਿਥੇ ਆਦਮੀ ਮਨ ਤੇ ਕਾਬੂ ਪਾਏ, ਉਥੇ ਨਾਲ ਹੀ ਬਾਹਰਲੇ ਦੁਸ਼ਮਣਾਂ ਦਾ ਮੁਕਾਬਲਾ ਕਰਨ ਦੀ ਸ਼ਕਤੀ ਵੀ ਉਸ ਵਿਚ ਹੋਣੀ ਚਾਹੀਦੀ। ਇਕ ਪਾਸਾ ਜੀਵਨ ਸਫਲ ਨਹੀਂ ਹੋ ਸਕਦਾ। ਗੁਰੂ ਜੀ ਨੇ ਸਿਖ ਧਰਮ ਵਿਚ ਭਗਤੀ ਅਤੇ ਸ਼ਕਤੀ ਦੋਵੇਂ ਗੁਣ ਰਖੇ ਸਨ । ਜਿਸ ਤਰ੍ਹਾਂ ਕਿਸੇ ਖੇਤ ਨੂੰ ਪਸ਼ੂ ਉਜਾੜਦੇ ਹਨ, ਕਿਸੇ ਬਾਗ ਨੂੰ ਜਾਨਵਰ ਬਰਬਾਦ ਕਰਦੇ ਹਨ, ਉਨ੍ਹਾਂ ਦੀ ਰਾਖੀ ਕਰਨੀ ਜ਼ਰੂਰੀ ਹੈ, ਇਸੇ ਤਰ੍ਹਾਂ ਸਮਾਜ ਵਿਚ ਜੋ ਦੁਸ਼ਟ ਆਦਮੀ ਪਾਪ ਕਰਦੇ ਹਨ, ਉਨ੍ਹਾਂ ਨੂੰ ਦੰਡ ਦੇਣਾ ਜ਼ਰੂਰੀ ਹੈ । ਸੂਰਬੀਰ ਸਮਾਜ ਨੂੰ ਦੁਸ਼ਟਾਂ ਤੋਂ ਬਚਾਉਂਦੇ ਹਨ ।

'ਜੋ ਪੁਰਸ਼ ਸ਼ਕਤੀ ਅਤੇ ਯੋਗਤਾ ਦੇ ਹੁੰਦਿਆਂ ਆਪਣੀਆਂ ਅੱਖਾਂ ਦੇ ਸਾਹਮਣੇ ਹੋ ਰਹੇ ਅਤਿਆਚਾਰ, ਜ਼ੁਲਮ ਅਤੇ ਜਬਰ ਨੂੰ ਦੂਰ ਕਰਨ ਦਾ ਯਤਨ ਨਹੀਂ ਕਰਦਾ, ਉਹ ਪਾਪ ਦਾ ਭਾਗੀ ਹੈ।*

ਸੰਸਾਰ ਦੇ ਜੀਵ ਨਿਰਾਸ਼ ਹੋ ਜਾਂਦੇ ਸਨ, ਜਦ ਖੱਤਰੀ ਧਰਮ ਵਿਗੜ ਜਾਂਦਾ ਹੈ।() ਭਾਵ ਇਹ ਹੈ ਕਿ ਜਨਤਾ ਦੀ ਰਖਿਆ ਸੂਰਬੀਰ ਹੀ ਕਰ ਸਕਦੇ ਹਨ। ਸੂਰਮਤਾਈ ਇਕ ਆਤਮਿਕ ਤੇ ਸੈਨਕ ਗੁਣ ਹੈ।

ਕਈ ਆਦਮੀ ਕਹਿੰਦੇ ਹਨ ਕਿ ਸੰਸਾਰ ਵਿਚ ਅਮਨ ਹੋ ਜਾਵੇ, ਜੰਗ ਮੁੱਕ ਹੀ ਜਾਵੇ ਤਾਂ ਫਿਰ ਬਹਾਦਰੀ ਦੀ ਕੀ ਲੋੜ ਰਹਿ ਜਾਂਦੀ ਹੈ? ਸਾਇੰਸ ਨੇ ਲੜਾਈ ਦੇ ਪੁਰਾਣੇ ਢੰਗਾਂ ਨੂੰ ਖ਼ਤਮ ਹੀ ਕਰ ਦਿਤਾ ਹੈ। ਇਕ ਸੂਰਬੀਰ ਜ਼ਾਤੀ ਸਾਇੰਸ ਦੇ ਸਾਧਨ ਨਾ ਹੋਣ ਕਰ ਕੇ ਮਾਰੀ ਜਾ ਸਕਦੀ ਹੈ। ਇਕ ਨਿਰਬਲ ਆਦਮੀ ਹਵਾਈ ਜਹਾਜ਼ ਵਿਚ ਬੈਠ ਕੇ ਬੰਬਾਂ ਨਾਲ ਤਬਾਹੀ ਕਰ ਸਕਦਾ ਹੈ।

ਜੰਗ ਤੇ ਅਮਨ ਲਈ ਇਕ ਬਹਿਸ ਹੋ ਰਹੀ ਹੈ । ਕਈ ਕਹਿੰਦੇ ਹਨ, 'ਜਿਸ ਤਰ੍ਹਾਂ ਮਜ਼੍ਹਬ ਨੇ ਉੱਨਤ ਕੀਤਾ ਹੈ, ਜੰਗ ਕਰਕੇ ਮਨੁੱਖ ਪਸ਼ੂਆਂ ਤੋਂ ਤਰਕੀ ਕਰ ਕੇ ਮਨੁੱਖ ਬਣਿਆ ਹੈ। ਜੰਗ ਨੇ ਹਥਿਆਰ ਬਣਾਉਣੇ

---

*ਮਹਾਂ ਭਾਰਤ ਆਦਿ ਪਰਵ। ()ਸ਼ਾਂਤੀ ਪਰਵ।

ਸਿਖਾਏ। ਦੂਸਰੇ ਦੇਸ਼ ਫਤਹਿ ਕੀਤੇ। ਆਪਣੀ ਕੌਮ, ਆਪਣੇ ਦੇਸ਼, ਦੌਲਤ ਤੇ ਜ਼ਮੀਨ ਦੀ ਉੱਨਤੀ ਹੋਈ। ਜੰਗ ਨੇ ਹੀ ਛੋਟੀਆਂ ਕੌਮਾਂ ਨੂੰ ਇਕੱਠਾ ਕਰ ਕੇ ਇਕ ਵੱਡੀ ਕੌਮ ਬਣਾ ਦਿਤਾ ਹੈ। ਦੂਜੀਆਂ ਕੌਮਾਂ ਨਾਲ ਜਾਣ ਪਛਾਣ ਕਰ ਦੀ ਹੈ। ਦਿਸਾਵਰੀ ਵਪਾਰ ਕਾਇਮ ਕੀਤਾ ਹੈ। ਜੰਗ ਮਨੁੱਖ ਦੀ ਉੱਨਤੀ ਲਈ ਜ਼ਰੂਰੀ ਹੈ। ਇਹ ਜ਼ਿੰਦਗੀ ਦੀ ਕਸ਼ਮਕਸ਼ ਹੈ।'

ਇਸ ਦੇ ਵਿਰੁਧ ਟਾਲਸਟਾਏ, ਰੋਮਨਰੋਲੈਂਡ, ਮਹਾਤਮਾ ਗਾਂਧੀ, ਬਰਨਾਰਡ ਸ਼ਾਅ, ਰਸੂਲ ਆਦਿਕ ਸੰਸਾਰ ਪ੍ਰਸਿਧ ਪੁਰਸ਼ਾਂ ਨੇ ਆਪਣੇ ਵਿਚਾਰ ਦਿਤੇ ਹਨ। ਉਹ ਇਹ ਹਨ—

ਜੰਗ ਇਕ ਖ਼ਤਰਨਾਕ ਬੁਤ ਹੈ, ਜੋ ਸਾਡੀ ਹਮਦਰਦੀ ਨੂੰ ਕਮਜ਼ੋਰ ਕਰਦਾ ਹੈ। ਸਾਡੀ ਜੀਵਨ ਸ਼ੀਰੇ ਨੂੰ ਰੋਕਦਾ। ਸਾਡੀ ਉੱਨਤੀ ਵਿਚ ਰੋਕ ਬਣਦਾ ਹੈ। ਸਾਨੂੰ ਤੰਗ ਦਿਲ ਬਣਾਂਦਾ ਹੈ, ਦੂਸਰਿਆਂ ਦੇ ਦੁੱਖ ਨਾਲ ਦੁਖੀ ਅਤੇ ਸੁਖੀ ਨਾਲ ਸੁਖੀ ਨਹੀਂ ਹੋਣ ਦਿੰਦਾ। ਸਾਨੂੰ ਦੂਜਿਆਂ ਨਾਲ ਪ੍ਰੇਮ ਨਹੀਂ ਕਰਨ ਦਿੰਦਾ। ਸਾਡੀ ਹਮਦਰਦੀ ਦੇ ਹਰੇ ਭਰੇ ਬੂਟੇ ਨੂੰ ਕਠੋਰਤਾ ਦੀ ਗਰਮੀ ਨਾਲ ਸਾੜ ਦਿੰਦਾ ਹੈ। ਸਾਨੂੰ ਪੱਥਰ ਦਿਲ ਤੇ ਤੰਗ ਦਿਲ ਬਣਾ ਕੇ ਸਾਡੀ ਜ਼ਿੰਦਗੀ ਦਾ ਸਤਿਆਨਾਸ ਕਰ ਦਿੰਦਾ ਹੈ, ਜੰਗ ਦੇ ਤਪੇ ਹੋਏ ਮਾਰੂਥਲ ਵਿਚ ਪਿਆਰ ਦੀ ਠੰਢੀ ਗੰਗਾ ਨਹੀਂ ਵਗ ਸਕਦੀ। ਜੰਗ ਨਾਲ ਅਮਨ ਅਤੇ ਇਖਲਾਕ ਨੂੰ ਹਦੋਂ ਵਧ ਨੁਕਸਾਨ ਪਹੁੰਚਦਾ ਹੈ। ਮਧ ਕਾਲ **(Middleages)** ਵਿਚ ਯੂਰਪ ਦੀ ਸਮਾਜ ਬਣਤਰ ਫੌਜੀ ਢੰਗ ਦੀ ਸੀ। ਇਸ ਸਮੇਂ ਦੀ ਤਵਾਰੀਖ, ਲੜਾਈਆਂ, ਵਿਸ਼ੇ ਵਿਕਾਰਾਂ ਤੇ ਕਤਲਾਂ ਦੀ ਤਵਾਰੀਖ ਹੈ। ਮਾਰਟਨ ਦਸਵੀਂ ਸਦੀ ਦੇ ਸਬੰਧ ਵਿਚ ਲਿਖਦਾ ਹੈ, 'ਇਸ ਸਮੇਂ ਨੂੰ ਧੋਖੇ ਅਤੇ ਫਰੇਬ ਦਾ ਸਮਾਂ ਕਹਿਣਾ ਚਾਹੀਏ, ਇਹ ਸਮਾਂ ਏਨਾ ਗਿਰ ਗਿਆ ਸੀ ਕਿ ਇਤਿਹਾਸ ਵਿਚ ਇਸ ਦੀ ਮਿਸਾਲ ਨਹੀਂ ਮਿਲਦੀ। ਜੰਗ ਮਨੁੱਖ ਦੀ ਉੱਨਤੀ ਦੇ ਰਾਹ ਵਿਚ ਭਾਰੀ ਰੋਕ ਹੈ। ਸੰਸਾਰ ਦੀ ਸਾਰੀ ਵਰਤਮਾਨ ਤਰਕੀ ਅਮਨ ਦਾ ਫਲ ਹੈ। ਅਮਨ ਨੇ ਹੀ ਸੋਚ ਵਿਚਾਰ, ਗਿਆਨ ਅਤੇ ਵਿਗਿਆਨ ਸਿਖਾਇਆ ਹੈ। ਜੰਗ ਦੇ ਸਮੇਂ

ਇਕ ਪੁਰਖੀ (Military Dictarship) ਸੈਨਕ ਹਕੂਮਤ ਕਾਇਮ ਹੋ ਜਾਂਦੀ ਹੈ। ਇਸ ਵਿਚ ਸ਼ਖਸੀ ਆਜ਼ਾਦੀ ਖ਼ਤਮ ਹੋ ਜਾਂਦੀ ਹੈ। ਸਿਰਫ ਸੈਨਿਕ ਕਾਨੂੰਨਾਂ ਦਾ ਰਾਜ ਹੁੰਦਾ ਹੈ। ਸੁਤੰਤਰ ਰਾਇ ਦਬਾ ਦਿਤੀ ਜਾਂਦੀ ਹੈ। ਪੰਚਾਇਤੀ ਰਾਜ ਖ਼ਤਮ ਹੋ ਜਾਂਦਾ ਹੈ । ਸਮਾਜ ਦੀ ਉਨਤੀ ਰੁਕ ਜਾਂਦੀ ਹੈ। ਮਨੁੱਖ ਨੂੰ ਜਦ ਸਿਰਫ ਸਰੀਰਕ ਬਲ ਤੇ ਭਰੋਸਾ ਸੀ, ਇਸ ਨਾਲ ਉਸ ਨੂੰ ਸਫਲਤਾ ਹੁੰਦੀ ਰਹੀ, ਉਸ ਵਕਤ ਜੰਗ ਹੀ ਇਕ ਸਾਧਨ ਸੀ। ਹੁਣ ਉਹ ਨਹੀਂ ਰਿਹਾ। ਜੰਗ ਦੀ ਥਾਂ ਸਮਾਜਕ ਜੀਵਨ ਅਤੇ ਇਖਲਾਕੀ ਅਸੂਲਾਂ ਨੇ ਲੈ ਲਈ ਹੈ। ਇਸ ਲਈ ਅਮਨ ਅਤੇ ਸ਼ਾਂਤੀ ਨਾਲ ਸਾਰੇ ਝਗੜੇ ਨਿਬੜਨੇ ਚਾਹੀਦੇ ਹਨ।'' ਪੰਡਤ ਨਹਿਰੂ ਨੇ ਸੰਸਾਰ-ਵਿਆਪੀ ਅਮਨ ਲਈ 'ਪੰਚ ਸ਼ੀਲ' 'ਜੀਓ ਤੇ ਜੀਓਣ ਦਿਓ' ਦਾ ਸਿਧਾਂਤ ਪੇਸ਼ ਕੀਤਾ ਹੈ।

ਇਹਨਾਂ ਵਿਚਾਰਾਂ ਦੀ ਰੋਸ਼ਨੀ ਵਿਚ ਵੀਰ ਪੂਜਾ ਤੇ ਸੂਰਮਤਾਈ ਦੀ ਕੋਈ ਕਦਰ ਨਹੀਂ ਰਹਿ ਜਾਂਦੀ । ਫਿਰ ਗੁਰੂ ਸਾਹਿਬ ਦੀ ਸਿਖਾਈ ਹੋਈ ਸੂਰਬੀਰਤਾ ਬੇ-ਅਰਥ ਹੋਈ ? ਸਾਡੀ ਰਾਇ ਹੈ ਕਿ ਸੂਰਬੀਰਤਾ ਦੀ ਅਜੇ ਲੋੜ ਹੈ। ਅਗੋਂ ਲੋੜ ਰਹੇਗੀ। ਪਹਿਲੀ ਗਲ ਤਾਂ ਇਹ ਹੈ ਕਿ ਮਨੁੱਖ ਨੇ ਸਮਾਜਕ ਉਨਤੀ ਜ਼ਰੂਰ ਕੀਤੀ ਹੈ ਪਰ ਜੰਗ ਦੀ ਮਨੋ-ਬਿਰਤੀ ਇਸ ਦੀ ਨਹੀਂ ਬਦਲੀ। ਇਸ ਦਾ ਸਬੂਤ ਵਰਤਮਾਨ ਸੰਸਾਰ ਵਿਆਪੀ ਜੰਗ ਹੈ। ੧੯੧੪-੧੮ ਦੀ ਜੰਗ ਵਿਚ ੨ ਕਰੋੜ ੭੫ ਲਖ ਆਦਮੀ ਮਰੇ ਜਾਂ ਜ਼ਖਮੀ ਹੋਏ ਸਨ। ੧੯੩੯-੪੫ ਦੀ ਜੰਗ ੬ ਕਰੋੜ ਦੇ ਮਰਨ ਦਾ ਅੰਦਾਜ਼ਾ ਹੈ । ਐਟਮਿਕ ਬੰਬ ਵਰਗੀਆਂ ਭਿਆਨਕ ਕਾਢਾਂ ਕਢੀਆਂ ਗਈਆਂ ਹਨ। ਅਜੇ ਮਨੁੱਖ ਦੇਵਤਾ ਨਹੀਂ ਬਣਿਆ, ਇਸ ਲਈ ਘਾਤਕ ਮਨੋ ਬਿਰਤੀ ਦੇ ਵਿਰੁਧ ਲੜਨ ਲਈ ਬੀਰਤਾ ਦੀ ਲੋੜ ਹੈ।

ਸਿੱਖ ਸਤਿਗੁਰਾਂ ਨੇ ਜੋ ਸੂਰਬੀਰਤਾ ਸਿਖਾਈ ਹੈ, ਉਸ ਦਾ ਮਕਸਦ ਅਨਿਆਂ, ਸਬਰ, ਧਕੇ ਸ਼ਾਹੀ, ਕਿਸੇ ਨੂੰ ਲੁਟਣਾ ਜਾਂ ਕਿਸੇ ਦੇਸ਼ ਨੂੰ ਗੁਲਾਮ ਰਖਣਾ ਨਹੀਂ, ਬਲਕਿ ਪਰਉਪਕਾਰ, ਦੀਨ ਰਖਿਆ ਤੇ ਹਰ ਤਰ੍ਹਾਂ ਦੀ

ਸੁਤੰਤਰਤਾ ਲਈ ਲੜਨਾ ਹੈ। ਸਿਰਫ ਤਾਕਤ ਵਾਸਤੇ ਨਹੀਂ ਲੜਨਾ, ਬਦੀ ਦੇ ਵਿਰੁਧ ਲੜਨਾ ਹੈ । ਇਸ ਦਾ ਆਤਮਿਕ ਪਹਿਲੂ ਹੈ—ਮਨ ਨੂੰ ਜਿਤਣਾ, ਸਵੈ ਕਾਬੂ ਤੇ ਸੰਜਮ ਵਿਚ ਰਹਿਣਾ । ਨਿਰਬਲ ਅਤੇ ਕਾਇਮ ਆਦਮੀ ਮਨੋ-ਕਾਮਨਾਵਾਂ ਤੇ ਕਾਬੂ ਨਹੀਂ ਪਾ ਸਕਦਾ। ਇਸ ਦੇ ਨਾਲ ਅਜੇ ਤੀਕ ਸੰਸਾਰ ਵਿਚ ਭੁੱਖ-ਨੰਗ, ਬੇਕਾਰੀ, ਗਰੀਬੀ ਅਤੇ ਗੁਲਾਮੀ ਮੌਜੂਦ ਹੈ। ਇਹਨਾਂ ਵਿਰੁਧ ਲੜਨ ਦੀ ਲੋੜ ਹੈ। ਸ਼ਾਂਤ ਮਈ ਇਕ ਚੰਗਾ ਉਦੇਸ਼ ਹੈ, ਪਰ ਕਿਸੇ ਚੰਗੇ ਕੰਮ ਲਈ ਸ਼ਸਤਰ ਉਠਾਉਣਾ ਭੀ ਪੁੰਨ ਹੈ।*

ਦਸਮ ਪਾਤਸ਼ਾਹ ਜੀ ਨੇ ਕਿਹਾ ਹੈ—

ਚੁਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ।
ਹਲਾਲ ਅਸਤ ਬੁਰਦਨ ਬ ਸ਼ਮਸ਼ੇਰ ਦਸਤ ।

ਭਾਵ—ਜਦ ਕੋਈ ਉਪਾ ਸਫਲ ਨਾ ਹੋਵੇ, ਉਸ ਵਕਤ ਤਲਵਾਰ ਉਠਾਣੀ ਵਾਜਬ ਹੈ। ਇਹੋ ਸਿੱਖੀ ਦਾ ਨਿਸਚਾ ਹੈ ।

ਸਿੱਖ ਪੰਥ ਕਿਵੇਂ ਸੂਰਬੀਰ ਬਣਿਆ ? ਇਸ ਦਾ ਉੱਤਰ ਇਹ ਹੈ ਕਿ ਸਿੱਖੀ ਦੀ ਬੀਰਤਾ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਖੀ। ਉਹਨਾਂ ਨੇ ਹਰ ਪਰਕਾਰ ਦੀ ਸਮਾਜਕ ਜਾਂ ਰਾਜਨੀਤਕ ਗੁਲਾਮੀ ਵਿਰੁਧ ਆਵਾਜ਼ ਉਠਾਈ, ਨਿਰਭੈਤਾ ਦਾ ਉਪਦੇਸ਼ ਦਿਤਾ ।

ਖਡੂਰ ਸਾਹਿਬ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਹੁਮਾਯੂੰ ਮਿਲਣ ਆਇਆ। ਸਤਿਗੁਰੂ ਜੀ ਨੇ ਉਸ ਨੂੰ ਬਾਦਸ਼ਾਹ ਸਮਝ ਕੇ ਉਸ ਦਾ ਕੋਈ ਖਾਸ ਮਾਣ ਸਤਿਕਾਰ ਨਾ ਕੀਤਾ । ਹੁਮਾਯੂੰ ਗੁਸੇ ਵਿਚ ਭਰ ਕੇ ਜਦ ਗੁਰੂ ਜੀ ਨੂੰ ਤਲਵਾਰ ਮਾਰਨ ਲਗਾ ਤਾਂ ਗੁਰੂ ਜੀ ਨੇ ਉਸ ਨੂੰ ਕਿਹਾ—'ਸਾਡੇ ਫਕੀਰਾਂ ਤੇ ਤਲਵਾਰ ਚਲਾਉਂਦਾ ਹੈਂ, ਪਰ ਸ਼ੇਰ ਸ਼ਾਹ ਦੇ ਮੁਕਾਬਲੇ ਤੇ ਇਹ ਕਿਉਂ ਖੁੰਢੀ ਹੋ ਗਈ ਸੀ ?'

ਇਹ ਸੁਣਕੇ ਹੁਮਾਯੂੰ ਬਹੁਤ ਸ਼ਰਮਿੰਦਾ ਹੋਇਆ ਅਤੇ ਉਸ ਨੇ ਸਤਿਗੁਰੂ ਜੀ ਪਾਸੋਂ ਇਸ ਗਲ ਦੀ ਖਿਮਾਂ ਮੰਗੀ। ਕਿਸੇ ਨੂੰ ਡਰ ਨਾ ਦੇਣਾ

---

*ਮਹਾਂ ਭਾਰਤ ਸ਼ਾਂਤੀ ਪਰਵ ।

ਤੇ ਕਿਸੇ ਦਾ ਡਰ ਨਾ ਮੰਨਣਾ ਇਹ ਸਤਿਗੁਰਾਂ ਨੇ ਸਿਖਾਇਆ ਹੈ।

ਸਿੱਖੀ ਨੇ ਸ਼ਾਂਤ ਮਈ ਅਤੇ ਬੀਰਤਾ ਦੋਹਾਂ ਨੂੰ ਸੰਪੂਰਨ ਕੀਤਾ ਹੈ। ਪੰਚਮ ਪਾਤਸ਼ਾਹ ਦੀ ਸ਼ਹਾਦਤ ਸ਼ਾਂਤ-ਮਈ ਕੁਰਬਾਨੀ ਦੀ ਹੱਦ ਸੀ। ਇਸ ਤੋਂ ਪਿਛੋਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਤਲਵਾਰ ਫੜੀ ਅਤੇ ਸਿੱਖਾਂ ਨੂੰ ਸਿਪਾਹੀ ਬਣਾਇਆ। ਮੁਗਲਾਂ ਨਾਲ ਜੰਗ ਕੀਤੇ। ਭਾਈ ਗੁਰਦਾਸ ਜੀ ਨੇ ਮੀਰੀ ਪੀਰੀ ਦੇ ਮਾਲਕ ਦੀ ਸਪਿਰਟ ਨੂੰ ਇਕ ਤੁਕ ਵਿਚ ਇਊਂ ਕਥਨ ਕੀਤਾ ਹੈ—

ਦਲ ਭੰਜਨ ਗੁਰ ਸੂਰਮਾ
ਵਡ ਜੋਧਾ ਬਹੁ ਪਰਉਪਕਾਰੀ।

ਭਾਵ—ਗੁਰਦੇਵ ਜਿਥੇ ਦਲ ਭੰਜਨ ਸੂਰਮੇ ਸਨ, ਨਾਲ ਹੀ ਪਰਉਪਕਾਰੀ ਸਨ। ਛੇਵੇਂ ਪਾਤਸ਼ਾਹ ਦਾ ਕੋਈ ਜੰਗ ਦੌਲਤ, ਤਾਕਤ, ਜ਼ਮੀਨ ਜਾਂ ਕਿਸੇ ਸਵਾਰਥ ਲਈ ਨਹੀਂ ਸੀ। ਸਰ ਜਾਦੂ ਨਾਥ ਨੇ ਲਿਖਿਆ ਹੈ—'ਗੁਰੂ ਨਾਨਕ ਦੇ ਹਿਰਦੇ ਵਿਚੋਂ ਰੂਹਾਨੀਅਤ ਦੀ ਜੋ ਗੰਗਾ ਨਿਕਲੀ ਸੀ, ਉਹ ਛੇਵੇਂ ਗੁਰੂ ਦੇ ਸਮੇਂ ਸੈਨਕ ਮਾਰੂ ਥਲ ਵਿਚ ਸੁਕ ਗਈ।'

ਸਰ ਜਾਦੂ ਨਾਥ ਦੀ ਇਹ ਗੱਲ ਬਿਲਕੁਲ ਨਿਰਮੂਲ ਹੈ। ਜੋ ਆਤਮਿਕ ਧਾਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਹਿਰਦੇ ਵਿਚੋਂ ਜਾਰੀ ਹੋਈ ਸੀ, ਛੇਵੇਂ ਸਤਿਗੁਰੂ ਦੇ ਸਮੇਂ ਜਦ ਮੁਗਲ ਉਸ ਦੇ ਰਾਹ ਵਿਚ ਪਹਾੜ ਬਣ ਕੇ ਖਲੋਤਾ, ਤਦ ਉਸ ਵਕਤ ਗੁਰੂ ਜੀ ਨੇ ਤਲਵਾਰ ਨਾਲ ਉਸ ਨੂੰ ਕਟਿਆ ਤੇ ਨਿਰਮਲ ਧਾਰਾ ਦੇ ਜਾਰੀ ਰਖਣ ਲਈ ਰਾਹ ਸਾਫ਼ ਕੀਤਾ। ਸਤਵੇਂ ਪਾਤਸ਼ਾਹ ਨੇ ੨੨੦੦ ਸਵਾਰ ਰਖੇ। ਪਰ ਜੰਗ ਕੋਈ ਨਹੀਂ ਕੀਤਾ। ਇਹ ਇਕ ਰਮਜ਼ ਸੀ ਕਿ ਜੰਗ ਕਰਨਾ ਗੁਰੂ ਘਰ ਦਾ ਉਦੇਸ਼ ਨਹੀਂ।

ਵੈਰਾਗ ਮੂਰਤਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਪਿਛੋਂ ਦਸਮ ਪਾਤਸ਼ਾਹ ਨੇ ਤਲਵਾਰ ਉਠਾਈ। ਉਹਨਾਂ ਨੂੰ ਇਹ ਨਿਸਚਾ ਹੋ

ਗਿਆ ਸੀ ਕਿ ਮੁਗਲ ਸ਼ਾਂਤ ਮਈ ਕੁਰਬਾਨੀ ਨਾਲ ਠੀਕ ਨਹੀਂ ਹੋ ਸਕਦਾ। ਸਦੀਆਂ ਦੀ ਗੁਲਾਮੀ ਦੇ ਕਾਰਨ ਦੇਸ਼ ਵਿਚ ਬਹੁਤ ਕਾਇਰਤਾ ਆ ਚੁੱਕੀ ਹੈ। ਉਹਨਾਂ ਨੇ ਬੜੀ ਸੋਚ ਵਿਚਾਰ ਦੇ ਬਾਅਦ ਪੰਥ ਸਾਜਿਆ। ਜਿਸ ਨੂੰ ਸੂਰਮਤਾਈ ਗੁੜਤੀ ਵਿਚ ਦਿੱਤੀ। ਸ੍ਰੀ ਸਾਹਿਬ ਕਢ ਕੇ ਪੰਜਾਂ ਪਿਆਰਿਆਂ ਦੀ ਚੋਣ ਕਰਨੀ, ਲੋਹੇ ਦੇ ਖੰਡੇ ਅਤੇ ਬਾਟੇ ਵਿਚ ਅੰਮ੍ਰਿਤ ਤਿਆਰ ਕਰਨਾ, ਸਿੰਘ ਪਦਵੀ ਦੇਣੀ; ਕਛਹਿਰਾ ਤੇ ਕ੍ਰਿਪਾਨ ਕਕਾਰ, ਸਤਿ ਸ੍ਰੀ ਅਕਾਲ ਦਾ ਨਾਹਰਾ, ਫਤੇਹ ਬੁਲਾਉਣੀ, ਪ੍ਰਸਾਦ ਨੂੰ ਕ੍ਰਿਪਾਨ ਭੇਟ ਕਰਨਾ ਆਦਿਕ ਸਾਰੀਆਂ ਗਲਾਂ ਸੂਰਬੀਰਤਾ ਪੈਦਾ ਕਰਨ ਲਈ ਦਿਤੀਆਂ। ਉਹਨਾਂ ਨੇ ਸਿਖਾਂ ਨੂੰ ਉਪਦੇਸ਼ ਕੀਤਾ—

(੧) ਬਿਨਾ ਤੇਗ ਤੀਰੰ ਰਹੋ ਨਾਹਿ ਭਾਈ।

(੨) ਬਿਨਾ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ।
ਗਹੇ ਕਾਨ ਤਾਕੋ ਕਿਤੈ ਲੈ ਸਿਧਾਨੋ।
ਇਹੈ ਮਰ ਆਗਯਾ ਸੁਨੋ ਹੇ ਪਯਾਰੇ।
ਬਿਨਾ ਤੇਗ ਕੇਸੰ ਦੇਵੋ ਨਾ ਦਿਦਾਰੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਾਹਿਗੁਰੂ ਦੀ ਸੰਘਾਰ ਸ਼ਕਤੀ ਨੂੰ ਸ਼ਸਤਰਾਂ ਦੇ ਨਾਮ ਦੇ ਕੇ ਉਸ ਨੂੰ ਸਿਮਰਨ ਕੀਤਾ ਹੈ। ਇਹ ਹਿੰਦੁਸਤਾਨ ਵਿਚ ਇਕ ਨਵਾਂ ਤਸੱਵਰ ਸੀ।

(੧) ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ।
ਸੈਫ ਸਰੋਹੀ ਸੈਥੀ ਯਹੈ ਹਮਾਰੇ ਪੀਰ।

(੨) ਨਮੋ ਸ੍ਰੀ ਭਗੌਤੀ ਬੜੌਲੀ ਸਰੋਹੀ।
ਕਰੇ ਏਕ ਤੇ ਦਵੈ ਸੁ ਭਚ ਹਾਥ ਸੋਹੀ।

(ਭਗੌਤੀ ਸਤੋਤਰ)

ਸਤਿਗੁਰੂ ਨੇ ਸਿੰਘਾਂ ਨੂੰ ਉਪਦੇਸ਼ ਕੀਤਾ—

(੧) ਰਣ ਵਿਚ ਪਿਠ ਨਹੀਂ ਦੇਣੀ।

(ਰਹਿਤਨਾਮਾ ਭਾਈ ਚੌਪਾ ਸਿੰਘ)

(੨) ਸਿੰਘ ਘੋੜੇ ਅਤੇ ਸ਼ਸਤਰ ਦੀ ਸਾਰ ਰਖੇ।

(ਰਹਿਤਨਾਮਾ ਭਾਈ ਦਯਾ ਸਿੰਘ)

(੩) ਝੂਠੇ ਉਪਾਵ ਜਗਤ ਕੇ ਤਿਆਗਹੁ।
ਸ੍ਰੀ ਅਸਿਧੁਜ ਕੀ ਚਰਨੀ ਲਾਗਹੁ।
ਸ਼ਸਤ੍ਰ ਅਸਤ੍ਰ ਸਿਮਰਹੁ ਬਰ ਬੁਧਾਂ।
ਖਲ ਦਲ ਸਾਥ ਕਰਹੁ ਨਿਤ ਜੁਧਾਂ।

(ਗੁਰ ਬਿਲਾਸ)

(੪) ਧਰਮ ਬੀਰਤਾ ਜਿਸ ਨੇ ਧਾਰਾ।
ਨਿਰਭੈ ਰਹਿ ਸੰਗ੍ਰਾਮ ਮਝਾਰਾ।
ਜੀਤਯੋ ਸ਼ਤਰ ਚਹਿਤ ਚਿਤ ਮਰਯੋ।
ਮਰਤ ਜੋ ਸਤਿਨਾਮ ਉਰ ਧਰਯੋ।
ਪ੍ਰਾਪਤ ਹੋਤ ਪਰਮ ਗਤਿ ਸੋਈ।
ਜਨਮ ਜਨਮ ਕੇ ਪਾਪਨ ਖੋਇ।
ਧਰਮ ਬਡੋ ਇਹ ਆਯੁਧ ਧਾਰੀ।
ਨਹਿ ਸਕੂਨ ਦਿਖਾਇ ਪਿਛਾਰੀ।

(ਸੂ: ਪ੍ਰ: ਰਾਸ ੩੬੦)

(੫) ਆਯੁਧ ਵਿਦਿਆ ਕੋ ਅਭਯਾਸਹੁ।
ਬਨਹੁ ਬੀਰ ਅਰਿ ਸਮੁਖ ਬਿਨਾਸਹੁ।
ਜਗਤ ਪਦਾਰਥ ਸਗਲੇ ਪਾਵਹੁ।
ਭੋਗਹੁ ਆਪ ਭਿ ਅਪਰ ਭੋਗਾਵਹੁ।
ਮਰਹੁ ਯੁਧ ਮਹਿ ਸੁਰਗ ਸਿਧਾਰਹੁ।
ਸਹਿਕਾਮੀ ਸੁਖ ਸਕਲ ਬਿਹਾਰਹੁ।
ਨਿਹਕਾਮੀ ਹੋਇ ਮੁਝ ਸੋ ਮੇਲ।
ਪਰਹਿ ਨ ਜਨਮ ਮਰਨ ਕੀ ਗੇਲ।

(ਸੂ: ਪ੍ਰ: ਅਯਨ ੨-੨੩)

ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਵਿਚ ਸਿੰਘਾਂ ਦਾ ਆਚਰਣ ਦਸਦੇ ਹਨ—

ਪਯਾਰੀ ਔਰ ਵਸਤ ਨਾ ਕਾਈ।
ਇਕ ਸ਼ਸਤ੍ਰ ਇਕ ਰਹਿਤ ਲਰਾਈ।

ਦਸਮ ਪਾਤਸ਼ਾਹ ਨੇ ਇਕ ਕਮਾਲ ਇਹ ਕੀਤਾ ਹੈ ਕਿ ਅੰਮ੍ਰਿਤ ਛਕਾ ਕੇ ਚਾਰੇ ਵਰਨਾਂ ਦੇ ਆਦਮੀਆਂ ਨੂੰ ਸੂਰਬੀਰ ਬਣਾਇਆ। ਪੁਰਾਣੀ ਵੰਡ ਅਨੁਸਾਰ ਸਿਰਫ ਖੱਤ੍ਰੀ ਦਾ ਕੰਮ ਧਰਮ ਯੁੱਧ ਕਰਨਾ ਸੀ। ਰਾਜਪੂਤ ਤੇ ਖੱਤ੍ਰੀ ਲੜ ਲੜ ਕੇ ਥੱਕ ਗਏ ਸਨ। ਬਾਕੀ ਤਿੰਨ ਵਰਨ ਨਹੀਂ ਲੜਦੇ ਸਨ। ਇਸ ਤਰ੍ਹਾਂ ਕਮਜ਼ੋਰੀ ਆ ਗਈ ਸੀ। ਗੁਰੂ ਜੀ ਨੇ ਗੁਣਾਂ ਦੀਆਂ ਵੰਡੀਆਂ ਪਾ ਕੇ ਵਰਨ ਬਨਾਣ ਦੀ ਥਾਂ ਭਗਤੀ, ਸ਼ਕਤੀ, ਖੇਤੀ, ਵਪਾਰ, ਸ਼ਿਲਪ ਤੇ ਸੇਵਾਦਿਕ ਗੁਣ ਇਕ ਸਿੱਖ ਵਿਚ ਹੀ ਪੈਦਾ ਕਰ ਦਿਤੇ। ਸਾਡੇ ਦੇਸ਼ ਵਿਚ ਰਾਜਪੂਤ, ਗੋਰਖੇ, ਪਠਾਣ ਆਦਿਕ ਨਸਲ ਕਰਕੇ ਬਹਾਦਰ ਸਮਝੇ ਜਾਂਦੇ ਸਨ। ਸਿੱਖ ਅੰਮ੍ਰਿਤ ਛਕ ਕੇ ਸੂਰਬੀਰ ਬਣੇ ਹਨ। ਸਿੱਖਾਂ ਨੇ ਆਪਣੀ ਬੀਰਤਾ ਨਾਲ ਜਿਸ ਤਰ੍ਹਾਂ ਦੇਸ਼ ਦੀ ਰਖਿਆ ਕੀਤੀ ਹੈ, ਮੁਗਲ ਪਠਾਣਾਂ ਤੇ ਅਬਦਾਲੀਆਂ ਦਾ ਟਾਕਰਾ ਕੀਤਾ ਹੈ, ਇਸ ਦੀ ਗਵਾਹੀ ਇਤਿਹਾਸ ਦਿੰਦਾ ਹੈ। ਸਿੱਖਾਂ ਦੀ ਤਲਵਾਰ ਨੇ ਕੀ ਅਸਰ ਪੈਦਾ ਕੀਤਾ? ਇਸ ਨੂੰ ਇਕ ਕਵੀ ਇਉਂ ਕਥਨ ਕਰਦਾ ਹੈ—

ਭਾਰੀ ਹਲ ਚਲ ਬ੍ਰਹਿਮੰਡ ਮੇਂ ਅਖੰਡ ਹੋਤ,
ਰੁਦ੍ਰ ਕੇ ਗਲੇ ਤੇ ਮੁੰਡ ਮਾਲਕਾ ਖਸਕ ਜਾਤ।
ਧਰਾ ਧਰ ਧੂਲਿ ਧੁਨਿ ਧਰਨੀ ਧਸਕ ਜਾਤ,
ਸ਼ੇਸ ਕੇ ਸਹੰਸਰ ਫਨ ਮੁਰਕ ਮਸਕ ਜਾਤ।
ਛਿਤ ਮਾਹਿ ਸ਼ਤ੍ਰੁਨ ਛੂਹਨੀ ਛਿਨਕੇ ਛਾਹ,
ਮੇਰੁ ਕੇ ਸਿਖਰ ਪਰ ਦੇਵਤਾ ਸਸਕ ਜਾਤ।
ਏਕ ਹੂੰ ਸੁ ਖਾਲਸੇ ਕੇ ਮਯਾਨ ਸੇ ਉਛਲ ਕਰ,
ਨੈਸਕ ਨਿਸਰ ਸ਼ਮਸ਼ੇਰ ਜੁ ਲਿਸਕ ਜਾਤ।

ਦਸਮ ਪਾਤਸ਼ਾਹ ਨੇ ਸ੍ਰੀ ਵਾਹਿਗੁਰੂ ਤੋਂ ਇਹ ਵਰ ਮੰਗਿਆ—

ਦੇਹ ਸ਼ਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ ।
ਨਾ ਡਰੋਂ ਅਰਿ ਸੋਂ ਜਬ ਜਾਇ ਲਰੋਂ,
ਨਿਸਚੈ ਕਰ ਅਪਨੀ ਜੀਤ ਕਰੋਂ ।
ਅਰ ਸਿਖ ਹੋ ਅਪਨੇ ਹੀ ਮਨ ਕੌ,
ਇਹ ਲਾਲਚ ਹਉ ਗੁਣ ਤਉ ਉਚਰੋਂ ।
ਜਬ ਆਵ ਕੀ ਅਉਧ ਨਿਦਾਨ ਬਨੈ,
ਅਤਿ ਹੀ ਰਣ ਮੈ ਤਬ ਜੂਝ ਮਰੋਂ ।

ਭਾਵ—ਹੇ ਵਾਹਿਗੁਰੂ ! ਇਹ ਬਖਸ਼ਸ਼ ਕਰ ਕਿ ਸ਼ੁਭ ਕਰਮਾਂ ਤੋਂ ਕਦੀ ਨਾ ਟਲਾਂ । ਦੁਸ਼ਮਨ ਕੋਲੋਂ ਨਾ ਡਰਾਂ । ਜਦ ਜੰਗ ਵਿਖੇ ਜਾ ਕੇ ਲੜਾਂ ਤਦ ਨਿਸਚੇ ਨਾਲ ਜਿਤ ਪ੍ਰਾਪਤ ਕਰਾਂ । ਆਪਣੇ ਮਨ ਨੂੰ ਇਹੀ ਸਿਖਿਆ ਦੇਵਾਂ । ਮੇਰੀ ਕਾਮਨਾ ਹੈ ਕਿ ਮੈਂ ਤੇਰੇ ਗੁਣ ਉਚਾਰਣ ਕਰਾਂ । ਜਦ ਮੇਰੀ ਆਯੂ ਦਾ ਅੰਤ ਹੋਵੇ ਤਾਂ ਜੰਗ ਵਿਚ ਜੂਝ ਕੇ ਮਰਾਂ ।

o

੧੯.

ਸ਼ੁਭ ਗੁਣ

ਸੱਚ, ਪਰੇਮ ਤੇ ਵੈਰਾਗ

ਸੱਚ ਦਾ ਮਤਲਬ ਸਦਾ ਅਸਥਿਰ ਰਹਿਣ ਵਾਲਾ, ਜਿਸ ਦਾ ਕਦੀ ਅਭਾਵ ਨਾ ਹੋਵੇ। ਭੂਤ ਭਵਿਖਤ ਤੇ ਵਰਤਮਾਨ ਵਿਚ ਕਾਇਮ ਰਹਿਣ ਵਾਲਾ, ਇਸੇ ਲਈ ਵਾਹਿਗੁਰੂ ਨੂੰ ਸੱਤ ਕਿਹਾ ਹੈ। ਸੱਚ ਮਨੁੱਖ ਜੀਵਨ ਦੇ ਸਾਰੇ ਕੰਮ ਕਾਜ ਦਾ ਮੂਲ ਹੈ। ਜਿਸ ਤਰ੍ਹਾਂ ਆਕਰਖਣ ਸ਼ਕਤੀ ਨਾਲ ਸਾਰੀਆਂ ਚੀਜ਼ਾਂ ਆਪਣੀ ਆਪਣੀ ਥਾਂ ਖੜੀਆਂ ਹਨ, ਇਸੇ ਤਰ੍ਹਾਂ ਸਮਾਜ ਦਾ ਸਾਰਾ ਪ੍ਰਬੰਧ ਸੱਚ ਦੇ ਆਸਰੇ ਕਾਇਮ ਰਹਿ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ—

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥

(ਸਿਰੀ ਰਾਗ) (੬੨)

ਇਕ ਸੱਤ ਪ੍ਰਮਾਤਮਾ ਹੈ। ਦੂਸਰਾ ਸੱਤ, ਝੂਠ ਦੇ ਮੁਕਾਬਲੇ ਪਰ ਹੈ ਉਸ ਦੇ ਟਾਕਰੇ ਪਰ ਵੀ।

ਸਭ ਸਾਧਨ ਊਰੇ ਹਨ। ਸੱਚ ਦਾ ਆਚਾਰ ਸਭ ਤੋਂ ਉਚਾ ਹੈ। ਸੱਚ ਮਨ ਨੂੰ ਪਵਿਤ੍ਰ ਕਰਦਾ ਹੈ, ਸੱਚੇ ਜੀਵਨ ਤੋਂ ਧਰਮ ਦੀ ਪ੍ਰੀਖਿਆ ਹੁੰਦੀ ਹੈ। ਵਾਹਿਗੁਰੂ ਦਾ ਇਕ ਗੁਣ ਸੱਤ ਹੈ। ਮਨ, ਬਚਨ ਤੇ ਕਰਮ ਦੁਵਾਰਾ ਸਤ ਦੀ ਵਰਤੋਂ ਕਰਨ ਨਾਲ ਉਸ ਦੀ ਪ੍ਰਾਪਤੀ ਹੁੰਦੀ ਹੈ—

ਬੋਲਹੁ ਸਾਚੁ ਪਛਾਣਹੁ ਅੰਦਰਿ ॥

(੧੦੨੯) ਮਾਰੂ ਮ: ੧

ਸੱਚ ਬੋਲਹੁ ਤੇ ਵਾਹਿਗੁਰੂ ਦੇ ਅੰਦਰ ਦਰਸ਼ਨ ਕਰ ਲਵੋ। ਪੰਚਮ ਪਾਤਸ਼ਾਹ ਕਹਿੰਦੇ ਹਨ—

ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਹੁ ॥

(ਗਉੜੀ ਵਾਰ) (੩੨੨)

ਸੱਚ ਦਾ ਨਿਰਣਾ ਕਰਦੇ ਹੋਏ ਆਸਾ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ—

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿਕੈ ਵਿਚਿਦੇਇਕਰਤਾਬੀਉ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅਕੀ ਕਿਛੁ ਪੁੰਨੁ ਦਾਨੁ ਕਰੇਇ ॥
ਸਚ ਤਾ ਪਰੁ ਜਾਣੀਐ ਜਾ ਆਤਮਤੀਰਥਿ ਕਰੇ ਨਿਵਾਸੁ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕ ਵਖਾਣੈ ਬੇਨਤੀ ਜਿਨਸਚੁ ਪਲੈ ਹੋਇ ॥੨॥ (੪੬੮)

ਸਿੱਖ ਧਰਮ ਵਿਚ ਸੱਚ ਮੁਕਤੀ ਦੇਣ ਵਾਲਾ ਹੈ। ਸਾਰੇ ਸਾਧਨਾਂ ਤੋਂ ਉੱਚੀ ਚੀਜ਼ ਹੈ, ਪਾਪਾਂ ਦੀ ਮੈਲ ਨੂੰ ਕਟਦਾ ਹੈ, ਭਾਈ ਗੁਰਦਾਸ ਜੀ ਲਿਖਦੇ ਹਨ—

ਜਪ ਤਪ ਸੰਜਮ ਲਖ ਲਖ ਹੋਮ ਜਗ ਨਈਵੇਦ ਕਰੋੜੀ ।
ਵਰਤ ਨੇਮ ਸੰਜਮ ਘਣੇ ਕਰਮ ਧਰਮ ਲਖ ਤੰਦੁ ਮਰੋੜੀ ।

ਤੀਰਥ ਪੁਰਬ ਸੰਜੋਗ ਲਖ ਪੁੰਨ ਦਾਨੁ ਉਪਕਾਰ ਨ ਓੜੀ।
ਦੇਵੀ ਦੇਵ ਸਰੇਵਣੇ ਵਰ ਸਾਰਪ ਲਖ ਜੋੜ ਵਿਛੋੜੀ।
ਦਰਸਨ ਵਰਨ ਅਵਰਨ ਲਖ ਪੂਜਾ ਅਰਚਾ ਬੰਧਨ ਤੋੜੀ।
ਲੋਕ ਵੇਦ ਗੁਣ ਗਿਆਨ ਲਖ ਜੋਗ ਭੋਗ ਲਖ ਝਾੜਿ ਪਛੋੜੀ।
ਸਚੁ ਓਰੈ ਸਭ ਕਿਹੁ ਲਖ ਸਿਆਣਪ ਸਭਾ ਥੋੜੀ।
ਉਪਰਿ ਸਚੁ ਅਚਾਰੁ ਚਮੋੜੀ ॥ ੧੯ ॥ (ਵਾਰ ੧੮-੧੯)

ਕਈ ਆਦਮੀ ਕਹਿੰਦੇ ਹਨ ਕਿ ਸੱਚ ਇਸ ਲਈ ਬੋਲਣਾ ਚਾਹੀਦਾ ਹੈ ਕਿ ਦੁਨੀਆਵੀ ਕਾਰ ਵਿਹਾਰ ਵਿਚ ਲਾਭ ਹੁੰਦਾ ਹੈ, ਲੋਕੀਂ ਇਤਬਾਰ ਕਰਦੇ ਹਨ। ਜੇ ਕੇਵਲ ਲਾਭ ਲਈ ਹੀ ਸੱਚ ਬੋਲਨਾ ਹੈ ਤਾਂ ਜਦ ਆਦਮੀ ਨੂੰ ਨੁਕਸਾਨ ਹੋਵੇਗਾ ਉਹ ਝੂਠ ਬੋਲੇਗਾ। ਸਵਾਰਥ ਲਈ ਲੋਕੀਂ ਝੂਠ ਵੀ ਬੋਲਦੇ ਹਨ। ਹਾਨੀ ਅਤੇ ਲਾਭ ਤੋਂ ਉਚੇ ਹੋਕੇ ਮਨ ਦੀ ਪਵਿਤ੍ਰਤਾ ਤੇ ਆਚਰਣ ਦੀ ਸ਼ੁਧੀ ਲਈ ਸੱਚ ਬੋਲਣਾ ਚਾਹੀਦਾ ਹੈ। ਸੱਚ ਬੋਲਣ ਨਾਲ ਕਈ ਵੇਰ ਕਸ਼ਟ ਵੀ ਉਠਾਣਾ ਪੈਂਦਾ ਹੈ, ਪਰ ਉਹ ਆਤਮਾ ਨੂੰ ਬਲਵਾਨ ਕਰਦਾ ਹੈ। ਆਦਮੀ ਨਿਡਰ ਹੋ ਜਾਂਦਾ ਹੈ। ਸੱਚ ਆਤਮਾ ਨੂੰ ਬਲਵਾਨ ਕਰਦਾ ਹੈ ਤੇ ਝੂਠ ਮਨ ਨੂੰ ਕਮਜ਼ੋਰ ਕਰਦਾ ਹੈ। ਝੂਠ ਕੀ ਹੈ? ਕਿਸੇ ਗੱਲ ਨੂੰ ਇਸ ਢੰਗ ਨਾਲ ਪੇਸ਼ ਕਰਨਾ, ਜਿਸ ਨਾਲ ਦੂਸਰੇ ਦੇ ਮਨ ਤੇ ਉਸ ਗੱਲ ਜਾਂ ਘਟਨਾ ਬਾਰੇ ਗਲਤ ਚਿਤ੍ਰ ਅੰਕਤ ਹੋ ਜਾਵੇ, ਝੂਠ ਕਿਹਾ ਜਾਂਦਾ ਹੈ। ਝੂਠ ਦਾ ਮਕਸਦ ਸਦਾ ਆਪਣੇ ਆਪ ਨੂੰ ਫਾਇਦਾ ਪਹੁੰਚਾਣਾ ਅਤੇ ਦੂਸਰੇ ਦਾ ਨੁਕਸਾਨ ਕਰਨਾ ਹੁੰਦਾ ਹੈ। ਕਈ ਵੇਰ ਦੂਸਰੇ ਦੀ ਭਲਾਈ ਲਈ ਵੀ ਕਈ ਆਦਮੀ ਝੂਠ ਬੋਲਦੇ ਹਨ, ਪਰ ਵਧੇਰੇ ਨਿਜ ਸਵਾਰਥ ਲਈ ਝੂਠ ਬੋਲਿਆ ਜਾਂਦਾ ਹੈ। ਵਰਤਮਾਨ ਸਮੇਂ ਵਿਚ ਝੂਠ ਵਧੇਰੇ ਇਸ ਲਈ ਵੀ ਬੋਲਿਆ ਜਾਣ ਲਗ ਪਿਆ ਹੈ ਕਿ ਪਾਪ ਪੁੰਨ ਸਬੰਧੀ ਮਨੁੱਖ ਦਾ ਜੋ ਧਾਰਮਿਕ ਨਿਸਚਾ ਸੀ, ਉਹ ਬਦਲਦਾ ਜਾ ਰਿਹਾ ਹੈ।

ਰਾਜਨੀਤੀ, ਕਾਰੋਬਾਰ ਤੇ ਜੰਗ ਆਦਿ ਦੇ ਸਮੇਂ ਲੋਕਾਂ ਨੂੰ ਭੁਲਾਨ ਲਈ ਵਧ ਤੋਂ ਵਧ ਝੂਠਾ ਪ੍ਰਾਪੇਗੰਡਾ ਕੀਤਾ ਜਾਂਦਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਠੀਕ ਕਿਹਾ ਹੈ—

ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ । (੪੭੦)

ਇਹ ਨਿਸਚਾ ਰਖਣਾ ਚਾਹੀਦਾ ਹੈ ਕਿ ਝੂਠ ਦੇ ਕਦੀ ਪੈਰ ਨਹੀਂ ਹੁੰਦੇ । ਗੁਰਵਾਕ ਹੈ—

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥

ਭਾਈ ਗੁਰਦਾਸ ਜੀ ਸੱਚ ਅਤੇ ਕੂੜ ਦਾ ਟਾਕਰਾ ਕਰਦੇ ਹੋਏ ਲਿਖਦੇ ਹਨ—

ਸਚ ਸਪੂਰਨ ਨਿਰਮਲਾ ਤਿਸੁ ਵਿਚਿ ਕੂੜੁ ਨ ਰਲਦਾ ਰਾਈ ।
ਅਖੀ ਕਤੁ ਨ ਸੰਜਰੈ ਤਿਨੁ ਅਉਖਾ ਦੁਖਿ ਰੈਣਿ ਵਿਹਾਈ ।
ਭੋਜਨ ਅੰਦਰਿ ਮਖਿ ਜਿਉ ਹੋਇ ਦੁਕਾਧਾ ਫੇਰਿ ਕਢਾਈ ।
ਰੂਈ ਅੰਦਰਿ ਚਿਣਗ ਵਾਗ ਦਾਹਿ ਭਸਮੰਤੁ ਕਰੇ ਦੁਖਦਾਈ ।
ਕਾਂਜੀ ਦੁਧੁ ਕੁਸੁਧ ਹੋਇ ਫਿਟੈ ਸਾਦਹੁ ਵੰਨਹੁ ਜਾਈ ।
ਮਹੁਰਾ ਚੁਖਕੁ ਚਖਿਆ ਪਾਤਿਸਾਹਾ ਮਾਰੈ ਸਹਸਾਈ ।
ਸਚਿ ਅੰਦਰਿ ਕਿਉ ਕੂੜੁ ਸਮਾਈ । (ਵਾਰ ੩੦-੧੭)

ਦਸਮ ਪਾਤਸ਼ਾਹ ਨੇ ਸਿੱਖਾਂ ਨੂੰ ਉਪਦੇਸ਼ ਕੀਤਾ—

ਸੁਨੈ ਨ ਝੂਠ ਨ ਮੁਖ ਤੇ ਕਹੈ ।
ਸੰਗ ਝੂਠ ਕੇ ਪ੍ਰੀਤਿ ਨ ਗਹੈ ।
ਸਤਿਸੰਗੀ ਹੋਇ ਸਾਚ ਕਮਾਵੈ ।
ਸੰਗ ਸਾਚ ਕੇ ਪ੍ਰੀਤਿ ਵਧਾਵੈ ।
ਸਚਉਰ ਧਰਹਿ ਮਰਯਾਦਾ ਸਾਚੀ ।
ਛਲ ਬਿਨ ਹੋਵੈ ਸਾਚਉ ਬਾਚੀ ।

ਸਚ ਕੋ ਸੰਗ ਜੀਵਕਾ ਜੋਈ।
ਤਿਸ ਕੋ ਕਰੇ ਦੰਭ ਬਿਨ ਹੋਈ। (ਰੁਤ ੩-੫੦)

ਸੱਚ ਬੋਲਣ ਦਾ ਲਾਭ ਇਹ ਹੈ ਕਿ ਸਾਨੂੰ ਇਹ ਨਹੀਂ ਸੋਚਣਾ ਪੈਂਦਾ ਕਿ ਅਸੀਂ ਕੀ ਕਿਹਾ ਹੈ ਤੇ ਹੁਣ ਕੀ ਕਹਿਣਾ ਹੈ। ਇਕ ਝੂਠ ਤੇ ਪਰਦਾ ਪਾਉਣ ਲਈ ਸੌ ਝੂਠ ਬੋਲਣੇ ਪੈਂਦੇ ਹਨ।

ਪ੍ਰੇਮ—

ਪਰੇਮ ਲਗਾਉ ਦਾ ਇਕ ਜਜ਼ਬਾ ਹੈ, ਜਿਸ ਦੇ ਤਿੰਨ ਰੂਪ ਹਨ— ਆਪਣੇ ਤੋਂ ਛੋਟਿਆਂ ਨਾਲ ਕੀਤਾ ਜਾਵੇ ਤਾਂ 'ਸਨੇਹ'। ਵਾਹਿਗੁਰੂ ਤੇ ਗੁਰੂ ਨਾਲ ਕੀਤਾ ਹੋਇਆ 'ਪਰੇਮ' ਸਿਮਰਨ ਤੋਂ ਬਿਨਾ ਸੰਸਾਰਕ ਵਸਤਾਂ ਨਾਲ ਕੀਤਾ ਹੋਇਆ 'ਮੋਹ' ਕਹਿਲਾਂਦਾ ਹੈ। ਇਸੇ ਨੂੰ 'ਇਸ਼ਕ' ਵੀ ਕਹਿੰਦੇ ਹਨ। ਪਰੇਮ ਦੋ ਰੂਹਾਂ ਦੇ ਵਿਚਕਾਰ ਖਿੱਚ ਦਾ ਨਾਂ ਹੈ, ਜੋ ਸਰੀਰ ਦੇ ਨਾਸ ਹੋਣ ਨਾਲ ਨਾਸ ਨਹੀਂ ਹੁੰਦਾ ਅਤੇ ਮੌਤ ਤੇ ਫਤੇਹ ਪਾਉਂਦਾ ਹੈ। ਹਿੰਦੀ ਦੇ ਇਕ ਕਵੀ ਨੇ ਪਰੇਮ ਦੇ ਇਹ ਲਛਣ ਬਿਆਨ ਕੀਤੇ ਹਨ—

ਇਕ ਅੰਗੀ ਬਿਨ ਕਾਰਨਹਿ ਇਕ ਰਸ ਸਦਾ ਸਮਾਨ।
ਗਨਹਿ ਪ੍ਰਿਅ ਸਰਵਸ ਜੋ ਸੋਈ ਪਰੇਮ ਪ੍ਰਮਾਨ।

ਫ਼ਾਰਸੀ ਦੇ ਇਕ ਸ਼ਾਇਰ ਨੇ ਕਿਹਾ ਹੈ—

ਇਸ਼ਕ ਚੀਸਤ ਬਗੋ ? ਬੰਦਾਏ ਜਾਨਾਂ ਬੂਦਨ।
ਦਿਲ ਬਦਸਤ ਦੀਗਰ ਦਾਦਨ ਵ ਹੈਰਾਂ ਬੂਨਦ।

ਭਾਵ—ਪ੍ਰੇਮ ਕੀ ਹੈ ? ਦਿਲ ਕਿਸੇ ਨੂੰ ਦੇ ਕੇ ਉਸ ਦਾ ਬੰਦਾ ਹੋਣਾ ਅਤੇ ਹੈਰਾਨ ਹੋ ਜਾਣਾ।

ਪ੍ਰੇਮ ਦੇ ਇਕ ਲਛਣ ਇਹ ਵੀ ਕੀਤੇ ਗਏ ਹਨ—ਕਿਸੇ ਵਸਤ ਦੇ ਦੋ ਹਿਸਿਆਂ ਦੇ ਮਿਲਾਪ ਦੀ ਖ਼ਾਹਿਸ਼ ਦਾ ਨਾਂ ਪਰੇਮ ਹੈ। ਪਰੇਮ ਉਹ ਹੈ, ਜਿਸ ਦੇ ਬਦਲੇ ਸੰਸਾਰ ਦੀ ਕਿਸੇ ਵਸਤੂ ਦੀ ਇਛਾ ਨਾ ਕੀਤੀ ਜਾਵੇ।

ਪ੍ਰੇਮ ਇਕ ਉਹ ਸ਼ਕਤੀ ਹੈ ਜੋ ਈਸ਼ਵਰ ਭਗਤੀ, ਮਜ਼੍ਹਬ, ਕੌਮੀਅਤ ਤੇ ਸਾਰੀ ਮਨੁੱਖ ਜਾਤੀ ਨਾਲ ਸਾਨੂੰ ਜੋੜਦੀ ਹੈ। 'ਨਫ਼ਰਤ

ਕਰਨਾ ਸ਼ੈਤਾਨ ਦਾ ਕੰਮ, ਮੁਆਫ਼ ਕਰ ਦੇਣਾ ਮਨੁੱਖਾਂ ਦਾ ਅਤੇ ਪਰੇਮ ਕਰਨਾ ਦੇਵਤਿਆਂ ਦਾ ਹੈ।' *ਪਰੇਮ ਦੁਨੀਆਂ ਦੀ ਸਭ ਤੋਂ ਵੱਡੀ ਚੀਜ਼ ਹੈ।() ਕਈ ਸਿਆਣੇ ਕਹਿੰਦੇ ਹਨ ਪਰੇਮ ਹੀ ਪ੍ਰਭੂ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਰੇਮ ਨੂੰ ਵਾਹਿਗੁਰੂ ਦਾ ਇਕ ਗੁਣ ਅਤੇ ਉਸ ਦੀ ਪ੍ਰਾਪਤੀ ਦਾ ਸਾਧਨ ਦਸਿਆ ਹੈ—

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨਹੀ ਪ੍ਰਭੁ ਪਾਇਓ।

ਗੁਰੂ ਦਾ ਪਰੇਮ—

ਸਿੱਖ ਧਰਮ ਵਿਚ ਗੁਰੂ, ਵਾਹਿਗੁਰੂ, ਸਾਧ ਸੰਗਤ, ਸ਼ੁਭ ਗੁਣਾਂ ਅਤੇ ਮਨੁੱਖ ਮਾਤਰ ਨਾਲ ਪਰੇਮ ਕਰਨਾ ਦਸਿਆ ਗਿਆ ਹੈ। ਗੁਰੂ ਨਾਲ ਪਰੇਮ ਇਸ ਲਈ ਕੀਤਾ ਜਾਂਦਾ ਹੈ ਕਿ ਉਹ ਵਾਹਿਗੁਰੂ ਨਾਲ ਜੋੜਦਾ ਹੈ। ਵਾਹਿਗੁਰੂ ਦੀ ਪਰੇਮ ਭਗਤੀ ਆਤਮਿਕ ਸ਼ਾਂਤੀ ਦਿੰਦੀ ਹੈ। ਸਾਧ-ਸੰਗਤ ਦਾ ਪਰੇਮ ਸ਼ੁਭ ਗੁਣ ਪੈਦਾ ਕਰਦਾ ਹੈ। ਪ੍ਰਾਣੀ ਮਾਤਰ ਨਾਲ ਪ੍ਰੇਮ ਕਰਨਾ ਵਾਹਿਗੁਰੂ ਨਾਲ ਪਰੇਮ ਕਰਨਾ ਹੈ। ਇਥੇ ਅਸੀਂ ਪਰੇਮ ਦੀ ਥੋੜੀ ਜਿਹੀ ਵਿਆਖਿਆ ਕਰਦੇ ਹਾਂ।

ਸੰਸਾਰ ਵਿਚ ਬਹੁਤ ਸਾਰਾ ਪਿਆਰ ਇਕ ਅੰਗੀ ਹੁੰਦਾ ਹੈ। ਸਿੱਖ ਅਤੇ ਗੁਰੂ ਦਾ ਪਰੇਮ ਸਰਬੰਗੀ ਹੈ। ਪਰ ਸਿੱਖ ਗੁਰੂ ਵਿਚ ਲੀਨ ਹੁੰਦਾ ਹੈ, ਗੁਰੂ ਸਿੱਖ ਨੂੰ ਆਪਣਾ ਰੂਪ ਕਰ ਲੈਂਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ—

ਦੀਪਕ ਪੈ ਆਵਤ ਪਤੰਗ ਪ੍ਰੀਤ ਰੀਤ ਲਗ,
ਦੀਪ ਕਰ ਮਹਾਂ ਬਿਪਰੀਤ ਮਿਲੇ ਜਾਰ ਹੈ।
ਅਲਿ ਚਲ ਆਵਤ ਕਮਲ ਪੈ ਸਨੇਹ ਕਰ,
ਕਮਲ ਸੰਪਟ ਬਾਂਧਿ ਪ੍ਰਾਨ ਪਰਹਾਰ ਹੈ।
ਮਨ ਬਚ ਕ੍ਰਮ ਜਲ ਮੀਨ ਲਿਵਲੀਨ ਗਤਿ,
ਬਿਛਰਤਿ ਰਾਖ ਨ ਸਕਤ ਗਹਿ ਡਾਰ ਹੈ।

---

*ਭਰਥਰੀ। ()ਹੈਨਰੀ ਡਾਇਮੰਡ।

ਦੁਖਦਾਈ ਪ੍ਰੀਤ ਕੈ ਪ੍ਰਤੀਤਿ ਕੈ ਮਰੈ ਨ ਟਰੈ,
ਗੁਰਸਿਖ ਸੁਖਦਾਈ ਪ੍ਰੀਤਿ ਕਯੋਂ ਬਿਸਾਰ ਹੈ।
(੩੧੮)

ਭਾਵ—ਪਰੇਮ ਕਰਕੇ ਪਤੰਗਾ ਦੀਵੇ ਤੇ ਆਉਂਦਾ ਹੈ, ਦੀਵਾ ਉਸ ਨੂੰ ਸਾੜ ਦਿੰਦਾ ਹੈ। ਭਉਰਾ ਸਨੇਹ ਕਰਕੇ ਕੇਵਲ ਫੂਲ ਪਾਸ ਆਉਂਦਾ ਹੈ, ਪਰ ਫੁਲ ਸ਼ਾਮ ਨੂੰ ਸੁੰਗੜ ਕੇ ਉਸ ਨੂੰ ਮਾਰ ਦਿੰਦਾ ਹੈ। ਮੱਛੀ ਪਾਣੀ ਲਈ ਜਾਨ ਦਿੰਦੀ ਹੈ, ਪਰ ਪਾਣੀ ਉਸ ਨੂੰ ਮਾਛੀ ਦੇ ਪਕੜਨ ਤੋਂ ਨਹੀਂ ਰੋਕ ਸਕਦਾ। ਇਹ ਇਕ ਅੰਗੀ ਤੇ ਦੁਖਦਾਈ ਪ੍ਰੀਤ ਹੈ। ਸਿੱਖ ਅਤੇ ਗੁਰੂ ਦੀ ਪ੍ਰੀਤ ਦੋਹਾਂ ਪਾਸਿਆਂ ਤੋਂ ਇਕੋ ਜਿਹੀ ਅਤੇ ਸੁਖਦਾਈ ਹੈ। ਇਕ ਹੋਰ ਕਬਿੱਤ ਵਿਚ ਭਾਈ ਸਾਹਿਬ ਜੀ ਦਸਦੇ ਹਨ—

ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,
ਸਤਿਗੁਰੁ ਕੋਟਿ ਪੈਂਡਾ ਆਗੈ ਹੋਇ ਲੇਤ ਹੈ।
ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,
ਸਿਮਰਨ ਤਾਹਿ ਬਾਰੰਬਾਰ ਗੁਰ ਹੇਤ ਹੈ।
ਭਾਵਨੀ ਭਗਤਿ ਭਾਇ ਕੌਡੀ ਅਗ੍ਰ ਭਾਗ ਰਾਖੈ,
ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ।
ਸਤਿਗੁਰ ਦਯਾ ਨਿਧਿ ਮਹਿਮਾ ਅਗਾਧ ਬੋਧ,
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ।
(੧੧੧)

ਗੁਰੂ ਦਾ ਪਰੇਮ ਸਾਰਿਆਂ ਨਾਲੋਂ ਉੱਚਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ—

ਪਿਊ ਦੇ ਨਾਹ ਪਿਆਰ ਤੁਲ ਨ ਫੁਫੀ ਨ ਪਿਤੀਏ ਤਾਏ।
ਮਾਊ ਹੇਤ ਨ ਪੁਜਨੀ ਹੇਤ ਨ ਮਾਮੇ ਮਾਸੀ ਜਾਏ।
ਅੰਬਾਂ ਸੱਧਰ ਨ ਲਹੈ ਆਣ ਅੰਬਾਕੜੀਆਂ ਜੇ ਖਾਏ।
ਮੂਲੀ ਪਾਨ ਪਟੰਤਰਾ ਵਾਸ ਡਕਾਰ ਪਰਗਟੀ ਆਏ।

ਸੂਰਜ ਚੰਦ ਨ ਪੁਜਨੀ ਦੀਵੇ ਲੱਖ ਤਾਰੇ ਚਮਕਾਏ।
ਰੰਗ ਮਜੀਠ ਕਸੁੰਭ ਦਾ ਸਦਾ ਸਥੋਈ ਵੇਸ ਵਟਾਏ।
ਸਤਿਗੁਰ ਤੁਲ ਨ ਮੇਹਰਵਾਨ ਮਾਤਾ ਪਿਤਾ ਨ ਦੇਵ ਸਬਾਏ।
ਡਿਠੇ ਸਭੇ ਠੋਕ ਵਜਾਏ।

ਜਿਸ ਤਰ੍ਹਾਂ ਵਾਯੂ ਮੰਡਲ ਵਿਚ ਈਥਰ ਦੀਆਂ ਲਹਿਰਾਂ ਚਲਦੀਆਂ ਹਨ, ਇਸੇ ਤਰ੍ਹਾਂ ਪਰੇਮ ਦੀ ਅਣਡਿਠ ਤਾਰ ਦਿਲਾਂ ਵਿਚਕਾਰ ਚਲਦੀ ਹੈ। ਜਦ ਬੇਬੇ ਨਾਨਕੀ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕਰਦੇ ਮਹਾਰਾਜ ਬੜੇ ਦੂਰ ਦੁਰਾਡੇ ਦੇਸ਼ਾਂ ਦੇਸ਼ਾਤਰਾਂ ਵਿਚੋਂ ਚਲ ਕੇ ਸੁਲਤਾਨ ਪੁਰ ਪੁਜਦੇ ਸਨ। ਕਸ਼ਮੀਰ ਵਿਚ ਮਾਈ ਭਾਗ ਭਰੀ ਤੇ ਉਸ ਦੇ ਪੁਤਰ ਸਾਂਈ ਦਾਸ ਨੇ ਛੇਵੇਂ ਸਤਿਗੁਰਾਂ ਨੂੰ ਯਾਦ ਕੀਤਾ। ਆਪ ਸ੍ਰੀ ਨਗਰ ਪਹੁੰਚੇ ਅਤੇ ਮਾਈ ਭਾਗ ਭਰੀ ਨੂੰ ਕਿਹਾ—'ਮਾਤਾ ਜੀ! ਸਾਡੇ ਲਈ ਜੋ ਖੱਦਰ ਦਾ ਰੇਜਾ ਕੱਤ ਕੇ ਪੁਸ਼ਾਕ ਬਣਾ ਕੇ, ਰਖੀ ਜੇ, ਉਹ ਦਿਓ। ਅਸੀਂ ਪਹਿਨੀਏ। ਸਤਿਗੁਰੂ ਜੀ ਮਾਲਵੇ ਵਿਚ ਨਗਰ ਡਰੋਲੀ ਵਿਖੇ ਠਹਿਰੇ ਹੋਏ ਸਨ, ਗਰਮੀ ਦੀ ਰੁਤ ਸੀ। ਦੋ ਸਿਖ ਪਿਉ ਪੁੱਤਰ ਭਾਈ ਸਾਧੂ ਤੇ ਰੂਪਾ ਖੇਤ ਵਿਚ ਕੰਮ ਕਰ ਰਹੇ ਸਨ। ਉਹਨਾਂ ਨੂੰ ਪਿਆਸ ਲਗੀ, ਝਜਰ ਵਿਚੋਂ ਪਾਣੀ ਪੀਣ ਲਗੇ ਤਾਂ ਪਾਣੀ ਬਹੁਤ ਠੰਡਾ ਸੀ। ਪਰੇਮ ਵਿਚ ਆ ਕੇ ਦੋਹਾਂ ਨੇ ਅਰਦਾਸ ਕੀਤੀ—'ਸਚੇ ਪਾਤਸ਼ਾਹ! ਕਿਹਾ ਚੰਗਾ ਹੋਵੇ ਜੇ ਆਪ ਆ ਕੇ ਇਹ ਜਲ ਛਕੋ'। ਇਸ ਪਰੇਮ ਭਰੀ ਯਾਦ ਦੇ ਕਾਰਨ ਗੁਰਦੇਵ ਕੜਕਦੀ ਦੁਪਹਿਰ ਸਮੇਂ ਘੋੜੇ ਤੇ ਸਵਾਰ ਹੋ ਕੇ ਉਸ ਖੇਤ ਵਿਚ ਪੁਜੇ। ਆਪ ਨੇ ਭਾਈ ਸਾਧੂ ਤੇ ਰੂਪੇ ਦਾ ਜਲ ਛਕਿਆ। ਉਸ ਵਕਤ ਦੋ ਪਾਸੀਂ ਪਰੇਮ ਦੀ ਗੰਗਾ ਉਮੰਡ ਰਹੀ ਸੀ। ਇਕ ਫਕੀਰ ਨੇ ਕਿਹਾ ਹੈ—

ਕਢ ਕਲੇਜਾ ਕਰਨੀ ਹਾਂ ਬੇਰੇ,
ਇਹ ਭੀ ਨਾਹੀ ਲਾਇਕ ਤੇਰੇ।

ਹੋਰ ਤੌਫੀਕ ਨਹੀਂ ਕੁਝ ਮੇਰੇ,
ਇਹੋ ਕਟੋਰਾ ਪਾਣੀ ਦਾ।
ਸਜਣਾਂ ਦੀ ਮਹਿਮਾਨੀ ਖਾਤਰ,
ਲਹੂ ਜਿਗਰ ਦਾ ਛਾਣੀ ਦਾ।

ਪਰੇਮ ਕਰਕੇ ਇਕ ਗਰੀਬ ਘਾਹੀਆ ਛੇਵੇਂ ਗੁਰੂ ਸਾਹਿਬ ਦੇ ਘੋੜਿਆਂ ਲਈ ਘਾਹ ਖੋਤਰ ਕੇ ਲਿਆਇਆ। ਉਸ ਨੇ ਇਕ ਟਕਾ ਤੇ ਘਾਹ ਦੀ ਪੰਡ ਸਤਿਗੁਰੂ ਅੱਗੇ ਰਖੀ। ਮਹਾਰਾਜ ਨੇ ਉਸ ਨੂੰ ਛਾਤੀ ਨਾਲ ਲਾਇਆ। ਘਾਹੀਏ ਸਿੱਖ ਨੇ ਕਿਹਾ—'ਗਰੀਬ ਨਿਵਾਜ ! ਮੇਰਾ ਸਰੀਰ ਮੈਲਾ, ਕਪੜੇ ਮੈਲੇ, ਆਪ ਦੇ ਬਸਤਰ ਸਵੱਛ ਅਤੇ ਪਵਿੱਤਰ, ਮੇਰੇ ਤੇ ਇਤਨੀ ਕਿਰਪਾ ?' ਗੁਰੂ ਜੀ ਨੇ ਉੱਤਰ ਦਿਤਾ—'ਤੇਰੇ ਵਰਗੇ ਪ੍ਰੇਮੀ ਸਿੱਖਾਂ ਦੇ ਪ੍ਰੇਮ ਅਤੇ ਸਿਦਕ ਅਗੇ ਸਭ ਕੁਝ ਹੇਚ ਹੈ। ਅਸੀਂ ਪਰੇਮ ਦੇ ਹੀ ਬਧੇ ਹੋਏ ਹਾਂ।'

ਸਤਵੇਂ ਪਾਤਸ਼ਾਹ ਦੇ ਸਮੇਂ ਕੀਰਤਪੁਰ ਵਿਚ ਇਕ ਗਰੀਬ ਬੁੱਢੀ ਮਾਈ ਰਹਿੰਦੀ ਸੀ। ਉਹ ਰੋਜ਼ ਦਿਲ ਵਿਚ ਕਹਿੰਦੀ—'ਸਤਿਗੁਰੂ ਮੇਰੇ ਘਰ ਚਰਨ ਪਾਉਣ ਤੇ ਗਰੀਬਣੀ ਦਾ ਪ੍ਰਸ਼ਾਦ ਛਕਣ।' ਇਕ ਦਿਨ ਉਹ ਮਾਈ ਪ੍ਰਸ਼ਾਦ ਪਕਾ ਕੇ ਯਾਦ ਕਰ ਰਹੀ ਸੀ ਕਿ ਸ੍ਰੀ ਗੁਰੂ ਹਰਿਰਾਇ ਸਾਹਿਬ ਘੋੜੇ ਤੇ ਸਵਾਰ ਹੋ ਕੇ ਮਾਈ ਦੇ ਘਰ ਆ ਗਏ। ਹਜ਼ੂਰ ਨੇ ਬਚਨ ਕੀਤਾ—'ਮਾਤਾ ਜੀ, ਸਾਡੇ ਲਈ ਜੋ ਪ੍ਰਸ਼ਾਦ ਤਿਆਰ ਕੀਤਾ ਜੇ, ਉਹ ਸਾਨੂੰ ਛਕਾਉ।' ਮਾਈ ਨੇ ਪਰੇਮ ਭਰੇ ਕੰਬਦੇ ਹੱਥਾਂ ਨਾਲ ਪ੍ਰਸ਼ਾਦ ਭੇਟ ਕੀਤਾ। ਮਹਾਰਾਜ ਨੇ ਘੋੜੇ ਤੇ ਹੀ ਛਕਣਾ ਸ਼ੁਰੂ ਕਰ ਦਿਤਾ। ਸਿੱਖਾਂ ਨੇ ਕਿਹਾ—'ਸਚੇ ਪਾਤਸ਼ਾਹ ! ਆਪ ਮਰਯਾਦਾ ਪੁਰਸ਼ੋਤਮ ਹੋ, ਆਪ ਨੂੰ ਪ੍ਰਸ਼ਾਦ ਇਕ ਥਾਵੇਂ ਬੈਠ ਕੇ ਬੜੇ ਆਰਾਮ ਤੇ ਪ੍ਰਸੰਨਤਾ ਨਾਲ ਛਕਣਾ ਚਾਹੀਦਾ ਸੀ ?' ਗੁਰੂ ਜੀ ਨੇ ਉੱਤਰ ਦਿਤਾ, 'ਇਹ ਪਰੇਮ ਨਾਲ ਤਿਆਰ ਕੀਤਾ ਹੋਇਆ ਪ੍ਰਸ਼ਾਦ ਇਸੇ ਤਰ੍ਹਾਂ ਹੀ ਛਕਣਾ ਚਾਹੀਦਾ ਹੈ। ਪ੍ਰੇਮ ਅਗੇ ਕੋਈ ਨੇਮ ਨਹੀਂ ਹੁੰਦਾ।'

ਹਿੰਦੀ ਦੇ ਇਕ ਕਵੀ ਨੇ ਕਿਹਾ ਹੈ—

ਜਹਾਂ ਪਰੇਮ ਤਹਿ ਨੇਮ ਨਹਿ ਤਹਾਂ ਨ ਬੁਧਿ ਬਿਉਹਾਰ।
ਪਰੇਮ ਮਗਨ ਜਬ ਮਨ ਭਇਆ ਕੌਨ ਗਨੇ ਥਿਤ ਵਾਰ।

ਇਕ ਵੇਰ ਸ੍ਰੀ ਕ੍ਰਿਸ਼ਨ ਜੀ ਹਸਤਨਾ ਪੁਰ ਵਿਚ ਆਏ। ਦੁਰਜੋਧਨ ਦੇ ਰਾਜ ਮਹਿਲਾਂ ਵਿਚ ਜਾਣ ਦੀ ਥਾਂ ਰਾਤ ਬਿਦਰ ਦੀ ਕੁਟੀਆ ਵਿਚ ਰਹੇ। ਇਸ ਪਰ ਦੁਰਜੋਧਨ ਨੇ ਗੁਸਾ ਕੀਤਾ। ਭਾਈ ਗੁਰਦਾਸ ਜੀ ਲਿਖਦੇ ਹਨ—

ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।
ਘਰਿ ਅਸਾਡੇ ਛਡਿਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।
ਭੀਖਮੁ ਦੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।
ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰਿ ਧੁਖਾ।
ਹਸਿ ਬੋਲੇ ਭਗਵਾਨ ਜੀ ਸੁਣਿਹੋ ਰਾਜਾ ਹੁਇ ਸਨਮੁਖਾ।
ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ।
ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ।
ਗੋਬਿੰਦ ਭਾਉ ਭਗਤਿ ਦਾ ਭੁਖਾ। (ਵਾਰ ੧੦-੭)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਨ ਤੇ ਮੂਸਨ ਨੂੰ ਸੰਬੋਧਨ ਕਰਕੇ ਚਉਬੋਲੇ ਲਿਖੇ ਹਨ। ਸੰਮਨ ਤੇ ਮੂਸਨ ਸਤਿਗੁਰੂ ਅਤੇ ਸੰਗਤ ਨੂੰ ਪ੍ਰਸ਼ਾਦ ਛਕਾਉਣ ਲਈ ਪਰੇਮ ਵਿਚ ਆ ਕੇ ਜਾਨ ਦੀ ਬਾਜੀ ਲਾਈ ਸੀ। ਮਹਾਰਾਜ ਕਹਿੰਦੇ ਹਨ—

ਸੰਮਨ ਜਉ ਇਸ ਪਰੇਮ ਕੀ ਦਮ ਕਿਹੁ ਹੋਤੀ ਸਾਟ॥
ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ॥
(੧੩੬੩)

ਭਾਵ ਹੇ ਸੰਮਨ! ਜੇ ਕਰ ਪਰੇਮ ਦਾ ਵਟਾਂਦਰਾ ਪੈਸਿਆਂ ਨਾਲ ਹੋ ਸਕਦਾ ਤਾਂ ਰਾਵਣ ਕੰਗਾਲ ਤੇ ਨਹੀਂ ਸੀ, ਉਸ ਨੇ ਸਿਰ ਕਟ ਕੇ ਸ਼ਿਵ ਦੇ ਅਗੇ ਰਖਿਆ ਸੀ। ਪਰੇਮ ਦੀ ਦਾਤ ਪੈਸਿਆਂ ਨਾਲ ਨਹੀਂ ਮਿਲਦੀ।

ਇਹ ਇਕ ਲਗਨ ਹੈ। ਇਸ ਵਿਚ ਲਗਾ ਹੋਇਆ ਆਦਮੀ ਸੰਸਾਰਕ ਔਕੜਾਂ ਨੂੰ ਕੁਝ ਨਹੀਂ ਸਮਝਦਾ—

ਸਾਗਰ ਮੇਰ ਉਦਿਆਨ ਬਨ ਨਵਖੰਡ ਬਸੁਧਾ ਭਰਮ ॥
ਮੂਸਨ ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ ॥੨॥
(੧੩੬੪)

ਗੁਰੂ ਦੇ ਪ੍ਰੇਮ ਕਰਕੇ ਹੀ ਪੰਜਾਂ ਪਿਆਰਿਆਂ ਨੇ ਸੀਸ ਭੇਟ ਕੀਤੇ। ਭਾਈ ਮਨੀ ਸਿੰਘ ਜੀ ਨੇ ਬੰਦ ਬੰਦ ਕਟਵਾਏ। ਭਾਈ ਤਾਰੂ ਸਿੰਘ ਜੀ ਨੇ ਖੋਪਰੀ ਲੁਹਾਈ। ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਜੀ ਚਰਖੜੀਆਂ ਤੇ ਚੜ੍ਹੇ। ਕਈ ਜੀਉਂਦੇ ਜੀਅ ਭੱਠੀਆਂ ਵਿਚ ਸਾੜੇ ਗਏ। ਪ੍ਰੇਮ ਇਕ ਐਸੀ ਲਗਨ ਹੈ, ਜਿਸ ਵਿਚ ਆਦਮੀ ਵਡੀ ਤੋਂ ਵਡੀ ਕੁਰਬਾਨੀ ਕਰ ਸਕਦਾ ਹੈ। ਕਿਸੇ ਕਵੀ ਨੇ ਠੀਕ ਕਿਹਾ ਹੈ—

ਲਾਗੀ ਲਗਨ ਛੂਟੇ ਨਹੀਂ ਜੀਭ ਚੋਂਚ ਜਰ ਜਾਇ।
ਮੀਠਾ ਕਹਾਂ ਅੰਗਾਰ ਮੈਂ ਜਾਹਿ ਚਕੋਰ ਚਬਾਇ।

ਵਾਹਿਗੁਰੂ ਦਾ ਪ੍ਰੇਮ—

ਸਿੱਖ ਧਰਮ ਵਿਚ ਵਾਹਿਗੁਰੂ ਦੇ ਪ੍ਰੇਮ ਨੂੰ ਬਹੁਤ ਉੱਚਾ ਮੰਨਿਆ ਗਿਆ। ਇਹ ਉਸ ਦੀ ਪ੍ਰਾਪਤੀ ਦਾ ਸਾਧਨ ਹੈ। ਗੁਰਬਾਣੀ ਵਿਚ ਇਸ ਦੀਆਂ ਤਿੰਨ ਹਾਲਤਾਂ ਕਥਨ ਕੀਤੀਆਂ ਗਈਆਂ ਹਨ—

੧. ਵਿਛੋੜਾ ਜਾਂ ਬਿਰਹਾ। ੨. ਮਿਲਾਪ ਜਾਂ ਦਰਸ਼ਨ। ੩. ਲਿਵਲੀਨਤਾ।

ਪ੍ਰੇਮ ਦਾ ਅਸਲ ਨਿਸ਼ਾਨਾ ਉਸ ਵਿਚ ਲੀਨ ਹੋਣਾ ਹੈ। ਜਿਤਨੇ ਅਸੀਂ ਮੋਹ ਮਾਇਆ ਤੋਂ ਉਚੇ ਉਠਾਂਗੇ, ਉਤਨੇ ਹੀ ਵਾਹਿਗੁਰੂ ਦੇ ਨੇੜੇ ਹੋਵਾਂਗੇ। ਬਿਰਹਾ ਦਾ ਜ਼ਿਕਰ ਕਰਦੇ ਹੋਏ ਫ਼ਰੀਦ ਜੀ ਕਹਿੰਦੇ ਹਨ—

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ
ਸੋ ਤਨੁ ਜਾਣੁ ਮਸਾਨੁ ॥ (੧੩੭੯)

ਸ੍ਰੀ ਗੁਰੂ ਨਾਨਕ ਦੇਵ ਜੀ ਬਿਰਹਾ ਦਾ ਜ਼ਿਕਰ ਕਰਦੇ ਹੋਏ ਫੁਰਮਾਉਂਦੇ ਹਨ—

ਮੈ ਰੋਵੰਦੀ ਸਭ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥
ਇਕੁ ਨ ਰੁੰਨਾ ਮੇਰੇ ਤਨਕਾ ਬਿਰਹਾ ਜਿਨਿ ਹਉ
ਪਿਰਹੁ ਵਿਛੋੜੀ ॥ ਸੁਪਨੈ ਆਇਆ ਭੀ ਗਇਆ
ਮੈ ਜਲੁ ਭਰਿਆ ਰੋਇ ॥ ਆਇ ਨ ਸਕਾ ਤੁਝ
ਕਨਿ ਪਿਆਰੇ ਭੇਜਿ ਨ ਸਕਾ ਕੋਇ ॥ ਆਉ
ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥

(੫੫ ਵਡਹੰਸ)

ਇਸੇ ਤਰ੍ਹਾਂ ਦਰਸ਼ਨ ਅਤੇ ਲਿਵੀਨਤਾ ਨੂੰ ਭੀ ਵਰਣਨ ਕੀਤਾ ਹੈ।

ਵਾਹਿਗੁਰੂ ਨਾਲ ਪਰੇਮ ਕਰਨ ਦੀ ਪਹਿਲੀ ਅਵਸਥਾ ਹੈ ਯਾਦ ਦੀ। ਜਦ ਧਿਆਨ ਜਾਂ ਯਾਦ ਪੱਕ ਜਾਂਦੀ ਹੈ, ਉਹ ਸਿਮਰਣ ਅਤੇ ਲਿਵ ਵਿਚ ਬਦਲ ਜਾਂਦੀ ਹੈ। ਸ੍ਰੀ ਗੁਰੂ ਅਮਰ ਦਾਸ ਜੀ ਇਸ ਨੂੰ ਇਉਂ ਵਰਣਨ ਕਰਦੇ ਹਨ—

ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ।

(ਬਿਹਾਗੜਾ)

ਭਗਤ ਰਵਿਦਾਸ ਜੀ ਕਹਿੰਦੇ ਹਨ—

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ
ਸੁਜਸੁ ਪੂਰਿ ਰਾਖਉ ॥ ਮਨੁ ਸੁ ਮਧੁਕਰੁ ਕਰਉ ਚਰਨ
ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ॥੧॥

(ਧਨਾਸਰੀ)

(੨) ਭਾਣਾ ਮਿਠਾ ਲਗਣਾ। ਇਹ ਪਰੇਮ ਦੀ ਦੂਜੀ ਅਵਸਥਾ ਹੈ। ਜੋ ਕੁਝ ਪ੍ਰੀਤਮ ਕਰਦਾ ਹੈ, ਉਹ ਚੰਗਾ ਲਗਦਾ ਹੈ—

ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕ ਮਾਂਗੈ ॥੨॥੪੨॥
(੩੯੪) (ਆਸਾ ਮ: ੫)

ਸ੍ਰੀ ਗੁਰੂ ਰਾਮਦਾਸ ਜੀ ਦੇ ਇਕ ਸਿਖ ਭਾਈ ਭਿਖਾਰੀ ਗੁਜਰਾਤ ਵਿਚ ਰਹਿੰਦੇ ਸਨ। ਉਹਨਾਂ ਨੂੰ ਇਕ ਸਿਖ ਮਿਲਣ ਲਈ ਗਿਆ। ਅਗੇ ਆਪ ਦੇ ਲੜਕੇ ਦੀ ਸ਼ਾਦੀ ਦੀ ਤਿਆਰੀ ਹੋ ਰਹੀ ਸੀ। ਗਹਿਣੇ ਕਪੜੇ ਬਣ ਰਹੇ ਸਨ। ਘਰ ਵਿਚ ਮੰਗਲਾਚਾਰ ਹੋ ਰਿਹਾ ਸੀ। ਭਾਈ ਭਿਖਾਰੀ ਜੀ ਇਕ ਪਾਸੇ ਖੀਹੜਾ ਬਣਾ ਰਹੇ ਸਨ, ਜਿਸ ਤੇ ਪ੍ਰਾਣੀ ਨੂੰ ਲੈ ਜਾਈਦਾ ਹੈ। ਸਿਖ ਨੇ ਪੁਛਿਆ—'ਇਹ ਕੀ ਕਰਦੇ ਹੋ?'

ਭਾਈ ਸਾਹਿਬ ਨੇ ਉਤਰ ਦਿਤਾ—'ਦੁਖ ਸੁਖ ਵਾਹਿਗੁਰੂ ਦੇ ਭਾਣੇ ਵਿਚ ਆਉਂਦੇ ਹਨ। ਖੀਹੜੇ ਦੀ ਲੋੜ ਵੀ ਪੈ ਜਾਂਦੀ ਹੈ।'

ਲੜਕੇ ਦੀ ਸ਼ਾਦੀ ਹੋਈ। ਡੋਲੀ ਘਰ ਆਈ। ਅਚਾਨਕ ਲੜਕਾ ਬੀਮਾਰ ਹੋ ਕੇ ਚਲਾਣਾ ਕਰ ਗਿਆ। ਲੋਕੀਂ ਤ੍ਰਾਹ ਤ੍ਰਾਹ ਕਰਦੇ ਸਨ। ਪਰ ਭਾਈ ਭਿਖਾਰੀ ਜੀ ਉਸ ਵਕਤ ਇਹ ਗੁਰਵਾਕ ਪੜ੍ਹਦੇ ਸਨ—

ਅਗਨਤ ਸਾਹੁ ਅਪਨੀ ਦੇ ਰਾਸਿ ॥
ਖਾਤ ਪੀਤ ਬਰਤੈ ਅਨਦ ਉਲਾਸਿ ॥
ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ ॥
ਅਗਿਆਨੀ ਮਨਿ ਰੋਸੁ ਕਰੇਇ ॥
ਅਪਨੀ ਪਰਤੀਤਿ ਆਪ ਹੀ ਖੋਵੈ ॥
ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ ॥
ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥
ਪ੍ਰਭ ਕੀ ਆਗਿਆ ਮਾਨੈ ਮਾਥੈ ॥
ਉਸ ਤੇ ਚਉਗੁਨ ਕਰੈ ਨਿਹਾਲੁ ॥
ਨਾਨਕ ਸਾਹਿਬੁ ਸਦਾ ਦਇਆਲੁ ॥੨॥ (੨੬੮)

(੩) ਸਚੇ ਪਰੇਮੀ ਦੀ ਇਕ ਨਿਸ਼ਾਨੀ ਇਹ ਹੈ ਕਿ ਪ੍ਰੀਤਮ ਲਈ

ਜੋ ਕੁਝ ਉਹ ਕਰੇ, ਉਸ ਦੇ ਕਰਨ ਵਿਚ ਉਸ ਨੂੰ ਪ੍ਰਸੰਨਤਾ ਹੋਵੇ। ਭਾਵੇਂ ਕਿਤਨੇ ਸਰੀਰਕ ਕਸ਼ਟ ਆਉਣ, ਉਹਨਾਂ ਵਿਚ ਵੀ ਉਸ ਨੂੰ ਸੁਖ ਪਰਤੀਤ ਹੁੰਦਾ ਹੈ। ਮੀਆਂ ਮੀਰ ਨੇ ਪੰਚਮ ਪਾਤਸ਼ਾਹ ਨੂੰ ਪੁੱਛਿਆ, 'ਗੁਰਦੇਵ ਆਪ ਨੇ ਇਤਨੇ ਕਸ਼ਟ ਕਿਵੇਂ ਸਹਾਰੇ ?'

ਮਹਾਰਾਜ ਨੇ ਉੱਤਰ ਦਿਤਾ—'ਵਾਹਿਗੁਰੂ ਦਾ ਭਾਣਾ ਸੀ। ਉਸ ਭਾਣੇ ਵਿਚ ਸਹਿਨ ਕੀਤੇ ਹੋਏ ਕਸ਼ਟ ਦੁਖ ਰੂਪ ਨਹੀਂ ਪ੍ਰਤੀਤ ਹੁੰਦੇ, ਸਗੋਂ ਸੁਖ ਰੂਪ ਜਾਪਦੇ ਹਨ।'

ਸੰਸਾਰ ਦੀਆਂ ਸਾਰੀਆਂ ਚੀਜ਼ਾਂ ਨਾਸ਼ਵੰਤ ਤੇ ਬਦਲਣਹਾਰ ਹਨ। ਉਹਨਾਂ ਨਾਲ ਸਦੀਵੀ ਪਰੇਮ ਨਹੀਂ ਨਿਭ ਸਕਦਾ। ਇਕ ਵਾਹਿਗੁਰੂ ਹੀ ਅਟੱਲ ਹੈ, ਜਿਸ ਨਾਲ ਕੀਤਾ ਹੋਇਆ ਪਰੇਮ ਕਾਇਮ ਰਹਿੰਦਾ ਹੈ ਤੇ ਸਦਾ ਵਧਦਾ ਜਾਂਦਾ ਹੈ। ਪੰਚਮ ਪਾਤਸ਼ਾਹ ਕਹਿੰਦੇ ਹਨ—

ਵਾਰਿ ਵਾਰਉ ਅਨਿਕ ਡਾਰਉ ਸੁਖੁ ਪ੍ਰਿਅ ਸੁਹਾਗ ਪਲਕ ਰਾਤ।
ਕਨਿਕ ਮੰਦਰ ਸੇਜ ਸਖੀ ਮੋਹਿ ਨਾਹਿ ਇਨ ਸਿਉ ਤਾਤ।
ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ।
ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ।
(੧੩੦੬)

ਪਰੇਮ ਹੀ ਇਕ ਸਾਧਨ ਹੈ, ਜਿਸ ਰਾਹੀਂ ਅਸੀਂ ਵਾਹਿਗੁਰੂ ਪ੍ਰਾਪਤੀ ਕਰ ਸਕਦੇ ਹਾਂ। ਕਿਸੇ ਉਰਦੂ ਦੇ ਸ਼ਾਇਰ ਨੇ ਕਿਹਾ ਹੈ—

ਜਿਸੇ ਦੇਖਨਾ ਭੀ ਮੁਹਾਲ ਥਾ, ਨਾ ਥਾ ਜਿਸਕਾ ਨਾਮੋ ਨਿਸ਼ਾਂ ਕਹੀਂ।
ਹਰੇਕ ਜ਼ਰੇ ਮੇਂ ਇਸ਼ਕ ਨੇ, ਮੁਝੇ ਜਲਵਾ ਉਸ ਕਾ ਦਿਖਾ ਦੀਆ।

ਸਰਬ ਵਿਆਪੀ ਪਰੇਮ—

ਜੋ ਪੁਰਸ਼ ਸ੍ਰੀ ਵਾਹਿਗੁਰੂ ਨਾਲ ਪਰੇਮ ਕਰਦਾ ਹੈ, ਉਹ ਉਸ ਦੀ ਰਚਨਾ ਨਾਲ ਵੀ ਪਰੇਮ ਕਰਦਾ ਹੈ। ਖਾਲਕ ਨਾਲ ਪਿਆਰ ਪਾਉਣ ਕਰਕੇ ਖਲਕਤ ਨਾਲ ਆਪੇ ਪਿਆਰ ਪੈ ਜਾਂਦਾ ਹੈ। ਅਜਿਹਾ ਆਦਮੀ ਖਾਲਕ ਤੇ ਖਲਕਤ ਦੋਹਾਂ ਨਾਲ ਜੁੜਦਾ ਹੈ। ਅਸੀਂ ਆਪਣੇ ਪੁੱਤਰ ਨਾਲ ਇਸ ਲਈ ਪਿਆਰ ਕਰਦੇ ਹਾਂ ਕਿ ਉਸ ਵਿਚ ਆਪਾ ਦੇਖਦੇ ਹਾਂ।

ਜਦ ਅਸੀਂ ਆਪਣੇ ਪਰੇਮ ਦਾ ਦਾਇਰਾ ਵੱਡਾ ਕਰਦੇ ਹਾਂ, ਤਦ ਆਪਣੀ ਆਤਮਾ ਤੇ ਵਾਹਿਗੁਰੂ ਦੀ ਜੋਤਿ ਸਭ ਵਿਚ ਦੇਖਦੇ ਹਾਂ। ਉਸ ਹਾਲਤ ਵਿਚ ਸਾਰੇ ਸੰਸਾਰ ਦਾ ਸੁਖ ਦੁਖ ਸਾਡਾ ਆਪਣਾ ਹੋ ਜਾਂਦਾ ਹੈ। ਗੁਰੂ ਵਾਕ ਹੈ—

> **ਬਿਸਰ ਗਈ ਸਭ ਤਾਤ ਪਰਾਈ**
> **ਜਬ ਤੇ ਸਾਧ ਸੰਗਤਿ ਮੋਹ ਪਾਈ॥**
> **ਨਾ ਕੋ ਬੈਰੀ ਨਹੀ ਬਿਗਾਨਾ ਸਗਲ**
> **ਸੰਗ ਹਮ ਕਉ ਬਨ ਆਈ॥**

ਸ੍ਰੀ ਗੁਰੂ ਨਾਨਕ ਦੇਵ ਜੀ ਉਤੇ ਸੱਪ ਨੇ ਛਾਇਆ ਕੀਤੀ। ਕੀ ਕਾਰਨ ? ਉਹਨਾਂ ਦੀ ਪਵਿੱਤਰ ਆਤਮਾ ਵਿਚ ਇਕ ਵਿਸ਼ਵ-ਵਿਆਪੀ ਪਰੇਮ ਦੀ ਧਾਰਾ ਚਲ ਰਹੀ ਸੀ, ਜਿਸ ਦਾ ਜਾਨਵਰਾਂ ਤੇ ਵੀ ਅਸਰ ਹੋਇਆ।

ਵੈਰਾਗ ਕੀ ਹੈ ?

ਵੈਰਾਗ ਦੇ ਅਰਥ ਹਨ—ਕਿਸੇ ਚੀਜ਼ ਵਿਚ (ਪ੍ਰੀਤੀ ਰਾਗ) ਦਾ ਨਾ ਹੋਣਾ, ਅਰਥਾਤ ਸੰਸਾਰ ਤੋਂ ਉਪਰਾਮਤਾ। ਹਿੰਦੁਸਤਾਨ ਵਿਚ ਇਸ ਦੀ ਬਹੁਤ ਪ੍ਰਧਾਨਤਾ ਰਹੀ ਹੈ।

ਸ੍ਰੀ ਸ਼ੰਕਰਾਚਾਰਜ ਨੇ ਕਿਹਾ ਹੈ—'ਵੈਰਾਗ ਤਦ ਸਮਝਣਾ ਚਾਹੀਦਾ ਹੈ, ਜਦ ਮਨੁੱਖ ਆਪਣੇ ਸਰੀਰ ਤੋਂ ਲੈ ਕੇ ਬ੍ਰਹਿਮੰਡ ਦੇ ਜਿਤਨੇ ਪਦਾਰਥ ਹਨ, ਉਹਨਾਂ ਨੂੰ ਅਨਿਤ ਸਮਝੇ।'

ਵਿਦਯਾਰਣ ਸਵਾਮੀ ਦਾ ਕਥਨ ਹੈ 'ਪਹਿਲੇ ਪੁੱਤਰ ਦਾ ਹੋਣਾ ਦੁਰਲਭ ਹੈ। ਜਦ ਪੁੱਤਰ ਹੁੰਦਾ ਹੈ ਤਾਂ ਮਾਤਾ ਪਿਤਾ ਨੂੰ ਇਸ ਦਾ ਕਲੇਸ਼, ਬਚਪਨ ਵਿਚ ਮੂਰਖ ਹੋਵੇ ਤਾਂ ਡਰ, ਉਸ ਦੇ ਪਾਲਣ ਪੋਸਣ ਤੇ ਪੜ੍ਹਾਉਣ ਦੀ ਚਿੰਤਾ, ਮੁਕਦੀ ਗੱਲ ਮਾਂ ਪਿਉ ਲਈ ਦੁਖ ਦੀ ਕੋਈ ਹੱਦ ਹੀ ਨਹੀਂ। ਇਸ ਲਈ ਸੰਸਾਰ ਦਾ ਤਿਆਗ ਹੀ ਕਰਨਾ ਚਾਹੀਦਾ ਹੈ।'

ਭਰਥਰੀ ਕਹਿੰਦੇ ਹਨ—ਪ੍ਰਿਥਵੀ ਦੀਆਂ ਸਭ ਵਸਤਾਂ ਭੈ ਵਿਚ

ਹਨ, ਡਰ ਤੋਂ ਰਹਿਤ ਕੇਵਲ ਵੈਰਾਗ ਹੀ ਹੈ ।' ਮਹਾਤਮਾ ਬੁਧ ਨੇ ਰਾਜ ਮਹਿਲ ਛੱਡ ਕੇ ਬਨਬਾਸ ਲਿਆ ।

ਸਿੱਖੀ ਨੇ ਉਪ੍ਰਾਮਤਾ ਨਹੀਂ ਦਿਤੀ, ਸਗੋਂ ਮਨੋ ਬ੍ਰਿਤੀਆਂ ਨੂੰ ਨੀਵੀਆਂ ਕਾਮਨਾਵਾਂ ਵਲੋਂ ਰੋਕ ਕੇ ਕਿਸੇ ਉਚੇ ਆਦਰਸ਼ ਵਲ ਲਾਉਣਾ ਸਹੀ ਵੈਰਾਗ ਦਸਿਆ ਹੈ । ਸੰਸਾਰ ਨਾਲ ਘ੍ਰਿਣਾ ਕਰਕੇ ਉਸ ਦਾ ਤਿਆਗ ਨਹੀਂ ਸਿਖਾਇਆ, ਬਲਕਿ ਜੀਵਨ ਦੀ ਉਸਾਰੀ ਕੀਤੀ ਹੈ । ਜੀਵਨ ਦੀਆਂ ਖੁਸ਼ੀਆਂ ਤੇ ਪਦਾਰਥ ਹੁੰਦਿਆਂ ਫਿਰ ਆਤਮਿਕ ਭੁਖ ਦਾ ਹੋਣਾ ਹੀ ਵੈਰਾਗ ਦਸਿਆ ਹੈ । ਵੈਰਾਗ ਇਕ ਨਿਰਮਲ ਧਾਰਾ ਹੈ । ਜੋ ਮਨ ਦੀ ਮਲੀਨਤਾ ਨੂੰ ਸਾਫ ਕਰਦੀ ਹੈ । ਨੌਵੇਂ ਪਾਤਸ਼ਾਹ ਕਹਿੰਦੇ ਹਨ—

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ।
ਕਹੁ ਨਾਨਕ ਸੁਨ ਰੇ ਮਨਾ ਤਿਹ ਨਰ ਮਾਥੈ ਭਾਗ ।

ਈਸ਼ਵਰ ਦੀ ਕਿਰਪਾ ਨਾਲ ਪ੍ਰਾਪਤ ਹੋਇਆ ਵੈਰਾਗ ਉਤਮ ਹੈ । ਵਿਚਾਰ ਕਰਕੇ ਮੱਧਮ ਅਤੇ ਸੰਸਾਰਕ ਦੁਖਾਂ ਤੋਂ ਤੰਗ ਆ ਕੇ ਪ੍ਰਾਪਤ ਹੋਇਆ ਵੈਰਾਗ ਨਖਿਧ ਹੈ । ਪਦਾਰਥਾਂ ਦਾ ਨਾ ਹੋਣਾ ਵੈਰਾਗ ਤਿਆਗ ਨਹੀਂ, ਬਲਕਿ ਸਭ ਕੁਝ ਹੁੰਦਿਆਂ ਨਿਰਲੇਪ ਰਹਿਣਾ ਤਿਆਗ ਹੈ ।

o

੨੦.

ਦਇਆ, ਸੰਤੋਖ, ਖਿਮਾਂ ਤੇ ਨਿੰਮ੍ਰਤਾ

ਸਾਡੇ ਦੇਸ਼ ਵਿਚ ਦਇਆ ਨੂੰ ਧਰਮ ਦਾ ਮੂਲ ਮੰਨਿਆ ਗਿਆ ਹੈ। ਦਇਆ ਕੀ ਹੈ? ਕਿਸੇ ਪ੍ਰਾਣੀ ਨੂੰ ਦੁਖੀ ਦੇਖ ਕੇ ਦਿਲ ਦਾ ਪੰਘਰ ਜਾਣਾ। ਦੂਸਰੇ ਦੇ ਦੁਖ ਨੂੰ ਅਨੁਭਵ ਕਰਕੇ ਉਸ ਨੂੰ ਦੂਰ ਕਰਨਾ, ਦੁਖ ਵਿਚ ਸਹਾਇਤਾ ਕਰਨੀ, ਸੇਵਾ, ਸੰਭਾਲ ਅਤੇ ਰਖਿਆ ਕਰਨੀ। ਇਹ ਬਹੁਤ ਉਚਾ ਇਖਲਾਕੀ ਗੁਣ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ—

(੧) ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥

(ਜਪੁਜੀ)

(੨) ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥

(ਆਸਾ ਦੀ ਵਾਰ)

ਦਇਆ ਇਕ ਚੰਗਾ ਗੁਣ ਸੀ, ਪਰ ਇਸ ਨੂੰ ਤੇ ਅਹਿੰਸਾ ਨੂੰ ਹਿੰਦੁਸਤਾਨ ਵਿਚ ਵਹਿਮ ਤੇ ਭਰਮ ਦੀ ਸ਼ਕਲ ਦਿਤੀ ਗਈ। ਕਿਸੇ ਨਾਲ ਲੜਨਾ ਨਹੀਂ ਕੋਈ ਜੀਵ ਨਹੀਂ ਮਾਰਨਾ, ਕਿਸੇ ਨੂੰ ਦੁਖ ਨਹੀਂ ਦੇਣਾ, ਇਹਨਾਂ ਗੱਲਾਂ ਨੇ ਦੇਸ਼ ਵਿਚ ਕਾਇਰਤਾ ਤੇ ਨਿਰਬਲਤਾ ਲਿਆਂਦੀ। ਜੈਨ ਮਤ ਦੀ ਸਿਖਿਆ ਇਥੋਂ ਤੀਕ ਚਲੀ ਗਈ ਕਿ ਪਾਣੀ ਵਿਚੋਂ ਲੰਘਣ ਨਾਲ ਜੀਵ ਮਰਦੇ ਹਨ, ਇਸ ਲਈ ਪ੍ਰਾਸਚਿਤ ਕਰਨਾ ਚਾਹੀਦਾ ਹੈ। ਸਵਾਸ ਲੈਣ ਨਾਲ ਅੰਦਰ ਜੀਵ ਚਲੇ ਜਾਂਦੇ ਹਨ, ਇਸ ਲਈ ਮੂੰਹ ਅਗੇ

ਘੰਟੀ ਬੰਨ੍ਹ ਰਖੇ। ਰਾਤ ਨੂੰ ਦੀਵਾ ਨਹੀਂ ਜਗਾਉਣਾ, ਕਿਉਂਕਿ ਉਸ ਤੇ ਕੀੜੇ ਪਤੰਗੇ ਆ ਕੇ ਮਰਦੇ ਹਨ। ਇਸ ਹੱਦੋਂ ਵਧੀ ਹੋਈ ਦਇਆ ਨੇ ਸੂਰਬੀਰਤਾ ਨਸ਼ਟ ਕਰ ਦਿਤੀ। ਜਿਸ ਨੂੰ ਕਿਸੇ ਦਾ ਖੂਨ ਦੇਖ ਕੇ ਹੀ ਘੇਰਨੀ ਪੈ ਜਾਂਦੀ ਹੋਵੇ, ਉਸ ਨੇ ਦੁਸ਼ਮਣਾਂ ਨਾਲ ਰਣ ਖੇਤਰ ਵਿਚ ਜੰਗ ਕੀ ਕਰਨਾ ਹੋਇਆ। ਸਿਖ ਧਰਮ ਵਹਿਮ ਅਤੇ ਭਰਮ ਦੀ ਦਇਆ ਨਹੀਂ ਦਿਤੀ। ਦੀਨ ਰਖਿਆ, ਦੁਖੀ ਦੀ ਸੇਵਾ ਤੇ ਸਹਾਇਤਾ ਕਰਨੀ ਦਸੀ ਹੈ, ਪਰ ਨਾਲ ਹੀ ਸੂਰਬੀਰਤਾ ਵੀ ਦਿਤੀ ਹੈ। ਇਕ ਜ਼ਾਲਮ ਜਾਂ ਪਾਪੀ ਪੁਰਸ਼ ਸਾਰੀ ਸਮਾਜ ਨੂੰ ਦੁਖ ਦਿੰਦਾ ਹੈ, ਉਸ ਨੂੰ ਦੰਡ ਦੇਣਾ ਜਾਂ ਮਾਰਨਾ ਪੁੰਨ ਹੈ। ਸਾਰੀ ਸਮਾਜ ਉੱਤੇ ਦਇਆ ਕਰਨੀ ਹੈ। ਇਕ ਜ਼ਹਿਰੀ ਸੱਪ ਜਾਂ ਦਰਿੰਦੇ ਨੂੰ ਮਾਰ ਦੇਣਾ ਹਜ਼ਾਰਾਂ ਜੀਵਾਂ ਉੱਤੇ ਦਇਆ ਕਰਨੀ ਹੈ। ਬਿਨਾਂ ਕਾਰਨ ਕਿਸੇ ਨੂੰ ਦੁਖ ਨਹੀਂ ਦੇਣਾ ਚਾਹੀਦਾ, ਪਰ ਜੋ ਸਭ ਨੂੰ ਦੁਖ ਦੇਵੇ ਉਸ ਨੂੰ ਖਤਮ ਕਰਨਾ ਸਚੀ ਦਇਆ ਹੈ।

ਸੰਤੋਖ—

ਸੰਤੋਖ ਕੀ ਹੈ? ਪ੍ਰਾਪਤ ਹੋਏ ਪਦਾਰਥਾਂ ਨੂੰ ਵਰਤ ਕੇ ਸੰਜਮ ਨਾਲ ਜੀਵਨ ਨਿਰਬਾਹ ਕਰਨਾ। ਸੰਤੋਖ ਤੋਂ ਵਧ ਕੇ ਕੋਈ ਮਾਨਸਿਕ ਸੁਖ ਨਹੀਂ। ਗਰੀਬੀ, ਭੁਖ ਅਤੇ ਬੇਕਾਰੀ ਦੀ ਹਾਲਤ ਨੂੰ ਕਾਇਮ ਰਖਣਾ ਸੰਤੋਖ ਨਹੀਂ। ਜੀਵਨ ਨਿਰਬਾਹ ਲਈ ਵਿਤ ਅਨੁਸਾਰ ਜਤਨ ਕਰਨਾ, ਉਸ ਰਾਹੀਂ ਪ੍ਰਾਪਤ ਹੋਏ ਪਦਾਰਥਾਂ ਨੂੰ ਵਰਤ ਕੇ ਜੀਵਨ ਵਿਚ ਪ੍ਰਸੰਨਤਾ ਮਹਿਸੂਸ ਕਰਨੀ, ਤ੍ਰਿਸ਼ਨਾ ਅਤੇ ਲਾਲਚ ਵਿਚ ਫਸ ਕੇ ਦੂਸਰਿਆਂ ਦੀ ਹਾਲਤ ਨੂੰ ਵੇਖ ਕੇ ਨਾ ਕੁੜ੍ਹਨਾ, ਪਾਪ ਦੀ ਕਮਾਈ ਨਾ ਕਰਨੀ ਸੰਤੋਖ ਹੈ। ਪੂਰਬ ਨੇ ਸੰਤੋਖੀ ਜੀਵਨ ਦੀ ਸਿਖਿਆ ਦਿਤੀ ਹੈ। ਲੋੜਾਂ ਘਟ ਕਰਨ ਨਾਲ ਆਤਮਿਕ ਸੁਖ ਦੀ ਪ੍ਰਾਪਤੀ ਮੰਨੀ ਹੈ। ਮਾਨਸਿਕ ਸੁਖ ਏਕੇ ਦੇ ਅੰਕ ਦੀ ਤਰ੍ਹਾਂ ਹੈ। ਇਸ ਨੂੰ ੧-੨ ਕਰੋ ਜਾਂ ੧-੪ ਜਿਤਨਾ ਤਕਸੀਮ ਕਰਦੇ ਜਾਉਗੇ, ਉਤਨਾ ਮੂਲ ਵਿਚ ਘਟਦਾ ਚਲਾ ਜਾਏਗਾ।

ਇਸ ਦੇ ਉਲਟ ਪੱਛਮ ਕਹਿੰਦਾ ਹੈ 'ਕਿਸੇ ਦਸ਼ਾ ਤੇ ਸੰਤੋਖ ਕਰ

ਲੈਣਾ ਆਪਣੇ ਆਪ ਨੂੰ ਜੜ੍ਹ ਬਣਾਉਣਾ ਹੈ। ਆਦਮੀ ਨੂੰ ਆਪਣੀਆਂ ਲੋੜਾਂ ਵਧਾਣੀਆਂ ਚਾਹੀਦੀਆਂ ਹਨ। ਲੋੜਾਂ ਨਾਲ ਆਦਮੀ ਆਮਦਨੀ ਤੇ ਸੁਖ ਦੇ ਸਾਧਨ ਵਧਾਉਣ ਦੇ ਜਤਨ ਕਰੇਗਾ।'

ਸੰਤੋਖ ਨੂੰ ਸਹੀ ਨਾ ਸਮਝਣ ਕਰ ਕੇ ਏਸ਼ੀਆਈ ਦੇਸ਼ਾਂ ਨੇ ਉਦਮ ਤੇ ਪੁਰਸ਼ਾਰਥ ਛੱਡ ਦਿਤਾ। ਇਹ ਸਮਾਜਕ ਤੇ ਆਰਥਿਕ ਜੀਵਨ ਵਿਚ ਬਹੁਤ ਪਿਛੇ ਰਹਿ ਗਏ। ਪੱਛਮ ਤੇ ਸੰਤੋਖ ਨੂੰ ਛੱਡ ਕੇ ਲੋੜਾਂ ਵਧਾ ਲਈਆਂ। ਜਿਸ ਕਰਕੇ ਲੜਾਈ ਝਗੜੇ, ਸਾਮਰਾਜੀ ਮਨੋ ਬਿਰਤੀ ਤੇ ਪੂੰਜੀਦਾਰੀ ਦਾ ਜ਼ੋਰ ਵਧ ਗਿਆ। ਸਿਖ ਧਰਮ ਨੇ ਜੀਵਨ ਨੂੰ ਸਿਥਲ, ਸਾਹਿਸ ਤੇ ਪੁਰਸ਼ਾਰਥ ਹੀਨ ਨਹੀਂ ਬਣਾਇਆ, ਬਲਕਿ ਧਰਮ ਦੀ ਕਿਰਤ ਕਰਨੀ ਦਸੀ ਹੈ। ਤ੍ਰਿਸ਼ਨਾ ਤੇ ਹਦੋਂ ਵਧ ਲੋੜਾਂ ਵਧਾ ਕੇ ਲੁਟ ਘਸੁਟ ਦਾ ਜੀਵਨ ਨਹੀਂ ਬਣਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ—

ਸਤ ਸੰਤੋਖਿ ਰਹਹੁ ਜਨ ਭਾਈ ॥
ਖਿਮਾ ਗਹਹੁ ਸਤਿਗੁਰ ਸਰਣਾਈ ॥
ਆਤਮੁ ਚੀਨਿ ਪਰਾਤਮੁ ਚੀਨਹੁ ॥
ਗੁਰ ਸੰਗਤਿ ਇਹੁ ਨਿਸਤਾਰਾ ਹੇ ॥੮॥ (੧੦੩੦)
(ਮਾਰੂ ਮਹਲਾ ੧)

ਪੰਚਮ ਪਾਤਸ਼ਾਹ ਸੁਖਮਨੀ ਸਾਹਿਬ ਵਿਚ ਫੁਰਮਾਉਂਦੇ ਹਨ—

ਸਹਸ ਖਟੇ ਲਖ ਕਉ ਉਠਿ ਧਾਵੈ ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥
ਅਨਿਕ ਭੋਗ ਬਿਖਿਆ ਕੇ ਕਰੈ ॥
ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥
ਬਿਨਾ ਸੰਤੋਖ ਨਹੀ ਕੋਊ ਰਾਜੈ ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥ (੮-੧੨)

ਜਿਸ ਤਰ੍ਹਾਂ ਬਲਦੀ ਅੱਗ ਵਿਚ ਤੇਲ ਪਾਓ ਤਾਂ ਉਹ ਹੋਰ ਭੜਕਦੀ ਹੈ, ਇਸੇ ਤਰ੍ਹਾਂ ਕਾਮਨਾਵਾਂ ਨੂੰ ਤ੍ਰਿਪਤ ਕਰਨ ਲਈ ਜਿਤਨਾ ਜਤਨ ਕਰੋਗੇ ਉਹ ਹੋਰ ਵਧਣਗੀਆਂ। ਸੰਤੋਖ ਨਾਲ ਹੀ ਮਨ ਨੂੰ ਸ਼ਾਂਤੀ ਹੋ ਸਕਦੀ ਹੈ। ਸ੍ਰੀ ਸ਼ੰਕਰਚਾਰਜ ਨੇ ਕਿਹਾ ਹੈ—'ਅਨਿਛੰਵ ਪਰਮ ਪਦਮ' ਅਨਿਛਤ ਹੋਣਾ ਹੀ ਪਰਮ ਪਦਵੀ ਨੂੰ ਪ੍ਰਾਪਤ ਕਰਨਾ ਹੈ। ਗੁਰਮਤਿ ਵਿਚ ਇੱਛਾ ਨੂੰ ਸ਼ੁਭ ਇੱਛਾ ਬਣਾਇਆ ਹੈ। ਕਾਮਨਾਵਾਂ ਨੂੰ ਸ਼ੁਭ ਕਾਮਨਾ ਵਿਚ ਬਦਲਿਆ ਹੈ ਅਤੇ ਤ੍ਰਿਸ਼ਨਾਲੂ ਜੀਵਨ ਦੀ ਥਾਂ ਸੰਤੋਖੀ ਜੀਵਨ ਬਣਾਇਆ ਹੈ।

ਸ਼ੇਖ ਸਾਅਦੀ ਨੇ ਕਿਹਾ ਹੈ—

ਗੁਫਤ ਚਸ਼ਮੇ ਤੰਗ ਦੁਨੀਆ ਦਾਰ ਰਾ,
ਯਾ ਕਨਾਇਤ ਪੁਰ ਕੁਨਦ ਯਾ ਖ਼ਾਕੇ ਗੋਰ।

ਭਾਵ—ਦੁਨੀਆਂਦਾਰ ਦੀਆਂ ਤੰਗ ਅੱਖਾਂ ਦੋ ਚੀਜ਼ਾਂ ਨਾਲ ਭਰ ਸਕਦੀਆਂ ਹਨ, ਇਕ ਸੰਤੋਖ ਨਾਲ ਦੂਸਰਾ ਕਬਰ ਦੀ ਮਿੱਟੀ ਨਾਲ।

ਜਦ ਸ੍ਰੀ ਗੁਰੂ ਨਾਨਕ ਦੇਵ ਜੀ ਬਾਬਰ ਨੂੰ ਮਿਲੇ ਤਾਂ ਉਸ ਨੇ ਕਿਹਾ—'ਮੈਥੋਂ ਕੁਝ ਮੰਗ ਲਓ।'

ਸਤਿਗੁਰੂ ਨੇ ਉਤਰ ਦਿਤਾ—

ਕਹਿ ਨਾਨਕ ਸੁਣ ਬਾਬਰ ਮੀਰ॥
ਤੁਝ ਤੇ ਮਾਂਗੈ ਸੋ ਅਹਿਮਕ ਫਕੀਰ॥

ਭਾਵ—ਹੇ ਬਾਬਰ! ਜਿਸ ਤੋਂ ਤੂੰ ਮੰਗਦਾ ਹੈਂ, ਅਸੀਂ ਵੀ ਉਸ ਤੋਂ ਮੰਗ ਲਵਾਂਗੇ। ਵਾਹਿਗੁਰੂ ਦੀ ਬਖਸ਼ੀ ਹੋਈ ਦਾਤ ਤੇ ਸ਼ਾਕਰ ਰਹਿਣਾ, ਸੰਜਮ ਅਤੇ ਸੰਤੋਖ ਦਾ ਜੀਵਨ ਬਤੀਤ ਕਰਨਾ ਸਤਿਗੁਰੂ ਨੇ ਦਸਿਆ ਹੈ।

ਮਹਾਤਮਾ ਸੁੰਦਰ ਦਾਸ ਜੀ ਕਹਿੰਦੇ ਹਨ—

ਜੋ ਦਸ ਬੀਸ, ਪਚਾਸ ਭਏ ਸਤ,
ਹੋਇ ਹਾਜ਼ਰ ਤੌ ਲਾਖ ਮੰਗੇਗੀ।

ਕੋਟ ਅਰਬ ਖਰਬ ਅਸੰਖ,
ਪ੍ਰਿਥਵੀ ਪਤਿ ਹੋਨ ਕੀ ਚਾਹ ਜਗੇਗੀ।
ਸਵਰਗ ਪਤਾਲ ਕੋ ਰਾਜ ਕਰੈ,
ਤ੍ਰਿਸ਼ਨਾ ਅਧਕੀ ਅਤਿ ਆਗ ਲਗੇਗੀ।
ਸੁੰਦਰ ਏਕ ਸੰਤੋਖ ਬਿਨਾ ਸਠ,
ਤੇਰੀ ਤੋ ਭੂਖ ਕਬੀ ਨਾ ਭਗੇਗੀ।*

ਖਿਮਾ—

ਖਿਮਾ ਕੀ ਹੈ ? ਆਪਣੇ ਨਾਲ ਅਪਰਾਧ ਕਰਨ ਵਾਲੇ ਨੂੰ ਦੰਡ ਨਾ ਦੇਣਾ ਤੇ ਮਾਫ਼ ਕਰ ਦੇਣਾ। ਇਹ ਸੂਰਬੀਰ ਤੇ ਬਲੀ ਪੁਰਸ਼ਾਂ ਦਾ ਗੁਣ ਹੈ, ਕਾਇਰਾਂ ਦਾ ਨਹੀਂ । ਸ਼ਕਤੀ ਹੁੰਦਿਆਂ ਕਿਸੇ ਨੂੰ ਮਾਫ਼ ਕਰ ਦੇਣਾ ਖਿਮਾ ਹੈ। ਨਿਰਬਲ ਹੋਕੇ ਚੁਪ ਰਹਿਣਾ ਖਿਮਾ ਨਹੀਂ ਬੁਜ਼ਦਿਲੀ ਹੈ। ਸਰੀਰਕ ਬਲ ਇਸ ਤੋਂ ਨਾਪਿਆ ਜਾਂਦਾ ਹੈ ਕਿ ਕੋਈ ਆਦਮੀ ਕਿੰਨਾ ਮੋਟਾ ਤਾਜ਼ਾ ਤੇ ਭਾਰ ਕਿੰਨਾ ਕੁ ਚੁਕਦਾ ਹੈ.। ਆਤਮਿਕ ਬਲ ਇਸ ਤੋਂ ਮਾਲੂਮ ਹੁੰਦਾ ਹੈ ਕਿ ਕੌਣ ਕਿੰਨਾ ਬਰਦਾਸ਼ਤ ਕਰਦਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ—

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ।
ਰੋਗੁ ਨ ਬਿਆਪੈ ਨਾ ਜਮ ਦੋਖੰ। (ਗਉੜੀ)

---

*ਸ਼ੇਖ ਸਾਅਦੀ ਨੇ ਇਕ ਬਾਦਸ਼ਾਹ ਨੂੰ ਕਿਹਾ ਸੀ—

ਗਰ ਖ਼ੁਦਾ ਰਾ ਇਨਸਾਫ਼ ਬੂਦੇ ਵਾ ਮਾ ਰਾ ਕਨਾਇਤ।
ਰਸਮੇ ਸਵਾਲ ਅਜ਼ ਜਹਾਂ ਬਰਖ਼ਾਸਤੇ।

ਭਾਵ—ਰਬ ਜੇਕਰ ਤੈਨੂੰ ਇਨਸਾਫ਼ ਕਰਨਾ ਦੇਵੇ ਅਤੇ ਸਾਨੂੰ ਸੰਤੋਖ ਦੇਵੇ ਤਾਂ ਫਿਰ ਮੰਗਣ ਤੇ ਸਵਾਲ ਕਰਨ ਦੀ ਰਸਮ ਹੀ ਜਹਾਨ ਵਿਚੋਂ ਖ਼ਤਮ ਹੋ ਜਾਵੇ।

ਭਾਵ—ਜਿਸ ਨੇ ਖਿਮਾਂ ਸੀਲ ਅਤੇ ਸੰਤੋਖ ਨੂੰ ਧਾਰਨ ਕੀਤਾ ਹੈ, ਉਸ ਨੇ ਸਹੀ ਵਰਤ ਰਖਿਆ ਹੈ । ਉਸ ਨੂੰ ਰੋਗ ਅਤੇ ਮੌਤ ਦਾ ਡਰ ਨਹੀਂ । ਸੰਤੋਖ ਤੋਂ ਵਧ ਕੇ ਸੁਖ ਨਹੀਂ । ਖਿਮਾਂ ਤੋਂ ਵਧ ਕੇ ਤਪ ਕੋਈ ਨਹੀਂ । ਕਬੀਰ ਜੀ ਕਹਿੰਦੇ ਹਨ—

ਜਹਾ ਗਿਆਨ ਤਹ ਧਰਮੁ ਹੈ ਜਹਾ ਝੂਠ ਤਹ ਪਾਪੁ ।
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪੁ ।

(੧੫੫)

ਨਿਮਰਤਾ—

ਜਿਸ ਤਰ੍ਹਾਂ ਕਿਸੇ ਬ੍ਰਿਛ ਦੀਆਂ ਡਾਲੀਆਂ ਫਲ ਪਾ ਕੇ ਨੀਵੀਆਂ ਹੁੰਦੀਆਂ ਹਨ, ਇਸੇ ਤਰ੍ਹਾਂ ਸ਼ਕਤੀ ਤੇ ਸ਼ੁਭ ਗੁਣਾਂ ਦੇ ਹੁੰਦਿਆਂ ਮਨ ਕਰ ਕੇ ਨੀਵੇਂ ਹੋਣਾ ਨਿਮਰਤਾ ਹੈ । ਜਿਸ ਤਰ੍ਹਾਂ ਬਰਖਾ ਦਾ ਪਾਣੀ ਟਿਬਿਆਂ ਤੇ ਨਹੀਂ ਟਿਕਦਾ, ਆਪਣੀ ਪੱਧਰ ਬਰਾਬਰ ਰਖਣ ਲਈ ਨੀਵੀਂ ਥਾਂ ਤੇ ਜਾਕੇ ਠਹਿਰਦਾ ਹੈ, ਇਸੇ ਤਰ੍ਹਾਂ ਸ਼ੁਭ ਗੁਣ ਉਸ ਆਦਮੀ ਦੇ ਹਿਰਦੇ ਵਿਚ ਨਿਵਾਸ ਕਰਦੇ ਹਨ, ਜਿਸ ਵਿਚ ਨਿਮਰਤਾ ਹੋਵੇ । ਨਿਮਰਤਾ ਦੇ ਇਹ ਅਰਥ ਨਹੀਂ ਕਿ ਆਦਮੀ ਸਵੈਮਾਨ ਨਾ ਰਖਦਾ ਹੋਵੇ । ਸਵੈਮਾਨ, ਤਾਕਤ ਤੇ ਉਤਮ ਗੁਣਾਂ ਦੇ ਹੁੰਦਿਆਂ ਨਿਮਰਤਾ ਹੋਣੀ ਚਾਹੀਦੀ ਹੈ । ਭਾਈ ਗੁਰਦਾਸ ਜੀ ਕਹਿੰਦੇ ਹਨ—'ਸਰੀਰ ਦੇ ਸਾਰੇ ਅੰਗਾਂ ਵਿਚੋਂ ਸਿਰ ਉਚਾ ਹੈ ਤੇ ਚਰਨ ਨੀਵੇਂ ਹਨ । ਸਿਰ ਨੂੰ ਧੋ ਕੇ ਕੋਈ ਨਹੀਂ ਪੀਂਦਾ, ਚਰਨ ਧੋ ਕੇ ਪੀਤੇ ਜਾਂਦੇ ਹਨ । ਸਾਰੀਆਂ ਉਂਗਲਾਂ ਵਿਚੋਂ ਚੀਚੀ ਨਿੱਕੀ ਹੈ, ਛਾਪ ਉਸ ਨੂੰ ਪਾਈ ਜਾਂਦੀ ਹੈ । ਇਸੇ ਤਰ੍ਹਾਂ ਜੋ ਪੁਰਸ਼ ਨਿੰਮਰ ਹੁੰਦੇ ਹਨ, ਉਨ੍ਹਾਂ ਨੂੰ ਮਾਣ ਮਿਲਦਾ ਹੈ ।

ਬਾਬਾ ਸ੍ਰੀ ਚੰਦ ਜੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਮਿਲਣ ਲਈ ਆਏ। ਦੋਹਾਂ ਦਾ ਪਰੇਮ ਪੂਰਵਕ ਮਿਲਾਪ ਹੋਇਆ। ਇਕ ਦਿਨ ਮਾਣ ਅਤੇ ਪ੍ਰਭਤਾ ਦੇਖ ਕੇ ਬਾਬਾ ਜੀ ਨੇ ਗੁਰੂ ਜੀ ਨੂੰ ਕਿਹਾ, ਆਪ ਨੇ ਇਤਨੀ ਦਾੜ੍ਹੀ ਕਿਉਂ ਵਧਾਈ ਹੋਈ ਹੈ।' ਸਤਿਗੁਰੂ ਜੀ ਨੇ ਉੱਤਰ ਦਿਤਾ, 'ਆਪ ਜੈਸੇ ਮਹਾਂ ਪੁਰਖਾਂ ਦੇ ਚਰਨ ਝਾੜਨ ਨੂੰ।'

o

੨੧.

ਚੜ੍ਹਦੀ ਕਲਾ

'ਮਨ ਦੀ ਸ਼ਕਤੀ ਤੇ ਉਸ ਦੀ ਵਰਤੋਂ'

'ਚੜ੍ਹਦੀ ਕਲਾ' ਸਿੱਖੀ ਦਾ ਇਕ ਸੰਕੇਤਕ ਸ਼ਬਦ ਹੈ। ਇਹ ਅਰਦਾਸ ਦੇ ਅੰਤ ਵਿਚ ਵਰਤਿਆ ਗਿਆ ਹੈ । ਇਸ ਦਾ ਭਾਵ ਹੈ, ਵਾਹਿਗੁਰੂ ਨਾਲ ਜੁੜ ਕੇ ਉਹ ਸ਼ਕਤੀ ਹਾਸਲ ਕਰਨੀ, ਜਿਸ ਨਾਲ ਮਨੁੱਖ ਦੁਖ ਸੁਖ ਤੇ ਹਰ ਹਾਲਤ ਵਿਚ ਉਤਸ਼ਾਹੀ, ਆਸ਼ਾਵਾਦੀ ਤੇ ਦ੍ਰਿੜ ਵਿਸ਼ਵਾਸ਼ੀ ਹੋ ਕੇ ਕੰਮ ਕਰੇ । ਆਪਣੇ ਆਦਰਸ਼ ਵਲ ਵਧਦਾ ਤੁਰਿਆ ਜਾਵੇ ।

ਮਨੁੱਖ ਤਿੰਨ ਚੀਜ਼ਾਂ ਤਨ, ਮਨ ਤੇ ਆਤਮਾ ਦਾ ਬਣਿਆ ਹੋਇਆ ਹੈ। ਤਨ ਪੰਜਾਂ ਤੱਤਾਂ ਦੇ ਸਥੂਲ ਸਰੀਰ ਤੇ ਗਿਆਨ ਇੰਦ੍ਰੀਆਂ ਦੇ ਮਿਲਾਪ ਦਾ ਨਾਂ ਹੈ। 'ਮਨ' ਉਸ ਤੋਂ ਸੂਖਮ ਹੈ। ਅੰਤਹਕਰਣ ਦੇ ਚਾਰ ਭਾਗ ਹਨ, ਮਨ, ਬੁਧਿ, ਚਿੱਤ ਤੇ ਹੰਕਾਰ। ਮਨ ਸਰੀਰ ਅਰਥਾਤ ਇੰਦ੍ਰੀਆਂ ਦੀਆਂ ਕ੍ਰਿਆਵਾਂ ਦੇ ਪਰੇਰਕ ਸੂਖਮ ਤੌਰ ਤੇ ਸਰੀਰ ਵਿਚ ਕੰਮ ਕਰਦਾ ਹੈ। ਮਨ ਕੀ ਹੈ ? ਇਸ ਸਬੰਧੀ ਭਾਰਤੀ ਦਾਰਸ਼ਨਿਕਾਂ ਦੀ ਰਾਇ ਹੈ ਕਿ ਇਹ ਤੱਤਾਂ ਤੋਂ ਬਣਿਆ ਹੈ। ਛਾਂਦੋਗ ਉਪਨਿਸ਼ਦ ਵਿਚ ਲਿਖਿਆ ਹੈ, ਬਿਨਾਂ ਨਿਸਚੇ ਕੀਤੇ ਦੇ ਕਰਮ ਕਰਨ ਵਾਲੀ ਇੰਦ੍ਰੀ ਦਾ ਨਾਂ ਮਨ ਹੈ।* ਮਨ ਸਬੰਧੀ ਇਹ ਵੀ ਕਿਹਾ ਹੈ—

'ਮਨ ਏਵ ਮਨੁਸ਼ਾਣਾ ਕਾਰਣੰ ਬੰਧ ਮੋਖਸ਼ਯੋ:।'

---

*ਗੀਤਾ ਰਹਸਯ ਪੰਨਾ ੧੫੨ ।

ਭਾਵ—ਮਨੁੱਖ ਦਾ ਮਨ ਹੀ ਬੰਧਨ ਤੇ ਮੋਖਸ਼ ਦਾ ਕਾਰਨ ਹੈ।

ਮਨ ਕੀ ਕਰਦਾ ਹੈ ? ਸੰਕਲਪ ਵਿਕਲਪ (ਕਿਸੇ ਕੰਮ ਲਈ ਇਰਾਦਾ ਕਰਨਾ ਸੰਕਲਪ, ਡਾਵੇਂ ਡੋਲਣਾ ਵਿਕਲਪ) ਵਾਸ਼ਨਾ, ਇਛਾ, ਸ਼ਰਧਾ, ਦਇਆ, ਪਰੇਮ, ਉਤਸ਼ਾਹ, ਕਾਮ, ਕਰੋਧ, ਭੈ ਤੇ ਈਰਖਾ ਹੈ। ਮਨ ਕਿਸੇ ਕੰਮ ਲਈ ਸੰਕਲਪ ਕਰਦਾ ਹੈ। ਬੁਧੀ ਉਸ ਦੇ ਚੰਗੇ ਮਾੜੇ ਦਾ ਨਿਰਨਾ ਕਰਦੀ ਹੈ। ਫਿਰ ਮਨ ਦੇ ਆਖੇ ਗਿਆਨ ਅਤੇ ਕਰਮ ਇੰਦਰੀਆਂ ਹੱਥ, ਨੱਕ, ਕੰਨ ਤੇ ਪੈਰ ਆਦਿਕ ਹਰਕਤ ਕਰਦੇ ਹਨ। ਚਿੱਤ ਦਾ ਕੰਮ ਚੇਤੇ ਰਖਨਾ ਅਤੇ ਵਿਚਾਰਾਂ ਜਾਂ ਤਜਰਬਿਆਂ ਨੂੰ ਇਕਤਰ ਕਰਕੇ ਰਖਣਾ ਹੈ। 'ਹੰਕਾਰ' ਉਹ ਅਹਿਸਾਸ ਹੈ, ਜੋ ਇਕ ਮਨੁੱਖ ਦੀ ਜ਼ਾਤ ਨੂੰ ਦੂਜਿਆਂ ਨਾਲੋਂ ਅੱਡ ਕਰਦਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਵਿਚ ਮਨ ਸ਼ਬਦ ਕਿਸੇ ਥਾਂ ਆਤਮਾ (Soul) ਲਈ ਵਰਤਿਆ ਹੈ। ਕਈ ਥਾਈਂ ਚੇਤੰਨਤਾ ਜਾਂ (Mind) ਦਿਲ ਲਈ ਭੀ ਵਰਤਿਆ ਹੈ। ਜਦ ਗੁਰੂ ਜੀ ਕਹਿੰਦੇ ਹਨ—

ਮਨ ਤੂ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥

(ਆਸਾ ਮ: ੩)

ਇਥੇ ਮਨ ਤੋਂ ਮੁਰਾਦ ਆਤਮਾ ਹੈ, ਜੋ ਵਾਹਿਗੁਰੂ ਦੀ ਅੰਸ਼ ਹੈ।

ਇਕ ਹੋਰ ਥਾਂ ਕਿਹਾ ਹੈ—

ਇਹੁ ਮਨੁ ਕਰਮਾ ਇਹੁ ਮਨੁ ਧਰਮਾ ॥
ਇਹੁ ਮਨੁ ਪੰਚ ਤਤ ਤੇ ਜਨਮਾ ॥

(ਆਸਾ ਮ: ੧)

ਇਸ ਮਨ ਤੋਂ ਮੁਰਾਦ ਆਤਮਾ ਨਹੀਂ, ਪੰਜ ਭੂਤਕ ਚੇਤੰਨਤਾ ਅਤੇ ਸੰਕਲਪ ਵਿਕਲਪ ਕਰਨ ਵਾਲੇ ਮਨ ਤੋਂ ਹੈ।

ਕਬੀਰ ਜੀ ਕਹਿੰਦੇ ਹਨ—

ਇਹੁ ਮਨੁ ਸਕਤੀ ਇਹੁ ਮਨੁ ਸੀਉ ॥
ਇਹੁ ਮਨੁ ਪੰਚ ਤਤ ਕੋ ਜੀਉ ॥

ਇਹੁ ਮਨੁ ਲੈ ਜਉ ਉਨ ਮਹਿ ਰਹੈ ॥
ਤਉ ਤੀਨਿ ਲੋਕ ਕੀ ਬਾਤੈ ਕਹੈ ॥

(ਗਉੜੀ)

ਮਨ ਹੀ ਸ਼ਕਤੀ ਅਤੇ ਸ਼ਿਵ ਹੈ । ਪੰਜਾਂ ਤੱਤਾਂ ਵਿਚ ਜੀਵਨ ਹੈ। ਜਦ ਇਹ ਤੁਰੀਆ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ ਤਾਂ ਇਸ ਨੂੰ ਤਿੰਨਾਂ ਲੋਕਾਂ ਦਾ ਗਿਆਨ ਹੋ ਜਾਂਦਾ ਹੈ। ਪੱਛਮੀ ਵਿਦਵਾਨਾਂ ਦੀ ਰਾਇ ਹੈ ਕਿ ਮਨੁੱਖ ਆਪਣੇ ਵਿਚਾਰਾਂ ਦਾ ਬਣਿਆ ਹੋਇਆ ਹੈ । ਸਾਰੀ ਰਚਨਾ ਵਿਚ ਮਨੁੱਖ ਸਭ ਤੋਂ ਵੱਡਾ ਹੈ । ਇਹ ਸਾਰੀਆਂ ਸ਼ਕਤੀਆਂ ਦਾ ਕੇਂਦਰ ਹੈ। ਮਨੁੱਖ ਦੇ ਮਨ ਤੇ ਦ੍ਰਿੜ ਇਰਾਦੇ ਨਾਲ ਸਭ ਕੁਝ ਹੋ ਸਕਦਾ ਹੈ । ਯੂਨਾਨ ਦੇ ਇਕ ਗਣਿਤ ਵੇਤਾ ਅਰਕਮੀਡੀਜ਼ ਦਾ ਕਥਨ—

I shall move the world if I get a stand point

ਭਾਵ—ਜੇਕਰ ਮੈਨੂੰ ਇਕ ਸਥਿਰ ਨੁਕਤਾ ਮਿਲ ਜਾਏ ਤਾਂ ਮੈਂ ਸਾਰੇ ਸੰਸਾਰ ਨੂੰ ਹਿਲਾ ਦੇਵਾਂ । ਫੈਸਾ ਗੋਰਸ ਨੇ ਵੀ ਕਿਹਾ ਹੈ—

'ਹਰ ਖਿਆਲ ਵਿਚ ਇਕ ਰੂਪ ਧਾਰਨ ਦੀ ਸ਼ਕਤੀ ਹੈ। ਵਿਧਾਤਾ ਉਸ ਨੂੰ ਪੂਰਨ ਕਰਨ ਲਈ ਤਿਆਰ ਰਹਿੰਦਾ ਹੈ, ਬਸ਼ਰਤੇ ਕਿ ਮਨੁੱਖ ਦਾ ਇਰਾਦਾ ਦ੍ਰਿੜ ਹੋਵੇ। ਇਕ ਜਹਾਜ਼ ਪੂਰਬ ਵਲ ਜਾ ਰਿਹਾ ਹੈ, ਦੂਸਰਾ ਪੱਛਮ ਵਲ, ਉਸ ਇਕੋ ਹਵਾ ਨਾਲ ਜੋ ਚਲ ਰਹੀ ਹੈ। ਬਾਦਬਾਨਾਂ ਦਾ ਰੁਖ ਜਹਾਜ਼ਾਂ ਨੂੰ ਆਪੋ ਆਪਣੇ ਪਾਸੇ ਵਲ ਲੈ ਜਾਂਦਾ ਹੈ, ਹਵਾ ਦਾ ਰੁਖ ਨਹੀਂ ਲੈ ਜਾਂਦਾ। ਇਸੇ ਤਰ੍ਹਾਂ ਜਦ ਅਸੀ ਜੀਵਨ ਦੇ ਮਹਾਂ ਸਾਗਰ ਵਿਚ ਸਫਰ ਕਰਦੇ ਹਾਂ, ਉਸ ਵਿਚ ਤਕਦੀਰ ਦੀਆਂ ਹਵਾਵਾਂ ਸਮੁੰਦਰੀ ਹਵਾਵਾਂ ਵਾਂਗੂ ਹਨ। ਆਤਮਾ ਦੀ ਰੌ ਹੈ, ਜੋ ਸਾਨੂੰ ਅਸਲੀ ਟਿਕਾਣੇ ਵਲ ਲੈ ਜਾਂਦੀ ਹੈ । ਸ਼ਾਂਤੀ ਜਾਂ ਟਿਕਾਉ ਹੋਵੇ, ਭਾਵੇਂ ਜੀਵਨ ਲਈ ਖਿਚੋਤਾਣ ਕਰਨੀ ਪਵੇ ।*

*ਵੀਲਰ ਵਿਲਕਾਕਸ ।

ਇਸ ਵਕਤ ਪੱਛਮ ਵਿਚ ਮਜ਼੍ਹਬ, ਸਾਇੰਸ ਤੇ ਫਿਲਾਸਫੀ ਆਦਿ ਦੀ ਥਾਂ ਸਭ ਤੋਂ ਵਧੇਰੇ ਸਾਹਿਤ ਮਨੋ ਵਿਗਿਆਨ (Psychology) ਉਤੇ ਲਿਖਿਆ ਜਾ ਰਿਹਾ ਹੈ । ਸਾਇੰਸ ਦੀ ਖੋਜ ਪ੍ਰਾਕਿਰਤਕ ਤੌਰ ਤੇ ਐਟਮ ਸ਼ਕਤੀ ਤੀਕ ਪੁਜ ਗਈ ਹੈ। ਦੂਜੇ ਪਾਸੇ ਮਨੋ-ਵਿਗਿਆਨ ਨੂੰ ਮਹਾਨਤਾ ਦਿਤੀ ਜਾ ਰਹੀ ਹੈ । ਇਸ ਸਬੰਧੀ ਤਜਰਬੇ ਕੀਤੇ ਜਾ ਰਹੇ ਹਨ। ਮਾਨਸਿਕ ਸ਼ਕਤੀਆਂ ਬਾਰੇ ਪਛਮ ਦੀ ਨਵੀਨ ਖੋਜ ਦਾ ਸਿਟਾ ਇਹ ਹੈ ਕਿ ਮਨੁਖ ਜੋ ਕੁਝ ਚਾਹੇ, ਬਣ ਸਕਦਾ ਹੈ । ਮਨ ਦੀ ਸ਼ਕਤੀ ਸਰੀਰ ਤੇ ਰਾਜ ਕਰਦੀ ਹੈ । ਮਾਨਸਿਕ ਸ਼ਕਤੀ ਦੇ ਵਰਤਣ ਲਈ ਸਭ ਤੋਂ ਪਹਿਲੀ ਤੇ ਜ਼ਰੂਰੀ ਗਲ ਇਹ ਹੈ ਕਿ ਮਨ ਦੀ ਹਰ ਕ੍ਰਿਆ ਦਾ ਰੁਖ ਇਕ ਪਾਸੇ ਤੇ ਆਪਣੇ ਨਿਸ਼ਾਨੇ ਵਲ ਹੋਵੇ । ਇਹ ਕਦੀ ਕਦਾਈਂ ਨਾ ਹੋਵੇ, ਲਗਾਤਾਰ ਹੋਵੇ । ਉਹ ਆਦਮੀ ਜੀਵਨ ਵਿਚ ਸਫਲ ਨਹੀਂ ਹੋ ਸਕਦੇ, ਜਿਨ੍ਹਾਂ ਦਾ ਮਨ ਕਦੀ ਇਕ ਪਾਸੇ ਕੰਮ ਨਹੀਂ ਕਰਦਾ । ਮਨ ਦੀ ਸ਼ਕਤੀ ਨੂੰ ਵਰਤਣ ਲਈ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਕੀ ਚਾਹੁੰਦੇ ਹਾਂ ? ਕਿਸੇ ਆਦਰਸ਼ ਨੂੰ ਅਸੀਂ ਪੂਰਨ ਕਰਨਾ ਹੈ ? ਮਾਨਸਿਕ ਬਿਰਤੀਆਂ ਖਿੰਡ ਪੁੰਡ ਜਾਣ ਨਾਲ ਅਸਫਲਤਾ ਹੁੰਦੀ ਹੈ। ਕਾਮਯਾਬੀ ਦੀ ਘਟ ਆਸ ਹੋ ਸਕਦੀ ਹੈ। ਸਫਲਤਾ ਲਈ ਦ੍ਰਿੜ੍ਹਤਾ ਸ਼ਾਂਤੀ ਤੇ ਪਕੇ ਇਰਾਦੇ ਦੀ ਲੋੜ ਹੁੰਦੀ ਹੈ। ਮਨ ਦੀ ਸਹੀ ਵਰਤੋਂ ਇਹ ਹੈ ਕਿ ਇਸ ਨੂੰ ਸਦਾ ਉਸਾਰੂ ਕੰਮਾਂ ਵਿਚ ਲਾਈ ਰਖੋ। ਚੰਗੇ ਵਿਚਾਰਾਂ ਤੇ ਕੰਮਾਂ ਵਿਚ ਰੁਝੇ ਰਹੋ। ਜੇਕਰ ਆਪ ਕਿਸੇ ਗੱਲ ਨੂੰ ਆਦਰਸ਼ ਸਮਝਦੇ ਹੋ ਤਾਂ ਆਪਣੇ ਆਪ ਨੂੰ ਆਦਰਸ਼ਕ ਬਣਾਓ । ਢਹਿੰਦੀ ਕਲਾਂ ਦਾ ਖਿਆਲ ਮਨ ਵਿਚੋਂ ਕਢ ਦਿਓ। ਜੋ ਲੋਕ ਜੀਵਨ ਵਿਚ ਅਸਫਲ ਹੁੰਦੇ ਹਨ, ਉਨ੍ਹਾਂ ਦੀਆਂ ਮਾਨਸਿਕ ਸ਼ਕਤੀਆਂ ਸਹੀ ਸੇਧ ਵਲ ਕੰਮ ਨਹੀਂ ਕਰਦੀਆਂ। ਸੰਸਾਰ ਵਿਚ ਕਈ ਆਦਮੀ ਬਹੁਤ ਯੋਗਤਾ ਦੇ ਮਾਲਕ ਨਹੀਂ ਹੁੰਦੇ, ਪਰ ਉਹ ਜੀਵਨ ਵਿਚ ਸਫਲ ਹੁੰਦੇ ਹਨ। ਕਈ ਯੋਗ ਆਦਮੀ ਅਸਫਲ ਹੁੰਦੇ ਹਨ। ਇਸ ਦਾ ਕਾਰਨ ਮਨ ਦੀਆਂ ਸ਼ਕਤੀਆਂ ਦੀ ਸਹੀ ਵਰਤੋਂ ਹੈ। ਜਦ ਤੁਸੀਂ ਕਿਸੇ ਕੰਮ ਦੇ

ਕਰਨ ਲਈ ਮਨ ਬਣਾ ਲਵੋ, ਉਸ ਨੂੰ ਦਿਨ ਵਿਚ ਕਈ ਵੇਰ ਚਿੰਤਨ ਕਰੋ । ਮਨ ਨੂੰ ਉਸ ਦੇ ਕਰਨ ਲਈ ਪਰੇਰਨਾ ਕਰੋ । ਆਪਣੀਆਂ ਸਾਰੀਆਂ ਸ਼ਕਤੀਆਂ 'ਇਹ ਕੰਮ ਜ਼ਰੂਰ ਹੋਵੇ' ਤੇ ਲਗਾ ਦਿਉ । ਤੁਹਾਡੀਆਂ ਰੁਚੀਆਂ ਅਤੇ ਕਾਮਨਾਵਾਂ ਤੁਹਾਡੇ ਜੀਵਨ ਦਾ ਸ਼ਕਤੀਸ਼ਾਲੀ ਭਾਗ ਹਨ । ਚੰਗੇ ਹੋਣ ਲਈ ਤਸੱਵਰ ਉਚਾ ਰਖੋ । ਮਨ ਵਿਚ ਚੰਗੇ ਵਿਚਾਰ ਕਰੋ । ਤਾਕਤ, ਅਰੋਗਤਾ ਅਤੇ ਆਚਰਣ ਦੀ ਪਕਿਆਈ ਰਖੋ । ਦਿਮਾਗੀ ਤੌਰ ਤੇ ਸੁਚੇਤ ਰਹੋ । ਜੀਵਨ ਵਧਣ ਫੁਲਣ ਵਾਲੀ ਚੀਜ਼ ਹੈ । ਸਹੀ ਨਿਸ਼ਾਨਾ ਪ੍ਰਫੁਲਤ ਹੋਣ ਲਈ ਜ਼ਰੂਰੀ ਹਨ ।*

ਬਹੁਤ ਸਾਰੇ ਆਦਮੀ ਆਪਣੀਆਂ ਮਾਨਸਿਕ ਸ਼ਕਤੀਆਂ ਦੀ ਠੀਕ ਵਰਤੋਂ ਨਹੀਂ ਕਰਦੇ । ਉਹ ਸ਼ਕਤੀਆਂ ਨੂੰ ਕਮਜ਼ੋਰ ਕਰ ਲੈਂਦੇ ਹਨ । ਉਹ ਆਪਣੇ ਭਾਵਾ ਤੇ ਸੰਕਲਪਾਂ ਨੂੰ ਜਤਨ ਕਰਕੇ ਦ੍ਰਿੜ ਨਹੀਂ ਬਣਾਉਂਦੇ, ਉਹ ਕੰਮ ਕੋਈ ਹੋਰ ਕਰਦੇ ਹਨ ਤੇ ਬਣਨਾ ਕੁਝ ਹੋਰ ਚਾਹੁੰਦੇ ਹਨ । ਅਜਿਹੇ ਆਦਮੀ ਜੀਵਨ ਵਿਚ ਸਫਲਤਾ ਨਹੀਂ ਪ੍ਰਾਪਤ ਕਰ ਸਕਦੇ । ਸਫਲਤਾ ਦੀ ਆਸ ਰਖਣੀ ਤੇ ਮੂੰਹੋਂ ਕਹਿੰਦੇ ਰਹਿਣਾ 'ਦਸੋ ਕੀ ਕਰੀਏ' ਆਪਣੇ ਆਪ ਨੂੰ ਅਸਫਲ ਬਨਾਉਣਾ ਹੈ । ਜਾਣਾ ਪੂਰਬ ਹੋਵੇ ਤੇ ਰਾਹ ਪੱਛਮ ਦਾ ਫੜ ਲਈਏ ਤਾਂ ਟਿਕਾਣੇ ਕਿਸ ਤਰ੍ਹਾਂ ਪਹੁੰਚ ਸਕਦੇ ਹਾਂ ? ਅਜਿਹਾ ਕੋਈ ਪਦਾਰਥ ਨਹੀਂ ਜੋ ਨਿਰਾਸਤਾ ਵਿਚ ਵੀ ਤੁਹਾਡੇ ਵਲ ਖਿਚਿਆ ਹੋਇਆ ਆਵੇ ਤੁਸੀਂ ਗਰੀਬੀ ਦਾ ਖਿਆਲ ਕਰੋਗੇ, ਗਰੀਬ ਹੋ ਜਾਓਗੇ । ਚੰਗੀ ਹਾਲਤ ਤੋਂ ਵਿਚਾਰ ਕਰੋਗੇ, ਚੰਗੇ ਹੋ ਜਾਉਗੇ । ਰੋਗ ਨੂੰ ਹਰ ਵੇਲੇ ਯਾਦ ਕਰੋਗੇ, ਰੋਗੀ ਬਣ ਜਾਉਗੇ । ਮਨ ਨੂੰ ਅਰੋਗ ਬਣਾ ਦਿਉ, ਸਰੀਰਕ ਤੌਰ ਤੇ ਅਰੋਗ ਹੋ ਜਾਉਗੇ । ਜਿਸ ਤਰ੍ਹਾਂ ਸੂਰਜ ਦੇ ਪ੍ਰਕਾਸ਼ ਨਾਲ ਸਾਰੀ ਬਨਾਸਪਤੀ ਪ੍ਰਫੁਲਤ ਹੁੰਦੀ ਹੈ । ਇਸੇ ਤਰ੍ਹਾਂ ਆਸ਼ਾਵਾਦੀ ਹੋਣਾ ਜੀਵਨ ਨੂੰ ਸ਼ਕਤੀ ਦੇਣਾ ਹੈ । ਆਸ਼ਾਵਾਦ ਮਨੁੱਖ ਜੀਵਨ ਲਈ ਇਕ ਅੰਮ੍ਰਿਤ ਹੈ । ਇਹ ਸਾਡੇ ਜੀਵਨ ਨੂੰ ਸਫਲ ਤੇ ਸੁਹਾਵਣਾ ਬਣਾਉਂਦਾ ਹੈ ।()

---

*ਯੂਅਰ ਫੋਰਸਜ਼ ਐਂਡ ਹਾਊ ਟੂ ਯੂਜ਼ ਦੇਮ, ਲਿਖਤ ਡੀ, ਲਾਰਸਨ ।

()ਮਿਰੇਕਲਜ਼ ਆਫ ਥਾਟਸ, ਲਿਖਤ ਮਾਰਗਡਨ ।

ਪਾਵਨ ਗੁਰਬਾਣੀ ਦਸਦੀ ਹੈ—

(੧) ਸਾਈ ਵਸਤ ਪ੍ਰਾਪਤ ਹੋਈ ਜਿਸ ਸੇਤੀ ਮਨ ਲਾਇਆ ॥

(੨) ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ ॥
ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ ॥

(ਵਾਰ ਸੂਹੀ ਮ: ੨)

'ਜਿਸ ਤਰ੍ਹਾਂ ਚੁੰਬਕ ਰੇਤ ਵਿਚੋਂ ਲੋਹੇ ਦੇ ਕਿਣਕਿਆਂ ਨੂੰ ਖਿਚ ਲੈਂਦਾ ਹੈ, ਇਸੇ ਤਰ੍ਹਾਂ ਮਨੁੱਖ ਆਪਣੀ ਮਾਨਸਕ ਸ਼ਕਤੀ ਨਾਲ ਸੰਸਾਰ ਦੇ ਪਦਾਰਥਾਂ ਨੂੰ ਪ੍ਰਾਪਤ ਕਰ ਸਕਦਾ ਹੈ, ਮਨ ਨੂੰ ਬਲਵਾਨ ਬਨਾਉਣ ਲਈ ਦਲੇਰੀ, ਦ੍ਰਿੜ, ਸੰਕਲਪ, ਵਿਸ਼ਵਾਸ, ਭਰੋਸਾ, ਪ੍ਰਸੰਨਤਾ, ਖੁਸ਼ੀ ਤੇ ਸ਼ੁਭ ਇਛਾ ਜ਼ਰੂਰੀ ਹਨ। ਮਨ ਨੂੰ ਢਹਿੰਦੀਆਂ ਕਲਾ ਵਿਚ ਲੈ ਜਾਣ ਵਾਲੀਆਂ ਇਹ ਚੀਜ਼ਾਂ ਹਨ—ਕਲਪਨਾ, ਈਰਖਾ, ਡਰ, ਉਦਾਸੀ, ਨਿਰਾਸਤਾ, ਪਰੇਸ਼ਾਨੀ, ਘਬਰਾਹਟ, ਕਾਹਲੀ ਅ ਦਿਕ। ਪਹਿਲੇ ਗੁਣਾਂ ਨੂੰ ਧਾਰਨ ਕਰਨਾ ਮਾਨਸਿਕ ਸ਼ਕਤੀਆਂ ਨੂੰ ਵਧਾਉਂਦਾ ਹੈ। ਦੂਸਰੇ ਅਉਗਣਾਂ ਦਾ ਵਧਾਣਾ ਮਨ ਨੂੰ ਨੀਵਾਂ ਕਰਦਾ ਹੈ।* ਸਵੈ-ਪਰੇਰਨਾ **(Autosuggestion)** ਤੇ ਇਕਾਗਰਤਾ ਦਾ ਮਨ ਤੇ ਬੜਾ ਅਸਰ ਪੈਂਦਾ ਹੈ।

ਬਹੁਤ ਸਾਰੇ ਆਦਮੀ ਨਿਰਬਲ ਮਨ ਹੋਣ ਕਰਕੇ ਰੋਗੀ ਹੋ ਜਾਂਦੇ ਹਨ। ਕਈ ਬਲਵਾਨ ਮਨ ਦੇ ਕਾਰਨ ਭਿਆਨਕ ਰੋਗਾਂ ਤੋਂ ਬਚ ਜਾਂਦੇ ਹਨ। ਕਈ ਮਨ ਦੀ ਸ਼ਕਤੀ ਨਾਲ ਦੂਜਿਆਂ ਨੂੰ ਰਾਜ਼ੀ ਕਰ ਦੇਂਦੇ ਹਨ। ਦ੍ਰਿੜ ਵਿਸ਼ਵਾਸ ਨਾਲ ਮਾਨਸਿਕ ਸ਼ਕਤੀ ਬਹੁਤ ਵਧਦੀ ਹੈ। ਸਫਲਤਾ ਪ੍ਰਾਪਤ ਹੁੰਦੀ ਹੈ। ਢਹਿੰਦੀ ਕਲਾ ਦੇ ਵਿਚਾਰਾਂ ਤੋਂ ਮਨ ਨੂੰ ਰੋਕਦਾ ਅਤੇ ਚੰਗੇ ਖਿਆਲਾਂ ਵਲ ਉਸ ਨੂੰ ਲਾਉਣਾ ਜਾਂ ਕਿਸੇ ਇਕ ਨੁਕਤੇ ਉਤੇ ਇਕਾਗਰ ਕਰਨਾ ਬਹੁਤ ਅਸਰ ਪੈਦਾ ਕਰਦਾ ਹੈ। ਜਿਸ ਮਨੁੱਖ ਦਾ

---

*ਆਰਟ ਆਫ ਲਿਵਿੰਗ, ਫ੍ਰੇਡ ਆਰਥਰ ਲਾਵਲ।

ਤਸੱਵਰ ਨੀਵਾਂ ਹੋਵੇ, ਉਹ ਕਦੀ ਉਚਾ ਨਹੀਂ ਹੋ ਸਕਦਾ। ਮਨੁੱਖ ਦਾ ਸੁਭਾਵ ਹੈ ਕਿ ਉਹ ਜ਼ਿੰਦਗੀ ਵਿਚ ਉਨਤੀ ਕਰੇ ਜਾਂ ਅਧੋਗਤੀ ਵਲ ਜਾਵੇ। ਇਕ ਹਾਲਤ ਵਿਚ ਮਨ ਦਾ ਸਥਿਰ ਰਹਿਣਾ ਕਠਨ ਹੈ। ਸਾਰੇ ਵਡੇ ਕੰਮਾਂ ਦੇ ਜਨਮ ਦਾਤਾ ਦ੍ਰਿੜ ਸੰਕਲਪ ਹਨ। ਮਨੋ ਵਿਗਿਆਨਕਾਂ ਦੀ ਰਾਇ ਹੈ ਕਿ ਖਿਆਲ ਦੋ ਤਰ੍ਹਾਂ ਦੇ ਹੁੰਦੇ ਹਨ ਇਕ ਉਹ ਹਨ, ਜੋ ਆਪਣੇ ਮਨ ਵਿਚ ਪੈਦਾ ਹੁੰਦੇ ਹਨ। ਦੂਸਰੇ ਉਹ ਹਨ—ਜੋ ਅਸੀਂ ਦੂਜਿਆਂ ਪਾਸੋਂ ਲੈਂਦੇ ਹਾਂ। ਆਪਣੇ ਮਨ ਵਿਚ ਪੈਦਾ ਹੋਏ ਖਿਆਲ ਬਲਵਾਨ ਹੁੰਦੇ ਹਨ, ਅਤੇ ਦੂਸਰੇ ਨਿਰਬਲ। ਖਿਆਲ ਦੀ ਨੀਂਹ ਹਮੇਸ਼ਾਂ ਪਕੀ ਰਖੋ, ਕਿਉਂਕਿ ਇਸ ਤੇ ਆਚਰਣ ਦੀ ਉਸਾਰੀ ਹੁੰਦੀ ਹੈ। ਜੇਕਰ ਤੁਸੀਂ ਕੁਝ ਸੋਚਦੇ ਹੋ, ਉਹ ਸੱਚ ਦਾ ਰੂਪ ਹੋ ਜਾਓ। ਕੰਮ ਕਰਦੇ ਹੋ, ਤਾਂ ਕੰਮ ਵਿਚ ਲੀਨ ਹੋ ਜਾਓ। ਇਹੀ ਸਫਲਤਾ ਦੀ ਕੁੰਜੀ ਹੈ।

ਵਰਤਮਾਨ ਸਮੇਂ ਵਿਚ ਮਨੋ-ਵਿਗਿਆਨਕਾਂ ਨੇ ਤਜਰਬਾ ਕਰਕੇ ਸਾਬਤ ਕੀਤਾ ਹੈ ਕਿ ਖਿਆਲਾਂ ਦੇ ਵੀ ਰੂਪ ਹੁੰਦੇ ਹਨ। ਲੋਭ ਸਮੇਂ ਖਿਆਲ ਦਾ ਰੂਪ ਸ਼ੇਰ ਦੀ ਮੁਛ ਦੇ ਵਾਲਾਂ ਵਾਂਗੂ ਹੁੰਦਾ ਹੈ। ਕਰੋਧ ਸਮੇਂ ਕਾਲੇ ਬਦਲਾਂ ਦੀ ਸ਼ਕਲ ਦਾ। ਵਿਰੋਧੀ ਖਿਆਲਾਂ ਦੀ ਸ਼ਕਲ ਸੱਪ ਵਾਂਗੂ ਅਤੇ ਬਦਲਾ ਲੈਣ ਵੇਲੇ ਤੇਜ਼ ਖੰਜਰ ਦੀ ਤਰ੍ਹਾਂ ਹੁੰਦੀ ਹੈ। ਭਗਤੀ, ਪਰੇਮ, ਸ਼ਾਂਤੀ ਤੇ ਉਪਕਾਰ ਦੇ ਭਾਵਾਂ ਸਮੇਂ ਇਹਨਾਂ ਦੀ ਸ਼ਕਲ ਖਿੜੇ ਹੋਏ ਕੰਵਲ ਫੁਲ ਵਾਂਗੂ ਹੁੰਦੀ ਹੈ। ਬਾਣੀ ਵਿਚ ਆਇਆ ਹੈ—'ਪ੍ਰਗਾਸ ਭਇਆ ਕਉਲ ਖਿਲਿਆ' ਇਹ ਸਹੀ ਹੈ। ਇਕ ਡਾਕਟਰ ਕਲੀਨਰ ਐਮ. ਡੀ. ਨੇ ਸਾਬਤ ਕੀਤਾ ਹੈ ਕਿ ਹਰੇਕ ਆਦਮੀ ਦੇ ਚੇਹਰੇ ਦੁਆਲੇ ਖਿਆਲਾਂ ਦੇ ਪ੍ਰਕਾਸ਼ ਦਾ ਇਕ ਘੇਰਾ (ਹਾਲਾ) ਹੁੰਦਾ ਹੈ। ਉਹ ਮਾਨਸਿਕ ਅਵਸਥਾ ਦਾ ਪ੍ਰਭਾਵ ਹੁੰਦਾ ਹੈ। ਮਹਾਂ ਪੁਰਖਾਂ ਦੇ ਮੁਖੜੇ ਦੇ ਗਿਰਦ ਸਵਛ ਅਤੇ ਮਨੋਹਰ 'ਪ੍ਰਕਾਸ਼ ਚੱਕਰ' ਹੁੰਦਾ ਹੈ। ਇਹ ਤਿੰਨ ਤਰ੍ਹਾਂ ਦਾ ਹੁੰਦਾ ਹੈ—

(੧) ਸਫੇਦ, (੨) ਗੁਲਾਬੀ ਤੇ ਨੀਲਾ, (੩) ਕਈ ਰੰਗ ਮਿਲੇ

ਹੋਏ ਹੁੰਦੇ ਹਨ।"* ਇਹ ਕੇਵਲ ਚਿਤਰਕਾਰਾਂ ਦੀ ਕਲਪਨਾ ਨਹੀਂ, ਅਸਲ ਵਿਚ ਹੁੰਦਾ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪਵਿੱਤਰ ਖਿਆਲ ਕਿਤਨੇ ਤਾਕਤਵਰ ਹੁੰਦੇ ਹਨ, ਜਿਨ੍ਹਾਂ ਦਾ ਪ੍ਰਕਾਸ਼ ਚਿਹਰੇ ਤੋਂ ਪ੍ਰਗਟ ਹੁੰਦਾ ਹੈ।

ਪੱਛਮੀ ਮਨੋ ਵਿਗਿਆਨਕ ਮਨੁੱਖ ਤੇ ਉਸ ਦੇ ਮਨ ਨੂੰ ਹੀ ਸਾਰੀਆਂ ਸ਼ਕਤੀਆਂ ਦਾ ਕੇਂਦਰ ਸਮਝਦੇ ਹਨ। ਉਹ ਕਹਿੰਦੇ ਹਨ, 'ਸਾਰੀ ਰਚਨਾ ਵਿਚ ਮਨੁੱਖ ਹੀ ਸ਼ਰੋਮਣੀ ਹੈ।' ਸਿੱਖੀ ਨੇ ਇਹ ਮੰਨਿਆ ਹੈ ਕਿ ਮਨੁੱਖ ਸਾਰੀਆਂ ਜੂਨਾਂ ਤੋਂ ਉੱਤਮ ਤੇ ਸ੍ਰਦਾਰ ਹੈ। ਪਰ ਸਾਰੀਆਂ ਸ਼ਕਤੀਆਂ ਦਾ ਕੇਂਦਰ ਨਹੀਂ। ਨਾ ਹੀ ਇਸ ਦਾ ਮਨ ਆਪਣੇ ਆਪ ਚੜ੍ਹਦੀ ਕਲਾ ਵਿਚ ਰਹਿ ਸਕਦਾ ਹੈ। ਇਸ ਲਈ 'ਨਾਨਕ ਨਾਮ ਚੜ੍ਹਦੀ ਕਲਾ' ਕਿਹਾ ਹੈ। ਸ਼ਕਤੀਆਂ ਦਾ ਕੇਂਦਰ ਵਾਹਿਗੁਰੂ ਹੈ,ਜਿਸ ਨਾਲ ਜੁੜਕੇ ਮਨੁੱਖ ਦਾ ਮਨ ਬਲਵਾਨ ਹੋ ਸਕਦਾ ਹੈ। ਜਿਸ ਤਰ੍ਹਾਂ ਕਿਸੇ ਫੁਹਾਰੇ ਦਾ ਪਾਣੀ ਟਾਂਕੀ ਵਿਚੋਂ ਆਉਂਦਾ ਹੈ, ਇਸੇ ਤਰ੍ਹਾਂ ਮਨ ਦੀਆਂ ਸ਼ਕਤੀਆਂ ਦਾ ਸੋਮਾ ਸ੍ਰੀ ਵਾਹਿਗੁਰੂ ਹੈ। ਉਸ ਨਾਲ ਜੁੜਨ ਕਰਕੇ ਸਹੀ ਸ਼ਕਤੀਆਂ ਪੈਦਾ ਹੁੰਦੀਆਂ ਹਨ ਅਤੇ ਉਹਨਾਂ ਦੀ ਵਰਤੋਂ ਸਹੀ ਹੁੰਦੀ ਹੈ।

ਹਿੰਦੁਸਤਾਨ ਵਿਚ ਮਾਨਸਿਕ ਸ਼ਕਤੀਆਂ ਪ੍ਰਾਪਤ ਕਰਨ ਲਈ ਜਪ ਤਪ, ਸੰਜਮ ਅਤੇ ਯੋਗ ਦੇ ਸਾਧਨ ਕੀਤੇ ਗਏ ਹਨ। ਪੱਛਮ ਵਿਚ ਉਸਾਰੂ ਅਤੇ ਢਾਹੂ ਮਨੋ ਬ੍ਰਿਤੀਆਂ ਦੀ ਛਾਣ ਬੀਣ ਕਰਕੇ ਉਸਾਰੂ ਬ੍ਰਿਤੀਆਂ ਰਾਹੀਂ ਮਾਨਸਿਕ ਸ਼ਕਤੀ ਵਧਾਉਣੀ ਦਸੀ ਹੈ। ਯੋਗ ਦੇ ਸਾਧਨ ਕਰਕੇ ਮਨੁੱਖ ਰਿਧੀਆਂ ਸਿਧੀਆਂ ਤੇ ਨਿਰ ਵਿਕਲਪ ਸਮਾਧੀ ਪ੍ਰਾਪਤ ਕਰਦਾ ਹੈ। ਪੱਛਮ ਦੀ ਮਨ ਦੀ ਇਕਾਗਰਤਾ ਮੈਸਮਰੇਜ਼ਮ ਅਤੇ ਹਿਪਨਾਟਇਜ਼ਮ ਤਕ ਪੁਜੀ ਹੈ। ਇਹਨਾਂ ਦੋਹਾਂ ਗਲਾਂ ਦਾ ਵਰਣਨ ਅਗੇ ਚਲਕੇ 'ਕਰ ਮਾਤ' ਦੇ ਪ੍ਰਕਰਣ ਵਿਚ ਕਰਾਂਗੇ। ਇਥੇ ਇਤਨਾ ਹੀ ਕਹਿਣਾ ਚਾਹੁੰਦੇ ਹਾਂ ਕਿ ਗੁਰਮਤਿ ਵਿਚ ਮਨ ਦੀ ਸ਼ਕਤੀ ਤੋਂ ਇਨਕਾਰ ਨਹੀਂ

---

*ਮਸਤਾਨਾ ਜੋਗੀ, ਜੂਨ ੧੯੩੧

ਕੀਤਾ ਪਰ ਚੜ੍ਹਦੀ ਕਲਾ ਦਾ ਕਾਰਨ ਤੇ ਸੋਮਾ ਸਰਬ ਕਲਾ ਸਮਰਥ ਸ੍ਰੀ ਵਾਹਿਗੁਰੂ ਅਤੇ ਗੁਰੂ ਨਾਲ ਜੁੜਨਾ ਮੰਨਿਆ ਹੈ।

ਸ੍ਰੀ ਗੁਰੂ ਅਮਰਦਾਸ ਜੀ ਨੇ ਬਿਰਧ ਅਵਸਥਾ ਵਿਚ ਗੁਰੂ ਦੀ ਸੇਵਾ ਸ਼ੁਰੂ ਕੀਤੀ, ਪਰ ਚੜ੍ਹਦੀ ਕਲਾ ਵਿਚ ਸੀ। ਆਪ ਕਹਿੰਦੇ ਹਨ—

ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ ॥
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ॥
ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ ॥
ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ ॥
(੧੪੧੮)

ਮਨਮੁਖਿ ਜਵਾਨੀ ਵਿਚ ਵੀ ਬੁਢੇ ਹਨ—

ਮਨਮੁਖੁ ਬਾਲਕੁ ਬਿਰਧਿ ਸਮਾਨਿ ਹੈ,
ਜਿਨਾ ਅੰਤਰਿ ਹਰਿ ਸੁਰਤਿ ਨਾਹੀ ॥
(੧੪੧੮)

ਇਕ ਪੱਛਮੀ ਵਿਦਵਾਨ ਦਾ ਕਥਨ ਹੈ—

Youth is not a state of life,
it is a state of mind

ਭਾਵ—ਜਵਾਨੀ 'ਸਰੀਰ ਦੀ ਹਾਲਤ ਦਾ ਨਾਂ ਨਹੀਂ', ਬਲਕਿ ਮਨ ਦੀ ਅਵਸਥਾ ਦਾ ਨਾਂ ਹੈ।

ਪ੍ਰਹਿਲਾਦ ਦੀ ਬਾਬਤ ਇਤਿਹਾਸ ਵਿਚ ਲਿਖਿਆ ਹੈ ਕਿ ਹਰਨਾਕਸ਼ ਨੇ ਉਸ ਨੂੰ ਹਾਥੀ ਅਗੇ ਸੁਟਿਆ, ਪਹਾੜ ਤੋਂ ਡੇਗਿਆ,

ਅੱਗ ਵਿਚ ਪਾਇਆ ਪਰ ਉਹ ਫਿਰ ਵੀ ਨਹੀਂ ਡੋਲਿਆ। ਕਬੀਰ ਜੀ ਦੇ ਹੱਥ ਪੈਰ ਬੰਨ੍ਹ ਕੇ ਸਿਕੰਦਰ ਲੋਧੀ ਨੇ ਗੰਗਾ ਵਿਚ ਸੁਟਣ ਦਾ ਹੁਕਮ ਦਿਤਾ। ਉਸ ਵਕਤ ਆਪ ਨੇ ਕਿਹਾ—

ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥
ਚਰਨ ਕਮਲ ਚਿਤੁ ਰਹਿਓ ਸਮਾਇ ॥

(੧੧੬੨)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਵਿੱਤਰ ਜੀਵਨ, ਰਹਿਤ ਅਤੇ ਬਾਣੀ ਚੜ੍ਹਦੀ ਕਲਾ ਦਾ ਸੁੰਦਰ ਨਮੂਨਾ ਹਨ।

o

੨੨.

ਪੰਜ ਵਿਸ਼ੇ ਵਿਕਾਰ

ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ

ਮਨੁੱਖੀ ਸਰੀਰ ਜਿਥੇ ਪੰਜਾਂ ਤਤਾਂ ਦਾ ਬਣਿਆ ਹੋਇਆ ਹੈ, ਤੇ ਇਸ ਵਿਚ ਮਨ, ਬੁੱਧੀ, ਚਿਤ ਅਤੇ ਹੰਕਾਰ ਆਦਿਕ ਹਨ, ਉਥੇ ਨਾਲ ਹੀ ਇਸ ਵਿਚ ਪੰਜ ਵਿਸ਼ਿਆਂ ਦੀ ਪ੍ਰਧਾਨਤਾ ਹੈ। ਇਹਨਾਂ ਨੂੰ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਕਹਿੰਦੇ ਹਨ । ਇਹ ਪੰਜ ਜਜ਼ਬੇ ਹਨ, ਜਿਨ੍ਹਾਂ ਤੇ ਮਨੁੱਖ ਕਾਬੂ ਨਾ ਰਖ ਸਕੇ ਤਾਂ ਇਹ ਵਿਕਾਰ ਬਣ ਜਾਂਦੇ ਹਨ । ਇਿਹਨਾਂ ਨਾਲ ਮਨੁਖ ਜੀਵਨ ਵਿਚ ਕਈ ਤਰ੍ਹਾਂ ਦੀਆਂ ਕਮਜ਼ੋਰੀਆਂ ਆ ਜਾਂਦੀਆਂ ਹਨ। ਪਵਿੱਤਰ ਤੇ ਸਮਾਜਕ ਜੀਵਨ ਲਈ ਇਹਨਾਂ ਦਾ ਕਾਬੂ ਰਖਣਾ ਜ਼ਰੂਰੀ ਹੈ । ਪਸ਼ੂਆਂ ਤੇ ਮਨੁੱਖ ਵਿਚਕਾਰ ਇਹੀ ਫਰਕ ਹੈ ਕਿ ਪਸ਼ੂ ਆਪਣੀਆਂ ਕਾਮਨਾਵਾਂ ਤੇ ਕਾਬੂ ਨਹੀਂ ਰਖ ਸਕਦੇ, ਮਨੁੱਖ ਸਭੈ ਕਾਬੂ ਰਖ ਸਕਦਾ ਹੈ । ਹਿੰਦੁਸਤਾਨ ਦੇ ਆਤਮ ਗਿਆਨੀ ਅਤੇ ਤੱਤ ਵੇਤਾ ਪੁਰਸ਼ਾਂ ਨੇ ਕਾਮ, ਕਰੋਧ ਆਦਿਕ ਨੂੰ ਵਿਸ਼ੇ ਇਸ ਲਈ ਕਿਹਾ ਹੈ ਕਿ ਇਹ ਬਹੁਤ ਤੇਜ ਹਨ। ਵਿਸ਼ੇ ਅਰਥਾਤ ਜ਼ਹਿਰ ਦੀ ਤਰ੍ਹਾਂ ਅਸਰ ਕਰਦੇ ਹਨ, ਆਮ ਜ਼ਹਿਰ ਖਾਣ ਨਾਲ ਅਸਰ ਹੁੰਦਾ ਹੈ, ਪਰ ਕਾਮ, ਕਰੋਧ, ਲੋਭ ਮੋਹ ਦੇ ਚਿਤਵਨ ਨਾਲ ਹੀ ਮਨ ਉਤੇ ਅਸਰ ਹੁੰਦਾ ਹੈ, ਇਸ ਲਈ ਇਹਨਾਂ ਨੂੰ ਵਿਸ਼ੇ ਕਿਹਾ ਗਿਆ ਹੈ। ਕਿਸੇ ਸੁੰਦਰ ਇਸਤਰੀ ਦਾ ਖਿਆਲ ਹੀ ਆਦਮੀ ਦੇ ਮਨ ਨੂੰ ਵਿਕਾਰੀ ਬਣਾ ਦਿੰਦਾ ਹੈ । ਲੋਭ ਦੇ ਤਸੱਵਰ

ਵਿਚ ਹੀ ਮਨੁੱਖ ਹਲਕਾ ਹੋ ਜਾਂਦਾ ਹੈ । ਦੁਸ਼ਮਨ ਦੀ ਯਾਦ ਆਉਣ ਨਾਲ ਹੀ ਕਰੋਧ ਦੀ ਅੱਗ ਵਿਚ ਸੜਨ ਲਗ ਪੈਂਦਾ ਹੈ। ਮੋਹ ਵਿਚ ਮਗਨ ਹੋ ਕੇ ਪਿਆ ਤੜਫਦਾ ਹੈ ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਵਿਚ ਇਹਨਾਂ ਪੰਜਾਂ ਵਿਕਾਰਾਂ ਤੋਂ ਬਚਣ ਲਈ ਬੜਾ ਜ਼ੋਰ ਦਿਤਾ ਗਿਆ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ—

ਅਵਰਿ ਪੰਚ ਹਮ ਏਕ ਜਨਾ
ਕਿਉ ਰਾਖਉ ਘਰ ਬਾਰੁ ਮਨਾ ॥
ਮਾਰਹਿ ਲੂਟਹਿ ਨੀਤ ਨੀਤ
ਕਿਸੁ ਆਗੈ ਕਰੀ ਪੁਕਾਰ ਜਨਾ ॥੧॥

(ਗਉੜੀ ਮ: ੧) (੧੫੫)

ਭਾਵ—ਜੀਵ ਇਕ ਹੈ । ਇਸ ਨੂੰ ਲੁਟਣ ਵਾਲੇ ਪੰਜ ਕਾਮ, ਕਰੋਧ ਆਦਿਕ ਹਨ। ਇਹ ਜੀਵਨ ਦੀ ਰਾਸ ਪੂੰਜੀ ਨੂੰ ਰੋਜ਼ ਲੁਟਦੇ ਹਨ। ਕਿਸ ਪਾਸ ਪੁਕਾਰ ਕੀਤੀ ਜਾਵੇ ? ਪੰਚਮ ਪਾਤਸ਼ਾਹ ਫੁਰਮਾਉਂਦੇ ਹਨ—

ਚਾਰ ਬਰਨ ਚਉਹਾ ਕੇ ਮਰਦਨ
ਖਟੁ ਦਰਸਨ ਕਰ ਤਲੀ ਰੇ ॥
ਸੁੰਦਰ ਸੁਘਰ ਸਰੂਪ ਸਿਆਨੇ
ਪੰਚਹੁ ਹੀ ਮੋਹਿ ਛਲੀ ਰੇ ॥ ੧ ॥
ਜਿਨਿ ਮਿਲਿ ਮਾਰੇ ਪੰਚ ਸੂਰਬੀਰ
ਐਸੋ ਕਉਨੁ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿਓ ਦਾਰੇ
ਸੋ ਪੂਰਾ ਇਹ ਕਲੀ ਰੇ ॥ ੧ ॥ (੪੦੪)

(ਆਸਾ ਮ: ੫)

ਭਾਵ—ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਚਹੁੰਆਂ ਵਰਣਾਂ ਦੇ ਚੰਗੇ ਆਦਮੀ, ਜਿਹਨਾਂ ਦੇ ਹੱਥ ਵਿਚ ਛੇ ਸ਼ਾਸਤਰ ਹਨ, ਬੜੇ ਸਿਆਣੇ

ਅਤੇ ਚਤੁਰ ਪੁਰਸ਼ਾਂ ਨੂੰ ਵੀ ਇਹਨਾਂ ਪੰਜਾਂ ਨੇ ਛਲ ਲਿਆ ਹੈ। ਐਸਾ ਬਲੀ ਪੁਰਸ਼ ਕੌਣ ਹੈ, ਜਿਸ ਨੇ ਇਹਨਾਂ ਨੂੰ ਜਿਤਿਆ ਹੈ ? ਜਿਸ ਨੇ ਇਹ ਜਿਤੇ ਹਨ, ਉਹੀ ਸੂਰਮਾ ਹੈ।

ਭਗਤ ਰਵਿਦਾਸ ਜੀ ਕਹਿੰਦੇ ਹਨ—

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥

(ਆਸਾ) (੪੮੬)

ਭਾਵ—ਹਰਨ ਨੂੰ ਕੰਨਾਂ ਦਾ ਰਸ, ਮੱਛੀ ਨੂੰ ਜੀਭ ਦਾ ਸੁਆਦ, ਭੌਰੇ ਨੂੰ ਸੁੰਘਣ ਦਾ ਰੋਗ, ਪਤੰਗੇ ਨੂੰ ਦੇਖਣ ਦਾ ਸ਼ੌਕ, ਹਾਥੀ ਨੂੰ ਕਾਮ ਦਾ ਰਸ। ਇਹ ਇਕ ਇਕ ਰੋਗ ਕਰਕੇ ਦੁਖੀ ਹੁੰਦੇ ਹਨ । ਪਰ ਮਨੁੱਖ ਵਿਚ ਇਹ ਪੰਜੇ ਹਨ। ਇਸ ਦੇ ਬਚਾਉ ਦੀ ਕੀ ਆਸ ਹੋ ਸਕਦੀ ਹੈ ? ਭਾਈ ਗੁਰਦਾਸ ਜੀ ਨੇ ਵੀ ਇਸ ਖਿਆਲ ਨੂੰ ਇਉਂ ਕਥਨ ਕੀਤਾ ਹੈ—

ਗਜ ਮ੍ਰਿਗ ਮੀਨ ਪਤੰਗ ਅਲਿ ਇਕਤ ਇਕਤ ਰੋਗ ਪਚੰਦੇ।
ਮਾਣਸ ਦੇਹੀ ਪੰਜ ਰੋਗ ਪੰਜੇ ਦੂਤ ਕਸੂਤ ਕਰੰਦੇ।

ਹੁਣ ਅਸੀਂ ਪੰਜਾਂ ਵਿਸ਼ਿਆਂ ਦਾ ਵਰਣਨ ਕਰਮ ਅਨੁਸਾਰ ਕਰਦੇ ਹਾਂ।

ਕਾਮ ਕੀ ਹੈ ?

ਕਾਮ ਸਭ ਤੋਂ ਤੇਜ਼ ਅਤੇ ਰਸਦਾਇਕ ਜਜ਼ਬਾ ਹੈ, ਜੋ ਮਨੁੱਖਾਂ ਪਸ਼ੂਆਂ ਪੰਛੀਆਂ ਸਭ ਤੇ ਅਸਰ ਕਰਦਾ ਹੈ। ਹਿੰਦੁਸਤਾਨ ਦੇ ਮਹਾਂਪੁਰਸ਼ਾਂ ਨੇ ਇਸ ਨੂੰ ਵਧੇਰੇ ਨਿੰਦਿਆ ਹੈ। ਗੁਰੂ ਸਾਹਿਬ ਨੇ ਬਾਣੀ ਵਿਚ ਕਾਮ ਦਾ ਜ਼ਿਕਰ ਕੀਤਾ ਹੈ, ਪਰ ਵਧੇਰੇ ਹੰਕਾਰ ਦਾ ਤਿਆਗ ਦਸਿਆ ਹੈ। ਕਾਮ ਦੇ ਅਰਥ ਹਨ—ਲਿੰਗ ਵਾਸ਼ਨਾ, ਭੋਗ ਬਿਲਾਸ ਦੀ ਵਧੀ ਹੋਈ ਇਛਿਆ। ਪੰਚਮ ਪਾਤਸ਼ਾਹ ਫੁਰਮਾਉਂਦੇ ਹਨ—

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥
ਚਿਤ ਹਰਣੰ ਤ੍ਰੈ ਲੋਕ ਗੰਮ੍ਯੰ ਜਪ ਤਪ ਸੀਲ ਬਿਦਾਰਣਹ॥
ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥
ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ॥੪੬॥

(੧੩੫੮)

ਭਾਵ—ਨਰਕ ਵਿਚ ਵਾਸਾ ਦਿਵਾਉਣ ਵਾਲੇ ਹੇ ਕਾਮ ! ਤੂੰ ਮਨੁੱਖ ਨੂੰ ਜੂਨਾਂ ਵਿਚ ਭਰਮਾਉਂਦਾ ਹੈਂ। ਚਿਤ ਨੂੰ ਹਰਨ ਵਾਲੇ, ਤੇਰੀ ਪਹੁੰਚ ਤਿੰਨਾਂ ਲੋਕਾਂ ਤਕ ਹੈ। ਤੂੰ ਜਪ, ਤਪ ਤੇ ਸੀਲ ਨੂੰ ਨਾਸ ਕਰ ਦਿੰਦਾ ਹੈਂ। ਥੋੜ੍ਹਾ ਸੁਖ ਦੇਣ ਵਾਲਾ ਅਤੇ ਅਵਿਤ ਧਨ ਹੀਣ ਤੇ ਚੰਚਲ ਬਨਾਉਣ ਵਾਲਾ ਹੈਂ। ਊਚ ਨੀਚ ਸਭ ਨੂੰ ਇਕੋ ਜਿਹਾ ਦੁਖ ਦੇਣ ਵਾਲਾ ਹੈਂ। ਤੇਰੇ ਡਰ ਨੂੰ ਸਾਧ ਸੰਗਤ ਤੇ ਵਾਹਿਗੁਰੂ ਦੀ ਓਟ ਨਾਲ ਦੂਰ ਕੀਤਾ ਜਾ ਸਕਦਾ ਹੈ। ਫਿਰ ਫੁਰਮਾਉਂਦੇ ਹਨ—

ਨਿਮਖ ਕਾਮ ਸੁਆਦ ਕਾਰਣਿ
ਕੋਟਿ ਦਿਨਸ ਦੁਖੁ ਪਾਵਹਿ ॥
ਘਰੀ ਮੁਹਤ ਰੰਗ ਮਾਣਹਿ
ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥੧॥

(ਆਸਾ ਮ: ੫) (੪੦੩)

ਨੌਵੇਂ ਪਾਤਸ਼ਾਹ ਕਹਿੰਦੇ ਹਨ—

ਪਾਪੀ ਹੀਅ ਮਹਿ ਕਾਮੁ ਬਸਾਇ ॥
ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ਰਹਾਉ॥
ਜੋਗੀ ਜੰਗਮ ਅਰੁ ਸੰਨਿਆਸ ॥
ਸਭ ਹੀ ਪਰਿ ਡਾਰੀ ਇਹ ਫਾਸ ॥੧॥

(ਬਸੰਤ ਮ: ੯) (੧੧੮੬)

ਕਬੀਰ ਜੀ ਕਹਿੰਦੇ ਹਨ—

ਇਸੁ ਤਨ ਮਨ ਮਧੇ ਮਦਨ ਚੋਰ ॥
ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥

(੧੧੯੪)

ਭਾਵ—ਕਾਮ ਇਸ ਸਰੀਰ ਵਿਚ ਚੋਰ ਹੈ, ਜੋ ਗਿਆਨ ਰਤਨ ਨੂੰ ਚੁਰਾ ਲੈਂਦਾ ਹੈ। ਇਤਿਹਾਸ ਦਸਦਾ ਹੈ ਕਿ ਬੜੇ ਬੜੇ ਹਠੀ, ਜਪੀ, ਤਪੀ, ਰਿਸ਼ੀ ਅਤੇ ਯੋਗੀ ਇਸ ਦੇ ਅਸਰ ਤੋਂ ਨਹੀਂ ਬਚ ਸਕੇ। ਹਿੰਦੁਸਤਾਨੀ ਚਿਤਰਕਾਰਾਂ ਨੇ ਕਾਮ ਨੂੰ ਇਕ ਸੁੰਦਰ ਬੱਚੇ ਦੀ ਸ਼ਕਲ ਵਿਚ ਦਸਿਆ ਹੈ, ਜਿਸ ਦੇ ਹੱਥ ਵਿਚ ਫੁਲਾਂ ਦੇ ਪੰਜ ਬਾਣ ਫੜੇ ਹੋਏ ਹਨ। ਪੱਛਮੀ ਚਿਤਰਕਾਰਾਂ ਨੇ ਇਸ ਨੂੰ ਕਿਊਪਡ (Cupid) ਕਿਹਾ ਹੈ। ਉਹਨਾਂ ਨੇ ਵੀ ਫੁਲਾਂ ਦਾ ਤੀਰ ਕਮਾਨ ਇਸ ਦੇ ਹੱਥਾਂ ਵਿਚ ਦਿਤਾ ਹੈ।

ਕੀ ਕਾਮ ਮਾਰਿਆ ਜਾ ਸਕਦਾ ਹੈ ? ਨਹੀਂ। ਜਦ ਤੀਕ ਮਨੁੱਖ ਸਰੀਰ ਕਾਇਮ ਹੈ, ਕਾਮ, ਕਰੋਧ, ਆਦਿਕ ਉਸ ਵਿਚ ਰਹਿਣਗੇ। ਬਹੁਤ ਸਾਰੇ ਰਿਸ਼ੀਆਂ ਤੇ ਤਪੀਆਂ ਨੇ ਇਕਾਂਤ ਵਾਸ, ਇਸਤਰੀ ਦਾ ਤਿਆਗ ਤੇ ਅੱਕ-ਧਤੂਰਾ ਖਾ ਕੇ ਇਸ ਨੂੰ ਮਾਰਨ ਦਾ ਜਤਨ ਕੀਤਾ ਹੈ। ਪਰ ਉਹਨਾਂ ਨੂੰ ਸਫਲਤਾ ਨਹੀਂ ਹੋਈ। ਸਿਖ ਧਰਮ ਨੇ ਇਨ੍ਹਾਂ ਜਜ਼ਬਿਆਂ ਨੂੰ ਮਾਰਨ ਉਤੇ ਜ਼ੋਰ ਨਹੀਂ ਦਿਤਾ, ਇਹਨਾਂ ਨੂੰ ਕਾਬੂ ਰਖਣ ਤੇ ਇਨ੍ਹਾਂ ਦੀ ਸਹੀ ਵਰਤੋਂ ਕਰਨੀ ਦਸੀ ਹੈ। ਇਕ ਰਥ ਦੇ ਘੋੜੇ ਮਾਰ ਦਿਤੇ ਜਾਣ ਜਾਂ ਕਮਜ਼ੋਰ ਕਰ ਦਿਤੇ ਜਾਣ ਤਾਂ ਉਹ ਕਿਸੇ ਟਿਕਾਣੇ ਨਹੀਂ ਪਹੁੰਚ ਸਕਦਾ। ਉਹਨਾਂ ਨੂੰ ਮਾਰਨ ਦੀ ਥਾਂ ਕਾਬੂ ਕਰਨ ਦੀ ਲੋੜ ਹੈ।

ਮਹਾਰਾਜ ਕਹਿੰਦੇ ਹਨ—

ਕਾਮੁ ਕਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥

(੧੧੭੧) (ਬਸੰਤ ਮ: ੧)

ਭਾਵ—ਕਾਮ ਅਤੇ ਕਰੋਧ ਦੇ ਰੰਬੇ ਜਾਂ ਖੁਰਪੇ ਬਣਾ ਕੇ ਸਰੀਰ ਧਰਤੀ ਨੂੰ ਗੋਡਣਾ ਹੈ। ਜਿਸ ਨਾਲ ਖੇਤੀ ਵਿਚੋਂ ਘਾਹ ਬੂਟ ਮਾਰੀਦਾ ਹੈ,

ਇਸੇ ਤਰ੍ਹਾਂ ਇਹਨਾਂ ਸ਼ਕਤੀਆਂ ਦੀ ਚੰਗੀ ਵਰਤੋਂ ਕਰਕੇ ਅਉਗੁਣਾਂ ਨੂੰ ਕਟਣਾ ਹੈ। ਕਾਮ ਕਰੋਦਾਕਿ ਵਧੀ ਹੋਈ ਹਾਲਤ ਵਿਚ ਅਉਗੁਣ ਹਨ। ਸੰਜਮ ਵਿਚ ਵਰਤੇ ਹੋਏ ਗੁਣ ਹਨ। ਇਹ ਨਸ਼ਟ ਨਹੀਂ ਕੀਤੇ ਜਾ ਸਕਦੇ ਹਨ, ਬਦਲੇ ਜਾ ਸਕਦੇ ਹਨ।

ਮਹਾਂ ਪੁਰਸ਼ਾਂ ਨੇ ਮਨੁੱਖ ਦੀ ਕਾਮ ਦੀ ਤੇਜ਼ ਮਨੋ ਬਿਰਤੀ ਨੂੰ ਸੰਜਮ ਵਿਚ ਰਖਣ ਵਾਸਤੇ ਗ੍ਰਿਹਸਤ ਬਣਾਇਆ ਹੈ। ਪੁਰਾਣੇ ਮਜ਼੍ਹਬ ਵਿਚ ਇਕਾਂਤਵਾਸ, ਮਨ ਵਸ ਕਰਕੇ ਬ੍ਰਹਮ ਚਰਯ ਰਖਣ ਤੇ ਜਤੀ ਹੋਣ ਤੇ ਜ਼ੋਰ ਦਿਤਾ ਸੀ। ਸਿਖੀ ਨੇ ਸੰਜਮੀ ਗ੍ਰਿਹਸਤੀ ਹੋਣਾ ਅਤੇ 'ਏਕਾ ਨਾਰੀ ਜਤੀ ਹੋਇ' ਦਾ ਆਦਰਸ਼ ਪੇਸ਼ ਕੀਤਾ ਹੈ। ਬਰਨਾਰਡ ਸ਼ਾਹ ਨੇ ਕਿਹਾ ਹੈ—'ਆਮ ਆਦਮੀ ਗ੍ਰਿਹਸਤ ਨੂੰ ਭੋਗ ਬਿਲਾਸ ਲਈ ਇਕ ਸਮਾਜਕ ਸਰਟੀਫੀਕੇਟ ਸਮਝਦੇ ਹਨ।' ਗ੍ਰਿਹਸਤ ਦਾ ਉਦੇਸ਼ ਸੰਜਮੀ ਜੀਵਨ ਹੈ ਨਾ ਕਿ ਭੋਗ ਬਿਲਾਸ। ਸਤਿਗੁਰਾਂ ਨੇ ਇਸੇ ਲਈ ਬ੍ਰਹਮ ਚਰਜ, ਵਾਣ ਪ੍ਰਸਥ ਤੇ ਸੰਨਿਆਸ ਨਾਲੋਂ ਗ੍ਰਿਹਸਤ ਨੂੰ ਮੁਖ ਮੰਨਿਆ ਹੈ। ਗ੍ਰਿਹਸਤ ਜੀਵਨ ਲਈ ਦਸਿਆ ਹੈ—

ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥

ਕਾਮ ਦੀ ਸਹੀ ਵਰਤੋਂ ਸੁਖਦਾਇਕ ਹੈ। ਸੰਤਾਨ ਉਤਪਤੀ ਲਈ ਹੈ। ਪਰ ਹਦੋਂ ਵਧ ਕੀਤੀ ਹੋਈ ਵਰਤੋਂ ਸਰੀਰ ਤੇ ਬੁਧੀ ਨੂੰ ਨਸ਼ਟ ਕਰ ਦਿੰਦੀ ਹੈ। ਮਨੁਖ ਬੜਾ ਵਿਸ਼ਈ ਲੰਪਟ, ਨਿਲੱਜ ਅਤੇ ਪਾਮਰ ਹੋ ਜਾਂਦਾ ਹੈ। ਗੁਰਦੇਵ ਕਹਿੰਦੇ ਹਨ—

ਕਾਮੁ ਕਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੋਹਾਗਾ ਢਾਲੈ ॥

(ਓਅੰਕਾਰ ਰਾਮਕਲੀ ਦਖਣੀ) (੯੩੨)

ਭਾਵ—ਕਾਮ ਕਰੋਧ ਸਰੀਰ ਨੂੰ ਇਸ ਤਰ੍ਹਾਂ ਨਸ਼ਟ ਕਰ ਦੇਂਦੇ ਹਨ, ਜਿਵੇਂ ਸੁਹਾਗਾ ਸੋਨੇ ਨੂੰ ਗਾਲ ਦਿੰਦਾ ਹੈ। ਇਸ ਲਈ ਸੰਜਮੀ ਜੀਵਨ ਬਹੁਤ ਜ਼ਰੂਰੀ ਹੈ।

ਧਨੰਤਰ ਦਾ ਕਥਨ ਹੈ 'ਬੁਢਾਪੇ ਅਤੇ ਰੋਗ ਨੂੰ ਨਾਸ ਕਰਨ ਵਾਲਾ ਨੁਸਖਾ ਬ੍ਰਹਮ ਚਰਯ ਹੈ । ਜੋ ਮਨੁਖ ਸ਼ਾਂਤੀ, ਸੁੰਦਰਤਾ, ਸਿਮਰਤੀ ਗਿਆਨ, ਅਰੋਗਤਾ ਤੇ ਉੱਤਮ ਸੰਤਾਨ ਚਾਹੁੰਦਾ ਹੈ, ਉਸ ਨੂੰ ਸੰਜਮੀ ਜੀਵਨ ਅਰਥਾਤ ਬ੍ਰਹਮ ਚਰਯ ਰਖਣਾ ਚਾਹੀਦਾ ਹੈ ।'

ਸੁਸ਼ਰਤ ਵਿਚ ਲਿਖਿਆ—'ਮਨੁਖ ਜੋ ਕੁਝ ਖਾਂਦਾ ਹੈ, ਉਹ ਹਜ਼ਮ ਹੋ ਕੇ ਰਸ ਬਣਦਾ ਹੈ, ਇਸ ਤੋਂ ਪਿਛੋਂ ਮਾਸ, ਚਰਬੀ, ਹੱਡੀਆਂ ਅਤੇ ਮਿਝ ਬਣਦੀ ਹੈ। ਮਿਝ ਤੋਂ ਵੀਰਯ ਬਣਦਾ ਹੈ।

ਵੀਰਯ ਨੂੰ ਨਸ਼ਟ ਕਰ ਦੇਣਾ ਆਪਣੀ ਸਰੀਰਕ ਤੇ ਮਾਨਸਿਕ ਸ਼ਕਤੀ ਨੂੰ ਨਸ਼ਟ ਕਰਨਾ ਹੈ । ਡਾਕਟਰ ਕਾਵਨ ਨੇ ਆਪਣੀ ਪੁਸਤਕ 'ਦੀ ਸਾਇੰਸ ਆਫ ਨਿਊ ਲਾਈਫ' ਵਿਚ ਲਿਖਿਆ ਹੈ—ਸਰੀਰ ਦੇ ਕਿਸੇ ਭਾਗ ਵਿਚੋਂ ਚਾਲੀ ਔਂਸ ਖੂਨ ਲਿਆ ਜਾਵੇ ਤਾਂ ਉਸ ਤੋਂ ਵੀਰਯ ਦਾ ਇਕ ਔਂਸ ਬਣਦਾ ਹੈ।'

ਡਾ: ਫਰੇਂਕ ਦੀ ਖੋਜ ਹੈ—'ਜਿਨ੍ਹਾਂ ਤਤਾਂ ਨਾਲ ਦਿਮਾਗ ਬਣਿਆ ਹੈ, ਉਹਨਾਂ ਨਾਲ ਹੀ ਵੀਰਯ ਬਣਿਆ ਹੈ। ਕਾਮੀ ਪੁਰਸ਼ ਭੋਗ ਬਿਲਾਸ ਕਰ ਕੇ ਆਪਣੇ ਦਿਮਾਗ ਨੂੰ ਨਸ਼ਟ ਕਰ ਲੈਂਦਾ ਹੈ।

ਸ੍ਰੀ ਮਤੀ ਐਨੀ ਬੀਸੇਂਟ ਆਪਣੀ ਪੁਸਤਕ 'ਪਰੂਫਸ ਆਫ ਦੀ ਐਗੇਂਜਿਸਟੈਂਸ ਆਫ ਸੋਲ' ਵਿਚ ਲਿਖਦੀ ਹੈ—ਮਨੁਖ ਦੇ ਦਿਮਾਗ ਵਿਚ ਇਕ ਭੂਰੇ ਰੰਗ ਦੀ ਧਾਤ ਹੁੰਦੀ ਹੈ, ਜਿਸ ਨਾਲ ਗਿਆਨ ਸ਼ਕਤੀ ਵਧਦੀ ਹੈ । ਜਿਤਨੀ ਇਹ ਵਧੇਰੇ ਹੋਵੇ, ਬੁਧੀ ਉਤਨੀ ਤੇਜ਼ ਹੁੰਦੀ ਹੈ। ਇਹ ਭੋਗ ਬਿਲਾਸ ਨਾਲ ਨਸ਼ਟ ਹੁੰਦੀ ਤੇ ਸੰਜਮੀ ਜੀਵਨ ਨਾਲ ਇਹ ਤੱਤ ਵਧਦਾ ਹੈ।' ਵੈਦਕ ਦੀ ਪੁਰਾਤਨ ਅਤੇ ਸਾਇੰਸ ਦੀ ਨਵੀਨ ਖੋਜ ਸਤਿਗੁਰੂ ਜੀ ਦੇ ਵਾਕ ਦੀ ਪੁਸ਼ਟੀ ਕਰਦੀ ਹੈ ਕਿ ਕਾਮ ਅਤੇ ਕਰੋਧ ਸਰੀਰ ਨੂੰ ਗਾਲ ਦੇਂਦੇ ਹਨ।

ਗੁਰੂ ਸਾਹਿਬਾਨ ਗ੍ਰਿਹਸਤੀ ਸਨ ਅਤੇ ਉਨ੍ਹਾਂ ਦਾ ਪਵਿੱਤਰ ਜੀਵਨ ਬਹੁਤ ਹੀ ਆਦਰਸ਼ਕ ਹੈ । ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ

ਆਨੰਦ ਪੁਰ ਵਿਚ ਇਕ ਇਸਤਰੀ ਰੂਪ ਕੌਰ ਸ੍ਰੀ ਦਸਮ ਪਾਤਸ਼ਾਹ ਤੇ ਮੋਹਿਤ ਹੋ ਗਈ । ਉਸ ਨੇ ਕਿਸੇ ਤਰੀਕੇ ਨਾਲ ਮਹਾਰਾਜ ਨੂੰ ਘਰ ਸਦ ਕੇ ਨੀਵੀਂ ਇੱਛਾ ਪਰਗਟ ਕੀਤੀ। ਅਜਿਤ ਸੂਰਮੇ ਤੇ ਮਹਾਂਬਲੀ ਸਤਿਗੁਰੂ ਨੇ ਉਸ ਨੂੰ ਉਪਦੇਸ਼ ਕੀਤਾ—

ਸੁਧ ਜਬ ਤੇ ਹਮ ਧਰੀ ਬਚਨ ਗੁਰਦਏ ਹਮਾਰੇ।
ਪੂਤ ਇਹੈ ਪ੍ਰਨਿ ਤੋਹਿ ਪ੍ਰਾਨ ਜਬ ਲਗ ਘਟ ਥਾਰੇ।
ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਇਅਹੁ।
ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯਹੁ।

ਸਿਖ ਧਰਮ ਵਿਚ ਇਖਲਾਕ ਉੱਚਾ ਰਖਣ ਲਈ ਪਰਾਈ ਇਸਤਰੀ ਨੂੰ ਮਾੜੀ ਨਜ਼ਰ ਨਾਲ ਦੇਖਣਾ ਮਨ੍ਹਾ ਕੀਤਾ ਹੈ । ਪਰ ਇਸਤਰੀ ਦੀ ਸੰਗਤ ਕੁਰਹਿਤੀ ਦਸੀ ਹੈ। ਵਾਕ ਹੈ—

'ਪਰਵੇਲ ਨ ਜੋਹਹਿ ਕੰਤ ਤੂੰ।'

ਮਿਸਲਾਂ ਦੇ ਸਮੇਂ ਸਿਖੀ ਆਚਰਣ ਕਿੰਨਾ ਉੱਚਾ ਸੀ ? ਇਸ ਦਾ ਸਬੂਤ ਕਾਜ਼ੀ ਨੂਰ ਮੁਹੰਮਦ ਦੀ ਲਿਖਤ ਤੋਂ ਮਿਲਦਾ ਹੈ। ਉਹ ਲਿਖਦਾ ਹੈ, ਸਿੰਘ ਬੜੇ ਜਤੀ ਸਤੀ ਹਨ । ਇਸਤਰੀ ਨੂੰ 'ਬੁਢੀ' ਅਰਥਾਤ ਵਡੀ ਉਮਰ ਦੀ ਔਰਤ ਕਹਿੰਦੇ ਹਨ। ਬੁੱਢੀ ਕਹਿਣ ਨਾਲ ਕਿਸੇ ਇਸਤਰੀ ਦੀ ਮੰਦੀ ਵਾਸ਼ਨਾ ਪੈਦਾ ਨਹੀਂ ਹੋ ਸਕਦੀ।'

ਆਮ ਸਿਆਣਿਆਂ ਦੀ ਰਾਇ ਹੈ ਕਿ ਨੀਂਦ, ਭੁਖ ਤੇ ਕਾਮ ਆਦਿਕ ਵਧਾਏ ਘਟਾਏ ਜਾ ਸਕਦੇ ਹਨ। ਇਕ ਚੰਗਾ ਆਦਮੀ ਇਹਨ ਨੂੰ ਕਾਬੂ ਵਿਚ ਰਖਦਾ ਹੈ, ਪਰ ਮੂਰਖ ਇਹਨਾਂ ਦੇ ਅਧੀਨ ਹੋ ਜਾਂਦਾ ਹੈ। ਇਹ ਕਥਨ ਠੀਕ ਹੈ—

ਕਾਮ ਕਰੋਧ ਮਦ ਲੋਭ ਕੀ ਜੋ ਲੋ ਮਨ ਮੇਂ ਖਾਨ।
ਤਉ ਲਉ ਪੰਡਤ ਮੂਰਖਹਿ ਤੁਲਸੀ ਏਕ ਸਮਾਨ।

ਮਨੋਕਾਮਨਾਵਾਂ ਨੂੰ ਕਾਬੂ ਵਿਚ ਰਖਣਾ, ਜੀਵਨ, ਸਿਹਤ, ਆਚਰਣ ਤੇ ਇਖਲਾਕ ਲਈ ਜ਼ਰੂਰੀ ਹੈ। ਵਿਸ਼ਈ ਆਦਮੀ ਅਰੋਗਤਾ ਤੇ ਆਚਰਣ ਸਭ ਕੁਝ ਨਸ਼ਟ ਕਰ ਲੈਂਦਾ ਹੈ।

ਇਹਨਾਂ ਕਾਰਨਾਂ ਕਰ ਕੇ ਵਿਸ਼ੇ ਵਾਸ਼ਨਾ ਵਧਦੀ ਹੈ—

ਕੁਸੰਗਤ, ਇਕਾਂਤ ਵਾਸ, ਵੇਹਲੇ ਰਹਿਣਾ, ਨਾਚ ਮੁਜਰੇ ਨੂੰ ਜਾਣਾ ਤੇ ਇਸ਼ਕੀਆ ਗੀਤ ਸੁਣਨੇ, ਗੰਦਾ ਸਹਿਤ ਪੜ੍ਹਨਾ, ਗੰਦੀਆਂ ਤਸਵੀਰਾਂ ਤੇ ਸਿਨਮੇ ਵਿਚ ਮਾੜੀਆਂ ਫਿਲਮਾਂ ਦੇਖਣੀਆਂ, ਤੇਜ਼ੀ ਪੈਦਾ ਕਰਨ ਵਾਲੀ ਖੁਰਾਕ ਖਾਣੀ, ਬਹੁਤ ਭੜਕੀਲੀ ਪੁਸ਼ਾਕ ਪਾਉਣੀ।

ਕਾਮ ਵਾਸ਼ਨਾ ਨੂੰ ਘਟਾਉਣ ਲਈ ਇਹ ਸਾਧਨ ਹਨ—ਵਾਹਿਗੁਰੂ ਦੀ ਭਗਤੀ, ਨਾਮ ਸਿਮਰਣ, ਗੁਰਬਾਣੀ ਦਾ ਅਭਿਆਸ, ਕੀਰਤਨ, ਇਸ਼ਨਾਨ, ਕੁਸੰਗਤ ਦਾ ਤਿਆਗ, ਸਤਿਸੰਗਤ ਵਿਚ ਰਹਿਣਾ, ਚੰਗੀਆਂ ਪੁਸਤਕਾਂ ਪੜਨੀਆਂ, ਵਰਜ਼ਸ਼, ਸ਼ਰਾਬ ਅਤੇ ਅਫੀਮ ਆਦਿਕ ਨਸ਼ਿਆਂ ਦਾ ਤਿਆਗ, ਰੰਗ ਤਮਾਸ਼ੇ ਨਾ ਜਾਣਾ, ਉਤਮ ਵਿਚਾਰ, ਸਾਫ਼ ਸੁਥਰੀ ਖੁਰਾਕ ਖਾਣੀ, ਸਾਦਾ ਪੁਸ਼ਾਕ, ਪਹਿਨਣੀ, ਸਭ ਤੋਂ ਵਧ ਕੇ ਇਹ ਗੱਲ ਕਿ ਹਰ ਵਕਤ ਕਿਸੇ ਚੰਗੇ ਕੰਮ ਵਿਚ ਰੁਝੇ ਰਹਿਣਾ। ਗੁਰਮਤਿ ਵਿਚ ਸਿਖ ਲਈ ਇਹ ਸਾਰੀਆਂ ਗੱਲਾਂ ਜ਼ਰੂਰੀ ਦਸੀਆਂ ਹਨ।

ਕਾਮੀ ਪੁਰਸ਼ ਦਾ ਸਰੀਰ ਨਿਰਬਲ ਅਤੇ ਬੁਧੀ ਖੀਣ ਹੋ ਜਾਂਦੀ ਹੈ। ਸੰਤਾਨ ਰੋਗੀ ਅਤੇ ਨਿਰਬਲ ਹੁੰਦੀ ਹੈ। ਵਿਸ਼ਈ ਅਤੇ ਲੰਪਟ ਸਮਾਜ ਜਾਂ ਜਾਤੀ ਮਿਟ ਜਾਂਦੀ ਜਾਂ ਪਰ ਅਧੀਨ ਹੋ ਜਾਂਦੀ ਹੈ। ਇਸ ਲਈ ਸੰਜਮੀ ਜੀਵਨ ਜ਼ਰੂਰੀ ਹੈ।

ਭਾਰਤ ਵਿਚ ਪੁਰਾਤਨ ਸਮੇਂ ਵਿਚ ਵਾਮ ਮਾਰਗੀਆਂ ਨੇ ਇਹ ਪ੍ਰਚਾਰਿਆ ਸੀ ਕਿ ਖਾਉ ਪੀਉ, ਖੁਲ੍ਹਾ ਭੋਗ ਬਿਲਾਸ ਕਰੋ। ਇਸ ਦਾ ਆਤਮਾ ਨਾਲ ਕੋਈ ਸਬੰਧ ਨਹੀਂ। ਵਾਮ ਮਾਰਗੀ ਆਪਣੇ ਭੈਰਵੀ ਚਕਰਾਂ ਵਿਚ ਯੂਰਪ ਦੀਆਂ ਨਾਈਟ ਕਲਬਾਂ ਵਾਂਗ ਖੁਲ੍ਹੀ ਸ਼ਰਾਬ ਨੋਸ਼ੀ ਤੇ

ਬਦਕਾਰੀ ਕਰਦੇ ਸਨ। ਜਿਸ ਨੂੰ ਸੰਤ ਭਗਤਾਂ ਨੇ ਦੂਰ ਕੀਤਾ ਹੈ। ਅਜ ਵੀ ਜਿਹੜੇ ਇਹ ਕਹਿੰਦੇ ਹਨ ਸੰਭੋਗ ਸੇ ਸਮਾਧੀ ਜਾਂ ਸੈਕਸ ਦੀ ਰਾਹੀਂ ਮੁਕਤੀ (**Salvation Through Sex**) ਵਾਮ ਮਾਰਗ ਦੀ ਨਕਲ ਹੈ। ਗੁਰਮਤਿ ਲਿੰਗ ਵਾਸ਼ਨਾ ਵਸ ਵਿਚ ਰਖਣ ਦੀ ਪ੍ਰੇਰਨਾ ਕਰਦੀ ਹੈ।

ਕਰੋਧ ਕੀ ਹੈ ?

ਕਰੋਧ ਉਹ ਜਜ਼ਬਾ ਹੈ—ਜਿਸ ਨਾਲ ਮਨੁੱਖ ਆਪਣੇ ਖਤਰਨਾਕ ਦੁਸ਼ਮਣਾਂ ਨਾਲ ਟਾਕਰਾ ਕਰ ਸਕਦਾ ਹੈ। ਵਿਰੋਧੀਆਂ ਤੋਂ ਆਪਣੇ ਆਪ ਨੂੰ ਬਚਾ ਸਕਦਾ ਹੈ। ਉਹਨਾਂ ਨੂੰ ਹਰਾ ਕੇ ਉਹਨਾਂ ਤੇ ਆਪਣਾ ਦਬਾ ਪਾ ਸਕਦਾ ਹੈ।

ਕਰੋਧ ਅੱਗ ਵਾਂਗ ਤੇਜ ਤੇ ਕੌੜਾ ਜਜ਼ਬਾ ਹੈ। ਇਹ ਆਦਮੀ ਦੀ ਸੁਧ ਬੁਧ ਕਾਇਮ ਨਹੀਂ ਰਹਿਣ ਦਿੰਦਾ। ਇਹ ਦਵੈਸ਼ ਤੋਂ ਪੈਦਾ ਹੁੰਦਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਵਿਚ ਇਸ ਨੂੰ 'ਅਗਨਿ ਕਰੋਧ ਚੰਡਾਲ' ਕਿਹਾ ਹੈ। ਜਿਸ ਤਰ੍ਹਾਂ ਅਗਨੀ ਸਭ ਚੀਜ਼ਾਂ ਨੂੰ ਭਸਮ ਕਰ ਦੇਂਦੀ ਹੈ, ਇਸੇ ਤਰ੍ਹਾਂ ਕਰੋਧ ਸਾਰੇ ਸ਼ੁਭ ਗੁਣਾਂ ਨੂੰ ਨਸ਼ਟ ਕਰ ਦੇਂਦਾ ਹੈ। ਚੰਡਾਲ ਇਸ ਲਈ ਕਿਹਾ ਹੈ ਕਿ ਨਿਰਦਈ ਹੁੰਦਾ ਹੈ। ਸਤਿਗੁਰੂ ਜੀ ਕਹਿੰਦੇ ਹਨ—

(੧) ਓਨਾ ਪਾਸਿ ਦੁਆਸ ਨ ਭਿਟੀਐ ॥
ਜਿਨ ਅੰਤਰਿ ਕਰੋਧੁ ਚੰਡਾਲੁ ॥

(ਸ੍ਰੀ ਰਾਗ ਮ: ੪)

ਪੰਚਮ ਸਤਿਗੁਰੂ ਫੁਰਮਾਉਂਦੇ ਹਨ—

(੨) ਹੇ ਕਲਿ ਮੂਲ ਕਰੋਧੰ ਕਦੰਚ
ਕਰੁਣਾ ਨ ਉਪਰਜਤੇ ॥

ਬਿਖਯੰਤ ਜੀਵੰ ਵਸੰ ਕਰੋਤਿ ਨਿਰਤੰ
ਕਰੋਤਿ ਜਥਾ ਮਰਕਟਹ ॥
ਅਨਿਕ ਸਾਸਨ ਤਾੜੰਤ ਜਮਦੂਤਹ
ਤਵ ਸੰਗੇ ਅਧਮੰ ਨਰਹ ॥
ਦੀਨ ਦੁਖ ਭੰਜਨ ਦਯਾਲ ਪ੍ਰਭੁ
ਨਾਨਕ ਸਰਬ ਜੀਅ ਰਖਾ ਕਰੋਤਿ ॥

(੧੭ ਪੰ: ੧੩੫੮) (ਸਲੋਕ ਸਹਸਕ੍ਰਿਤੀ)

ਭਾਵ—ਹੇ ਝਗੜੇ ਦੇ ਮੂਲ ਕਾਰਨ ਕਰੋਧ ! ਤੈਨੂੰ ਕਦੀ ਦਇਆ ਨਹੀਂ ਆਈ। ਤੂੰ ਵਿਸ਼ਈ ਜੀਵਾਂ ਨੂੰ ਵਸ ਕੀਤਾ ਹੈ। ਉਹ ਤੇਰੇ ਅਗੇ ਬਾਂਦਰ ਵਾਂਗ ਨਚਦੇ ਹਨ । ਤੇਰੀ ਸੰਗਤ ਕਰਕੇ ਮਨੁਖ ਬਹੁਤ ਨੀਵਾਂ ਹੋ ਜਾਂਦਾ ਹੈ ਅਨੇਕ ਸਾਧਨ ਕਰਦਿਆਂ ਹੋਇਆਂ ਵੀ ਉਸ ਨੂੰ ਜਮਦੂਤਾਂ ਦੀ ਤਾੜਨਾ ਹੁੰਦੀ ਹੈ।

ਪਰਬੋਧ ਚੰਦਰ ਨਾਟਕ ਵਿਚ ਕਰੋਧ ਦੀ ਇਹ ਦਸ਼ਾ ਲਿਖੀ ਹੈ—

ਅੰਧ ਕਰੋਂ ਦ੍ਰਿਗ ਵੰਤਨ ਕੋ,
ਸ੍ਰੁਤਿ ਵੰਤਨ ਕੋ ਬਦਰਉ ਕਰ ਡਾਰੋਂ।
ਧ੍ਰਿਤ ਵੰਤਨ ਕੋ ਸੁ ਅਧੀਰ ਕਰੋਂ,
ਪੁਨ ਚਾਤੁਰ ਕੀ ਮਤ ਦੂਰ ਨਿਵਾਰੋਂ।

ਭਾਵ—ਕਰੋਧ ਕਹਿੰਦਾ ਹੈ ਕਿ ਮੈਂ ਅੱਖਾਂ ਵਾਲਿਆਂ ਨੂੰ ਅੰਨ੍ਹਿਆਂ ਕਰ ਦਿੰਦਾ ਹਾਂ ਤੇ ਕੰਨਾਂ ਵਾਲਿਆਂ ਨੂੰ ਬੋਲਾ। ਧੀਰਜਵਾਨਾਂ ਨੂੰ ਅਧੀਰ ਤੇ ਸਿਆਣਿਆਂ ਦੀ ਅਕਲ ਮਾਰ ਦਿੰਦਾ ਹਾਂ।

ਕਰੋਧ ਵਿਚ ਬੁਧੀ ਸਾਥ ਨਹੀਂ ਦਿੰਦੀ, ਇਸ ਲਈ ਕਰੋਧੀ ਆਪਣੇ ਕੰਮ ਦਾ ਨਤੀਜਾ ਨਹੀਂ ਜਾਣ ਸਕਦਾ। ਤਾਕਤਵਰ ਨੂੰ ਕਰੋਧ ਘਟ ਅਤੇ ਨਿਰਬਲ ਨੂੰ ਕਰੋਧ ਵਧੇਰੇ ਆਉਂਦਾ ਹੈ। ਕਰੋਧ ਕਮਜ਼ੋਰੀ ਦੀ ਨਿਸ਼ਾਨੀ

ਹੈ। ਇਸ ਦੀ ਉਤਪਤੀ ਦੇ ਕਈ ਕਾਰਨ ਹਨ—ਜਿਹਾ ਕਿ—

(੧) ਪਸ਼ੂ ਬਿਰਤੀ, ਜਿਸ ਤਰ੍ਹਾਂ ਸ਼ੇਰ ਗਊ ਨੂੰ ਮਾਰਦਾ ਹੈ, ਬਾਜ਼ ਕਬੂਤਰ ਨੂੰ, ਬਿਲੀ ਚੂਹੇ ਨੂੰ, ਇਹ ਆਪਣੇ ਬਚਾਉ ਲਈ ਜਾਂ ਗੁਸੇ ਵਿਚ ਆ ਕੇ ਨਹੀਂ ਮਾਰਦੇ, ਸਗੋਂ ਪਸ਼ੂ ਬਿਰਤੀ ਹੋਣ ਕਰਕੇ ਖਾਣ ਲਈ ਮਾਰਦੇ ਹਨ।

(੨) ਜਦ ਕਿਸੇ ਆਦਮੀ ਜਾਂ ਜਾਨਵਰ ਤੋਂ ਮਨੁਖ ਨੂੰ ਨੁਕਸਾਨ ਪਹੁੰਚੇ, ਸਰੀਰਕ ਜਾਂ ਮਾਨਸਿਕ ਦੁਖ ਹੋਵੇ। ਅਜਿਹੀ ਹਾਲਤ ਵਿਚ ਮਨੁਖ ਗੁਸੇ ਵਿਚ ਆ ਕੇ ਬਦਲਾ ਲੈਂਦਾ ਹੈ। ਕੋਈ ਮਨੁਖ ਜਾਂ ਜਾਤੀ ਕਿਸੇ ਦੂਸਰੇ ਮਨੁਖ ਜਾਂ ਜਾਤੀ ਨੂੰ ਅਧੀਨ ਕਰਨ ਲਈ ਉਸ ਦੇ ਵਿਰੁਧ ਗੁਮਰਾਹ ਕਰੇ। ਇਸ ਹਾਲਤ ਵਿਚ ਭੀ ਬਦਲੇ ਦੀ ਸਪਿਰਟ ਆ ਜਾਂਦੀ ਹੈ।

(੩) ਕਰੋਧ ਦਾ ਇਕ ਸੂਖਮ ਰੂਪ ਹੋਰ ਹੈ। ਉਹ ਇਹ ਹੈ ਕਿ ਕਿਸੇ ਦੂਜੇ ਦਾ ਮਾਣ ਹੁੰਦਾ ਜਾਂ ਧਨ ਪਦਾਰਥ ਦੇਖ ਕੇ ਦਿਲੋਂ ਸੜਨਾ, ਈਰਖਾ ਕਰਨੀ, ਖਿਝਣਾ ਜਾਂ ਕਰੁਝਣਾ, ਇਹ ਹਾਲਤ ਬੁਧੀ ਨੂੰ ਮਲੀਨ ਤੇ ਅਰੋਗਤਾ ਨੂੰ ਨਸ਼ਟ ਕਰ ਦਿੰਦੀ ਹੈ। ਕਰੋਧ ਕਰਨ ਲਈ ਕਿਸੇ ਦੂਸਰੀ ਵਿਅਕਤੀ ਦਾ ਹੋਣਾ ਜ਼ਰੂਰੀ ਹੈ। ਜਦ ਤੀਕ ਦਵੈਤ ਨਾ ਹੋਵੇ, ਕਰੋਧ ਹੋ ਨਹੀਂ ਸਕਦਾ। ਜਦ ਕੋਈ ਦੂਸਰਾ ਆਦਮੀ ਨੁਕਸਾਨ ਕਰਦਾ ਹੈ, ਤਦ ਅਸੀਂ ਉਸ ਨੂੰ ਤਾੜਨਾ ਕਰਦੇ ਹਾਂ। ਪਰ ਜੇ ਆਪਣੇ ਪਾਸੋਂ ਨੁਕਸਾਨ ਹੋ ਜਾਵੇ ਤਾਂ ਅਫਸੋਸ ਜਾਂ ਝੋਰਾ ਕਰਦੇ ਹਾਂ। ਕਈ ਆਦਮੀ ਗੁਸੇ ਵਿਚ ਆ ਕੇ ਆਪਣੇ ਸਰੀਰ ਨੂੰ ਕਸ਼ਟ ਦੇਂਦੇ ਹਨ। ਕਰੋਧ ਦਾ ਆਰੰਭ ਝਲ ਪੁਣੇ ਤੋਂ ਹੁੰਦਾ ਹੈ ਅਤੇ ਇਸ ਦਾ ਫਲ ਸ਼ਰਮਿੰਦਗੀ ਹੁੰਦੀ ਹੈ।

ਕਰੋਧ ਦਾ ਫਲ ਗਿਲਾਨੀ, ਘਿਰਣਾ, ਦੁਸ਼ਮਣੀ, ਲੜਾਈ ਤੇ ਆਤਮ ਘਾਤ ਹੁੰਦਾ ਹੈ। ਸਿਖੀ ਨੇ ਕਰੋਧ ਨੂੰ ਸੂਰਬੀਰਤਾ ਵਿਚ ਬਦਲਿਆ ਹੈ। ਇਸ ਨੂੰ ਸਵੈ ਰਖਿਆ, ਦੀਨਾਂ ਅਤੇ ਗਰੀਬਾਂ ਦੀ ਰਖਿਆ ਲਈ ਵਰਤਿਆ ਹੈ।

ਲੋਭ—

ਲੋਭ ਕੀ ਹੈ ? ਅਪ੍ਰਾਪਤ ਵਸਤੂ ਦੀ ਪ੍ਰਾਪਤੀ ਲਈ ਇਛਾ ਕਰਨੀ, ਸੰਤੋਖ ਨਾ ਹੋਣ ਕਰਕੇ ਦੂਸਰਿਆਂ ਦੇ ਧਨ ਪਦਾਰਥ ਤੇ ਹੋਰ ਚੀਜਾਂ ਨੂੰ ਅਯੋਗ ਢੰਗ ਨਾਲ ਪ੍ਰਾਪਤ ਕਰਨ ਦੀ ਵਧੀ ਹੋਈ ਲਾਲਸਾ ਲੋਭ ਹੈ। ਗੁਰਬਾਣੀ ਵਿਚ ਲੋਭ ਸਬੰਧੀ ਕਿਹਾ ਹੈ—

(੧) ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ ॥

(ਸਲੋਕ ਮ: ੩) (੧੪੧੭)

(੨) ਲੋਭ ਲਹਰਿ ਸਭੁ ਸੁਆਨੁ ਹਲਕੁ ਹੈ
ਹਲਕਿਓ ਸਭਹਿ ਬਿਗਾਰੇ ॥

(ਨਟ ਮ: ੬)

ਭਾਵ—ਲੋਭੀ ਹਲਕਾਏ ਕੁਤੇ ਦੀ ਤਰ੍ਹਾਂ ਹੁੰਦਾ ਹੈ, ਜੋ ਦੂਸਰਿਆਂ ਨੂੰ ਵੀ ਹਲਕਾ ਕਰ ਦਿੰਦਾ ਹੈ। ਪੰਚਮ ਪਾਤਸ਼ਾਹ ਫੁਰਮਾਉਂਦੇ ਹਨ—

(੩) ਹੇ ਲੋਭਾ ਲੰਪਟ ਸੰਗ ਸਿਰਮੋਰਹ
ਅਨਿਕ ਲਹਰੀ ਕਲੋਲਤੇ ॥
ਧਾਵਤ ਜੀਆ ਬਹੁ ਪ੍ਰਕਾਰੰ
ਅਨਿਕ ਭਾਂਤਿ ਬਹੁ ਡੋਲਤੇ ॥
ਨਚ ਮਿਤ੍ਰੰ ਨਚ ਇਸਟੰ ਨਚ ਬਾਧਵ
ਨਚ ਮਾਤ ਪਿਤਾ ਤਵ ਲਜਯਾ ॥
ਅਕਰਣੰ ਕਰੋਤਿ ਅਖਾਦਿ ਖਾਦ੍ਯ
ਅਸਾਜੰ ਸਾਜਿ ਸਮਜਯਾ ॥
ਤ੍ਰਾਹਿ ਤ੍ਰਾਹਿ ਸਰਣਿ ਸੁਆਮੀ
ਬਿਗ੍ਯਾਪਿਤ ਨਾਨਕ ਹਰਿ ਨਰ ਹਰਹ॥

(ਸਲੋਕ ਸਹਸਕ੍ਰਿਤੀ)

ਭਾਵ—ਹੇ ਲੋਭ, ਤੂੰ ਬੜੇ ਬੜੇ ਸ਼ਰੋਮਣੀ ਪੁਰਸ਼ਾਂ ਨੂੰ ਫਸਾਇਆ ਹੈ। ਉਹ ਤੇਰੀਆਂ ਲਹਿਰਾਂ ਵਿਚ ਰੁੜ੍ਹੇ ਪਏ ਕਲੋਲ ਕਰਦੇ ਹਨ। ਸਾਰੇ ਜੀਵ ਦੌੜੇ ਭਜੇ ਫਿਰਦੇ ਹਨ। ਨਾ ਕਰਨ ਯੋਗ ਕੰਮ ਤੂੰ ਕਰਾਉਂਦਾ ਹੈਂ। ਨਾ ਖਾਣ ਯੋਗ ਚੀਜ਼ਾਂ ਨੂੰ ਖੁਆਉਂਦਾ ਹੈ। ਹੇ ਵਾਹਿਗੁਰੂ! ਅਸੀਂ ਤੇਰੀ ਸ਼ਰਨ ਵਿਚ ਹਾਂ ਅਤੇ ਬੇਨਤੀ ਕਰਦੇ ਹਾਂ ਕਿ ਲੋਭ ਤੋਂ ਬਚਾ।

ਸਿਖੀ ਵਿਚ ਲੋਭ ਤੋਂ ਰੋਕਿਆ ਹੈ ਪਰ ਧਰਮ ਦੀ ਕਿਰਤ ਕਰਨੀ, ਸੰਤੋਖ ਕਰਕੇ ਵੰਡ ਕੇ ਛਕਣਾ ਦਸਿਆ ਹੈ। ਜੋ ਪੁਰਸ਼ ਕਿਰਪਣ ਬਣ ਕੇ ਧਨ ਨੂੰ ਜੋੜਦੇ ਹਨ, ਉਹ ਧਨ ਨੂੰ ਨਸ਼ਟ ਕਰਦੇ ਹਨ। ਧਨ ਦੀਆਂ ਤਿੰਨ ਹਾਲਤਾਂ ਹਨ—ਦਾਨ, ਭੋਗ ਤੇ ਨਾਸ਼। ਸਿਖੀ ਵਿਚ ਲੋਭ ਦਾ ਤਿਆਗ ਦਸਿਆ ਹੈ। ਕਿਰਤ ਕਰਕੇ ਨਿਰਬਾਹ ਕਰਨਾਂ ਤੇ ਲੋੜਵੰਦ ਨੂੰ ਦਾਨ ਦੇਣਾ ਮੁਖ ਮੰਨਿਆ ਹੈ।

ਵਾਕ ਹੈ– 'ਘਾਲਿ ਖਾਇ ਕਿਛੁ ਹਥਹੁ ਦੇਇ ॥'

ਮੋਹ—

ਮੋਹ ਕੀ ਹੈ? ਕਿਸੇ ਵਸਤੂ ਨਾਲ ਮਨ ਦੀ ਪਕੜ ਜਾਂ ਲਗਾਉ ਹੋਣਾ। ਆਪਣੇ ਫ਼ਰਜ਼ ਦੇ ਪਾਲਣ ਲਈ ਕਿਸੇ ਨਾਲ ਸਨੇਹ ਜਾਂ ਪਰੇਮ ਕਰਨਾ ਮੋਹ ਨਹੀਂ। ਅਗਿਆਨ ਕਰਕੇ ਜਗਤ ਦੇ ਪਦਾਰਥਾਂ ਵਿਚ ਮਨ ਨੂੰ ਖਚਿਤ ਕਰਕੇ ਉਹਨਾਂ ਵਿਚ ਮਗਨ ਹੋ ਜਾਣ ਦਾ ਨਾਂ ਮੋਹ ਹੈ। ਇਸ ਨਾਲ ਮਨੁੱਖ ਕਈਆਂ ਨਾਲ ਅਪਣੱਤ ਪੈਦਾ ਕਰਕੇ ਆਪਣੇ ਬਿਗਾਨੇ ਦੋਸਤ ਦੁਸ਼ਮਨ ਅਤੇ ਚੰਗੇ ਮਾੜੇ ਦਾ ਵਿਤਕਰਾ ਕਰਦਾ ਹੈ। ਜਿਸ ਨਾਲ ਮੋਹ ਹੁੰਦਾ ਹੈ, ਉਸ ਦੇ ਦੁਖ ਸੁਖ ਦੀ ਹਾਲਤ ਆਪਣੇ ਸਰੀਰ ਅਤੇ ਮਨ ਵਿਚ ਪੈਦਾ ਕਰ ਲੈਂਦਾ ਹੈ। ਭਰਾ ਦੇ ਦੁਖ ਨਾਲ ਦੁਖੀ ਤੇ ਸੁਖ ਨਾਲ ਸੁਖੀ ਹੁੰਦਾ ਹੈ। ਮਿਤਰ ਦੇ ਲਾਭ ਨਾਲ ਸੁਖੀ, ਵੈਰੀ ਦੇ ਲਾਭ ਨਾਲ ਦੁਖੀ ਅਤੇ ਨੁਕਸਾਨ ਨਾਲ ਸੁਖੀ ਹੁੰਦਾ ਹੈ। ਸੰਸਾਰ ਵਿਚ ਰਹਿੰਦਿਆਂ ਜੇ ਵਾਹਿਗੁਰੂ ਦੀ ਯਾਦ ਹੈ ਤਾਂ ਉਹ ਪਰੇਮ ਹੈ। ਯਾਦ ਅਤੇ ਸਿਮਰਨ ਤੋਂ ਬਿਨਾਂ ਜੋ ਲਗਾਉ ਹੈ, ਉਹ ਮੋਹ ਹੈ। ਇਸ ਦੀਆਂ ਕਿਸਮਾਂ ਹਨ—

(੧) ਹਮ ਜਿਨਸ ਜਾਂ ਸਜਾਤੀ ਨਾਲ ਮੋਹ ਤੇ ਪਿਆਰ ਹੋ ਸਕਦਾ ਹੈ। ਜਿਹਾ ਕਿ ਇਸਤਰੀ ਤੇ ਪੁਰਸ਼ ਦਾ। ਇਕ ਮਨੁਖ ਦਾ ਦੂਸਰੇ ਨਾਲ। ਕਹਾਵਤ ਹੈ—

'ਕਬੂਤਰ ਬਾ ਕਬੂਤਰ, ਬਾਜ਼ ਬਾ ਬਾਜ਼।'

(੨) ਮਾਤਾ ਪਿਤਾ ਤੇ ਪ੍ਰਵਾਰ ਨਾਲ, ਇਹ ਸੁਭਾਵਿਕ ਹੈ। ਇਹ ਪਸ਼ੂਆਂ ਵਿਚ ਵੀ ਹੁੰਦਾ ਹੈ।

(੩) ਇਕਠੇ ਰਹਿਣ ਜਾਂ ਸਮਾਜਕ ਜੀਵਨ ਕਰਕੇ ਇਕ ਦੂਸਰੇ ਨਾਲ ਪਿਆਰ ਹੋ ਜਾਣਾ।

(੪) ਕੋਈ ਆਦਮੀ ਮਿਹਰਬਾਨੀ ਜਾਂ ਇਹਸਾਨ ਕਰੇ, ਉਸ ਨੂੰ ਚੇਤੇ ਕਰ ਕੇ ਉਸ ਨਾਲ ਪਿਆਰ ਕਰਨਾ।

(੫) ਕਿਸੇ ਚੀਜ਼ ਨੂੰ ਸੁੰਦਰ, ਕੋਮਲ, ਸਡੌਲ ਜਾਂ ਮਨ ਭਾਉਂਦੀ ਸਮਝ ਕੇ ਉਸ ਨਾਲ ਮੋਹ ਕਰਨਾ। ਮੋਹ ਦਾ ਜਜ਼ਬਾ ਇਤਨਾ ਸੂਖਮ, ਸਰਬਵਿਆਪਕ ਤੇ ਤੇਜ਼ ਹੈ ਕਿ ਮਨੁਖ ਭਾਵੇਂ ਕਿਤਨਾ ਖੁਸ਼ਕੀ ਹੋਵੇ, ਉਹ ਕਿਸੇ ਨਾ ਕਿਸੇ ਚੀਜ਼ ਨਾਲ ਪਿਆਰ ਜ਼ਰੂਰ ਕਰੇਗਾ। ਘਰ-ਬਾਰ ਤਿਆਗ ਕੇ, ਜਾਨਵਰ ਪਾਲਕੇ, ਬਗੀਚੀ ਲਾ ਕੇ, ਰੁਖਾਂ ਦੀ ਝੁਗੀ ਪਾ ਕੇ ਅਪਣਤ ਕਾਇਮ ਕਰ ਲਵੇਗਾ। ਮਨੁਖ 'ਚ ਹਮਦਰਦੀ ਦਾ ਜਜ਼ਬਾ ਵੀ ਇਸੇ ਕਰ ਕੇ ਹੈ। ਮੋਹ ਨੂੰ ਕਾਇਮ ਰਖਣ ਵਿਚ ਚੇਤਾ ਸ਼ਕਤੀ ਬੜਾ ਕੰਮ ਕਰਦੀ ਹੈ। ਮਨੁਖ ਮੋਹ ਨੂੰ ਸਰੀਰਕ ਤੇ ਮਾਨਸਿਕ ਤੌਰ ਤੇ ਪ੍ਰਗਟ ਕਰ ਸਕਦਾ ਹੈ। ਹਿੰਦੁਸਤਾਨ ਦੇ ਤੱਤਵੇਤਾ ਪੁਰਸ਼ਾਂ ਨੇ ਦੂਸਰੇ ਸਾਰੇ ਵਿਕਾਰਾਂ ਵਿਚੋਂ ਮੋਹ ਨੂੰ ਪ੍ਰਧਾਨ ਮੰਨਿਆ ਹੈ। ਗੁਰਬਾਣੀ ਵਿਚ ਵੀ ਇਸ ਨੂੰ 'ਮਹਾ ਮੋਹ' ਕਿਹਾ ਹੈ।

ਸ੍ਰੀ ਕ੍ਰਿਸ਼ਨ ਜੀ ਕਹਿੰਦੇ ਹਨ—

'ਸਤੋ ਗੁਣ ਤੋਂ ਗਿਆਨ, ਰਜੋ ਤੋਂ ਲੋਭ ਅਤੇ ਤਮੋ ਗੁਣ ਤੋਂ ਕਾਮ ਅਤੇ ਮੋਹ ਪੈਦਾ ਹੁੰਦੇ ਹਨ।' (ਗੀਤਾ)

ਗਿਆਨ ਅਤੇ ਵੈਰਾਗ ਨਾਲ ਮੋਹ ਦੂਰ ਹੋਣਾ ਮੰਨਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮੋਹ ਨੂੰ ਖੂਹ, ਚਿਕੜ ਜਾਲ, ਫਾਹੀ ਦੀ ਰਸੀ, ਮਹਾਨ ਸਾਗਰ, ਪੜਦੇ ਅਤੇ ਨੀਂਦਰ ਨਾਲ ਤਸ਼ਬੀਹ ਦਿਤੀ ਹੈ।

ਪੰਚਮ ਪਾਤਸ਼ਾਹ ਨੇ ਵਿਕਾਰਾਂ ਦਾ ਜ਼ਿਕਰ ਕਰਦਿਆਂ ਪਹਿਲੇ ਮੋਹ ਦਾ ਇਉਂ ਵਰਣਨ ਕੀਤਾ ਹੈ—

(੧) ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ ॥
ਗਣ ਗੰਧਰਬ ਦੇਵ ਮਾਨੁਖੰ ਪਸੁ ਪੰਖੀ ਬਿਮੋਹਨਹ ॥

(ਸਲੋਕ ਸਹਸਕ੍ਰਿਤੀ ਮ: ੫)

ਭਾਵ—ਹੇ ਨਾ ਜਿਤੇ ਜਾਣ ਵਾਲੇ ! ਅਤਿ ਬਲਵਾਨ ਅਤੇ ਮਲ ਦੇਣ ਵਾਲੇ ! ਦੇਵਤਿਆਂ ਦੇ ਸੇਵਕ, ਉਹਨਾਂ ਦੇ ਰਾਗੀ, ਮਨੁਖ, ਪਸ਼ੂ ਤੇ ਪੰਛੀ, ਤੂੰ ਇਹਨਾਂ ਸਾਰਿਆਂ ਨੂੰ ਮੋਹ ਲੈਣ ਵਾਲਾ ਹੈਂ।

(੨) ਮੋਹ ਮਗਨ ਕੂਪ ਅੰਧ ਤੇ ਨਾਨਕ ਗੁਰ ਕਾਢ ॥

(ਬਿਲਾਵਲ ਮ: ੫)

(੩) ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ
ਹਰਿ ਬਾਂਹ ਪ੍ਰਭੂ ਪਕਰਾਇ ਜੀਉ ॥

(ਆਸਾ ਮ: ੪)

(੪) ਮੋਹ ਕੀ ਜੇਵਰੀ ਬਾਧਿਓ ਚੋਰ ॥

(ਗਉੜੀ ਮ: ੫)

(੫) ਇਤੁ ਮੋਹ ਡੂਬਾ ਸੰਸਾਰ ॥
ਗੁਰਮੁਖਿ ਕੋਈ ਉਤਰੈ ਪਾਰਿ ॥

(ਆਸਾ ਮ: ੧)

(੬) ਸੋਵਤ ਕਹਾ ਮੋਹ ਨਿੰਦ੍ਰਾ ਮੈ
ਕਬਹੂੰ ਸੁਚਿਤ ਹ੍ਵੈ ਜਾਗੈ ॥

(ਪਾਤਸ਼ਾਹੀ ੧੦)

ਪੁਰਾਣੇ ਮਜ਼ਬ ਵਿਚ ਮੋਹ ਦੇ ਬੰਧਨ ਤੋੜਨ ਲਈ ਇਸਤ੍ਰੀ ਪੁਤਰ, ਸਾਕ ਸਬੰਧੀਆਂ ਅਤੇ ਸੰਸਾਰਕ ਪਦਾਰਥਾਂ ਨੂੰ ਦੁਖਦਾਇਕ ਦਸ ਕੇ ਨਫਰਤ ਪੈਦਾ ਕੀਤੀ ਸੀ। ਗੁਰਮਤਿ ਨੇ ਇਹਨਾਂ ਸਾਰੀਆਂ ਚੀਜ਼ਾਂ ਨੂੰ ਵਾਹਿਗੁਰੂ ਦੀ ਬਖਸ਼ਸ਼ ਮੰਨਿਆ ਹੈ। ਇਹਨਾਂ ਵਿਰੁਧ ਘਿਰਣਾ ਨਹੀਂ ਪੈਦਾ ਕੀਤੀ। ਅਜਿਹਾ ਵਿਵੇਕ ਅਤੇ ਵੈਰਾਗ ਨਹੀਂ ਦਿਤਾ, ਜਿਸ ਨਾਲ ਜੀਵਨ ਤੇ ਜਗਤ ਤੋਂ ਘਿਰਣਾ ਤੇ ਨਫਰਤ ਹੋ ਜਾਏ। ਜੇ ਸੰਸਾਰ ਦੁਖਦਾਇਕ ਹੈ ਤਾਂ ਫਿਰ ਇਸ ਵਿਚ ਜੀਵਨ ਦੀ ਕੀ ਲੋੜ ਹੈ ? ਸਿਖ ਨੇ ਪ੍ਰਵਾਰ ਨਾਲ ਪਰੇਮ ਕਰਨਾ ਹੈ ਤੇ ਮਨੁਖ ਮਾਤਰ ਦੀ ਸੇਵਾ ਕਰਨੀ ਹੈ। ਧਨ ਪਦਾਰਥ ਕਮਾਉਣਾ ਹੈ। ਜੀਵਨ ਦਾ ਆਦਰਸ਼ ਗੁੜ ਦੀ ਮੱਖੀ ਵਾਂਗੂ ਇਹਨਾਂ ਵਿਚ ਫਸ ਜਾਣਾ ਨਹੀਂ। ਧਨ ਪਦਾਰਥ ਨਿਰਬਾਹ ਲਈ ਹਨ, ਨਾ ਕਿ ਜੀਵਨ ਕੇਵਲ ਪਦਾਰਥਾਂ ਲਈ ਹੈ। ਇਹਨਾਂ ਵਸਤਾਂ ਨਾਲ ਪਿਆਰ ਕਰਦਿਆਂ ਜਦ ਧਰਮ, ਸੇਵਾ, ਉਪਕਾਰ ਤੇ ਆਜ਼ਾਦੀ ਲਈ ਕੁਰਬਾਨੀ ਦੀ ਲੋੜ ਪਵੇ, ਤਾਂ ਇਹਨਾਂ ਨੂੰ ਵਾਰ ਦੇਣਾ ਇਹੀ ਨਿਰਮੋਹ ਹੋਣਾ ਹੈ। ਅਤੇ ਸੱਚਾ ਤਿਆਗੀ ਹੋਣਾ ਹੈ।

ਹੰਕਾਰ—

ਅਹੰ ਮੈਂ ਹਾਂ, ਇਹ ਖਿਆਲ ਹੰਕਾਰ ਦਾ ਮੂਲ ਹੈ, ਦੂਜੇ ਮੈਥੋਂ ਵਖਰੇ ਹਨ—'ਦੁਬਿਧਾ' ਹੈ। ਇਹ ਇਕ ਸ਼ਖਸੀਅਤ ਨੂੰ ਦੂਜਿਆਂ ਨਾਲੋਂ ਅੱਡ ਕਰਦਾ ਹੈ। ਇਸ ਨੂੰ ਹਉਮੈ ਹੰਕਾਰ ਜਾਂ ਅਭਿਮਾਨ ਕਹਿੰਦੇ ਹਨ। ਹਉਮੈ ਬੁਧੀ ਦਾ ਇਕ ਹਿੱਸਾ ਹੈ। ਜੜ੍ਹ ਪਦਾਰਥਾਂ ਵਿਚ ਬੁਧੀ ਨਹੀਂ ਹੁੰਦੀ, ਉਹਨਾ ਵਿਚ ਹਉਮੈ ਵੀ ਨਹੀਂ ਹੁੰਦੀ। ਗੁਰਬਾਣੀ ਵਿਚ ਹਉਮੈ ਨੂੰ ਬਹੁਤ ਸਾਰੀਆਂ ਬੁਰਾਈਆਂ ਦੀ ਜੜ੍ਹ ਮੰਨਿਆ ਹੈ। ਇਸ ਨੂੰ ਤਿਆਗਣਾ ਬਹੁਤ ਕਠਨ ਹੈ।

ਸਤਿਗੁਰੂ ਜੀ ਫੁਰਮਾਉਂਦੇ ਹਨ—

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥

ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
(੪੬੬)

ਪੰਚਮ ਪਾਤਸ਼ਾਹ ਫੁਰਮਾਉਂਦੇ ਹਨ—

ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ ॥
ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸਤੀਰਨਹ ॥
ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ ॥
ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ॥
ਬੈਦ੍ਯੰ ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ॥
(ਸਲੋਕ ਸਹਸਕ੍ਰਿਤੀ) (੧੩੫੮)

ਹਉਮੈ ਕੇਵਲ ਸ਼ਖ਼ਸੀਅਤ ਦੇ ਅਹਿਸਾਸ ਕਰਕੇ ਨਹੀਂ ਹੁੰਦੀ; ਬਲਕਿ ਰਾਜ, ਧਨ, ਸੁੰਦਰਤਾ ਵਿਦਿਆ, ਹੁਨਰ, ਕੁਲ, ਭਜਨ, ਸੇਵਾ, ਤਪ ਅਤੇ ਕੁਰਬਾਨੀ ਕਰ ਕੇ ਵੀ ਹੁੰਦੀ ਹੈ। ਇਕ ਵਿਦਵਾਨ ਦਾ ਕਥਨ ਹੈ—

ਮਦ ਤੋਂ ਬਹੁਤਕ ਭਾਂਤ ਕੇ ਤਾਹਿ ਨ ਜਾਨੈ ਕੋਇ।
ਤਮ ਮਦ, ਮਨ ਮਦ ਜਾਤਿ ਮਦ, ਮਾਯਾ ਮਦ ਸਭ ਲੋਇ।

ਰਾਜ ਦਾ ਹੰਕਾਰ ਕਿਉਂ ? ਇਸ ਲਈ ਕਿ ਹਕੂਮਤ ਇਕ ਉਹ ਵਸੀਲਾ ਜਾਂ ਢੰਗ ਹੈ, ਜਿਸ ਨਾਲ ਮਨੁਖ ਦੂਜਿਆਂ ਨੂੰ ਅਧੀਨ ਕਰਦਾ ਹੈ। ਆਪਣੇ ਆਪ ਨੂੰ ਹਾਕਮ ਸਮਝਦਾ ਹੈ। ਧਨ ਦਾ ਮਾਣ ਇਸ ਲਈ ਹੁੰਦਾ ਹੈ ਕਿ ਇਸ ਨਾਲ ਪਦਾਰਥ ਤੇ ਸੰਸਾਰਕ ਸੁਖ ਪ੍ਰਾਪਤ ਹੁੰਦੇ ਹਨ।

ਸਤਿਗੁਰੂ ਜੀ ਦਸਦੇ ਹਨ—

ਮਾਇਆ ਧਾਰੀ ਅਤਿ ਅੰਨਾ ਬੋਲਾ ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ (੩੧੩)

ਭਾਵ—ਅੰਨ੍ਹੇ ਦੇ ਨੇਤਰ ਨਹੀਂ ਹੁੰਦੇ, ਕੰਨ ਹੁੰਦੇ ਹਨ। ਬੋਲੇ ਦੇ ਕੰਨ ਨਹੀਂ ਹੁੰਦੇ, ਨੇਤਰ ਹੁੰਦੇ ਹਨ । ਪਰ ਇਕ ਮਾਇਆਧਾਰੀ ਪੁਰਸ਼ ਹਉਮੈ ਕਰਕੇ ਅੱਖਾਂ ਤੋਂ ਅੰਨ੍ਹਾ ਅਤੇ ਕੰਨਾਂ ਤੋਂ ਬੋਲਾ ਹੁੰਦਾ ਹੈ । ਧਨ ਦਾ ਹੰਕਾਰ ਵੀ ਮਨੁਖ ਨੂੰ ਨੇਕੀ ਦੇ ਰਸਤੇ ਵਲ ਜਾਣ ਨਹੀਂ ਦਿੰਦਾ।

ਸੁੰਦਰਤਾ ਵੀ ਹਉਮੈ ਪੈਦਾ ਕਰਦੀ ਹੈ। ਸੁੰਦਰਤਾ ਦੇ ਅਰਥ ਹਨ ਸਰੀਰ ਦੇ ਅੰਗਾਂ ਦਾ ਢੁਕਵਾਂ, ਸਡੌਲ ਤੇ ਇਕ ਸਾਰ ਹੋਣਾ। ਸੁੰਦਰਤਾ ਮਨ ਨੂੰ ਮੋਂਹਦੀ ਹੈ। ਭਾਵੇਂ ਕੋਈ ਕਰੂਪ ਹੀ ਹੋਵੇ, ਉਸ ਨੂੰ ਵੀ ਵਹਿਮ ਹੁੰਦਾ ਹੈ ਕਿ ਉਸ ਜਿੰਨਾ ਸੁੰਦਰ ਕੋਈ ਨਹੀਂ। ਇਸ ਤਰ੍ਹਾਂ ਜੋਬਨ, ਸਰੀਰਕ ਬਲ ਅਤੇ ਅਰੋਗਤਾ ਦਾ ਵੀ ਮਾਣ ਹੁੰਦਾ ਹੈ। ਨੌਵੇਂ ਪਾਤਸ਼ਾਹ ਫੁਰਮਾਉਂਦੇ ਹਨ—

ਜੋਬਨ ਧਨ ਪ੍ਰਭਤ ਕੇ ਮਦ ਮੈ
ਅਹਿਨਿਸਿ ਰਹੈ ਦਿਵਾਨਾ ॥

ਵਿਦਿਆ ਮਨੁਖ ਦੀ ਬੁਧੀ ਨੂੰ ਚਮਕਾਉਂਦੀ ਹੈ । ਉਹ ਦੂਜਿਆਂ ਉਤੇ ਆਪਣਾ ਅਸਰ ਪਾਉਂਦਾ ਹੈ। ਇਸ ਲਈ ਵਿਦਿਆ ਦਾ ਵੀ ਮਾਣ ਹੁੰਦਾ ਹੈ । ਬੜੇ ਬੜੇ ਵਿਦਵਾਨ, ਪੰਡਤ ਤੇ ਫਿਲਾਸਫਰ ਹੰਕਾਰੀ ਹੋਏ ਹਨ ।

ਇਕ ਮਹਾਨ ਰਿਸ਼ੀ ਦਾ ਕਥਨ ਹੈ—

ਵਿਦਯਾ ਵਿਵਾਦਾਯ ਧਨੰ ਮਦਾਯ।
ਸ਼ਕਤੀ ਪਰੇਸ਼ਾਂ ਪਰਿ ਪੀੜਨਾਯ।
ਖਲੱਸਯ ਤੁਵੇਤਤ ਵਿਪਰੀਤੰਹੇ ਸਾਧੋ,
ਗਯਾਨਾਯ ਦਾਨਾਯ ਪਰਿ ਰਖਸ਼ਣਾਯ।

ਭਾਵ—ਦੁਸ਼ਟ ਪੁਰਸ਼ਾਂ ਦੀ ਵਿਦਿਆ ਝਗੜਨ ਲਈ ਧਨ ਹੰਕਾਰ ਲਈ ਅਤੇ ਸ਼ਕਤੀ ਦੂਜਿਆਂ ਨੂੰ ਦੁਖ ਦੇਣ ਲਈ ਹੁੰਦੀ ਹੈ । ਇਸ ਦੇ ਉਲਟ ਸਾਧੂ ਪੁਰਸ਼ਾਂ ਦੀ ਵਿਦਿਆ ਗਿਆਨ ਲਈ, ਧਨ ਦਾਨ ਵਾਸਤੇ ਤੇ ਸ਼ਕਤੀ ਦੂਸਰਿਆਂ ਦੀ ਰਖਿਆ ਲਈ ਹੁੰਦੀ ਹੈ।

ਧਨ ਜੋਬਨ ਤੇ ਵਿਦਿਆ ਤੋਂ ਬਿਨਾਂ ਕੁਲ ਅਭਿਮਾਨ ਵੀ ਹੁੰਦਾ ਹੈ।

ਹਉਮੈ ਬਹੁਤ ਹੀ ਸੂਖਮ ਰੋਗ ਹੈ। ਇਹ ਰੋਗ ਭਜਨ, ਤਪ, ਤੀਰਥ ਬਰਤ ਦਾਨ ਪੁੰਨ ਤੇ ਤਿਆਗ ਕਰਦਿਆਂ ਹੋਇਆਂ ਵੀ ਹੋ ਜਾਂਦਾ ਹੈ। ਸਤਿਗੁਰੂ ਜੀ ਦਸਦੇ ਹਨ—

(੧) ਪਾਠ ਪੜਿਓ ਅਰੁ ਬੇਦ ਬੀਚਾਰਿਓ
ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ ॥

(ਸੋਰਠਿ ਮ: ੫) (੬੪੧)

(੨) ਨਿਮਖ ਨਿਮਖ ਕਰਿ ਸਰੀਰ ਕਟਾਵੈ ॥
ਤਉ ਭੀ ਹਉਮੈ ਮੈਲੁ ਨ ਜਾਵੈ ॥

(ਸੁਖਮਨੀ)

(੩) ਕਬੀਰ ਮਾਇਆ ਤਜੀ ਤ ਕਿਆ ਭਇਆ
ਜਉ ਮਾਨੁ ਤਜਿਆ ਨਹਿ ਜਾਇ ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥

(੧੩੭੨)

ਹਉਮੈ ਕਰਕੇ ਸਾਰੇ ਸਾਧਨ ਨਿਸਫਲ ਹਨ—

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨ ॥

ਹੁਣ ਤਕ ਅਸੀਂ ਦੋ ਗੱਲਾਂ ਦਸ ਆਏ ਹਾਂ। ਇਕ ਇਹ ਕਿ ਹਉਮੈ ਕੀ ਹੈ? ਦੂਸਰੇ ਇਸ ਦੀ ਉਤਪਤੀ ਦੇ ਕਾਰਨ ਕੀ ਹਨ? ਹੁਣ ਅਸੀਂ ਇਹ ਦਸਣਾ ਚਾਹੁੰਦੇ ਹਾਂ ਕਿ ਗੁਰਮਤਿ ਵਿਚ ਇਸ ਦੇ ਤਿਆਗ ਲਈ ਕਿਉਂ ਜ਼ੋਰ ਦਿਤਾ ਗਿਆ ਹੈ? ਇਸ ਦੀ ਨਵਿਰਤੀ ਦੇ ਸਾਧਨ ਕੀ

ਦਸੇ ਹਨ ? ਇਸ ਦੀ ਸਹੀ ਵਰਤੋਂ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ ? ਹਉਮੈ ਵਾਹਿਗੁਰੂ ਨੂੰ ਭੁਲਾ ਦਿੰਦੀ ਹੈ । ਇਸ ਲਈ ਇਸ ਦਾ ਤਿਆਗ ਦਸਿਆ ਹੈ ।

(੧) ਧਨ ਪਿਰ ਸਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ ॥

(੨) ਸਾਕਤ ਹਰਿ ਰਸ ਸਾਦੁ ਨ ਜਾਣਿਆ
ਤਿਨ ਅੰਤਰਿ ਹਉਮੈ ਕੰਡਾ ਹੇ ॥

ਭਾਵ—ਹਉਮੈ ਵਾਹਿਗੁਰੂ ਦੇ ਮਿਲਣ ਵਿਚ ਇਕ ਰੁਕਾਵਟ ਹੈ ।

ਭਾਈ ਗੁਰਦਾਸ ਜੀ ਲਿਖਦੇ ਹਨ—

ਇਕਤ ਨੁਕਤੈ ਹੋਇ ਜਾਇ ਮਹਿਰਮ ਮੁਜਰਮ ਖੈਰ ਖੁਵਾਰੀ

ਭਾਵ—ਮਹਿਰਮ (ਭੇਤੀ) ਅਤੇ ਮੁਜਰਮ ਇਕੋ ਤਰ੍ਹਾਂ ਲਿਖੇ ਜਾਂਦੇ ਹਨ, ਕੇਵਲ ਨੁਕਤੇ ਦਾ ਫਰਕ ਹੁੰਦਾ ਹੈ । ਹਉਮੈ ਦੇ ਨਾਲ ਦੋਸ਼ੀ ਬਣੀਦਾ ਮ੍ਹ । ਇਸ ਨੂੰ ਮਿਟਾਕੇ ਰੱਬ ਦੀ ਮਹਿਰਮ ਹੋ ਜਾਈਦਾ ਹੈ । ਨੁਕਤੇ ਕਰਕੇ ਜਰਮ ਅਤੇ ਇਸ ਨੂੰ ਤਿਆਗ ਕਰਕੇ ਮਹਿਰਮ ਬਣੀਦਾ ਹੈ । ਗੁਰਦੇਵ ਦਸਦੇ ਹਨ—

ਸਾਧ ਸੰਗਿ ਜਿਹ ਹਉਮੈ ਮਾਰੀ ॥
ਨਾਨਕ ਤਾਕਉ ਮਿਲੈ ਮੁਰਾਰੀ ॥

ਗੁਰਮਤਿ ਵਿਚ ਹਉਮੈ ਦਾ ਤਿਆਗ ਇਸ ਲਈ ਵੀ ਦਸਿਆ ਹੈ ਕਿ ਹੰਕਾਰੀ ਪੁਰਸ਼ ਕਿਸੇ ਗੁਣ ਨੂੰ ਗ੍ਰਹਿਣ ਨਹੀਂ ਕਰ ਸਕਦਾ ਹੈ । ਕਬੀਰ ਜੀ ਕਹਿੰਦੇ ਹਨ—

ਕਬੀਰ ਬਾਂਸ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥
ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥

ਬਾਂਸ ਵਿਚ ਚਾਰ ਅਉਗੁਣ ਹੁੰਦੇ ਹਨ—ਅਫਲ, ਅੰਦਰੋਂ ਪੋਲਾ, ਗੰਢਾਂ ਵਾਲਾ ਤੇ ਕੁਲ ਘਾਤਕ । ਇਹ ਸਾਰੇ ਦੋਸ਼ ਹੰਕਾਰੀ ਪੁਰਸ਼ ਵਿਚ

ਹੁੰਦੇ ਹਨ। ਫਰੀਦ ਜੀ ਕਹਿੰਦੇ ਹਨ—

ਫਰੀਦਾ ਗਰਬੁ ਜਿਨਾ ਵਡਿਆਈਆ ਧਨਿ ਜੋਬਨਿ ਆਗਾਹ ।
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ।

'ਹਉਮੈ' ਮਨੁਖ ਦੀ ਜ਼ਾਤ ਨਾਲ ਸੰਬੰਧ ਰਖਦੀ ਹੈ।

'ਗਰਬ' ਸੰਸਾਰ ਦੇ ਪਦਾਰਥਾਂ ਦਾ ਹੁੰਦਾ ਹੈ।

ਗੁਰਬਾਣੀ ਵਿਚ ਹਉਮੈ ਨੂੰ 'ਦੀਰਘ ਰੋਗ' ਕਿਹਾ ਗਿਆ ਹੈ, ਪਰ ਨਾਲ ਹੀ 'ਦਾਰੂ ਭੀ ਇਸ ਮਾਹਿ' ਦਸਿਆ ਹੈ । ਹਉਮੈ ਰੋਗ ਜ਼ਰੂਰ.ਹੈ, ਪਰ ਸਾਡੀ 'ਹਉ' ਦੀ ਚੇਤੰਨਤਾ ਹੀ ਸਾਡੀ ਸ਼ਖਸੀਅਤ ਨੂੰ ਬਣਾਂਦੀ ਅਤੇ ਆਚਰਣ ਦੀ ਉਸਾਰੀ ਕਰਦੀ ਹੈ । ਜਿਸ ਵਿਚ ਆਪਣੀ ਹੋਂਦ ਦਾ ਗਿਆਨ ਹੈ, ਉਹੀ ਵਾਹਿਗੁਰੂ ਦੀ ਹੋਂਦ ਤੇ ਸ਼ੁਭ ਗੁਣਾਂ ਨੂੰ ਜਾਨਣ ਦਾ ਜਤਨ ਕਰੇਗਾ। ਹਉਮੈ ਦਾ ਰੁਖ ਬਦਲ ਕੇ ਇਸ ਨੂੰ 'ਤੂੰ' ਵਿਚ ਬਦਲਣ ਦੀ ਲੋੜ ਹੈ । ਸਵੈਮਾਨ ਤੇ ਸਵੈ ਸਤਕਾਰ ਰਖਣਾ ਹੈ, ਪਰ ਹੰਕਾਰ ਨਹੀਂ ਕਰਨਾ। ਇਸ ਤਰ੍ਹਾਂ ਰੋਗ ਹੀ ਦਾਰੂ ਬਣ ਜਾਂਦਾ ਹੈ। ਪਲੇਗ ਤੇ ਹੈਜ਼ੇ ਦਾ ਟੀਕਾ ਇਹਨਾਂ ਬੀਮਾਰੀਆਂ ਦੇ ਕੀਟਾਣੂਆਂ ਤੋਂ ਹੀ ਤਿਆਰ ਕੀਤਾ ਜਾਂਦਾ ਹੈ। ਅਧਮੋਏ ਕੀਟਾਣੂ ਸਰੀਰ ਵਿਚ ਦਾਖਲ ਕੀਤੇ ਜਾਂਦੇ ਹਨ। ਲਹੂ ਦੇ ਸਫ਼ੈਦ ਕੀਟਾਣੂ ਉਹਨਾਂ ਨੂੰ ਮਾਰਦੇ ਹਨ । ਇਸ ਤਰ੍ਹਾਂ ਅਭਿਆਸ ਕਰਨ ਨਾਲ ਉਹ ਬੀਮਾਰੀ ਦੇ ਕੀਟਾਣੂਆਂ ਨੂੰ ਮਾਰਨ ਦੇ ਸਮਰਥ ਹੋ ਜਾਂਦੇ ਹਨ । ਇਸ ਲਈ ਟੀਕਾ ਹੋਣ ਤੇ ਬੀਮਾਰੀ ਅਸਰ ਨਹੀਂ ਕਰਦੀ। ਹਉਮੈ ਦੀ ਥਾਂ ਸਵੈਮਾਨ, ਸਵੈ ਸਤਕਾਰ, ਚੜ੍ਹਦੀ ਕਲਾ, ਆਤਮ-ਵਿਸ਼ਵਾਸ ਆਦਿਕ ਆ ਜਾਂਦੇ ਹਨ । 'ਮਨ ਨੀਵਾਂ ਤੇ ਮਤ ਉਚੀ' ਹੋ ਜਾਂਦੀ ਹੈ।

ਹਉਮੈ ਦੂਰ ਕਿਸਤਰ੍ਹਾਂ ਹੋਵੇ ? ਇਸ ਦਾ ਉਪਾ ਸਤਿਗੁਰੂ ਜੀ ਦਸਦੇ ਹਨ—

ਕਿਰਪਾ ਕਰੇ ਜੇ ਆਪਣੀ
ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ
ਇਤੁ ਸੰਜਮ ਦੁਖ ਜਾਹਿ ॥

ਅੰਤ ਵਿਚ ਇਕ ਗਲ ਕਹਿਣੀ ਚਾਹੁੰਦੇ ਹਾਂ ਕਿ ਮਨੁਖ ਲਈ ਤਿੰਨ ਮੰਡਲ ਹੁੰਦੇ ਹਨ (੧) ਆਤਮਿਕ ਜਾਂ ਗਿਆਨ ਦਾ ਮੰਡਲ। ਇਸ ਵਿਚ ਮਨੁਖ ਵਿਸ਼ੇ ਵਿਕਾਰਾਂ ਤੋਂ ਉਚਾ ਹੁੰਦਾ ਹੈ। (੨) ਮਾਨਸਿਕ ਜਾਂ ਕਾਮਨਾਵਾਂ ਦਾ ਮੰਡਲ ਇਸ ਵਿਚ ਮਨੁਖ ਕਾਮ, ਕਰੋਧ ਤੇ ਮਨੋ ਕਾਮਨਾਵਾਂ ਦੇ ਅਧੀਨ ਹੁੰਦਾ ਹੈ । (੩) ਸਰੀਰਕ ਜਾਂ ਜੜਤਾ ਦਾ ਮੰਡਲ, ਇਸ ਵਿਚ ਮਨੁਖ ਸਰੀਰਕ ਲੋੜਾਂ ਪੂਰੀਆਂ ਕਰਨੀਆਂ, ਖਾਣ ਪੀਣ ਤੇ ਸੌਣ ਨੂੰ ਹੀ ਜੀਵਨ ਦਾ ਉਦੇਸ਼ ਸਮਝਦਾ ਹੈ । ਇਸ ਤਰ੍ਹਾਂ ਹਉਮੈ ਕਰ ਕੇ ਆਤਮਿਕ ਮੰਡਲ ਤੋਂ ਥਲੇ ਮਾਨਸਿਕ ਵਿਚ ਗਿਆਨ ਦਾ ਪ੍ਰਕਾਸ਼ ਘਟ ਜਾਂਦਾ ਹੈ, ਜੜ੍ਹ ਮੰਡਲ ਵਿਚ ਉਕਾ ਹੀ ਨਹੀਂ ਰਹਿੰਦਾ। ਇੰਦਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ਼ ਨਹੀਂ ਦੀ ਹਾਲਤ ਹੁੰਦੀ ਹੈ।

ਇਸ ਲਈ ਗੁਰਮਤਿ ਵਿਚ ਕਾਮ, ਕਰੋਧ, ਲੋਭ, ਮੋਹ, ਹੰਕਾਰ ਤੇ ਕਾਬੂ ਪਾ ਕੇ ਸਰੀਰਕ ਲੋੜਾਂ ਪੂਰੀਆਂ ਕਰਦੇ ਹੋਏ ਆਤਮਕ ਪਦ ਦੀ ਪ੍ਰਾਪਤੀ ਦਸੀ ਹੈ । ਜਿਸ ਤਰ੍ਹਾਂ ਇਕ ਬੀਜ ਧਰਤੀ ਵਿਚੋਂ ਮਿਟੀ, ਰੂੜੀ, ਪਾਣੀ ਤੇ ਹੋਰ ਤੱਤਾਂ ਨੂੰ ਲੈ ਕੇ ਫੁਲਾਂ ਤੇ ਫਲਾਂ ਦੇ ਰੂਪ ਵਿਚ ਬਦਲਾਂਦਾ ਹੈ, ਇਸੇ ਤਰ੍ਹਾਂ ਆਤਮਿਕ ਸ਼ਕਤੀ ਕਾਮ, ਕਰੋਧਾਦਿਕ ਵਿਸ਼ੇ ਵਿਕਾਰਾਂ ਤੇ ਕਾਬੂ ਪਾ ਕੇ ਅਉਗੁਣਾਂ ਨੂੰ ਗੁਣ ਰੂਪ ਵਿਚ ਬਦਲ ਦਿੰਦੀ ਹੈ।

ਦਸਮ ਪਾਤਸ਼ਾਹ ਫ਼ੁਰਮਾਉਂਦੇ ਹਨ—

ਕਾਮ ਕਰੋਧ ਹੰਕਾਰ ਲੋਭ
ਹਠ ਮੋਹ ਨ ਮਨ ਸਿਉ ਲਯਾਵੈ ।
ਤਬ ਹੀ ਆਤਮ ਤਤ ਕੋ ਦਰਸੇ
ਪਰਮ ਪੁਰਖ ਕਹਿ ਪਾਵੈ ।

ਸਿਖ ਨੇ ਮਨ, ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਨੂੰ ਮਾਰਨਾ ਨਹੀਂ, ਸੁਧਾਰਨਾ ਹੈ । ਕਾਮ ਨੂੰ ਸੰਜਮ ਤੇ ਸ਼ਕਤੀ, ਕਰੋਧ ਨੂੰ ਵੀਰਤਾ, ਲੋਭ ਨੂੰ ਪੁਰਸ਼ਾਰਥ ਤੇ ਸੰਤੋਖ, ਮੋਹ ਨੂੰ ਪਰੇਮ ਤੇ ਕੁਰਬਾਨੀ ਅਤੇ ਹੰਕਾਰ ਨੂੰ ਸਵੈਮਾਨ ਦੇ ਰੂਪ ਵਿਚ ਬਦਲਦਾ ਰਹਿੰਦਾ ਹੈ ।

o

੨੩.

ਸ੍ਰਿਸ਼ਟੀ ਰਚਨਾ

ਸ੍ਰਿਸ਼ਟੀ ਦੀ ਰਚਨਾ ਕਦੋਂ ਹੋਈ ਅਤੇ ਕਿਸ ਤਰ੍ਹਾਂ ਹੋਈ ? ਇਸ ਸਬੰਧੀ ਮਜ਼ਬ, ਫ਼ਿਲਾਸਫ਼ੀ, ਸਾਇੰਸ ਦੀਆਂ ਤੇ ਪੁਰਾਣਕ ਰਾਵਾਂ ਭਿੰਨ ਭਿੰਨ ਹਨ। ਹਿੰਦੂ ਰਿਸ਼ੀਆਂ ਦਾ ਖਿਆਲ ਹੈ ਕਿ ਪਹਿਲੇ 'ਹਿਰਨ ਗਰਭ' ਹੋਇਆ, ਇਸ ਤੋਂ ਉਤਪਤੀ ਹੋਈ। ਸਭ ਤੋਂ ਪਹਿਲੇ ਪਾਣੀ ਬਣਿਆ। ਪਾਣੀ ਵਿਚ ਇਕ ਅੰਡਾ ਪੈਦਾ ਹੋਇਆ। ਉਹ ਅੰਡੇ ਦੇ ਦੋ ਹਿਸੇ ਹੋਏ; ਇਕ ਇਸਤ੍ਰੀ ਸੀ ਤੇ ਇਕ ਮਰਦ ਸੀ। ਸ੍ਰਿਸ਼ਟੀ ਦੀ ਰਚਨਾ ਬ੍ਰਹਮਾ ਨੇ ਕੀਤੀ ਹੈ। ਦਾਰਸ਼ਨਿਕ ਮੱਤਾਂ ਵਿਚੋਂ ਇਕ ਦੀ ਰਾਇ ਹੈ, 'ਸੰਸਾਰ ਦੀ ਰਚਨਾ ਅਨਾਦੀ ਹੈ ਤੇ ਇਹ ਇਕ ਪ੍ਰਵਾਹ ਦੀ ਤਰ੍ਹਾਂ ਹੈ। ਇਹ ਹਮੇਸ਼ਾਂ ਤੋਂ ਤੁਰੀ ਆਈ ਹੈ ਅਤੇ ਤੁਰੀ ਚਲੀ ਜਾਵੇਗੀ। ਇਸ ਦਾ ਨਾ ਆਦਿ ਹੈ ਨਾ ਅੰਤ ਵੇਦਾਂਤੀ ਕਹਿੰਦੇ ਹਨ ਕਿ ਆਤਮਾ ਤੇ ਪੰਜ ਮਹਾਂ ਭੂਤ (ਤੱਤ) ਪੈਦਾ ਹੋਏ, ਜਿਹਨਾਂ ਤੋਂ ਸ੍ਰਿਸ਼ਟੀ ਬਣੀ ਇਹ ਕਲਪਣਾ ਮਾਤਰ ਹੈ। ਈਸਾਈਆਂ ਦੀ ਰਾਇ ਹੈ ਕਿ ਇਕ ਸਾਤਾ ਈਸ਼ਵਰ ਨੇ ਰਚਨਾ ਕੀਤੀ, ਸਤਵੇਂ ਦਿਨ ਨੂੰ ਐਤਵਾਰ ਨੂੰ ਆਰਾਮ ਕੀਤਾ। ਮੁਸਲਮਾਨਾਂ ਦੀ ਮਨੌਤ ਹੈ ਕਿ ਰੱਬ ਨੇ 'ਕੁੰਨ' ਕਿਹਾ ਤੇ ਸ੍ਰਿਸ਼ਟੀ ਬਣੀ। ਜਿਸ ਵੇਲੇ ਇਸ ਨੂੰ ਨਾਸ਼ ਕਰਨਾ ਚਾਹੇਗਾ, ਨਾਸ ਹੋ ਜਾਵੇਗਾ।

ਕਈ ਪੱਛਮੀ ਵਿਦਵਾਨਾਂ, ਸਾਇੰਸਦਾਨਾਂ ਤੇ ਡਾਰਵਿਨ ਦੀ ਰਾਇ ਹੈ—ਸ੍ਰਿਸ਼ਟੀ ਪਹਿਲੇ ਗਰਮ ਲੋਹੇ ਵਾਂਗੂ ਪੰਘਰਿਆ ਹੋਇਆ ਦ੍ਰਵਜ ਸੀ। ਉਸ ਵਿਚ ਗਰਮੀ ਘਟ ਗਈ। ਫਿਰ ਚਿਕੜ ਦੀ ਸ਼ਕਲ ਬਣ

ਗਈ । ਉਸ ਵਿਚ ਜੀਵ ਜੰਤ ਤੇ ਕੀੜੇ ਮਕੌੜੇ ਪੈਦਾ ਹੋ ਗਏ । ਬਨਾਸਪਤੀ ਪੈਦਾ ਹੋ ਗਈ । ਸੂਰਜ, ਚੰਦ, ਤਾਰੇ, ਪਹਾੜ ਆਦਿਕ ਬਣ ਗਏ । ਕੀੜਿਆਂ ਤੋਂ ਵਿਕਾਸ ਤੇ ਉਨਤੀ ਕਰ ਕੇ ਬਾਂਦਰ ਬਣੇ ਅਤੇ ਬਾਂਦਰ ਤੋਂ ਮਨੁਖ ਬਣ ਗਏ ।

ਸ੍ਰਿਸ਼ਟੀ ਰਚਨਾ ਕਦੋਂ ਹੋਈ ? ਇਸ ਸਬੰਧੀ ਹਿੰਦੂ ਕਹਿੰਦੇ ਹਨ ਕਿ ਇਕ ਅਰਬ ਛਿਆਨਵੇਂ ਕਰੋੜ ਅਠ ਲਖ ਤ੍ਰਿਵੰਜਾ ਹਜ਼ਾਰ ਵਰ੍ਹੇ ਹੋ ਗਏ ਹਨ । ਈਸਾਈ ਛੇ ਹਜ਼ਾਰ ਤੇ ਮੁਸਲਮਾਨ ਚੌਦਾਂ ਹਜ਼ਾਰ ਵਰ੍ਹੇ ਸ੍ਰਿਸ਼ਟੀ ਨੂੰ ਬਣਿਆਂ ਦਸਦੇ ਹਨ ।

ਪੱਛਮੀ ਲੇਖਕਾਂ ਵਿਚੋਂ ਕਈਆਂ ਦਾ ਖਿਆਲ ਹੈ ਕਿ ਡੇਢ ਕਰੋੜ ਸਾਲ ਹੋ ਗਿਆ ਹੈ, ਜਦ ਧਰਤੀ ਬਨਾਸਪਤੀ ਪੈਦਾ ਕਰਨ ਦੇ ਜੋਗ ਹੋਈ । ਪਰੋਫੈਸਰ ਕੇਰਲ ਦਾ ਖਿਆਲ ਹੈ ਕਿ ਸਤ ਕਰੋੜ ਸਾਲ ਇਸ ਨੂੰ ਬਣਿਆਂ ਹੋ ਗਏ ਹਨ । ਵਿਲੀਅਮ ਟਾਮਸ ਦਸ ਕਰੋੜ ਸਾਲ ਅਤੇ ਪਰੋਫੈਸਰ ਹਿਲਨਰ ਦੋ ਕਰੋੜ ਸਾਲ ਸ੍ਰਿਸ਼ਟੀ ਬਣਿਆਂ ਦਸਦਾ ਹੈ ।

ਸ੍ਰਿਸ਼ਟੀ ਕਿਵੇਂ ਬਣੀ ? ਇਸ ਸਬੰਧੀ ਗੁਰਮਤਿ ਸਿਧਾਂਤ ਇਹ ਹੈ—

(੧) ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥
(ਜਪੁਜੀ ੧੬)

(੨) ਤੂੰ ਹੁਕਮੀ ਸਾਜਹਿ ਸ੍ਰਿਸ਼ਟਿ ਸਾਜ ਸਮਾਬਹੀ ॥
ਤੂੰ ਸਭ ਮਹਿ ਵਰਤੈਂ ਆਪ ਕੁਦਰਤ ਦੇਖਾਵਹੀ ॥
(ਵਾਰ ਮਾਰੂ ਮ: ੩)

(੩) ਜਬ ਉਦਕਰਖ* ਕਰਾ ਕਰਤਾਰਾ ॥
ਪ੍ਰਜਾ ਧਰਤ ਤਬ ਦੇਹ ਅਪਾਰਾ ॥

---

*ਵਿਸਥਾਰ ਜਾਂ ਪ੍ਰਗਟ ।

ਜਬ ਆਕਰਖ* ਕਰਤ ਹੋ ਕਬਹੂੰ ॥
ਤੁਮ ਮੈ ਮਿਲਤ ਦੇਹ ਧਰ ਸਭਹੂੰ ॥
(ਪਾ: ੧੦)

ਸਤਿਗੁਰੂ ਜੀ ਦਸਦੇ ਹਨ—

(੧) ਉਤਪਤਿ ਪਰਲੋ ਸਬਦੇ ਹੋਵੈ ॥
ਸਬਦੇ ਹੀ ਫਿਰਿ ਓਪਤਿ ਹੋਵੈ ॥

ਇਕ ਸਮਾਂ ਸੀ ਜਦ ਸ੍ਰਿਸ਼ਟੀ ਨਹੀਂ ਸੀ—

(੨) ਆਪਣਾ ਆਪ ਉਪਾਇਓਨੁ ਤਦਹੁ ਹੋਰੁ ਨ ਕੋਈ ॥
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ ॥
ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ ॥
ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ ॥
ਜਿਉ ਤਿਸੁ ਭਾਵੈ ਤਿਵੈ ਕਰਿ ਤਿਸੁ ਬਿਨੁ ਅਵਰੁ
ਨ ਕੋਈ ॥ (ਵਾਰ ਗੂਜਰੀ ਮ: ੩)

(੩) ਅਰਬਦ ਨਰਬਦ[] ਧੁੰਧੂਕਾਰਾ ॥
ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ॥
ਸੁੰਨ ਸਮਾਧਿ ਲਗਾਇਦਾ ॥
ਖਾਣੀ ਨ ਬਾਣੀ ਪਉਣ ਨ ਪਾਣੀ ॥
ਓਪਤਿ ਖਪਤਿ ਨ ਆਵਣ ਜਾਣੀ ।
ਖੰਡ ਪਤਾਲ ਸਪਤ ਨਹੀ ਸਾਗਰ ।
ਨਦੀ ਨ ਨੀਰੁ ਵਹਾਇਦਾ ।
ਨ ਤਦਿ ਸੁਰਗੁ ਮਛੁ ਪਇਆਲਾ ।

*ਸਮੇਟਣਾ ਜਾਂ ਸੰਕੋਚ ਕਰ ਲੈਣਾ ।

[]ਅਰਬਾਂ ਖਰਬਾਂ ਅਰਥਾਤ ਅਨਗਿਣਤ ਜੁਗਾਂ ਤਕ ।

ਦੋਜਕੁ ਭਿਸਤੁ ਨਹੀਂ ਖੈ ਕਾਲਾ ।
ਨਰਕ ਸੁਰਗੁ ਨਹੀ ਜੰਮਣੁ ਮਰਣਾ ।
ਨਾ ਕੋ ਆਇ ਨ ਜਾਇਦਾ ।
ਬ੍ਰਹਮਾ ਬਿਸਨੁ ਮਹੇਸੁ ਨਾ ਕੋਈ ।
ਅਵਰੁ ਨ ਦੀਸੈ ਏਕੋ ਸੋਈ ।
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ।
ਨਾ ਕੋ ਦੁਖੁ ਸੁਖੁ ਪਾਇਦਾ ।

ਹੁਣ ਤੇ ਸਾਇੰਸਦਾਨ ਵੀ ਮੰਨਣ ਲਗ ਪਏ ਹਨ ਕਿ ਜਿਨ੍ਹਾਂ ਪ੍ਰਮਾਣੂਆਂ ਤੋਂ ਰਚਨਾ ਹੋਈ ਹੈ, ਉਹਨਾਂ ਦੀ ਤਰਤੀਬ ਵਿਗੜ ਰਹੀ ਹੈ । ਇਸ ਵਿਘਨ ਤੇ ਮਾਪ ਦਾ ਨਾਉਂ ਉਹਨਾਂ ਨੇ 'ਐਨ ਟਰੋਪੀ' ਰਖਿਆ ਹੈ । ਇਸ ਤੋਂ ਸਿਧ ਹੁੰਦਾ ਹੈ ਕਿ ਸ੍ਰਿਸ਼ਟੀ ਇਕ ਦਿਨ ਨਹੀਂ ਰਹੇਗੀ । ਇਸ ਦਾ ਆਦਿ ਵੀ ਹੈ ਤੇ ਅੰਤ ਵੀ ।*

ਸ੍ਰਿਸ਼ਟੀ ਰਚਨਾ ਕਦੋਂ ਹੋਈ ? ਇਸ ਸਬੰਧੀ ਮਜ਼੍ਹਬੀ ਦੁਨੀਆ ਫ਼ਿਲਾਸਫ਼ਰਾਂ ਤੇ ਸਾਇੰਸਦਾਨਾਂ ਦੇ ਸਾਰੇ ਕਿਆਸ ਜਾਂ ਅਨੁਮਾਨ ਹਨ । ਕੋਈ ਸਹੀ ਗੱਲ ਨਹੀਂ ਦਸ ਸਕਦਾ । ਸਹੀ ਗੱਲ ਤਾਂ ਦਸ ਸਕਦੇ, ਜੇ ਈਸ਼ਵਰ ਨੇ ਸ੍ਰਿਸ਼ਟੀ ਬਣਾਉਣ ਵੇਲੇ ਕਿਸੇ ਨਾਲ ਸਲਾਹ ਕੀਤੀ ਹੋਵੇ, ਕੋਈ ਆਦਮੀ ਰਚਨਾ ਵੇਲੇ ਮੌਜੂਦ ਹੁੰਦਾ । ਗੁਰਮਤਿ ਨੇ ਇਸ ਸਬੰਧੀ ਬਹੁਤ ਸੁੰਦਰ ਨਿਰਣਾ ਕੀਤਾ ਹੈ । ਸਤਿਗੁਰੂ ਜੀ ਫ਼ੁਰਮਾਉਂਦੇ ਹਨ—

(੧) ਕਵਣੁ ਸੁਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥

*ਗੁਰਮਤਿ ਨਿਰਣੈ ਪੰਨਾ ੩੬-੩੭ ।

(੨) ਤੁਮਰਾ ਲਖਾ ਨ ਜਾਇ ਪਸਾਰਾ ॥
ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥

(ਚੌ: ਪਾ: ੧੦)

ਸ੍ਰਿਸ਼ਟੀ ਰਚਨਾ ਕਿਉਂ ਹੋਈ ? ਸਾਇੰਸ ਇਸ ਦਾ ਕੋਈ ਉੱਤਰ ਨਹੀਂ ਦਿੰਦੀ। ਉਹ ਰਚਨਾ ਦੇ ਕਾਰਨਾਂ ਅਰਥਾਤ 'ਕਿਵੇਂ ਹੋਈ' ਦੀ ਬਹਿਸ ਵਿਚ ਪੈ ਜਾਂਦੀ ਹੈ। ਫ਼ਿਲਾਸਫ਼ਰਾਂ ਨੇ ਇਸ ਨੁਕਤੇ ਤੇ ਵਿਚਾਰ ਕੀਤੀ ਹੈ। ਵਖ ਵਖ ਮਤਾਂ ਨੇ ਸੰਸਾਰ ਦੇ ਰਚੇ ਜਾਣ ਦੇ ਕਈ ਕਾਰਣ ਲਿਖੇ ਹਨ, ਜਿਹਾ ਕਿ 'ਪ੍ਰਕਿਰਤੀ ਸ੍ਰਿਸ਼ਟੀ ਰਚਨਾ ਇਸ ਲਈ ਕਰਦੀ ਹੈ ਕਿ ਪੁਰਸ਼ ਨੂੰ ਗਿਆਨ ਹੋ ਜਾਏ। ਮਾਇਆ ਜਦੋਂ ਬ੍ਰਹਮ ਨੂੰ ਵਿਆਪਦੀ ਹੈ, ਤਦੋਂ ਸੰਸਾਰ ਦੀ ਰਚਨਾ ਹੋ ਜਾਂਦੀ ਹੈ। ਜੀਵਾਂ ਦੇ ਕਰਮ ਇਸ ਰਚਨਾ ਦੇ ਹੇਤੂ ਹਨ।' ਪਰ ਗੁਰਮਤਿ ਸਿਧਾਂਤ ਇਹ ਹੈ ਕਿ ਸ੍ਰਿਸ਼ਟੀ ਉਸ ਦੇ ਹੁਕਮ ਨਾਲ ਹੋਈ ਹੈ। ਯਥਾ—

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥

ਮਾਇਆ, ਮੋਹ, ਭਰਮ ਅਤੇ ਅਗਿਆਨ ਕਰਕੇ ਇਹ ਸ੍ਰਿਸ਼ਟੀ ਨਹੀਂ ਬਣੀ, ਬਲਕਿ ਵਾਹਿਗੁਰੂ ਦੇ ਹੁਕਮ ਵਿਚ ਬਣੀ ਹੈ। ਉਸ ਨੇ ਆਪਣੀ ਸ਼ਕਤੀ ਨੂੰ ਪ੍ਰਗਟ ਕੀਤਾ ਹੈ। ਉਸ ਨੇ ਸ੍ਰਿਸ਼ਟੀ ਰਚਨਾਂ ਦੇ ਤੱਤਾਂ ਵਿਚ ਭੇਦ ਪੈਦਾ ਕੀਤਾ ਹੈ। ਇਹ ਰਚਨਾ ਲਈ ਜ਼ਰੂਰੀ ਤੇ ਇਕ ਤਰ੍ਹਾਂ ਸੁੰਦਰਤਾ ਹੈ। ਜੀਵਾਂ ਦੇ ਕਰਮ ਇਸ ਦਾ ਕਾਰਨ ਨਹੀਂ, ਕਿਉਂਕਿ ਸ਼ੁਰੂ ਵਿਚ ਜਦ ਜੀਵ ਨਹੀਂ ਬਣੇ ਸਨ ਉਸ ਵਕਤ ਜੀਵਾਂ ਨੂੰ ਕਰਮ ਕਿਸ ਨੇ ਦਿਤੇ ?

ਕੀ ਜਗਤ ਮਿਥਿਆ ਤੇ ਸੁਪਨੇ ਦੀ ਤਰ੍ਹਾਂ ਹੈ ? ਨਹੀਂ। ਕਰਤਾ ਪੁਰਖ ਆਪ ਸੱਤ ਹੈ, ਇਸ ਲਈ 'ਆਪ ਸਤਿ ਕੀਆ ਸਭ ਸਤਿ'

ਅਨੁਸਾਰ ਉਸ ਦੀ ਰਚਨਾ ਅਸੱਤ ਨਹੀਂ ਹੋ ਸਕਦੀ । ਇਸ ਦਾ ਮੂਲ ਤਤ ਸਦਾ ਕਾਇਮ ਰਹਿੰਦਾ ਹੈ, ਪਰ ਰਚਨਾ ਬਦਲਣਹਾਰ ਹੈ । ਇਹ ਰਚਨਾ, ਜੋ ਕੁਝ ਅਸੀਂ ਵੇਖਦੇ ਹਾਂ, ਸਾਡੀ 'ਸੀਮਤ ਦ੍ਰਿਸ਼ਟੀ' ਦਾ ਅਮਲ ਹੈ। ਇਹ ਅਪੂਰਣ ਤੇ ਗਲਤ ਹੋ ਸਕਦਾ ਹੈ। ਕਰਤਾ ਪੁਰਖ ਦੀ ਰਚਨਾ ਸਹੀ ਹੈ । ਇਸ ਵਿਚ ਏਕਤਾ ਅਨੇਕਤਾ, ਸਥਿਰਤਾ ਤੇ ਪ੍ਰੀਵਰਤਨ ਦੋਵੇਂ ਗੁਣ ਮਿਲਦੇ ਹਨ। ਇਹ ਨਾਮ ਰੂਪ ਜਗਤ ਨੂੰ ਅੰਤਰੀਵ ਤੇ ਬਾਹਰਮੁਖੀ ਰੂਪਾਂ ਨੂੰ ਪ੍ਰਗਟ ਕਰਦੇ ਹਨ ।

ੑ

੨੪.

ਕਰਮ ਫਲ

'ਕਰਮ ਪਦ' ਕ੍ਰਿਆ ਧਾਤੂ ਤੋਂ ਬਣਿਆ ਹੈ। ਜਿਸ ਦੇ ਅਰਥ ਹਨ—ਤਿਹਾਰ, ਕੁਝ ਕਰਨਾ ਹਿਲਜੁਲ।

ਧਾਰਮਿਕ ਜਗਤ ਵਿਚ ਚਾਰ ਮਸਲੇ ਬਹੁਤ ਗੰਭੀਰ ਹਨ—ਈਸ਼ਵਰ, ਆਤਮਾ, ਕਰਮ ਫਲ ਤੇ ਪਾਪ ਪੁੰਨ ਸ੍ਰਿਸ਼ਟੀ ਕਰਮ ਮੰਡਲ ਹੈ। ਇਸ ਵਿਚ ਪੈਦਾ ਹੋਇਆ ਮਨੁਖ ਕਰਮ ਕੀਤੇ ਬਿਨਾਂ ਨਹੀਂ ਰਹਿ ਸਕਦਾ। ਜਿਸ ਤਰ੍ਹਾਂ ਸੰਖੀਆ ਜ਼ਹਿਰ ਹੈ ਤੇ ਸ਼ਹਿਦ ਅੰਮ੍ਰਿਤ, ਇਸੇ ਤਰ੍ਹਾਂ ਕਈ ਕਰਮ ਮਾੜੇ ਹਨ ਅਤੇ ਕਈ ਚੰਗੇ। ਚੰਗੇ ਅਤੇ ਮਾੜੇ ਕਰਮਾਂ ਦਾ ਫਲ ਜ਼ਰੂਰ ਮਿਲਦਾ ਹੈ।

ਸਤਿਗੁਰੂ ਜੀ ਕਹਿੰਦੇ ਹਨ—

(੧) ਕਰਮ ਧਰਤੀ ਸਰੀਰ ਜੁਗਿ ਅੰਤਰਿ ਜੋ ਬੋਵੈ ਸੋ ਖਾਤਿ ॥

(ਸ੍ਰੀ ਰਾਗ)

(੨) ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥

(ਬਾਰਹ ਮਾਹ)

ਕਰਮ ਤੋਂ ਪਹਿਲੇ ਖਿਆਲ ਪੈਦਾ ਹੁੰਦਾ ਹੈ। ਹਰ ਨਿਕਾ ਮੋਟਾ ਖਿਆਲ ਸਾਡੇ ਮਨ ਉਤੇ ਅਸਰ ਪਾਉਂਦਾ ਹੈ। ਜੇਕਰ ਖਿਆਲ ਚੰਗਾ ਹੈ ਤਾਂ ਚੰਗਾ ਅਸਰ ਪਾਵੇਗਾ, ਮਾੜਾ ਹੈ ਤਾਂ ਮਾੜਾ ਅਸਰ ਪਾਉਂਦਾ ਹੈ। ਇਕ ਵੇਰ ਮਨ ਵਿਚ ਜੋ ਖਿਆਲ ਪੈਦਾ ਹੁੰਦਾ ਹੈ, ਉਹ ਮਨ ਉਤੇ ਇਕ

ਸੂਖਮ ਜਹੀ ਲੀਹ ਪਾ ਦਿੰਦਾ ਹੈ। ਜਦ ਉਸੇ ਖਿਆਲ ਨੂੰ ਕਈ ਵੇਰ ਦੁਹਰਾਇਆ ਜਾਵੇ ਜਾਂ ਉਸ ਨੂੰ ਅਸਲੀ ਸ਼ਕਲ ਦਿਤੀ ਜਾਵੇ ਤਾਂ ਉਹ ਸਾਡਾ ਸੁਭਾਵ ਬਣ ਜਾਂਦਾ ਹੈ। ਸੁਭਾਵ ਤੋਂ ਆਚਰਣ ਬਣਦਾ ਹੈ। ਸਾਡੇ ਮਨ ਉਤੇ ਉਕਰੇ ਹੋਏ ਵਿਚਾਰ ਹੀ ਚਿਤਰ ਗੁਪਤ ਹਨ। ਇਹ ਕੋਈ ਵਖਰੇ ਹਿਸਾਬੀ ਦੇਵਤੇ ਜਾਂ ਫਰਿਸ਼ਤੇ ਨਹੀਂ, ਮਨ ਉਤੇ ਚਿਤਰੇ ਹੋਏ ਖਿਆਲਾਂ ਦਾ ਨਾਂ ਹੀ ਚਿਤਰ ਗੁਪਤ ਹੈ।

ਮਨੁਖ ਚਾਰ ਤਰ੍ਹਾਂ ਦੇ ਕਰਮ ਕਰਦਾ ਹੈ—ਸਵਾਰਥ ਲਈ, ਕਰਤਵ ਸਮਝ ਕੇ, ਨਿਸ਼ਕਾਮ ਕਰਮ ਭਗਤੀ ਸੇਵਾ ਆਦਿਕ। ਨਖਿਧ ਕਰਮ ਚੋਰੀ, ਯਾਰੀ, ਜੂਆ, ਸ਼ਰਾਬ ਪੀਣੀ। ਗੁਰੂ ਸਾਹਿਬ ਨੇ ਚੰਗੇ ਕਰਮ ਕਰਨ ਲਈ ਆਗਿਆ ਕੀਤੀ ਹੈ, ਮਾੜੇ ਕਰਮਾਂ ਦਾ ਤਿਆਗ ਦਸਿਆ ਹੈ।

ਗੁਰਬਾਣੀ ਵਿਚ ਕਰਮ ਸ਼ਬਦ ਦੋ ਅਰਥਾਂ ਵਿਚ ਆਇਆ ਹੈ। ਇਕ ਕੁਝ ਕਰਨਾ ਤੇ ਦੂਜੇ ਬਖਸ਼ਸ਼ ਲਈ। ਸਾਡੇ ਦੇਸ਼ ਵਿਚ ਕਰਮ ਕਾਂਡ, ਗਿਆਨ, ਭਗਤੀ ਅਤੇ ਯੋਗ ਦੇ ਤਜਰਬੇ ਕੀਤੇ ਗਏ ਹਨ। ਕਰਮ ਫ਼ਿਲਾਸਫ਼ੀ ਉਤੇ ਬਹੁਤ ਕੁਝ ਲਿਖਿਆ ਗਿਆ ਤੇ ਕਾਫੀ ਜ਼ੋਰ ਦਿਤਾ ਗਿਆ ਹੈ। ਜੈਨ ਅਤੇ ਬੁਧ ਵਿਚ ਸਭ ਕੁਝ ਨੂੰ ਹੀ ਮੰਨਦੇ ਹਨ। ਇਹਨਾਂ ਦਾ ਨਿਸਚਾ ਹੈ ਕਿ ਕਰਮ ਦੇ ਫਲ ਨੂੰ ਕੋਈ ਟਾਲ ਨਹੀਂ ਸਕਦਾ। ਜੋ ਕਰਮ ਕੀਤਾ ਜਾਵੇ, ਉਸ ਦਾ ਫਲ ਜ਼ਰੂਰ ਮਿਲਦਾ ਹੈ। ਇਸ ਲਈ ਕਰਮ ਹੀ ਸਭ ਕੁਝ ਹੈ। ਆਪਣੇ ਕਰਮਾਂ ਨਾਲ ਹੀ ਮਨੁਖ ਚੰਗਾ ਜਾਂ ਮਾੜਾ ਹੋ ਸਕਦਾ ਹੈ। ਇਸ ਦਾ ਨਤੀਜਾ 'ਹਉਮੈ' ਤੇ 'ਨਾਸਤਕ ਵਾਦ' ਹੋਇਆ। ਹਿੰਦੂ ਰਿਸ਼ੀਆਂ ਨੇ ਤਿੰਨ ਤਰ੍ਹਾਂ ਦੇ ਕਰਮ ਮੰਨੇ ਹਨ—

(੧) ਸੰਚਤ। (੨) ਪ੍ਰਾਰਬਧ। (੩) ਕ੍ਰਿਆ ਮਾਨ।

ਸੰਚਤ ਉਹ ਕਰਮ ਹਨ ਜੋ ਪਹਿਲੇ ਕੀਤੇ ਗਏ ਹਨ, ਜਿਹਨਾਂ ਦਾ ਸਮਾਂ ਗੁਜ਼ਰ ਚੁਕਾ ਹੋਵੇ। ਜੋ ਕ੍ਰਿਆ ਅਸੀਂ ਕਰਦੇ ਹਾਂ, ਉਹ ਕੁਝ ਚਿਰ ਲਈ ਪਰਤੱਖ ਹੁੰਦੀ ਹੈ, ਫਿਰ ਸੂਖਮ ਬਣ ਜਾਂਦੀ ਹੈ। ਅਦ੍ਰਿਸ਼ਟ ਤੇ ਪੂਰਬ ਜਨਮਾਂ ਵਿਚ ਕੀਤੇ ਹੋਏ ਕਰਮ ਸੰਚਤ ਹਨ।

ਸੰਚਤ ਕਰਮਾਂ ਵਿਚੋਂ ਜਿਹਨਾਂ ਨੂੰ ਪਹਿਲੇ ਭੋਗਣਾ ਪਵੇ, ਉਹ ਪ੍ਰਾਰਬਧ ਹਨ। ਦੋਹਾਂ ਦਾ ਕੋਈ ਆਰੰਭਕ ਸੰਚਤ ਕਰਮ ਪ੍ਰਾਰਬਧ ਹੈ।

ਕ੍ਰਿਆਮਾਨ ਕਰਮ ਉਹ ਹਨ ਜੋ ਗਿਆਨ ਤੋਂ ਪਹਿਲੇ ਜਾਂ ਪਿਛੋਂ ਇਸ ਵਰਤਮਾਨ ਦੇਹੀ ਵਿਚ ਕੀਤੇ ਜਾਣ।

ਅਸਲ ਵਿਚ ਕਰਮ ਦੋ ਤਰ੍ਹਾਂ ਦੇ ਹਨ—ਇਕ ਪਹਿਲੇ ਕੀਤੇ ਹੋਏ ਤੇ ਦੂਸਰੇ ਜੋ ਵਰਤਮਾਨ ਕਾਲ ਵਿਚ ਕੀਤੇ ਜਾਂਦੇ ਹਨ।

ਬ੍ਰਹਮ ਗਿਆਨ ਤੋਂ ਮੁਕਤੀ ਮਿਲਦੀ ਹੈ। ਕਰਮਾਂ ਤੋਂ ਛੁਟਕਾਰਾ ਹੋ ਜਾਂਦਾ ਹੈ। ਗੀਤਾ ਵਿਚ ਕਿਹਾ ਹੈ—'ਜਦ ਪੁਰਸ਼ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਕਰਮਾਂ ਨਾਲ ਮੇਰਾ ਕੋਈ ਸਬੰਧ ਨਹੀਂ, ਉਹ ਕਰਮਾਂ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ।' ਕਰਮ ਫਿਲਾਸਫੀ ਨੂੰ ਮੰਨਣ ਵਾਲਿਆਂ ਦੀ ਸਭ ਤੋਂ ਵਡੀ ਦਲੀਲ ਇਹ ਹੈ—'ਸੰਸਾਰ ਵਿਚ ਕੋਈ ਦੁਖੀ ਹੈ ਤੇ ਕੋਈ ਸੁਖੀ, ਕੋਈ ਰਾਜੇ ਦੇ ਘਰ ਜਨਮ ਲੈਂਦਾ ਹੈ ਤੇ ਕੋਈ ਕੰਗਾਲ ਦੇ, ਕੋਈ ਮੂਰਖ ਹੈ ਤੇ ਕੋਈ ਬਹੁਤ ਸਿਆਣਾ। ਇਹ ਸਭ ਕਰਮਾਂ ਦਾ ਫਲ ਹੈ। ਸਾਡੇ ਕਰਮਾਂ ਦਾ ਫਲ ਕੇਵਲ ਸਾਨੂੰ ਹੀ ਨਹੀਂ ਬਲਕਿ ਕਈ ਵੇਰ ਸਾਡੀ ਸੰਤਾਨ ਨੂੰ ਵੀ ਮਿਲਦਾ ਹੈ। ਸ਼ਰਾਬੀ ਦੀ ਸੰਤਾਨ ਨੂੰ ਮਿਰਗੀ; ਰੋਗੀ ਦੀ ਸੰਤਾਨ ਰੋਗੀ ਹੁੰਦੀ ਹੈ। ਅਸੀਂ ਬਹੁਤ ਸਾਰੇ ਕਰਮ ਪੂਰਬਲੇ ਜਨਮਾਂ ਦੇ ਸੰਸਕਾਰਾਂ ਕਰਕੇ ਕਰਦੇ ਹਾਂ। ਇਸ ਲਈ ਤੁਲਸੀ ਦਾਸ ਜੀ ਨੇ ਕਿਹਾ ਹੈ—

ਕਰਮ ਪ੍ਰਧਾਨ ਵਿਸ਼ਵ ਕਰ ਰਾਖਾ।
ਜੋ ਕਸ ਕੀਨ ਸੋ ਤਸ ਫਲ ਚਾਖਾ।

ਕਰਮ ਫਲ ਇਕ ਅਟੱਲ ਨਿਯਮ ਹੈ। ਜਦ ਅਸੀਂ ਮੰਨਦੇ ਹਾਂ ਕਿ ਸਾਡੇ ਵਰਤਮਾਨ ਕਰਮਾਂ ਦਾ ਫਲ ਦੁਖ ਸੁਖ ਦੇ ਰੂਪ ਵਿਚ ਸਾਨੂੰ ਅਗਲੇ ਜੀਵਨ ਵਿਚ ਮਿਲੇਗਾ, ਤਾਂ ਸਾਨੂੰ ਇਹ ਵੀ ਮੰਨਣਾ ਪਵੇਗਾ ਕਿ ਸਾਡੇ ਵਰਤਮਾਨ ਦੁਖ ਸੁਖ ਸਾਡੇ ਪਿਛਲੇ ਕਰਮਾਂ ਦਾ ਨਤੀਜਾ ਹਨ। ਇਸ ਸਿਧਾਂਤ ਤੇ ਵੱਡੀ ਸ਼ੰਕਾ ਇਹ ਹੁੰਦੀ ਹੈ—

ਕਰਮ ਬਧ ਤੁਮ ਜੀਉ ਕਹਿਤ ਹੌ
ਕਰਮਹਿ ਕਿਨਿ ਜੀਉ ਦੀਨੁ ਰੇ ॥

(ਗੋਂਡ ਕਬੀਰ ਜੀ)

ਭਾਵ—ਹੇ ਜੀਵ ਕਰਮਾਂ ਦਾ ਬਧਾ ਹੋਇਆ ਹੈ ਤਾਂ ਸਭ ਤੋਂ ਪਹਿਲੇ ਇਸ ਨੂੰ ਕਰਮ ਕਿਸ ਨੇ ਦਿਤੇ ? ਜੇ ਮੰਨਿਆ ਜਾਵੇ ਕਿ ਸਾਡਾ ਵਰਤਮਾਨ ਜੀਵਨ ਤੇ ਦੁਖ ਸੁਖ ਪਿਛਲੇ ਕਰਮਾਂ ਦਾ ਨਤੀਜਾ ਹਨ ਤਾਂ ਸ਼ੁਰੂ ਵਿਚ ਜਦੋਂ ਮਨੁੱਖ ਬਣੇ, ਉਦੋਂ ਕਿਹੜੇ ਕਰਮਾਂ ਕਰਕੇ ਇਹਨਾਂ ਨੂੰ ਦੁਖ ਸੁਖ ਮਿਲੇ ? ਕਰਮ ਫ਼ਿਲਾਸਫ਼ੀ ਉਤੇ ਪੱਛਮੀ ਫ਼ਿਲਾਸਫ਼ਰਾਂ ਨੇ ਇਹੀ ਇਤਰਾਜ਼ ਕੀਤਾ ਹੈ।

ਇਸ ਬਾਰੇ ਧਾਰਮਿਕ ਤੌਰ ਤੇ ਦੋ ਖਿਆਲ ਕੰਮ ਕਰਦੇ ਹਨ— ਚੰਗਾ ਕਰੋ ਤਾਂ ਚੰਗਾ ਫਲ ਮਿਲੇਗਾ । ਦੂਸਰਾ ਹੈ ਇਬਰਾਨੀ ਮਤਾਂ ਦਾ ਖਿਆਲ। ਉਹ ਬਖਸ਼ਸ਼ ਉਤੇ ਨਿਸਚਾ ਰਖਦੇ ਹਨ । ਜੋ ਆਦਮੀ ਈਸਾ ਜਾਂ ਮੁਹੰਮਦ ਤੇ ਨਿਸਚਾ ਰਖਦੇ ਹਨ। ਜੋ ਆਦਮੀ ਈਸਾ ਜਾਂ ਮੁਹੰਮਦ ਤੇ ਨਿਸਚਾ ਕਰ ਲਵੇ, ਉਹ ਬਖਸ਼ਿਆ ਜਾਵੇਗਾ । ਨਿਰੀ ਕਰਮ ਫ਼ਿਲਾਸਫ਼ੀ ਦਾ ਨਤੀਜਾ ਹਉਮੈ ਜਾਂ ਨਾਸਤਕਤਾ ਹੋਇਆ। ਨਿਰਾ ਈਮਾਨ ਲਿਆਉਣ ਤੇ ਬਖਸ਼ਸ਼ ਦੇ ਖਿਆਲ ਨੇ ਚੰਗੇ ਕੰਮ ਕਰਨ ਦੀ ਭਾਵਨਾਂ ਨੂੰ ਕਮਜ਼ੋਰ ਕਰ ਦਿਤਾ। ਜਬਰ, ਅਨਿਆਇ, ਧਕੇਸ਼ਾਹੀ ਤੇ ਪਾਪ ਪਏ ਕਰੋ, ਈਸਾ ਨੂੰ ਰੱਬ ਦਾ ਪੁੱਤਰ ਮੰਨ ਲੈਣ ਨਾਲ ਪਾਪ ਕਟੇ ਜਾਣਗੇ, ਜਾਂ ਸ਼ਫਾਇਤ ਹੋ ਜਾਵੇਗੀ। ਇਕ ਭੈੜਾ ਮੁਸਲਮਾਨ ਚੰਗੇ ਗੈਰ ਮੁਸਲਿਮ ਨਾਲੋਂ ਚੰਗਾ ਹੈ। ਇਹ ਮਨੌਤ ਪ੍ਰਚਲਤ ਹੋ ਗਈ।

ਗੁਰਮਤਿ ਵਿਚ ਸ਼ੁਭ ਕਰਮ ਕਰਨ ਦੀ ਸਿਖਿਆ ਦਿਤੀ ਗਈ ਹੈ। ਚੰਗੇ ਕਰਮ ਕਰਨੇ ਪਰ ਹਉਮੈ ਨਹੀਂ ਕਰਨੀ। ਕਰਮ ਕਰਕੇ ਸ੍ਰੀ ਵਾਹਿਗੁਰੂ ਦੇ ਸਮਰਪਣ ਕਰਨੇ ਹਨ। ਫਿਰ ਉਸ ਦੀ ਬਖਸ਼ਸ਼ ਤੇ ਭਰੋਸਾ ਕਰਨਾ ਹੈ। ਆਪਣੀਆਂ ਭੁਲਾਂ ਨੂੰ ਬਖਸ਼ਾਉਣ ਲਈ ਅਰਦਾਸ ਕਰਨੀ ਹੈ। ਸਿਖ ਧਰਮ ਨਾ ਤੇ ਨਿਰਾ ਕਰਮ ਫ਼ਿਲਾਸਫ਼ੀ ਨੂੰ ਮੰਨਦਾ ਹੈ ਤੇ ਨਾ ਨਿਰਾ

ਬਖਸ਼ਸ਼ ਤੇ ਭਰੋਸਾ ਕਰਕੇ ਚੰਗੇ ਕਰਮਾਂ ਦਾ ਤਿਆਗ ਕਰ ਦਿੰਦਾ ਹੈ। ਸਿਖੀ ਦਾ ਨਿਸਚਾ ਹੈ ਕਿ ਇਸ ਸੰਸਾਰ ਵਿਚ ਨੇਕ ਕਰਮ ਕਰਨੇ ਸਾਡਾ ਫਰਜ਼ ਹੈ। ਉਹਨਾਂ ਦਾ ਫਲ ਦੇਣਾ ਪ੍ਰਮਾਤਮਾ ਦੇ ਵਸ ਹੈ। ਸਾਡੀਆਂ ਭੁਲਾਂ ਤੇ ਕੀਤੇ ਪਾਪਾਂ ਨੂੰ ਉਹ ਬਖਸ਼ ਸਕਦਾ ਹੈ। ਉਹ ਬਖਸ਼ਿੰਦ ਪਿਤਾ ਹੈ। ਜਿਸ ਤਰ੍ਹਾਂ ਕੋਈ ਆਦਮੀ ਖਾਣ ਪੀਣ ਵਿਚ ਅਸੰਜਮ ਕਰਕੇ ਰੋਗੀ ਹੋ ਜਾਂਦਾ ਹੈ, ਪਰ ਇਕ ਚੰਗੇ ਵੈਦ ਦੀ ਸਿਖਿਆ ਪਰ ਅਮਲ ਕਰ ਕੇ ਅਰੋਗ ਹੋ ਸਕਦਾ ਹੈ, ਇਸੇ ਤਰ੍ਹਾਂ ਮਨੁੱਖ ਜਦ ਮਾੜੇ ਕਰਮਾਂ ਦਾ ਤਿਆਗ ਕਰਦਾ ਹੈ ਉਹ ਬਖਸ਼ਿਆ ਵੀ ਜਾ ਸਕਦਾ ਹੈ।

ਰਾਜਾ ਮੰਡੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਇਹੀ ਪ੍ਰਸ਼ਨ ਕੀਤਾ ਸੀ, 'ਕੀ ਕਰਮਾਂ ਦਾ ਫਲ ਮਿਟ ਸਕਦਾ ਹੈ? ਗੁਰੂ ਜੀ ਨੇ ਉਤਰ ਦਿਤਾ—'ਸ਼ੁਭ ਸੰਗਤ ਕਰਕੇ ਕਰਮ ਬਦਲ ਜਾਂਦੇ ਹਨ। ਵਾਹਿਗੁਰੂ ਦੀ ਕਿਰਪਾ ਨਾਲ ਕਰਮ ਮਿਟ ਜਾਂਦੇ ਹਨ। ਇਸ ਪਰ ਕਈ ਨਾਸਤਕ ਇਹ ਸ਼ੰਕਾ ਕਰਦੇ ਹਨ, 'ਕਿਸੇ ਦੋਸ਼ੀ ਨੂੰ ਦੰਡ ਨਾ ਦੇਣਾ ਇਨਸਾਫ ਦਾ ਖ਼ੂਨ ਕਰਨਾ ਹੈ। ਰਬ ਪਾਪੀਆਂ ਨੂੰ ਬਖਸ਼ ਕੇ ਅਨਿਆਂ ਕਰਦਾ ਹੈ।' ਇਸ ਦਾ ਉੱਤਰ ਇਹ ਹੈ ਕਿ ਦੰਡ ਦਾ ਮਕਸਦ ਕਿਸੇ ਦੋਸ਼ੀ ਨੂੰ ਠੀਕ ਕਰਨਾ ਹੁੰਦਾ ਹੈ। ਵਾਹਿਗੁਰੂ ਉਸ ਵੇਲੇ ਬਖਸ਼ਦਾ ਹੈ, ਜਦੋਂ ਮਨੁਖ ਦਿਲੋਂ ਚੰਗਾ ਹੋ ਜਾਵੇ ਤੇ ਪਾਪ ਨੂੰ ਛੱਡ ਦੇਵੇ। ਜੇਕਰ ਕੋਈ ਮਨੁਖ ਕੀਤੇ ਹੋਏ ਪਾਪਾਂ ਤੇ ਪਸਚਾਤਾਪ ਕਰਦਾ ਹੈ ਤਾਂ ਦੋਸ਼ੀ ਨਹੀਂ ਰਹਿੰਦਾ, ਉਸ ਹਾਲਤ ਵਿਚ ਵਾਹਿਗੁਰੂ ਦਾ ਉਸ ਨੂੰ ਸੁਧਾਰਨ ਦਾ ਕੰਮ ਪੂਰਾ ਹੋ ਜਾਂਦਾ ਹੈ। ਫਿਰ ਉਸ ਤੇ ਬਖਸ਼ਸ਼ ਹੀ ਹੋਣੀ ਚਾਹੀਦੀ ਹੈ।

ਕਈ ਆਦਮੀ ਕਹਿੰਦੇ ਹਨ ਕਿ ਜਦ ਗਨਕਾ ਤੇ ਅਜਾਮਲ ਵਰਗੇ ਪਾਪੀ ਤਰ ਗਏ, ਅਸੀਂ ਕਿਉਂ ਨਾ ਤਰ ਜਾਵਾਂਗੇ। ਇਹ ਨਿਸਚਾ ਕਰ ਕੇ ਮਾੜੇ ਕਰਮ ਕਰੀ ਜਾਣੇ ਠੀਕ ਨਹੀਂ। ਭਾਈ ਗੁਰਦਾਸ ਜੀ ਨੇ ਇਸ ਦਾ ਬਹੁਤ ਸੁੰਦਰ ਨਿਰਣਾ ਇਉਂ ਕੀਤਾ ਹੈ—

(੧) ਜੇ ਕਰ ਉਧਰੀ ਪੂਤਨਾ ਵਿਹੁ ਪੀਆਲਣ ਕੰਮ ਨਾ ਚੰਗਾ।

ਗਨਿਕਾ ਉਧਰੀ ਆਖੀਐ ਪਰਘਰ ਜਾਇ ਨ ਲਈਐ ਪੰਗਾ।
ਬਾਲਮੀਕ ਨਿਸਤਾਰਿਆ ਮਾਰੇ ਵਾਟ ਨ ਹੋਇ ਨਿਸੰਗਾ।
ਬਧਕ ਉਧਰੇ ਆਖੀਅਨ ਫਾਹੀ ਪਾਇ ਨ ਫੜੀਐ ਟੰਗਾ।
ਜੇ ਕਸਾਈ ਉਧਰਿਆ ਜੀਅ ਘਾਇ ਨ ਖਾਜੇ ਭੰਗਾ।
ਪਾਰ ਉਤਾਰੇ ਬੋਹਿਥਾ ਸੋਇਨਾ ਲੋਹ ਨਹੀਂ ਇਕ ਰੰਗਾ।
ਇਤ ਭਰਵਾਸੇ ਰਹਿਣ ਕੁਢੰਗਾ।

(੨) ਪੈ ਖਜੂਰੀ ਜੀਵੀਐ ਚੜ੍ਹ ਖਜੂਰੀ ਝੜਉ ਨ ਕੋਈ।
ਉਝੜ ਪਿਆ ਨਾ ਮਾਰੀਐ ਉਝੜ ਰਾਹ ਨਾ ਚੰਗਾ ਹੋਈ।
ਜੇ ਸਪ ਖਾਧਾ ਉਬਰੇ ਸਪ ਨ ਫੜੀਐ ਅੰਤ ਵਿਗੋਈ।

ਭਾਵ—ਜੇ ਕਰ ਪਾਪ ਕਰਕੇ ਕੁਝ ਮਨੁਖ ਬਖਸ਼ੇ ਗਏ ਹਨ ਤਾਂ ਪਾਪ ਕਰਕੇ ਬਖਸ਼ਸ਼ ਦੀ ਆਸ ਰਖਣੀ ਚੰਗਾ ਨਹੀਂ। ਜੇ ਖਜੂਰ ਤੇ ਚੜ੍ਹ ਕੇ ਕੋਈ ਨਹੀਂ ਡਿਗਿਆ ਤਾਂ ਜ਼ਰੂਰੀ ਨਹੀਂ ਕਿ ਖਜੂਰ ਤੇ ਚੜ੍ਹ ਕੇ ਲੱਕ ਤੁੜਾ ਲਓ। ਜੇ ਉਝੜ ਵਿਚ ਕੋਈ ਮਾਰਿਆ ਗਿਆ ਤਾਂ ਉਝੜ ਰਾਹ ਤੁਰਨਾ ਚੰਗਾ ਨਹੀਂ। ਜੇ ਕਿਸੇ ਨੂੰ ਸੱਪ ਲੜਿਆ ਤੇ ਉਹ ਬਚ ਗਿਆ ਹੈ ਤਾਂ ਇਹ ਨਹੀਂ ਕਿ ਤੁਸੀਂ ਸੱਪ ਫੜਦੇ ਤੇ ਲੜਾਂਦੇ ਫਿਰੋ। ਜਦ ਕੋਈ ਮਨੁਖ ਪਾਪ ਦਾ ਪ੍ਰਾਸਚਤ ਕਰਦਾ ਹੈ, ਵਾਹਿਗੁਰੂ ਉਸ ਨੂੰ ਬਖਸ਼ ਦਿੰਦਾ ਹੈ, ਪਰ ਬਖਸ਼ਸ਼ ਦੇ ਭਰੋਸੇ ਪਾਪ ਕਰੀ ਜਾਣਾ ਠੀਕ ਨਹੀਂ। ਗਨਿਕਾ ਪਾਪਣ ਤੇ ਅਜਾਮਲ ਦੇ ਮਨ ਬਦਲਣ ਨਾਲ ਉਹਨਾਂ ਤੇ ਬਖਸ਼ਸ਼ ਹੋਈ, ਪਰ ਉਹਨਾਂ ਦਾ ਜੀਵਨ ਆਦਰਸ਼ਕ ਨਹੀਂ ਹੈ। ਅਸੀਂ ਉਹਨਾਂ ਦੀ ਰੀਸ ਨਹੀਂ ਕਰ ਸਕਦੇ। ਇਸੇ ਲਈ ਗੁਰਮਤਿ ਨੇ ਜੀਵਨ ਦੀ ਉਸਾਰੀ ਮੁਢ ਤੋਂ ਕੀਤੀ ਹੈ, ਤਾਂਕਿ ਬਖਸ਼ਸ਼ ਨਿਸਚਿਤ ਹੋ ਜਾਵੇ ਅਤੇ ਉਸ ਵਿਚ ਕੋਈ ਸੰਦੇਹ ਨਾ ਰਹੇ।

ਗੁਰਮਤਿ ਵਿਚ ਇਹ ਮੰਨਿਆ ਹੈ ਕਿ ਕਰਮ ਆਪਣੇ ਆਪ ਫਲ ਨਹੀਂ ਦੇਂਦੇ। ਕਰਮਾਂ ਦਾ ਫਲ ਪ੍ਰਦਾਤਾ ਵਾਹਿਗੁਰੂ ਹੈ। ਹਰ ਕਾਰਜ ਦਾ ਕਾਰਨ ਉਹ ਆਪ ਹੈ। ਜੇ ਮੰਨਿਆ ਜਾਵੇ ਕਿ ਕਰਮਾਂ ਦਾ

ਫਲ ਆਪੇ ਮਿਲਦਾ ਹੈ ਤਾਂ 'ਲੇਖਾ ਰਬ ਮੰਗੇਸੀਆ' ਦੇ ਕੋਈ ਅਰਥ ਨਹੀਂ ਰਹਿੰਦੇ।

ਕਰਮ ਫ਼ਿਲਾਸਫ਼ੀ ਸਬੰਧੀ ਇਕ ਹੋਰ ਮਹਾਨ ਪ੍ਰਸ਼ਨ ਹੈ, 'ਕਿ ਮਨੁਖ ਕਰਮ ਵਿਚ ਸੁਤੰਤਰ ਹੈ ਕਿ ਪਰਤੰਤਰ ?' ਜੇ ਕਿਹਾ ਜਾਵੇ ਕਿ ਸੁਤੰਤਰ ਹੈ ਤਾਂ ਇਹ ਤਜਰਬੇ ਨਾਲ ਨਹੀਂ ਹੁੰਦਾ। ਮਨੁਖ ਸਾਰੇ ਕੰਮ ਆਪਣੀ ਬਿਹਤਰੀ ਲਈ ਕਰਦਾ ਹੈ ਪਰ ਫਲ ਉਸ ਦੇ ਉਲਟ ਹੁੰਦਾ ਹੈ। ਜੇ ਸੁਤੰਤਰ ਹੋਵੇ ਤਾਂ ਇਸ ਦੀ ਰੁਚੀ ਜਾਂ ਮਰਜ਼ੀ ਦੇ ਉਲਟ ਨਤੀਜਾ ਨਹੀਂ ਹੋ ਸਕਦਾ। ਜੇ ਕਿਹਾ ਜਾਵੇ ਕਿ ਮਨੁਖ ਪਰਤੰਤਰ ਹੈ ਤਾਂ ਜੋ ਮਾੜੇ ਚੰਗੇ ਕੰਮ ਕਰਦਾ ਹੈ, ਉਸ ਦੀ ਜਿੰਮੇਂਵਾਰੀ ਇਸ ਦੇ ਸਿਰ ਨਹੀਂ ਹੋ ਸਕਦੀ। ਫਿਰ ਵਾਹਿਗੁਰੂ ਇਸ ਨੂੰ ਕਰਮਾਂ ਦਾ ਫਲ ਕਿਵੇਂ ਦੇ ਸਕਦਾ ਹੈ ? ਜੇ ਉਹ ਸਾਡੇ ਕਰਮਾਂ ਦਾ ਫਲ ਹੀ ਦਿੰਦਾ ਹੈ ਤਾਂ ਉਹ ਸਾਡੇ ਕਰਮਾਂ ਦੇ ਅਧੀਨ ਹੋਇਆ ? ਉਹ ਮਜਬੂਰ ਹੈ।

ਗੁਰਮਤਿ ਨੇ ਇਹਨਾਂ ਪ੍ਰਸ਼ਨਾਂ ਦਾ ਸੋਹਣਾ ਉਤਰ ਦਿਤਾ ਹੈ। ਮਨੁਖ ਵਾਹਿਗੁਰੂ ਦਾ ਬਣਾਇਆ ਹੋਇਆ ਹੈ। ਕਰਮ ਵੀ ਉਸ ਦੇ ਬਣਾਏ ਤੇ ਲਿਖੇ ਹੋਏ ਹਨ। ਸਤਿਗੁਰੂ ਜੀ ਫ਼ੁਰਮਾਉਂਦੇ ਹਨ :—

ਜੋ ਧੁਰਿ ਲਿਖਿਆ ਲੇਖੁ ਸੋ ਕਰਮ ਕਮਾਇਸੀ ॥

(ਗੂਜਰੀ ਮਹਲਾ ੩)

ਪਰ ਸਤਿਗੁਰੂ ਦੀ ਕਿਰਪਾ ਅਤੇ ਸਤਿਸੰਗ ਕਰਕੇ ਕਰਮ ਬਦਲ ਜਾਂਦੇ ਹਨ :—

ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥
ਏਤੁ ਦੁਆਰੈ ਧੋਇ ਹਛਾ ਹੋਇਸੀ ॥
ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ ॥
ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥
ਜੇਹੇ ਕਰਮ ਕਮਾਇ ਤੇਹਾ ਹੋਇਸੀ ॥

(ਸੂਹੀ ਮ: ੧)

ਜਿਸ ਤਰ੍ਹਾਂ ਮੋਹਰ ਦੇ ਅਖਰ ਪੁਠੇ ਹੁੰਦੇ ਹਨ, ਲਾਉਣ ਪਰ ਸਿਧੇ ਹੋ ਜਾਂਦੇ ਹਨ, ਇਸੇ ਤਰ੍ਹਾਂ ਕਰਮ ਬਦਲ ਜਾਂਦੇ ਹਨ। ਨਿਬੇੜਾ ਅਮਲਾਂ ਤੇ ਹੁੰਦਾ ਹੈ। ਪਰ ਅਮਲ ਬਦਲੇ ਜਾ ਸਕਦੇ ਹਨ। ਭੁਲ ਮੰਨਣ ਪਰ ਪਾਪ ਬਖ਼ਸ਼ੇ ਜਾਂਦੇ ਹਨ। ਮਨੁਖ ਕਰਮ ਕਰਨ ਵਿਚ ਇਨਾ ਕੁ ਸੁਤੰਤਰ ਹੈ, ਜਿਨਾ ਇਕ ਜੱਜ 'ਤਾਜ਼ੀਰਾਤ ਹਿੰਦ' ਅਨੁਸਾਰ ਫ਼ੈਸਲੇ ਕਰਨ ਵਿਚ ਹੈ। ਉਹ ਕਾਨੂੰਨ ਦੀ ਪਾਬੰਦੀ ਕਰਨ ਲਈ ਮਜਬੂਰ ਹੈ, ਪਰ ਕਾਨੂੰਨ ਵਰਤਣ ਲਈ ਸੁਤੰਤਰ ਹੈ। ਉਹ ਸੁਤੰਤਰ ਵੀ ਹੈ ਤੇ ਪਰਤੰਤਰ ਵੀ। ਇਸੇ ਤਰ੍ਹਾਂ ਮਨੁਖ ਪ੍ਰਭੂ ਤੇ ਉਸ ਦੇ ਬਣਾਏ ਹੋਏ ਨਿਯਮਾਂ ਦੇ ਅਧੀਨ ਹੈ, ਪਰ ਇਹਨਾਂ ਦੀ ਵਰਤੋਂ ਕਰ ਸਕਦਾ ਹੈ। ਕਰਮਾਂ ਦਾ ਅਸਰ ਕਿਵੇਂ ਨਾਸ ਹੁੰਦਾ ਹੈ? ਗੁਰਮਤਿ ਗ੍ਰਹਿਣ ਕਰਨ ਨਾਲ ਮਨ ਤੇ ਮਤ ਬਦਲ ਜਾਂਦੀ ਹੈ। ਮਤ ਬਦਲਣ ਨਾਲ ਕਰਮ ਬਦਲ ਜਾਂਦੇ ਹਨ। ਫਿਰ ਮਨੁਖ ਵਾਹਿਗੁਰੂ ਦੇ ਹੁਕਮ ਤੇ ਭਾਣੇ ਵਿਚ ਚਲਦਾ ਹੈ। ਇਸ ਤਰ੍ਹਾਂ ਕਰਮਾਂ ਦਾ ਗੇੜ ਮੁਕ ਕੇ ਉਸ ਵਿਚ ਲੀਨ ਹੋ ਜਾਂਦਾ ਹੈ। ਬੰਧਨ ਰੂਪ ਕਰਮ ਮੁਕਤੀ ਦਾ ਸਾਧਨ ਬਣ ਜਾਂਦੇ ਹਨ।

ਭਾਗ ਤੇ ਪੁਰਸ਼ਾਰਥ—

ਭਾਗ ਜਾਂ ਕਿਸਮਤ ਦਾ ਮਤਲਬ ਇਹ ਸਮਝਿਆ ਜਾਂਦਾ ਹੈ ਕਿ ਸਾਡੀ ਬੁਧੀ, ਇਰਾਦਾ, ਉਦਮ ਤੇ ਪੁਰਸ਼ਾਰਥ ਨਿਸਫਲ ਹਨ। 'ਜੋ ਕੁਝ ਕਰਨਾ ਹੈ ਈਸ਼ਵਰ ਨੇ ਕਰਨਾ ਹੈ, ਸਾਡੇ ਕੀਤਿਆਂ ਕੀ ਹੋਣਾ ਹੈ? ਇਹ ਗਲ ਪਰਮ ਪਦਵੀ ਨੂੰ ਪ੍ਰਾਪਤ ਮਹਾਂ ਪੁਰਖ ਕਹਿਣ ਤਾਂ ਠੀਕ ਹੋ ਸਕਦੀ ਹੈ, ਕਿਉਂਕਿ ਉਹ ਹਰ ਕਾਰਜ ਦੇ ਪਿਛੇ ਉਸ ਨੂੰ ਕਾਰਨ ਸਮਝਦੇ ਹਨ। ਜਿਹਾ ਕਿ ਵਾਕ ਹਨ—

(੧) ਕਰੰਮ ਸੁ ਕਰਮ ਕਰਾਏ ਆਪੇ
ਆਪੇ ਭਗਤਿ ਦ੍ਰਿੜਾਮੰ ॥

(੨) ਕਾਠ ਕੀ ਪੁਤਰੀ ਕਹਾ ਕਰੈ
ਬਪੁਰੀ ਖਿਲਾਵਨ ਹਾਰੋ ਜਾਨੈ ॥

ਇਹ ਆਤਮ ਸਮਰਪਣ ਕਰਦੇ ਹੋਏ ਵੀ ਗੁਰੂ ਜੀ ਨੇ ਕਿਹਾ ਹੈ—

ਉਦਮ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥

ਮਨੁਖ ਪੁਰਸ਼ਾਰਥ ਹੀਣ ਨਾ ਹੋਵੇ । ਜੋ ਲੋਕ ਆਲਸੀ, ਕੰਮ ਕੰਸ ਤੇ ਉਦਮ ਹੀਣ ਹੋ ਕੇ ਕਿਸਮਤ ਨੂੰ ਦੋਸ਼ ਦਿੰਦੇ ਹਨ, ਉਨ੍ਹਾਂ ਦੇ ਮੂੰਹੋਂ ਇਹ ਗੱਲ ਨਹੀਂ ਫੱਬਦੀ । ਇਹ ਕਿਉਂ ਸਮਝ ਲਿਆ ਜਾਵੇ ਕਿ ਸਾਡੇ ਇਰਾਦੇ, ਬੁਧੀ ਤੇ ਉੱਦਮ ਵਿਚ ਵਾਹਿਗੁਰੂ ਦੀ ਮਰਜ਼ੀ ਸ਼ਾਮਿਲ ਨਹੀਂ ?

* * *

੨੫.

ਪੁੰਨ ਅਤੇ ਪਾਪ

ਪੁੰਨ ਅਤੇ ਪਾਪ, ਨੇਕੀ ਤੇ ਬਦੀ ਕੀ ਹੈ ? ਇਸ ਦਾ ਨਿਰਣਾ ਕਰਨਾ ਰਤਾ ਕਠਨ ਹੈ। ਇਸ ਲਈ ਕਿ ਇਸ ਬਾਰੇ ਮਜ਼ਬਾਂ ਦੀਆਂ ਮਨੌਤਾਂ ਵਖੋ ਵਖ ਹਨ। ਇਕ ਆਦਮੀ ਜਿਸ ਗਲ ਨੂੰ ਪੁੰਨ ਸਮਝਦਾ ਹੈ, ਦੂਸਰਾ ਉਸੇ ਨੂੰ ਪਾਪ ਦਸਦਾ ਹੈ। ਇਕ ਮੁਸਲਮਾਨ ਲਈ ਬਕਰੀਦ ਵਾਲੇ ਦਿਨ ਜਾਨਵਰਾਂ ਦੀ ਕੁਰਬਾਨੀ ਕਰਨੀ ਸਵਾਬ ਹੈ, ਪਰ ਜੈਨੀ ਤੇ ਵੈਸ਼ਨਵ ਲਈ ਕਿਸੇ ਜੀਵ ਨੂੰ ਮਾਰਨਾ ਪਾਪ ਹੈ।

ਬਦੀ ਕਿਥੋਂ ਆ ਗਈ ਹੈ ? ਇਸ ਦਾ ਉੱਤਰ ਭਿੰਨ ਭਿੰਨ ਮਜ਼ਬਾਂ ਤੇ ਫਿਲਾਸਫਰਾਂ ਨੇ ਵਖੋ ਵਖ ਦਿਤਾ ਹੈ। ਹਿੰਦੂ ਫਿਲਾਸਫਰਾਂ ਵਿਚੋਂ ਵੇਦਾਂਤ ਦੀ ਰਾਇ ਹੈ ਕਿ ਪਾਪ ਦਾ ਮੂਲ ਕਾਰਨ ਮਾਇਆ ਜਾਂ ਅਵਿਦਿਆ ਹੈ, ਮਨੁਖ ਅਗਿਆਨ ਕਰਕੇ ਮਾੜੇ ਕਰਮ ਕਰਦਾ ਹੈ। ਜਦ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ, ਉਸ ਦੇ ਨਾਲ ਹੀ ਕਰਮਾਂ ਦਾ ਅੰਤ ਹੋ ਜਾਂਦਾ ਹੈ।

ਤਿਲਕ ਨੇ ਲਿਖਿਆ ਹੈ—'ਜਿਸ ਕਰਮ ਵਿਚ ਸਭ ਦਾ ਭਲਾ ਹੋਵੇ ਤੇ ਆਪਣਾ ਵੀ ਭਲਾ, ਉਹ ਪੁੰਨ ਤੇ ਨੇਕੀ ਹੈ। ਜਿਸ ਕਰਮ ਤੋਂ ਲੋਕਾਂ ਦਾ ਭਲਾ ਨਹੀਂ ਹੁੰਦਾ ਤੇ ਆਪਣੇ ਆਪ ਨੂੰ ਸ਼ਰਮਿੰਦਗੀ ਹੁੰਦੀ ਹੈ, ਉਹ ਪਾਪ ਹੈ। ਵਿਵੇਕੀ ਬੁਧੀ ਨਾਲ ਇਸ ਦਾ ਨਿਰਣਾ ਕੀਤਾ ਜਾ ਸਕਦਾ ਹੈ। ਪਾਪ ਤੇ ਪੁੰਨ ਦਾ ਨਿਰਣਾ ਕਰਨ ਲਈ ਸਾਡੇ ਪਾਸ ਇਹ ਸਾਧਨ ਹਨ—

(੧) ਵੇਦ ਸ਼ਾਸਤਰ। (੨) ਇਖਲਾਕ। (੩) ਆਪਣੀ ਜ਼ਮੀਰ ਜਾਂ ਵਿਵੇਕ ਬੁਧੀ। ਜਦ ਪਾਪ ਤੇ ਪੁੰਨ ਦਾ ਫੈਸਲਾ ਕਰਨਾ

ਹੋਵੇ ਤਾਂ ਬੁਧੀ ਤੋਂ ਕੰਮ ਲਵੇ । ਪਰ ਇਹ ਗਿਆਨੀ ਪੁਰਸ਼ ਹੀ ਕਰ ਸਕਦਾ ਹੈ ।'

(ਗੀਤਾ ਰਹਸਯ ਪੰਨਾ ੧੨੬)

ਕਈ ਵਿਦਵਾਨ ਕਹਿੰਦੇ ਹਨ, 'ਪਾਪ ਕੋਈ ਚੀਜ਼ ਨਹੀਂ । ਨੇਕੀ ਦੇ ਆਰਜ਼ੀ ਵਿਗਾੜ ਜਾਂ ਨਾ ਹੋਣ ਦਾ ਨਾਂ ਹੀ ਬਦੀ ਹੈ ।'

ਕਈਆਂ ਦੀ ਰਾਇ ਹੈ—'ਕਿਸੇ ਸ਼ੁਭ ਗੁਣ ਨੂੰ ਹਦੋਂ ਵਧਾ ਦੇਣਾ ਉਸ ਨੂੰ ਪਾਪ ਬਣਾ ਦਿੰਦਾ ਹੈ । ਦਾਨ ਕਰਨਾ ਇਕ ਨੇਕੀ ਹੈ ਪਰ ਹਦੋਂ ਵਧ ਕੀਤਾ ਹੋਇਆ ਦਾਨ ਮਨੁਖ ਨੂੰ ਕੰਗਾਲ ਬਣਾ ਦੇਵੇਗਾ ਤੇ ਉਸ ਦੇ ਬਾਲ ਬਚੇ ਭੁਖੇ ਮਰਨਗੇ । ਇਹ ਇਕ ਤਰ੍ਹਾਂ ਦਾ ਪਾਪ ਹੋਵੇਗਾ ।'

ਇਕ ਫ਼ਕੀਰ ਤੋਂ ਕਿਸੇ ਨੇ ਪੁਛਿਆ, 'ਸਾਈਂ ਲੋਕ ! ਦਸੋ ਪੁੰਨ ਤੇ ਨੇਕੀ ਕੀ ਹੈ ਤੇ ਬਦੀ ਕਿਸ ਨੂੰ ਆਖਦੇ ਹਨ ?'

ਫ਼ਕੀਰ ਨੇ ਉਤਰ ਦਿਤਾ—'ਜਿਸ ਕਰਮ ਦੇ ਕਰਨ ਨਾਲ ਤੁਹਾਡੀ ਆਤਮਾ ਬਲਵਾਨ ਤੇ ਉਤਸ਼ਾਹਤ ਹੋਵੇ, ਉਹ ਪੁੰਨ ਤੇ ਨੇਕੀ ਹੈ, ਜਿਸ ਦੇ ਕਰਨ ਨਾਲ ਮਨ ਕਮਜ਼ੋਰ ਹੋਵੇ, ਉਹ ਪਾਪ ਤੇ ਬਦੀ ਹੈ ।

ਈਸਾਈ ਤੇ ਇਸਲਾਮ ਮਤ ਨੇ ਬਦੀ ਦੀ ਜੜ੍ਹ ਸ਼ੈਤਾਨ ਨੂੰ ਮੰਨਿਆ ਹੈ । ਸ਼ੈਤਾਨ ਫ਼ਰਿਸ਼ਤਿਆਂ ਦਾ ਉਸਤਾਦ ਸੀ । ਕਹਿੰਦੇ ਹਨ, ਰੱਬ ਨੇ ਆਦਮ ਨੂੰ ਬਣਾਇਆ ਤੇ ਸ਼ੈਤਾਨ ਨੂੰ ਕਿਹਾ, 'ਤੂੰ ਇਸ ਨੂੰ ਸਿਜਦਾ ਕਰ ।'

ਅਬਲੀਸ ਬੜਾ ਸਿਆਣਾ ਸੀ । ਉਸ ਨੇ ਉੱਤਰ ਦਿਤਾ—'ਯਾ ਰਬਾ ! ਤੂੰ ਨੂਰੀ ਹੈਂ । ਮੈਂ ਤੈਨੂੰ ਤੇ ਸਿਜਦਾ ਕਰ ਸਕਦਾ ਹਾਂ । ਇਹ ਆਦਮ ਖ਼ਾਕੀ ਹੈ, ਤੇਰਾ ਬਣਾਇਆ ਹੋਇਆ ਹੈ । ਇਸ ਨੂੰ ਸਿਜਦਾ ਕਿਵੇਂ ਕਰਾਂ ?'

ਇਸ ਦੋਸ਼ ਵਿਚ ਰੱਬ ਨੇ ਉਸ ਨੂੰ ਬਹਿਸ਼ਤ ਵਿਚੋਂ ਕੱਢ ਦਿਤਾ ਉਹ ਰਬ ਦਾ ਸ਼ਰੀਕ ਬਣ ਗਿਆ । ਰਬ ਲੋਕਾਂ ਨੂੰ ਨੇਕੀ ਵਲ ਲਿਆਉਂਦਾ

ਹੈ। ਸ਼ੈਤਾਨ ਬਦੀ ਦੀ ਪਰੇਰਨਾ ਕਰਦਾ ਹੈ।

ਮਨੁਖਾਂ ਤਕ ਬਦੀ ਕਿਵੇਂ ਆਈ ? ਇਸ ਦਾ ਉੱਤਰ ਉਪ੍ਰੋਕਤ ਮਤ ਇਹ ਦਿੰਦੇ ਹਨ, ਮਨੁਖ ਦਾ ਆਰੰਭ ਬਾਬਾ ਆਦਮ ਤੇ ਹਵਾ ਤੋਂ ਹੋਇਆ। ਇਹ ਦੋਵੇਂ ਅਦਨ ਦੇ ਬਾਗ ਵਿਚ ਨੰਗੇ ਰਹਿੰਦੇ ਸਨ। ਉਸ ਬਾਗ ਵਿਚ ਇਕ ਬ੍ਰਿਛ ਸੀ। ਜਿਸ ਦਾ ਫਲ ਖਾਣ ਤੋਂ ਰਬ ਵਲੋਂ ਆਦਮ ਤੇ ਹਵਾ ਨੂੰ ਮਨਾਹੀ ਸੀ। ਹੁਕਮ ਇਹ ਸੀ ਕਿ ਜੇਕਰ ਇਸ ਦੇ ਫਲ ਖਾਉਗੇ ਤਾਂ ਬਹਿਸ਼ਤ ਵਿਚੋਂ ਕਢੇ ਜਾਉਗੇ। ਆਦਮ ਤੇ ਹਵਾ ਸ਼ੈਤਾਨ ਦੇ ਝਾਂਸੇ ਵਿਚ ਆ ਗਏ। ਉਹਨਾਂ ਨੇ ਇਹ ਫਲ ਖਾ ਲਿਆ ਤੇ ਉਹਨਾਂ ਵਿਚ ਸ਼ੈਤਾਨੀ ਆ ਗਈ। ਇਸ ਲਈ ਬਹਿਸ਼ਤ ਵਿਚੋਂ ਕਢੇ ਗਏ। ਤੌਰੇਤ ਦੇ ਕਥਨ ਅਨੁਸਾਰ ਮਨੁਖ ਦੇ ਵਡਿਆਂ ਨੇ ਪਹਿਲਾ ਗੁਨਾਹ ਕੀਤਾ, ਜਿਸ ਦਾ ਅਸਰ ਮਨੁਖਾਂ ਤੇ ਪਿਆ।

ਈਸਾਈ ਕਹਿੰਦੇ ਹਨ—**To Err is human** ਬਦੀ ਮਨੁਖ ਦੇ ਸੁਭਾਵ ਵਿਚ ਹੈ। ਇਕ ਈਸਾ ਰਬ ਦਾ ਪੁਤਰ ਹੈ, ਜੋ ਬਦੀ ਤੋਂ ਪਾਕ ਹੈ। ਉਸ ਪਰ ਈਮਾਨ ਲਿਆਉਣ ਨਾਲ ਮਨੁਖ ਬਦੀ ਤੋਂ ਬਚ ਸਕਦੇ ਹਨ। ਆਦਮ ਤੇ ਹਵਾ ਰਾਹੀਂ ਬਦੀ ਮਨੁਖਾਂ ਤਕ ਆਈ।

ਭਾਵੇਂ ਇਹ ਕਹਾਣੀ ਬਚਿਆਂ ਵਾਲੀ ਹੈ, ਪਰ ਮਜ਼੍ਹਬ ਦਾ ਕਾਫ਼ੀ ਹਿੱਸਾ ਇਸ ਪਰ ਨਿਸਚਾ ਰਖਦਾ ਹੈ। ਸ਼ੈਤਾਨ ਵੀ ਇਕ ਅਜੂਬਾ ਹੈ, ਜੋ ਰਬ ਦਾ ਸ਼ਰੀਕਾ ਕਰੀ ਜਾਂਦਾ ਹੈ। ਈਸਾਈਆਂ ਨੇ ਸਦੀਆਂ ਤਕ ਇਹ ਵਿਸ਼ਵਾਸ ਬਣਾਈ ਰਖਿਆ ਕਿ ਅੰਜੀਲ ਨੂੰ ਲਾਤੀਨੀ ਵਿਚੋਂ ਕਿਸੇ ਹੋਰ ਬੋਲੀ ਵਿਚ ਅਨੁਵਾਦ ਕਰਨਾ ਭਾਰੀ ਪਾਪ ਹੈ। ਇਹਨਾਂ ਨੇ ਸਾਇੰਸ ਦੀ ਹਰ ਖੋਜ ਦੀ ਵਿਰੋਧਤਾ ਕੀਤੀ ਹੈ।

ਪੱਛਮੀ ਫ਼ਿਲਾਸਫ਼ਰਾਂ ਵਿਚੋਂ ਅਫ਼ਲਾਤੂਨ ਨੇ ਨੇਕੀ ਦੇ ਪੰਜ ਦਰਜੇ ਦਸੇ ਹਨ—ਪੁਰਸ਼ਾਰਥ, ਸੰਜਮ, ਨਿਆਂ, ਬੁਧੀ ਤੇ ਸਵੈ-ਸਤਿਕਾਰ। ਅਰਸਤੂ ਇਹਨਾਂ ਨੂੰ ਮੰਨਦਾ ਹੋਇਆ ਇਹਨਾਂ ਵਿਚ ਹੋਰ ਵਾਧਾ ਕਰਦਾ ਹੈ। ਉਹ ਗੁਣ ਹਨ—ਸਵੈਮਾਨ, ਸਚਿਆਈ, ਖੁਲ੍ਹ ਦਿਲੀ, ਵਡਾ ਜੇਰਾ,

ਦਾਨੀ ਸੁਭਾਵ ਤੇ ਮਿੱਤਰਤਾ । ਉਹ ਕਹਿੰਦਾ ਹੈ, 'ਮਨੁਖ ਭਾਵੇਂ ਕਿੰਨਾ ਚੰਗਾ ਹੋਵੇ, ਜਦ ਤੀਕ ਉਹ ਸਮਾਜਕ ਜੀਵਨ ਵਿਚ ਹਿੱਸਾ ਨਹੀਂ ਲੈਂਦਾ, ਤਦ ਤੀਕ ਉਸ ਦਾ ਕੋਈ ਗੁਣ ਜਾਂ ਅਉਗਣ ਪ੍ਰਗਟ ਨਹੀਂ ਹੋ ਸਕਦਾ।'

ਇਕ ਪੱਛਮੀ ਵਿਦਵਾਨ ਦਾ ਕਥਨ ਹੈ— **Nothing is good or bad, only thinking makes it so.**

ਭਾਵ—ਆਪਣੇ ਆਪ ਵਿਚ ਚੰਗਾ ਅਤੇ ਮੰਦਾ ਕੁਝ ਵੀ ਨਹੀਂ। ਵਿਚਾਰ ਹੀ ਇਸ ਨੂੰ ਭਲਾ ਤੇ ਬੁਰਾ ਬਣਾ ਦਿੰਦੇ ਹਨ।

ਗੁਰਮਤਿ ਵਿਚ ਪਾਪ ਪੁੰਨ ਕੀ ਹੈ? ਉਹ ਕਰਮ ਜੋ ਸਾਨੂੰ ਪ੍ਰਭੂ ਨਾਲ ਜੋੜਦਾ ਹੈ, ਉਸ ਵਿਚ ਲੀਨ ਕਰਦਾ ਹੈ, ਉਹ ਪੁੰਨ ਹੈ। ਇਸ ਦੇ ਉਲਟ ਪਾਪ ਹੈ। ਪੁੰਨ ਤੇ ਨੇਕੀ ਨਿਗਰ ਹੈ, ਉਸ ਦੇ ਲੱਛਣ ਕੀਤੇ ਜਾ ਸਕਦੇ ਹਨ। ਪਾਪ ਕੁਝ ਨਹੀਂ, ਉਸ ਦੀ ਤਾਰੀਫ ਨਹੀਂ ਕੀਤੀ ਜਾ ਸਕਦੀ। ਜਦ ਨੇਕੀ ਮਨ ਵਿਚ ਪ੍ਰਵੇਸ਼ ਕਰਦੀ ਹੈ, ਬਦੀ ਦੂਰ ਹੋ ਜਾਂਦੀ ਹੈ। ਵਾਹਿਗੁਰੂ ਨੂੰ ਭੁਲ ਜਾਣਾ ਹੀ ਪਾਪ ਤੇ ਬਦੀ ਹੈ।

ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥
ਨਾਨਕ ਜਮਪੁਰਿ ਬਧੇ ਮਾਰੀਅਹਿ ਜਿਉ ਸੰਨੀ ਉਪਰਿ ਚੋਰ ॥

ਸੁਖਮਨੀ ਵਿਚ ਪੰਚਮ ਪਾਤਸ਼ਾਹ ਨੇ ਪਾਪ ਪੁੰਨ ਸਬੰਧੀ ਇਕ ਹੋਰ ਨਿਰਣਾ ਕੀਤਾ ਹੈ। ਉਹ ਇਹ ਹੈ ਕਿ ਇਹਨਾਂ ਦੀ ਹੋਂਦ ਉਸ ਵਕਤ ਹੁੰਦੀ ਹੈ, ਜਦ ਸ੍ਰਿਸ਼ਟੀ ਰਚਨਾ ਹੁੰਦੀ ਹੈ। ਸਮਾਜ ਬਣਦਾ ਹੈ। ਇਕ ਮਨੁਖ ਦਾ ਸਬੰਧ ਦੂਜੇ ਨਾਲ ਹੁੰਦਾ ਹੈ। ਸਚ ਬੋਲਣਾ ਨੇਕੀ ਹੈ, ਪਰ ਜੇ ਮਨੁਖ ਕਿਸੇ ਅਜਿਹੇ ਟਾਪੂ ਵਿਚ ਹੈ, ਜਿਥੇ ਕੋਈ ਨਹੀਂ, ਉਥੇ ਕਿਸ ਨਾਲ ਸੱਚ ਬੋਲੇਗਾ?

ਸਤਿਗੁਰੂ ਜੀ ਦਸਦੇ ਹਨ—

ਜਹ ਆਪਿ ਰਚਿਓ ਪਰਪੰਚੁ ਆਕਾਰੁ ॥
ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥
ਪਾਪੁ ਪੁੰਨੁ ਤਹ ਭਈ ਕਹਾਵਤ ॥
ਕੋਊ ਨਰਕ ਕੋਊ ਸੁਰਗ ਬੰਛਾਵਤ ॥

ਭਾਈ ਗੁਰਦਾਸ ਜੀ ਦਸਦੇ ਹਨ ਕਿ ਮਨ ਵਿਚ ਕਰਮ ਕਰਨ' ਸੋਚਣ ਜਾਂ ਵਿਚਾਰਣ ਦੀ ਇਕ ਸ਼ਕਤੀ ਹੈ । ਉਹ ਭਲੇ ਪਾਸੇ ਕੰਮ ਕਰੇ ਤਾਂ ਨੇਕੀ ਹੈ, ਨਹੀਂ ਤੇ ਬਦੀ ਹੁੰਦੀ ਹੈ। ਬਾਲਮੀਕ ਦੀ ਸ਼ਕਤੀ ਗਲਤ ਪਾਸੇ ਵਰਤੀ ਗਈ ਤਾਂ ਉਹ ਡਾਕੂ ਸੀ, ਸਹੀ ਪਾਸੇ ਹੋ ਗਈ ਤਾਂ ਉਹ ਸੰਤ ਬਣ ਗਿਆ। ਭਾਈ ਗੁਰਦਾਸ ਜੀ ਦਸਦੇ ਹਨ—

ਸਾਇਰ ਵਿਚਹੁ ਨਿਕਲੇ ਕਾਲੁ ਕੂਟ ਤੇ ਅੰਮ੍ਰਿਤ ਵਾਣੀ ।
ਉਤ ਖਾਧੇ ਮਰ ਮੁਕੀਐ ਉਤ ਖਾਧੇ ਹੋਇ ਅਮਰ ਪਰਾਣੀ ।
ਵਿਸੁ ਵਸੈ ਮੁਹਿ ਸਪਦੇ ਗਰੜ ਦੁਗਾਰਿ ਸਮਿਓ ਰਸਜਾਣੀ ।
ਕਾਊਂ ਨ ਭਾਵੈ ਬੋਲਿਆ ਕੋਇਲ ਬੋਲੀ ਸਭਨਾ ਭਾਣੀ ।
ਬੁਰ ਬੋਲਾ ਨਾ ਸੁਖਾਵਈ ਮਿਠ ਬੋਲਾ ਜਗ ਮਿਤ ਵਡਾਣੀ ।
ਬੁਰਾ ਭਲਾ ਸੰਸਾਰ ਵਿਚ ਪਰਉਪਕਾਰ ਵਿਕਾਰ ਨੀਸਾਣੀ ।
ਗੁਣ ਅਵਗੁਣ ਗਤਿ ਆਖ ਵਖਾਣੀ । (੩੧-੧)

ਨੇਕ ਆਦਮੀ ਸਭ ਥਾਵੇਂ ਨੇਕੀ ਵੇਖਦਾ ਹੈ । ਪਾਪੀ ਆਦਮੀ ਨੂੰ ਹਰ ਪਾਸੇ ਹੀ ਪਾਪੀ ਹੀ ਦਿਸਦੇ ਹਨ ।

ਭਾਈ ਸਾਹਿਬ ਲਿਖਦੇ ਹਨ—

ਆਪ ਭਲਾ ਸਭ ਜਗ ਭਲਾ ਭਲਾ ਭਲਾ ਸਭ ਜਗ ਕਰ ਦੇਖੈ ।
ਆਪ ਬੁਰਾ ਸਭ ਜਗ ਬੁਰਾ ਸਭ ਕੋ ਬੁਰਾ ਬੁਰੇ ਦੇ ਲੇਖੈ ।

ਕ੍ਰਿਸ਼ਨ ਸਹਾਈ ਪਾਂਡਵਾਂ ਭਾਇ ਭਗਤ ਕਰਤੂਤ ਵਿਸੇਖੈ ।
ਵੈਰ ਭਾਉ ਚਿਤ ਕੈਰਵਾਂ ਗਣਤੀ ਗਣਨਿ ਅੰਦਰਿ ਕਾਲੇਖੈ ।
ਭਲਾ ਬੁਰਾ ਪਰਵੰਨਿਆ ਭਾਲਣ ਗਏ ਨ ਦਿਸਟ ਸਰੇਖੈ ।
ਬੁਰਾ ਨ ਕੋਈ ਜੁਧਿਸਟਰੈ ਦੁਰਜੋਧਨ ਕੋ ਭਲਾ ਨ ਦੇਖੈ ।

ਜੁਧਿਸ਼ਟਰ ਨੂੰ ਭਾਲ ਕਰਦਿਆਂ ਕੋਈ ਬੁਰਾ ਨਾ ਮਿਲਿਆ ਤੇ ਦੁਰਜੋਧਨ ਨੂੰ ਭਲਾ ਨਾ ਲਭ ਸਕਿਆ ।

ਪਾਪੀ ਨੂੰ ਹਰ ਪਾਸੇ ਪਾਪ ਅਤੇ ਭਲੇ ਆਦਮੀ ਨੂੰ ਭਲਿਆਈ ਦਿਸਦੀ ਹੈ ।

ਧਰਮ ਰਾਇ—ਸਾਡੇ ਕਰਮਾਂ ਤੇ ਪਾਪ ਪੁੰਨ ਦਾ ਨਿਰਣਾ ਕਰਨ ਵਾਲੀ ਸ਼ਕਤੀ ਦਾ ਨਾਂ ਧਰਮ ਰਾਇ ਹੈ । ਇਹ ਭਲੇ ਆਦਮੀ ਨੂੰ ਭਲਾ ਤੇ ਬੁਰੇ ਨੂੰ ਬੁਰਾ ਦਿਸਦਾ ਹੈ । ਭਾਈ ਗੁਰਦਾਸ ਜੀ ਲਿਖਦੇ ਹਨ—

ਸੂਰਜ ਘਰ ਅਵਤਾਰ ਲੈ ਧਰਮ ਵਿਚਾਰਨ ਜਾਇ ਬਹਿਠਾ ।
ਮੂਰਤਿ ਇਕਾ ਨਾਉ ਦੁਇ ਧਰਮ ਰਾਇ ਜਮ ਦੇਖ ਸਰਿਠਾ ।
ਧਰਮੀ ਡਿਠਾ ਧਰਮ ਰਾਇ ਪਾਪ ਕਮਾਇ ਪਾਪੀ ਜਮ ਡਿਠਾ ।
ਪਾਪੀ ਨੂੰ ਪਛੜਾਇਦਾ ਧਰਮੀ ਨਾਲ ਬੁਲੇਂਦਾ ਮਿਠਾ ।
ਵੈਰੀ ਦੇਖਣ ਵੈਰ ਭਾਇ ਮਿਤਰ ਭਾਇ ਕਰ ਦੇਖਣ ਇਠਾ ।
ਨਰਕ ਸੁਰਗ ਵਿਚ ਪੁੰਨ ਪਾਪ ਵਰ ਸਰਾਪ ਜਾਣਨ ਅਭਰਿਠਾ ।
ਦਰਪਨ ਰੂਪ ਜਿਵੇਂ ਹੀ ਪਿਠਾ । **(੩੧-੫)**

ਸਿਖ ਜਦ ਵਾਹਿਗੁਰੂ ਨਾਲ ਜੁੜਦਾ ਹੈ, ਗੁਰੂ ਦੀ ਦਸੀ ਹੋਈ ਰਹਿਤ ਰਖਦਾ ਹੈ, ਸਤਿਸੰਗਤ ਕਰਦਾ ਹੈ, ਤਦ ਪਾਪ ਤੋਂ ਬਚਕੇ ਨੇਕ ਬਣ ਜਾਂਦਾ ਹੈ । ਵਾਹਿਗੁਰੂ ਦੀ ਰਜ਼ਾ ਵਿਚ ਕਰਮ ਕਰਨੇ ਨੇਕੀ ਅਤੇ ਹਉਮੈ ਵਿਚ ਕਰਮ ਕਰਨੇ ਬਦੀ ਹੁੰਦੇ ਹਨ ।

ਪਾਪਾਂ ਤੋਂ ਬਚਣ ਲਈ ਸਾਰੇ ਮਤਾਂ ਨੇ ਵਖੋ ਵਖ ਸਾਧਨ ਦਸੇ ਹਨ। ਗੁਰਮਤਿ ਵਿਚ ਸਭ ਤੋਂ ਵਡਾ ਸਾਧਨ ਨਾਮ ਸਿਮਰਣ, ਸਤਿਸੰਗ ਅਤੇ ਸੇਵਾ ਦਸਿਆ ਹੈ। ਇਹਨਾਂ ਨਾਲ ਮਨ ਪਵਿੱਤਰ ਹੁੰਦਾ ਹੈ। ਦਸਮ ਪਾਤਸ਼ਾਹ ਨੇ ਸਿਖ ਨੂੰ ਜੋ ਰਹਿਤ ਦਿਤੀ ਹੈ, ਉਸ ਵਿਚ ਆਪਣਾ ਨਾਮ ਰੂਪ ਤੇ ਸਪਿਰਟ ਬਖਸ਼ੀ ਹੈ। ਸਿੰਘ ਕਹਾਉਣ ਵਾਲਾ ਨਾਮ ਕਰਕੇ ਗੁਰੂ ਨਾਲ ਜੁੜਦਾ ਹੈ। ਦਾਹੜੀ ਤੇ ਕੇਸ ਰਖ ਕੇ ਗੁਰੂ ਦਾ ਰੂਪ ਧਾਰਨ ਕਰਦਾ ਸਪਿਰਟ ਲੈ ਕੇ ਅੰਤਰੀਵ ਆਤਮੇ ਜੀਅ ਉਠਦਾ ਹੈ। ਪਾਪ ਕਰਨ ਲਗਿਆਂ ਫਿਲਸਫਾ ਜਾਂ ਗਿਆਨ ਛੇਤੀ ਯਾਦ ਆਉਂਦਾ, ਸਿਖੀ ਰਹਿਤ ਦੀਆਂ ਇਹ ਚੀਜਾਂ ਝਟ ਪਟ ਗੁਰੂ ਨਾਲ ਜੋੜਦੀਆਂ ਹਨ। ਪਾਪ ਕਰਨ ਤੋਂ ਰੋਕਦੀਆਂ ਹਨ। ਫਿਰ ਕਦੀ ਭੁਲ ਹੋ ਜਾਣ ਪਰ ਸੰਗਤ ਪਾਸੋਂ ਤਨਖਾਹ ਲਵਾਉਣੀ ਪਾਪ ਨੂੰ ਪ੍ਰਗਟ ਕਰਨ ਤੇ ਮਨ ਨੂੰ ਪਵਿੱਤਰ ਕਰ ਲੈਣ ਦਾ ਇਕ ਸਾਧਨ ਹੈ।

੨੯.

ਆਵਾਗਉਣ

ਬਚਪਨ, ਜਵਾਨੀ ਤੇ ਬੁਢਾਪੇ ਵਿਚ ਜੋ ਜੀਵਾਤਮਾ ਇਕ ਰਸ ਕਾਇਮ ਰਹਿੰਦਾ ਹੈ, ਉਹ ਸਰੀਰ ਦੇ ਨਾਸ ਹੋਣ ਪਿਛੋਂ ਅੰਤਮ ਇੱਛਾ ਜਾਂ ਕਰਮਾਂ ਅਨੁਸਾਰ ਫਿਰ ਜਨਮ ਲੈਂਦ ਹੈ। ਇਸ ਦਾ ਨਾਂ ਆਵਾਗਉਣ ਹੈ। ਇਹ ਸਿਧਾਂਤ ਵੇਦਾਂ, ਉਪਨਿਸ਼ਦਾਂ, ਸ਼ਾਸਤਰਾਂ ਅਤੇ ਗੀਤਾ ਵਿਚ ਮਿਲਦਾ ਹੈ।

ਕਰਮ ਫਿਲਾਸਫੀ ਆਵਾਗਉਣ ਦਾ ਮੂਲ ਹੈ। ਗੀਤਾ ਵਿਚ ਦਸਿਆ ਹੈ—'ਪਾਰਬ੍ਰਹਮ ਵਿਚ ਆਤਮਾ ਦੇ ਅਭੇਦ ਹੋਣ ਪਰ ਆਵਾਗਉਣ ਦਾ ਚੱਕਰ ਮੁਕ ਜਾਂਦਾ ਹੈ।'

ਸ਼ੰਕਰ ਨੇ ਕਿਹਾ ਹੈ—'ਗਿਆਨ ਨਾਲ ਕਰਮਾਂ ਦਾ ਨਾਸ ਹੁੰਦਾ ਹੈ। ਕਰਮਾਂ ਦੇ ਨਾਸ ਹੋਣ ਨਾਲ ਆਵਾਗਉਣ ਮਿਟ ਜਾਂਦਾ ਹੈ। ਕਰਮ ਕਿਸੇ ਇੱਛਾ ਨਾਲ ਕੀਤੇ ਜਾਣ, ਉਹਨਾਂ ਦਾ ਫਲ ਜ਼ਰੂਰ ਮਿਲਦਾ ਹੈ। ਨਿਸ਼ਕਾਮ ਕਰਮ ਕੀਤੇ ਜਾਣ ਤਾਂ ਅੰਤਹਕਰਨ ਨਿਰਮਲ ਹੁੰਦਾ ਹੈ। ਇਸੇ ਤਰ੍ਹਾਂ ਜਨਮ ਮਰਨ ਤੋਂ ਰਹਿਤ ਹੋ ਜਾਈਦਾ ਹੈ।'

ਜੈਨ ਮੱਤ ਵੀ ਆਵਾਗਉਣ ਨੂੰ ਮੰਨਦਾ ਹੈ।

ਬੁਧ ਮੱਤ ਕਰਮ ਨੂੰ ਪ੍ਰਧਾਨ ਮੰਨਦਾ ਹੈ। ਇਸ ਲਈ ਇਸ ਦਾ ਨਿਸਚਾ ਹੈ ਕਿ ਕਰਮਾਂ ਦਾ ਗੇੜ ਬਣਿਆ ਰਹਿੰਦਾ ਹੈ। ਮਨੁਖ ਆਵਾਗਉਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਇਹ ਇਕ ਤਬਦੀਲੀ ਹੈ ਬੁਧ ਇਹ ਨਹੀਂ ਮੰਨਦਾ ਕਿ ਇਕੋ ਆਤਮਾ ਜੂਨਾਂ ਵਿਚ ਭੌਂਦੀ ਫਿਰਦੀ

ਹੈ। ਉਹ ਕਹਿੰਦਾ ਹੈ—'ਜਦ ਆਦਮੀ ਮਰਦਾ ਹੈ ਤਾਂ ਉਸ ਦਾ ਸਰੀਰ ਨਾਸ ਹੋ ਜਾਂਦਾ ਹੈ। ਨਾਲ ਹੀ ਉਸ ਦੀ ਮਾਨਸਿਕ ਚੇਤੰਨਤਾ, ਜੋ ਸਰੀਰ ਉਤੇ ਹੀ ਨਿਰਭਰ ਹੈ, ਨਾਸ ਹੋ ਜਾਂਦੀ ਹੈ। ਮੁੜ ਕੇ ਜਨਮ ਲੈਣ ਵਾਲਾ ਉਹ ਆਦਮੀ ਅਥਵਾ ਆਤਮਾ ਨਹੀਂ ਹੁੰਦਾ। ਸਗੋਂ ਉਸ ਆਦਮੀ ਦੇ ਕਰਮ ਅਥਵਾ ਉਸ ਦਾ ਆਚਰਣ ਆਪਣੇ ਗੁਣਾਂ ਅਨੁਸਾਰ ਨਵੀਂ ਵਿਅਕਤੀ ਰਚ ਕੇ ਆਪਣੀ ਹਾਲਤ ਮੁਤਾਬਿਕ ਕੋਈ ਜ਼ਿੰਦਗੀ ਢੂੰਡ ਲੈਂਦਾ ਹੈ। ਇਸ ਦਾ ਤਰੀਕਾ ਕੀ ਹੈ? ਇਹ ਸਾਰਾ ਅਮਲ ਕਿਵੇਂ ਹੁੰਦਾ ਹੈ? ਇਹ ਗਲ ਬੁਧ ਮਤ ਨਹੀਂ ਦਸਦਾ। ਆਮ ਤੌਰ ਤੇ ਅੰਤ ਕਾਲ ਦੀ ਜੋ ਇਕੋ ਜੀਵਨ ਇਛਾ ਰਹਿ ਜਾਂਦੀ ਹੈ, ਉਹ ਅਗਲੇ ਜੀਵਨ ਦਾ ਕਾਰਣ ਬਣਦੀ ਹੈ। ਏਸ ਇਛਿਆ ਦੀ ਖਿਚ ਨਾਲ ਜ਼ਿੰਦਗੀ ਦੇ ਖਿਲਰੇ ਹੋਏ ਤਤ ਫਿਰ ਆ ਇਕੱਠੇ ਹੁੰਦੇ ਹਨ, ਕਿਉਂ ਜੋ ਜ਼ਿੰਦਗੀ ਨਾਮ ਹੀ ਤਤਾਂ ਦੇ ਇਕੱਠ ਦਾ ਹੈ। ਇਹਨਾਂ ਸਾਰਿਆਂ ਟੋਟਿਆਂ ਅਥਵਾ ਜੀਵਨ ਚਕਰਾਂ ਦਾ ਅੰਤ ਨਿਰਵਾਣ ਵਿਚ ਹੈ। ਨਿਰਵਾਣ ਦੇ ਅਰਥ ਹਨ—ਬੁਝ ਜਾਣਾ ਜਾਂ ਠੰਡਾ ਹੋ ਜਾਣਾ।'*

ਆਰੀਅਨ ਧਰਮ ਲਗ ਪਗ ਸਾਰੇ ਹੀ ਆਵਾਗਉਣ ਨੂੰ ਮੰਨਦੇ ਹਨ। ਇਬਰਾਨੀ ਮਤ ਈਸਾਈ ਤੇ ਮੁਸਲਮਾਨ ਇਸ ਨੂੰ ਨਹੀਂ ਮੰਨਦੇ। ਮੁਸਲਮਾਨਾਂ ਦਾ ਨਿਸਚਾ ਹੈ ਕਿ ਜਦ ਸਾਰੇ ਆਦਮੀ ਮਰ ਜਾਣਗੇ, ਉਹਨਾਂ ਦੀਆਂ ਰੂਹਾਂ ਕਬਰਾਂ ਵਿਚ ਪਈਆਂ ਰਹਿਣਗੀਆਂ। ਕਿਆਮਤ ਆਵੇਗੀ ਉਸ ਦਿਨ ਇਕ ਫਰਿਸ਼ਤਾ ਕਰਨਾ ਫੂਕੇਗਾ। ਰੂਹਾਂ ਕਬਰਾਂ ਵਿਚੋਂ ਉਠਣਗੀਆਂ। ਹਿਸਾਬ ਹੋਵੇਗਾ। ਖੁਦਾ ਅਤੇ ਪੈਗੰਬਰ ਉਤੇ ਨਿਸਚਾ ਰਖਣ ਵਾਲੀਆਂ ਰੂਹਾਂ ਬਹਿਸ਼ਤ ਵਿਚ ਭੇਜੀਆਂ ਜਾਣਗੀਆਂ। ਪਾਪੀ ਰੂਹਾਂ ਦੋਜ਼ਖ ਵਿਚ ਸੁਟੀਆਂ ਜਾਣਗੀਆਂ।

ਇਸਲਾਮ ਦੀ ਇਸ ਮਨੌਤ ਅਨੁਸਾਰ ਰਬ ਮਨੁਖਾਂ ਨੂੰ ਪੈਦਾ ਕਰਦਾ ਹੈ ਤੇ ਮਾਰਦਾ ਹੈ, ਪਰ ਹਿਸਾਬ ਕਰਨ ਵਿਚ ਸੁਸਤੀ ਕਰਦਾ ਹੈ।

---

*'ਮਰਨ ਪਿਛੋਂ' ਲਿਖਤ ਪ੍ਰੋਫੈਸਰ ਸ਼ੇਰ ਸਿੰਘ।

ਪਤਾ ਨਹੀਂ ਕਿਆਮਤ ਕਦੋਂ ਆਵੇ ? ਓਦੋਂ ਤੀਕ ਰੂਹਾਂ ਕਬਰਾਂ ਵਿਚ ਹੀ ਪਈਆਂ ਰਹਿਣਗੀਆਂ।

ਸਾਇੰਸਦਾਨ ਆਵਾਗਉਣ ਨੂੰ ਨਹੀਂ ਮੰਨਦੇ, ਪਰ ਵਿਕਾਸ਼ **(Evolution)** ਦੇ ਸਿਧਾਂਤ ਅਨੁਸਾਰ ਜੀਵ ਜੜ੍ਹਤਾ, ਬਨਾਸਪਤੀ, ਪਸ਼ੂ ਤੇ ਪੰਛੀਆਂ ਰਾਹੀਂ ਹੋ ਕੇ ਮਨੁਖਤਾ ਤਕ ਪਹੁੰਚਦਾ ਹੈ । ਪੂਰਬ ਕਹਿੰਦਾ ਹੈ ਕਿ ਮਨੁਖ ਦੇਵਤਿਆਂ ਤੇ ਪਸ਼ੂਆਂ ਦੇ ਵਿਚਕਾਰ ਹੈ। ਇਹ ਰਾਮ ਦੀ ਅੰਸ ਹੈ। ਜੇ ਚੰਗੇ ਕਰਮ ਕਰੇਗਾ ਤਾਂ ਪ੍ਰਮਾਤਮਾਂ ਦੇ ਲੋਕ ਵਲ ਜਾਵੇਗਾ। ਨੀਵੇਂ ਕਰਮ ਕਰੇਗਾ ਤਾਂ ਮਨੁਖਤਾ ਤੋਂ ਨੀਵਾਂ ਹੋ ਕੇ ਪਸ਼ੂ ਜੂਨੀਆਂ ਵਿਚ ਭੌਂਦਾ ਫਿਰੇਗਾ।

ਸਿਖ ਧਰਮ ਆਵਾਗਉਣ ਨੂੰ ਮੰਨਦਾ ਹੈ । ਸਤਿਗੁਰੂ ਜੀ ਫੁਰਮਾਉਂਦੇ ਹਨ—

(੧) ਏਹੁ ਜੀਉ ਬਹੁਤੇ ਜਨਮ ਭਰੰਮਿਆ
ਤਾ ਸਤਿਗੁਰੁ ਸਬਦ ਸੁਣਾਇਆ ॥ (ਮ: ੧)

(੨) ਬੂਠ ਆਵਹਿ ਠਵਰ ਨ ਪਾਵਹਿ
ਦੂਜਾ ਆਵਾ ਗਉਣੁ ਭਇਆ ॥
ਆਵਾ ਗਉਣੁ ਮਿਟੈ ਗੁਰਸਬਦੀ
ਆਪੇ ਪਰਖੈ ਬਖਸਿ ਲਇਆ ॥ (ਸਿਧ ਗੋਸ਼ਟ)

(੩) ਆਵਾ ਗਉਣੁ ਕੀਆ ਕਰਤਾਰ ॥
(ਬਿਲਾਵਲ ਮ: ੩)

(੪) ਆਵਾ ਗਉਣੁ ਰਚਾਇ ਉਪਾਈ ਮੇਦਨੀ ॥
(ਮਲਾਰ ਮ: ੩)

(੫) ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥

ਕਈ ਜਨਮ ਹੈਵਰ ਬ੍ਰਿਖ ਜੋਇਓ ॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹੁ ਦੇਹ ਸੰਜਰੀਆ ॥ (ਗਉੜੀ ਮ: ੫)

ਸ੍ਰੀ ਗੁਰੂ ਨਾਨਕ ਦੇਵ ਦੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਲਾਹੌਰ ਦੇ ਖੱਤਰੀ ਦੂਨੀ ਚੰਦ ਨੇ ਪਿਤਾ ਦਾ ਸਰਾਧ ਕੀਤਾ । ਗੁਰੂ ਜੀ ਨੇ ਉਸ ਨੂੰ ਦਸਿਆ ਕਿ ਤੇਰਾ ਪਿਤਾ ਤਾਂ ਬਘਿਆੜ ਦੀ ਜੂਨ ਵਿਚ ਪਿਆ ਹੈ । ਪੰਚਮ ਪਾਤਸ਼ਾਹ ਨੇ ਮੰਡੀ ਦੇ ਰਾਜੇ ਨੂੰ ਆਵਾਗਉਣ ਦਾ ਸਿਧਾਂਤ ਸਮਝਾਇਆ ।

ਦਸਮ ਪਾਤਸ਼ਾਹ ਨੇ ਬਚਿੱਤਰ ਨਾਟਕ ਵਿਚ ਆਪਣੇ ਪੂਰਬਲੇ ਜਨਮ ਦਾ ਹਾਲ ਲਿਖਿਆ ਹੈ । ਸਿਖ ਇਤਿਹਾਸ ਵਿਚ ਵੀ ਕਈ ਸਾਖੀਆਂ ਅਜਿਹੀਆਂ ਮਿਲਦੀਆਂ ਹਨ, ਜਿਨ੍ਹਾਂ ਤੋਂ ਆਵਾਗਉਣ ਸਿਧ ਹੁੰਦਾ ਹੈ । ਸਿਖ ਧਰਮ ਵਿਚ ਆਵਾਗਉਣ ਮੰਨਿਆ ਹੈ, ਪਰ ਨਾਲ ਹੀ ਦਸਿਆ ਹੈ ਕਿ ਵਾਹਿਗੁਰੂ, ਗੁਰੂ ਤੇ ਸੰਗਤ ਦੀ ਕਿਰਪਾ ਨਾਲ ਇਹ ਮਿਟ ਜਾਂਦਾ ਹੈ । ਯਥਾ—

ਸਤਿਗੁਰ ਕੈ ਜਨਮੈ ਗਵਨੁ ਮਿਟਾਇਆ ॥
(ਸਿਧ ਗੋਸਟ)

ਵਰਤਮਾਨ ਸਿਆਣਿਆਂ ਨੇ ਆਵਾਗਉਣ ਦੇ ਤਿੰਨ ਭੇਦ ਕੀਤੇ ਹਨ—

(੧) ਜਦ ਕੋਈ ਬੱਚਾ ਪੈਦਾ ਹੁੰਦਾ ਹੈ, ਰਬ ਉਸ ਲਈ ਨਵੀਂ ਆਤਮਾ ਨਹੀਂ ਬਣਾਉਂਦਾ, ਉਸ ਦੀ ਆਤਮਾ ਪਹਿਲੇ ਮੌਜੂਦ ਹੁੰਦੀ ਹੈ । ਉਹ ਵਿਦੇਹ ਰੂਪ ਵਿਚ ਹੁੰਦੀ ਹੈ । ਫਿਰ ਦੇਹੀ ਵਿਚ ਆ ਜਾਂਦੀ ਹੈ । ਜਦ ਮਨੁਖ ਦੇਹ ਧਾਰਦਾ ਹੈ, ਇਹ ਉਸ ਲਈ ਪਹਿਲਾ ਮੌਕਾ ਹੀ ਹੁੰਦਾ ਹੈ । ਮਰਨ ਪਿਛੋਂ ਜਨਮ ਨਹੀਂ ਲੈਂਦਾ । ਇਸ ਸਿਧਾਂਤ ਦਾ ਨਾਂ ਹੈ ਹੋਂਦ ਤੋਂ ਪਹਿਲੇ (**Pre Existence**) ਦਾ ਜੀਵਨ ।

(੨) ਜੀਵਾਤਮਾ ਪਸ਼ੂ ਪੰਛੀ ਆਦਿਕ ਕਈ ਜੂਨਾਂ ਵਿਚ ਭੌਂਦਾ

ਰਿਹਾ ਹੈ, ਇਸ ਜਨਮ ਤੋਂ ਪਿਛੋਂ ਚੰਗੇ ਕਰਮ ਕਰੇਗਾ ਤਾਂ ਦੇਵਤਾ, ਮਾੜੇ ਕਰਮ ਕਰੇਗਾ ਤਾਂ ਮੁੜ ਚੌਰਾਸੀ ਲਖ ਜੂਨਾਂ ਵਿਚ ਪਵੇਗਾ । ਇਸ ਸਿਧਾਂਤ ਦਾ ਨਾਂ ਆਵਾਗਉਣ (**Transmigation**).

(ਝ) ਮਨੁਖ ਆਤਮਾ ਇੱਸ ਤੋਂ ਪਹਿਲੇ ਵੀ ਇਸਤਰੀ ਪੁਰਸ਼ ਦੇ ਰੂਪ ਵਿਚ ਜਨਮ ਲੈਂਦਾ ਰਿਹਾ ਹੈ। ਪਰ ਪਸ਼ੂ ਪੰਛੀ ਕਦੇ ਨਹੀਂ ਬਣਿਆ। ਮਰਨ ਪਿਛੋਂ ਫਿਰ ਇਸਤਰੀ ਪੁਰਸ਼ ਦੇ ਰੂਪ ਵਿਚ ਧਾਰਨ ਕਰੇਗਾ। ਇਸ ਸਿਧਾਂਤ ਦਾ ਨਾਂ ਹੈ ਪੁਨਰ ਜਨਮ ਜਾਂ (**Reincornationt**) ਅਰਥਾਤ ਦੂਜੀ ਵੇਰ ਜਨਮ ਲੈਣਾ ।

ਹਿੰਦੁਸਤਾਨ ਵਿਚ ਇਹ ਮਨੌਤ ਹੈ ਕਿ ਪੂਰਬਲੇ ਜਨਮ ਦੇ ਸੰਸਕਾਰਾਂ ਨੂੰ ਯੋਗੀ ਪੁਰਸ਼ ਜਾਣਦੇ ਹਨ। ਜਰਮਨੀ ਦਾ ਪ੍ਰਸਿਧ ਫ਼ਿਲਾਸਫ਼ਰ ਨੈਟਸ਼ ਨਾਸਤਕ ਸੀ, ਪਰ ਉਹ ਆਵਾਗਉਣ ਨੂੰ ਮੰਨਦਾ ਸੀ । ਉਹ ਕਹਿੰਦਾ ਹੈ 'ਕਰਮ ਸ਼ਕਤੀ' ਦੇ ਕਾਰਨ ਜੋ ਰੂਪਾਂਤਰ ਹਨ, ਉਹ ਠੀਕ ਹਨ। ਕਾਲ ਇਕ ਨਿਸਚਤ ਚੀਜ਼ ਹੈ। ਇਕ ਵੇਰ ਜੋ ਨਾਮ ਅਤੇ ਰੂਪ ਹੋ ਚੁਕਾ ਹੈ, ਉਹ ਦੂਜੀ ਵੇਰ ਵੀ ਹੁੰਦਾ ਹੈ । ਇਹ ਮੇਰਾ ਦਿਲ ਕਹਿੰਦਾ ਹੈ।

(ਤਿਲਕ ਗੀਤਾ ੨੬੬)

ਮੈਕਸਮੁਲਰ ਨੇ ਕਿਹਾ ਹੈ ਕਿ ਆਵਾਗਉਣ ਨੂੰ ਦੁਨੀਆਂ ਦੇ ਸਾਰੇ ਵਡੇ ਵਡੇ ਮਹਾਂਪੁਰਖਾਂ ਨੇ ਮੰਨਿਆ ਹੈ । ਹਿੰਦੂ ਸਾਹਿਤ ਇਸ ਨਾਲ ਭਰਿਆ ਪਿਆ ਹੈ। ਫ਼ੈਸਾ ਗੋਰਸਤੇ ਪਲੇਟੋ ਵੀ ਇਸ ਨੂੰ ਮੰਨਦੇ ਹਨ।

ਗੁਰਮਤਿ ਵਿਚ ਆਵਾਗਉਣ ਗੁਰੂ ਤੇ ਵਾਹਿਗੁਰੂ ਦੀ ਕਿਰਪਾ ਨਾਲ ਮੁਕਦਾ ਹੈ। ਗੁਰੂ ਦਾ ਮਿਲਾਪ ਤੇ ਨਾਮ ਇਸ ਨੂੰ ਕਟਦੇ ਹਨ। ਬਖਸ਼ਸ਼ ਹੁੰਦੀ ਹੈ। ਪੁਨਰ ਜਨਮ ਸਜ਼ਾ ਨਹੀਂ ਮੌਕਾ ਹੈ ਆਪਣੇ ਆਪ ਨੂੰ ਸੁਧਾਰਨ ਦਾ।

ਆਵਾ ਗਉਣੁ ਨਿਵਾਰਿਓ ਕਰਿ ਨਦਰਿ ਨੀਸਾਣੁ ॥

(ਰਾਮਕਲੀ ਸਤਾ ਬਲਵੰਡ)

* *
*

੨੭.

ਮੁਕਤੀ

ਮੁਕਤੀ ਦੇ ਅਰਥ ਹਨ—ਬੰਧਨ ਤੋਂ ਛੁਟਕਾਰਾ । ਮੋਖਸ਼ ਨਜਾਤ ਤੇ ਸਾਲਵੇਸ਼ਨ ਆਦਿਕ ਸ਼ਬਦ ਇਸੇ ਲਈ ਵਰਤੇ ਹਨ ਤੇ ਇਕੋ ਭਾਵ ਦੇ ਹਨ । ਸਾਰੇ ਮਜ਼੍ਹਬਾਂ ਵਿਚ ਮੁਕਤੀ ਦਾ ਖਿਆਲ ਮਿਲਦਾ ਹੈ। ਜਨਮ, ਮਰਨ ਤੇ ਜੀਵਨ ਵਿਚ ਮਨੁਖ ਬੰਧਨ ਮਹਿਸੂਸ ਕਰਦਾ ਹੈ। ਇਹਨਾਂ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ। ਮੋਹ ਮਾਇਆ ਵਿਚ ਲੀਨ ਤੇ ਕਾਮਨਾਵਾਂ ਦੇ ਅਧੀਨ ਹੋਣ ਕਰਕੇ ਮਰਨਾ ਨਹੀਂ ਚਾਹੁੰਦਾ । ਬੰਦੀਵਾਨ ਦੀ ਹੈਸੀਅਤ ਵਿਚ ਕੰਮ ਕਰਦਾ ਹੈ । ਤੰਗ ਆਕੇ ਇਹਨਾਂ ਹਾਲਤਾਂ ਤੋਂ ਛੁਟਕਾਰਾ ਚਾਹੁੰਦਾ ਹੈ। ਇਕ ਇਹ ਖਿਆਲ ਹੈ ਕਿ 'ਆਤਮਾ' ਅਬਿਨਾਸ਼ੀ ਤੇ ਬੰਧਨ ਰਹਿਤ ਪਰਮਾਤਮਾ ਦੀ ਅੰਸ਼ ਹੈ, ਇਸ ਲਈ ਜੀਵ ਦੇ ਅੰਦਰੋਂ ਮੁਕਤੀ ਦੀ ਇਛਾ ਪ੍ਰਗਟ ਹੁੰਦੀ ਹੈ। ਸੰਸਾਰ ਵਿਚ ਆਮ ਮਨੁਖ ਕੈਦੀ ਦੇ ਰੂਪ ਵਿਚ ਕੰਮ ਕਰਦੇ ਹਨ। ਕੁਝ ਮਹਾਂ ਪੁਰਖ ਜੇਲ੍ਹ ਦੇ ਦਰੋਗੇ ਤੇ ਡਾਕਟਰ ਵਾਂਗੂ ਜੇਲ੍ਹ ਵਿਚ ਵਿਚਰਦੇ ਹਨ, ਪਰ ਉਹ ਸੁਤੰਤਰ ਹੁੰਦੇ ਹਨ। ਮੁਕਤੀ ਕੀ ਹੈ ? ਜਨਮ ਮਰਨ ਤੋਂ ਛੁਟਕਾਰਾ ਪਾਉਣਾ । ਨਾਯਇ ਸ਼ਾਸਤਰ ਦਾ ਮਤ ਹੈ—ਸਰੀਰ ਮਨ ਤੇ ਇੰਦਰੀਆਂ ਦੀ ਸਾਰੇ ਦੁਖਾਂ ਤੋਂ ਛੁਟਕਾਰਾ ਪਾਉਣਾ ਮੁਕਤੀ ਹੈ।' ਸਾਂਖ ਦੀ ਰਾਇ ਹੈ—'ਪ੍ਰਕਿਰਤੀ ਅਤੇ ਪੁਰਸ਼ ਦਾ ਸਹੀ ਗਿਆਨ ਹੋਣਾ, ਸਰੀਰਕ, ਮਾਨਸਿਕ ਤੇ ਆਤਮਿਕ ਦੁਖਾਂ ਤੋਂ ਰਹਿਤ ਹੋ ਜਾਣਾ ਮੁਕਤੀ ਹੈ।' ਵੇਦਾਂਤ ਕਹਿੰਦਾ ਹੈ—ਬ੍ਰਹਮ ਗਿਆਨ ਦੁਵਾਰਾ ਅਵਿਦਿਆ ਦਾ ਦੂਰ ਹੋ ਜਾਣਾ ਤੇ ਜੀਵ ਦਾ ਬ੍ਰਹਮ

ਨਾਲ ਅਭੇਦ ਹੋਣਾ ਮੋਖਸ਼ ਹੈ ।' ਇਸ ਤਰ੍ਹਾਂ ਯੋਗ ਦਾ 'ਨਿਰਵਿਕਲਪ ਸਮਾਧੀ' ਵਿਚ ਲੀਨ ਹੋਣਾ, ਮੀਮਾਂਸਾਂ ਦਾ ਜਪ, ਤਪ ਦਾਨ ਰਾਹੀਂ ਅਤੇ ਬੁਧ ਮਤ ਅਨੁਸਾਰ 'ਨਿਰਬਾਣ ਪਦਵੀ' ਪ੍ਰਾਪਤ ਕਰਨੀ, ਜੈਨ ਮਤ ਅਨੁਸਾਰ ਅਹਿੰਸਾ ਤੇ ਤਪ ਨਾਲ ਜੀਵਾਤਮ ਦਾ ਉੱਚੇ ਲੋਕ ਵਿਚ ਚਲਾ ਜਾਣਾ ਤੇ ਉਥੋਂ ਮੁੜ ਕੇ ਨਾ ਆਉਣਾ ਹੀ ਮੁਕਤੀ ਹੈ। ਸ਼ਾਸ਼ਤਰਾਂ ਵਿਚ ਮੁਕਤੀ ਦੋ ਤਰ੍ਹਾਂ ਨਾਲ ਮੰਨੀ ਹੈ—(੧) ਕਰਮ ਨਾਲ। (੨) ਗਿਆਨ ਨਾਲ। ਕਰਮ ਕਾਂਡ, ਯਗ, ਪੂਜਾ, ਤਪ ਦਾਨ ਆਦਿਕ ਮੀਮਾਂਸਿਕ ਸੂਤਰਾਂ ਵਿਚ ਲਿਖੇ ਹਨ । ਉਪਨਿਸ਼ਦਾਂ, ਵੇਦਾਂਤ ਤੇ ਗੀਤਾ ਆਦਿਕ ਗਿਆਨ ਤੋਂ ਮੁਕਤੀ ਮੰਨਦੇ ਹਨ । ਵੈਸ਼ਨਵ ਸਪ੍ਰਦਾਵਾਂ ਵਿਚੋਂ ਮਾਧਵਾ ਚਾਰਯ ਨੇ ਚਾਰ ਕਿਸਮ ਦੀ ਮੁਕਤੀ ਮੰਨੀ ਹੈ—(੧) ਸਮੀਪ ਭਗਵਾਨ ਦੇ ਨੇੜੇ ਹੋਣਾ ਦਾਸ ਰੂਪ ਵਿਚ ਭਗਤੀ ਕਰਨੀ ਹੈ । (੨) ਸਰੂਪ ਮਿਤਰ ਭਾਵਨਾ ਦੀ ਭਗਤੀ ਕਰਨੀ । (੩) ਸਲੋਕ ਪ੍ਰਭੂ ਦੇ ਦੇਸ਼ ਵਿਚ ਨਿਵਾਸ ਕਰਨਾ ਤੇ ਵਾਤਸਲ ਭਾਵ ਦੀ ਭਾਵਨਾ ਕਰਨੀ । (੪) ਸਾਯੁਜ ਵੈਰ ਭਾਵ ਜਾਂ ਗਿਆਨ ਦੀ ਭਗਤੀ।

ਇਸਲਾਮ ਦਾ ਨਿਸਚਾ ਹੈ ਕਿ ਨੁਮਾਜ਼, ਰੋਜ਼ਾ, ਹੱਜ ਆਦਿਕ ਕਰਨ ਤੇ ਪੈਗੰਬਰ ਦੀ ਸਫਾਇਸ਼ ਨਾਲ ਬਹਿਸ਼ਤ ਵਿਚ ਦਾਖਲ ਹੋਣਾ ਹੀ ਨਜਾਤ ਹੈ। ਈਸਾਈ ਮੱਤ ਦਸਦਾ ਹੈ ਕਿ ਰੱਬ, ਉਸ ਦੇ ਪੁੱਤਰ ਈਸਾ ਅਤੇ 'ਰੂਹਲ ਕੁਦਸ' ਪਰ ਭਰੋਸਾ ਰਖਣ ਨਾਲ ਰੱਬ ਦੀ ਬਾਦਸ਼ਾਹਤ ਵਿਚ ਰੂਹਾਂ ਦਾਖਲ ਹੋਣਗੀਆਂ ।

ਸਿਖ ਧਰਮ ਅਨੁਸਾਰ ਮੁਕਤੀ ਕੀ ਹੈ ? ਗੁਰਮੁਖਾਂ ਦੀ ਸੰਗਤ ਦਵਾਰਾ ਵਾਹਿਗੁਰੂ ਨਾਲ ਜੁੜ ਕੇ ਹਉਮੈ ਦਾ ਤਿਆਗ ਕਰਨਾ ਪਰਉਪਕਾਰ ਤੇ ਸੇਵਾ ਕਰਨੀ, ਅੰਤਹਕਰਨ ਨੂੰ ਸ਼ੁਧ ਕਰਨਾ, ਸਰੀਰ ਨੂੰ ਸ਼ੁਧ ਰਖਣਾ, ਨਾਮ ਦਾਨ ਤੇ ਇਸ਼ਨਾਨ ਕਰਦੇ ਹੋਏ ਆਤਮਾ ਦੀ ਸ੍ਰੀ ਵਾਹਿਗੁਰੂ ਵਿਚ ਲੀਨ ਹੋ ਜਾਣਾ ਮੁਕਤੀ ਹੈ। ਪਰਮਾ ਭਗਤੀ ਅਤੇ ਸੇਵਾ ਮੁਕਤੀ ਦੇ ਵਡੇ ਸਾਧਨ ਹਨ। ਯਥਾ—

(੧) ਕਰਮ ਧਰਮ ਕਰਿ ਮੁਕਤਿ ਮੰਗਾਹੀ ॥
ਮੁਕਤਿ ਪਦਾਰਥੁ ਸਬਦਿ ਸਲਾਹੀ ॥
ਬਿਨੁ ਗੁਰ ਸਬਦੈ ਮੁਕਤਿ ਨ ਹੋਈ ॥
ਪਰਪੰਚੁ ਕਰ ਭਰਮਾਈ ਹੇ ॥

(ਮਾਰੂ ਮ: ੧)

(੨) ਮੁਕਤਿ ਪਾਈਐ ਸਾਧ ਸੰਗਤਿ
ਬਿਨਸ ਜਾਇ ਅੰਧਾਰੁ ॥

(ਧਨਾਸਰੀ ਮ: ੫)

(੩) ਗਹਿਰ ਗੰਭੀਰ ਅੰਮ੍ਰਿਤ ਨਾਮ ਤੇਰਾ ॥
ਮੁਕਤਿ ਭਇਆ ਜਿਸੁ ਰਿਦੈ ਵਸੇਰਾ ॥

(੪) ਕਹੁ ਨਾਨਕ ਗੁਰਿ ਖੋਲੇ ਕਪਾਟ ॥
ਮੁਕਤੁ ਭਏ ਬਿਨਸੇ ਭ੍ਰਮ ਥਾਟ ॥

(ਗਉੜੀ ਮ: ੫)

ਜੀਵਨ ਮੁਕਤਿ--

ਜੀਵਨ ਮੁਕਤਿ ਪੁਰਸ਼ਾਂ ਬਾਰੇ ਪੰਚਮ ਪਾਤਸ਼ਾਹ ਦਸਦੇ ਹਨ—

ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥

ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥

ਇਕ ਸਿਆਣੇ ਦਾ ਕਥਨ ਹੈ 'ਬੁਧੀ, ਮਨ, ਇਸਤਰੀ ਤੇ ਪੁਤਰ ਜਿਸ ਦੇ ਵਸ ਵਿਚ ਹਨ, ਜਿਸ ਦਾ ਸਰੀਰ ਅਰੋਗ ਤੇ ਮਨ ਵਾਸ਼ਨਾ ਰਹਿਤ ਹੈ, ਚਿਤ ਵਾਹਿਗੁਰੂ ਨਾਲ ਜੁੜਿਆ ਹੋਇਆ ਹੈ, ਉਹ ਜੀਵਨ ਮੁਕਤਿ ਹੈ।'

ਜੀਵਨ ਕੀ ਆਸਾ ਅਰ ਮਰਨ ਕੀ ਚਿੰਤਾ ਮਿਟੀ।
ਜੀਵਨ ਮੁਕਤਿ ਗੁਰਮਤਿ ਕੋ ਪ੍ਰਗਾਸ ਹੈ।

(ਭਾਈ ਗੁਰਦਾਸ)

c

੨੮.

ਮੌਤ ਕੀ ਹੈ ?

ਆਤਮਾ ਅਮਰ ਹੈ, ਮਰਨ ਪਿਛੋਂ ਸਵਰਗ ਨਰਕ, ਸਚਖੰਡ, ਮੌਤ ਤੇ ਜਿੱਤ

ਮੌਤ ਸਰੀਰ ਤੇ ਆਤਮਾ ਦੇ ਵਿਛੋੜੇ ਨੂੰ ਕਹਿੰਦੇ ਹਨ । ਇਹ ਜੁਦਾਈ ਉਸ ਸਮੇਂ ਹੁੰਦੀ ਹੈ, ਜਦ ਜ਼ਿੰਦਗੀ ਸਰੀਰ ਨੂੰ ਕਾਇਮ ਰਖਣ ਦੇ ਅਸਮਰਥ ਹੋ ਜਾਂਦੀ ਹੈ। ਆਤਮਾ ਇਸ ਪੰਜ ਭੂਤਕ ਸਰੀਰ ਤੋਂ ਨਿਕਲ ਕੇ ਪ੍ਰਲੋਕ ਵਲ ਰੁਖ ਕਰਦਾ ਹੈ। ਮੌਤ ਇਕ ਸੁਤੰਤਰਤਾ ਹੈ, ਜੋ ਮਨੁਖ ਨੂੰ ਹਸਤੀ ਦੀ ਕੈਦ ਤੋਂ ਮਿਲਦੀ ਹੈ। ਇਕ ਸ਼ਾਇਰ ਕਹਿੰਦਾ ਹੈ—

ਜ਼ਿੰਦਗੀ ਕਿਆ ਹੈ ? ਜ਼ਹੂਰੇ ਅਨਾਸਰ ਕੀ ਤਰਕੀਬ ।
ਮੌਤ ਕਿਆ ਹੈ ? ਇਨਹੀ ਅਜਜ਼ਾ ਕਾ ਪਰੇਸ਼ਾਂ ਹੋਨਾ ।

ਇਹ ਮਾਦਾ ਪ੍ਰਸਤੀ ਦਾ ਦ੍ਰਿਸ਼ਟੀ ਕੋਣ ਹੈ ਕਿ ਤੱਤਾਂ ਦੇ ਮੇਲ ਦਾ ਨਾਂ ਜੀਵਨ ਹੈ ਤੇ ਇਨ੍ਹਾਂ ਦੇ ਨਿਖੜ ਜਾਣ ਦਾ ਨਾਂ ਮੌਤ ਹੈ। ਸਤਿਗੁਰੂ ਜੀ ਮੰਨਦੇ ਹਨ—

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥'

ਤਦ ਤੀਕ ਆਤਮਾ ਸਰੀਰ ਵਿਚ ਨਿਵਾਸ ਕਰਦਾ ਹੈ, ਓਦੋਂ ਤੀਕ ਸਰੀਰ ਜੀਊਂਦਾ ਹੈ। ਆਤਮਾ ਤੱਤਾਂ ਤੋਂ ਭਿੰਨ ਤੇ ਅਮਰ ਹੈ। ਜਦ ਅਸੀਂ ਰੌਸ਼ਨੀ ਨੂੰ ਦੇਖਦੇ ਹਾਂ ਬਾਹਰਲੇ ਪ੍ਰਕਾਸ਼ਤ ਮੰਡਲਾਂ ਨੂੰ ਦੇਖਦੇ ਹਾਂ। ਰੌਸ਼ਨੀ ਦੀਆਂ ਲਹਿਰਾਂ ਸਾਨੂੰ ਨਹੀਂ ਦਿਸਦੀਆਂ । ਇਸ ਤਰ੍ਹਾਂ

ਸਰੀਰ ਨੂੰ ਹਰਕਤ ਕਰਦਿਆਂ ਵੇਖਕੇ ਇਸ ਨੂੰ ਜ਼ਿੰਦਗੀ ਕਹਿੰਦੇ ਹਾਂ। ਜ਼ਿੰਦਗੀ ਕੀ ਹੈ ? ਉਹ ਸਾਨੂੰ ਨਹੀਂ ਦਿਸਦੀ । ਜਦ ਅਸੀਂ ਕਿਸੇ ਗਰਮ ਚੀਜ਼ ਨੂੰ ਛੋਂਹਦੇ ਹਾਂ ਤਾਂ ਗਰਮੀ ਮਹਿਸੂਸ ਕਰਦੇ ਹਾਂ। ਗਰਮ ਚੀਜ਼ ਸਥੂਲ ਰੂਪ ਵਿਚ ਪਈ ਦਿਸਦੀ ਹੈ । ਗਰਮੀ ਕੀ ਹੈ ? ਇਸ ਦਾ ਪਤਾ ਨਹੀਂ ਲਗਦਾ । ਅਸੀਂ ਗਰਮੀ ਅਨੁਭਵ ਕਰਦੇ ਹਾਂ । ਮੌਤ ਕਿਤਨੀ ਅਜੀਬ ਹੈ ? ਜਿਹੜੇ ਸਾਕ ਸਬੰਧੀ ਮਨੁਖ ਨਾਲ ਹਦੋਂ ਵਧ ਪਿਆਰ ਕਰਦੇ ਹਨ, ਉਹੀ ਉਸ ਨੂੰ ਹਥਾਂ ਨਾਲ ਫੂਕ ਆਉਂਦੇ ਹਨ । ਕਬੀਰ ਜੀ ਕਹਿੰਦੇ ਹਨ—

ਘਰ ਕੀ ਨਾਰਿ ਬਹੁਤੁ ਹਿਤੁ ਜਾਸਉ ਸਦਾ ਰਹਿਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਇਆ ਪ੍ਰੇਤਿ ਪ੍ਰੇਤਿ ਕਰ ਭਾਗੀ ॥

ਜਿਸ ਸਰੀਰ ਨੂੰ ਮਨੁਖ ਸਾਂਭ ਸਾਂਭ ਕੇ ਰਖਦਾ ਹੈ, ਉਸ ਨੂੰ ਸਾੜ ਦਿਉ ਜਾਂ ਮਿਟੀ ਵਿਚ ਦਬ ਦਿਓ, ਮਹਿਸੂਸ ਹੀ ਨਹੀਂ ਹੁੰਦਾ। ਮੌਤ ਬਾਦਸ਼ਾਹ ਤੇ ਕੰਗਾਲ, ਮੂਰਖ ਤੇ ਪੰਡਤ, ਪਾਪੀ ਤੇ ਧਰਮੀ ਸਭ ਲਈ ਇਕੋ ਜਿਹੀ ਹੈ। ਦੂਜਿਆਂ ਦੇ ਦੁਖ ਨਾਲ ਜਨਮ ਹੁੰਦਾ ਹੈ, ਆਪਣੀ ਪੀੜਾ ਨਾਲ ਮੌਤ ਹੁੰਦੀ ਹੈ। ਮਨੁਖ ਕਿਸੇ ਅਜਿਹੇ ਥਾਂ ਚਲਾ ਜਾਂਦਾ ਹੈ, ਜਿਥੋਂ ਕਦੀ ਕੋਈ ਮੁੜ ਕੇ ਨਹੀਂ ਆਇਆ । ਕਿਡਾ ਵਡਾ ਆਦਮੀ ਹੋਵੇ, ਉਸ ਦੇ ਮਰ ਜਾਣ ਪਿਛੋਂ ਇਉਂ ਮਾਲੂਮ ਹੁੰਦਾ ਹੈ ਕਿ ਕਦੀ ਹੋਇਆ ਹੀ ਨਹੀਂ। ਪਾਣੀ ਦੇ ਬੁਲਬੁਲੇ ਦੀ ਤਰ੍ਹਾਂ ਮਨੁਖ ਰੋਜ਼ ਜੰਮਦੇ ਮਰਦੇ ਹਨ। ਕਰੋੜਾਂ ਤੇ ਅਰਬਾਂ ਮਨੁਖਾਂ 'ਚੋਂ ਕੁਝ ਕੁ ਹਸਤੀਆਂ ਹਨ, ਜਿਨ੍ਹਾਂ ਦੀ ਯਾਦ ਇਤਿਹਾਸ ਵਿਚ ਬਾਕੀ ਰਹਿ ਜਾਂਦੀ ਹੈ। ਜ਼ਿੰਦਗੀ ਤੇ ਮੌਤ ਦਾ ਫ਼ਿਲਸਫ਼ਾ ਕੀ ਹੈ ? ਨਾਸਤਕ ਕਹਿੰਦਾ ਹੈ—'ਸਰੀਰ ਦੇ ਮਰ ਜਾਣ ਨਾਲ ਸਦਾ ਲਈ ਮਰ ਜਾਈਦਾ ਹੈ।' ਆਸਤਕ ਦਾ ਨਿਸਚਾ ਹੈ—'ਸਰੀਰ ਦੇ ਮਰਨ ਨਾਲ ਆਤਮਾ ਨਹੀਂ ਮਰਦਾ। ਜੀਵਨ ਦੀ ਰੌ ਜਾਰੀ ਰਹਿੰਦੀ ਹੈ।'

ਆਤਮਾ ਕੀ ਹੈ ?

ਆਤਮਾ ਦੀ ਹੋਂਦ ਬਾਰੇ ਦੋ ਪੱਖ ਹਨ। ਇਕ ਧਾਰਮਿਕ ਆਗੂਆਂ

ਤੇ ਤਤਵੇਤਾ ਪੁਰਸ਼ਾਂ ਅਤੇ ਸਾਇੰਸਦਾਨਾਂ ਦਾ ਹੈ, ਜੋ ਆਤਮਾ ਦੀ ਹੋਂਦ ਨੂੰ ਮੰਨਦੇ ਹਨ। ਇਹਨਾਂ ਦਾ ਨਿਸਚਾ ਹੈ ਕਿ ਆਤਮਾ ਸਰੀਰ ਤੋਂ ਵਖਰਾ ਹੈ। ਇਹ ਨਹੀਂ ਮਰਦਾ। ਦੂਸਰਾ ਪੱਖ ਕੁਝ ਪੁਰਾਤਨ ਨਾਸਤਕਾਂ ਤੇ ਨਵੀਨ ਸਾਇੰਸਦਾਨਾਂ ਦਾ ਹੈ, ਜਿਹਨਾਂ ਦੀ ਰਾਇ ਹੈ ਕਿ ਚੇਤਨਤਾ ਜਾਂ ਆਤਮਾ ਤੱਤਾਂ ਦੇ ਮੇਲ ਦਾ ਹੀ ਨਤੀਜਾ ਹੈ, ਇਹ ਕੋਈ ਵਖਰੀ ਚੀਜ਼ ਨਹੀਂ।

ਹਿੰਦੁਸਤਾਨ ਦੇ ਧਾਰਮਿਕ ਗ੍ਰੰਥਾਂ ਵਿਚੋਂ ਉਪਨਿਸ਼ਦਾਂ, ਸ਼ਾਸਤਰਾਂ ਅਤੇ ਗੀਤਾ ਵਿਚ ਆਤਮਾ ਦਾ ਜ਼ਿਕਰ ਮਿਲਦਾ ਹੈ। ਉਪਨਿਸ਼ਦ ਵਿਚ ਲਿਖਿਆ ਹੈ ਕਿ ਯਮ ਨੇ ਨਿਚਿਕੇਤਾ ਨੂੰ ਉਪਦੇਸ਼ ਕਰਦੇ ਹੋਏ ਕਿਹਾ— 'ਅਸੀਂ ਗਿਆਨ ਨਾਲ ਆਤਮਾ ਨੂੰ ਨਹੀਂ ਜਾਣ ਸਕਦੇ, ਨਾ ਹੀ ਬੁਧੀ ਜਾਂ ਹੁਨਰ ਨਾਲ ਸਮਝ ਸਕਦੇ ਹਾਂ। ਆਤਮਾ ਦੀ ਹੋਂਦ ਨੂੰ ਆਤਮਾ ਹੀ ਜਾਣ ਸਕਦਾ ਹੈ, ਜੋ ਸਵੈ ਪ੍ਰਕਾਸ਼ ਹੈ।' ਗੀਤਾ ਵਿਚ ਕਿਹਾ ਹੈ—

ਯਿਹ ਆਤਮਾ ਅਮਰ ਹੈ ਮਾਰੇ ਸੇ ਮਰ ਸਕਤਾ ਨਹੀਂ।
ਨਾਸ਼ ਇਸਕਾ ਅਸਤ੍ਰ ਯਾ ਹਥਿਆਰ ਕਰ ਸਕਤਾ ਨਹੀਂ।
ਆਗ ਸੇ ਜਲਤਾ ਨਹੀਂ ਜਲ ਡਬੋ ਸਕਤਾ ਨਹੀਂ।
ਦੇਹ ਬਦਲਤਾ ਹੈ ਮਗਰ ਨਾਸ਼ ਹੋ ਸਕਤਾ ਨਹੀਂ।

ਨਿਆਇ ਸ਼ਾਸਤਰ ਨੇ ਜੀਵ ਨੂੰ ਅਨਾਦੀ ਮੰਨਿਆ ਹੈ। ਸਾਂਖ ਦੀ ਰਾਇ ਹੈ ਕਿ ਸਰੀਰ ਦੋ ਤਰ੍ਹਾਂ ਦੇ ਹਨ—ਸੂਖਮ ਤੇ ਸਥੂਲ। ਜਦ ਸੂਖਮ ਸਰੀਰ ਇਸ ਵਜੂਦ ਵਿਚ ਆਉਂਦਾ ਹੈ, ਉਸ ਨੂੰ ਜਨਮ ਕਹਿੰਦੇ ਹਨ। ਜਦ ਸਥੂਲ ਸਰੀਰ ਨਾਲੋਂ ਨਿਖੜ ਜਾਂਦਾ ਹੈ, ਉਹ ਮੌਤ ਹੁੰਦੀ ਹੈ। ਮਰ ਕੇ ਮੁਕਤੀ ਨਹੀਂ ਮਿਲਦੀ। ਇਸ ਸਰੀਰ ਵਿਚ ਹੀ ਪੁਰਸ਼ ਤੇ ਪ੍ਰਕਿਰਤੀ ਦਾ ਗਿਆਨ ਹੋਣ ਪਰ ਜੀਵਨ-ਮੁਕਤੀ ਹੋ ਜਾਈਦਾ ਹੈ। ਜੈਨ ਮਤ ਵੀ ਆਤਮਾ ਦੀ ਹੋਂਦ ਨੂੰ ਮੰਨਦਾ ਹੈ? ਪਰ ਉਸ ਦੀ ਰਾਇ ਹੈ ਕਿ ਆਯੂ ਦੇ ਵਧਣ ਘਟਣ ਨਾਲ ਜੀਵਾਤਮਾ ਵੀ ਵਧਦਾ ਘਟਦਾ

ਰਹਿੰਦਾ ਹੈ। ਮਰਨ ਨਾਲ ਆਤਮਾ ਸੌਂ ਗੜ ਜਾਂਦਾ ਹੈ। ਬੁਧ ਮਤ ਦਸਦਾ ਹੈ ਕਿ ਮਰਨ ਨਾਲ ਚੇਤੰਨਤਾ ਖਤਮ ਹੋ ਜਾਂਦੀ ਹੈ। ਮਨੁਖ ਦੇ ਕਰਮ, ਉਸ ਦਾ ਆਚਰਣ ਗੁਣਾਂ ਅਨੁਸਾਰ ਫਿਰ ਜ਼ਿੰਦਗੀ ਪੈਦਾ ਕਰ ਲੈਂਦਾ ਹੈ। ਕਬੀਰ ਜੀ ਦਾ ਮੱਤ ਹੈ—**'ਕਹੁ ਕਬੀਰ ਇਹੁ ਰਾਮ ਕੀ ਅੰਸੁ'** ਭਾਵ ਆਤਮਾ ਜਨਮ ਮਰਨ ਤੋਂ ਰਹਿਤ ਅਬਿਨਾਸ਼ੀ ਰੱਬ ਦੀ ਅੰਸ਼ ਹੈ। ਈਸਾ ਨੇ ਕਿਹਾ ਹੈ—

Dust thou art to dust retutnest was not spoken of suol.

ਭਾਵ—ਤੂੰ ਮਿੱਟੀ ਹੈਂ ਅਤੇ ਮਿੱਟੀ ਵਿਚ ਮਿਲ ਜਾਵੇਂਗਾ, ਪਰ ਇਹ ਤੇਰੀ ਆਤਮਾ ਲਈ ਨਹੀਂ।

ਪੁਰਾਤਨ ਫਿਲਾਸਫਰਾਂ ਵਿਚੋਂ ਸੁਕ਼ਰਾਤ, ਅਫਲਾਤੂਨ, ਬੂਅਲੀ ਸੀਨਾ ਤੇ ਗ਼ਜ਼ਾਲੀ ਆਤਮਾ ਦੀ ਹੋਂਦ ਨੂੰ ਮੰਨਦੇ ਸਨ। ਸੁਕ਼ਰਾਤ ਨੂੰ ਜਦ ਜ਼ਹਿਰ ਦਾ ਪਿਆਲਾ ਪਿਆਉਣ ਲੱਗੇ ਤਾਂ ਉਸ ਨੇ ਸ਼ਗਿਰਦਾਂ ਨੂੰ ਕਿਹਾ—'ਜਦ ਤੀਕ ਸਾਡੇ ਆਤਮਾ ਦਾ ਦੇਹ ਨਾਲ ਸਬੰਧ ਹੈ, ਉਦੋਂ ਤੀਕ ਸਰੀਰ ਦੀਆਂ ਲੋੜਾਂ ਸਾਨੂੰ ਪ੍ਰਵਿਰਤੀ ਮਾਰਗ ਵਿਚ ਲਾ ਕੇ ਇਕ ਰਸ ਭਗਤੀ ਵਿਚ ਲਿਮਗਨ ਨਹੀਂ ਹੋਣ ਦਿੰਦੀਆਂ, ਇਸ ਲਈ ਅਖੰਡ ਸਮਾਧੀ ਵਾਸਤੇ ਇਸ ਗਲ ਦੀ ਵਡੀ ਲੋੜ ਹੈ ਕਿ ਸਰੀਰ ਤੋਂ ਖਲਾਸੀ ਪਾਈ ਜਾਵੇ।'

ਕਾਂਟ ਕਹਿੰਦਾ ਹੈ—'ਸਾਨੂੰ ਸ੍ਰਿਸ਼ਟੀ ਤੋਂ ਜੋ ਗਿਆਨ ਪ੍ਰਾਪਤ ਹੁੰਦਾ ਹੈ, ਉਹ ਸਾਡੀ ਆਤਮਾ ਦੇ ਵਿਹਾਰ ਦਾ ਫਲ ਹੈ। ਇਸ ਲਈ ਸਾਨੂੰ ਆਤਮਾ ਨੂੰ ਸੁਤੰਤਰ ਮੰਨਣਾ ਚਾਹੀਦਾ ਹੈ। ਜੋ ਆਤਮਾ ਸ੍ਰਿਸ਼ਟੀ ਦਾ ਗਿਆਨ ਰਖਦਾ ਹੈ, ਉਸ ਨੂੰ ਸ੍ਰਿਸ਼ਟੀ ਜਾਂ ਤਤਾਂ ਦਾ ਭਾਗ ਕਹਿਣਾ ਗਲਤ ਹੈ, ਕਿਉਂਕਿ 'ਗਿਆਤਾ' ਸਦਾ ਵਖਰਾ ਹੁੰਦਾ ਹੈ।

ਜਦ ਅਸੀਂ ਕਹਿੰਦੇ ਹਾਂ, 'ਮੈਂ ਸੁਤਾ ਹਾਂ' ਤਾਂ ਇਸ ਦਾ ਮਤਲਬ ਇਹ ਹੈ ਕਿ ਸੁਤੇ ਹੋਏ ਸਰੀਰ ਵਿਚ ਕੋਈ ਜਾਗਦੀ ਚੀਜ਼ ਵੀ ਹੈ। 'ਮੈਂ'

ਤੇ ਸੁਤਾ ਹਾਂ ਦਸੋ ਜਾਗਣ ਵਾਲਾ ਕੌਣ ਹੈ, ਜੋ ਸੌਣ ਦਾ ਪਤਾ ਦਿੰਦਾ ਹੈ ?

ਸਾਇੰਸਦਾਨਾਂ ਦਾ ਇਕ ਧੜਾ ਹੋਰ ਹੈ, ਜੋ ਇਹ ਮੰਨਣ ਲਗ ਪਿਆ ਹੈ ਕਿ ਆਤਮਾ ਸਰੀਰ ਤੋਂ ਵਖਰਾ ਹੈ। ਇਹਨਾਂ ਚੋਂ ਸਰ ਆਲਿਵਰ ਲਾਜ ਇਕ ਹਨ । ਉਨ੍ਹਾਂ ਦੀ ਖੋਜ ਹੈ ਕਿ ਮਨੁਖ ਦੀ ਸ਼ਕਤੀ ਕੇਵਲ ਸਰੀਰ ਤਕ ਸੀਮਿਤ ਨਹੀਂ । ਇਹ ਮਨ ਨਾਲ ਵੀ ਕੰਮ ਕਰਦੀ ਹੈ। ਦੂਸਰੇ ਮਨੁਖਾਂ ਨੂੰ ਮਨ ਨਾਲ ਸੁਨੇਹੇ ਭੇਜ ਸਕਦਾ ਹੈ । ਗੱਲਾਂ ਬਾਤਾਂ ਕਰ ਸਕਦਾ ਹੈ। ਭਾਵੇਂ ਸਾਰੇ ਸਾਇੰਸਦਾਨਾਂ ਨੇ ਇਸ ਗਲ ਨੂੰ ਅਜੇ ਪ੍ਰਵਾਨ ਨਹੀਂ ਕੀਤਾ, ਪਰ ਬਹੁਤ ਸਾਰੇ ਇਸ ਨੂੰ ਮੰਨਣ ਲਗ ਪਏ ਹਨ । ਜੇ ਇਹ ਖੋਜ ਮੁਕੰਮਲ ਹੋ ਜਾਵੇ ਕਿ ਪ੍ਰਕਿਰਕ ਸਰੀਰ ਤੋਂ ਬਿਨਾਂ ਵੀ ਕੰਮ ਕਰ ਸਕਦਾ ਹੈ, ਤਾਂ ਮੌਤ ਤੋਂ ਪਿਛੋਂ ਜੀਵਾਤਮਾ ਦਾ ਕਾਇਮ ਰਹਿਣਾ ਮੰਨਣਾ ਪਵੇਗਾ।

ਸਰ ਆਲਿਵਰ ਲਾਜ ਕਹਿੰਦੇ ਹਨ 'ਮੈਂ ਇਸ ਨਤੀਜੇ ਤੇ ਪੁਜਾ ਹਾਂ ਕਿ ਅਸੀਂ ਸਾਰੇ ਆਤਮਾ ਦਾ ਅਵਤਾਰ ਹਾਂ । ਅਸੀਂ ਆਤਮਿਕ ਹਸਤੀ ਹਾਂ, ਜਿਹਨਾਂ ਦਾ ਮੇਲ ਕੁਝ ਚਿਰ ਲਈ ਪ੍ਰਕਿਰਤੀ ਨਾਲ ਹੋਇਆ ਹੈ। ਇਹ ਸਾਡੀ ਸ਼ਖਸੀਅਤ ਦਾ ਅਰੰਭ ਹੈ। ਇਹ ਮਰ ਜਾਣ ਦੇ ਪਿਛੋਂ ਵੀ ਰਹੇਗੀ। ਮਨ ਦੀ ਤਾਕਤ ਤੇ ਦੋਹਾਂ ਦਾ ਪਿਆਰ ਭਾਵੇਂ ਪ੍ਰਕਿਰਤੀ ਨਾਲ ਮੇਲ ਕਰਕੇ ਪੈਦਾ ਹੋਵੇ ਪਰ ਉਹ ਸ਼ਖਸੀਅਤ ਦੀ ਮਲਕੀਅਤ ਬਣ ਜਾਂਦੇ ਹਨ, ਉਸ ਤੋਂ ਵਖ ਨਹੀਂ ਕੀਤੇ ਜਾ ਸਕਦੇ। ਜੀਵਾਤਮਾ ਨੂੰ ਸਰੀਰ ਮਜਬੂਰਨ ਛਡਣਾ ਪੈਂਦਾ ਹੈ, ਪਰ ਉਪਰੋਕਤ ਪ੍ਰਭਾਵ ਨਹੀਂ ਛਡੇ ਜਾ ਸਕਦੇ ।'

ਸਰ ਆਲਿਵਰ ਲਾਜ ਦਾ ਨਿਸਚਾ ਹੈ ਕਿ ਰੂਹਾਂ ਨਾਲ ਗਲ ਬਾਤ ਕੀਤੀ ਜਾ ਸਕਦੀ ਹੈ। ਸਾਡੇ ਤੇ ਉਹਨਾਂ ਦੇ ਵਿਚਕਾਰ ਇਕ ਪਰਦਾ ਹੈ ਜੋ ਮੇਲ ਨਹੀਂ ਹੋਣ ਦਿੰਦਾ ਹੈ।

ਇਸ ਦੇ ਉਲਟ ਹਿੰਦੁਸਤਾਨ ਵਿਚੋਂ ਚਾਰ ਵਾਕ ਦਾ ਖਿਆਲ ਹੈ ਕਿ ਸਰੀਰ ਤੋਂ ਵਖਰਾ ਕੋਈ ਆਤਮਾ ਨਹੀਂ। ਪੱਛਮ ਵਿਚੋਂ ਡਾਰਵਿਨ ਵਿਕਾਸਵਾਦ ਅਨੁਸਾਰ ਮੰਨਦਾ ਹੈ ਕਿ ਜੜ੍ਹਤਾ ਤੋਂ ਉਠਕੇ ਮਨੁਖ ਨੇ ਚੇਤੰਨਤਾ ਤੀਕ ਉਨਤੀ ਕੀਤੀ ਹੈ। ਹੱਕਸਲੇ ਦੀ ਰਾਇ ਹੈ—'ਆਤਮਾ ਕੋਈ ਵਖਰੀ ਸ਼ੈ ਨਹੀਂ, ਇਹ ਤੱਤਾਂ ਦੇ ਮੇਲ ਦਾ ਹੀ ਨਤੀਜਾ ਹੈ।

ਅਜ ਕਲ ਕੁਝ ਸਾਇੰਸਦਾਨ ਤੇ ਰੂਸੀ ਡਾਕਟਰ ਇਸ ਖੋਜ ਵਿਚ ਲਗੇ ਹੋਏ ਹਨ ਕਿ ਮਨੁਖ ਨੂੰ ਇਕ ਮਸ਼ੀਨ ਦੀ ਤਰ੍ਹਾਂ ਸਾਬਤ ਕੀਤਾ ਜਾਵੇ। ਜਿਸ ਤਰ੍ਹਾਂ ਪੁਰਜੇ ਜੋੜਨ ਨਾਲ ਮਸ਼ੀਨ ਕੰਮ ਕਰਦੀ ਹੈ, ਇਸੇ ਤਰ੍ਹਾਂ ਤੱਤਾਂ ਦੇ ਮੇਲ ਜਾਂ ਅੰਗਾਂ ਦੇ ਜੋੜਨ ਨਾਲ ਮਨੁਖ ਬਣ ਜ ਵੇ, ਉਸ ਵਿਚ ਜ਼ਿੰਦਗੀ ਵੀ ਆ ਜਾਵੇ, ਪਰ ਅਜੇ ਇਹ ਤਜਰਬਾ ਸਫਲ ਨਹੀਂ ਹੋਇਆ।

ਕਈ ਸਿਆਣਿਆਂ ਦੀ ਰਾਇ ਹੈ ਕਿ ਮਨੁਖ ਸਰੀਰ ਅਤੇ ਮਨ ਦੇ ਜੁੜਨ ਨਾਲ ਬਣਿਆ ਹੋਇਆ ਹੈ। ਮਨ ਦੇ ਦੋ ਭਾਗ ਹਨ ਇਕ ਪ੍ਰਕਿਰਤੀ ਦਾ ਭਾਗ ਹੈ, ਇਸ ਵਿਚ ਮਨ ਨੀਵੀਂ ਹਾਲਤ ਵਿਚ ਹੁੰਦਾ ਹੈ। ਦੂਸਰਾ ਭਾਗ ਹੈ ਈਸ਼ਵਰ ਦਾ, ਇਸ ਵਿਚ ਜੁੜਕੇ ਇਹੀ ਮਨ ਆਤਮਾ ਰੂਪ ਜਾਂ 'ਜੋਤਿ ਸਰੂਪ' ਬਣ ਜਾਂਦਾ ਹੈ। ਇਸ ਨੂੰ ਜ਼ਮੀਰ, ਕਾਨਸੈਂਸ ਜਾਂ ਆਤਮਾ ਕਹਿੰਦੇ ਹਨ।

ਇਸ ਬਾਰੇ ਗੁਰਮਤਿ ਸਿਧਾਂਤ ਕੀ ਹੈ ? ਜ਼ਿੰਦਗੀ ਅਤੇ ਮੌਤ ਕੀ ਹੈ ? ਇਸ ਦਾ ਨਿਰਣਾ ਗੁਰੂਦੇਵ ਇਉਂ ਕਰਦੇ ਹਨ—

(੧) ਪਉਣੈ ਪਾਣੀ ਅਗਨੀ ਕਾ ਮੇਲੁ ॥
ਚੰਚਲ ਚਪਲ ਬੁਧਿ ਕਾ ਖੇਲੁ ॥
ਨਉ ਦਰਵਾਜੇ ਦਸਵਾ ਦੁਆਰੁ ॥
ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥
ਕਥਤਾ ਬਕਤਾ ਸੁਨਤਾ ਸੋਈ ॥
ਆਪ ਬੀਚਾਰੇ ਸੁ ਗਿਆਨੀ ਹੋਈ ॥੧॥ਰਹਾਉ॥

ਦੇਹੀ ਮਾਟੀ ਬੋਲੈ ਪਉਣੁ ॥
ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥
ਮੂਈ ਸੁਰਤਿ ਬਾਦੁ ਅਹੰਕਾਰੁ ॥
ਓਹੁ ਨ ਮੂਆ ਜੋ ਦੇਖਣ ਹਾਰੁ ॥

(ਗਉੜੀ ਮ: ੧)

(੨) ਮੇਰਾ ਮੇਰਾ ਕਰਿ ਬਿਲਲਾਹੀ ॥
ਮਰਣ ਹਾਰੁ ਇਹੁ ਜੀਅਰਾ ਨਾਹੀ ॥

(੩) ਅਚਰਜ ਕਥਾ ਮਹਾ ਅਨੂਪ ॥
ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ ਰਹਾਉ ॥
ਨਾ ਇਹੁ ਬੂਢਾ ਨਾ ਇਹੁ ਬਾਲਾ ॥
ਨਾ ਇਸੁ ਦੂਖੁ ਨਹੀ ਜਮ ਜਾਲਾ ॥
ਨਾ ਇਹੁ ਬਿਨਸੈ ਨਾ ਇਹੁ ਜਾਇ ॥
ਆਦਿ ਜੁਗਾਦੀ ਰਹਿਆ ਸਮਾਇ ॥੧॥
ਨਾ ਇਸੁ ਉਸਨੁ ਨਹੀ ਇਸੁ ਸੀਤੁ ॥
ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥
ਨਾ ਇਸੁ ਹਰਖੁ ਨਹੀ ਇਸੁ ਸੋਗੁ ॥
ਸਭੁ ਕਛੁ ਇਸਕਾ ਇਹੁ ਕਰਨੈ ਜੋਗੁ॥੨॥
ਨਾ ਇਸੁ ਬਾਪੁ ਨਹੀ ਇਸੁ ਮਾਇਆ॥
ਇਹੁ ਅਪਰੰਪਰੁ ਹੋਤਾ ਆਇਆ ॥
ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥
ਘਟ ਘਟ ਅੰਤਰਿ ਸਦ ਹੀ ਜਾਗੈ ॥੩॥

(ਗੋਂਡ ਮ: ੫)

ਆਤਮਾ ਸਬੰਧੀ ਗੁਰਮਤਿ ਸਿਧਾਂਤ ਸਪਸ਼ਟ ਹੈ ਕਿ ਇਹ ਪ੍ਰਭੂ ਦੀ ਅੰਸ ਹੈ । ਜਨਮ ਮਰਨ, ਬੁਢੇਪੇ ਅਤੇ ਮੌਤ ਤੋਂ ਰਹਿਤ ਹੈ। ਇਹ ਪੰਜਾਂ ਤਤਾਂ ਦਾ ਨਤੀਜਾ ਨਹੀਂ । ਇਹ ਸਰੀਰ ਅਤੇ ਗਿਆਨ ਇੰਦਰੀਆਂ ਤੋਂ ਵਖਰੀ ਚੀਜ਼ ਹੈ । ਜਿਵੇਂ ਸਮੁੰਦਰ ਦੇ ਤਰੰਗ ਹੁੰਦੇ ਹਨ, ਇਸੇ ਤਰ੍ਹਾਂ ਆਤਮਾ ਪ੍ਰਮਾਤਮਾ ਦੀ ਅੰਸ ਹੈ । 'ਮੈਂ ਹਾਂ' ਇਹੀ ਉਸ ਦੀ ਹੋਂਦ ਦਾ ਸਬੂਤ ਹੈ । ਆਤਮਾ ਵਾਹਿਗੁਰੂ ਦੀ ਅੰਸ ਹੈ, ਪਰ ਉਸ ਦੇ ਬਰਾਬਰ ਨਹੀਂ । ਉਹ ਸਰਬ ਵਿਆਪਕ ਹੈ, ਇਹ ਹੈ ਤੇ ਸਾਰਿਆਂ ਵਿਚੋਂ ਇਕੋ ਪਰ ਮਹਿਦੂਦ ਹੈ। ਉਸ ਦੇ ਹੁਕਮ ਵਿਚ ਹੈ । ਜੇ ਦੋਹਾਂ ਦੀ ਏਕਤਾ ਨਾ ਹੋਵੇ ਤਾਂ ਮਨੁਖ ਨੂੰ ਵਾਹਿਗੁਰੂ ਦਾ ਗਿਆਨ ਕਿਸ ਤਰ੍ਹਾਂ ਹੋ ਸਕਦਾ ਹੈ।

ਮਰਨ ਤੋਂ ਪਿਛੋਂ ਕੀ ਹੈ ?

ਇਹ ਪ੍ਰਸ਼ਨ ਬੜੇ ਮਹੱਤਵ ਦਾ ਹੈ। ਇਸ ਦਾ ਸੌਖਾ ਉੱਤਰ ਉਹ ਆਦਮੀ ਦੇ ਸਕਦਾ ਹੈ, ਜੋ ਪ੍ਰਲੋਕ ਵਿਚੋਂ ਹੋ ਆਵੇ। ਪਰ ਅਜ ਤੀਕ ਓਥੋਂ ਕੋਈ ਵਾਪਸ ਨਹੀਂ ਆਇਆ । ਮਹਾਂ ਪੁਰਸ਼ਾਂ ਨੇ ਆਤਮਿਕ ਅਨੁਭਵ ਦੁਆਰਾ ਇਸ ਦਾ ਨਿਰਣਾ ਕੀਤਾ ਹੈ । ਜਿਸ ਤਰ੍ਹਾਂ ਆਤਮਾ ਤੇ ਮੁਕਤੀ ਸਬੰਧੀ ਭਿੰਨ ਭਿੰਨ ਖਿਆਲ ਹਨ। ਇਸੇ ਤਰ੍ਹਾਂ ਮਰਨ ਤੋਂ ਪਿਛੋਂ ਕੀ ਹੁੰਦਾ ਹੈ?' ਇਸ ਸਬੰਧੀ ਵਖੋ ਵਖਰੇ ਮਤ ਹਨ । ਕਰਮ ਫਿਲਾਸਫੀ ਨੂੰ ਮੰਨਣ ਵਾਲੇ ਤੇ ਮਰਨ ਤੋਂ ਪਿਛੋਂ ਆਵਾਗਉਣ ਮੰਨਦੇ ਹਨ। ਹਿੰਦੁਸਤਾਨ ਦੇ ਪੁਰਾਣੇ ਧਰਮ ਵਿਚ ਸ਼ਿਵ ਲੋਕ, ਬ੍ਰਹਮ ਲੋਕ, ਇੰਦਰ ਪੁਰੀ ਤੇ ਸਵਰਗ ਆਦਿਕ ਟਿਕਾਣੇ ਮੰਨੇ ਹਨ, ਜਿਥੇ ਜੀਵ ਕਰਮਾਂ ਅਨੁਸਾਰ ਜਾ ਕੇ ਟਿਕਦੇ ਹਨ।

ਇਬਰਾਨੀ ਮਤਾਂ ਵਿਚੋਂ ਈਸਾਈ ਮਤ ਦਾ ਨਿਸਚਾ ਹੈ ਕਿ ਮਰਨ ਪਿਛੋਂ ਮਨੁਖ ਛੇਤੀ ਨਰਕ ਜਾਂ ਸਵਰਗ ਵਿਚ ਨਹੀਂ ਜਾਂਦਾ। ਇਕ ਵਿਚਕਾਰਲਾ ਮੰਡਲ ਹੈ, ਜਿਸ ਨੂੰ ਹੇਡਜ਼ ਲਾਈਫ (**Hades Life**) ਕਹਿੰਦੇ ਹਨ, ਜੀਵਾਤਮਾ ਉਥੇ ਰਹਿੰਦਾ ਹੈ। ਇਸ ਮੰਡਲ ਵਿਚ ਜੀਵ

ਤੇ ਈਸਾ ਦਾ, ਆਤਮਿਕ ਉਚਤਾ ਤੇ ਚਰਚ ਦਾ ਅਸਰ ਕਾਇਮ ਰਹਿੰਦਾ ਹੈ। ਇਸ ਦਸ਼ਾ ਵਿਚ ਵੀ ਜੀਵ ਸਵਰਗ ਵਿਚ ਜਾ ਸਕਦਾ ਹੈ, ਕਿਉਂਕਿ ਜੀਵ ਦਾ ਨਰਕ ਵਿਚ ਰਹਿਣਾ ਰਬ ਦੀ ਮਰਜ਼ੀ ਦੇ ਵਿਰੁਧ ਹੈ।

ਇਸਲਾਮ ਦਾ ਨਿਸਚਾ ਹੈ—'ਸਭ ਰੂਹਾਂ ਨੂੰ ਰਬ ਨੇ ਦੁਨੀਆਂ ਪੈਦਾ ਕਰਨ ਵੇਲੇ ਬਣਾ ਦਿਤਾ। ਉਹ ਆਪਣੀ ਮਰਜ਼ੀ ਅਨੁਸਾਰ ਇਹਨਾਂ ਨੂੰ ਭਿੰਨ ਭਿੰਨ ਸਰੀਰਾਂ ਵਿਚ ਪਾ ਦਿੰਦਾ ਹੈ। ਮਰਨ ਤੋਂ ਪਿਛੋਂ ਕਿਆਮਤ ਵਾਲੇ ਦਿਨ ਰੱਬ ਨੇ ਰੂਹਾਂ ਨੂੰ ਉਠਾਉਣਾ ਹੈ। ਫਿਰ ਅਮਲਾਂ ਦਾ ਹਿਸਾਬ ਹੋਵੇਗਾ। ਕਿਆਮਤ ਤੋਂ ਪਹਿਲੇ ਦਾ ਸਮਾਂ ਰੂਹਾਂ 'ਆਲਮੇ ਬਰਜ਼ਖ' ਵਿਚ ਰਹਿੰਦੀਆਂ ਹਨ। ਹਿਸਾਬ ਤੋਂ ਜਿਹੜੀਆਂ ਰੂਹਾਂ ਨੇ ਖੁਦਾ ਤੇ ਰਸੂਲ ਉਤੇ ਈਮਾਨ ਲਿਆਂਦਾ ਹੋਵੇਗਾ, ਉਹ ਬਹਿਸ਼ਤ ਵਿਚ ਭੇਜੀਆਂ ਜਾਣਗੀਆਂ ਬਾਕੀ ਦੀਆਂ ਦੋਜ਼ਖ ਦੀ ਅੱਗ ਵਿਚ ਸੜਨਗੀਆਂ।'

ਸਿਖੀ ਅਨੁਸਾਰ ਮਨੁਖਾ ਜਨਮ ਵਾਹਿਗੁਰੂ ਦੀ ਬਖਸ਼ਸ਼ ਤੇ ਮੌਤ ਉਸ ਦਾ ਭਾਣਾ ਹੈ। ਜਿਹਾ ਕਿ—

(੧) ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥

(ਵਾਰ ਆਸਾ ਮ: ੧)

(੨) ਪਵਨੈ ਮਹਿ ਪਵਨੁ ਸਮਾਇਆ ॥
ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥੧॥
ਰੋਵਨਹਾਰੇ ਕੀ ਕਵਨ ਟੇਕ ॥
ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ
ਬੀਚਾਰਾ ਇਹੁ ਤਉ ਚਲਤੁ ਭਇਆ ॥੧॥

(ਰਾਮਕਲੀ ਮ: ੫)

ਮੌਤ ਕਈ ਤਰ੍ਹਾਂ ਦੀ ਹੁੰਦੀ ਹੈ—(੧) ਪੂਰੀ ਉਮਰ ਭੋਗ ਕੇ। (੨) ਕਿਸੇ ਰੋਗ ਨਾਲ ਬਚਪਨ ਜਾਂ ਜਵਾਨੀ ਵਿਚ ਮਰਨਾ। (੩) ਅਚਾਨਕ ਮੌਤ, ਦਿਲ ਦੀ ਧੜਕਨ ਬੰਦ ਹੋਣ ਜਾਂ ਕਿਸੇ ਘਟਣਾ ਨਾਲ। (੪) ਸਰੀਰਕ ਜਾਂ ਮਾਨਸਿਕ ਦੁਖਾਂ ਤੋਂ ਤੰਗ ਆ ਕੇ ਆਤਮਘਾਤ ਕਰਨਾ, ਸਵਰਗ ਅਤੇ ਪੁੰਨ ਦੇ ਖਿਆਲ ਨਾਲ ਕਲਵਰ ਲੈਣਾ, ਸਿਰ ਕਟ ਕੇ ਦੇਵਤੇ ਅਗੇ ਰਖ ਦੇਣਾ। (੫) ਸਾਇੰਸ ਦੇ ਕਿਸੇ ਤਜਰਬੇ ਲਈ ਜਾਨ ਦੇ ਦੇਣੀ। (੬) ਜੰਗ ਜਾਂ ਲੜਾਈ ਵਿਚ ਮਰਨਾ। (੭) ਧਰਮ ਨੇਕੀ ਤੇ ਕਿਸੇ ਉਚੇ ਆਦਰਸ਼ ਲਈ ਸ਼ਹੀਦ ਹੋਣਾ।

ਸਿਖੀ ਵਿਚ ਮੰਨਿਆ ਹੈ ਕਿ ਮੌਤ ਜਿਸ ਤਰ੍ਹਾਂ ਵਾਹਿਗੁਰੂ ਦੇ ਭਾਣੇ ਵਿਚ ਆ ਜਾਵੇ, ਉਹੀ ਠੀਕ ਹੈ। ਪਰ ਜੰਗ ਵਿਚ ਜੂਝ ਕੇ ਮਰਨਾ, ਧਰਮ, ਨੇਕੀ, ਉਪਕਾਰ ਦੇਸ਼ ਦੀ ਰਖਿਆ ਲਈ ਸ਼ਹੀਦ ਹੋਣਾ ਬੜਾ ਉਤਮ ਮੰਨਿਆ ਹੈ। ਸਿਖ ਮੰਗ ਕਰਦਾ ਹੈ—'ਰਣ ਮੇਂ ਤਬ ਜੂਝ ਮਰੋਂ', ਦੂਸਰੇ ਸ਼ਹੀਦ ਹੋਣ ਦੀ ਮੰਗ ਕੀਤੀ ਹੈ।

ਮੌਤ ਦਾ ਡਰ—

ਆਮ ਮਨੁਖ ਮੌਤ ਤੋਂ ਕਿਉਂ ਡਰਦੇ ਹਨ ? ਇਸ ਦੇ ਕਾਰਨ ਇਹ ਹਨ—(੧) ਇਸ ਖਿਆਲ ਨਾਲ ਕਿ ਮਰਨ ਨਾਲ ਜੀਵਨ ਦਾ ਅੰਤ ਹੋ ਜਾਂਦਾ ਹੈ। (੨) ਇਸਤਰੀ, ਪੁਤਰਾਂ, ਸਾਕਾਂ ਸਬੰਧੀਆਂ ਦੇ ਸਦੀਵੀ ਵਿਛੋੜੇ ਦਾ ਖਿਆਲ। (੩) ਭੋਗ ਬਿਲਾਸ ਤੇ ਪਦਾਰਥਾਂ ਵਿਚ ਸੁਰਤ ਦਾ ਵਧੇਰੇ ਖਚਿਤ ਹੋਣਾ। (੪) ਮਰਨ ਵਾਲੇ ਮਨੁਖ ਦੀ ਅੰਤਮ ਦਰਦਨਾਕ ਦਸ਼ਾ।

ਕਈ ਆਦਮੀ ਮੌਤ ਵੇਲੇ ਬਹੁਤ ਤੜਫਦੇ ਹਨ। ਕਈ ਡਰਦੇ ਹਨ। ਇਹ ਪੁਰਾਣੇ ਸੰਸਕਾਰ ਬਣੇ ਹੋਏ ਹਨ ਕਿ ਮਰਨ ਵੇਲੇ ਆਦਮੀ ਨੂੰ ਜਮਦੂਤ ਦਿਸਦੇ ਹਨ, ਜਿਨ੍ਹਾਂ ਨੂੰ ਦੇਖ ਕੇ ਉਹ ਡਰਦਾ ਤੇ ਕੰਬਦਾ ਹੈ। ਵੈਦਾਂ ਦੀ ਰਾਇ ਹੈ ਕਿ ਵਾਤ ਪਿਤ ਤੇ ਕਫ ਵਿਚੋਂ ਕਿਸੇ ਇਕ ਦੇ ਵਧਣ ਨਾਲ ਤੇ ਕੁਝ ਖਿਆਲ ਬਣੇ ਹੋਣ ਕਰਕੇ ਕਈ ਰੂਪ ਨਜ਼ਰ ਆਉਂਦੇ ਹਨ।

ਵਾਯੂ ਦੀ ਪ੍ਰਧਾਨਤਾ ਨਾਲ ਕਾਲੇ ਰੰਗ ਦੇ, ਪਿਤ ਨਾਲ ਪੀਲੇ ਅਤੇ ਕਫ ਨਾਲ ਚਿਟੇ ਰੰਗ ਦੇ ਦ੍ਰਿਸ਼ਯ ਨਜ਼ਰ ਆਉਂਦੇ ਹਨ। ਉਹਨਾਂ ਨੂੰ ਜਮਦੂਤ ਸਮਝ ਕੇ ਆਦਮੀ ਡਰਦਾ ਹੈ।

ਮੌਤ ਸੁਖਦਾਇਕ ਵੀ ਹੈ ਤੇ ਦੁਖਦਾਇਕ ਵੀ। ਜ਼ਿੰਦਗੀ ਉਦੋਂ ਤੀਕ ਸਵਾਦਲੀ ਹੁੰਦੀ ਹੈ, ਜਦ ਤੀਕ ਇਸ ਦੇ ਦੁਖ, ਸੁਖਾਂ ਨਾਲੋਂ ਵਧ ਨਾ ਜਾਣ। ਜਿਸ ਵਕਤ ਦੁਖ ਵਧ ਜਾਂਦੇ ਹਨ, ਫਿਰ ਜ਼ਿੰਦਗੀ ਗੁਜ਼ਾਰਨੀ ਕਠਨ ਹੋ ਜਾਂਦੀ ਹੈ। ਆਦਮੀ ਕਹਿੰਦਾ ਹੈ, 'ਹਾਇ ਮੈਂ ਮਰ ਜਾਵਾਂ' ਇਸ ਦਾ ਮਤਲਬ ਇਹ ਹੋਇਆ ਕਿ ਮੌਤ ਸੰਸਾਰਕ ਦੁਖਾਂ ਤੋਂ ਛੁਟਕਾਰਾ ਦੇਣ ਵਾਲੀ ਸੁਖਦਾਇਕ ਚੀਜ਼ ਹੈ।

ਮੌਤ ਦੀ ਅਸਲੀਅਤ—

ਗੁਰੂ ਜੀ ਨੇ ਸਿੱਖ ਨੂੰ ਬਾਣੀ ਦਾ ਉਪਦੇਸ਼ ਕਰ ਕੇ, ਅੰਮ੍ਰਿਤ ਛਕਾ ਕੇ, ਅਕਾਲ ਪੁਰਖ ਦਾ ਸਿਮਰਨ ਦਸ ਕੇ, ਮੌਤ ਦੇ ਡਰ ਤੋਂ ਰਹਿਤ ਕਰ ਦਿਤਾ ਹੈ। ਸਿੱਖ ਲਈ ਮੌਤ ਇਕ ਤਬਦੀਲੀ ਹੈ। ਗੁਰਵਾਕ ਹਨ—

(੧) ਜਨਮ ਮਰਨ ਕੇ ਮਿਟੇ ਅਦੇਸੇ ॥
ਸਾਧੂ ਕੇ ਪੂਰਨ ਉਪਦੇਸੇ ॥
ਭਉ ਚੂਕਾ ਨਿਰਭਉ ਹੋਇ ਬਸੇ ॥
ਸਗਲ ਬਿਆਧਿ ਮਨ ਤੇ ਖੈ ਨਸੇ ॥

(੨) ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥

(੩) ਜਨਮ ਮਰਨ ਦੋਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ ॥

ਪੰਚਮ ਪਾਤਸ਼ਾਹ ਦਸਦੇ ਹਨ ਕਿ ਆਤਮਾ ਤੇ ਸਰੀਰ ਦਾ ਮੇਲ ਵਾਹਿਗੁਰੂ ਦੀ ਮਰਜ਼ੀ ਵਿਚ ਹੈ। ਉਸਦੇ ਹੁਕਮ ਵਿਚ ਵਿਛੋੜਾ ਹੁੰਦਾ ਹੈ।

ਦੇਹ ਨੂੰ ਇਸਤਰੀ ਤੇ ਆਤਮਾ ਨੂੰ ਪਤੀ ਬਣਾ ਕੇ ਦੋਹਾਂ ਦਾ ਵਾਰਤਾਲਾਪ ਇਉਂ ਬਿਆਨ ਕਰਦੇ ਹਨ—

ਧਨ ਕਹੈ ਤੂ ਵਸੁ ਮੈ ਨਾਲੇ ॥
ਪ੍ਰਿਅ ਸੁਖਵਾਸੀ ਬਾਲ ਗੁਪਾਲੇ ॥
ਤੁਝੈ ਬਿਨਾ ਹਉ ਕਿਤਹੀ ਨ ਲੇਖੈ
ਵਚਨੁ ਦੇਹਿ ਛੋਡਿ ਨ ਜਾਸਾ ਹੇ ॥
ਪਿਰਿ ਕਹਿਆ ਹਉ ਹੁਕਮੀ ਬੰਦਾ ॥
ਓਹੁ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ ॥
ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ
ਜਾ ਸਦੇ ਤ ਊਠਿ ਸਿਧਾਸਾ ਹੇ ॥
ਜਉ ਪ੍ਰਿਅ ਬਚਨ ਕਹੇ ਧਨ ਸਾਚੇ ॥
ਧਨ ਕਛੂ ਨ ਸਮਝੈ ਚੰਚਲਿ ਕਾਚੇ ॥
ਬਹੁਰਿ ਬਹੁਰਿ ਪਿਰ ਹੀ ਸੰਗੁ ਮਾਗੈ ॥
ਓਹੁ ਬਾਤ ਜਾਨੈ ਕਰਿ ਹਾਸਾ ਹੇ ॥
ਆਈ ਆਗਿਆ ਪਿਰਹੁ ਬੁਲਾਇਆ ॥
ਨਾ ਧਨ ਪੁਛੀ ਨਾ ਮਤਾ ਪਕਾਇਆ ॥
ਊਠਿ ਸਿਧਾਇਓ ਛੂਟਰਿ ਮਾਟੀ
ਦੇਖੁ ਨਾਨਕ ਮਿਥਨ ਮੋਹਾਸਾ ਹੇ ॥

(ਮਾਰੂ ਸੋਹਲੇ)

ਸਤਿਗੁਰੂ ਦਸਦੇ ਹਨ ਕਿ ਸਭ ਕੁਝ ਨਾਸਵੰਤ ਹੈ । ਪਰ ਵਾਹਿਗੁਰੂ ਤੇ ਉਸ ਦੇ ਪਿਆਰੇ ਅਬਿਨਾਸ਼ੀ ਹਨ—

ਧਰਤਿ ਅਕਾਸੁ ਪਤਾਲ ਹੈ ਚੰਦ ਸੂਰੁ ਬਿਨਾਸੀ ॥
ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ ॥

ਰੰਗ ਤਰੰਗ ਗਰੀਬ ਮਸਤ ਸਭੁ ਲੋਕ ਸਿਧਾਸੀ ॥
ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ ॥
ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ ॥
ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝ ਸਭ ਜਾਸੀ ॥
ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ ॥
ਨਿਹਚਲੁ ਸਚੁ ਖੁਦਾਇ ਏਕ ਖੁਦਾਇ ਬੰਦਾ ਅਬਿਨਾਸੀ ॥

ਸਵਰਗ ਤੇ ਨਰਕ—

ਪੁਰਾਣੇ ਮਜ਼ੂਬ ਵਿਚ ਸਵਰਗ ਤੇ ਨਰਕ ਦਾ ਵਰਣਨ ਬਹੁਤ ਮਿਲਦਾ ਹੈ । ਚੰਗੇ ਕਰਮ ਕਰਕੇ ਮਨੁਖ ਸਵਰਗ ਵਿਚ ਜਾਂਦਾ ਹੈ, ਉਥੋਂ ਕਈ ਤਰ੍ਹਾਂ ਦੇ ਆਨੰਦ ਮਾਣਦਾ ਹੈ ਮੁਸਲਮਾਨਾਂ ਨੇ ਬਹਿਸ਼ਤ ਵਿਚ ਸ਼ਹਿਦ ਦੀਆਂ ਨਹਿਰਾਂ ਤੇ ਗਿਲਮਾਨ (ਲੌਂਡੇ) ਤੇ ਹੂਰਾਂ ਵੀ ਮਿਲਣੀਆਂ ਦਸੀਆਂ ਹੰਨ । ਇਸੇ ਤਰ੍ਹਾਂ ਨਰਕਾਂ ਦਾ ਡਰ ਵੀ ਦਿਤਾ ਹੈ ।

ਗੁਰੂ ਸਾਹਿਬ ਨੇ ਸਿੱਖ ਨੂੰ ਸਵਰਗ ਦਾ ਕੋਈ ਲਾਲਚ ਅਤੇ ਨਰਕ ਦਾ ਕੋਈ ਭੈ ਨਹੀਂ ਦਿਤਾ । ਸਵਰਗ ਦੇ ਅਰਥ ਹਨ—ਸਵੈ ਆਪਣਾ, ਅਰਗ-ਘਰ, ਅਰਥਾਤ ਆਪਣੇ ਸਰੂਪ ਨੂੰ ਪਹਿਚਾਨਣਾ, ਉਸ ਵਿਚ ਟਿਕਣਾ । ਨਰਕ ਦੇ ਅਰਥ ਹਨ—ਨ-ਦਵੈਸ਼, ਅਰਗ-ਘਰ, ਈਰਖਾ ਦਵੈਸ਼, ਕਾਮ, ਕਰੋਧਾਦਿਕ ਤੇ ਰੋਗਾਂ ਦੀ ਅੱਗ ਵਿਚ ਸੜਨਾ, ਇਹੀ ਨਰਕ ਹੈ । ਬੈਕੁੰਠ ਕਿਥੇ ਹੈ ? ਸਤਿਗੁਰੂ ਜੀ ਦਸਦੇ ਹਨ—

(੧) ਤਹਾਂ ਬੈਕੁੰਠ ਜਹ ਕੀਰਤਨ ਤੇਰਾ ॥

(ਸੂਹੀ ਮ: ੫)

(੨) ਤਹ ਬੈਕੁੰਠ ਜਹ ਨਾਮ ਉਚਰਹਿ ॥

(ਰਾਮਕਲੀ ਮ: ੫)

(੩) **'ਸਾਧ ਸੰਗਤ ਬੈਕੁੰਠਹਿ ।'**

ਭਾਵ—ਸਾਧ ਸੰਗਤ ਵਿਚ ਵਸਣਾ ਬੈਕੁੰਠ ਦਾ ਵਾਸ ਹੈ ।

ਸਚਖੰਡ—

ਜਪੁਜੀ ਵਿਚ ਗੁਰੂ ਜੀ ਨੇ ਆਤਮਿਕ ਉਚਤਾ ਦੀ ਇਕ ਅਵਸਥ ਦਸੀ ਹੈ—**'ਸਚ ਖੰਡ ਵਸੈ ਨਿਰੰਕਾਰ'** ਸਿੱਖ ਜਦ ਇਸ ਹਾਲਤ ਵਿਚ ਪੁਜਦਾ ਹੈ, ਭਾਵੇਂ ਇਸ ਜੀਵਨ ਵਿਚ ਹੋਵੇ ਜਾਂ ਸਰੀਰ ਤਿਆਗ ਦੇਵੇ, ਉਹ ਸਚ ਖੰਡ ਵਾਸੀ ਹੈ ।

ਜਿਸ ਮੌਤ ਪਾਸੋਂ ਲੋਕੀਂ ਬਹੁਤੇ ਡਰਦੇ ਹਨ, ਸਿੱਖੀ ਵਿਚ ਉਸ ਨੂੰ ਇਕ ਮਾਮੂਲੀ ਤਬਦੀਲੀ ਸਮਝਿਆ ਗਿਆ ਹੈ। ਸਿੱਖੀ ਵਿਚ ਮਰ ਗਏ ਲਈ 'ਸਚਖੰਡ ਨਿਵਾਸ ਕੀਤਾ, ਜਾਂ ਚੜ੍ਹਾਈ ਕਰ ਗਿਆ' ਦੋ ਸੰਕੇਤਕ ਸ਼ਬਦ ਹਨ । ਸਚਖੰਡ ਤੋਂ ਭਾਵ ਇਕ ਉਚਾ ਆਤਮਿਕ ਟਿਕਾਣਾ ਹੈ, ਜਿਸ ਵਿਚ ਆਤਮਾ ਲੀਨ ਹੁੰਦੀ ਹੈ। 'ਚੜ੍ਹਾਈ' ਤੋਂ ਭਾਵ ਇਹ ਹੈ ਕਿ ਸਿੱਖ ਮਰਨ ਪਰ ਵੀ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਉਹ ਪ੍ਰਲੋਕ-ਵਾਸ ਨੂੰ ਵੀ ਚੜ੍ਹਾਈ ਸਮਝਦਾ ਹੈ । ਸਚਖੰਡ ਤੋਂ ਮੁਰਾਦ ਕੀ ਹੈ ? ਇਹ ਆਮ ਮਤਾਂ ਵਾਂਗੂ ਮੰਨਿਆ ਹੋਇਆ ਕੋਈ ਵਖਰਾ ਲੋਕ ਨਹੀਂ, ਜਿਥੇ ਰੂਹਾਂ ਰਹਿੰਦੀਆਂ ਹਨ। ਇਹ ਆਤਮਿਕ ਉਨਤੀ ਦੀ ਇਕ ਅੰਤਮ ਅਵਸਥਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਦੇ ਅੰਤ ਵਿਚ ਧਰਮ ਖੰਡ, ਕਰਮ ਖੰਡ, ਸਰਮ ਖੰਡ ਆਦਿਕ ਦਸ ਕੇ ਅੰਤਮ ਸਟੇਜ 'ਸਚਖੰਡ' ਦਸੀ ਹੈ । ਸਾਧ ਸੰਗਤ ਨੂੰ ਸਵਰਗ ਜਾਂ ਬੈਕੁੰਠ ਕਿਹਾ ਹੈ । 'ਸਚਖੰਡ' ਆਤਮਿਕ ਜੀ ਪਾਸ ਹਾਲਤ ਦਾ ਨਾਂ ਹੈ ਜਿਥੇ ਮਨੁਖ ਜੀਵਨ ਦੇ ਹੁੰਦਿਆਂ ਜਾਂ ਸਰੀਰ ਦੇ ਨਾਸ ਹੋ ਜਾਣ ਪਰ ਪੁਜਦਾ ਹੈ। ਇਸ ਅਸਥਵਾ ਵਿਚ ਕੀ ਹੁੰਦਾ ਹੈ ? ਮਹਾਰਾਜ ਦਸਦੇ ਹਨ—

(੧) **ਸੂਖ ਸਹਿਜ ਆਨੰਦ ਭਵਨ ॥**
ਸਾਧੂ ਸੰਗਿ ਬੈਸ ਗੁਣ ਗਾਵਹਿ

ਤਹਿ ਰੋਗ ਸੋਗ ਨਹੀ ਜਨਮ ਮਰਣ ॥

(ਰਾਮਕਲੀ ਮ: ੫)

(੨) ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪ੍ਰਸਾਦਿ ।
ਚਰਨ ਕਮਲ ਕੀ ਮਉਜ ਮਹਿ ਰਹਉ ਅੰਤ ਅਰੁ ਆਦਿ ।

ਫਲ ਕਿਸ ਨੂੰ ਮਿਲਦਾ ਹੈ ?

ਮਰਨ ਪਿਛੋਂ ਕਰਮਾਂ ਦਾ ਫਲ ਕਿਸ ਨੂੰ ਮਿਲਦਾ ਹੈ ? ਇਹ ਪ੍ਰਸ਼ਨ ਬੜੇ ਮਹੱਤਵ ਦਾ ਹੈ । ਬਾਣੀ ਵਿਚ ਆਇਆ ਹੈ—

'ਫੇੜੇ ਕਾ ਦੁਖ ਸਹੈ ਜੀਉ'

ਭਾਵ—ਕੀਤੇ ਕਰਮਾਂ ਦਾ ਸੁਖ ਜੀਵ ਨੂੰ ਸਹਿਣਾ ਪੈਂਦਾ ਹੈ । ਇਹ ਕਿਸ ਤਰ੍ਹਾਂ ਹੁੰਦਾ ਹੈ ?

ਜਿਵੇਂ ਛੋਟੀ ਨੀਂਦ ਸਮੇਂ ਆਦਮੀ ਸੌਂ ਜਾਂਦਾ ਹੈ, ਪਰ ਸੁਪਨੇ ਵਿਚ ਉਸ ਦਾ ਜੀਵਾਤਮਾ ਕਰਮ ਕਰਦਾ ਤੇ ਦੁਖ ਸੁਖ ਭੋਗਦਾ ਹੈ,* ਇਸੇ ਤਰ੍ਹਾਂ ਮੌਤ ਇਕ ਵਡੀ ਨੀਂਦਰ ਹੈ, ਜਿਸ ਵਿਚ ਸਰੀਰ ਨਾਸ ਹੋ ਜਾਂਦਾ ਹੈ । ਜੀਵਾਤਮਾ ਕੀਤੇ ਹੋਏ ਕਰਮਾਂ ਦਾ ਸੂਖਮ ਰੂਪ ਵਿਚ ਫਲ ਭੋਗਦਾ ਹੈ । ਚੰਗੇ ਮਾੜੇ ਕਰਮਾਂ ਅਨੁਸਾਰ ਦੁਖੀ ਸੁਖੀ ਹੁੰਦਾ ਹੈ ।

ਮੌਤ ਤੇ ਜਿੱਤ—

ਗੁਰੂ ਸਾਹਿਬ ਨੇ ਮੌਤ ਦਾ ਡਰ ਹੀ ਨਹੀਂ ਦੂਰ ਕੀਤਾ ਬਲਕਿ ਮੌਤ ਤੇ ਜਿਤ ਪ੍ਰਾਪਤ ਕਰਨੀ ਦਸੀ ਹੈ। ਮੈਦਾਨੇ ਜੰਗ ਵਿਚ ਜੂਝਣਾ ਅਤੇ

---

*ਮੌਤ ਕੇ ਹਾਥੋਂ ਸੇ ਮਿਟ ਸਕਤਾ ਅਗਰ ਨਕਸ਼ੇ ਹਯਾਤ ।
ਆਮ ਯੂੰ ਇਸ ਕੋ ਨ ਕਰ ਦੇਤਾ ਨਜ਼ਾਮੇ ਕਾਇਨਾਤ ।
ਹੈ ਅਗਰ ਅਰਜ਼ਾਂ ਤੋ ਯਿਹ ਸਮਝੋ ਅਜਲ ਕੁਛ ਭੀ ਨਹੀਂ ।
ਜਿਸ ਤਰ੍ਹਾਂ ਸੋਨੇ ਸੇ ਜੀਨੇ ਮੇਂ ਖਲਲ ਕੁਛ ਭੀ ਨਹੀਂ ।

'ਇਕਬਾਲ'

ਧਰਮ ਰਖਿਆ, ਪਰਉਪਕਾਰ ਅਤੇ ਨੇਕੀ ਲਈ ਸ਼ਹੀਦ ਹੋਣਾ ਬਹੁਤ ਉਤਮ ਮੌਤਾਂ ਮੰਨੀਆਂ ਹਨ। ਸਿੱਖ ਵਾਹਿਗੁਰੂ ਤੇ ਗੁਰੂ ਪਾਸੋਂ ਇਹਨਾਂ ਦੀ ਹੀ ਮੰਗ ਕਰਦਾ ਹੈ। ਜਿਵੇਂ ਅੰਮ੍ਰਿਤ ਦਾ ਘੜਾ ਫੁਟ ਜਾਣ ਤੇ ਅੰਮ੍ਰਿਤਕਣ ਮਿਟੀ ਵਿਚ ਮਿਲ ਕੇ ਬਨਾਸਪਤੀ ਨੂੰ ਜੀਅਦਾਨ ਦਿੰਦੇ ਹਨ। ਇਸੇ ਤਰ੍ਹਾਂ ਸੂਰਬੀਰ ਤੇ ਸ਼ਹੀਦ ਆਪਣੇ ਵਰਗੇ ਪੈਦਾ ਕਰਦੇ ਹਨ। ਸਿੱਖਾਂ ਨੇ ਮੌਤ ਨਾਲ ਕਿਸ ਤਰ੍ਹਾਂ ਮਜ਼ਾਖਾਂ ਕੀਤੀਆਂ ਅਤੇ ਹਸ ਹਸ ਕੇ ਸ਼ਹੀਦੀਆਂ ਪਾਈਆਂ? ਇਤਿਹਾਸ ਗਵਾਹ ਹੈ। ਜਦ ਭਾਈ ਤਾਰੂ ਸਿੰਘ ਜੀ ਨੂੰ ਸ਼ਹੀਦ ਕਰਨ ਲਗੇ, ਤਾਂ ਉਹਨਾਂ ਨੇ ਕਿਹਾ—

ਧਰਮ ਦੇ ਹੇਤ ਸਰੀਰ ਮੇਰਾ ਪ੍ਰਣ
ਪਾਲਕੇ ਖਾਕ ਦੇ ਨਾਲ ਮਿਲੇਗਾ।
ਧਰਮ ਤੇ ਚਿਤ ਅਡੋਲ ਖੜਾ ਬ੍ਰਹਿਮੰਡ
ਹਿਲੇ ਪਰ ਇਹ ਨ ਹਿਲੇਗਾ।
ਸਾਜੇ ਸਮਾਜ ਤ੍ਰਿਲੋਕੀ ਕਾ ਰਾਜ
ਕੁਬੇਰ ਕੀ ਮਾਇਆ ਕਾ ਦਵਾਰ ਖੁਲੇਗਾ।
ਏਤੀ ਬਿਭੂਤੀ ਕੋ ਦੇਖ ਕਦੰਤ ਨ ਹ
ਤਾਰੂ ਮ੍ਰਿਗਿੰਦ ਕਾ ਚਿਤ ਡੁਲੇਗਾ।

* * *

੨੯.

ਮਨੁਖੀ ਜੀਵਨ ਦਾ ਉਦੇਸ਼

ਪਿਛੇ ਅਸੀਂ ਮੌਤ ਦਾ ਵਰਨਣ ਕਰ ਆਏ ਹਾਂ । ਹੁਣ ਦਸਣਾ ਚਾਹੁੰਦੇ ਹਾਂ ਕਿ ਗੁਰਮਤਿ ਅਨੁਸਾਰ ਮਨੁਖ ਜੀਵਨ ਦਾ ਉਦੇਸ਼ ਕੀ ਹੈ ? ਕੁਦਰਤ ਦੀ ਰਚਨਾ ਵਿਚ ਕੋਈ ਚੀਜ਼ ਬੇ-ਮਤਲਬ ਜਾਂ ਬੇ-ਲੋੜਵੀਂ ਨਹੀਂ ਬਣਾਈ ਗਈ । ਮਨੁਖ ਸਾਰੀਆਂ ਜੂਨਾਂ ਦਾ ਸਰਦਾਰ ਹੈ। ਇਸ ਨੇ ਧਰਮ ਰਾਜਨੀਤੀ ਅਤੇ ਸਾਇੰਸ ਵਿਚ ਬੜੀ ਉਨਤੀ ਕੀਤੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਮਨੁਖ ਜੀਵਨ ਕਿਉਂ ਬਣਿਆ ? ਇਸ ਦਾ ਉਦੇਸ਼ ਕੀ ਹੈ ? ਜਿਹਨਾਂ ਮਹਾਂ ਪੁਰਸ਼ਾਂ ਦਾ ਜੀਵਨ ਆਰੰਭ ਆਤਮਿਕ ਜਗਿਆਸਾ ਅਤੇ ਗਿਆਨ ਤੋਂ ਹੁੰਦਾ ਹੈ, ਉਹਨਾਂ ਨੇ ਜੀਵਨ ਦੇ ਇਹਨਾਂ ਗੂੜ ਪ੍ਰਸ਼ਨਾਂ ਤੇਂ ਵਿਚਾਰ ਕੀਤੀ ਹੈ—

(੧) ਮੈਂ ਕੀ ਹਾਂ ? ਇਹ ਆਪਣੀ ਹੋਂਦ ਦਾ ਗਿਆਨ ਪ੍ਰਾਪਤ ਕਰਨ ਲਈ ਹੈ।

(੨) ਸ੍ਰਿਸ਼ਟੀ ਰਚਨਾ ਕੀ ਹੈ ? ਇਸ ਦਾ ਕਰਤਾ ਕੌਣ ਹੈ ? ਇਹ ਰਚਨਾ ਤੇ ਕਰਤਾ ਪੁਰਖ ਦਾ ਗਿਆਨ ਹਾਸਲ ਕਰਨਾ ਹੈ।

(੩) ਇਸ ਜੀਵਨ ਦਾ ਉਦੇਸ਼ ਕੀ ਹੈ ? ਇਹ ਹੈ ਜੀਵਨ ਸਮਸਿਆ ਨੂੰ ਸਮਝਣਾ ਤੇ ਹਲ ਕਰਨਾ।

(੪) ਇਸ ਸੰਸਾਰ ਵਿਚ ਆਕੇ ਮਨੁਖ ਦੇ ਕੀ ਫਰਜ ਹਨ ? ਇਹ ਆਤਮਿਕ ਉਨਤੀ ਦਾ ਸਾਧਨ ਹੈ। ਸ੍ਰੀ ਗੁਰੂ ਗਰੰਥ ਸਾਹਿਬ ਦੀ

ਬਾਣੀ ਵਿਚ '**ਕਵਨ ਕਾਜ ਸਿਰਜੇ ਜਗ ਭੀਤਰਿ ਜਨਮਿ ਕਵਨ ਫਲੁ ਪਾਇਆ**' ਤੇ ਵਿਚਾਰ ਕੀਤੀ ਗਈ ਹੈ । ਇਸ ਦਾ ਉਤਰ ਵੀ ਦਤਾ ਗਿਆ ਹੈ। ਮਨੁਖ ਉਹ ਹੈ, ਜਿਸ ਵਿਚ ਗਿਆਨ, ਬੁਧੀ ਮਨ, ਇਰਾਦਾ ਤੇ ਵਿਚਾਰ ਹੋਵੇ । ਭਰਥਰੀ ਦਾ ਕਥਨ ਹੈ—'ਜਿਨ੍ਹਾਂ ਪੁਰਸ਼ ਪਾਸ ਵਿਦਿਆ ਨਹੀਂ, ਤਪ, ਦਾਨ, ਸੀਲਤਾ, ਧਰਮ ਤੇ ਹੋਰ ਕੋਈ ਗੁਣ ਨਹੀਂ, ਉਹ ਪਸ਼ੂ ਸਮਾਨ ਅਤੇ ਪ੍ਰਿਥਵੀ ਤੇ ਬੋਝ ਹਨ। ਹਰਬਟ ਸਪੈਂਸਰ ਦੀ ਰਾਇ ਹੈ ਕਿ ਪਸ਼ੂ ਜੀਵਨ ਦੋ ਜਜ਼ਬਿਆਂ ਤੇ ਨਿਰਭਰ ਹੈ । (੧) ਆਪਣੀ ਜਾਨ ਦੀ ਰਖਿਆ ਕਰਨੀ, ਇਸ ਨਾਲ ਜਾਨਵਰ ਆਪਣੀ ਖ਼ੁਰਾਕ ਲਭਦੇ ਅਤੇ ਦੂਸਰਿਆਂ ਤੋਂ ਬਚਾਓ ਕਰਦੇ ਹਨ। (੨) ਬਚਿਆਂ ਦੀ ਪਾਲਣਾ, ਇਸ ਦੇ ਅਧੀਨ ਪਸ਼ੂ ਬਚਿਆਂ ਨਾਲ ਪਿਆਰ ਤੇ ਉਹਨਾਂ ਦੀ ਪਰਵਰਿਸ਼ ਕਰਦੇ ਹਨ । ਜਾਨਵਰਾਂ ਵਿਚ ਬੁਧੀ ਤੇ ਹੁੰਦੀ ਹੈ, ਪਰ ਸੋਚ ਵਿਚਾਰ ਨਹੀਂ ਹੁੰਦੀ। ਉਹ ਕਾਮਨਾਵਾਂ ਦੇ ਅਧੀਨ ਹੁੰਦੇ ਹਨ। ਮਨੁਖ ਕਾਮਨਾਵਾਂ ਨੂੰ ਦਬਾ ਸਕਦਾ ਹੈ। ਪਸ਼ੂ ਜੀਵਨ ਅਜਿਹੇ ਹਿਸਿਆਂ ਵਿਚ ਵੰਡਿਆ ਹੁੰਦਾ ਹੈ । ਜਿਨ੍ਹਾਂ ਵਿਚ ਕੋਈ ਮੇਲ ਨਹੀਂ ਹੁੰਦਾ। ਕੰਮ ਕਰਨ ਲਈ ਇਕੋ ਢੰਗ ਹੁੰਦਾ ਹੈ । ਇਸ ਦੇ ਉਲਟ ਮਨੁਖ ਕਈ ਤਰ੍ਹਾਂ ਸੋਚਦਾ ਤੇ ਵਿਚਾਰਦਾ ਹੈ। ਕੰਮ ਕਰਦਾ ਹੈ। ਮਨੁਖ ਜੀਵਨ ਮਾਲਾ ਦੇ ਮਣਕਿਆਂ ਦੀ ਤਰ੍ਹਾਂ ਪ੍ਰੋਇਆ ਹੁੰਦਾ ਹੈ। ਇੰਦਰੀਆਂ ਦੇ ਗਿਆਨ ਅਰਥਾਤ ਖਾਣ ਪੀਣ, ਸੌਣ ਦੇਖਣ ਸੁਣਨ ਆਦਿ ਵਿਚ ਪਸ਼ੂ ਤੇ ਮਨੁਖ ਸਮਾਨ ਹੁੰਦੇ ਹਨ। ਕਈ ਗੱਲਾਂ ਵਿਚ ਜਾਨਵਰ ਮਨੁਖ ਨਾਲੋਂ ਸਿਆਣੇ ਹੁੰਦੇ ਹਨ। ਮੀਂਹ ਪੈਣਾ ਹੋਵੇ ਤਾਂ ਕੀੜੀਆਂ ਅੰਡੇ ਚੁਕ ਕੇ ਤੁਰ ਪੈਂਦੀਆਂ ਹਨ। ਕੋਈ ਬੀਮਾਰੀ ਪੈਣੀ ਹੋਵੇ ਤਾਂ ਜਾਨਵਰ ਥਾਂ ਛੱਡ ਜਾਂਦੇ ਹਨ। ਬਾਂਦਰ ਬੜਾ ਸਿਆਣਾ ਹੈ। ਘੋੜਾ ਤੇ ਕੁੱਤਾ ਸੁੰਘਣ ਵਿਚ ਤੇ ਹਾਥੀ ਦੂਰ ਦੇਖਣ ਵਿਚ ਬਹੁਤ ਸਿਆਣੇ ਹਨ । ਮਨੁਖ ਵਿਚ ਬੁਧੀ ਦਾ ਗਿਆਨ ਜਾਨਵਰਾਂ ਨਾਲੋਂ ਵਧੇਰੇ ਹੁੰਦਾ ਹੈ । ਸੁਭਾਵਕ ਬੁਧੀ ਪਸ਼ੂ ਵਿਚ ਵੀ ਹੁੰਦੀ ਹੈ। ਪਸ਼ੂ ਜੋ ਕੰਮ ਕਰੇਗਾ, ਸੁਭਾਵ ਦੀਆਂ ਲੀਹਾਂ

ਵਿਚ ਕਰੇਗਾ। ਉਹਨਾਂ ਤੋਂ ਬਾਹਰ ਨਹੀਂ ਜਾ ਸਕਦਾ। ਮਨੁਖ ਵਿਚ ਸੁਭਾਵਕ ਬੁਧੀ ਦੇ ਨਾਲ ਸਿਆਣਪ ਵੀ ਹੈ। ਕਿਸੇ ਕੰਮ ਦੇ ਨਫ਼ੇ ਨੁਕਸਾਨ ਨੂੰ ਸਮਝਦਾ ਹੈ। ਮਨੁਖ ਦੇ ਹਰ ਕੰਮ ਵਿਚ ਵਿਚਾਰ ਸ਼ਾਮਲ ਹੁੰਦੀ ਹੈ। ਇਸ ਦੇ ਨਾਲ ਸਮਾਜਿਕ ਜੀਵਨ ਅਤੇ ਆਤਮ ਗਿਆਨ ਕੇਵਲ ਮਨੁਖ ਵਿਚ ਹੈ। ਜਾਨਵਰਾਂ ਵਿਚ ਨਹੀਂ ਮਿਲਦਾ।

ਪੱਛਮੀ ਸਿਆਣਿਆਂ ਵਿਚੋਂ ਕਈਆਂ ਦੀ ਰਾਇ ਹੈ ਕਿ ਮਨੁਖ ਪਸ਼ੂ ਪੁਣੇ ਤੋਂ ਉਠਿਆ ਹੈ, ਇਸ ਲਈ ਅਜੇ ਤੀਕ ਇਸ ਵਿਚ ਪਸ਼ੂ ਪੁਣੇ ਦੀਆਂ ਕਈ ਗਲਾਂ ਹਨ। ਥਾਮਸ ਹਾਬਸ ਕਹਿੰਦਾ ਹੈ—**Every man his neighbours enemy** ਹਰੇਕ ਆਦਮੀ ਆਪਣੇ ਗਵਾਂਢੀ ਦਾ ਦੁਸ਼ਮਣ ਹੈ ਨੈਟਸ ਨੇ ਮਨੁਖ ਨੂੰ **Cruellest Animal** ਜ਼ਾਲਮ ਜਾਨਵਰ ਕਿਹਾ ਹੈ।

ਗੁਰਮਤਿ ਵਿਚ ਮਨੁਖ ਨੂੰ ਰਾਮ ਅੰਸ਼ ਮੰਨਿਆ ਹੈ। ਪ੍ਰਭੂ ਨਾਲੋ ਉਸ ਦੇ ਭਾਣੇ ਵਿਚ ਵਿਛੜਿਆ ਦਸਿਆ ਹੈ। ਜਿਸ ਤਰ੍ਹਾਂ ਕਿਸੇ ਦਰਿਆ ਦਾ ਮਕਸਦ ਸਮੁੰਦਰ ਵਿਚ ਲੀਨ ਹੋਣਾ ਹੈ, ਇਸੇ ਤਰ੍ਹਾਂ ਮਨੁਖ ਲਈ ਜੀਵਨ ਦੀਆਂ ਕਈ ਮੰਜ਼ਲਾਂ ਤਹਿ ਕਰਦੇ ਹੋਏ ਈਸ਼ਵਰ ਤਕ ਪੁਜਣਾ ਇਸ ਦਾ ਉਦੇਸ਼ ਹੈ। ਸਤਿਗੁਰੂ ਜੀ ਦਸਦੇ ਹਨ—

(੧) ਦੁਲਭ ਦੇਹ ਪਾਈ ਵਡਭਾਗੀ ॥
ਨਾਮੁ ਨ ਜਪਹਿ ਤੇ ਆਤਮਘਾਤੀ ॥
ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥
ਨਾਮ ਬਿਹੂਨ ਜੀਵਨ ਕਉਨ ਕਾਮ
ਖਾਤ ਪੀਤ ਖੇਲਤ ਹਸਤ ਬਿਸਥਾਰ ॥
ਕਵਨ ਅਰਥ ਮਿਰਤਕ ਸੀਗਾਰ
ਜੋ ਨ ਸੁਨਹਿ ਜਸੁ ਪਰਮਾਨੰਦਾ ॥

ਪਸੂ ਪੰਖੀ ਤ੍ਰਿਗਦ ਜੋਨਿ ਤੇ ਮੰਦਾ
ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ
ਕੇਵਲ ਨਾਮੁ ਰਿਦ ਮਾਹਿ ਸਮਾਇਆ ॥

ਭਾਈ ਗੁਰਦਾਸ ਜੀ ਲਿਖਦੇ ਹਨ—

(੨) ਸਭ ਸਰੀਰ ਅਕਾਰਥੇ ਅਤਿ ਪਵਿਤਰ ਸੁ ਮਾਣਸ ਦੇਹੀ ।
ਬਹੁ ਬਿੰਜਨ ਮਿਸਟਾਨ ਪਾਨਹੁਇ ਮਲਮੂਤ੍ਰ ਕਸੂਤ੍ਰ ਇਵੇਹੀ ।
ਪਾਪ ਪਟੰਬਰ ਵਿਗੜਦੇ ਪਾਪ ਕਰੂਪ ਕੁਸੰਗ ਸਨੇਹੀ ।
ਚੋਆ ਚੰਦਨ ਅਰਗਜਾ ਹੁਇ ਦੁਰਗੰਧ ਸੁਗੰਧ ਹੁਰੇਹੀ ।
ਸਾਧ ਸੰਗਤ ਗੁਰੂ ਸ਼ਬਦ ਵਿਣ
ਨਿਹਫਲ ਮਾਨਸ ਦੇਹ ਅਵੇਹੀ ।

❋ ❋ ❋

੩੦.

ਧਰਮ ਅਤੇ ਰਾਜਨੀਤੀ

ਸਿਖ ਧਰਮ ਵਿਚ ਰਾਜ ਅਤੇ ਜੋਗ, ਮੀਰੀ ਅਤੇ ਪੀਰੀ, ਧਰਮ ਅਤੇ ਰਾਜਨੀਤੀ ਨੂੰ ਜੋੜਿਆ ਗਿਆ ਹੈ। ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਧਰਮ ਅਤੇ ਰਾਜਨੀਤੀ ਵਖੋ ਵਖ ਹਨ, ਇਸ ਲਈ ਧਾਰਮਿਕ ਆਗੂ ਸੰਸਾਰਕ ਕੰਮਾਂ ਵਿਚ ਹਿੱਸਾ ਨਹੀਂ ਲੈ ਸਕਦੇ। ਸੰਸਾਰਕ ਆਦਮੀ ਧਾਰਮਕ ਆਗੂ ਨਹੀਂ ਹੋ ਸਕਦੇ। ਧਰਮ ਅਤੇ ਰਾਜਨੀਤੀ ਨੂੰ ਨਿਖੇੜਨ ਦਾ ਸਿਟਾ ਇਹ ਹੁੰਦਾ ਹੈ ਕਿ ਧਰਮ ਕੇਵਲ ਕੁਝ ਚੰਗੇ ਅਸੂਲਾਂ ਦਾ ਸਮੁਦਾਇ ਬਣ ਕੇ ਸ਼ਕਤੀ ਹੀਣ ਹੋ ਜਾਂਦਾ ਹੈ, ਰਾਜਨੀਤੀ ਜ਼ੁਲਮ, ਜਬਰ ਅਤੇ ਧਕੇਸ਼ਾਹੀ ਦਾ ਰੂਪ ਧਾਰਨ ਕਰ ਲੈਂਦੀ ਹੈ। ਧਰਮ ਤੋਂ ਬਿਨਾਂ ਨੀਤੀ ਕੁਝ ਨਹੀਂ, ਰਾਜਨੀਤਕ ਤਾਕਤ ਤੋਂ ਬਿਨਾਂ ਧਰਮ ਬੇਜਾਨ ਦਿਖਲਾਵੀ ਅਸੂਲਾਂ ਦਾ ਸਮੁਦਾਇ ਹੋ ਕੇ ਰਹਿ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜ਼ੁਲਮ, ਪਾਪ ਅਤੇ ਜਬਰ ਵਿਰੁਧ ਡਟਣ ਦੀ ਸਿਖਿਆ ਦਿਤੀ। ਹਿੰਦੁਸਤਾਨ ਉਤੇ ਹੋ ਰਹੇ ਰਾਜਨੀਤਕ ਜ਼ੁਲਮ ਵਿਰੁਧ ਪਰੋਟੈਸਟ ਕੀਤਾ ਤੇ 'ਰਾਜੇ ਸ਼ੀਂਹ ਮੁਕਦਮ ਕੁਤੇ' ਤਕ ਕਿਹਾ ਇਸ ਦਾ ਫਲ ਇਹ ਹੋਇਆ ਕਿ ਸਿਖੀ ਵਿਚ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇਗ ਤੇਗ ਦੇ ਧਨੀ, ਜੋਧੇ ਅਤੇ ਅਜਿਤ ਸੂਰਮੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਹੋਇਆ, ਜਿਹਨਾਂ ਨੇ ਧਰਮ ਅਤੇ ਰਾਜਨੀਤੀ ਨੂੰ ਬਰਾਬਰ ਚਲਾਇਆ। ਦਸਮ ਪਾਤਸ਼ਾਹ

ਨੇ ਧਰਮ ਤੇ ਰਾਜਨੀਤੀ ਨੂੰ ਦੋ ਤਾਕਤਾਂ ਮੰਨ ਕੇ ਕਿਹਾ ਹੈ—

ਬਾਬੇ ਕੇ ਬਾਬਰ ਕੇ ਦੋਊ ॥ ਆਪ ਕੀਏ ਪ੍ਰਮੇਸਰ ਸੋਊ ॥
ਦੀਨ ਸ਼ਾਹ ਇਨਕੋ ਪਹਿਚਾਨੋ, ਦੁਨੀ ਪਤ ਉਨਕੋ ਅਨੁਮਾਨੋ ॥

ਭਾਵ—ਬਾਬਾ ਨਾਨਕ ਕੇ ਦੀਨ (ਧਰਮ) ਦੇ ਪਾਤਸ਼ਾਹ ਤੇ ਬਾਬਰ ਕੇ ਦੁਨੀਆਂ ਦੇ ਮਾਲਕ ਹਨ। ਪਰ ਜਦ ਬਾਬਰ ਕਿਆਂ ਨੇ ਜ਼ੁਲਮ ਕੀਤਾ ਬਾਬੇ ਕਿਆਂ ਨੇ ਉਸ ਦੇ ਵਿਰੁਧ ਤਲਵਾਰ ਉਠਾਈ।

ਸਿਖੀ ਨੂੰ ਇਕ ਧਾਰਮਕ ਤੇ ਇਖਲਾਕੀ ਮਜ਼੍ਹਬ ਤੋਂ ਤਾਕਤਵਰ ਜਥੇਬੰਦੀ ਵੀ ਬਣਾਇਆ, ਜਿਸ ਨੇ ਹਿੰਦੁਸਤਾਨ ਦੇ ਇਤਿਹਾਸ ਵਿਚ ਭਾਰੀ ਇਨਕਲਾਬ ਪੈਦਾ ਕਰ ਦਿਤਾ।

ਇਸ ਵਕਤ ਸੰਸਾਰ ਵਿਚ ਤਿੰਨ ਤਾਕਤਾਂ ਕੰਮ ਕਰ ਰਹੀਆਂ ਹਨ—(੧) ਰਾਜਨੀਤੀ (੨) ਸਾਇੰਸ (੩) ਧਰਮ। ਸਿਖੀ ਦੇ ਨਿਸਚੇ ਅਨੁਸਾਰ ਧਰਮ ਹੀ ਸਭ ਤੋਂ ਵਡੀ ਤਾਕਤ ਹੈ। ਇਸ ਨਾਲ ਜਗਤ ਦੀ ਕਲਿਆਣ ਹੋ ਸਕਦੀ ਹੈ। ਪਰ ਇਸ ਸਮੇਂ ਪੱਛਮੀ ਕੌਮਾਂ ਦੀ ਰਾਜਨੀਤਕ ਤਾਕਤ ਹੋਣ ਕਰਕੇ ਯੂਰਪ ਅਤੇ ਏਸ਼ੀਆ ਵਿਚ ਰਾਜਨੀਤੀ ਦਾ ਪ੍ਰਭਾਵ ਵਧ ਗਿਆ ਹੈ। ਹਰੇਕ ਦੇਸ਼ ਵਿਚ ਰਾਜ ਪ੍ਰਬੰਧ ਬਾਰੇ ਚਰਚਾ ਤੇ ਕੋਈ ਨ ਕੋਈ ਲਹਿਰ ਚਲ ਰਹੀ ਹੈ। ਸੁਤੰਤਰ ਦੇਸ਼ਾਂ ਵਿਚ ਕੌਮਾਂ ਨੇ ਨਿਸਚਾ ਕਰ ਲਿਆ ਹੈ ਕਿ ਕੌਮੀ ਉਨਤੀ, ਸਵੈਮਾਨ, ਦੇਸ਼ ਰਖਿਆ ਤੇ ਸੁਤੰਤਰਤਾ ਲਈ ਰਾਜਨੀਤੀ ਵਿਚ ਪ੍ਰਬੀਨ ਹੋਣਾ ਜ਼ਰੂਰੀ ਹੈ, ਜਿਸ ਦੇਸ਼ ਜਾਂ ਜਾਤੀ ਦੀ ਸੁਤੰਤਰਤਾ ਰਾਜਨੀਤਕ ਪੋਜ਼ੀਸ਼ਨ ਕੋਈ ਨਹੀਂ, ਉਹ ਨਾ ਹੋਏ ਵਰਗੀ ਹੈ। ਕਈ ਕਾਰਨਾਂ ਕਰਕੇ ਪੱਛਮ ਵਿਚ ਕਈ ਸਿਆਣੇ ਮਜ਼੍ਹਬ ਨੂੰ ਸੰਸਾਰਕ ਉਨਤੀ ਵਿਚ ਰੋਕ ਸਮਝਣ ਲਗ ਪਏ ਹਨ। ਪੱਛਮੀ ਦੇਸਾਂ ਵਿਚ ਮਜ਼੍ਹਬ ਇਕ ਪ੍ਰਾਈਵੇਟ ਚੀਜ਼ ਬਣ ਗਿਆ ਹੈ।

ਰਾਜਨੀਤੀ ਤੋਂ ਬਿਨਾਂ ਇਸ ਵਕਤ ਸਾਇੰਸ ਮਨੁਖ ਜੀਵਨ ਦੇ ਹਰ ਪਹਿਲੂ ਤੇ ਅਸਰ ਪਾ ਰਹੀ ਹੈ। ਇਸ ਦਾ ਵਰਨਣ ਅਗੇ ਚਲ ਕੇ

ਕਰਾਂਗੇ। ਇਥੇ ਇਤਨਾ ਹੀ ਕਹਿਣਾ ਚਾਹੁੰਦੇ ਹਾਂ ਕਿ ਉਹ ਦੇਸ਼ ਜਾਂ ਜਾਤੀ ਬਲਵਾਨ ਹੈ, ਜੋ ਨੀਤੀ ਵਿਚ ਚਤੁਰ ਅਤੇ ਸਾਇੰਸ ਵਿਚ ਅਗੇ ਵਧੀ ਹੋਈ ਹੈ । ਯੂਰਪ ਵਿਚ ਰਾਜਨੀਤੀ ਅਤੇ ਸਾਇੰਸ ਨੂੰ ਹੀ ਸਭ ਕੁਝ ਸਮਝਿਆ ਜਾਂਦਾ ਹੈ । ਮਜ਼੍ਹਬ ਤੀਸਰੀ ਥਾਵੇਂ ਚਲਾ ਗਿਆ ਹੈ। ਚੂੰਕਿ ਪੱਛਮੀ ਕੌਮਾਂ ਨੀਤੀ ਅਤੇ ਤਾਕਤ ਦੇ ਲਿਹਾਜ਼ ਨਾਲ ਅਗੇ ਵਧੀਆਂ ਹੋਈਆਂ ਹਨ, ਇਸ ਲਈ ਏਸ਼ੀਆ ਦੇ ਬਹੁਤ ਸਾਰੇ ਦੇਸ਼ ਉਹਨਾਂ ਤੋਂ ਪ੍ਰਭਾਵਤ ਹੋ ਰਹੇ ਹਨ। ਧਰਮ ਵਲੋਂ ਯੂਰਪ ਦੀ ਅਰੁਚੀ ਤੇ ਪੱਛਮੀ ਸਭਿਅਤਾ ਦਾ ਅਸਰ ਏਸ਼ਆਈ ਦੇਸ਼ਾਂ ਉਤੇ ਵੀ ਪੈ ਰਿਹਾ ਹੈ* । ਸਾਡੇ ਦੇਸ਼ ਵਿਚ ਜੀਵਨ ਦੇ ਹਰ ਪਹਿਲੂ ਤੇ ਧਰਮ ਦਾ ਅਸਰ ਪਿਆ ਹੈ । ਇਥੇ ਰਾਜਨੀਤੀ ਨੂੰ ਧਰਮ ਨਾਲੋਂ ਵਖ ਨਹੀਂ ਕੀਤਾ ਗਿਆ । ਰਾਜਨੀਤੀ ਨੂੰ ਨੀਤੀ ਧਰਮ ਕਿਹਾ ਗਿਆ ।

ਧਰਮ ਕੀ ਹੈ ? ਇਸ ਪ੍ਰਸ਼ਨ ਪਰ ਸਭ ਤੋਂ ਪਹਿਲੇ ਵਿਚਾਰ ਕਰ ਆਏ ਹਾਂ। ਹੁਣ ਰਾਜਨੀਤੀ ਸਬੰਧੀ ਵਿਚਾਰ ਕਰਦੇ ਹਾਂ । ਰਾਜਨੀਤੀ ਸਮਾਜ ਵਿਗਿਆਨ **(SocialogY)** ਦੀ ਉਹ ਸ਼ਾਖ ਹੈ, ਜਿਸ ਦਾ ਸੰਬਧ ਮਨੁਖੀ ਸੰਸਥਾਵਾਂ ਨਾਲ ਹੁੰਦਾ ਹੈ। ਅਰਸਤੂ ਨੇ ਕਿਹਾ ਹੈ—'ਮਨੁਖ ਇਕ ਸਮਾਜਕ ਜਾਨਵਰ ਹੈ। ਇਹ ਵਖਰਾ ਨਹੀਂ ਰਹਿ ਸਕਦਾ । ਵਖਰੇ ਰਹਿਣ ਵਾਲੇ ਆਦਮੀ ਜਾਨਵਰ ਹੁੰਦੇ ਹਨ ਜਾਂ ਦੇਵਤੇ।' ਮਨੁਖ ਨੇ ਜੋ ਉਨਤੀ ਕੀਤੀ ਹੈ ਉਹ ਸਮਾਜਕ ਜੀਵਨ ਕਰਕੇ ਕੀਤੀ ਹੈ। ਰਾਜਨੀਤੀ ਸਮਾਜ ਦਾ ਇਕ ਅੰਗ ਹੈ । ਨੀਤੀ ਦੇ ਕੰਮ ਕਿਸੇ ਦੇਸ਼ ਦਾ ਰਾਜ ਪ੍ਰਬੰਧ ਚਲਾਉਣਾ, ਸੈਨਿਕ ਸ਼ਕਤੀ ਵਧਾਉਣੀ, ਹਾਕਮ ਅਤੇ ਮਹਿਕੂਮ ਦੀ ਵੰਡ ਕਰਨੀ, ਕਾਨੂੰਨ ਦੀ ਪਾਬੰਦੀ ਕਰਾਉਣੀ, ਆਰਥਕ ਵੰਡ ਠੀਕ ਰਖਣੀ, ਦੋਸ਼ੀਆਂ ਨੂੰ ਦੰਡ ਦੇਣਾ ਅਤੇ ਤਾਕਤ ਨਾਲ ਸਮਾਜ ਦੇ ਪਰਬੰਧ

---

*ਨਈ ਤਹਜ਼ੀਬ ਮੇਂ ਦਿੱਕਤ ਜ਼ਿਆਦਾ ਤੋ ਨਹੀਂ ਹੋਤੀ।
ਮਜ਼੍ਹਬ ਤੋ ਰਹਿਤਾ ਹੈ ਕਾਇਮ, ਫ਼ਕਤ ਈਮਾਨ ਜਾਤਾ ਹੈ।
(ਅਕਬਰ)

ਨੂੰ ਕਾਇਮ ਰਖਣਾ ਹੁੰਦਾ ਹੈ। ਧਾਰਮਕ ਵਿਚਾਰ ਘਟ ਬਦਲਦੇ ਹਨ। ਰਾਜਨੀਤਕ ਅਸੂਲ ਸਮੇਂ ਅਤੇ ਲੋੜ ਅਨੁਸਾਰ ਬਦਲਦੇ ਰਹਿੰਦੇ ਹਨ।

'ਰਾਜਨੀਤਕ ਕੰਮਾਂ ਲਈ ਜੋ ਸੰਸਥਾ ਬਣਾਈ ਜਾਵੇ, ਉਸ ਨੂੰ ਹਕੂਮਤ ਜਾਂ ਸਟੇਟ ਕਹਿੰਦੇ ਹਨ। ਅਰਸਤੂ ਕਹਿੰਦਾ ਹੈ—'ਸਟੇਟ ਮਨੁਖ ਦੀ ਸਭ ਤੋਂ ਵਡੀ ਸੰਸਥਾ ਨੂੰ ਕਹਿੰਦੇ ਹਨ। ਜਦ ਅਸੀਂ ਆਪਣੇ ਪ੍ਰਵਾਰ ਦੀਆਂ ਲੋੜਾਂ ਪੂਰੀਆਂ ਨਾ ਕਰ ਸਕੇ, ਤਦ ਪਿੰਡ ਜਾਂ ਸ਼ਹਿਰ ਵਸਾਏ ਹਨ। ਜਦ ਨਗਰਾਂ ਅਤੇ ਸ਼ਹਿਰਾਂ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੇ, ਓਦੋਂ ਸਟੇਟ ਬਣਾਉਂਦੇ ਹਾਂ।'

ਹਿੰਦੁਸਤਾਨ ਦੇ ਰਿਸ਼ੀ ਕੌਟਲ ਅਤੇ ਇਟਲੀ ਦੇ ਨੀਤੀਵੇਤਾ ਮੈਕਾਵਲੀ ਦੀ ਰਾਇ ਹੈ 'ਤਾਕਤ ਅਤੇ ਜ਼ੋਰ ਸਭ ਤੋਂ ਤਕੜੇ ਡੰਡੇ ਨੂੰ ਹਕੂਮਤ ਕਹਿੰਦੇ ਹਨ।' ਪੱਛਮ ਦੇ ਇਕ ਵਡੇ ਕਾਨੂੰਨਦਾਨ ਨੇ ਸਟੇਟ ਤਾਰੀਫ਼ ਇਉਂ ਕੀਤੀ ਹੈ—'ਸੁਤੰਤਰ ਮਨੁਖਾਂ ਦੀ ਸਭ ਤੋਂ ਵਡੀ ਜਮਾਤ, ਜੋ ਇਕ ਦੂਸਰੇ ਦੀ ਭਲਿਆਈ ਲਈ ਬਣਾਈ ਜਾਵੇ' ਜੌਹਨ ਆਸਟਨ ਨੇ ਹਕੂਮਤ ਨੂੰ ਸਭ ਤੋਂ ਵਡਾ ਕਾਨੂੰਨੀ ਸ਼ਿਕੰਜਾ ਕਿਹਾ ਹੈ। ਕਾਰਲ ਮਾਰਕਸ ਕਹਿੰਦਾ ਹੈ—

Sate is an orgnization of violence for the Purpose of keeping down a particular Class,

ਭਾਵ—ਹਕੂਮਤ ਇਕ ਤਸ਼ੱਦਦ ਵਾਲੀ ਜਥੇਬੰਦੀ ਹੈ, ਜੋ ਇਕ ਵਿਸ਼ੇਸ਼ ਭਾਗ ਨੂੰ ਆਪਣੇ ਅਧੀਨ ਰਖਣ ਲਈ ਹੁੰਦੀ ਹੈ। ਇਸ ਅਨੁਸਾਰ ਮਾਰਕਸਵਾਦੀ ਕਮਯੂਨਿਸਟ ਹਕੂਮਤ ਜਾਂ ਸਟੇਟ ਦੀ ਵਿਰੋਧਤਾ ਕਰਦੇ ਹਨ। ਉਹਨਾਂ ਦੀ ਰਾਇ ਹੈ ਕਿ ਸੰਸਾਰ ਵਿਚ ਕੋਈ ਰਾਜ ਪ੍ਰਬੰਧ ਹਕੂਮਤ ਜਾਂ ਸਟੇਟ ਨਹੀਂ ਹੋਣੀ ਚਾਹੀਦੀ।

ਹੁਣ ਤੀਕ ਰਾਜ ਪ੍ਰਬੰਧ ਸਬੰਧੀ ਜੋ ਤਜਰਬੇ ਕੀਤੇ ਗਏ ਹਨ,

ਅਥਵਾ ਜਿਹਨਾਂ ਢੰਗਾਂ ਨਾਲ ਰਾਜ ਕੀਤਾ ਗਿਆ ਹੈ, ਉਹ ਇਸ ਤਰ੍ਹਾਂ ਹਨ—

(੧) ਇਕ ਪੁਰਖੀ ਰਾਜ, ਇਕ ਆਦਮੀ ਦਾ ਬਾਦਸ਼ਾਹ ਜਾਂ ਸ਼ਹਿਨਸ਼ਾਹ ਹੋਣਾ। ਬਾਦਸ਼ਾਹ ਉਸ ਨੂੰ ਕਿਹਾ ਜਾਂਦਾ ਹੈ, ਜੋ ਕਿਸੇ ਦੇ ਅਧੀਨ ਨਾ ਹੋਵੇ, ਸਭ ਤੇ ਰਾਜ ਕਰੇ। ਕਾਨੂੰਨ ਭਾਵੇਂ ਚੰਗੇ ਹੋਣ ਜਾਂ ਮਾੜੇ, ਪਰਜਾ ਪਾਸੋਂ ਉਹਨਾਂ ਦੀ ਪਾਲਣਾ ਕਰਾਵੇ। ਉਸ ਦੇ ਅਧਿਕਾਰ ਅਸੀਮਤ ਹੁੰਦੇ ਹਨ। ਬਾਦਸ਼ਾਹ ਦੀ ਹਰ ਗੱਲ ਕਾਨੂੰਨ ਤੇ ਹੁਕਮ ਹੁੰਦੀ ਹੈ।

(੨) ਸਰਦਾਰੀ ਰਾਜ (Aristocracy) ਇਸ ਵਿਚ ਬਾਦਸ਼ਾਹ ਦੇ ਅਧਿਕਾਰ ਤਾਂ ਹੁੰਦੇ ਹਨ, ਪਰ ਉਹ ਵਜ਼ੀਰ ਮੰਡਲੀ ਬਣਾ ਲੈਂਦਾ ਹੈ, ਗੌਰਮਿੰਟ ਦਾ ਕੰਮ ਚਲਾਉਣ ਲਈ ਕੁਝ ਖਾਸ ਖਾਸ ਆਦਮੀ ਲੋਕਾਂ ਵਿਚੋਂ ਚੁਣ ਲੈਂਦਾ ਹੈ।

(੩) ਪੰਚਾਇਤੀ ਰਾਜ ਪ੍ਰਬੰਧ, ਜਿਸ ਵਿਚ ਜਨਤਾ ਨੂੰ ਪ੍ਰਤੀਨਿਧ ਚੁਣਨ ਦਾ ਅਧਿਕਾਰ ਹੋਵੇ, ਉਹ ਚੁਣੇ ਹੋਏ ਪ੍ਰਤੀਨਿਧ ਗੌਰਮਿੰਟ ਤੇ ਕਾਨੂੰਨ ਬਨਾਉਣ। ਰਾਜ ਪ੍ਰਬੰਧ ਕਿਹੋ ਜਿਹਾ ਹੋਵੇ ? ਲੋਕਾਂ ਤੇ ਟੈਕਸ ਤੇ ਮਾਲੀਆ ਕਿੰਨਾ ਲਾਇਆ ਜਾਵੇ ? ਰਾਖੀ ਲਈ ਫੌਜ ਕਿੰਨੀ ਹੋਵੇ ? ਰਾਜ ਪ੍ਰਬੰਧ ਅਤੇ ਉਪਰੋਕਤ ਗਲਾਂ ਦੀ ਵਿਚਾਰ ਪੁਲੀਟੀਕਲ ਸਾਇੰਸ ਕਰਦੀ ਹੈ।

ਹਿੰਦੁਸਤਾਨ ਦੇ ਪੁਰਾਤਨ ਰਾਜਨੀਤਕ ਗਰੰਥਾਂ ਵਿਚ ਨੀਤੀ ਦੇ ਵਿਚਾਰ ਤੇ ਰਾਜ ਬਣਤਰ ਦੇ ਨਿਯਮ ਮਿਲਦੇ ਹਨ। ਸ਼ੁਕਰ ਨੀਤੀ ਬਿਦਰ ਨੀਤੀ ਅਤੇ ਚਾਣਕ ਨੀਤੀ ਸਾਡੇ ਪ੍ਰਸਿੱਧ ਰਾਜਨੀਤਕ ਗਰੰਥ ਹਨ। ਚਾਣਕ ਨੀਤੀ ਵਿਚ ਰਾਜ ਨੀਤੀ ਤੇ ਹਕੂਮਤ ਦੇ ਚਾਰ ਅਸੂਲ ਦਸੇ ਹਨ—

(ੳ) ਸ਼ਾਮ-ਕਿਸੇ ਨੂੰ ਸ਼ਰਨ ਵਿਚ ਲੈ ਕੇ ਰਾਜ ਕਰਨਾ।

(ਅ) ਦਾਮ-ਪੈਸੇ ਦੇ ਕੇ ਖਰੀਦ ਲੈਣਾ ਤੇ ਕੰਮ ਕਢਣਾ।

(ੲ) ਦੰਡ-ਜੋ ਆਦਮੀ ਰਾਜ ਪ੍ਰਬੰਧ ਦੇ ਵਿਰੁਧ ਬਗਾਵਤ ਕਰੇ, ਉਸ ਨੂੰ ਦੰਡ ਦੇ ਕੇ ਦਬਾਉਣਾ ਜਾਂ ਖਤਮ ਕਰਨਾ।

(ਸ) ਭੇਦ ਪਾੜੋ ਤੇ ਰਾਜ ਕਰੋ ਦੀ ਚਾਲ ਚਲਣੀ।

ਰਾਜਨੀਤੀ ਲਈ ਚਾਣਕ ਦੇ ਦਸੇ ਹੋਏ ਇਹ ਚਾਰ ਅਸੂਲ ਜ਼ਰੂਰੀ ਹਨ। ਇਹਨਾਂ ਤੋਂ ਬਿਨਾਂ ਹਕੂਮਤ ਨਹੀਂ ਚਲ ਸਕਦੀ।

ਧਰਮ ਅਤੇ ਰਾਜਨੀਤੀ ਵਿਚ ਕੀ ਫਰਕ ਹੈ ? ਧਰਮ ਸਚਾਈ, ਨੇਕੀ ਅਤੇ ਇਖਲਾਕ ਦਾ ਰਾਹ ਦਸਦਾ ਹੈ। ਆਤਮਿਕ ਉਨਤੀ, ਸਦਾਚਾਰ ਤੇ ਪਵਿੱਤਰ ਜੀਵਨ ਦੀ ਪ੍ਰੇਰਨਾ ਕਰਦਾ ਹੈ। ਈਸ਼ਵਰ ਆਤਮਾ ਕਰਮ ਫਲ ਤੇ ਮੁਕਤੀ ਆਦਿਕ ਉਤੇ ਭਰੋਸਾ ਰਖਦਾ ਹੈ। ਪਰੇਮ ਨਾਲ ਇਹਨਾਂ ਗਲਾਂ ਨੂੰ ਮੰਨਣ ਦੀ ਪਰੇਰਨਾ ਕਰਦਾ ਹੈ। ਭਾਈਚਾਰੇ ਦੀ ਤਾਕਤ ਨਾਲ ਸੁਧਾਰਨ ਦਾ ਜਤਨ ਕਰਦਾ ਹੈ। ਰਾਜਨੀਤੀ ਸਮਾਜ ਦਾ ਪ੍ਰਬੰਧ ਤਾਕਤ ਨਾਲ ਕਾਇਮ ਰਖਦੀ ਹੈ। ਦੋਸ਼ੀਆਂ ਨੂੰ ਦੰਡ ਦੇ ਕੇ ਕਾਬੂ ਪਾਉਂਦੀ ਹੈ।

ਸਿੱਖੀ ਦੀ ਮੀਰੀ ਅਤੇ ਪੀਰੀ—

ਗੁਰੂ ਸਾਹਿਬ ਨੇ ਰਾਜ ਅਤੇ ਯੋਗ, ਮੀਰੀ ਅਤੇ ਪੀਰੀ ਨੂੰ ਧਾਰਨ ਕੀਤਾ ਹੈ। ਰਾਜ ਯੋਗ ਦੇ ਅਰਥ ਹਨ ਰਾਜ ਤੇਜ ਹੁੰਦਿਆਂ ਸਾਧੂ ਬਿਰਤੀ ਅਤੇ ਯੋਗੀ ਹੋਣਾ। ਪੀਰੀ ਦੇ ਅਰਥ ਹਨ ਪੀਰ, ਗੁਰੂ ਜਾਂ ਧਾਰਮਿਕ ਆਗੂ ਹੋਣਾ। ਮੀਰੀ ਦੇ ਅਰਥ ਹਨ—ਰਾਜਨੀਤੀ ਵਿਚ ਰਹਿਨੁਮਾਈ ਕਰਨੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਜ ਨੀਤਕ ਜ਼ੁਲਮ ਅਤੇ ਗੁਲਾਮੀ ਵਿਰੁਧ ਆਵਾਜ਼ ਉਠਾਈ। 'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ' ਸ਼ਬਦ ਉਚਾਰ ਕੇ ਦੇਸ਼ ਦੀ ਦਰਦਨਾਕ ਹਾਲਤ ਨੂੰ ਬਿਆਨ ਕੀਤਾ। ਆਪ ਨੂੰ ਸੁਤੰਤਰ ਵਿਚਾਰਾਂ ਦੇ ਕਾਰਨ ਸਿਕੰਦਰ ਲੋਧੀ ਤੇ ਬਾਬਰ ਦੀ ਕੈਦ ਕਟਣੀ ਪਈ। ਬਦੇਸ਼ੀ ਬੋਲੀ ਤੇ ਬਦੇਸ਼ੀ ਲਿਬਾਸ ਵਿਰੁਧ 'ਨੀਲ ਬਸਤਰ ਲੇ ਕਪੜੇ ਪਹਿਰੇ' ਅਤੇ ਖਤਰੀਆਂ ਤਾ ਧਰਮ ਛੋਡਿਆ ਮਲੇਛ ਭਾਖਿਆ ਗਹੀ' ਉਚਾਰਣ ਕਰਕੇ ਉਹਨਾਂ ਦਾ ਵਿਰੋਧ ਕੀਤਾ। ਇਸ ਸਪਿਰਟ ਨੇ ਸਿੱਖਾਂ ਨੂੰ ਰਾਜਨੀਤਕ ਅਜ਼ਾਦੀ ਦੇਸ਼ ਸੇਵਾ ਤੇ ਰਖਿਆ ਦੀ ਪਰੇਰਨਾ ਕੀਤੀ। ਉਸ ਸਮੇਂ ਰਾਜੇ ਜਾਂ ਬਾਦਸ਼ਾਹ ਨੂੰ ਰੱਬ ਦਾ ਭੇਜਿਆ ਹੋਇਆ ਅਵਤਾਰ ਸਮਝਿਆ ਜਾਂਦਾ ਸੀ।

ਸਤਿਗੁਰੂ ਜੀ ਨੇ ਕਿਹਾ—

(੧) ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥

(੨) ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣੁ ਰਤੁ ॥

(ਵਾਰ ਮਾਰੂ ਮ: ੧)

ਭਾਵ—ਜੋ ਆਦਮੀ ਰਾਜ ਪ੍ਰਬੰਧ ਦੇ ਯੋਗ ਹੋਵੇ, ਉਹ ਰਾਜ ਕਰੇ, ਰਾਜਾ ਉਹ ਤਖਤ ਤੇ ਟਿਕ ਸਕਦਾ ਹੈ ਜੋ ਗੁਣੀ ਹੋਵੇ ਅਤੇ ਪੰਚਾਇਤ ਅਰਥਾਤ ਲੋਕਾਂ ਦੇ ਡਰ ਵਿਚ ਰਹੇ। 'ਰਾਜੇ ਚੁਲੀ ਨਿਆਵ ਕੀ' ਉਸ ਲਈ ਵਡਾ ਧਰਮ ਦਸਿਆ ਹੈ।

ਸ੍ਰੀ ਗੁਰੂ ਰਾਮ ਦਾਸ ਜੀ ਬਾਬਤ ਭੱਟਾਂ ਨੇ ਕਿਹਾ ਹੈ—'ਰਾਜੁ ਜੋਗੁ ਤਖਤੁ ਦੀਅਨੁ ਗੁਰੂ ਰਾਮ ਦਾਸ' ਭਾਵ—ਸਤਿਗੁਰੂ ਰਾਜ ਜੋਗੀ ਸਨ।

ਪੰਚਮ ਪਾਤਸ਼ਾਹ ਦੀ ਸ਼ਹੀਦੀ ਦੇ ਬਾਹਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ, ਧਰਮ ਅਤੇ ਰਾਜਨੀਤੀ ਨੂੰ ਇਕ ਥਾਂ ਕੀਤਾ। ਸ੍ਰੀ ਅਕਾਲ ਤਖਤ ਬਣਾਇਆ। ਸੈਨਾ ਤਿਆਰ ਕੀਤੀ। ਮੁਗਲਾਂ ਨਾਲ ਕਈ ਜੰਗ ਕੀਤੇ। ਪਰ ਉਹਨਾਂ ਦੀ ਮੀਰੀ ਪੀਰੀ ਫਿਰਕੂ ਨਹੀਂ ਸੀ। **'ਜੋ ਸਰਣਿ ਆਵੈ ਤਿਸੁ ਕੰਠਿ ਲਾਵੈ'** ਉਹਨਾਂ ਦਾ ਆਦਰਸ਼ ਸੀ। ਉਹ ਮੀਰੀ ਪੀਰੀ ਸਰਬ ਸਾਂਝੀ ਸੀ।

ਪਿਛਲੇ ਚਾਰ ਪੰਜ ਹਜ਼ਾਰ ਸਾਲਾਂ ਦੀ ਤਵਾਰੀਖ ਪੜ੍ਹੀ ਜਾਵੇ ਤਾਂ ਇਹ ਗਲ ਸਪਸ਼ਟ ਹੁੰਦੀ ਹੈ ਕਿ ਹਿੰਦੁਸਤਾਨ ਦੇ ਕੀ, ਪੱਛਮ ਦੇ ਸੁਕਰਾਤ ਤੋਂ ਲੈ ਕੇ ਹੁਣ ਤਕ ਦੇ ਸਿਆਣਿਆਂ ਦੀ ਰਾਇ ਹੈ ਕਿ ਸਵਰਾਜ ਜਾਂ ਉਤਮ ਰਾਜ ਉਹ ਹੀ ਹੋਵੇਗਾ, ਜਿਸ ਵਿਚ ਆਜ਼ਾਦੀ, ਅਮਨ ਤੇ ਭਰਾਤ੍ਰੀ ਭਾਵ ਹੋਵੇਗਾ। ਆਦਰਸ਼ ਵਿਚ ਕੋਈ ਫਰਕ ਨਹੀਂ, ਰਾਜ ਕਾਇਮ ਕਰਨ ਦੇ ਸਾਧਨਾਂ ਸਬੰਧੀ ਮਤ ਭੇਦ ਹੈ। ਹਕਸਲੇ ਦੀ ਰਾਇ ਹੈ ਕਿ ਤਿੰਨਾਂ ਤਰੀਕਿਆਂ ਨਾਲ ਕੋਈ ਦੇਸ਼ ਜਾਂ ਜਾਤੀ ਸੁਤੰਤਰ ਹੋ ਸਕਦੀ ਹੈ—

(੧) ਆਰਥਿਕ ਸੁਤੰਤਰਤਾ।

(੨) ਸੈਨਕ ਸ਼ਕਤੀ ਨਾਲ।

(੩) ਜੁਗਗਰਦੀ ਅਰਥਾਤ ਹਥਿਆਰਬੰਦ ਬਗਾਵਤ ਨਾਲ ਸੁਤੰਤਰਤਾ ਬਾਰੇ ਦੋ ਰਾਵਾਂ ਹਨ—ਇਕ ਸ਼ਾਂਤਮਈ ਸਤਿਆ ਗ੍ਰਹਿ ਦਵਾਰਾ ਆਜ਼ਾਦੀ ਹਾਸਲ ਕਰਨੀ, ਮਹਾਤਮਾ ਗਾਂਧੀ ਤੇ ਟਾਲਸਟਾਇ ਆਦਿਕ ਇਸ ਦੇ ਹਾਮੀ ਹਨ। ਦੂਸਰੇ ਸੈਨਿਕ ਸ਼ਕਤੀ ਹਥਿਆਰਾਂ ਅਤੇ ਜੰਗ ਨਾਲ ਮੰਨਦੇ ਹਨ। ਸਿੱਖੀ ਨੇ ਧਰਮ ਅਤੇ ਨੀਤੀ, ਸ਼ਾਂਤ ਮਈ ਅਤੇ ਜੰਗ ਦੋਹਾ ਨੂੰ ਜੋੜਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜ਼ੁਲਮ ਵਿਰੁਧ ਪਰੋਟੈਸਟ ਤੇ ਪਰਚਾਰ ਕੀਤਾ। ਪੰਚਮ ਪਾਤਸ਼ਾਹ ਨੇ ਕੁਰਬਾਨੀ ਦਿਤੀ। ਛੇਵੇਂ ਗੁਰੂ ਜੀ ਤੇ ਦਸਮ ਪਾਤਸ਼ਾਹ ਨੇ ਤਲਵਾਰ ਉਠਾਈ। ਸ਼ਾਂਤ-ਮਈ ਤੇ ਜੰਗ ਦੋਹਾਂ 'ਚੋਂ ਕਿਸੇ ਦੀ ਲੋੜ ਪਵੇ, ਵਰਤ ਲੈਣ ਦੀ ਸਿਖਿਆ ਦਿਤੀ ਹੈ।

ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸਨ। ਦਸਮ ਪਾਤਸ਼ਾਹ ਦੀ ਬਾਬਤ ਭਾਈ ਨੰਦ ਲਾਲ ਨੇ ਕਿਹਾ ਹੈ—

'ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ।' ਉਹਨਾਂ ਨੇ ਧਰਮ ਤੇ ਰਾਜਨੀਤੀ ਨੂੰ ਵਰਤਿਆ ਹੈ।

ਭਾਈ ਨੰਦ ਲਾਲ ਦੀ ਲਿਖਤ 'ਤਨਖਾਹਨਾਮਾ' ਵਿਚ ਲਿਖਿਆ ਹੈ ਕਿ ਦਸਮ ਪਾਤਸ਼ਾਹ ਨੇ ਖਾਲਸੇ ਨੂੰ ਇਹ ਵਰ ਦਾਨ ਦਿਤਾ—

ਰਾਜ ਕਰੇਗਾ ਖਾਲਸਾ ਆਕੀ ਰਹੈ ਨ ਕੋਇ।
ਖੁਆਰ ਹੋਇ ਸਭ ਮਿਲਹਿੰਗੇ ਬਚੇ ਸਰਣ ਜੋ ਹੋਇ। (੩੫)

ਇਕ ਪੁਰਾਤਨ ਗ੍ਰੰਥ 'ਪਰੇਮ ਸੁਮਾਰਗ' ਵਿਚ ਲਿਖਿਆ ਹੈ ਕਿ ਦਸਮ ਪਾਤਸ਼ਾਹ ਨੇ ਰਾਜੇ ਅਥਵਾ ਹਕੂਮਤ ਦੇ ਫਰਜ ਦਸਦੇ ਹੋਏ ਫੁਰਮਾਇਆ—

(੧) ਰਾਜੇ ਕੋ ਚਾਹੀਐ ਜੋ ਨਿਆਉਂ ਸਮਝ ਕਰ ਭੀ ਸਾਥ ਕਰੈ, ਕੋਈ ਇਸ ਕੇ ਰਾਜ ਮੇਂ ਦੁਖਿਤ ਨ। ਰਾਜੇ ਕੋ ਚਾਹੀਐ ਜੋ ਆਪਨੇ ਉਪਰ ਭੀ ਨਿਆਉਂ ਕਰੈ।

(੨) ਰਾਜੇ ਕੋ ਚਾਹੀਐ ਜੋ ਹਰ ਮੁਲਕ ਕੀ ਬੋਲੀ ਕਾ ਆਦਮੀ ਵਿਦਿਆਵੰਦ, ਅਕਲਮੰਦ, ਲਾਇਕ ਹਜ਼ੂਰੀ ਹੋਵੇ ਸੋ ਆਪਣੇ ਪਾਸ ਰਖੇ ।

(੩) ਰਾਜੇ ਕੋ ਚਾਹੀਐ ਜੋ ਬਿਨਾਂ ਕਿਰਤ ਰੋਜ਼ਗਾਰ ਕੋਈ ਪ੍ਰਾਨੀ ਨਾ ਰਹੈ । ਖਬਰ ਪਰਜਾ ਕੀ ਲੇਤਾ ਰਹੈ, ਜੀਉ ਜੀਉ ਕੀ, ਰਾਜਾ ਇਸ ਬਾਤ ਕੋ ਸਿਰਜਿਆ ਹੈ, ਜੋ ਬੰਦੋਬਸਤ ਪ੍ਰਜਾ ਕਾ ਭਲੀ ਭਾਂਤ ਰਹੈ ਪ੍ਰਜਾ ਸੁਖੀ ਰਹੈ ।

'ਪਰੇਮ ਸੁਮਾਰਗ' ਤੋਂ ਸਪਸ਼ਟ ਕਿ ਰਾਜੇ ਦਾ ਧਰਮ ਇਨਸਾਫ਼ ਕਰਨਾ, ਰਖਿਆ ਕਰਨੀ, ਕਿਸੇ ਨੂੰ ਦੁਖੀ ਨਾ ਹੋਣ ਦੇਣਾ, ਪਰਜਾ ਨੂੰ ਵਿਦਿਆ ਦੇਣੀ, ਰੋਜ਼ਗਾਰ, ਸੁਖ ਤੇ ਆਰਾਮ ਦੇਣਾ ਹੈ ।

ਬਾਰਾਂ ਮਿਸਲਾਂ ਤੇ ਮਹਾਰਾਜਾ ਰਣਜੀਤ ਸਿੰਘ ਨੇ ਕੋਈ ੯੦ ਵਰ੍ਹੇ ਪੰਜਾਬ ਉਤੇ ਰਾਜ ਕੀਤਾ ਹੈ । ਮਿਸਲਾਂ ਦੇ ਸਰਦਾਰ ਬੂਰੀ ਜਾਂ ਕੰਬਲੀ ਘੋੜਾ ਰਖਦੇ ਤੇ ਥੋੜਾ ਜਿਹਾ ਅਨਾਜ ਲੈ ਕੇ ਪੰਜਾਬ ਦੇ ਲੋਕਾਂ ਦੀ ਰਾਖੀ ਕਰਦੇ ਸਨ, ਉਹਨਾਂ ਦਾ ਆਦਰਸ਼ ਸੀ—'ਜੇ ਤਖਤ ਬੈਸਾਲਹਿ ਤਾ ਦਾਸ ਤੁਮਾਰੇ ਘਾਸ ਬਢਾਵਹਿ ਤਾ ਕੇਤਕ ਬੋਲਾ ।' ਮਹਾਰਾਜਾ ਰਣਜੀਤ ਸਿੰਘ ਨਾਲ ਪਰੇਮ ਕਰਕੇ ਹਿੰਦੂ ਮੁਸਲਮਾਨ ਉਹਨਾਂ ਨੂੰ 'ਸਰਕਾਰ' ਕਹਿੰਦੇ ਸਨ । ਮਿਸਲਾਂ ਦੇ ਵੇਲੇ ਸਿੱਖਾਂ ਦਾ ਧਰਮ ਤੇ ਸਿੱਖਾਂ ਦੀ ਨੀਤੀ ਇਕਠੀ ਸੀ, ਫ਼ੈਸਲੇ ਸ੍ਰੀ ਅਕਾਲ ਤਖਤ ਹੁੰਦੇ ਸਨ । ਪਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਬਾਰੇ ਪੰਜਾਬੀਆਂ ਦਾ ਸੀ । ਇਸ ਲਈ ਉਹ ਫ਼ੈਸਲੇ ਲਾਹੌਰ ਕਰਦੇ ਸਨ ।

ਇਸ ਵਕਤ ਸਾਡੇ ਦੇਸ਼ ਵਿਚ ਕਈ ਸਿਆਣੇ ਕਹਿੰਦੇ ਹਨ ਕਿ ਮਜ਼੍ਹਬ ਤੇ ਰਾਜਨੀਤੀ ਨੂੰ ਵਖ ਵਖ ਕਰ ਦੇਣਾ ਚਾਹੀਦਾ ਹੈ । ਮਜ਼੍ਹਬ ਝਗੜਿਆਂ ਦਾ ਕਾਰਨ ਹੈ, ਇਸ ਨਾਲ ਦੇਸ਼ ਦੀ ਤਰਕੀ ਰੁਕਦੀ ਹੈ । ਇਹ ਬਹਿਸ ਯੂਰਪ ਵਿਚ ਵੀ ਚਲ ਚੁਕੀ ਹੈ । ਉਥੇ ਇਸ ਦੇ ਚਲਣ ਦਾ ਕਾਰਨ ਇਹ ਸੀ ਕਿ ਪਹਿਲੇ ਪੋਪ ਜਾਂ ਈਸਾਈ ਧਰਮ ਹੀ ਰਾਜਨੀਤੀ ਉਤੇ

ਗਾਲਬ ਸੀ। ਤੀਸਰੀ ਸਦੀ ਈਸਵੀ ਤੋਂ ਲੈਕੇ ਲੂਥਰ ਦੀ ਸੁਧਾਰ ਲਹਿਰ ਸੋਲਵੀਂ ਸਦੀ ਤਕ ਇਹੀ ਹਾਲਤ ਰਹੀ। ਪੱਛਮੀ ਬਾਦਸ਼ਾਹ ਪੋਪ ਪਾਸੋਂ ਥਰ ਥਰ ਕੰਬਦੇ ਸਨ। ਪੋਪ ਤੇ ਪਾਦਰੀ ਵਿਸ਼ਈ ਹੋ ਗਏ। ਸਵਰਗ ਦੀਆਂ ਰਸੀਦਾਂ ਦੇਂਦੇ ਸਨ। ਫਿਰ ਵੀ ਨੀਤੀ ਨੂੰ ਆਪਣੇ ਅਧੀਨ ਰਖਣਾ ਚਾਹੁੰਦੇ ਸਨ। ਲੂਥਰ ਦੀ ਪਰੋਟੈਸਟੈਂਟ ਲਹਿਰ ਨਾਲ ਪੋਪ ਦਾ ਅਸਰ ਘਟ ਗਿਆ। ਦੂਜੇ ਪਾਸੇ ਪੱਛਮੀ ਬਾਦਸ਼ਾਹਾਂ ਦੀ ਤ੍ਰਿਸ਼ਨਾ ਵਧੀ ਹੋਈ ਸੀ, ਉਹ ਰਾਜ ਵਧਾਣ ਤੇ ਮਜ਼ਬ ਨੂੰ ਅਧੀਨ ਕਰਨਾ ਚਾਹੁੰਦੇ ਸਨ। ਇਸ ਟਕਰ ਦਾ ਨਤੀਜਾ ਇਹ ਹੋਇਆ ਕਿ ਰਾਜਨੀਤੀ ਪ੍ਰਬਲ ਹੋ ਗਈ। ਈਸਾਈ ਮਤ ਨੂੰ ਹਾਰ ਹੋਈ। ਪੱਛਮ ਨੇ ਮਜ਼ਬ ਨੂੰ ਨੀਤੀ ਨਾਲੋਂ ਅੱਡ ਤੇ ਕੀਤਾ ਪਰ ਉਸ ਨੂੰ ਕਦੀ ਥਾਈਂ ਰਾਜਨੀਤਕ ਮਕਸਦ ਹਾਸਲ ਕਰਨ ਲਈ ਵੀ ਵਰਤਿਆ।

ਜੇ. ਜੇ. ਕਾਰਨੇਲਸ ਲਖਨਊ ਯੂਨੀਵਰਸਟੀ ਵਿਚ ਕਾਫੀ ਚਿਰ ਫ਼ਿਲਾਸਫ਼ੀ ਦੇ ਪਰੋਫੈਸਰ ਰਹੇ ਹਨ। ਉਹਨਾਂ ਨੇ ਲਿਖਿਆ ਹੈ—

'ਈਸਾਈ ਪ੍ਰਚਾਰਕ ਬੜੀ ਸਰਗਰਮੀ ਨਾਲ ਸਾੜ ਦੇਣ ਵਾਲੇ ਮਾਰੂਥਲਾਂ, ਕਠਨ ਪਹਾੜਾਂ ਤੇ ਸਮੁੰਦਰਾਂ ਵਿਚੋਂ ਲੰਘ ਕੇ ਸੰਸਾਰ ਦੇ ਭਿੰਨ ਭਿੰਨ ਦੇਸ਼ਾਂ ਵਿਚ ਅਗਿਆਨਤਾ ਦੂਰ ਕਰਨ ਲਈ ਸਕੂਲ, ਯਤੀਮਖਾਨੇ ਤੇ ਹਸਪਤਾਲ ਕਾਇਮ ਕਰਦੇ ਹਨ। ਜਿਵੇਂ ਜਿਵੇਂ ਪੂਰਬ ਨੂੰ ਉਹਨਾਂ ਦੇ ਰਸੂਖ ਦੇ ਮਾੜਿਆਂ ਨਤੀਜਿਆਂ ਦਾ ਪਤਾ ਲਗਾ, ਲੋਕਾਂ ਦੇ ਦਿਲਾਂ ਵਿਚ ਉਹਨਾਂ ਵਿਰੁਧ ਘ੍ਰਿਣਾ ਪੈਦਾ ਹੋਣੀ ਸ਼ੁਰੂ ਹੋ ਗਈ। ਪੂਰਬ ਇਸ ਨੂੰ ਪੱਛਮੀ ਕੌਮਾਂ ਦੀ ਰਾਜਨੀਤਕ ਖੇਡ ਸਮਝਦਾ ਹੈ। ਧਾਰਮਿਕ ਦ੍ਰਿਸ਼ਟੀ ਕੋਣ ਨਾਲ ਪਾਦਰੀਆਂ ਦਾ ਖਿਆਲ ਭਲਾਈ ਕਰਨਾ ਹੈ। ਪਰ ਰਾਜਨੀਤਕ ਤੌਰ ਤੇ ਉਹਨਾਂ ਤੇ ਹਕੂਮਤ ਕਰਨਾ ਹੈ। ਚੀਨ ਵਿਚ ਪ੍ਰਚਾਰਕਾਂ ਦੇ ਨਾਲ ਹੀ ਪੱਛਮੀ ਕੌਮਾਂ ਕਾਬਜ਼ ਹੋਈਆਂ। ਜਦ ਕੋਈ ਪਾਦਰੀ ਮਾਰਿਆ ਗਿਆ, ਉਸ ਦਾ ਕਾਰਨ ਭਾਵੇਂ ਉਸ ਦੀ ਮੂਰਖਤਾ ਹੀ ਹੋਵੇ, ਪਰ ਪੱਛਮੀ ਕੌਮਾਂ ਨੇ ਉਸ ਨੂੰ ਚੀਨ ਪਾਸੋਂ ਰਿਆਇਤਾਂ ਲੈਣ ਲਈ ਵਰਤਿਆ।

ਹਿੰਦੁਸਤਾਨ ਵਿਚ ਇਹੋ ਖ਼ਿਆਲ ਹਨ ਕਿ ਪਹਿਲੇ ਅੰਜੀਲ ਆਉਂਦੀ ਹੈ, ਪਿਛੋਂ ਬਾਰੂਦ ਪਹੁੰਚਦਾ ਹੈ। ਅਫ਼ਰੀਕਾ ਵਿਚ ਵੀ ਈਸਾਈਆਂ ਨੇ ਜਾਕੇ ਉਥੋਂ ਦੇ ਅਸਲੀ ਵਸਨੀਕਾਂ ਦੀਆਂ ਜ਼ਮੀਨਾਂ ਖੋਹ ਲਈਆਂ ਹਨ।'*

ਹਿੰਦੁਸਤਾਨ ਵਿਚ ਮਜ਼੍ਹਬ ਅਤੇ ਰਾਜਨੀਤੀ ਨੂੰ ਵਖ ਵਖ ਕਰਨ ਦਾ ਖ਼ਿਆਲ ਇਸ ਲਈ ਨਹੀਂ ਪੈਦਾ ਹੋਇਆ ਕਿ ਇਥੇ ਮਜ਼੍ਹਬ ਦੀ ਨੀਤੀ ਜਾਂ ਸਾਇੰਸ ਨਾਲ ਟਕਰ ਹੋਈ ਹੈ, ਬਲਕਿ ਇਸ ਲਈ ਹੈ ਕਿ ਵਿਦੇਸ਼ੀ ਨੀਤੀ ਨੇ ਇਥੋਂ ਦੇ ਭਿੰਨ-ਭਿੰਨ ਮਜ਼੍ਹਬਾਂ ਦੇ ਪੁਰਾਣੇ ਸੰਪ੍ਰਦਾਇਕ ਜਾਂ ਮਜ਼੍ਹਬੀ ਮਤ ਭੇਦਾਂ ਤੋਂ ਫ਼ਾਇਦਾ ਉਠਾਕੇ ਲੋਕਾਂ ਦੀਆਂ ਮਜ਼੍ਹਬੀ ਪੁਲੀਟੀਕਲ ਪਾਰਟੀਆਂ ਬਣਾਕੇ ਉਹਨਾਂ ਨੂੰ ਲੜਾਉਣ ਦਾ ਜਤਨ ਕੀਤਾ ਹੈ। ਖ਼ਾਸ ਕਰ ਮੁਸਲਮਾਨਾਂ ਨੂੰ ਗੁਮਰਾਹ ਕੀਤਾ ਹੈ( )। ਫ਼ਿਰਕੂਪੁਣੇ ਦੇ ਆਧਾਰ ਤੇ ਹਿੰਦੁਸਤਾਨ ਦੇ ਟਕੜੇ ਕਰਕੇ ਪਾਕਿਸਤਾਨ ਬਣਾ ਦਿਤਾ ਹੈ। ਪਰ ਆਜ਼ਾਦੀ ਦੇ ਬਾਅਦ ਸਾਡੇ ਦੇਸ਼ ਦੀ ਰਾਜ-ਬਣਤਰ ਸੈਕੂਲਰ ਬਣਾਈ ਗਈ ਤੇ ਚੋਣਾਂ ਸਾਂਝੀਆਂ ਕਰ ਦਿਤੀਆਂ ਗਈਆਂ ਹਨ। ਹੁਣ ਇਹ ਨਹੀਂ ਹੋ ਸਕਦਾ ਕਿ ਮਜ਼੍ਹਬ ਦੇ ਨਾਂ ਤੇ ਕੁਝ ਸਵਾਰਥੀ ਤੇ ਚਲਾਕ ਆਦਮੀ ਲੋਕਾਂ ਨੂੰ ਪਏ ਲੜਾਣ। ਸਾਡੇ ਦੇਸ਼ ਵਿਚ ਮਜ਼੍ਹਬ ਤੇ ਰਾਜਨੀਤੀ ਨੂੰ ਅੱਡ ਕਰਨ ਦਾ ਖ਼ਿਆਲ ਇਸ ਲਈ ਵੀ ਪੈਦਾ ਹੋਇਆ ਕਿ ਜਦ ਤੀਕ ਕੋਈ ਦੇਸ਼ ਜਾਂ ਕੌਮ ਸੁਤੰਤਰ ਨਹੀਂ, ਉਸ ਦਾ ਧਰਮ ਸੁਤੰਤਰ ਨਹੀਂ, ਧਰਮ ਸੁਤੰਤਰ ਨਹੀਂ ਤਾਂ ਉਹ ਸਹੀ ਰੂਪ ਵਿਚ ਕੁਝ ਨਹੀਂ ਕਰ ਸਕਦਾ। ਧਰਮ ਤੇ ਰਾਜਨੀਤੀ ਦੋਵੇਂ ਸੁਤੰਤਰ ਹੋਣ ਤਾਂ ਸਮਾਜ ਦਾ ਭਲਾ ਕਰ ਸਕਦੇ ਹਨ। ਅਸੀਂ ਹੁਣ ਦੋਹਾਂ ਵਿਚ ਹੀ ਸੁਤੰਤਰ ਹਾਂ।

ਪੱਛਮ ਵਿਚ ਧਰਮ ਅਤੇ ਰਾਜਨੀਤੀ ਨੂੰ ਅੱਡ ਕਰਨ ਦਾ ਨਤੀਜਾ ਇਹ ਹੋਇਆ ਕਿ ਇਖ਼ਲਾਕੀ ਨਜ਼ਰੀਏ ਬਦਲ ਗਏ ਹਨ। ਸ਼ਰਾਬ, ਇਸਤ੍ਰੀ ਤੇ ਦੌਲਤ ਹੀ ਜੀਵਨ ਦਾ ਆਦਰਸ਼ ਬਣ ਗਿਆ ਹੈ।

---

*ਧਰਮ ਪ੍ਰਚਾਰਕ ਪਤ੍ਰ--੨।

( )ਰੀਲੀਜਿਨਜ਼ ਆਫ਼ ਦੀ ਵਰਲਡ-ਆਰਮਸਟ੍ਰਾਂਗ।

ਮਨੋ-ਕਾਮਨਾਵਾਂ ਉਤੇ ਕੋਈ ਕੁੰਡਾ ਨਹੀਂ ਰਿਹਾ। ਇਸ ਹਾਲਤ ਵਿਚ ਆਦਮੀ ਜੋ ਚਾਹੇ ਕਰਦਾ ਫਿਰੇ। ਉੱਚੇ ਆਚਰਣ ਨੂੰ ਦੋ ਹਿੱਸਿਆਂ ਵਿਚ ਕਰਨਾ ਪਿਆ । ਇਕ ਪ੍ਰਾਈਵੇਟ ਆਚਰਣ, ਦੂਸਰੇ ਲੋਕ ਆਚਰਣ। ਪ੍ਰਾਈਵੇਟ ਆਚਰਣ ਵਿਚ ਕੋਈ ਆਦਮੀ ਕਿੰਨਾ ਮਾੜਾ ਤੇ ਪਾਪੀ ਹੋਵੇ, ਲੋਕਾਂ ਦਾ ਕੰਮ ਕਰੇ, ਉਹ ਚੰਗਾ ਸਮਝਿਆ ਜਾਂਦਾ ਹੈ। ਅਸੀਂ ਇਹ ਗਲ ਨਹੀਂ ਕਰਨੀ। ਧਰਮ ਮਨੁਖੀ ਆਚਰਣ ਨੂੰ ਦੋਹਾਂ ਹਾਲਤਾਂ ਵਿਚ ਇਕ ਰਸ ਤੇ ਪਵਿੱਤਰ ਰਖਦਾ ਹੈ । ਸਿੱਖ ਧਰਮ ਦਸਦਾ ਹੈ ਕਿ ਵਾਹਿਗੁਰੂ ਅਤੇ 'ਗੁਰੂ ਮੇਰੇ ਸੰਗ ਸਦਾ ਹੈ ਨਾਲੇ' ਇਸ ਲਈ ਛੁਪ ਕੇ ਵੀ ਪਾਪ ਨਹੀਂ ਕਰਨਾ। ਸਿੱਖ ਸਤਿਗੁਰੂਆਂ ਨੇ ਸਾਮ, ਦਾਮ, ਦੰਡ ਤੇ ਭੇਦ ਦੀ ਨੀਤੀ ਨਹੀਂ ਬਣਾਈ। ਝੂਠ ਜਾਂ ਫਿਰਕੂਪੁਣੇ ਦਾ ਨਾਂ ਰਾਜਨੀਤੀ ਨਹੀਂ ਰਖਿਆ। ਸਚਾਈ ਤੇ ਦ੍ਰਿੜ ਰਹਿੰਦੇ ਹੋਏ ਸਮੇਂ ਅਨੁਸਾਰ ਕਿਸੇ ਕੰਮ ਨੂੰ ਕਰਨਾ ਨੀਤੀ ਦਸਿਆ ਹੈ।

ਇਕ ਪੱਛਮੀ ਨੀਤੀਵਾਨ ਬੈਂਥਮ ਦਾ ਕਥਨ ਹੈ—'ਰਾਜ ਪ੍ਰਬੰਧ ਉਹ ਚੰਗਾ ਹੈ, ਜਿਸ ਵਿਚ ਬਹੁਤਿਆਂ ਦਾ ਭਲਾ ਹੋਵੇ।'

ਗੁਰੂ ਨਾਨਕ ਦੇਵ ਜੀ ਨੇ ਸਰਬੱਤ ਦਾ ਭਲਾ ਮੰਗਿਆ ਹੈ। ਉਸ ਵਿਚ ਮਜ਼ਬ, ਨਸਲ, ਜਾਤੀ ਵਾਦ, ਗਰੀਬੀ ਤੇ ਅਮੀਰੀ ਦਾ ਕੋਈ ਵਿਤਕਰਾ ਨਹੀਂ ਰਹਿ ਜਾਂਦਾ।

ਧਰਮ ਅਤੇ ਰਾਜਨੀਤੀ ਦੋਹਾਂ ਦਾ ਆਦਰਸ਼ ਇਹੋ ਹੀ ਹੋਣਾ ਚਾਹੀਦਾ ਹੈ।

❋❋❋

੩੧.

ਮਜ਼ਬ, ਫ਼ਿਲਾਸਫ਼ੀ ਤੇ ਸਾਇੰਸ

ਹਿੰਦੁਸਤਾਨ ਵਿਚ ਫ਼ਿਲਾਸਫ਼ੀ ਨੂੰ ਦਰਸ਼ਨ ਜਾਂ ਸ਼ਾਸਤਰ ਕਹਿੰਦੇ ਹਨ। ਦਰਸ਼ਨ ਦੇ ਅਰਥ ਹਨ—ਵੇਖਣਾ। ਰਿਸ਼ੀਆਂ ਨੇ ਜਿਸ ਚੀਜ਼ ਨੂੰ ਪਰਤੱਖ ਜਾਂ ਅਨੁਭਵ ਕਰ ਲਿਆ, ਉਸ ਸਿਧਾਂਤ ਦਾ ਨਾਂ ਦਰਸ਼ਨ ਰਖਿਆ ਗਿਆ। ਭਾਸਕਰ ਨੇ ਲਿਖਿਆ ਹੈ—ਰਿਸ਼ੀ ਦੇ ਅਰਥ ਹਨ—ਵੇਖਣ ਵਾਲਾ। ਫ਼ਿਲਾਸਫ਼ੀ ਸ਼ਬਦ ਯੂਨਾਨੀ ਭਾਸ਼ਾ ਦਾ ਹੈ। ਇਹ ਦੋ ਸ਼ਬਦਾਂ ਫਿਲੋ (**Philo**) ਪਰੇਮ, ਸੋਫੀਆ (**Sophia**) ਅਕਲ ਜਾਂ ਗਿਆਨ ਤੋਂ ਬਣਿਆ ਹੈ। ਫ਼ਿਲਾਸਫ਼ੀ ਦੇ ਅਰਥ ਹਨ ਗਿਆਨ ਨਾਲ ਪਰੇਮ।

ਪਲਾਟੋ ਦਾ ਕਥਨ ਹੈ—**Philo Soytiy Begins with wanater** ਫ਼ਿਲਾਸਫ਼ੀ ਵਿਸਮਾਦ ਤੋਂ ਆਰੰਭ ਹੁੰਦੀ ਹੈ।

ਪ੍ਰਸਿਧ ਫਿਲਾਸਫਰ ਲੂਈਸ ਆਪਣੀ ਪੁਸਤਕ 'ਤਵਾਰੀਖ ਫ਼ਿਲਾਸਫ਼ੀ ਵਿਚ ਲਿਖਦਾ ਹੈ ਫ਼ਿਲਾਸਫ਼ੀ ਉਸ ਇਕ ਘੇਰੇ ਦੀ ਤਰ੍ਹਾਂ ਹੈ, ਜਿਸ ਦਾ ਨਾਂ ਆਦਿ ਹੈ ਨਾ ਅੰਤ।'

ਮਨੁੱਖ ਸ਼ੁਰੂ ਤੋਂ ਇਸ ਜਤਨ ਵਿਚ ਰਿਹਾ ਹੈ, ਕਿ ਕੋਈ ਗਲ ਉਸ ਦੀ ਸਮਝ ਤੋਂ ਬਾਹਰ ਨਾ ਰਹਿ ਜਾਵੇ। ਮਨੁਖ ਦੇ ਸਾਹਮਣੇ ਦੋ ਪ੍ਰਸ਼ਨ ਬੜੇ ਮਹੱਤਵ ਦੇ ਹਨ—(੧) ਕਿਉਂ ਹੋਇਆ ? (੨) ਕੀਕੂੰ ਹੋਇਆ ? ਕਿਉਂ ਹੋਇਆ ਤੇ ਫ਼ਿਲਾਸਫ਼ੀ ਵਿਚਾਰ ਕਰਦੀ ਹੈ ਅਤੇ ਕੀਕੂੰ

ਹੋਇਆ ਤੇ ਸਾਇੰਸ। ਫਿਲਸਫਾ ਉਹ ਇਲਮ ਹੈ, ਜੋ ਰਚਨਾ ਬਾਰੇ ਬਹੁਤ ਖੁਲੇ ਸਿਧਾਂਤ ਮਾਲੂਮ ਕਰਦਾ ਹੈ। ਮਨੁੱਖ ਕੀ ? ਸ੍ਰਿਸ਼ਟੀ ਰਚਨਾ ਕੀ ਹੈ ? ਇਸ ਦਾ ਕਰਤਾ ਕੌਣ ਹੈ ? ਕਾਰਣ ਕੀ ਹਨ ? ਮਨੁੱਖ ਜੀਵਨ ਦਾ ਉਦੇਸ਼ ਕੀ ਹੈ ? ਇਹ ਫ਼ਿਲਾਸਫ਼ੀ ਦੇ ਵਿਸ਼ੇ ਹਨ।

ਫ਼ਿਲਾਸਫ਼ੀ ਦੀਆਂ ਦੋ ਪੁਰਾਣੀਆਂ ਸ਼ਾਖਾਂ ਹਨ—

(੧) ਹਿੰਦੁਸਤਾਨ ਦੇ ਦਰਸ਼ਨ, ਨਿਆਇ, ਸਾਂਖ, ਵੇਦਾਂਤ ਤੇ ਯੋਗ ਆਦਿਕ।

(੨) ਯੂਨਾਨ ਦੀ ਫ਼ਿਲਾਸਫ਼ੀ ਅਰਥਾਤ ਪੈਥਾ ਗੋਰਸ, ਸੁਕਰਾਤ, ਅਫਲਾਤੂਨ ਅਤੇ ਅਰਸਤੂ ਦੇ ਵਿਚਾਰ, ਜਿਨ੍ਹਾਂ ਦਾ ਪੱਛਮ ਤੇ ਅਸਰ ਪਿਆ ਹੈ। ਭਾਰਤੀ ਫ਼ਿਲਾਸਫ਼ੀ ਦਾ ਅਰੰਭ ਰਿਗ, ਯਜੁਰ, ਸਾਮ ਤੇ ਅਥਰਵ ਵੇਦ ਅਤੇ ਉਪਨਿਸ਼ਦਾਂ ਤੋਂ ਹੁੰਦਾ ਹੈ। ਵੇਦ ੧੫੦੦-੧੦੦੦ ਪੂਰਵ ਈਸਾ ਲਿਖੇ ਗਏ ਹਨ। ਇਸ ਤੋਂ ਪਿਛੋਂ ੭ਵੀਂ ਸਦੀ ਪੂ: ਈ: ਛਾਂਦੋਗ, ਕਠ, ਕੇਨ, ਮਾਂਡੂਕ ਆਦਿਕ ਉਪਨਿਸ਼ਦਾਂ ਲਿਖੀਆਂ ਗਈਆਂ। ਇਹਨਾਂ ਵਿਚ ਈਸ਼ਵਰ, ਜੀਵਾਤਮਾ, ਕਰਮ ਫਲ, ਆਵਾਗਉਣ ਆਦਿਕ ਸਿਧਾਤਾਂ ਪਰ ਵਿਚਾਰ ਕੀਤੀ ਗਈ ਹੈ। ਇਹਨਾਂ ਤੋਂ ਪਿਛੋਂ ਸ਼ਾਸ਼ਤਰ ਲਿਖੇ ਗਏ, ਨਿਯਾਇ ਨੇ ਜੀਵ, ਈਸ਼ਵਰ ਤੇ ਪ੍ਰਕਿਰਤੀ ਅਨਾਦੀ ਮੰਨੇ। ਸਾਂਖ ਨੇ ਜੀਵ ਤੇ ਪ੍ਰਕਿਰਤੀ ਨੂੰ ਹੀ ਮੰਨਿਆ। ਵੇਦਾਂਤ ਨੇ ਸ ਰੇ ਬ੍ਰਹਮ ਤੇ ਜਗਤ ਨੂੰ ਮਿਥਿਆ ਦਸਿਆ। ਯੋਗ ਨੇ ਸਮਾਧੀ ਵਿਚ ਲੀਨ ਹੋਣ ਦੀ ਪ੍ਰੇਰਨਾ ਕੀਤੀ। ਮੀਮਾਂਸਾ ਨੇ ਕਰਮ ਕਾਂਡ ਦਸਿਆ ਹੈ।

ਜਿਥੇ ਕੋਈ ਫਿਲਸਫਾ ਜਨਮ ਲੈਂਦਾ ਹੈ, ਉਸ ਤੇ ਉਥੋਂ ਦੀ ਪ੍ਰਾਕ੍ਰਿਤਕ ਦਸ਼ਾ ਤੇ ਹਾਲਾਤ ਦਾ ਬੜਾ ਅਸਰ ਪੈਂਦਾ ਹੈ। ਹਿੰਦੁਸਤਾਨ ਦੀ ਪ੍ਰਕਿਰਤੀ ਚੰਗੀ ਹੋਣ ਕਰਕੇ ਰਿਸ਼ੀਆਂ ਦੀਆਂ ਲੋੜਾਂ ਘਟ ਸਨ, ਉਹਨਾਂ ਨੇ ਰਾਗ, ਕਾਵਿ, ਜੋਤਸ਼ ਵੈਦਕ, ਗਣਿਤ, ਰਾਜਨੀਤ, ਸਮਾਜ ਵਿਗਿਆਨ ਆਦਿਕ ਬਹੁਤ ਚੰਗੀਆਂ ਚੀਜ਼ਾਂ ਸੰਸਾਰ ਨੂੰ ਦਿਤੀਆਂ। ਪਰ ਨਾਲ ਹੀ

ਨਿਰਾਸ਼ਾਵਾਦ, ਸੰਸਾਰ ਮਿਥਿਆ ਤੇ ਦੁਖਮਈ, ਵੈਰਾਗ ਤੇ ਤਿਆਗ ਨੂੰ ਪ੍ਰਚਾਰਿਆ। ਇਹਨਾਂ ਗਲਾਂ ਨੇ ਸਮਾਜ ਨੂੰ ਕਮਜ਼ੋਰ ਕਰ ਦਿਤਾ। ਉਹਨਾਂ ਨੇ ਸਮਾਜ ਨੂੰ ਬਦਲਣ ਦੀ ਥਾਂ ਸਥਿਰਤਾ ਦਿਤੀ ਨਿਰਾਸ਼ਾਵਾਦ ਕਰਕੇ ਸੰਸਾਰਕ ਤਰੱਕੀ ਰੁਕ ਗਈ। ਜੈਨ ਮਤ ਨੇ ਤਪ ਤੇ ਅਹਿੰਸਾ ਦੇ ਕੇ ਲੜਨਾ ਤੇ ਇਕ ਪਾਸੇ ਰਿਹਾ, ਜੀਵ ਮਰਨ ਦੇ ਡਰ ਤੋਂ ਖੇਤੀਬਾੜੀ ਛੁਡਾ ਕੇ ਲੋਕਾਂ ਨੂੰ ਬਾਣੀਏ ਬਣਾ ਦਿਤਾ। ਯੂਰਪ ਵਿਚ ਯਹੂਦੀਆਂ ਨੂੰ ਹਾਕਮਾਂ ਨੇ ਬਾਣੀਏ ਬਣਾਇਆ ਸੀ। ਹਿੰਦੁਸਤਾਨ ਵਿਚ ਜੈਨ ਧਰਮ ਨੇ ਬਣਾ ਦਿਤਾ।

ਬੁਧ ਨੇ ਜਨਮ ਜਵਾਨੀ ਤੇ ਬੁਢਾਪੇ ਨੂੰ ਦੁਖ ਦਸਿਆ। ਤਰਿਸਨਾ ਨੂੰ ਦੁਖਾਂ ਦਾ ਮੂਲ ਮੰਨਿਆ। ਵਿਚਾਰਾਂ ਦੀ ਭਿੰਨਤਾ ਦੀ ਨਤੀਜਾ ਮਾਨਸਿਕ ਖਿੰਡਾਉ ਅਤੇ ਸਪ੍ਰਦਾਵਾਂ ਹੋਇਆ। ਨਿਰਾਸ਼ਾ-ਵਾਦ ਦਾ ਫਲ ਬਦੇਸ਼ੀ ਕੌਮਾਂ ਦੀ ਗੁਲਾਮੀ ਹੋਇਆ।

ਪੱਛਮੀ ਫ਼ਿਲਾਸਫ਼ੀ—

ਛੇਵੀਂ ਜਾਂ ਸਤਵੀਂ ਸਦੀ ਈਸਾ ਤੋਂ ਪਹਿਲੇ ਪੱਛਮੀ ਫਿਲਾਸਫੀ ਦਾ ਜਨਮ ਯੂਨਾਨ ਵਿਚ ਹੋਇਆ। ਮਿਸਰ, ਬਾਬਲ ਤੇ ਹਿੰਦੁਸਤਾਨ ਦੀਆਂ ਵਿਚਾਰਾਂ ਦਾ ਅਸਰ ਵੀ ਉਸ ਤੇ ਪਿਆ। ਪੈਥਾ ਗੋਰਸ, ਸੁਕਰਾਤ, ਅਫਲਾਤੂਨ ਤੇ ਅਰਸਤੂ ਨੇ ਯੂਨਾਨੀ ਫ਼ਿਲਾਸਫ਼ੀ ਨੂੰ ਲਿਖਿਆ। ਸਿਕੰਦਰ ਦੀ ਮੌਤ ਤੇ ਸੇਰੇਸ਼ੀਆ ਦੀ ਲੜਾਈ ਦੇ ਬਾਹਦ ਯੂਨਾਨ ਗੁਲਾਮ ਹੋਇਆ, ਇਸ ਲਈ ਉਸ ਦੀ ਫ਼ਿਲਾਸਫ਼ੀ ਵੀ ਮੱਧਮ ਪੈ ਗਈ। ਬਾਅਦ ਵਿਚ ਉਸ ਦਾ ਕੁਝ ਅਸਰ ਈਸਾਈ ਮਤ ਤੇ ਪਿਆ। ਅਰਸਤੂ ਦੀਆਂ ਵਿਚਾਰਾਂ ਦਾ ਅਸਰ ਇਸਲਾਮ ਨੇ ਕਬੂਲ ਕੀਤਾ। ਪਰ ਇਸਲਾਮ ਵਿਚ ਵੀ ੭੨ ਫ਼ਿਰਕੇ ਪੈਦਾ ਹੋ ਗਏ। ਪੱਛਮ ਵਿਚ 'ਪਲੇਟਨਿਕ ਫ਼ਿਲਾਸਫ਼ੀ' ਸਬੰਧੀ ਸਾਹਿੱਤ ਲਿਖਿਆ ਗਿਆ। ਸਤਾਰਵੀਂ ਅਠਾਰਵੀਂ ਸਦੀ ਈਸਵੀ ਵਿਚ ਯੂਰਪ ਦੇ ਅੰਦਰ ਸਾਇੰਸ ਦੀ ਉਨਤੀ ਦੇ ਨਾਲ ਉਥੋਂ ਦੇ ਸਾਰੇ ਮਜ਼੍ਹਬ*

*ਦਰਸ਼ਨ ਦਿਗ ਦਰਸ਼ਨ, ਲਿਖਤ ਰਾਹੁਲ ਸਾਂਕ੍ਰਿਤਾਯਨ।

ਤੇ ਦਾਰਸ਼ਨਿਕ ਵਿਚਾਰ ਬਦਲ ਗਏ। ਹਿੰਦੁਸਤਾਨ ਵਿਚ ਤਬਦੀਲੀ ਨਹੀਂ ਹੋਈ। ਪੱਛਮ ਨੇ ਫ਼ਿਲਾਸਫ਼ੀ ਦੀ ਥਾਂ ਸਾਇੰਸ ਨੂੰ ਪਰਵਾਨ ਕਰ ਲਿਆ।

ਗੁਰਮਤਿ ਫ਼ਿਲਾਸਫ਼ੀ—

ਸਿੱਖ ਧਰਮ ਨੇ ਉਸ ਵਕਤ ਜਨਮ ਲਿਆ ਜਦ ਕਿ ਪੂਰਬ ਤੇ ਪੱਛਮ ਦੇ ਵਿਚਾਰਾਂ ਦੀ ਟਕਰ ਹੋ ਰਹੀ ਸੀ। ਗੁਰੂ ਸਾਹਿਬ ਨੇ ਗੁਰਬਾਣੀ ਵਿਚ ਫ਼ਿਲਾਸਫ਼ੀ ਦਿਤੀ ਹੈ। ਪਰ ਇਹ ਖਿਆਲੀ ਫ਼ਿਲਾਸਫ਼ੀ, ਦਿਮਾਗੀ ਉਧੇੜ ਬੁਣ, ਮੰਤਕ ਦੇ ਦਲੀਲ ਬਾਜ਼ੀ ਦਾ ਗੋਰਖ ਧੰਦਾ ਨਹੀਂ। ਉਹਨਾਂ ਨੇ ਵਿਚਾਰ ਅਤੇ ਅਮਲ ਨੂੰ ਇਕਸਾਰ ਕਰਨ ਦੀ ਸਿਖਿਆ ਦਿਤੀ ਹੈ। ਈਸ਼ਵਰ ਹੀ ਸ੍ਰਿਸ਼ਟੀ ਦਾ ਕਰਤਾ ਹੈ, ਆਤਮਾ ਅਮਰ ਹੈ, ਆਵਾਗਉਣ ਹੁੰਦਾ ਹੈ, ਕਾਰਨ ਅਤੇ ਕਾਰਜ ਤੇ ਵਿਚਾਰ ਬੜੇ ਸੌਖੇ ਸ਼ਬਦਾਂ ਵਿਚ ਕੀਤੀ ਹੈ। ਵੇਦਾਂਤੀ ਕਹਿੰਦਾ ਸੀ—'ਸਾਰੇ ਬ੍ਰਹਮ ਹੈ।' ਪਰ ਜਦ ਕੋਈ ਅਛੂਤ ਨੇੜੇ ਆਉਂਦਾ ਤਾਂ ਉਸ ਨੂੰ ਨੇੜੇ ਨਹੀਂ ਢੁਕਣ ਦਿੰਦਾ ਸੀ। ਗੁਰੂ ਜੀ ਨੇ ਕਿਹਾ—**'ਏਕ ਪਿਤਾ ਏਕਸ ਕੇ ਹਮ ਬਾਰਿਕ'** ਇਸ ਨੂੰ ਅਮਲੀ ਸ਼ਕਲ ਦੇਣ ਲਈ ਭਾਈ ਦੀ ਪਦਵੀ ਦਿਤੀ, ਸੰਗਤ ਪੰਗਤ ਵਿਚ ਏਕਤਾ ਕੀਤੀ, ਇਕ ਬਾਟੇ ਵਿਚ ਅੰਮ੍ਰਿਤ ਛਕਾ ਕੇ ਸਮਾਨਤਾ ਦਿਤੀ। ਸਿੱਖ ਨੂੰ ਧਰਮ ਯੁਧ ਵਿਚ ਸ਼ਹੀਦ ਹੋਣ ਦੀ ਜਾਚ ਦਸ ਕੇ ਆਤਮਾ ਅਮਰ ਹੋਣ ਦਾ ਸਬੂਤ ਦੇਣ ਲਈ ਪਰੇਰਨਾ ਕੀਤੀ। ਸੰਸਾਰ ਨੂੰ ਕਰਮ ਮੰਡਲ ਦਸਿਆ। ਵੈਰਾਗ, ਤਿਆਗ ਤੇ ਇਕਾਂਤ ਵਾਸ ਦੀ ਥਾਂ ਗ੍ਰਿਹਸਤ ਪ੍ਰਧਾਨ ਮੰਨਿਆ। ਸਥਿਰਤਾ ਤੇ ਪੁਰਾਤਨਤਾ ਦੀ ਥਾਂ ਨਵੀਨ ਸਮਾਜ ਬਣਾਉਣ ਦਾ ਉਪਦੇਸ਼ ਕੀਤਾ, ਸਿੱਖੀ ਦੀ ਤਾਲੀਮ ਨੂੰ ਮਹਿਦੂਦ ਨਹੀਂ ਕੀਤਾ, ਸਰਬ ਸਾਂਝੀ ਬਣਾਇਆ। ਇਸੇ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ ਫ਼ੁਰਮਾਇਆ—

ਖਟ ਦਰਸਨ ਵਰਤੈ ਵਰਤਾਰਾ ॥
ਗੁਰ ਕਾ ਦਰਸਨੁ ਅਗਮ ਅਪਾਰਾ ॥

(ਆਸਾ)

ਸਾਇੰਸ ਤੇ ਮਜ਼੍ਹਬ—

ਸਾਇੰਸ ਦੇ ਅਰਥ ਹਨ—ਸੰਗਠਤ ਬੁਧੀ। ਸਾਇੰਸ ਦਾ ਕੰਮ ਪ੍ਰਾਕਿਰਤਕ ਖੋਜ ਕਰਨਾ ਹੈ । ਇਹ ਰਚਨਾ ਕਿਵੇਂ ਹੋਈ ? ਇਸ ਦੇ ਪਦਾਰਥਾਂ ਤੇ ਤੱਤਾਂ ਦੀ ਅਸਲੀਅਤ ਕੀ ਹੈ ? ਇਨ੍ਹਾਂ ਪ੍ਰਸ਼ਨਾਂ ਤੇ ਸਾਇੰਸ ਵਿਚਾਰ ਕਰਦੀ ਹੈ। ਧਰਮ ਸਚਿਆਈ ਨੂੰ ਜਾਣਨ ਲਈ ਆਤਮਿਕ ਅਨੁਭਵ, ਸ਼ਰਧਾ ਤੇ ਵਿਸ਼ਵਾਸ ਦਾ ਮਾਰਗ ਹੈ । ਸਾਇੰਸ ਤਜਰਬੇ ਰਾਹੀਂ ਪ੍ਰਕਿਰਤੀ ਦੀ ਖੋਜ ਕਰਕੇ ਅਸਲੀਅਤ ਨੂੰ ਮਲੂਮ ਕਰਨ ਦਾ ਜਤਨ ਕਰਦੀ ਹੈ। ਪ੍ਰਸਿਧ ਸਾਇੰਸਦਾਨ ਸਰ ਜੇਮਜ਼ ਜੀਨ ਦਾ ਕਥਨ ਹੈ—'ਜੋ ਦੇਸ਼ ਸਾਇੰਸ ਵਿਚ ਪਿਛੇ ਹੋਵੇਗਾ, ਉਹ ਜ਼ਿੰਦਗੀ ਦੇ ਹਰ ਪਹਿਲੂ ਵਿਚ ਪਿਛੇ ਹੋਵੇਗਾ। ਸਾਇੰਸ ਨੇ ਇਸ ਤੋਂ ਪਹਿਲੇ ਕਿ ਮਨੁਖ ਆਪਣੇ ਆਪ ਤੇ ਕਾਬੂ ਪਾਉਂਦਾ, ਕੁਦਰਤ ਤੇ ਕਾਬੂ ਪਾਉਣ ਦਾ ਅਧਿਕਾਰ ਇਸ ਨੂੰ ਦੇ ਦਿਤਾ ਹੈ।'*

ਹੁਣ ਤੀਕ ਮਨੁਖ ਦੀ ਵਿਚਾਰ ਦੇ ਦੋ ਕੇਂਦਰ ਰਹੇ ਹਨ—ਜੜ੍ਹ ਤੇ ਚੇਤੰਨ, ਜੀਵ ਤੇ ਪ੍ਰਕਿਰਤੀ, ਮਨ ਤੇ ਮਾਦਾ। ਸਾਇੰਸ ਪ੍ਰਕਿਰਤੀ ਦੀ ਖੋਜ ਕਰਦੀ ਹੈ, ਧਰਮ ਈਸ਼ਵਰ ਤੇ ਆਤਮਾ ਦੀ ਖ਼ਾਰਸ਼ ਕਿਸ ਤਰ੍ਹਾਂ ਹੁੰਦੀ ਹੈ ? ਭੂਚਾਲ ਕਿਸ ਤਰ੍ਹਾਂ ਆਉਂਦੇ ਹਨ ? ਸਾਇੰਸ ਦਸਦੀ ਹੈ । ਸਾਇੰਸ ਤੱਤਾਂ ਦੀ ਗਿਣਤੀ ਮਿਣਤੀ ਤੇ ਛਾਪ ਕਰਦੀ ਹੈ । ਇਸ ਪਾਸ ਸੀ. ਜੀ. ਐਸ. ਸਿਸਟਮ ਹੈ । ਸੈਂਟੀਮੀਟਰ ਸਰਦੀ ਗਰਮੀ ਨਾਪਣ ਲਈ ਗਰਾਮ ਵਜ਼ਨ ਲਈ ਤੇ ਸੈਕੰਡ ਸਮੇਂ ਦਾ ਨਾਪ ਕਰਨ ਲਈ ਹੈ । ਸਾਇੰਸਦਾਨ ਪਹਿਲੇ ਕਿਸੇ ਚੀਜ਼ ਨੂੰ ਵੇਖਦਾ ਹੈ, ਫਿਰ ਉਸ ਦੀ ਛਾਣ ਬੀਣ ਕਰਕੇ ਤਜਰਬਾ ਕਰਦਾ ਹੈ । ਉਸ ਲਈ ਨਾਪ ਤਜਵੀਜ਼ ਕਰਦਾ ਹੈ। ਅਖੀਰ ਵਿਚ 'ਫਾਰਮੂਲਾ' ਪੇਸ਼ ਕਰਦਾ ਹੈ, ਜੋ ਵਸਤੂ ਪ੍ਰਤਖ ਨਾ ਹੋਵੇ, ਤਜਰਬੇ ਵਿਚ ਆਵੇ, ਸਾਇੰਸ ਉਸ ਨੂੰ ਨਹੀਂ ਮੰਨਦੀ।

---

*ਹਮਾਯੂੰ, ਦਸੰਬਰ ੧੯੩੯

ਧਰਮ ਪਰੇਮ, ਸ਼ਰਧਾ, ਭਗਤੀ ਅਤੇ ਵਿਸ਼ਵਾਸ਼ ਦਵਾਰਾ ਅਨੁਭਵ ਤੇ ਆਤਮਿਕ ਗਿਆਨ ਦਿੰਦਾ ਹੈ। ਦੋਹਾਂ ਦਾ ਰਸਤਾ ਆਪਣਾ ਆਪਣਾ ਹੈ। ਮਜ਼੍ਹਬ ਸਾਇੰਸ ਦਾ ਵਿਰੋਧੀ ਨਹੀਂ।

ਪੱਛਮ ਵਿਚ ਈਸਾਈ ਮਜ਼੍ਹਬ ਨੇ ਸਾਇੰਸ ਦੀ ਹਰ ਖੋਜ ਨੂੰ ਮਾੜਾ ਕਿਹਾ। ਬਰੂਨੋ, ਲਾਇਲ, ਹਕਸਲੇ ਕਪੂਰ ਨਿਕਸ, ਗਲੀਲੀਉ, ਡਾਰਵਿਨ, ਸਪੈਂਸਰ ਆਦਿਕਾਂ ਨੂੰ ਦੁਖ ਦਿਤਾ। ਗਣਿਤ ਵਿਦਿਆ ਦੀ ਇਕ ਵਿਦਵਾਨ ਗਰੀਕ ਇਸਤਰੀ ਹਾਈਪੇਸ਼ੀਆ ਨੂੰ ਬੇ-ਰਹਿਮੀ ਨਾਲ ਕਤਲ ਕੀਤਾ। ਸਪੇਨ ਵਿਚ ਇਕ ਮਜ਼੍ਹਬੀ ਅਦਾਲਤ ਨੇ ੧੦,੨੨੨ ਮਨੁਖਾਂ ਨੂੰ ਜੀਊਂਦੇ ਹੀ ਸਾੜਿਆ ਇਸ ਨੇ ੧੪੮੧ ਤੋਂ ੧੪੯੯ ਈ: ਤਕ ੩੪੦,੦੦੦ ਆਦਮੀਆਂ ਨੂੰ ਮਰਵਾਇਆ, ਇਸ ਲਈ ਮਜ਼੍ਹਬ ਨੂੰ ਸਾਇੰਸ ਦਾ ਦੁਸ਼ਮਣ ਸਮਝਿਆ ਗਿਆ। ਬਕਲ ਲਿਖਦਾ ਹੈ, 'ਯੂਰਪ ਦੀ ਉਨਤੀ ਮਜ਼੍ਹਬ ਨੂੰ ਛਡਣ ਕਰਕੇ ਹੋਈ। ਮਜ਼੍ਹਬ ਜਿਤਨਾ ਕਮਜ਼ੋਰ ਹੋਇਆ, ਯੂਰਪ ਉਤਨਾ ਅਗੇ ਵਧਿਆ। ਦਿਮਾਗ਼ੀ ਗੁਲਾਮੀ ਦੇ ਨਾਲ ਹੀ ਸਰੀਰਕ ਗੁਲਾਮੀ ਦਾ ਖਾਤਮਾ ਹੋ ਗਿਆ। ਮਜ਼੍ਹਬ ਪੁਰਾਤਨਤਾ ਤੇ ਸਥਿਰਤਾ ਨੂੰ ਪਸੰਦ ਕਰਦਾ ਹੈ, ਉਨਤੀ, ਨਵੀਨਤਾ ਤੇ ਪ੍ਰੀਵਰਤਨ ਦੁਸ਼ਮਣ ਹੈ। ਸੁਤੰਤਰਤਾ ਤੇ ਨਵੀਨਤਾ ਹੀ ਤਰਕੀ ਦੇ ਸਾਧਨ ਹਨ। ਮਜ਼੍ਹਬ ਦਾ ਆਦਰਸ਼ ਇਸ ਸੰਸਾਰ ਵਿਚ ਲੋਕਾਂ ਨੂੰ ਚੰਗਾ ਤੇ ਸੁਖੀ ਬਨਾਉਣਾ ਨਹੀਂ, ਪ੍ਰਲੋਕ ਵਿਚ ਸਵਰਗ ਤੇ ਮੁਕਤੀ ਦੇ ਝੂਠੇ ਲਾਰੇ ਦੇਣਾ ਹੈ। ਇਹ ਜਗਤ ਨੂੰ ਮਿਥਿਆ ਦਸਦਾ ਹੈ। ਵੈਰਾਗ, ਤਿਆਗ, ਨਿਰਾਸ਼ਾਵਾਦ, ਪ੍ਰਾਲਬਧ ਆਦਿਕ ਖਿਆਲ ਦਿੰਦਾ ਹੈ। ਇਸ ਲਈ ਸੰਸਾਰਕ ਉਨਤੀ ਦਾ ਵਿਰੋਧੀ ਹੈ। ਮਜ਼੍ਹਬ ਦੀ ਜੜ੍ਹ ਵਿਸ਼ਵਾਸ ਤੇ ਸ਼ਰਧਾ ਤੇ ਹੈ, ਇਹ ਅਕਲ ਦਲੀਲ ਦੀ ਕੋਈ ਗਲ ਨਹੀਂ ਸੁਣਦਾ।

ਪੱਛਮੀ ਲੋਕਾਂ ਨੇ ਈਸਾਈਅਤ ਤੋਂ ਖਿਝ ਕੇ ਇਹ ਰਾਇ ਕਾਇਮ ਕੀਤੀ ਹੈ। ਅਸਲੀਅਤ ਇਹ ਹੈ ਕਿ ਅਗਰ ਧਰਮ ਨਾ ਹੁੰਦਾ ਤਾਂ ਸਮਾਜ ਪਸ਼ੂਆਂ ਦਾ ਹੁੰਦਾ। ਮਜ਼੍ਹਬ ਸਾਰੇ ਰਸਮਾਂ ਰਿਵਾਜਾਂ ਕਾਨੂੰਨਾਂ ਤੇ ਨਿਯਮਾਂ

ਦਾ ਜਨਮ-ਦਾਤਾ ਹੈ । ਇਸੇ ਰਾਹੀਂ ਸਾਰਾ ਸਮਾਜਕ ਪ੍ਰਬੰਧ ਕਾਇਮ ਹੋਇਆ ਹੈ। ਰੱਬ ਦੇ ਵਿਸ਼ਵਾਸ ਨੇ ਮਨੁਖ ਨੂੰ ਆਤਮਿਕ ਸ਼ਕਤੀ ਦਿਤੀ ਹੈ। ਇਸ ਨੇ ਮਨੁਖ ਨੂੰ ਇਖਲਾਕ ਸਿਖਾਇਆ ਤੇ ਪਸ਼ੂ ਬ੍ਰਿਤੀਆਂ ਤੇ ਕਾਬੂ ਪਾਉਣਾ ਹੈ।

ਸਾਇੰਸ ਦਾ ਉਦੇਸ਼ ਸੰਸਾਰ ਵਿਚ ਸੁਖ, ਆਰਾਮ, ਅਮਨ ਤੇ ਖੁਸ਼ਹਾਲੀ ਲਿਆਉਣਾ ਸੀ। ਪਰ ਕੀ ਸਾਇੰਸ ਇਸ ਮਕਸਦ ਲਈ ਵਰਤੀ ਜਾ ਰਹੀ ਹੈ ? ਬਿਲਕੁਲ ਨਹੀਂ, ਸਗੋਂ ਤਬਾਹੀ ਦਾ ਕਾਰਣ ਬਣ ਰਹੀ ਹੈ, ਇਸ ਵਿਚ ਸਾਇੰਸ ਦਾ ਕਸੂਰ ਨਹੀਂ, ਪੱਛਮੀ ਕੌਮਾਂ ਦੀ ਮਨੋਬਿਰਤੀ ਦਾ ਕਸੂਰ ਹੈ। ਮਜ਼੍ਹਬ ਸਬੰਧੀ ਵੀ ਇਹੋ ਗਲ ਸਮਝ ਲੈਣੀ ਚਾਹੀਦੀ ਹੈ। ਸਾਇੰਸ ਆਤਮਿਕ ਧੁਰੇ ਤੋਂ ਹਿਲ ਗਈ ਹੈ । ਇਸ ਲਈ ਮਾਨਸਿਕ ਬੇਚੈਨੀ ਵਧ ਗਈ ਹੈ । ਸੰਸਾਰ ਵਿਚ ਅਮਨ ਮਨ ਦੀ ਸ਼ਾਂਤੀ ਨਾਲ ਹੋ ਸਕਦਾ ਹੈ ਤੇ ਮਨ ਦੀ ਸ਼ਾਂਤੀ ਵਾਹਿਗੁਰੂ ਨਾਲ ਜੁੜ ਕੇ ਮਿਲਦੀ ਹੈ।

ਪਰੋਫੈਸਰ ਕਿੰਗ ਫੋਰਡ ਕਲਿਫਰਡ, ਜਾਰਜ ਰੋਮਾਨਸ ਆਦਿਕ ਸਾਇੰਸਦਾਨ ਆਸਤਕ ਹੋਏ ਹਨ । ਵਿਲੀਅਮ ਜੇਮਜ਼ ਕਹਿੰਦਾ ਹੈ, 'ਮਨੁਖ ਦੀ ਇਹ ਭਾਰੀ ਲੋੜ ਹੈ ਕਿ ਇਸ ਸ੍ਰਿਸ਼ਟੀ ਵਿਚ ਉਹ ਰੱਬ ਨੂੰ ਮਲੂਮ ਕਰੇ ।' ਅਲਫਰੇਡ ਟੈਨੀਸਨ ਕਹਿੰਦਾ ਹੈ, 'ਜੇ ਕਰ ਤੁਸੀਂ ਰੱਬ ਦੇ ਭਰੋਸੇ ਨੂੰ ਛੱਡ ਦਿਓ ਤਾਂ ਤੁਸੀਂ ਇਖਲਾਕ ਨੂੰ ਛੱਡਦੇ ਹੋ, ਜੋ ਸੰਸਾਰ ਦੀ ਰੀੜ ਦੀ ਹੱਡੀ ਹੈ* ।' ਵੀਹਵੀਂ ਸਦੀ ਵਿਚ ਐਡਿੰਗਟਨ ਵਰਗੇ ਸਾਇੰਸਦਾਨ ਹੋਏ ਹਨ, ਜਿਹਨਾਂ ਨੇ ਆਤਮਾਂ ਤੇ ਵਾਹਿਗੁਰੂ ਦੀ ਹੋਂਦ ਨੂੰ ਜ਼ੋਰ ਨਾਲ ਮੰਨਿਆ ਹੈ। ਸਿੱਖ ਧਰਮ ਨੇ ਖੋਜ ਲਈ ਬੜੀ ਖੁਲ੍ਹ ਦਿਤੀ ਹੈ।

---

*ਮਾਡਰਨ ਰੀਵੀਊ ਨਵੰਬਰ ੧੯੩੬

ਸਤਿਗੁਰੂ ਜੀ ਫੁਰਮਾਉਂਦੇ ਹਨ—

(੧) **ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨੁ ॥**
ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ ॥

(ਵਾਰ ਸਾਰੰਗ ਮ: ੧)

(੨) **ਬਿਬੇਕ ਬੁਧਿ ਸਭ ਜਗ ਮਹਿ ਨਿਰਮਲ**
ਬਿਚਰਿ ਬਿਚਰਿ ਰਸੁ ਪੀਜੈ ॥

(ਕਲਿਆਣ ਮ: ੪)

ਉਪਰੋਕਤ ਵਾਕਾਂ ਅਨੁਸਾਰ ਗੁਰਦੇਵ ਸਿੱਖ ਨੂੰ ਹਰ ਪ੍ਰਕਾਰ ਦੀ ਖੋਜ ਦੀ ਪਰੇਰਨਾ ਕਰਦੇ ਹਨ । ਇਸ ਲਈ ਸਿੱਖ ਧਰਮ ਸਾਇੰਸ ਜਾਂ ਸਾਇੰਟੇਫਿਕ ਜੀਵਨ ਦੇ ਵਿਰੁਧ ਨਹੀਂ ।

❋
❋ ❋

੩੨.

ਮਜ਼੍ਹਬ ਤੇ ਇਖ਼ਲਾਕ

ਸਿੱਖ ਧਰਮ ਅਨੁਸਾਰ ਸਦਾਚਾਰ ਅਰਥਾਤ ਇਖਲਾਕ ਧਰਮ ਦਾ ਇਕ ਅੰਗ ਹੈ। ਈਸ਼ਵਰ ਨਾਲ ਜੁੜਨ ਦਾ ਨਾਂ ਪ੍ਰੇਮਭਗਤੀ ਹੈ। ਮਨੁਖਾਂ ਨਾਲ ਚੰਗੇ ਵਰਤਾਉ ਦਾ ਨਾਂ ਇਖਲਾਕ ਹੈ। ਧਰਮ ਸਮਾਜਕ ਨਿਯਮਾਂ ਤੇ ਕਾਨੂੰਨ ਦਾ ਜਨਮ ਦਾਤਾ ਹੈ, ਇਸ ਤਰ੍ਹਾਂ ਇਖਲਾਕ ਵੀ ਇਸ ਦਾ ਹਿੱਸਾ ਹੈ। ਜੋ ਆਦਮੀ ਧਰਮ ਉਤੇ ਨਿਸਚਾ ਰਖਦਾ ਹੈ, ਉਸ ਲਈ ਸਦਾਚਾਰੀ ਤੇ ਇਖਲਾਕੀ ਹੋਣਾ ਜ਼ਰੂਰੀ ਹੈ। ਜੋ ਨਿਰਾ ਇਖਲਾਕ ਉਤੇ ਭਰੋਸਾ ਰਖਦਾ ਹੈ, ਉਹ ਧਰਮ ਤੋਂ ਇਨਕਾਰੀ ਵੀ ਹੋ ਸਕਦਾ ਹੈ। ਗੁਰੂ ਸਾਹਿਬ ਕਹਿੰਦੇ ਹਨ—

ਸਚਹੁ ਓਰੈ ਸਭ ਕੋ ਊਪਰ ਸਚੁ ਆਚਾਰੁ ॥

ਭਾਵ— ਸੱਚ ਤੋਂ ਉਰੇ ਸਾਰੀਆਂ ਗੱਲਾਂ ਹਨ, ਇਸ ਦੇ ਉਪਰ ਸੱਚ ਦੀ ਕਮਾਈ ਅਰਥਾਤ ਆਚਰਣ ਹੈ। ਇਖਲਾਕ ਆਚਰਣ ਨੂੰ ਪਰਗਟ ਕਰਦਾ ਹੈ।

ਜਦ ਮਨ ਤੇ ਇੰਦਰੀਆਂ ਬੁਧੀ ਦੇ ਅਧੀਨ ਰਹਿ ਕੇ ਕਰਮ ਕਰਦੀਆਂ ਹਨ, ਉਦੋਂ ਤੀਕ ਮਨੋ-ਕਾਮਨਾਵਾਂ ਪਵਿੱਤਰ ਰਹਿੰਦੀਆਂ ਹਨ। ਇਸ ਤਰ੍ਹਾਂ ਜੀਵਨ ਦੇ ਕੰਮ ਕਰਨੇ ਹੀ ਇਖਲਾਕ ਹਨ। ਜਦ ਇਸ ਦੇ ਵਿਰੁਧ ਕਰਦੇ ਹਾਂ ਤਾਂ ਬਦ-ਇਖਲਾਕੀ ਹੁੰਦੀ ਹੈ।

(ਗੀਤਾ ਰਹਸਯ ਪੰਨਾ ੧੩੨)

ਇਖਲਾਕ ਦੀ ਇਕ ਤਾਰੀਫ ਇਹ ਕੀਤੀ ਗਈ ਹੈ—'ਜਿਨ੍ਹਾਂ ਅਸੂਲਾਂ ਤੇ ਨਿਯਮਾਂ ਅਨੁਸਾਰ ਮਨੁਖ ਸ਼ਖਸੀ ਅਤੇ ਸਮਾਜਕ ਤੌਰ ਤੇ ਹਰ ਪਹਿਲੂ ਤੋਂ ਉਨਤੀ ਕਰੇ, ਉਸ ਨੂੰ ਆਪਣੇ ਜੀਵਨ ਵਿਚ ਸਚਾ ਸੁਖ ਮਿਲੇ, ਇਸ ਦਾ ਨਾਂ ਇਖਲਾਕ ਜਾਂ ਸਰਸ਼ਟਾਚਾਰ ਹੈ।'*

ਅਰਸਤੂ ਇਖਲਾਕ ਦੀ ਨੀਂਹ ਦੋ ਗਲਾਂ ਤੇ ਰਖਦਾ ਹੈ—

(੧) ਮਨੁਖ ਦੇ ਕੀ ਫਰਜ਼ ਹਨ ?

(੨) ਭਲਿਆਈ ਕਿਸ ਗਲ ਵਿਚ ਹੈ ਮਨੁਖ ਸਭ ਤੋਂ ਪਹਿਲੇ ਨੇਕੀ ਦੀਆਂ ਖੂਬੀਆਂ ਮਾਲੂਮ ਕਰੇ, ਜਦ ਉਹਨਾਂ ਤੋਂ ਜਾਣੂ ਹੋ ਜਾਵੇ ਤਾਂ ਫਿਰ ਨੇਕੀ ਕਰਨ ਲਈ ਜਤਨ ਕਰੇ । ਇਸੇ ਤਰ੍ਹਾਂ ਉਹ ਇਖਲਾਕ ਦਾ ਰੂਪ ਹੋ ਜਾਵੇਗਾ।()

ਮਨੁਖ ਸਮਾਜ ਇਖਲਾਕ ਤੋਂ ਬਿਨਾਂ ਕਾਇਮ ਨਹੀਂ ਰਹਿ ਸਕਦਾ। ਇਖਲਾਕ ਚੰਗੇ ਤੇ ਪਵਿੱਤਰ ਨਿਯਮਾਂ ਦਾ ਨਾਂ ਹੈ। ਜੇਕਰ ਅਸੂਲਾਂ ਦੀ ਪਵਿੱਤਰਤਾ ਤੇ ਸਪਿਰਟ ਕਾਇਮ ਰਹੇ ਤਾਂ ਉਹ ਲੱਖਾਂ ਆਦਮੀਆਂ ਦੇ ਜੀਵਨ ਨੂੰ ਬਣਾਉਂਦੀ ਹੈ । ਨੇਕ ਆਦਮੀ ਪੈਦਾ ਹੋ ਸਕਦੇ ਹਨ। ਜੇ ਇਖਲਾਕ ਹੀ ਨਾ ਰਹੇ ਜਾਂ ਨਿਸਚੇ ਵਿਗੜ ਜਾਣ ਤਾਂ ਉਨਤੀ ਰੁਕ ਜਾਂਦੀ ਹੈ ਤੇ ਮਨੁਖ ਅਧੋਗਤੀ ਵਲ ਚਲਾ ਜਾਂਦਾ ਹੈ।

ਇਖਲਾਕ ਦਾ ਮੁੱਢ ਹੈ ਕਿ ਮਨੁਖ ਸ਼ਖਸੀ ਸੁਖ ਲਈ ਇਸ ਤਰ੍ਹਾਂ ਜੀਵਨ ਨੂੰ ਬਣਾਵੇ, ਜਿਸ ਵਿਚ ਉਸ ਦਾ ਆਪਣਾ ਲਾਭ ਅਤੇ ਪੂਰਨ ਵਿਕਾਸ ਹੋਵੇ, ਪਰ ਦੂਸਰਿਆਂ ਨੂੰ ਕੋਈ ਨੁਕਸਾਨ ਨਾ ਪਹੁੰਚੇ। ਇਖਲਾਕ ਦਾ ਸਬੰਧ ਸਾਡੀ ਸ਼ਖਸੀਅਤ ਨਾਲ ਹੁੰਦਾ ਹੈ, ਪਰ ਇਸ ਦਾ ਅਸਰ ਸਾਰੇ ਸਮਾਜ ਤੇ ਪੈਂਦਾ ਹੈ। ਸ਼ਖਸੀ ਆਚਰਣ ਉਚਾ ਹੋਣ ਨਾਲ

---

*ਇਖਲਾਕ ਤੇ ਮਜ਼ੂਬ, ਲਿਖਤ ਗੋਵਰਧਨ ਲਾਲ ਐਮ. ਏ.

()ਜੀਵਨ ਅਰਸਤੂ, ਲਿਖਤ ਮੁਨਸ਼ੀ ਰਾਮ ਅਗਰਵਾਲ ।

ਸਮਾਜ ਦੀ ਹਾਲਤ ਉਚੀ ਹੁੰਦੀ ਹੈ । ਹਰੇਕ ਵਯਕਤੀ ਦੀ ਉਨਤੀ ਤੇ ਪ੍ਰਸੰਨਤਾ ਵਿਚ ਸਮਾਜ ਦਾ ਭਲਾ ਹੈ । ਪਰ ਕਿਸੇ ਮਨੁਖ ਨੂੰ ਇਹ ਹੱਕ ਨਹੀਂ ਕਿ ਉਹ ਸਮਾਜ ਦਾ ਨੁਕਸਾਨ ਕਰਕੇ ਆਪਣਾ ਭਲਾ ਕਰੇ । ਸਮਾਜ ਤੇ ਵਯਕਤੀ ਦੇ ਲਾਭ ਇਕਸਾਰ ਹੋਣ ਤਦ ਹੀ ਸਹੀ ਉਨਤੀ ਹੈ ।

ਪਿਛੇ ਅਸੀਂ 'ਪੁੰਨ ਪਾਪ' ਦੇ ਪ੍ਰਕਰਣ ਵਿਚ ਦਸ ਆਏ ਹਾਂ ਕਿ ਪੁੰਨ ਪਾਪ ਦੀ ਹੋਂਦ ਉਸ ਵਕਤ ਹੁੰਦੀ ਹੈ, ਜਦ ਮਨੁਖ ਸਮਾਜ ਬਣਦਾ ਹੈ । ਇਕਲਾ ਮਨੁਖ ਪਾਪੀ ਤੇ ਪੁੰਨੀ ਨਹੀਂ ਹੋ ਸਕਦਾ । ਇਹੋ ਗਲ ਸਦਾਚਾਰ ਜਾਂ ਇਖਲਾਕ ਤੇ ਘਟਦੀ ਹੈ । ਇਕ ਨਿਰਜਨ ਬਨ ਜਾਂ ਸੁੰਨਸਾਨ ਟਾਪੂ ਵਿਚ ਜਿਥੇ ਕੋਈ ਆਦਮੀ ਨਹੀਂ ਰਹਿੰਦਾ, ਜਿਥੇ ਮਨੁਖ ਦੇ ਆਚਰਣ ਦਾ ਕਿਸੇ ਦੂਸਰੇ ਤੇ ਪ੍ਰਭਾਵ ਨਹੀਂ ਪੈਂਦਾ, ਉਸ ਹਾਲਤ ਵਿਚ ਮਨੁਖ ਅਕਲਮੰਦ ਹੋ ਸਕਦਾ ਹੈ, ਪਵਿੱਤਰ ਆਚਰਣ ਵਾਲਾ ਨਹੀਂ । ਮੂਰਖ ਅਖਵਾ ਸਕਦਾ ਹੈ, ਪਰ ਬੁਰਾ ਨਹੀਂ ਹੋ ਸਕਦਾ । ਨੇਕੀ ਅਤੇ ਬਦੀ ਕਰਨ ਵਾਸਤੇ ਕਿਸੇ ਦੂਸਰੇ ਆਦਮੀ ਦੀ ਲੋੜ ਹੈ । ਇਕੱਲੇ ਆਦਮੀ ਦੇ ਨਾਲ ਕੋਈ ਇਖਲਾਕੀ ਖੂਬੀ ਜਾਂ ਬੁਰਾਈ ਨਹੀਂ ਜੋੜੀ ਜਾ ਸਕਦੀ ਇਖਲਾਕ ਤੇ ਇਖਲਾਕੀ ਸਬੰਧ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਘਟੋ ਘਟ ਦੋ ਮਨੁਖ ਜ਼ਰੂਰ ਹੋਣ । ਸੱਚ ਬੋਲਣਾ ਇਖਲਾਕੀ ਗੁਣ ਹੈ, ਪਰ ਜਿਥੇ ਕੋਈ ਹੈ ਹੀ ਨਹੀਂ, ਉਥੇ ਕਿਸ ਨਾਲ ਸੱਚ ਬੋਲੋਗੇ ? ਚੋਰੀ ਮਾੜੀ ਹੈ, ਜਿਥੇ ਕੋਈ ਘਰ ਨਹੀਂ, ਕਿਸ ਦੀ ਚੋਰੀ ਕਰੋਗੇ ? ਇਸ ਲਈ ਮੰਨਣਾ ਪਵੇਗਾ ਕਿ ਇਖਲਾਕ ਇਕ ਸਬੰਧਤ ਗੁਣ ਹੈ ।

ਜਿਹਨਾਂ ਦੋ ਵਯਕਤੀਆਂ ਦੇ ਵਿਚਕਾਰ ਇਖਲਾਕੀ ਸਬੰਧ ਹੋਵੇ, ਉਹਨਾਂ ਦਾ ਚੇਤਨ ਤੇ ਗਿਆਨਵਾਨ ਹੋਣਾ ਜ਼ਰੂਰੀ ਹੈ । ਉਨ੍ਹਾਂ ਵਿਚ ਦੁਖ ਸੁਖ ਦਾ ਅਹਿਸਾਸ ਤੇ ਅਨੁਭਵ ਹੋਣਾ ਚਾਹੀਦਾ ਹੈ । ਸਾਡਾ ਬੇ-ਜਾਨ ਚੀਜ਼ਾਂ ਨਾਲ ਕੋਈ ਇਖਲਾਕੀ ਸਬੰਧ ਨਹੀਂ, ਜਿਸ ਤਰ੍ਹਾਂ

ਭਾਂਡੇ, ਕਪੜੇ, ਪੁਸਤਕ ਤੇ ਮੋਟਰ ਆਦਿਕ ਹਨ। ਮਨੁਖਾਂ ਜਾਨਵਰਾਂ ਤੇ ਪੰਛੀਆਂ ਨਾਲ ਸਾਡਾ ਇਖਲਾਕੀ ਸਬੰਧ ਹੈ। ਗੁਸੇ ਵਿਚ ਆ ਕੇ ਆਪਣੇ ਭਾਂਡੇ ਜਾਂ ਮੋਟਰ ਭੰਨ ਤੋੜ ਸਕਦੇ ਹਾਂ। ਮੂਰਖ ਸਮਝੇ ਜਾਵਾਂਗੇ ਪਰ ਮੁਜਰਮ ਨਹੀਂ। ਪਸ਼ੂਆਂ ਨਾਲ ਮਾੜਾ ਵਰਤਾਉ ਕਰਾਂਗੇ ਤਾਂ ਦੋਸ਼ੀ, ਕਿਸੇ ਮਨੁਖ ਨਾਲ ਮਾੜਾ ਵਿਹਾਰ ਕਰਾਂਗੇ ਤਾਂ ਧਾਰਮਿਕ, ਇਖਲਾਕੀ ਅਤੇ ਕਾਨੂੰਨੀ ਮੁਜਰਮ ਸਮਝੇ ਜਾਵਾਂਗੇ। ਜਿਸ ਜੀਵ ਵਿਚ ਜਿਤਨੀ ਵਧੇਰੇ ਦੁਖ ਸੁਖ ਅਨੁਭਵ ਕਰਨ ਦੀ ਸ਼ਕਤੀ ਹੋਵੇਗੀ ਉਤਨਾ ਹੀ ਸਾਡਾ ਉਸ ਨਾਲ ਵਧੇਰੇ ਇਖਲਾਕੀ ਸਬੰਧ ਹੋਵੇਗਾ।

ਪੱਛਮੀ ਵਿਦਵਾਨਾਂ ਦੀ ਰਾਇ ਹੈ ਕਿ ਸਾਰੇ ਇਖਲਾਕੀ ਅਸੂਲਾਂ ਦੀ ਉਨਤੀ ਖਾਨਦਾਨੀ ਗੁਣਾਂ ਅਤੇ ਕੁਦਰਤੀ ਨਿਯਮਾਂ ਦੇ ਮੁਤਾਬਿਕ ਹੋਈ ਹੈ। ਇਹਨਾਂ ਵਿਚੋਂ ਕਈ ਗੱਲਾਂ ਜਾਨਵਰਾਂ ਵਿਚ ਵੀ ਮਿਲਦੀਆਂ ਹਨ। ਇਸ ਬਿਨਾਅ ਤੇ ਨਵੀਨ ਨਾਸਤਕ ਕਹਿੰਦੇ ਹਨ, ਮਜ਼੍ਹਬ ਤੇ ਇਖਲਾਕ ਦਾ ਕੋਈ ਸਬੰਧ ਨਹੀਂ, ਇਖਲਾਕ ਮਜ਼੍ਹਬ ਤੋਂ ਬਹੁਤ ਪਹਿਲੇ ਪੈਦਾ ਹੋਇਆ ਹੈ, ਇਖਲਾਕ ਜੰਗਲੀ ਕੌਮਾਂ ਵਿਚ ਵੀ ਪਾਇਆ ਜਾਂਦਾ ਹੈ, ਜਿਹਨਾਂ ਨੂੰ ਮਜ਼੍ਹਬ ਦਾ ਕੋਈ ਪਤਾ ਨਹੀਂ। ਕੁੱਤੇ ਤੇ ਘੋੜੇ ਦੀ ਵਫ਼ਾਦਾਰੀ, ਸ਼ਹਿਦ ਦੀਆਂ ਮੱਖੀਆਂ ਦਾ ਜਥੇਬੰਦ ਜੀਵਨ, ਜਾਨਵਰਾਂ ਦਾ ਬੱਚਿਆਂ ਨਾਲ ਪਿਆਰ ਕਰਨਾ ਇਖਲਾਕੀ ਗੁਣ ਹਨ। ਇਹ ਪਸ਼ੂਆਂ ਵਿਚ ਵੀ ਮਿਲਦੇ ਹਨ, ਇਸ ਲਈ ਇਖਲਾਕ ਧਰਮ ਦਾ ਅੰਗ ਨਹੀਂ ਤੇ ਨਾ ਹੀ ਇਸ ਤੋਂ ਪੈਦਾ ਹੋਇਆ ਹੈ। ਇਖਲਾਕ ਨੇ ਹੌਲੀ ਹੌਲੀ ਉਨਤੀ ਕੀਤੀ ਹੈ। ਮਨੁਖ ਨੇ ਗਿਆਨ, ਤਜਰਬੇ ਅਤੇ ਕੁਦਰਤੀ ਕਾਨੂੰਨਾਂ ਰਾਹੀਂ ਇਖਲਾਕੀ ਵਿਕਾਸ ਕੀਤਾ ਹੈ।

ਅਸੀਂ ਨਾਸਤਕਾਂ ਦੀ ਇਸ ਰਾਇ ਨੂੰ ਪ੍ਰਵਾਨ ਨਹੀਂ ਕਰਦੇ। ਸਾਡੀ ਰਾਇ ਹੈ ਕਿ ਜਿਸ ਦਿਨ ਮਨੁਖ ਨੇ ਧਰਮ ਨੂੰ ਸਮਝਿਆ, ਉਸ ਦਿਨ ਸਮਾਜ ਬਣਾਇਆ। ਉਸੇ ਦਿਨ ਇਖਲਾਕ ਨੇ ਜਨਮ ਲਿਆ। ਇਸ ਲਈ ਇਖਲਾਕ ਧਰਮ ਦਾ ਇਕ ਅੰਗ ਹੈ। ਇਕ ਧਾਰਮਿਕ

ਆਦਮੀ ਲਈ ਇਖ਼ਲਾਕੀ ਹੋਣਾ ਜ਼ਰੂਰੀ ਹੈ। ਇਤਿਹਾਸ ਇਸ ਗਲ ਦੀ ਗਵਾਹੀ ਦਿੰਦਾ ਹੈ ਕਿ ਸਾਰੇ ਸਮਾਜਿਕ ਨਿਯਮਾਂ ਜਾਂ ਕਾਨੂੰਨਾਂ ਦਾ ਜਨਮ ਦਾਤਾ ਮਜ਼੍ਹਬ ਹੈ। ਇਖ਼ਲਾਕ ਵੀ ਤੇ ਚੰਗੇ ਜੀਵਨ ਨਿਯਮਾਂ ਦਾ ਨਾਂ ਹੈ, ਇਸ ਲਈ ਇਹ ਮਜ਼੍ਹਬ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਪਸ਼ੂ ਜੋ ਕੁਝ ਕਰਦੇ ਹਨ, ਸਭ ਸੁਭਾਵਕ ਕਰਦੇ ਹਨ। ਉਹ ਕਿਸੇ ਗਲ ਨੂੰ ਚੇਤੇ ਨਹੀਂ ਰਖ ਸਕਦੇ। ਜੀਵਨ ਨੂੰ ਬਦਲ ਨਹੀਂ ਸਕਦੇ। ਮੱਛੀ ਸਦੀਆਂ ਤੋਂ ਕੁੰਡੀ ਵਿਚ ਫਸਦੀ ਆਈ ਹੈ, ਫਸਦੀ ਚਲੀ ਜਾਵੇਗੀ, ਪਰ ਮਨੁਖ ਇਕ ਤਜਰਬੇ ਤੋਂ ਫ਼ਾਇਦਾ ਉਠਾ ਕੇ ਖ਼ਤਰਿਆਂ ਤੋਂ ਬਚ ਸਕਦਾ ਹੈ। ਪਸ਼ੂਆਂ ਦੀਆਂ ਹਰਕਤਾਂ ਨੂੰ ਇਖ਼ਲਾਕ ਨਹੀਂ ਕਿਹਾ ਜਾ ਸਕਦਾ ਹੈ। 'ਮੈਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ?' ਇਹ ਸੂਝ ਮਨੁਖ ਨੂੰ ਹੈ, ਇਹੀ ਇਖ਼ਲਾਕ ਦੀ ਜੜ੍ਹ ਹੈ, ਇਸ ਲਈ ਇਖ਼ਲਾਕ ਮਨੁਖ ਲਈ ਹੀ ਹੈ। ਚੰਗੇ ਮੰਦੇ ਕੰਮ ਤੇ ਨੇਕੀ ਬਦੀ ਦਾ ਨਿਰਣਾ ਧਰਮ ਕਰਦਾ ਹੈ। ਇਸ ਲਈ ਇਖ਼ਲਾਕ ਧਰਮ ਦਾ ਇਕ ਅੰਗ ਹੈ। ਇਖ਼ਲਾਕ ਲਈ ਤਿੰਨ ਨਿਯਮ ਹਨ—

(੧) ਤੁਸੀਂ ਦੂਸਰਿਆਂ ਨਾਲ ਉਹ ਵਰਤਾਉ ਕਰੋ, ਜੈਸਾ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਨਾ ਕਰਨ।

(੨) ਦੂਜਿਆਂ ਨਾਲ ਅਜਿਹਾ ਵਰਤਾਉ ਨਾ ਕਰੋ, ਜੋ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ।

(੩) ਇਖ਼ਲਾਕ ਦੀ ਆਖ਼ਰੀ ਹਦ ਹੈ—ਆਪਣੇ ਗਵਾਂਢੀਆਂ ਨਾਲ ਉਹੋ ਜਿਹਾ ਪਿਆਰ ਕਰੋ, ਜਿਹਾ ਤੁਸੀਂ ਆਪਣੇ ਨਾਲ ਕਰਦੇ ਹੋ।

ਸਿੱਖ ਧਰਮ ਇਸ ਹੱਦ ਤੋਂ ਅਗੇ ਗਿਆ ਹੈ। 'ਜੋ ਦੀਸੈ ਸੋ ਤੇਰਾ ਰੂਪ' ਭਾਵ ਸਾਰਿਆਂ ਵਿਚ ਇਕੋ ਜੋਤ ਕੰਮ ਕਰਦੀ ਹੈ, ਇਸ ਲਈ ਮਾੜਾ ਵਰਤਾਉ ਕਿਸ ਨਾਲ ਕੀਤਾ ਜਾਵੇ ? ਸਿੱਖ ਧਰਮ ਵਿਚ ਆਚਰਣ ਦੀ ਉਸਾਰੀ ਲਈ 'ਧੁਰਾ' ਗੁਰੂ ਪ੍ਰਮੇਸ਼ਰ ਨੂੰ ਬਣਾਇਆ ਹੈ। ਨਾਸਤਕ ਕਹਿੰਦਾ ਹੈ, 'ਮਨੁਖ ਦਾ ਇਖਲਾਕ ਆਪਣੇ ਅਨੁਭਵ ਤੇ ਤਜਰਬੇ ਨਾਲ ਬਣਦਾ ਹੈ।' ਜੇ ਏਹੀ ਗਲ ਹੋਵੇ ਤਾਂ ਹਰੇਕ ਮਨੁਖ ਦਾ ਵਖੋ ਵਖ ਆਦਰਸ਼ ਹੋਵੇ। ਪਰ ਕਰੋੜਾਂ ਮਨੁਖਾਂ ਨੂੰ ਆਪਣੇ ਅਨੁਭਵ ਜਾਂ ਤਜਰਬੇ ਦਾ ਕੋਈ ਇਲਮ ਨਹੀਂ, ਇਸੇ ਲਈ ਮਜ਼੍ਹਬ ਨੂੰ ਕਬੂਲ ਕੀਤਾ ਗਿਆ।

ਸਿੱਖੀ ਵਿਚ ਇਖਲਾਕ ਲਈ ਨਮੂਨਾ ਗੁਰੂ ਹੈ ਅਤੇ ਗੁਰੂ ਦਾ ਆਦਰਸ਼ ਵਾਹਿਗੁਰੂ ਹੈ।

* * *

੩੩.

ਕਰਾਮਾਤ

ਕਰਾਮਾਤ ਕੀ ਹੈ ? ਇਸ ਸਬੰਧੀ ਸਾਡੇ ਦੇਸ਼ ਵਿਚ ਦੋ ਖਿਆਲ ਹਨ । ਇਕ ਇਹ ਕਿ ਈਸ਼ਵਰ 'ਕਲਾਧਾਰੀ' ਹੋ ਕੇ ਅਵਤਾਰ ਲੈਂਦਾ ਹੈ ਤੇ ਉਹ ਚਮਤਕਾਰ ਵਿਖਾਉਂਦਾ ਹੈ । ਦੂਜਾ ਖਿਆਲ ਇਹ ਕਿ ਯੋਗ ਦੇ ਸਾਧਨਾਂ ਨਾਲ ਮਾਨਸਿਕ ਸ਼ਕਤੀ ਵਧਦੀ ਹੈ, ਰਿਧੀਆਂ ਸਿਧੀਆਂ ਪ੍ਰਾਪਤ ਹੁੰਦੀਆਂ ਹਨ, ਜਿਹਨਾਂ ਨਾਲ ਮਨੁਖ ਬੁਧੀ ਨੂੰ ਹੈਰਾਨ ਕਰਨ ਵਾਲੀਆਂ ਗੱਲਾਂ ਕੀਤੀਆਂ ਜਾ ਸਕਦੀਆਂ ਹਨ । ਮਾਨਸਿਕ ਸ਼ਕਤੀਆਂ ਨੂੰ ਪ੍ਰਾਪਤ ਕਰਨ ਲਈ ਪਾਤੰਜਲੀ ਨੇ ਯਮ, ਨਿਯਮ, ਆਸਨ ਪ੍ਰਾਣਾਯਾਮ, ਧਾਰਨਾ, ਧਿਆਨ ਅਤੇ ਸਮਾਧੀ ਸਾਧਨ ਦਸੇ ਹਨ । ਹਠ ਯੋਗੀ ਕੁੰਡਲਨੀ (ਸਪਨੀ ਦੀ ਤਰ੍ਹਾਂ ਇਕ ਨਾੜੀ ਹੈ) ਨੂੰ ਜਗਾਉਣਾ ਸ਼ਕਤੀ ਪ੍ਰਾਪਤ ਕਰਨਾ ਸਮਝਦੇ ਹਨ ।

ਇਬਰਾਨੀ ਮਤਾਂ ਦਾ ਨਿਸਚਾ ਹੈ ਕਿ 'ਮੁਅਜਜ਼ਾ' ਪੈਗੰਬਰੀ ਦੀ ਇਕ ਸ਼ਰਤ ਹੈ, ਕੋਈ ਪੈਗੰਬਰ ਆਪਣੇ ਆਪ ਨੂੰ ਸਚਾ ਸਾਬਤ ਕਰਨ ਲਈ ਜੋ ਚਮਤਕਾਰ ਵਿਖਾਉਂਦਾ ਹੈ, ਉਸ ਨੂੰ 'ਮੁਅਜਜ਼ਾ' ਕਹਿੰਦੇ ਹਨ । ਇਸ ਤੋਂ ਥਲੇ ਹੈ—ਕਰਾਮਾਤਾਂ । ਜਦ ਰਬ ਨੂੰ ਕੋਈ ਪਹੁੰਚਿਆ ਹੋਇਆ ਫਕੀਰ ਜਾਂ ਵਲੀ ਅੱਲਾ ਕੋਈ ਅਲੌਕਿਕ ਗੱਲ ਕਰਦਾ ਹੈ, ਉਸ ਨੂੰ 'ਕਰਾਮਾਤ' ਕਹਿੰਦੇ ਹਨ । ਪੁਰਾਤਨ ਮਜ਼ਬ ਵਿਚ ਅਵਤਾਰਾਂ ਦੀਆਂ ਕਲਾ, ਜੋਗੀਆਂ ਦੀਆਂ ਰਿਧੀਆਂ ਸਿਧੀਆਂ ਪੈਗੰਬਰਾਂ ਦੇ ਮੁਅਜਜ਼ਿਆਂ ਤੇ ਫ਼ਕੀਰਾਂ ਦੀਆਂ ਕਰਾਮਾਤਾਂ ਦਾ ਬਹੁਤ ਵਰਨਣ ਮਿਲਦਾ ਹੈ ।

ਵਰਤਮਾਨ ਸਮੇਂ ਵਿਚ ਸਾਇੰਸਦਾਨ ਕਰਾਮਾਤਾਂ ਨੂੰ ਤੇ ਨਹੀਂ ਮੰਨਦੇ, ਮਾਨਸਿਕ ਸ਼ਕਤੀ ਨੂੰ ਮੰਨਦੇ ਹਨ। ਸੰਨ ੧੯੬੪ ਈ: ਵਿਚ ਕੁਝ ਅਮਰੀਕਨ ਡਾਕਟਰਾਂ ਨੇ ਮਾਨਸਿਕ ਸ਼ਕਤੀ ਦਾ ਤਜਰਬਾ ਕੀਤਾ। ਡਾਕਟਰ ਫਰੈਡਰਿਕ ਮੈਸਮਰ ਨੇ ਇਸ ਸ਼ਕਤੀ ਨੂੰ ਵਰਤੋਂ ਵਿਚ ਲਿਆਂਦਾ। ਇਕ ਆਦਮੀ ਤੇ ਆਪਣੇ ਖਿਆਲਾਂ ਦਾ ਅਸਰ ਪਾ ਕੇ ਉਸ ਦੇ ਦਿਲ ਦਿਮਾਗ ਤੇ ਕਾਬੂ ਪਾ ਲਿਆ। ਇਸ ਦਾ ਨਾਂ ਡਾਕਟਰ ਮੈਸਮਰ ਦੇ ਨਾਂ ਤੇ 'ਮੈਸਮਰੇਜ਼ਮ' ਪੈ ਗਿਆ।*

ਸਿੱਖੀ ਨੇ ਕਰਾਮਾਤ ਤੋਂ ਇਨਕਾਰ ਨਹੀਂ ਕੀਤਾ। ਪਰ ਕਰਾਮਾਤ ਨੂੰ ਸਚਿਆਈ ਜਾਂ ਆਤਮਿਕ ਉਨਤੀ ਦਾ ਸਬੂਤ ਨਹੀਂ ਮੰਨਿਆ ਤੇ ਨਾ ਹੀ ਸਿਖ ਧਰਮ ਨੂੰ ਇਸ ਤੇ ਖੜਾ ਕੀਤਾ ਹੈ। ਵਰਤਮਾਨ ਸਮੇਂ ਵਿਚ ਇਕ ਤੇ ਉਹ ਅ ਦਮੀ ਹਨ, ਜੋ ਕਰਾਮਾਤ ਤੋਂ ਇਨਕਾਰੀ ਹਨ। ਦੂਸਰੇ ਉਹ ਹਨ ਜੋ ਕਹਿੰਦੇ ਹਨ, ਸਾਨੂੰ ਜਿਸ 'ਕਾਰਜ' ਦਾ 'ਕਾਰਨ' ਮਾਲੂਮ ਨਹੀਂ ਉਹੀ ਕਰਾਮਾਤ ਹੈ।

ਗੁਰੂ ਜੀ ਕਹਿੰਦੇ ਹਨ—

ਨਾਨਕ ਸਾ ਕਰਾਮਾਤ ਸਾਹਿਬ ਤੁਠੈ ਜੋ ਮਿਲੈ ॥

ਸ੍ਰੀ ਗੁਰੂ ਨਾਨਕ ਦੇਵ ਜੀ ਤੀਸਰੀ ਉਦਾਸੀ ਵਿਚ ਉਤਰਾਖੰਡ ਨੂੰ ਗਏ। ਹਿਮਾਲਾ ਤੇ ਸਿਧਾਂ ਨਾਲ ਗੋਸ਼ਟ ਹੋਈ। ਸਿਧਾਂ ਨੇ ਕਿਹਾ—

'ਅਸੀਂ ਤੇ ਜੋਗ ਦੀ ਕਮਾਈ ਕਰਕੇ ਰਿਧੀਆਂ ਸਿਧੀਆਂ ਪ੍ਰਾਪਤ ਕੀਤੀਆਂ ਹਨ। ਜੇ ਤੁਹਾਡੇ ਵਿਚ ਕੋਈ ਸ਼ਕਤੀ ਜਾਂ ਕਰਾਮਾਤ ਹੈ ਤਾਂ ਸਾਨੂੰ ਵਿਖਾਓ।'

ਭਾਈ ਗੁਰਦਾਸ ਜੀ ਲਿਖਦੇ ਹਨ—

ਬਾਬਾ ਬੋਲੇ ਨਾਥ ਜੀ ਸਬਦੁ ਸੁਨਹੁ ਸਚੁ ਮੁਖਹੁ ਅਲਾਈ।
ਬਾਝਹੁ ਸਚੇ ਨਾਮ ਦੇ ਹੋਰੁ ਕਾਰਾਮਾਤਿ ਅਸਾਂਤੇ ਨਾਹੀ।

---

*ਟ੍ਰਿਬਯੂਨ ੨੯-੧੨-੧੯੭੩

ਭਾਵ—ਗੁਰੂ ਜੀ ਨੇ ਕਿਹਾ, ਸਾਡੇ ਪਾਸ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਹੋਰ ਕੋਈ ਕਰਾਮਾਤ ਨਹੀਂ ।'

ਹਜ਼ੂਰ ਨੇ ਸਿਧਾਂ ਨੂੰ ਉਪਦੇਸ਼ ਕੀਤਾ—

(੧) ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾਂ ਲੋਕੁ ਰਾਖੈ ਭਾਉ ॥
ਮਤੁ ਦੇਖ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥
(ਸ੍ਰੀ ਰਾਗ ਮਹਲਾ ੧)

(੨) ਪਹਿਰਾ ਅਗਨਿ[1] ਹਿਵੈ ਘਰੁ[2] ਬਾਧਾ ਭੋਜਨੁ ਸਾਰੁ[3] ਕਰਾਈ ॥
ਸਗਲੇ ਦੂਖ ਪਾਣੀ ਕਰ ਪੀਵਾ ਧਰਤੀ ਹਾਕਿ ਚਲਾਈ ॥
ਧਰਿ ਤਰਾਜੀ[4] ਅੰਬਰ ਤੋਲੀ ਪਿਛੈ ਟੰਕੁ[5] ਚੜਾਈ ॥
ਏਵਡ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥
ਏਤਾ ਤਾਣੁ ਹੋਵੈ ਨ ਮਨ ਅੰਦਰਿ ਕਰੀ ਭਿ ਆਖਿ ਕਰਾਈ ॥
ਜੇ ਵਡੁ ਸਾਹਿਬੁ ਤੇ ਵਡ ਦਾਤੀ ਦੇ ਦੇ ਕਰੇ ਰਜਾਈ ॥
ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮ ਵਡਿਆਈ ॥
(ਵਾਰ ਮਾਝ ਮ: ੧)

ਜਪੁਜੀ ਵਿਚ 'ਰਿਧਿ ਸਿਧ ਅਵਰਾ ਸਾਦ' ਕਿਹਾ ਹੈ । ਭਾਵ ਇਹ ਹੈ ਕਿ ਇਹ ਸ਼ਕਤੀਆਂ ਨਾਮ ਦੇ ਰਸ ਵਲ ਨਹੀਂ ਲਾਂਦੀਆਂ । ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ :—

(੧) ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
(੨) ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਾਮਾਤਿ ॥ ਸਾ ਸਿਧਿ ਸਾ ਕਰਾਮਾਤਿ ਹੈ ਅਚਿੰਤ ਕਰੇ ਜਿਸੁ ਦਾਤਿ ॥ ਨਾਨਕ ਗੁਰਮੁਖਿ ਹਰਿਨਾਮ ਮਨਿ ਵਸੈ, ਏਹਾ ਸਿਧਿ ਏਹਾ ਕਰਾਮਾਤ ॥ (ਵਾਰ ਸੋਰਠਿ)

੧-ਅੱਗ ਦੇ ਕਪੜੇ । ੨-ਬਰਫ਼ ਦਾ ਘਰ । ੩-ਲੋਹਾ । ੫-ਤਕੜੀ । ੫-ਚਾਰ ਮਾਸੇ ਦਾ ਤੋਲ ।

ਛੇਵੇਂ ਪਾਤਸ਼ਾਹ ਦੇ ਪੁਤਰ ਬਾਬਾ ਅਟਲ ਜੀ ਨੇ ਕਰਾਮਾਤ ਵਿਖਾਈ, ਇਕ ਖੱਤਰੀ ਦੇ ਮੋਏ ਮੁੰਡੇ ਨੂੰ ਜਿਵਾਇਆ । ਬਾਬਾ ਗੁਰਦਿਤਾ ਜੀ ਨੇ ਗਊ ਜਿਵਾਈ, ਇਸ ਪਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਹੁਤ ਨਾਰਾਜ਼ ਹੋਏ । ਦੋਹਾਂ ਸਾਹਿਬਜ਼ਾਦਿਆਂ ਨੇ ਪ੍ਰਾਣ ਤਿਆਗ ਦਿਤੇ ।

ਦਿਲੀ ਦੇ ਹਾਕਮਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਿਹਾ, 'ਕੋਈ ਕਰਾਮਾਤ ਵਿਖਾਓ ।'

ਗੁਰੂ ਜੀ ਨੇ ਉਤਰ ਦਿਤਾ, 'ਅਸੀਂ ਕੋਈ ਕਰਾਮਾਤ ਨਹੀਂ ਵਿਖਾਣੀ, ਇਹ ਜਾਦੂਗਰਾਂ ਦਾ ਕੰਮ ਹੈ, ਸਾਡਾ ਕੰਮ ਨਹੀਂ ਹੈ ।

ਦਸਮ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿਚ ਮੁਅਜਜ਼ਿਆਂ ਤੇ ਕਰਾਮਾਤਾਂ ਦਾ ਖਾਸ ਖੰਡਨ ਕੀਤਾ ਹੈ ।

ਆਪ ਫੁਰਮਾਉਂਦੇ ਹਨ—

ਨਾਟਕ ਚੇਟਕ ਕੀਏ ਕੁਕਾਜਾ ।
ਪ੍ਰਭ ਲੋਗਨ ਕੋ ਆਵਤ ਲਾਜਾ ।

ਕਹਿੰਦੇ ਹਨ ਇਕ ਵੇਰ ਕਿਸੇ ਮੌਲਾਣੇ ਨੇ ਦਸਮ ਪਾਤਸ਼ਾਹ ਨੂੰ ਪੁਛਿਆ, 'ਕੀ ਆਪ ਦੇ ਪਾਸ ਕਰਾਮਾਤ ਹੈ ?'

ਦਸਮੇਸ਼ ਜੀ ਨੇ ਮਿਆਨ ਵਿਚੋਂ ਤਲਵਾਰ ਕਢ ਲਈ ਤੇ ਫੁਰਮਾਇਆ, 'ਵਡੀ ਕਰਾਮਾਤ ਇਹ ਹੈ', ਫਿਰ ਮੋਹਰ ਹੱਥ ਤੇ ਰਖ ਕੇ ਕਿਹਾ, 'ਦੂਸਰੀ ਕਰਾਮਾਤ ਇਹ ਹੈ ।'

ਇਤਿਹਾਸ ਵਿਚ ਲਿਖਿਆ ਹੈ ਕਿ ਇਕ ਵੇਰ ਅਨੰਦਪੁਰ ਦੇ ਜੰਗ ਵਿਚ ਗੁਰੂ ਸਾਹਿਬ ਨੇ ਬੜੇ ਦੂਰ ਬੈਠੇ ਮੁਗਲ ਸੈਨਕਾਂ ਤੇ ਤੀਰ ਮਾਰੇ । ਆਦਮੀਆਂ ਨੇ ਕਿਹਾ—'ਇਹ ਕਰਾਮਾਤ ਹੈ ।'

ਸਤਿਗੁਰੂ ਜੀ ਨੇ ਕਿਹਾ, 'ਨਹੀਂ ਇਹ ਕਰਤਬ ਹੈ ।'

ਸਿੱਖ ਧਰਮ ਮਾਨਸਕ ਸ਼ਕਤੀ ਜਾਂ ਕਰਾਮਾਤ ਨੂੰ ਮੰਨਦਾ ਹੈ, ਪਰ ਇਹ ਨਹੀਂ ਕਿ ਜਿਸ ਵਿਚ ਉਹ ਹੋਵੇ, ਉਹੀ ਪੂਰਨ ਪੁਰਖ ਹੈ । ਪੂਰਨ ਪੁਰਖ ਵਾਹਿਗੁਰੂ ਨੂੰ ਪ੍ਰਾਪਤ ਹੋਣ ਵਾਲਾ ਮੰਨਿਆ ਹੈ ।

*
* *

੩੪.

ਇਸਤ੍ਰੀ ਜਾਤੀ

ਮਨੁੱਖਤਾ ਦੇ ਦੋ ਅੰਗ ਹਨ—ਇਕ ਮਰਦ, ਦੂਸਰਾ ਇਸਤਰੀ ਕੁਦਰਤ ਨੇ ਮਰਦ ਵਿਚ ਸਰੀਰਕ ਬਲ, ਕੰਮ ਕਰਨ ਦੀ ਸ਼ਕਤੀ, ਸਹਿਸ, ਦ੍ਰਿੜਤਾ ਤੇ ਦਲੇਰੀ ਆਦਿਕ ਗੁਣ ਰਖੇ ਹਨ। ਇਸਤਰੀ ਵਿਚ ਕੋਮਲਤਾ, ਪਿਆਰ, ਵਫਾਦਾਰੀ, ਬੱਚਿਆਂ ਤੇ ਘਰ ਦੀ ਸੰਭਾਲ ਕਰਨੀ ਤੇ ਹੋਰ ਕਈ ਗੁਣ ਰਖੇ ਹਨ। ਸਰੀਰਕ ਅਤੇ ਮਾਨਸਿਕ ਤੌਰ ਤੇ ਦੋਹਾਂ ਵਿਚਕਾਰ ਭੇਦ ਹੈ। ਪਰ ਮਿਲਾਪ ਦੀ ਬਹੁਤ ਤੀਬਰ ਖਿੱਚ ਹੈ, ਜਿਸ ਕਰਕੇ ਵਿਵਾਹ ਪ੍ਰਚਲਤ ਹੋਇਆ। ਗ੍ਰਿਹਸਤ ਧਰਮ ਜਾਰੀ ਹੋਇਆ। ਇਹੀ ਸਮਾਜ ਦੀ ਬੁਨਿਆਦ ਹੈ। ਧਰਮ ਇਖਲਾਕ ਸਮਾਜ ਨਸਲ ਦੀ ਉਨਤੀ ਤੇ ਇਸਤਰੀ ਪੁਰਸ਼ ਦੇ ਸਬੰਧਾਂ ਦਾ ਅਸਰ ਪੈਂਦਾ ਹੈ। ਹਰ ਮਜ਼੍ਹਬ ਅਤੇ ਸਮਾਜ ਵਿਚ ਇਸਤਰੀ ਸਬੰਧੀ ਕੋਈ ਨਾ ਕੋਈ ਰਾਇ ਕਾਇਮ ਕੀਤੀ ਗਈ ਹੈ।

ਗ੍ਰਿਹਸਤੀ ਜਾਂ ਪ੍ਰੀਵਾਰਕ ਜੀਵਨ ਦਾ ਆਰੰਭ ਕਿਸ ਤਰ੍ਹਾਂ ਹੋਇਆ ? ਇਤਿਹਾਸ ਦਸਦਾ ਹੈ ਕਿ ਪਹਿਲੇ ਇਸਤਰੀ ਪੁਰਸ਼ ਜੰਗਲਾਂ ਵਿਚ ਰਹਿੰਦੇ ਸਨ। ਆਦਮੀ ਸ਼ਿਕਾਰ ਖੇਡਦੇ ਜਾਂ ਕੰਦ ਮੂਲ ਚੁਣ ਕੇ ਲਿਆਉਂਦੇ ਸਨ। ਇਸਤਰੀਆਂ ਖਡਾਂ ਜਾਂ ਕੰਦਰਾਂ ਵਿਚ ਰਹਿੰਦੀਆਂ ਸਨ। ਉਹ ਮਰਦਾਂ ਦੇ ਮਾਰੇ ਹੋਏ ਸ਼ਿਕਾਰ ਦੀ ਸੰਭਾਲ ਕਰਦੀਆਂ ਅਤੇ ਸੰਤਾਨ ਨੂੰ ਪਾਲਦੀਆਂ ਸਨ। ਆਰੰਭ ਵਿਚ ਮਨੁਖ ਇਸਤਰੀ ਨੂੰ ਆਪਣਾ ਗੁਲਾਮ ਸਮਝਦੇ ਸਨ। ਜੰਗਾਂ ਵਿਚ ਇਸਤਰੀਆਂ

ਵੀ ਪ੍ਰਾਪਤ ਕੀਤੀਆਂ ਜਾਂਦੀਆਂ ਸਨ, ਇਸ ਖਿਆਲ ਨਾਲ ਕਿ ਟਬਰ ਕਬੀਲਾ ਵਧੇ। ਇਕ ਖਾਨਦਾਨ ਦੂਜੇ ਉਤੇ ਭਾਰੂ ਬਣ ਜਾਵੇ। ਇਤਿਹਾਸ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਪੁਰਾਤਨ ਸਮੇਂ ਵਿਚ ਕਈ ਜੰਗ ਇਸਤਰੀਆਂ ਲਈ ਹੁੰਦੇ ਸਨ।

ਜਦ ਮਨੁਖ ਨੇ ਸਭਯਤਾ ਵਿਚ ਉਨਤੀ ਕੀਤੀ, ਸਮਾਜਿਕ ਨਿਯਮ ਬਣਾਏ, ਉਸ ਵਕਤ ਗ੍ਰਿਹਸਤ ਤੇ ਪ੍ਰੀਵਾਰਕ ਜੀਵਨ ਲਈ ਕੁਝ ਨਿਯਮ ਬਣਾਏ। ਸਮਾਜ ਰਚਨਾ ਬਾਰੇ ਮਨੂੰ ਸਿਮਰਤੀ ਬਹੁਤ ਪੁਰਾਣਾ ਗਰੰਥ ਹੈ, ਉਸ ਵਿਚ ਲਿਖਿਆ ਹੈ, 'ਬਚਪਨ ਵਿਚ ਇਸਤਰੀ ਮਾਪਿਆਂ ਦੇ, ਜਵਾਨੀ ਵਿਚ ਪਤੀ ਅਤੇ ਬੁਢਾਪੇ ਵਿਚ ਪੁੱਤਰਾਂ ਦੇ ਅਧੀਨ ਰਹੇ। ਇਸਤਰੀ ਦਾ ਸੁਤੰਤਰ ਰਹਿਣਾ ਕਿਸੇ ਹਾਲਤ ਵਿਚ ਵੀ ਠੀਕ ਨਹੀਂ'।

ਪੁਰਾਤਨ ਗਰੰਥਾਂ ਵਿਚ ਇਸਤਰੀ ਲਈ ਦੇਵੀ, ਗ੍ਰਿਹ ਲਖਸ਼ਮੀ ਤੇ ਅਰਧੰਗੀ ਆਦਿਕ ਸਤਕਾਰ ਵਾਲੇ ਸ਼ਬਦ ਮਿਲਦੇ ਹਨ। ਇਸਤਰੀ ਨੂੰ ਅਬਲਾ (ਬਲ ਹੀਣ) ਵੀ ਕਿਹਾ ਗਿਆ ਹੈ। ਯੂਨਾਨੀ ਸਭਯਤਾ ਵਿਚ ਨੌਜਵਾਨ ਲੜਕੇ ਰੁਪਏ ਦੇ ਕੇ ਲੜਕੀਆਂ ਨੂੰ ਖਰੀਦਦੇ ਸਨ। ਕਵੀ ਹੋਮਰ ਤੋਂ ਲੈ ਕੇ ਈਸਾ ਦੇ ਸਮੇਂ ਤਕ ਇਹੀ ਹਾਲਤ ਰਹੀ ਹੈ। ਸੁਕਰਾਤ ਅਤੇ ਪਲੇਟੋ ਦੇ ਵਕਤ ਯੂਨਾਨੀ ਲੋਕ ਬਹੁਤ ਵਿਸ਼ਈ ਤੇ ਲੰਪਟ ਹੋ ਗਏ ਸਨ, ਸਮਾਜ ਵਿਚ ਵੇਸਵਾਵਾਂ ਦਾ ਜ਼ੋਰ ਹੋ ਗਿਆ ਸੀ। ਰੋਮਨ ਕਾਲ ਵਿਚ ਵੀ ਇਹੀ ਕੁਝ ਹੋਇਆ।

ਮਹਾਂ ਪੁਰਸ਼ਾਂ ਦੇ ਵਿਚਾਰ–

ਹੁਣ ਅਸੀਂ ਇਸਤਰੀ ਜਾਤੀ ਸਬੰਧੀ ਕੁਝ ਸੰਸਾਰ ਪ੍ਰਸਿਧ ਧਾਰਮਿਕ ਆਗੂਆਂ ਦੇ ਵਿਚਾਰ ਦਰਜ ਕਰਦੇ ਹਾਂ। 'ਮਹਾਤਮਾ ਬੁਧ ਨੂੰ ਭਿਖਸ਼ੂਆਂ ਨੇ ਪੁਛਿਆ, ਇਸਤਰੀ ਨਾਲ ਕੀ ਵਰਤਾਓ ਕੀਤਾ ਜਾਵੇ?'

ਬੁਧ—ਇਸਤਰੀ ਨੂੰ ਵੇਖਣਾ ਨਹੀਂ।

ਭਿਖਸ਼ੂ—ਜੇ ਨਜ਼ਰੀਂ ਪੈ ਜਾਵੇ ਤਾਂ?

ਬੁਧ—ਗੱਲ ਬਾਤ ਨਹੀਂ ਕਰਨੀ ।

ਭਿਖਸ਼ੂ—ਜੇ ਗੱਲ ਬਾਤ ਹੋ ਜਾਵੇ ਤਾਂ ਕੀ ਕਰੀਏ ?

ਬੁਧ—ਫਿਰ ਹੋਸ਼ ਤੋਂ ਕੰਮ ਲੈਣਾ ।

ਬੁਧ ਨੇ ਆਨੰਦ ਦੀ ਇਸ ਮੰਗ ਪਰ ਕਿ ਇਸਤਰੀਆਂ ਨੂੰ ਭਿਖਸ਼ੂ ਬਣਾਇਆ ਜਾਵੇ, ਉੱਤਰ ਦਿਤਾ, 'ਆਨੰਦ, ਜੇਕਰ ਮੇਰੀ ਸਿਖਿਆ ਅਨੁਸਾਰ ਔਰਤਾਂ ਗ੍ਰਿਹਸਤ ਛਡਕੇ ਵਿਰਕਤ ਨਾ ਬਣਦੀਆਂ ਤਾਂ ਹਜ਼ਾਰਾਂ ਵਰ੍ਹਿਆਂ ਤਕ ਸਤ ਧਰਮ ਕਾਇਮ ਰਹਿੰਦਾ, ਪਰ ਹੁਣ ਚੂੰਕਿ ਔਰਤਾਂ ਗ੍ਰਿਹਸਤ ਛਡ ਕੇ ਵਿਰਕਤ ਬਣ ਗਈਆਂ ਹਨ। ਇਹ ਧਰਮ ਕੇਵਲ ਪੰਜ ਸੌ ਵਰ੍ਹਿਆਂ ਤਕ ਕਾਇਮ ਰਹੇਗਾ ।

(ਫੁਲਵਾੜਾ ਬੁਧ ਗਰੰਥ)

ਈਸਾ ਨੇ ਇਸਤਰੀ ਬਾਰੇ ਕਿਹਾ ਹੈ, 'ਔਰਤ ! ਮੇਰੇ ਨਾਲ ਤੇਰਾ ਕੀ ਕੰਮ ?' ਭਾਵ ਕੋਈ ਸਬੰਧ ਨਹੀਂ ।

ਇਸਲਾਮ ਤੋਂ ਪਹਿਲੇ ਅਰਬ ਵਿਚ ਇਸਤਰੀਆਂ ਨੂੰ ਵੇਚਿਆ ਜਾਂਦਾ ਸੀ। ਅਰਬ ਵਿਚ ਪਿਓ ਦੇ ਮਰਨ ਪਿਛੋਂ ਪੁੱਤਰ ਮਤਰਈ ਮਾਂ ਨਾਲ ਵਿਆਹ ਕਰ ਲੈਂਦਾ ਸੀ। 'ਔਰਤ' ਅਰਬੀ ਦਾ ਸ਼ਬਦ ਹੈ ।ਜਿਸ ਦੇ ਅਰਥ ਹਨ—ਇਸਤਰੀ ਦਾ ਗੁਪਤ ਅੰਗ। ਕਹਿੰਦੇ ਹਨ ਕਿ ਈਰਾਨ ਦੇ ਲੋਕਾਂ ਨੇ ਬਾਦਸ਼ਾਹ ਖੁਸਰੋ ਦੀ ਲੜਕੀ ਨੂੰ ਤਖਤ ਤੇ ਬਿਠਾ ਦਿਤਾ ਅਤੇ ਆਪਣੀ ਮਲਕਾਂ ਬਣਾ ਲਿਆ। ਜਦ ਹਜ਼ਰਤ ਮੁਹੰਮਦ ਸਾਹਿਬ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਹਨਾਂ ਕਿਹਾ, 'ਜੋ ਕੌਮ ਇਸਤਰੀ ਨੂੰ ਆਪਣਾ ਹੁਕਮਰਾਨ ਨੀਯਤ ਕਰਦੀ ਹੈ, ਉਹ ਨਜਾਤ ਤੋਂ ਵਾਂਝਿਆਂ ਰਹੇਗੀ। (ਪ੍ਰੇਮ ਪ੍ਰਚਾਰਕ ੩-੧੦-੨੭)

ਸਿੱਖ ਧਰਮ ਤੇ ਇਸਤ੍ਰੀ—

ਸਿੱਖ ਧਰਮ ਵਿਚ ਇਸਤਰੀ ਤੇ ਪੁਰਸ਼ ਦਾ ਦਰਜਾ ਬਰਾਬਰ ਮੰਨਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਦੇ ਸਮੇਂ ਇਸਤਰੀ ਨੂੰ ਨੀਵਾਂ

ਸਮਝਿਆ ਜਾਂਦਾ ਸੀ। ਸਤਿਗੁਰੂ ਜੀ ਨੇ ਇਸ ਵਿਰੁਧ ਜ਼ੋਰਦਾਰ ਆਵਾਜ਼ ਉਠਾਈ। ਆਪ ਨੇ ਫੁਰਮਾਇਆ—

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਭਾਵ—ਜਿਸ ਇਸਤਰੀ ਨੂੰ ਨੀਵਾਂ ਕਹਿ ਕੇ ਭੰਡਦੇ ਹੋ, ਉਸ ਉਤੇ ਸਾਡੀ ਜ਼ਿੰਦਗੀ, ਵਸਣਾ, ਰਸਣਾ ਤੇ ਸਮਾਜ ਦੀ ਕਾਇਮੀ ਹੈ। ਜਿਸ ਨੇ ਵਡੇ ਵਡੇ ਪੁਰਸ਼ਾਂ ਨੂੰ ਜਨਮ ਦਿਤਾ, ਉਹ ਕਿਵੇਂ ਮਾੜੀ ਹੋਈ।

ਮੁਸਲਮਾਨਾਂ ਦੇ ਆਉਣ ਨਾਲ ਹਿੰਦੁਸਤਾਨ ਵਿਚ ਪਰਦਾ ਆਇਆ। ਗੁਰੂਆਂ ਦੇ ਸਮੇਂ ਇਸ ਦਾ ਕਾਫੀ ਜ਼ੋਰ ਸੀ। ਗੁਰੂ ਅਮਰ ਦਾਸ ਜੀ ਨੇ ਪਰਦੇ ਨੂੰ ਹਟਾਇਆ। ਰਾਜਾ ਹਰੀ ਪੁਰ ਦੀ ਰਾਣੀ ਦਰਸ਼ਨ ਕਰਨ ਆਈ। ਮਹਾਰਾਜ ਨੇ ਉਸ ਨੂੰ ਕਿਹਾ—'ਸੰਗਤ ਵਿਚ ਪਰਦਾ ਨਹੀਂ ਕਰਨਾ। ਸਤੀ ਦੀ ਰਸਮ ਦਾ ਵੀ ਖੰਡਨ ਕੀਤਾ। ਗੁਰਵਾਕ ਹੈ—

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥
ਨਾਨਕ ਸਤੀਆ ਜਾਣੀਅਨਿ ਜੋ ਬਿਰਹੇ ਚੋਟ ਮਰੰਨਿ॥

ਉਸ ਵਕਤ ਕਿਸੇ ਇਸਤਰੀ ਲਈ ਪੁਨਰ ਵਿਆਹ ਕਰਨਾ ਕਠਨ ਸੀ। ਗੁਰੂ ਜੀ ਨੇ ਇਕ ਇਸਤਰੀ ਦੀ ਪੁਨਰ ਸ਼ਾਦੀ ਭਾਈ ਸੱਚਨ ਸੱਚ ਨਾਲ ਕੀਤੀ। ਆਪਨੀ ਬੇਟੀ ਬੀਬੀ ਭਾਨੀ ਸ੍ਰੀ ਗੁਰੂ ਰਾਮਦਾਸ ਜੀ ਨਾਲ ਵਿਆਹੀ, ਜੋ ਪਹਿਲੇ ਬਹੁਤ ਗਰੀਬ ਸਨ।

ਗੁਰੂ ਜੀ ਦੇ ਕੀਤੇ ਹੋਏ ਭਾਈਚਾਰਕ ਸੁਧਾਰ ਦਾ ਨਤੀਜਾ ਇਹ ਹੋਇਆ ਕਿ ਆਪ ਦੀ ਪੁਤਰੀ ਬੀਬੀ ਭਾਨੀ ਜੀ ਨੇ ਆਪਣੇ ਪਤੀ ਸ੍ਰੀ ਗੁਰੂ ਰਾਮਦਾਸ ਜੀ ਨਾਲ ਮਿਲ ਕੇ ਸਿੱਖ ਧਰਮ ਦੀ ਉਸਾਰੀ ਤੇ ਸੇਵਾ ਦਾ

ਕੰਮ ਕੀਤਾ । 'ਜਾਣ ਨਾ ਦੇਸਾਂ ਸੋਢੀਅਹੁ ਹੋਰਸ ਅਜਰ ਨ ਜਰਿਆ ਜਾਵੈ' ਦਾ ਵਰਦਾਨ ਮੰਗ ਕੇ 'ਸ਼ਹੀਦੀ' ਦੀ ਨੀਂਹ ਰਖੀ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਨਮ ਦਿਤਾ। ਕਿਸੇ ਨੇ ਠੀਕ ਕਿਹਾ ਹੈ—

Great may had great mothers.

ਭਾਵ—ਵਡੇ ਪੁਰਸ਼ਾਂ ਦੀਆਂ ਵਡੀਆਂ ਮਾਤਾਵਾਂ ਹੁੰਦੀਆਂ ਹਨ ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਾਲ ਮਾਤਾ ਗੰਗਾ ਜੀ ਸੇਵਾ ਕਰਦੇ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਤੋਂ ਮੁੜਦੇ ਹੋਏ ਗੁਜਰਾਤ ਠਹਿਰੇ। ਉਥੇ ਸ਼ਾਹ ਦੌਲੇ ਦੇ ਮੁਰੀਦ ਜਹਾਂਗੀਰ ਨੇ ਪੁਛਿਆ—

'ਔਰਤ ਕੀ ਤੇ ਫਕੀਰੀ ਕੀ—

ਗੁਰੂ ਜੀ ਨੇ ਉਤਰ ਦਿਤਾ 'ਔਰਤ ਈਮਾਨ, ਪੁਤਰ ਨਿਸ਼ਾਨ ।' ਭਾਵ ਇਹ ਸੀ ਕਿ ਜਿਸ ਔਰਤ ਨੂੰ ਪ੍ਰਮਾਰਥ ਵਿਚ ਰੋਕ ਸਮਝਿਆ ਜਾਂਦਾ ਹੈ, ਉਹ ਮਰਦ ਦਾ ਈਮਾਨ ਹੈ। ਇਸ ਦੇ ਧਰਮ, ਆਚਰਨ ਤੇ ਇਖਲਾਕ ਨੂੰ ਕਾਇਮ ਰਖਣ ਵਾਲੀ ਹੈ। ਸਾਡੇ ਦੇਸ਼ ਵਿਚ ਕਈ ਸਾਧੂ ਇਸਤਰੀ ਦੇ ਮੂੰਹ ਨਹੀਂ ਲਗਦੇ। ਕੰਚਨ ਅਤੇ ਕਾਮਨੀ ਨੂੰ ਨਰਕ ਦਾ ਦਵਾਰ ਦਸਦੇ ਸਨ। ਸਤਿਗੁਰੂ ਜੀ ਨੇ ਇਸ ਭਰਮ ਨੂੰ ਖੰਡਨ ਕੀਤਾ ਹੈ। ਭਾਈ ਗੁਰਦਾਸ ਜੀ ਨੇ ਕਿਹਾ ਹੈ—

ਲੋਕ ਵੇਦ ਗੁਣ ਗਿਆਨ ਵਿਚ ਅਰਧ ਸਰੀਰੀ ਮੋਖ ਦੁਆਰੀ ॥

ਭਾਵ—ਇਸਤਰੀ ਮੁਕਤੀ ਦੇ ਰਾਹ ਵਿਚ ਰੁਕਾਵਟ ਨਹੀਂ ਬਲਕਿ ਸਹਾਇਕ ਹੈ।

ਉਸ ਵਕਤ ਬਹੁਤੀਆਂ ਸ਼ਾਦੀਆਂ ਕਰਨ ਦਾ ਰਿਵਾਜ ਸੀ। ਭਾਈ ਸਾਹਿਬ ਨੇ 'ਏਕਾ ਨਾਰੀ ਜਤੀ ਹੋਇ' ਦਾ ਉਪਦੇਸ਼ ਕਰਕੇ ਬਹੁਤ ਵਡੇ ਸੁਧਾਰ ਲਈ ਪਰੇਰਨਾ ਕੀਤੀ।

ਦਸਮ ਪਾਤਸ਼ਾਹ ਨੇ ਅੰਮ੍ਰਿਤ ਤਿਆਰ ਕਰਨ ਸਮੇਂ ਮਾਤਾ ਜੀਤੋ ਜੀ ਨੂੰ ਪਤਾਸੇ ਪਾਉਣ ਲਈ ਸਦਿਆ। ਅੰਮ੍ਰਿਤ ਵਿਚ ਪਿਤਾ ਰੂਪ ਵਿਚ

ਆਪਣੀ ਸ਼ਕਤੀ ਤੇ ਮਾਂ ਦਾ ਪਿਆਰ ਮਿਠਾਸ ਦੇ ਰੂਪ ਵਿਚ ਮਿਲਾਇਆ। ਇਸ ਦੇ ਨਾਲ ਹੀ ਇਸਤਰੀਆਂ ਨੂੰ ਅੰਮ੍ਰਿਤ ਛਕਾ ਕੇ ਪੂਰਨ ਧਾਰਮਿਕ ਅਧਿਕਾਰ ਦਿਤੇ। ਮਰਦਾਂ ਦਾ ਨਾਂ ਸਿੰਘ ਤੇ ਲੜਕੀਆਂ ਦਾ ਨਾਂ 'ਕੁੰਵਰ' (ਕੌਰ) ਅਰਥਾਤ ਛੋਟਾ ਰਾਜਕੁਮਾਰ ਰਖਿਆ। ਜਿਸ ਨੂੰ ਲੋਕੀ ਨੀਵਾਂ ਸਮਝਦੇ ਸਨ, ਉਸ ਨੂੰ ਕੁੰਵਰ ਦੀ ਪਦਵੀ ਦਿਤੀ। ਭਾਵ ਇਹ ਸੀ ਕਿ ਧੀਆਂ ਪੁੱਤਰਾਂ ਬਰਾਬਰ ਹਨ। ਇਸ ਦੇ ਨਾਲ ਹੀ ਕੁੜੀਆਂ ਮਾਰਨ ਤੋਂ ਰੋਕਿਆ। ਅੰਮ੍ਰਿਤ ਦੀ ਰਹਿਤ ਵਿਚ ਦਸਿਆ—

ਕੁੜੀ ਮਾਰ ਆਦਿਕ ਹੈ ਜੇਤੇ।
ਮਨ ਤੇ ਦੂਰ ਤਿਆਗੇ ਤੇਤੇ। (ਦੇਸਾ ਸਿੰਘ)

ਛੋਟੀ ਉਮਰ ਦੀ ਸ਼ਾਦੀ ਨਹੀਂ ਕਰਨੀ—

ਸਾਡੇ ਦੇਸ਼ ਵਿਚ ਪਹਿਲੇ ਛੋਟੀ ਉਮਰ ਦੀਆਂ ਸ਼ਾਦੀਆਂ ਨਹੀਂ ਹੁੰਦੀਆਂ ਸਨ। ਪਿਛੋਂ ਜਾਬਰਾਂ ਦੇ ਹਮਲਿਆ ਕਰਕੇ ਇਹ ਖਰਾਬੀ ਆ ਪਈ। ਛੋਟੀ ਉਮਰ ਦੀ ਸ਼ਾਦੀ, ਅਜੋੜ ਸ਼ਾਦੀ (ਕਿਸੇ ਬੁੱਢੇ ਨਾਲ ਨਿਕੀ ਉਮਰ ਦੀ ਲੜਕੀ ਵਿਆਹ ਦੇਣੀ) ਅਰੋਗਤਾ, ਸੰਤਾਨ ਅਤੇ ਸਮਾਜਕ ਉਨਤੀ ਲਈ ਬਹੁਤ ਹੀ ਹਾਨੀਕਾਰਕ ਹਨ। ਦਸਮ ਪਾਤਸ਼ਾਹ ਨੇ ਇਸ ਖਰਾਬੀ ਨੂੰ ਰੋਕਿਆ ਹੈ। ਆਪ ਫੁਰਮਾਉਂਦੇ ਹਨ—

ਕੰਨਯਾ ਜਦ ਵਰ ਪ੍ਰਾਪਤ ਹੋਇ ਤਬ ਮਾਤਾ ਪਿਤਾ ਕੋ ਚਾਹੀਐ ਜੋ ਉਸ ਕੇ ਸੰਜੋਗ ਦਾ ਉਦਮ ਕਰਨ। ਛੋਟੀ ਬਾਲਕੀ ਕਾ ਸੰਜੋਗ ਕਰਨਾ ਭਲਾ ਅਰ ਜੋਗ ਨਹੀਂ। ਸੰਜੋਗ ਐਸੀ ਕੁਲ ਕਰੇ ਜਿਥੇ ਸਿੱਖੀ ਅਕਾਲ ਪੁਰਖ ਦੀ ਹੋਵੇ, ਖਾਲਸਾ ਹੋ, ਗਰੀਬ ਹੋ, ਕਿਰਤੀ ਹੋ ਤਹਾਂ ਸੰਜੋਗ ਬਿਨਾ ਪੁਛੇ ਕਰੇ, ਉਸ ਕੀ ਸ੍ਰੀ ਅਕਾਲ ਪੁਰਖ ਨਾਲ ਬਣ ਆਵੈ, ਮਾਯਾ ਧਨ ਦੇਖੈ ਨਾਂਹੀ। ਗੁਰੂ ਨਿਰੰਕਾਰ ਦੇ ਆਸ ਭਰੋਸੇ ਉਪਰ ਦੇਵੈ, ਆਨੰਦ ਕਰੇ, ਗੁਰੂ ਭਾਵੇ ਤਾਂ ਬੇਟੀ, ਬਹੁਤ ਸੁਖੀ ਹੋਵੈ ਅਤੇ ਮਾਤਾ ਪਿਤਾ ਨੂੰ ਬਹੁਤ ਖੁਸ਼ੀ ਦੇਇਗੀ।'

(ਪਰੇਮ ਸੁਮਾਰਗ)

ਬਚਪਨ ਦੀ ਸ਼ਾਦੀ ਕਿਸੇ ਸੁਤੰਤਰ ਦੇਸ ਵਿਚ ਨਹੀਂ ਰਹੀ। ਹਿੰਦੁਸਤਾਨ ਵਿਚ ਅਜੇ ਤੀਕ ਕਿਤੇ ਕਿਤੇ ਪਾਈ ਜਾਂਦੀ ਹੈ । ਇਸ ਨੂੰ ਰੋਕਣ ਲਈ ੧੯੩੧ ਵਿਚ ਸ਼ਾਰਦਾ ਐਕਟ ਪਾਸ ਹੋਇਆ । ਕਈ ਬ੍ਰਾਹਮਣਾਂ ਅਤੇ ਮੁਸਲਮਾਨਾਂ ਨੇ ਇਸ ਦੇ ਲਾਗੂ ਹੋਣ ਪਰ ਇਸ ਨੂੰ ਧਰਮ ਅਤੇ ਸ਼ਰ੍ਹਾ ਦੇ ਵਿਰੁਧ ਦਸ ਕੇ ਸੈਂਕੜੇ ਸ਼ਾਦੀਆਂ ਕੀਤੀਆਂ। ਆਜ਼ਾਦੀ ਤੋਂ ਪਿਛੋਂ ਬਚਪਨ ਦੀ ਸ਼ਾਦੀ ਘਟ ਗਈ ਹੈ।

ਸਹੀ ਚੋਣ ਕਰਨੀ, ਪੈਸਾ ਨਹੀਂ ਲੈਣਾ—

ਕਈ ਆਦਮੀ ਧੀਆਂ ਭੈਣਾਂ ਦਾ ਪੈਸਾ ਲੈਂਦੇ ਜਾਂ ਵਟਾ ਸਟਾ ਕਰਦੇ ਸਨ। ਦਸਮ ਪਾਤਸ਼ਾਹ ਨੇ ਸਿੱਖਾਂ ਨੂੰ ਇਸ ਤੋਂ ਵਰਜਿਆ ਹੈ—

(੧) ਕੰਨਯਾਂ ਕਾ ਪੈਸਾ ਨਾ ਖਾਇ। (ਰਹਿਤ : ਭਾਈ ਚੌਪਾ ਸਿੰਘ)

(੨) ਜੋ ਗੁਰਮੁਖ ਸੰਜੋਗ ਬਿਧਿ ਕਰੇ ਅਰ ਲੇਵੈ ਕਿਛੁ ਨਹੀਂ
ਤਾਂ ਉਸ ਨੂੰ ਕੋਟਿ ਗੁਰਪੁਰਬ ਦਾ ਫਲ ਹੋਵੈ, ਕਦਾਂਚ
ਕਿਛੁ ਲੇਵੈ ਤਾਂ ਕੋਟਿ ਹਤਯਾ ਵਿਘਨਿ ਲਗਤ। (ਪਰੇਮ ਸੁਮਾਰਗ)

ਅਜ ਕਲ ਇਕ ਖਰਾਬੀ ਪੈਦਾ ਹੋ ਰਹੀ ਹੈ, ਉਹ ਇਹ ਹੈ, ਕਿ ਪੜ੍ਹੇ ਲਿਖੇ ਤੇ ਖ਼ਾਨਦਾਨੀ ਮੁੰਡੇ ਜਾਂ ਉਹਨਾਂ ਦੇ ਮਾਂ ਪਿਓ ਰਿਸ਼ਤਾ ਕਰਨ ਸਮੇਂ ਪੁਛਦੇ ਹਨ, ਕਿਤਨਾ ਰੁਪਿਆ ਨਕਦ, ਗਹਿਣੇ ਕਪੜੇ ਤੇ ਮੋਟਰ, ਆਦਿ ਦਿਓਗੇ ?' ਇਹ ਰਿਵਾਜ ਪਹਿਲੇ ਬੰਗਾਲ ਤੇ ਸਿੰਧ ਦੇ ਹਿੰਦੂਆਂ ਵਿਚ ਸੀ, ਹੁਣ ਪੰਜਾਬ ਤੇ ਕਈ ਚੰਗੇ ਸਿੱਖ ਘਰਾਣਿਆਂ ਵਿਚ ਆ ਰਿਹਾ ਹੈ । ਇਸ ਨਾਲ ਗਰੀਬਾਂ ਜਾਂ ਵਿਚਲੇ ਮੇਲ ਦੇ ਆਦਮੀਆਂ ਲਈ ਲੜਕੀਆਂ ਦੇ ਰਿਸ਼ਤੇ ਕਰਨੇ ਕਠਨ ਹੋ ਜਾਂਦੇ ਹਨ । ਗੁਰਮਤਿ ਅਨੁਸਾਰ ਲੜਕੀ ਦਾ ਪੈਸਾ ਲੈਣਾ ਪਾਪ ਹੈ ਤਾਂ ਲੜਕੇ ਦਾ ਮੁੱਲ ਪੁਆਉਣਾ ਵੀ ਮਨਮਤ ਹੈ । ਇਹ ਇਕ ਭਾਰੀ ਸਮਾਜਕ ਖਰਾਬੀ ਹੈ । ਵਿਆਹ ਜਾਂ ਗ੍ਰਿਹਸਤੀ ਜੀਵਨ ਦਾ ਸਬੰਧ ਲੜਕੇ ਲੜਕੀ ਦੀ ਸਹੀ ਚੋਣ ਕਰਨਾ ਹੈ, ਨਾਕਿ ਰੁਪਿਆ ਲੈਣਾ ।

ਅੰਨ ਨਾ ਖਾਣਾ ਸਭ ਭਰਮ ਹੈ। ਖਾਲਸੇ ਨੂੰ ਖਾਣਾ ਖੁਵਾਲਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਪੀਂਦੇ ਰਹਿਣ, ਕਿਸ ਵਾਸਤੇ ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹਨ।'

ਸਿੱਖੀ ਦਾ ਵਿਸ਼ੇਸ਼ ਕੰਮ–

ਗੁਰਬਾਣੀ ਦੇ ਪ੍ਰਮਾਣਾਂ ਤੇ ਇਤਿਹਾਸਕ ਵਾਕਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖੀ ਨੇ ਇਸਤਰੀ ਜਾਤੀ ਸਬੰਧੀ ਸਮਾਜਕ ਖਰਾਬੀਆਂ ਦਾ ਬਹੁਤ ਸੁਧਾਰ ਕੀਤਾ ਹੈ। ਇਸਤਰੀ ਨੂੰ ਸਮਾਨਤਾ ਦਿਤੀ ਹੈ। ਹਿੰਦੂਆਂ ਵਿਚ ਵਿਸ਼ਨੂੰ ਨਾਲ ਲਛਮੀ, ਸ਼ਿਵ ਨਾਲ ਪਾਰਬਤੀ, ਰਾਮ ਨਾਲ ਸੀਤਾ ਸ਼ਾਮਲ ਹਨ। ਮਨੂੰ ਜੀ ਨੇ ਕਿਹਾ ਹੈ—'ਸੌ ਅਧਿਆਪਕ ਦੇ ਬਰਾਬਰ ਇਕ ਆਚਾਰਯ ਦੇ ਬਰਾਬਰ ਪਿਤਾ ਤੋਂ ਵਧ ਕੇ ਮਾਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ।' ਬਾਵਜੂਦ ਇਸ ਦੇ ਇਸਤਰੀ ਕੋਈ ਧਾਰਮਿਕ ਕੰਮ ਨਹੀਂ ਕਰ ਸਕਦੀ, ਉਸ ਦੇ ਕੋਈ ਅਧਿਕਾਰ ਨਹੀਂ ਸਨ। ਵਰਤਮਾਨ ਸਮਾਜਿਕ ਖਰਾਬੀਆਂ ਨੂੰ ਦੂਰ ਕਰਨ ਲਈ ਰਾਜਾ ਰਾਮ ਮੋਹਨ ਰਾਇ ਨੇ ਜਤਨ ਕੀਤਾ। ਸ਼ਾਰਦਾ ਐਕਟ ਤੇ ਦੇਸ਼ ਮੁਖ ਦਾ ਬਿਲ ਪਾਸ ਕਰਾਉਣ ਦੀ ਲੋੜ ਪਈ।

ਈਸਾਈ ਮਤ ਨੇ ਇਸਤਰੀ ਨੂੰ ਸਮਾਜਕ ਮਹਾਨਤਾ ਦਿਤੀ ਹੈ, ਪਰ ਕੋਈ ਇਸਤਰੀ ਪਾਦਰੀ ਨਹੀਂ ਬਣ ਸਕਦੀ। ਇਸਲਾਮ ਨੇ 'ਹਕ ਮਹਿਰ' ਅਤੇ ਤਲਾਕ ਦਾ ਹਕ ਦੇਕੇ ਇਸਤਰੀ ਦੀ ਕਾਨੂੰਨੀ ਪੁਜ਼ੀਸ਼ਨ ਉਚੀ ਕੀਤੀ ਹੈ। ਪਰ ਕੋਈ ਇਸਤਰੀ ਇਮਾਮ ਨਹੀਂ ਬਣ ਸਕਦੀ। ਜਮਾਤ ਦੇ ਨਾਲ ਮਸੀਤ ਵਿਚ ਨਮਾਜ਼ ਨਹੀਂ ਪੜ੍ਹ ਸਕਦੀ। ਪਰਦੇ ਦੀ ਪਾਬੰਦੀ ਹੈ। ਪੱਛਮ ਵਿਚ ਫਰਾਸ ਦੀ ਜੁਗ ਗਰਦੀ ਪਿਛੋਂ ਸੁਧਾਰ ਹੋਇਆ। ੧੯੦੮ ਵਿਚ ਮਿ: ਐਸਕੁਅਥ ਵਜ਼ੀਰ ਇੰਗਲੈਂਡ ਇਸਤਰੀਆਂ ਨੂੰ ਵੋਟ ਦਾ ਹਕ ਦੇਣ ਦਾ ਵਿਰੋਧੀ ਸੀ। ਪਿਛਲੀ ਜੰਗ ਤੋਂ ਬਾਹਦ ਵੋਟਾਂ ਦਾ ਹਕ ਮਿਲਿਆ ਹੈ।

ਦਿਖਾਵੇ ਦਾ ਖੰਡਨ-

ਵਿਆਹ ਸ਼ਾਦੀਆਂ ਦੇ ਸਮੇਂ ਲੋਕੀ ਕਈ ਤਰ੍ਹਾਂ ਦੇ ਦਿਖਾਵੇ ਤੇ ਅਡੰਬਰ ਕਰਦੇ ਹਨ। ਗੁਰੂ ਸਾਹਿਬ ਨੇ ਇਹਨਾਂ ਦਾ ਖੰਡਨ ਕੀਤਾ ਹੈ। ਬਾਣੀ ਵਿਚ ਲਿਖਿਆ ਹੈ—

ਹੋਰੁ ਮਨਮੁਖ ਦਾਜੁ ਜਿ ਰਖਿ ਦਿਖਾਲਹਿ
ਸੁ ਕੂੜਿ ਅਹੰਕਾਰ ਕਚੁ ਪਾਜੋ ॥

(ਸ੍ਰੀ ਰਾਗ ਮਹਲਾ ੪)

'ਪਰੇਮ ਸੁਮਾਰਗ' ਵਿਚ ਬਚਨ ਹੈ—'ਜੋ ਕੁਛ ਸਰੰਜਾਮ ਸੰਜੋਗ ਕਾ ਕਰੇ, ਸੋ ਯਥਾ ਸ਼ਕਤਿ ਕਰੇ । ਸੰਸਾਰੀ ਅਹੰਕਾਰੀਆਂ ਦੀ ਰਰੀਸ ਨਾ ਕਰੇ। ਇਹੀ ਜੁਗਤਿ ਬੇਟੇ ਵਾਲਾ ਕਰੈ।'

ਵਿਧਵਾ ਵਿਵਾਹ ਦੀ ਖੁਲ੍ਹ-

ਸਾਡੇ ਦੇਸ ਵਿਚ ਇਕ ਇਸਤਰੀ ਦੇ ਮਰਨ ਪਿਛੋਂ ਮਰਦ ਸ਼ਾਦੀ ਕਰ ਸਕਦਾ ਸੀ, ਪਰ ਵਿਧਵਾ ਇਸਤਰੀ ਨੂੰ ਸ਼ਾਦੀ ਕਰਨ ਦੀ ਆਗਿਆ ਨਹੀਂ ਦਿਤੀ ਜਾਂਦੀ ਸੀ। ਅਜੇ ਤੀਕ ਵੀ ਇਹ ਖਰਾਬੀ ਮੌਜੂਦ ਹੈ। ਗੁਰੂ ਜੀ ਨੇ ਵਿਧਵਾ ਵਿਵਾਹ ਦੀ ਖੁਲ੍ਹ ਕੀਤੀ। ਆਪ ਨੇ ਫੁਰਮਾਇਆ—

'ਜਿਸ ਇਸਤਰੀ ਦਾ ਭਰਤਾ ਕਾਲਬਸ ਹੋਯਾ ਹੋਇ, ਚਾਹੀਐ ਉਸ ਕੇ ਪਿਛੇ ਜਤ ਸਤ ਸੀਲ ਪਾਲੇ, ਕਿਤੇ ਬਲ ਚਿਤ ਡੁਲਾਵੇ ਨਾਹੀ ਅਰ ਸ੍ਰੀ ਅਕਾਲ ਪੁਰਖ, ਕੇ ਧਯਾਨ ਵਿਖੇ ਰਹੈ, ਜੋ ਜਾਨੇ ਕਿਸੀ ਉਪਾਉ ਰਹਿਤ ਕਰ ਰਹਿ ਨਾਹੀ ਸਕਤੀ ਤਬ ਜਾਰੀ ਚੋਰੀ ਨਾ ਕਰੈ, ਆਪਣੀ ਲਾਇਕ, ਦੇਖ ਕੇ ਅਪਰ ਸੰਜੋਗ ਕਰੈ।'

(ਪਰੇਮ ਸੁਮਾਰਗ)

ਖਾਣ ਪੀਣ ਦਾ ਭਰਮ ਨਹੀਂ ਕਰਨਾ-

'ਜੇ ਬਾਲਕੀ ਕੇ ਮਾਪੇ ਕਦਾਕ ਸਬਬ ਪਾਇਕੇ ਬਾਲਕ ਦੇ ਗ੍ਰਿਹ ਵਿਖੇ ਜਾਣ ਅਤੇ ਉਥੇ ਪ੍ਰਸ਼ਾਦ ਤਿਆਰ ਹੋਵੇ ਤਾਂ ਖਾਣ; ਸਕੁਚਨ ਨਾਹੀ।

ਸਿੱਖ ਸਤਿਗੁਰਾਂ ਨੂੰ ਧਰਮ ਤੇ ਸਮਾਜ ਵਿਚ ਇਸਤਰੀ ਨੂੰ ਹਰ ਤਰ੍ਹਾਂ ਦੀ ਸਮਾਨਤਾ ਦਿਤੀ ਹੈ। ਇਸਤਰੀ ਨੂੰ ਵਿਦਿਆ ਪੜ੍ਹਨ ਦਾ ਅਧਿਕਾਰ ਦਿਤਾ ਹੈ। ਬੀਬੀ ਦੀਪ ਕੌਰ, ਮਾਈ ਭਾਗੋ, ਹਰਿਸ਼ਰਨ ਕੌਰ ਨੇ ਜੰਗਾਂ ਵਿਚ ਹਿੱਸਾ ਲਿਆ। ਰਾਣੀ ਸਾਹਿਬ ਕੌਰ ਨੇ ਰਾਜਨੀਤਕ ਕੰਮ ਵੀ ਕੀਤੇ ਹਨ।

ਧਾਰਮਿਕ, ਸਮਾਜਿਕ ਤੇ ਘਰੋਗੀ ਜੀਵਨ ਦੀ ਉਨਤੀ ਲਈ ਇਸਤਰੀ ਦਾ ਸੁਸਿਖਯਤ ਹੋਣਾ ਜ਼ਰੂਰੀ ਹੈ। ਕਿਸੇ ਠੀਕ ਕਿਹਾ ਹੈ—

Man makes the House
womah makes the Home.

ਭਾਵ—ਮਰਦ ਮਕਾਨ ਬਣਾਉਂਦਾ ਹੈ, ਪਰ ਇਸਤਰੀ ਘਰ ਬਣਾਉਂਦੀ ਹੈ।

❋ ❋ ❋

੩੫.

ਸਾਂਝੀਵਾਲਤਾ

ਨਾਮ ਜਪਣਾ, ਵੰਡ ਕੇ ਛਕਣਾ ਅਤੇ ਕਿਰਤ ਕਰਨੀ

ਇਸ ਵਕਤ ਸਾਰੇ ਸੰਸਾਰ ਦੇ ਸਿਆਣਿਆਂ ਦੇ ਸਾਹਮਣੇ ਇਕ ਪ੍ਰਸ਼ਨ ਹੈ ਕਿ ਸਮਾਜ ਦੀ ਬਣਤਰ ਕਿਨ੍ਹਾਂ ਅਸੂਲਾਂ ਅਨੁਸਾਰ ਬਣਾਈ ਜਾਵੇ, ਜਿਸ ਨਾਲ ਸੰਸਾਰ ਵਿਆਪੀ ਸ਼ਾਂਤੀ, ਇਨਸਾਫ ਤੇ ਬਰਾਬਰੀ ਮਿਲ ਸਕੇ। ਕੁਦਰਤ ਦੇ ਅਟੱਲ ਨਿਯਮ ਅਨੁਸਾਰ ਸਮਾਜ ਬਦਲ ਰਿਹਾ ਹੈ। ਮਜ਼੍ਹਬ ਵਿਚ ਪ੍ਰੀਵਰਤਨ ਹੋ ਰਿਹਾ ਹੈ। ਰਾਜਨੀਤੀ ਡੋਲ ਰਹੀ ਹੈ। ਮਨੁਖ ਜੀਵਨ ਦੇ ਹਰ ਪਹਿਲੂ ਵਿਚ ਬੜੀ ਤੇਜ਼ੀ ਨਾਲ ਬੜੀ ਭਾਰੀ ਤਬਦੀਲੀ ਆ ਰਹੀ ਹੈ। ਸਤਿਗੁਰਾਂ ਨੇ ਆਤਮਿਕ ਤੌਰ ਤੇ ਵਾਹਿਗੁਰੂ ਵਿਚ ਲੀਨ ਹੋ ਕੇ ਜਗਤ ਜਲੰਦੇ ਨੂੰ ਤਾਰਨ ਲਈ ਇਕ ਸੰਦੇਸ਼ ਦਿਤਾ ਹੈ—

ਏਕ ਪਿਤਾ ਏਕਸ ਕੇ ਹਮ ਬਾਰਿਕ

ਭਾਵ—ਸਭ ਦਾ ਪਿਤਾ ਵਾਹਿਗੁਰੂ ਹੈ, ਸਾਰੇ ਮਨੁਖ ਉਸ ਦੇ ਪੈਦਾ ਕੀਤੇ ਹੋਏ ਹਨ, ਇਸ ਲਈ ਆਪਸ ਵਿਚ ਸਾਰੇ ਭਰਾ ਹਨ। ਇਹ ਆਦਰਸ਼ ਪੇਸ਼ ਕੀਤਾ ਹੈ—

ਸਭੇ ਸਾਂਝੀਵਾਲ ਸਦਾਇਨਿ ਕੋਇ ਨ ਦਿਸੈ ਬਾਹਿਰਾ ਜੀਉ ॥

ਇਨਸਾਫ ਬਰਾਬਰੀ ਤੇ ਸਰਬ ਸਾਂਝੇ ਮਿਲਾਪ ਲਈ ਬਹੁਤ ਉਚਾ ਆਦਰਸ਼ ਪੇਸ਼ ਕੀਤਾ ਹੈ।

ਮਨੂੰ ਨੇ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਦੀ ਵੰਡ ਕੀਤੀ ਸੀ। ਹਰੇਕ ਵਰਨ ਲਈ ਵਖੋ ਵਖਰੇ ਕਰਮ ਨੀਯਤ ਕੀਤੇ ਸਨ। ਪੱਛਮੀ

ਤਤਵੇਤਾ ਅਫਲਾਤੂਨ ਨੇ ਮਨੁਖ ਵਿਚ ਬੁਧੀ, ਤੇਜ ਅਤੇ ਕਾਮਨਾ (ਖਾਹਿਸ਼) ਤਿੰਨ ਕੁਦਰਤੀ ਗੁਣ ਮੰਨ ਕੇ ਇਹਨਾਂ ਅਨੁਸਾਰ ਮਨੁਖਾਂ ਦੀ ਵੰਡ ਕੀਤੀ। ਪਹਿਲਾ ਭਾਗ ਅਕਲਮੰਦਾਂ ਦਾ, ਇਸ ਦਾ ਕੰਮ ਰਾਜ ਪ੍ਰਬੰਧ ਤੇ ਨਿਆਂ ਕਰਨਾ। ਦੂਸਰਾ ਭਾਗ ਹੈ ਤਾਕਤਵਰ ਮਨੁਖਾਂ ਦਾ, ਇਸ ਦਾ ਕੰਮ ਬਾਹੂਬਲ ਨਾਲ ਲੋਕਾਂ ਦੀ ਰਖਿਆ ਕਰਨਾ। ਤੀਸਰਾ ਭਾਗ ਖੇਤੀ ਬਾੜੀ, ਵਪਾਰ, ਚਮਤਕਾਰੀ ਤੇ ਹੁਨਰ ਰਾਹੀਂ ਰੋਜ਼ੀ ਕਮਾਨ ਵਾਲਿਆਂ ਦਾ ਬਣਾਇਆ। ਸਦੀਆਂ ਤਕ ਪੱਛਮ ਵਿਚ ਇਸ ਬਾਰੇ ਕੋਈ ਵਿਚਾਰ ਨਹੀਂ ਕੀਤੀ ਗਈ। ੧੯ਵੀਂ ਸਦੀ ਵਿਚ ਅਗਟਿਸਟ ਕੋਂਟ ਨੇ ਸਮਾਜ ਦੀ ਬਣਤਰ ਦੇ ਚਾਰ ਭਾਗ ਕੀਤੇ—

(੧) ਨੀਤੀਵਾਨ।
(੨) ਵਪਾਰੀ।
(੩) ਮਜ਼ਦੂਰ ਜਾਂ ਕਿਰਤੀ।
(੪) ਇਸਤਰੀਆਂ।

ਚੀਨ ਦੇ ਸੁਧਾਰਕ ਕਨਫਯੂਸ਼ਿਸ਼ ਨੇ ਰਾਜਾ ਪਰਜਾ, ਇਸਤਰੀ ਪਤੀ, ਪਿਊ ਪੁਤਰ, ਛੋਟੇ ਵਡੇ ਭਰਾ ਅਤੇ ਮਿੱਤਰ ਦਾ ਚੰਗਾ ਵਿਹਾਰ ਹੋਣ ਨਾਲ ਸਮਾਜ ਦੀ ਬਿਹਤਰੀ ਦਸੀ ਹੈ।

ਇਸ ਵਕਤ ਪੂਰਬ ਤੇ ਪੱਛਮ ਵਿਚ ਪੁਰਾਣੇ ਵਿਚਾਰ ਬਦਲ ਰਹੇ ਹਨ ਅਤੇ ਇਕ ਨਵੀਨ ਲਹਿਰ ਨੇ ਜਨਮ ਲਿਆ ਹੈ, ਜਿਸ ਦਾ ਨਾਂ ਹੈ ਸਾਂਝੀਵਾਲਤਾ ਅਥਵਾ ਸੋਸ਼ਲਿਜ਼ਮ। ਇਸ ਦਾ ਜਨਮ ਪਿਛਲੀ ਸਦੀ ਵਿਚ ਯੂਰਪ ਅੰਦਰ ਹੋਇਆ। ਹੁਣ ਇਹ ਸਾਰੇ ਸੰਸਾਰ ਵਿਚ ਵਧ ਰਹੀ ਹੈ। ਸੇਂਟ ਸੀਮੋਂ, ਬਾਜ਼ਾਰ ਆਦਿਕ ਫਰਾਂਸ ਦੇ ਸੋਸ਼ਲਿਸਟਾਂ ਨੇ ਸਾਂਝੀਵਾਲਤਾ ਨੂੰ ਜਨਮ ਦਿਤਾ। ਕਾਰਲ ਮਾਰਕਸ, ਏਂਜਲਜ਼ ਤੇ ਲੈਨਿਨ ਨੇ ਇਸ ਨੂੰ ਪ੍ਰਚਾਰਿਆ। ਇਕ ਵਿਚਾਰ ਸ਼ੈਲੀ ਬਣਾਕੇ ਲੋਕਾਂ ਦੇ ਪੇਸ਼ ਕੀਤਾ। ਇਸ ਲਹਿਰ ਨੇ ਜ਼ਾਤ ਪਾਤ, ਮਜ਼੍ਹਬ, ਨਸਲ ਤੇ ਕੌਮੀਅਤ ਦੀਆਂ ਹੱਦਾਂ ਤੋੜ ਦਿਤੀਆਂ ਹਨ ਤੇ ਸਮਾਜ ਨੂੰ ਦੋ ਹਿੱਸਿਆਂ ਵਿਚ ਵੰਡ ਦਿਤਾ ਹੈ।

(੧) ਸਰਮਾਏਦਾਰ ਤੇ ਇਮਪੀਰੀਅਲਿਸਟ।

(੨) ਮਜ਼ਦੂਰ, ਕਿਰਤੀ ਅਤੇ ਕਿਸਾਨ।

ਇਸ ਲਈ ਏਹ ਬਾਨੀਆਂ ਦਾ ਮਤ ਹੈ ਕਿ ਪਹਿਲੇ ਮਨੁਖ ਸੁਤੰਤਰ ਰਹਿੰਦਾ ਸੀ, ਇਸਤਰੀ ਪੁਰਸ਼ ਖੁਲੇ ਡੁਲੇ ਫਿਰਦੇ ਸਨ। ਪਿਛੋਂ ਪ੍ਰਵਾਨਟ ਜੀਵਨ ਸ਼ੁਰੂ ਹੋਇਆ। ਸੰਤਾਨ ਹੋਈ, ਖਾਨਦਾਨ ਤੇ ਕਬੀਲੇ ਬਣੇ, ਪਿੰਡ ਬਝੇ, ਮਲਕੀਅਤ ਕਾਇਮ ਹੋ ਗਈ ਅਤੇ ਬਾਦਸ਼ਾਹ ਬਣ ਗਏ। ਸਰਮਾਏਦਾਰੀ ਪਕੀ ਹੋ ਗਈ। ਵਰਤਮਾਨ ਸਮੇਂ ਵਿਚ ਸਾਇੰਸ ਨੇ ਤਰੱਕੀ ਕੀਤੀ, ਮਸ਼ੀਨਰੀ ਬਣੀ। ਕਾਰਖਾਨੇ ਜਾਰੀ ਹੋਏ, ਇਹ ਪੂੰਜੀਦਾਰਾਂ ਨੇ ਬਣਾਏ। ਉਹ ਮਜ਼ਦੂਰਾਂ ਦੀ ਕਮਾਈ ਮੁਨਾਫੇ ਦੀ ਸ਼ਕਲ ਵਿਚ ਲੁਟ ਕੇ ਲੈ ਜਾਂਦੇ ਸਨ। ਵਡੇ ਜ਼ਿਮੀਦਾਰ ਕਿਸਾਨਾਂ ਦੀ ਕਮਾਈ ਹੜੱਪ ਕਰਦੇ ਸਨ। ਪੱਛਮ ਵਿਚ ਮਜ਼ਦੂਰਾਂ ਕਿਸਾਨਾਂ ਦੀ ਹਾਲਤ ਬਹੁਤ ਬੁਰੀ ਸੀ, ਉਹ ਭੁਖੇ ਮਰਦੇ ਸਨ। ਵੇਹਲੜ ਸਰਮਾਏਦਾਰ ਐਸ਼ ਕਰਦੇ ਸਨ। ਇਸ ਦਾ ਨਤੀਜਾ ਜਾਂ ਪ੍ਰਤਿ ਕਰਮ ਸੋਸ਼ਲਿਜ਼ਮ ਅਰਥਾਤ ਸਾਂਝੀਵਾਲਤਾ ਹੋਇਆ। ਸਾਂਝੀਵਾਲਤਾ ਦੇ ਅਗੋਂ ਦੋ ਧੜੇ ਹਨ—

(੧) ਸੋਸ਼ਲਿਸਟ।

(੨) ਕਮਯੂਨਿਸਟ।

ਸੋਸ਼ਲਿਸਟ ਕਹਿੰਦੇ ਹਨ ਕਿ ਜ਼ਮੀਨ, ਪੈਦਾਵਾਰ, ਕਾਰਖਾਨੇ, ਪੈਦਾਵਾਰ ਦੇ ਸਾਧਨ ਤੇ ਸਰਮਾਇਆ ਆਦਿ ਕੌਮੀ ਹੋਣ। ਹਰੇਕ ਆਦਮੀ ਯੋਗਤਾ ਅਨੁਸਾਰ ਕੰਮ ਕਰੇ, ਕੰਮ ਦੇ ਮੁਤਾਬਿਕ ਉਸ ਨੂੰ ਮਜ਼ਦੂਰੀ ਜਾਂ ਤਨਖਾਹ ਮਿਲੇ। ਕੋਈ ਭੁਖਾ ਨੰਗਾ ਤੇ ਬੀਮਾਰ ਨਾ ਰਹੇ। ਕੌਮੀ ਹਕੂਮਤ ਹੋਵੇ। ਹਰੇਕ ਦੇਸ ਆਪੋ ਆਪਣੀ ਥਾਂ ਸੁਤੰਤਰ ਹੋਵੇ।

ਕਮਿਯੂਨਿਸਟ ਕਾਰਲ ਮਾਰਕਸ ਨੂੰ ਮੰਨਦੇ ਹਨ। ਮਾਰਕਸ ਆਪਣੇ ਮਤ ਨੂੰ (**Dialectrical materialism**) ਮੰਤਕੀਆਨਾ ਮਾਦਾ ਪ੍ਰਸਤੀ ਕਹਿੰਦਾ ਹੈ। ਉਸ ਦੀ ਰਾਇ ਹੈ—ਮਲਕੀਅਤ, ਜਰ

ਸਿਕਾ, ਸੂਦ, ਮੁਨਾਫ਼ਾ, ਤਨਖਾਹਾਂ ਦਾ ਫਰਕ, ਹਕੂਮਤ, ਫੋਜ ਆਦਿਕ ਨਹੀਂ ਹੋਣੀਆਂ ਚਾਹੀਦੀਆਂ । ਇਹ ਗੱਲਾਂ ਸਰਮਾਏਦਾਰੀ ਨੂੰ ਪਕਿਆਂ ਕਰਦੀਆਂ ਹਨ। ਮਨੁਖ ਜਿਸ ਤਰ੍ਹਾਂ ਪਹਿਲੇ ਸੀ, ਉਸੇ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਪਰ ਕਮਿਊਨਿਸਟ ਦੇਸ ਵਿਚ ਇਹ ਸਾਰੀਆਂ ਚੀਜ਼ਾਂ ਹਨ। ਕਮਿਊਨਿਸਟ ਸਰਮਾਏਦਾਰੀ ਨੂੰ ਖਤਮ ਕਰਨ ਲਈ ਮਜ਼ਦੂਰ ਤੇ ਸਰਮਾਏਦਾਰ ਦਾ ਝਗੜਾ ਜ਼ਰੂਰੀ ਮੰਨਦੇ ਹਨ। ਮਨੁਖਤਾ ਜਮਾਤਹੀਣ ਹੋਣੀ ਚਾਹੀਦੀ ਹੈ। ਮਜ਼ਦੂਰਾਂ ਨੂੰ ਜਥੇਬੰਦ ਕਰਨ ਲਈ ਹੜਤਾਲਾਂ ਇਕ ਸਾਧਨ ਹਨ। ਮਾਰਕਸ ਦਾ ਮਤ ਹੈ ਕਿ ਈਸ਼ਵਰ ਕੋਈ ਨਹੀਂ, ਮਜ਼੍ਹਬ ਇਕ ਅਫੀਮ ਹੈ, ਜਿਸ ਨਾਲ ਆਦਮੀ ਬੇਸੁਧ ਹੋ ਜਾਂਦਾ ਹੈ। ਜਦ ਤੀਕ ਇਸਤਰੀ ਪੁਰਸ਼ ਦੇ ਸੰਬੰਧ ਅਰਥਾਤ ਗ੍ਰਿਹਸਤ ਧਰਮ ਨੂੰ ਖਤਮ ਨਹੀਂ ਕੀਤਾ ਜਾਂਦਾ, ਮਲਕੀਅਤ ਨਹੀਂ ਮੁਕ ਸਕਦੀ।

ਜਦ ਤੋਂ ਮਨੁਖ ਨੇ ਸੁਰਤ ਸੰਭਾਲੀ ਹੈ ਤਦ ਤੋਂ ਉਹ ਈਸ਼ਵਰ ਮਜ਼੍ਹਬ ਇਖਲਾਕ ਨੇਕੀ ਬਦੀ ਤੇ ਉਸ ਦੇ ਫਲ ਨੂੰ ਮੰਨਦਾ ਚਲਾ ਆ ਰਿਹਾ ਹੈ। ਮਜ਼੍ਹਬ ਆਤਮਿਕ ਸ਼ਾਂਤੀ ਦਾ ਇਕ ਸਾਧਨ ਹੈ। ਉਹ ਕਦੀ ਮਿਟਾਇਆ ਨਹੀਂ ਜਾ ਸਕਦਾ । ਮਨੁਖ ਨੇ ਪਸ਼ੂ ਪੁਣੇ ਤੋਂ ਉਠ ਕੇ ਗ੍ਰਿਹਸਤ ਮਾਰਗ ਦੀ ਰਾਹੀਂ ਸਮਾਜਕ ਤਰਕੀ ਕੀਤੀ ਹੈ। ਇਸ ਲਈ ਗ੍ਰਿਹਸਤ ਦੀ ਪ੍ਰਥਾ ਤੋੜਕੇ ਮਨੁਖ ਮੁੜ ਪਸ਼ੂ ਪੁਣੇ ਵਲ ਨਹੀਂ ਜਾ ਸਕਦਾ ।

੧੯੧੯ ਦੇ ਜੰਗ ਦੇ ਬਾਹਦ ਮਾਰਕਸਵਾਦ ਦਾ ਤਜਰਬਾ ਰੂਸ ਵਿਚ ਕੀਤਾ ਗਿਆ, ਪਰ ਰੂਸ ਵਿਚੋਂ ਵੀ ਮਜ਼੍ਹਬ ਖਤਮ ਨਹੀਂ ਕੀਤਾ ਜਾ ਸਕਿਆ । ੧੯੫੦ ਵਿਚ ਚੀਨ ਵਿਚ ਕਮਿਊਨਿਸਟ ਸਰਕਾਰ ਕਾਇਮ ਹੋਈ। ਪਰ ਰੂਸ ਤੇ ਚੀਨ ਵਿਚ ਸੋਸ਼ਲਿਸਟ ਗੌਰਮਿੰਟਾਂ ਹਨ। ਸੋਸ਼ਲਿਜ਼ਮ ਵਰਤੋਂ ਵਿਚ ਆ ਸਕਦਾ ਹੈ, ਪਰ ਮਾਰਕਸ ਤੇ ਏਂਜਲਸ ਦਾ ਕਾਮਯੂਨਿਜ਼ਮ ਇਕ ਕਪੋਲ ਕਲਪਨਾ ਹੈ।

ਸਿੱਖ ਧਰਮ ਵਰਤਮਾਨ ਸਾਂਝੀਵਾਲਤਾ ਵਾਂਗੂ ਸਰਮਾਏਦਾਰੀ ਦਾ ਪ੍ਰਤਿਕਰਮ ਨਹੀਂ। ਇਸ ਦੀ ਬੁਨਿਆਦ ਸ੍ਰੀ ਗੁਰੂ ਨਾਨਕ ਦੇਵ ਤੇ ਦਸਮ ਪਾਤਸ਼ਾਹ ਨੇ ਆਤਮਿਕ ਅਨੁਭਵ ਤੇ ਰਖੀ ਹੈ। ਸਿੱਖੀ ਦਾ ਤੱਤ ਨਾਮ ਜਪਣਾ, ਵੰਡ ਕੇ ਛਕਣਾ ਤੇ ਕਿਰਤ ਕਰਨੀ ਹੈ। ਨਾਮ ਜਪਣਾ 'ਨਾਨਕ ਨਾਮ ਮਿਲੈ ਤਾ ਜੀਵਾ' ਆਤਮਿਕ ਉਨਤੀ ਲਈ ਹੈ। ਵੰਡ ਕੇ ਛਕਣਾ ਸਮਾਜ ਦੇ ਭਲੇ ਤੇ ਲੋਕ ਸੇਵਾ ਲਈ ਅਤੇ ਸਰਮਾਏਦਾਰ ਬਿਰਤੀ ਨੂੰ ਖਤਮ ਕਰਨਾ ਹੈ। ਕਿਰਤ ਕਰਨੀ ਨਿਜੀ ਪੁਰਸ਼ਾਰਥ ਤੇ ਸਮਾਜ ਦੇ ਭਲੇ ਲਈ ਹੈ।

* * *

(੧) ਗੁਰ ਸਿਖ ਮੀਤ ਚਲਹੁ ਗੁਰ ਚਾਲੀ ॥

(ਧਨਾਸਰੀ ਮ: ੪)

(੨) ਰਹਿਨੀ ਰਹੈ ਸੋਈ ਸਿਖ ਮੇਰਾ ।
ਓਹ ਠਾਕੁਰ ਮੈਂ ਉਸਕਾ ਚੇਰਾ ।

(ਰਹਿਤਨਾਮਾ ਦੇਸਾ ਸਿੰਘ)

ਗੁਰਮਤਿ-ਸੰਸਕਾਰ

ਅਤੇ

ਸਿੱਖ ਰਹਿਤ ਮਰਯਾਦਾ

ਭਾਗ ੨.

ਹਰੇਕ ਮਜ਼੍ਹਬ ਦੇ ਤਿੰਨ ਭਾਗ ਹੁੰਦੇ ਹਨ (੧) ਆਤਮਿਕ ਗਿਆਨ ਜਾਂ ਫਿਲਾਸਫ਼ੀ। (੨) ਇਤਿਹਾਸ ਅਤੇ ਰਵਾਇਤਾਂ। (੩) ਸੰਸਕਾਰ ਅਤੇ ਰਹੁਰੀਤ। ਪਿਛੇ ਅਸੀਂ ਗੁਰਮਤਿ ਫ਼ਿਲਾਸਫ਼ੀ ਤੇ ਵਿਚਾਰ ਕਰ ਆਏ ਹਾਂ। ਇਸ ਭਾਗ ਵਿਚ ਸਿੱਖ ਸੰਸਕਾਰਾਂ ਅਤੇ ਰਹਿਤ ਮਰਯਾਦਾ ਨੂੰ ਵਰਣਨ ਕੀਤਾ ਗਿਆ ਹੈ।

੩੬.

ਸੰਸਕਾਰ ਅਤੇ ਰਹਿਤ

ਸਿੱਖ ਧਰਮ ਆਪਣੇ ਆਪ ਵਿਚ ਇਕ ਸੰਪੂਰਣ ਜੀਵਨ ਜਾਚ ਅਤੇ ਆਦਰਸ਼ ਹੈ। ਦਸ ਸਤਿਗੁਰਾਂ ਨੇ ਇਸ ਨੂੰ ਪੇਸ਼ ਕੀਤਾ ਹੈ। ਇਸ ਵਿਚ ਮਨੁਖ ਜੀਵਨ ਨੂੰ ਚੰਗੇ ਢੰਗ ਨਾਲ ਗੁਜ਼ਾਰਨ ਦੇ ਸਾਰੇ ਸਾਧਨ ਦਸੇ ਹਨ। ਇਹਨਾਂ ਅਨੁਸਾਰ ਹਰੇਕ ਆਦਮੀ ਆਤਮਕ, ਇਖਲਾਕੀ ਅਤੇ ਸਮਾਜਕ ਉਨਤੀ ਕਰ ਸਕਦਾ ਹੈ। ਸਿੱਖੀ ਸੰਸਕਾਰਾਂ ਵਿਚ ਵਾਹਿਗੁਰੂ ਦੀ ਯਾਦ, ਸਾਦਗੀ, ਪਵਿੱਤਰਤਾ, ਜਜ਼ਬਾ, ਜੀਵਨ ਦਾ ਰਸ ਅਤੇ ਜਥੇਬੰਦੀ ਦੀ ਸਪਿਰਟ ਪਾਈ ਜਾਂਦੀ ਹੈ। ਕਿਸੇ ਮਜ਼ਬ ਦੇ ਸੰਸਕਾਰ ਉਸ ਦੀ ਅੰਦਰਲੀ ਮਨੋ ਅਵਸਥਾ ਨੂੰ ਪ੍ਰਗਟ ਕਰਦੇ ਹਨ।

ਰਹਿਤ ਕੀ ਹੈ ? ਉਹ ਨਿਯਮ ਬੱਧ ਧਾਰਮਿਕ ਅਤੇ ਸੰਜਮੀ ਜੀਵਨ ਦਾ ਢੰਗ, ਜਿਸ ਨਾਲ ਸਿੱਖ ਹਰ ਤਰ੍ਹਾਂ ਦੇ ਵਿਕਾਰਾਂ ਤੋਂ ਬਚਕੇ ਆਤਮਿਕ ਅਤੇ ਸਮਾਜਕ ਉਨਤੀ ਕਰਦਾ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ—

ਰਹਿਤ ਰਹਤ ਰਹਿ ਜਾਹਿ ਬਿਕਾਰਾ।

ਭਾਵ—ਰਹਿਤ ਰਖਣ ਨਾਲ ਮਨੁਖ ਵਿਕਾਰਾਂ ਤੋਂ ਬਚਦਾ ਹੈ।

ਸਿੱਖੀ ਜਥੇਬੰਦ ਧਰਮ ਹੈ, ਇਸ ਲਈ ਇਸ ਦੀ ਰਹਿਤ ਮਰਯਾਦਾ ਸਮਾਜ ਨੂੰ ਇਕ ਲੜੀ ਵਿਚ ਪਰੋਣ ਅਤੇ ਜਥੇਬੰਦੀ ਨੂੰ ਪੱਕਿਆਂ ਕਰਨ ਵਾਲੀ ਹੈ।

ਧਰਮ ਵਿਚ ਚਿਨ੍ਹਾਂ ਦੀ ਕੀ ਲੋੜ ਹੈ? ਕੇਸ, ਕੜਾ, ਕ੍ਰਿਪਾਨ ਆਦਿਕ ਕਕਾਰ ਰਖਣ ਦਾ ਕੀ ਲਾਭ ਹੈ? ਅੱਜ ਕਲ ਇਹ ਪ੍ਰਸ਼ਨ ਆਮ ਤੌਰ ਤੇ ਕੀਤੇ ਜਾਂਦੇ ਹਨ। ਇਸ ਦਾ ਉੱਤਰ ਇਹ ਹੈ ਕਿ ਜੇ ਸਿੱਖ ਧਰਮ ਸ਼ਖਸੀ ਹੁੰਦਾ, ਫਿਰ ਇਹਨਾਂ ਦੀ ਕੋਈ ਲੋੜ ਨਹੀਂ ਸੀ ਤੇ ਨਾ ਇਨ੍ਹਾਂ ਦੀ ਕੋਈ ਮਹਾਨਤਾ ਹੁੰਦੀ। ਚੂੰਕਿ ਸਿੱਖੀ ਜਥੇਬੰਦਕ ਧਰਮ ਹੈ, ਇਸ ਲਈ ਕਕਾਰਾਂ ਦੀ ਲੋੜ ਹੈ ਅਤੇ ਇਹਨਾਂ ਦੀ ਮਹਾਨਤਾ ਵੀ ਹੈ। ਮਜ਼੍ਹਬ ਨਾ ਸਹੀ, ਕੋਈ ਹੋਰ ਜਥੇਬੰਦੀ ਬਣਾਓ, ਉਸ ਦਾ ਡਿਸਿਪਲਨ ਕਾਇਮ ਰਖਣ ਲਈ ਵੀ ਨਿਯਮ ਜਾਂ ਚਿੰਨ੍ਹ ਕਾਇਮ ਕਰਨੇ ਜ਼ਰੂਰੀ ਹਨ।

ਕਈ ਆਦਮੀ ਕਹਿੰਦੇ ਹਨ—'ਕੀ ਚਿੰਨ੍ਹ ਧਾਰਨ ਕੀਤੇ ਤੋਂ ਬਿਨਾਂ ਸਾਡੇ ਆਚਰਣ ਦੀ ਉਸਾਰੀ ਨਹੀਂ ਹੋ ਸਕਦੀ ਜਾਂ ਅਸੀਂ ਨੇਕੀ ਨਹੀਂ ਕਰ ਸਕਦੇ?' ਇਸ ਦਾ ਉੱਤਰ ਇਹ ਹੈ ਕਿ ਕੋਈ ਆਦਮੀ ਨੇਕ ਹੋ ਸਕਦਾ ਹੈ। ਉਸ ਦਾ ਆਚਰਣ ਵੀ ਚੰਗਾ ਹੋ ਸਕਦਾ ਹੈ, ਪਰ ਸਿੱਖੀ ਦੀ ਰਹਿਤ ਜਾਂ ਚਿੰਨ ਨੇਕੀ ਜਾਂ ਆਚਰਣ ਦੀ ਉਸਾਰੀ ਵਿਚ ਕੋਈ ਰੁਕਾਵਟ ਨਹੀਂ ਬਲਕਿ ਸਹਾਇਕ ਹਨ। ਅੰਦਰਲੀ ਨੇਕੀ ਨੂੰ ਪ੍ਰਗਟ ਕਰਦੇ ਹਨ। ਜੋ ਆਦਮੀ ਸ਼ਖਸੀ ਤੌਰ ਤੇ ਨੇਕੀ ਕਰਦਾ ਹੈ ਜਾਂ ਆਚਰਣ ਬਣਾਉਂਦਾ ਹੈ, ਉਹ ਉਸ ਪਹਿਲਵਾਨ ਦੀ ਤਰ੍ਹਾਂ ਹੈ, ਜੋ ਆਪਣੇ ਆਪ ਵਿਚ ਰਿਸ਼ਟ ਪੁਸ਼ਟ ਹੈ। ਪਰ ਪਹਿਲਵਾਨ ਇਕ ਜਥੇਬੰਦੀ ਦੇ ਮੁਕਾਬਲੇ ਤੇ ਲੋਕ ਸੇਵਾ ਦਾ ਕੰਮ ਨਹੀਂ ਕਰ ਸਕਦਾ। ਸਿੱਖੀ ਦੀ ਰਹਿਤ ਸ਼ਖਸੀ ਤੇ ਪੰਥਕ ਹੈ। ਸਿੱਖੀ ਜਥੇਬੰਦ ਧਰਮ ਹੈ, ਇਸ ਲਈ ਇਸ ਵਿਚ ਰਹਿਤ ਰਖਣੀ। ਕਕਾਰ ਰਖਣੇ ਤੇ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ।

ਹਰੇਕ ਮਜ਼੍ਹਬ ਵਿਚ ਫ਼ਿਲਾਸਫ਼ੀ, ਜਜ਼ਬਾਤ ਆਚਰਣ ਦੀ ਉਸਾਰੀ ਲਈ ਇਖਲਾਕੀ ਅਸੂਲ ਜਾਂ ਨਿਯਮ ਜ਼ਰੂਰੀ ਹਨ। ਆਤਮਿਕ ਭੁਖ ਫ਼ਿਲਾਸਫ਼ੀ ਜਾਂ ਗਿਆਨ ਪੂਰੀ ਕਰਦਾ ਹੈ, ਇਖਲਾਕੀ ਭੁਖ ਤੇ ਆਚਰਣ ਦੀ ਉਸਾਰੀ ਸੰਪ੍ਰਦਾਈ ਅਤੇ ਨੇਕੀ ਪੂਰੀ ਕਰਦੀਆਂ ਹਨ। ਮਜ਼੍ਹਬ ਵਿਚ ਜੀਵਨ ਦਾ ਰਸ ਜਜ਼ਬਾ ਪੈਦਾ ਕਰਦਾ ਹੈ। ਸਿੱਖੀ ਖਾਸ

ਇਹ ਤਿੰਨੇ ਗੁਣ ਹਨ। ਆਤਮਿਕ ਸਿੱਖਿਆ ਲਈ ਗੁਰਬਾਣੀ ਹੈ। ਇਖਲਾਕੀ ਉਸਾਰੀ ਲਈ ਸਿੱਖਾਂ ਦੀ ਰਹਿਤ ਮਰਯਾਦਾ ਹੈ। ਇਹ ਜਥੇਬੰਦੀ ਨੂੰ ਵੀ ਪੱਕਿਆਂ ਕਰਦੀ ਹੈ। ਪੰਜ ਕਕਾਰ ਸਿੱਖੀ ਦੀ ਅੰਦਰਲੀ ਉਚਤਾ ਤੇ ਏਕਤਾ ਨੂੰ ਪ੍ਰਗਟ ਕਰਦੇ ਹਨ। ਜਨਮ, ਅੰਮ੍ਰਿਤ, ਵਿਵਾਹ ਤੇ ਮ੍ਰਿਤਕ ਸੰਸਕਾਰ ਜਿਸ ਢੰਗ ਨਾਲ ਪੂਰੇ ਕੀਤੇ ਜਾਂਦੇ ਹਨ, ਇਹ ਜਜ਼ਬਾ ਪੈਦਾ ਕਰਦੇ ਹਨ।

ਦਸਮ ਪਾਤਸ਼ਾਹ ਨੇ ਸਿੱਖ ਲਈ ਪੰਜ ਕਕਾਰ ਦੱਸੇ ਹਨ—ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰਾ।

ਮਹਾਰਾਜ ਫੁਰਮਾਉਂਦੇ ਹਨ—

ਨਿਸ਼ਾਨੇ ਸਿਖੀਂ ਈਂ ਕਿ ਪੰਜ ਹਰਫ਼ ਕਾਫ਼।
ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ਼।
ਕੜਾ ਕਛ ਕਾਰਦੋ ਕੰਘਾ ਬਿਦਾਂ।
ਬਿਨਾ ਕੇਸ ਹੇਚ ਅਸਤ ਜੁਮਲਾ ਨਿਸ਼ਾਂ।

ਕੇਸ ਅਤੇ ਦਾਹੜੀ ਕੁਦਰਤੀ ਹਨ। ਕੰਘਾ ਕੇਸਾਂ ਦੀ ਸਫ਼ਾਈ ਲਈ ਹੈ। ਕਿਰਪਾਨ ਸਵੈ ਰਖਿਆ ਅਤੇ ਦੁਸ਼ਮਨ ਨੂੰ ਦੰਡ ਦੇਣ ਲਈ ਹੈ। ਇਹ ਸ਼ਸਤ੍ਰਾਂ ਵਿਚੋਂ ਸ਼ਰੋਮਣੀ ਹੈ, ਕਛਹਿਰਾ ਚੁਸਤ ਕਪੜਾ ਤੇ ਪਰਦੇ ਲਈ ਹੈ, ਕੜਾ ਸਿੱਖੀ ਦੀ ਪ੍ਰਤਗਿਆ ਦਾ ਨਿਸ਼ਾਨ।

ਅਸੀਂ ਸਿੱਖੀ ਦੀ ਰਹਿਤ ਗੁਰੂ ਦਾ ਹੁਕਮ ਸਮਝ ਕੇ ਵੀ ਰਖਦੇ ਹਾਂ। ਇਸ ਨਾਲ ਨਾਮ ਰੂਪ, ਸਪਿਰਟ ਕਰਕੇ ਗੁਰੂ ਵਿਚ ਲੀਨ ਹੋ ਜਾਂਦੇ ਹਾਂ। ਉਹਨਾਂ ਦਾ ਅਧਿਕਾਰ ਪ੍ਰਾਪਤ ਕਰਦੇ ਹਾਂ। ਸਿੱਖ ਦਾ ਜ਼ਿੰਦਗੀ ਦਾ ਆਦਰਸ਼ ਗੁਰੂ ਵਿਚ ਲੀਨ ਹੋਣਾ ਹੈ, ਇਸ ਲਈ ਗੁਰੂ ਕੀ ਰਹਿਤ ਵਿਚ ਰਹਿਣਾ ਜ਼ਰੂਰੀ ਹੈ। ਜੋ ਸਿੱਖ ਬਣ ਕੇ ਰਹਿਤ ਨਹੀਂ ਰਖਦੇ, ਉਹਨਾਂ ਬਾਬਤ ਭਾਈ ਗੁਰਦਾਸ ਜੀ ਕਹਿੰਦੇ ਹਨ—

ਸਾਧ ਸੰਗਤਿ ਗੁਰ ਸਬਦ ਸੁਣ ਗੁਰਉਪਦੇਸ਼ ਰਹਿਤ ਨ ਰਹੰਦੇ।
ਮਸਤਕ ਭਾਗ ਜਿਨਾਂ ਦੇ ਮੰਦੇ। (ਵਾਰ-੧੭੨)

ਭਾਵ—ਜੇਹੜੇ ਸਿੱਖ ਸੰਗਤਿ ਕਰਦੇ ਹਨ, ਗੁਰੂ ਸ਼ਬਦ ਦਵਾਰਾ ਗੁਰੂ ਦਾ ਉਪਦੇਸ਼ ਵੀ ਸੁਣਦੇ ਹਨ, ਪਰ ਗੁਰੂ ਦੀ ਦਸੀ ਹੋਈ ਰਹਿਤ ਨਹੀਂ ਰਖਦੇ, ਉਹ ਮੰਦ ਭਾਗੇ ਹਨ।

ਹੁਣ ਅਸੀਂ ਕਰਮ ਅਨੁਸਾਰ ਸੰਸਕਾਰਾਂ ਦਾ ਵਰਣਨ ਕਰਦੇ ਹਾਂ।

* * *

੩੭.

ਜਨਮ ਤੇ ਨਾਮ ਸੰਸਕਾਰ

(੧) ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਜੋਗ ਹੋਵੇ, ਉਸ ਨੂੰ ਇਸ਼ਨਾਨ ਕਰਾਇਆ ਜਾਵੇ। ਫਿਰ ਦਿਨਾਂ ਦੀ ਕੋਈ ਗਿਣਤੀ ਮੁਕਰਰ ਨਹੀਂ, ਟੱਬਰ ਦੇ ਸਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪ੍ਰਮੇਸਰਿ ਦਿਤਾ ਬੰਨਾ' (ਸੋਰਠਿ ਮ: ੫) 'ਸਤਿਗੁਰੂ ਸਾਚੈ ਦੀਆ ਭੇਜਿ' (ਆਸਾ ਮ: ੫) ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ। ਉਪ੍ਰੰਤ ਜੇਕਰ ਸ੍ਰੀ ਗੁਰੂ ਗਰੰਥ ਸਾਹਿਬ ਦਾ ਪਾਠ ਰਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ, ਫਿਰ ਵਾਕ ਲਿਆ ਜਾਵੇ। ਸ਼ਬਦ ਦੀ ਅਰੰਭਕ ਤੁਕ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉਂ ਪਿਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਉਂ ਪਿਛੇ 'ਕੌਰ' ਲਗਾਇਆ ਜਾਵੇ। ਸਿੱਖੀ ਵਿਚ ਲੜਕੇ ਲੜਕੀ ਦਾ ਕੋਈ ਵਿਤਕਰਾ ਨਹੀਂ ਹੈ।

ਉਪਰੰਤ ਅਨੰਦ ਸਾਹਿਬ ਛੇ (ਪਉੜੀਆਂ) ਪੜ੍ਹ ਕੇ ਮਗਰੋਂ ਬਚੇ ਦੇ ਨਾਮ ਸੰਸਕਾਰ ਦੀ ਖੁਸ਼ੀ ਦਾ ਜੋਗ ਸ਼ਬਦਾਂ ਵਿਚ ਅਰਦਾਸਾ ਕਰਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।

(੨) ਜਨਮ ਦੇ ਸਬੰਧ ਵਿਚ ਖਾਣ ਪੀਣ ਵਿਚ ਸੂਤਕ ਦਾ ਕੋਈ ਭਰਮ ਨਹੀਂ ਕਰਨਾ, ਕਿਉਂਕਿ 'ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ। ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ।' ਗੁਰਬਾਣੀ ਦਾ ਵਾਕ ਹੈ।

(੩) ਬੱਚਿਆਂ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਰੁਮਾਲੇ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨ ਮਤ ਹੈ।

੩੮.

ਅੰਮ੍ਰਿਤ ਸੰਸਕਾਰ

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਨੌਵੇਂ ਪਾਤਸ਼ਾਹ ਤਕ ਗੁਰੂ ਸਾਹਿਬਾਨ ਚਰਨਾਮ੍ਰਿਤ ਦਿੰਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਖੰਡੇ ਦੀ ਪਾਹੁਲ ਵਿਚ ਬਦਲਿਆ ਹੈ। ਸੰਮਤ ੧੭੫੬ ਵਿਚ ਅਨੰਦ ਪੁਰ ਵਿਖੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ ਜੀ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਸਜਾਇਆ।

ਅੰਮ੍ਰਿਤ ਕੀ ਹੈ? ਜਿਸ ਦੇ ਪੀਣ ਨਾਲ ਮੌਤ ਨਾ ਹੋਵੇ। ਸ਼ੁਰੂ ਤੋਂ ਲੈ ਕੇ ਹੁਣ ਤੀਕ ਮਨੁਖ ਅਜਿਹੀ ਵਸਤੂ ਦੀ ਭਾਲ ਕਰਦਾ ਰਿਹਾ ਹੈ। ਇਸ ਦੀ ਮਨੋ-ਬਿਰਤੀ ਨੂੰ ਮੁਤਾਲਿਆ ਕਰਨ ਤੋਂ ਪਤਾ ਲਗਦਾ ਹੈ ਕਿ ਮਨੁਖ ਤਿੰਨ ਗੱਲਾਂ ਚਾਹੁੰਦਾ ਹੈ—ਜੀਉਣਾ, ਸੁਖੀ ਰਹਿਣਾ ਅਤੇ ਪ੍ਰਫੁਲਤ ਹੋਣਾ। ਅਮਰ ਜੀਵਨ ਕਿਉਂ ਚਾਹੁੰਦਾ ਹੈ? ਇਸ ਲਈ ਕਿ ਇਸ ਦੀ ਆਤਮਾ ਅਬਿਨਾਸ਼ੀ ਦੀ ਅੰਸ਼ ਹੈ। ਅੰਮ੍ਰਿਤ ਦੇ ਚਾਰ ਗੁਣ ਦਸੇ ਹਨ—ਅਮਰ ਹੋਣਾ, ਬੁੱਢੇ ਨਾ ਹੋਣਾ, ਤ੍ਰਿਪਤ ਹੋ ਜਾਣਾ ਅਤੇ ਹੋਰ ਰਸ ਫਿਕੇ ਮਾਲੂਮ ਹੋਣੇ। ਦਸਮ ਪਾਤਸ਼ਾਹ ਨੇ ਖਾਲਸੇ ਨੂੰ ਜੋ ਅੰਮ੍ਰਿਤ ਦਿਤਾ, ਉਸ ਨੇ ਸ਼ਰੀਰਕ ਅਮਰ ਜੀਵਨ ਨਹੀਂ ਦਿਤਾ, ਮਨ ਵਿਚੋਂ ਮੌਤ ਦਾ ਡਰ ਕਢ ਕੇ ਅਮਰ ਜੀਵਨ ਦਿਤਾ ਹੈ। ਦਸਮ ਪਾਤਸ਼ਾਹ ਨੇ ਪੰਜ ਪਿਆਰਿਆਂ ਦੇ ਸੀਸ ਮੰਗ ਕੇ ਉਹਨਾਂ ਨੂੰ ਜੀਵਨ ਤੇ ਮੌਤ ਦਾ ਭੇਦ ਸਮਝਾਇਆ। ਉਹਨਾਂ ਨੂੰ ਅੰਮ੍ਰਿਤ ਪਿਲਾ ਕੇ ਅਗੋਂ ਛਕਾਉਣ ਦੀ ਆਗਿਆ ਕੀਤੀ ਹੈ। ਅੰਮ੍ਰਿਤ ਛਕਣਾ ਹਰੇਕ ਸਿੰਘ ਲਈ ਜ਼ਰੂਰੀ ਹੈ। ਇਹ ਸਿੱਖੀ ਦਾ ਆਰੰਭ ਨਹੀਂ ਸੰਪੂਰਨਤਾ ਹੈ।

ਅੰਮ੍ਰਿਤ ਤਿਆਰ ਕਰਨ ਤੇ ਛਕਾਣ ਦੀ ਵਿਧੀ-

(ੳ) ਅੰਮ੍ਰਿਤ ਛਕਾਉਣ ਲਈ ਇਕ ਖਾਸ ਅਸਥਾਨ ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ।

(ਅ) ਉਥੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘਟ ਤੋਂ ਘਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਹਨਾ ਵਿਚੋਂ ਇਕ ਤਾਬੇ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਣ ਲਈ ਹੋਣ, ਇਹਨਾਂ ਵਿਚ ਸਿੰਘਣੀਆਂ ਭੀ ਹੋ ਸਕਦੀਆਂ ਹਨ। ਇਹਨਾਂ ਸਾਰਿਆਂ ਨੇ ਕੇਸੀ ਇਸ਼ਨਾਨ ਕੀਤਾ ਹੋਵੇ।

(ੲ) ਇਹਨਾਂ ਪੰਜਾਂ ਪਿਆਰਿਆਂ ਵਿਚ ਕੋਈ ਅੰਗ-ਹੀਣ (ਅੰਨ੍ਹਾ, ਕਾਣਾ, ਲੰਙਾ, ਲੂਲਾ) ਜਾਂ ਦੀਰਘ ਰੋਗ ਵਾਲਾ ਅਤੇ ਕੋਈ ਤਨਖਾਹੀਆ ਨਾ ਹੋਵੇ। ਸਾਰੇ ਤਿਆਰ-ਬਰ-ਤਿਆਰ ਦਰਸ਼ਨੀ ਸਿੰਘ ਹੋਣ।

(ਸ) ਹਰ ਦੇਸ਼, ਹਰ ਮਜ਼੍ਹਬ ਤੇ ਜ਼ਾਤੀ ਦੇ ਹਰ ਇਕ ਇਸਤ੍ਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿੱਖੀ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚਲਣ ਦਾ ਪ੍ਰਣ ਕਰੇ। ਅੰਮ੍ਰਿਤ ਅਭਿਲਾਖੀ ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ। ਅੰਮ੍ਰਿਤ ਛਕਣ ਵਾਲੇ ਹਰ ਇਕ ਪ੍ਰਾਣੀ ਨੇ ਕੇਸੀ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ ਨਾ ਹੋਵੇ। ਸਿਰ ਨੰਗਾ ਜਾਂ ਟੋਪੀ ਨਾ ਹੋਵੇ। ਛੇਦਕ ਗਹਿਣੇ ਕੋਈ ਨਾ ਹੋਣ, ਅੰਮ੍ਰਿਤ ਅਭਿਲਾਖੀ ਅਦਬ ਨਾਲ ਹੱਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜੇ ਹੋਣ।

(ਹ) ਜੇ ਕਿਸੇ ਨੇ ਕੁਰਹਿਤ ਕਾਰਨ ਕਰਕੇ ਅੰਮ੍ਰਿਤ ਛਕਣਾ ਹੋਵੇ, ਤਾਂ ਉਸ ਨੂੰ ਅੱਡ ਕਰਕੇ ਸੰਗਤ ਵਿਚ ਪੰਜ ਪਿਆਰੇ ਤਨਖਾਹ ਲਾ ਲੈਣ।

(ਕ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ ਵਿਚੋਂ ਕੋਈ ਇਕ ਸੱਜਣ ਅੰਮ੍ਰਿਤ ਛਕਣ ਦੇ ਅਭਿਲਾਖੀ ਨੂੰ ਸਿੱਖ ਧਰਮ ਦੇ ਅਸੂਲ ਸਮਝਾਵੇ ਅਤੇ ਇਹ ਪ੍ਰਣ ਸੁਣਾਵੇ—

'ਸਿੱਖ ਧਰਮ ਵਿਚ ਕਿਰਤਮ ਪੂਜਾ ਤਿਆਗ ਕੇ ਇਕ ਕਰਤਾਰ

ਦੀ ਪ੍ਰੇਮਾ ਭਗਤੀ ਤੇ ਉਪਾਸ਼ਨਾ ਕਰਨੀ ਦਸੀ ਹੈ । ਇਸ ਦੀ ਪੂਰਨਤਾ ਲਈ ਕੁਰਬਾਨੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ ਉਪਕਾਰ, ਨਾਮ ਦਾ ਪਰੇਮ ਤੇ ਅੰਮ੍ਰਿਤ ਛਕ ਕੇ ਰਹਿਤ ਬਹਿਤ ਰਖਣ ਸੁਖ ਸਾਧਨ ਹਨ, ਆਦਿ । ਕੀ ਤੁਸੀਂ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ ਕਰਦੇ ਹੋ ?

(ਖ) 'ਹਾਂ' ਦਾ ਜਵਾਬ ਆਉਣ ਤੇ ਪੰਜਾਂ ਪਿਆਰਿਆਂ ਵਿਚੋਂ ਇਕ ਸੱਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਕਰੇ—'ਹੇ ਅਕਾਲ ਪੁਰਖ ਅੰਤਰਜਾਮੀ ਸਤਿਗੁਰੂ ਜੀ ! ਆਪ ਨੂੰ ਹਾਜ਼ਰ ਨਾਜ਼ਰ ਜਾਣ ਕੇ, ਆਪ ਦੀ ਪਵਿੱਤਰ ਮਰਯਾਦਾ ਅਨੁਸਾਰ ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਗੇ ਹਨ, ਆਪ ਨੇ ਮਨ ਦੀ ਇਕਾਗਰਤਾ ਬਖਸ਼ਣੀ, ਬਾਣੀ ਸ਼ੁਧ ਪੜ੍ਹਨ ਦਾ ਬਲ ਬਖਸ਼ਣਾ, ਆਪਣੀ ਬਰਕਤ ਪਾਉਣੀ । ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਨਿਹਾਲ ਕਰਨਾ । ਸਿੱਖੀ ਦੀ ਰਹਿਤ ਬਖਸ਼ਣੀ । ਇਸ ਤੋਂ ਉਪ੍ਰੰਤ ਹੁਕਮ ਲਿਆ ਜਾਵੇ, ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ ।

(ਗ) ਬਾਟਾ ਸਰਬ ਲੋਹ ਦਾ ਹੋਵੇ ਤੇ ਚੌਂਕੀ ਸੁਨਹਿਰੇ ਆਦਿ ਸਵੱਛ ਚੀਜ਼ ਪੁਰ ਰਖਿਆ ਹੋਵੇ ।

(ਘ) ਬਾਟੇ ਵਿਚ ਸਵੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ ਗਿਰਦ *ਬੀਰ ਆਸਨ ਹੋ ਕੇ ਬੈਠ ਜਾਣ ਤੇ ਇਹਨਾਂ ਬਾਣੀਆਂ ਦਾ ਪਾਠ ਕਰਨ ।

(ਙ) ਜਪੁ, ਜਾਪ, ੧੦ ਸਵਯੇ (ਸ੍ਰਾਵਗ ਸੁਧ ਵਾਲੇ), ਬੇਨਤੀ ਚੌਪਈ (ਹਮਰੀ ਕਰਹੁ ਹਾਥ ਦੈ ਰਛਾ ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ), ਅਨੰਦੁ ਸਾਹਿਬ ਦੀਆਂ ਪੰਜ ਪਹਿਲੀਆਂ ਤੇ ਇਕ ਅੰਤਲੀ ਪਉੜੀ ।

---

*ਬੀਰ ਆਸਨ ਸੱਜਾ ਗੋਡਾ ਜ਼ਮੀਨ ਤੇ ਧਰ ਕੇ ਸੱਜੀ ਲੱਤ ਦਾ ਭਾਰ ਪੈਰ ਤੇ ਰਖ ਕੇ ਬੈਠਣਾ ਤੇ ਖੱਬਾ ਗੋਡਾ ਉਚਾ ਕਰ ਕੇ ਰਖਣਾ ।

(ਚ) ਹਰ ਇਕ ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ ਤੇ ਧਰੇ ਤੇ ਸਜੇ ਹੱਥ ਨਾਲ ਖੰਡਾ ਜਲ ਵਿਚ ਫੇਰੀ ਜਾਵੇ। ਸੁਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ ਤੇ ਅਤੇ ਧਿਆਨ ਅੰਮ੍ਰਿਤ ਵਲ ਰਹੇ।

(ਛ) ਪੰਜਾਂ ਬਾਣੀਆਂ ਦਾ ਪਾਠ ਹੋਣ ਮਗਰੋਂ ਪੰਜਾਂ ਪਿਆਰਿਆਂ ਵਿਚੋਂ ਕੋਈ ਇਕ ਅਰਦਾਸ ਕਰੇ।

(ਜ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ ਵਿਚ ਹਿੱਸਾ ਲਿਆ ਹੈ, ਉਹੀ ਅੰਮ੍ਰਿਤ ਛਕਣ ਵਿਚ ਸ਼ਾਮਲ ਹੋ ਸਕਦਾ ਹੈ। ਅਧ-ਵਾਟੇ ਆਉਣ ਵਾਲਾ ਸ਼ਾਮਲ ਨਹੀਂ ਹੋ ਸਕਦਾ।

(ਝ) ਫਿਰ ਸ੍ਰੀ ਕਲਗੀਧਰ ਦਸਮੇਸ਼ ਪਿਤਾ ਦਾ ਧਿਆਨ ਧਰਕੇ ਹਰ ਇਕ ਅੰਮ੍ਰਿਤ ਛਕਾਣ ਵਾਲੇ ਨੂੰ ਬੀਰ-ਆਸਨ ਕਰਾਕੇ ਉਸ ਦੇ ਖਬੇ ਹੱਥ ਉਪਰ ਸਜਾ ਹੱਥ ਰਖਾ ਕੇ ਪੰਜ ਚੁਲੇ ਅੰਮ੍ਰਿਤ ਦੇ ਛਕਾਏ ਜਾਣ ਅਤੇ ਹਰ ਚੁਲੇ ਨਾਲ ਇਹ ਕਿਹਾ ਜਾਵੇ—

ਬੋਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਫਤਹ'

ਛਕਣ ਵਾਲਾ ਛਕਕੇ ਕਹੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਫੇਰ ਪੰਜ ਛਟੇ ਅੰਮ੍ਰਿਤ ਦੇ ਨੇਤਰਾਂ ਪਰ ਲਏ ਜਾਣ। ਫੇਰ ਪੰਜ ਛਟੇ ਕੇਸਾਂ ਵਿਚ ਪਾਏ ਜਾਣ। ਹਰ ਇਕ ਛਟੇ ਨਾਲ ਛਕਣ ਵਾਲਾ ਛਕਾਉਣ ਵਾਲਾ ਦੇ ਪਿਛੇ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ' ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਤੇ ਸਿੱਖਣੀਆਂ) ਰਲ ਕੇ ਛਕਣ।

(ਞ) ਉਪਰੰਤ ਪੰਜੇ ਪਿਆਰੇ ਰਲ ਕੇ ਇਕੋ ਅਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ ਮੂਲ ਮੰਤਰ ਸੁਨਾਣ ਤੇ ਇਕ ਮਨ ਅਤੇ ਇਕ ਸੁਰ ਉਹਨਾਂ ਪਾਸੋਂ ਇਹਦਾ ਰਟਨ ਕਰਾਉਣ—

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਫਿਰ ਪੰਜ ਵਾਰ ਵਾਹਿਗੁਰੂ ਦਾ ਜਾਪ ਕਰਾਉਣ।

ਇਹ ਚਾਰ ਕੁਰਹਿਤਾਂ ਨਹੀਂ ਕਰਨੀਆਂ-

(੧) ਕੇਸਾਂ ਦੀ ਬੇ-ਅਦਬੀ, (੨) ਕੁਠਾ* ਖਾਣਾ, (੩) ਪਰ-ਇਸਤ੍ਰੀ ਜਾਂ ਪਰ ਪੁਰਸ਼ ਦਾ ਭੋਗਣਾ, (੪) ਤਮਾਕੂ ਦਾ ਵਰਤਣਾ() ਇਹਨਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਏਗਾ । ਆਪਣੀ ਇੱਛਾ ਵਿਰੁਧ ਅਨਭੋਲ ਹੀ ਕੋਈ ਕੁਰਹਿਤ ਹੋ ਜਾਵੇ ਤਾਂ ਕੋਈ ਦੰਡ ਨਹੀਂ । ਸਿਰਗੁੰਮ ਨੜੀਮਾਰ (ਜੋ ਸਿੱਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ । ਪੰਥ ਸੇਵਾ ਤੇ ਗੁਰਦਵਾਰਿਆਂ ਦੀ ਟਹਿਲ ਵਿਚ ਤਤਪਰ ਰਹਿਣਾ, ਆਪਣੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦੇਣਾ ਅਤੇ ਸਾਰੇ ਕੰਮ ਗੁਰਮਤਿ ਅਨੁਸਾਰ ਕਰਨੇ ।

ਖ਼ਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿਚ ਇਕ ਸੂਤ ਪਰੋਏ ਰਹਿਣਾ । ਰਹਿਤ ਵਿਚ ਕਦੀ ਭੁਲ ਹੋ ਜਾਵੇ ਤਾਂ ਖ਼ਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰਕੇ ਤਨਖਾਹ ਬਖਸ਼ਾਉਣੀ । ਅਗੇ ਲਈ ਸਾਵਧਾਨ ਰਹਿਣਾ ।

---

*ਕੁਠਾ ਤੋਂ ਭਾਵ ਉਹ ਮਾਸ ਹੈ, ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ ।

()ਸਾਡੇ ਦੇਸ਼ ਵਿਚ ਤਮਾਕੂ ਅਕਬਰ ਦੇ ਸਮੇਂ ਆਇਆ । ਜਹਾਂਗੀਰ ਨੇ ਤਮਾਕੂ ਪੀਣ ਦੇ ਵਿਰੁਧ ਫੁਰਮਾਨ ਜਾਰੀ ਕੀਤੇ । ਤਮਾਕੂ ਪੀਣ ਵਾਲਿਆਂ ਨੂੰ ਜ਼ਬਾਨ ਕਟਣ ਦੀ ਸਜ਼ਾ ਦਿਤੀ ਹੈ ।

ਸੋਲ੍ਹਵੀਂ ਸਦੀ ਦੇ ਅੱਧ ਵਿਚ ਵਾਲਟਰ ਰੈਲੇ ਹਬਸ਼ੀਆਂ ਤੋਂ ਤਮਾਕੂ ਯੂਰਪ ਵਿਚ ਲਿਆਇਆ । ਉਹ ਜਹਾਜ਼ ਵਿਚ ਬੈਠਾ ਤਮਾਕੂ ਪੀ ਰਿਹਾ ਸੀ ਕਿ ਨੌਕਰ ਨੇ ਸਮਝਿਆ ਰੈਲੇ ਨੂੰ ਅੱਗ ਲਗ ਗਈ ਹੈ, ਉਸ ਨੇ ਰੈਲੇ ਤੇ ਪਾਣੀ ਪਾਉਣਾ ਸ਼ੁਰੂ ਕਰ ਦਿਤਾ ।

(ਸਮ ਪਰਾਮੀਨੈਂਟ ਮੈਨ)

ਡਾਕਟਰੀ ਖੋਜ ਨੇ ਸਾਬਤ ਕਰ ਦਿਤਾ ਹੈ ਕਿ ਤਮਾਕੂ ਸੇਹਤ ਲਈ ਹਾਨੀਕਾਰਕ ਹੈ ।

(ਠ) ਤਨਖਾਹੀਏ ਇਹ ਹਨ—

੧. ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ ਮਾਰ, ਕੁੜੀ ਮਾਰ ਅਤੇ ਸਿਰ ਗੁੰਮ ਨਾਲ ਵਰਤਣ() ਵਾਲਾ ਤਨਖਾਹੀਆ ਹੋ ਜਾਂਦਾ ਹੈ।

੨. ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।

੩. ਦਾੜ੍ਹੀ ਰੰਗਣ ਵਾਲਾ।

੪. ਪੁਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲਾ।

੫. ਕੋਈ ਨਸ਼ਾ ਭੰਗ, ਅਫੀਮ, ਸ਼ਰਾਬ, ਪੋਸਤ, ਕੁਕੀਨ ਆਦਿਕ ਵਰਤਣ ਵਾਲਾ।[]

੬. ਗੁਰਮਤਿ ਵਿਰੁਧ ਕੋਈ ਸੰਸਕਾਰ ਕਰਨ ਤੇ ਰਹਿਤ ਵਿਚ ਕੋਈ ਭੁਲ ਕਰਨ ਵਾਲਾ।

(ਡ) ਇਹ ਸਿਖਿਆ ਦੇਣ ਤੋਂ ਉਪਰੰਤ ਪੰਜਾਂ ਪਿਆਰਿਆਂ ਵਿਚੋਂ ਕੋਈ ਸੱਜਣ ਅਰਦਾਸਾ ਕਰੇ।

(ਢ) ਫਿਰ ਤਾਬੇ ਬੈਠਾ ਸਿੰਘ 'ਹੁਕਮ' ਲਵੇ। ਜਿਹਨਾਂ ਨੇ ਅੰਮ੍ਰਿਤ ਛਕਾਇਆ ਹੈ ਉਹਨਾਂ ਵਿਚੋਂ ਜੇ ਕਿਸੇ ਦਾ ਨਾਮ ਪਹਿਲੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਤੋਂ ਨਹੀਂ ਰਖਿਆ ਗਿਆ, ਉਸ ਦਾ ਨਾਮ

---

*ਇਹਨਾਂ ਵਿਚੋਂ ਜਿਹੜੇ ਅੰਮ੍ਰਿਤ ਛਕ ਕੇ ਪੰਥ ਵਿਚ ਮਿਲ ਜਾਣ ਉਹਨਾਂ ਨਾਲ ਵਰਤਣਾ ਠੀਕ ਹੈ।

()ਵਰਤਣ ਤੋਂ ਭਾਵ ਰੋਟੀ ਬੇਟੀ ਦੀ ਸਾਂਝ ਹੈ, ਜਿਸ ਦਾ ਸਪਸ਼ਟ ਅਰਥ ਰਿਸ਼ਤਾ ਨਾਤਾ ਕਰ ਕੇ ਬਰਾਦਰੀ ਦਾ ਸਬੰਧ ਪੈਦਾ ਕਰਨਾ ਹੈ।

[]ਚਾਹ ਵੀ ਨਸ਼ੀਲੀ ਚੀਜ਼ ਹੈ। ਇਸ ਵਿਚ ਦੋ ਅੰਸ਼ ਥੀਨ (Thenin) ਅਤੇ ਟੈਨਿਨ (Tanin) ਇਕ ਖੂਨ ਵਿਚ ਵਾਧੂ ਗਰਮੀ ਅਤੇ ਦੂਸਰਾ ਬਦਹਜ਼ਮੀ ਪੈਦਾ ਕਰਦਾ ਹੈ।

ਬਦਲ ਕੇ ਰਖਿਆ ਜਾਵੇ ।

(ਣ) ਅੰਤ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ । ਅੰਮ੍ਰਿਤ ਛਕ ਚੁਕੇ ਸਾਰੇ ਸਿੰਘ ਤੇ ਸਿੰਘਣੀਆਂ ਇਕੋ ਬਾਟੇ ਵਿਚੋਂ ਕੜਾਹ ਪ੍ਰਸ਼ਾਦ ਰਲ ਕੇ ਛਕਣ ।

ਤਨਖਾਹ ਲਾਉਣ ਦੀ ਵਿਧੀ–

(ੳ) ਜਿਸ ਕਿਸੇ ਸਿੱਖ ਪਾਸੋਂ ਰਹਿਤ ਦੀ ਕੋਈ ਭੁਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁਖ ਖੜੋ ਕੇ ਆਪਣੀ ਭੁਲ ਮੰਨੇ ।

(ਅ) ਗੁਰ ਸੰਗਤ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁਲ ਨੂੰ ਵਿਚਾਰ ਕੇ ਗੁਰ ਸੰਗਤ ਪਾਸ ਤਨਖਾਹ (ਦੰਡ) ਤਜਵੀਜ਼ ਕਰਨ ।

(ੲ) ਸੰਗਤ ਨੂੰ ਬਖਸ਼ਣ ਵੇਲੇ ਹਠ ਨਹੀਂ ਕਰਨਾ ਚਾਹੀਦਾ, ਨਾ ਹੀ ਤਨਖਾਹ ਲੁਆਉਣ ਵਾਲੇ ਨੂੰ ਦੰਡ ਭਰਨ ਵਿਚ ਅੜੀ ਕਰਨੀ ਚਾਹੀਦੀ ਹੈ । ਤਨਖਾਹ ਕਿਸੇ ਕਿਸਮ ਦੀ ਸੇਵਾ, ਖਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ । ਅੰਤ ਵਿਚ ਸੋਧ ਦਾ ਅਰਦਾਸਾ ਹੋਵੇ ।

ਗੁਰਮਤਾ ਕਰਨ ਦੀ ਵਿਧੀ ਤੇ ਅਪੀਲ–

(ੳ) ਗੁਰਮਤਾ ਕੇਵਲ ਉਹਨਾਂ ਸਵਾਲਾਂ ਉਤੇ ਹੀ ਹੋ ਸਕਦਾ ਹੈ, ਜੋ ਸਿੱਖ ਧਰਮ ਦੇ ਮੁਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ ਅਰਥਾਤ ਗੁਰੂ ਸਾਹਿਬਾਨ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਦਵੀ, ਬਾਣੀ ਦੀ

ਨਿਰੋਲਤਾ, ਅੰਮ੍ਰਿਤ, ਰਹਿਤ ਬਹਿਤ, ਪੰਥ ਦੀ ਬਨਾਵਟ ਆਦਿ ਨੂੰ ਕਾਇਮ ਰਖਣ ਬਾਰੇ ਹੋਣ। ਹੋਰ ਕਿਸੇ ਕਿਸਮ ਦੇ ਸਾਧਾਰਨ (ਧਾਰਮਿਕ, ਵਿਦਿਅਕ, ਸਮਾਜਕ, ਪੁਲੀਟੀਕਲ) ਸਵਾਲ ਉਤੇ ਕੇਵਲ ਮਤਾ ਹੋ ਸਕਦਾ ਹੈ।

(ਅ) ਇਹ ਗੁਰਮਤਾ ਗੁਰੂ ਪੰਥ ਦਾ ਚੁਣਿਆ ਹੋਇਆ ਕੇਵਲ ਸ਼੍ਰੋਮਣੀ ਜਥਾ ਜਾਂ ਗੁਰੂ ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ।

ਸਥਾਨਕ ਗੁਰ ਸੰਗਤਾਂ ਦੇ ਫੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖਤ ਸਾਹਿਬ ਹੋ ਸਕਦੀ ਹੈ।

❋ ❋ ❋

੩੯.

ਆਨੰਦ ਵਿਵਾਹ

'ਆਨੰਦ' ਇਕ ਮਰਯਾਦਾ ਰੂਪ ਸਬੰਧ ਹੈ, ਜਿਸ ਨਾਲ ਪੁਰਖ ਅਤੇ ਇਸਤਰੀ ਪਤੀ ਪਤਨੀ ਬਣ ਜਾਂਦੇ ਹਨ। ਇਹ ਇਕ ਧੁਰਾ ਹੈ, ਜੋ ਦੋਹਾਂ ਨੂੰ ਇਕ ਚਾਲ ਤੁਰਨ ਲਈ ਜੋੜਦਾ ਹੈ। ਨੀਵੀਆਂ ਖਾਹਸ਼ਾਂ ਪੂਰੀਆਂ ਕਰਨ ਨਾਲ ਜੋ ਮਨੋ ਅਵਸਥਾ ਪੈਦਾ ਹੁੰਦੀ ਹੈ, ਉਸ ਨੂੰ ਖੁਸ਼ੀ, ਹੁਲਾਸ, ਰਸ ਜਾਂ ਸਵਾਦ ਕਹਿੰਦੇ ਹਨ । ਆਤਮਾ ਦੇ ਗੁਰੂ ਪ੍ਰਮੇਸ਼ਰ ਵਿਚ ਲੀਨ ਹੋਣ ਨਾਲ ਜੋ ਹਾਲਤ ਪੈਦਾ ਹੁੰਦੀ ਹੈ, ਉਸ ਦਾ ਨਾਂ 'ਆਨੰਦ' ਹੈ। ਪ੍ਰਭੂ ਦੀ ਪ੍ਰਾਪਤੀ ਅਤੇ ਜੀਵਨ ਨੂੰ ਸਫਲ ਬਨਾਉਣ ਲਈ ਇਸਤਰੀ ਪੁਰਖ ਦੇ ਮਿਲਵੇਂ ਜਤਨ ਤੇ ਪਵਿੱਤਰ ਸੰਜੋਗ ਦਾ ਨਾਂ ਆਨੰਦ ਹੈ।

ਗੁਰੂ ਸਾਹਿਬ ਨੇ ਗ੍ਰਿਹਸਤ ਬਾਰੇ ਤਿੰਨਾਂ ਗਲਾਂ ਤੇ ਵਿਚਾਰ ਕੀਤੀ ਹੈ—(੧) ਗ੍ਰਿਹਸਤ ਕਿਉਂ ਜ਼ਰੂਰੀ ਹੈ ? (੨) ਇਸਤਰੀ ਪੁਰਸ਼ ਦੀ ਸਹੀ ਚੋਣ। (੩) ਗ੍ਰਿਹਸਤੀ ਦੇ ਫਰਜ਼ । ਕੁਦਰਤ ਨੇ ਮਨੁਖਤਾ ਦੇ ਦੋ ਅੰਗ ਬਣਾਏ ਹਨ—ਇਕ ਇਸਤਰੀ, ਦੂਸਰੇ ਪੁਰਸ਼। ਦੋਹਾਂ ਵਿਚ ਵਖੋ ਵਖ ਗੁਣ ਪਾਏ ਜਾਂਦੇ ਹਨ । ਇਹ ਅੱਡ ਅੱਡ ਰਹਿਣ ਤਾਂ ਨਾ ਮੁਕੰਮਲ ਹਨ, ਗ੍ਰਿਹਸਤੀ ਜੀਵਨ ਦੇ ਅਰਥ ਹਨ—ਮਨੁੱਖਤਾ ਨੂੰ ਮੁਕੰਮਲ ਕਰਨਾ ਅਤੇ ਹਰ ਪ੍ਰਕਾਰ ਦੀ ਉਨਤੀ ਕਰਨੀ। ਭਾਈ ਗੁਰਦਾਸ ਜੀ ਲਿਖਦੇ ਹਨ—

ਜੈਸੇ ਸਰ ਸਰਤਾ ਸਕਲ ਮੈਂ ਸਮੁੰਦ ਬਡੋ,
ਮੇਰਨ ਮੈਂ ਸੁਮੇਰ ਬਡੋ ਜਗਤ ਬਖਾਨ ਹੈ।
ਤਰਵਰਨ ਬਿਖੈ ਜੈਸੇ ਚੰਦਨ ਬਿਰਖ ਬਡੋ,
ਧਾਤਨ ਮੈਂ ਕਨਿਕ ਅਤਿ ਓਤਮ ਕੈ ਮਾਨ ਹੈ।

ਪੰਛਨ ਮੇਂ ਹੰਸ ਮ੍ਰਿਗਰਾਜਨ ਮੇਂ ਸਾਰਦੂਲ,
ਰਾਗਨ ਮੇਂ ਸ੍ਰੀ ਰਾਗ ਪਾਰਸ ਪਖਾਨ ਹੈ।
ਗਯਾਨਨ ਮੇਂ ਗਯਾਨ ਅਰ ਧਯਾਨਨ ਮੇਂ ਧਯਾਨਗੁਰ,
ਸਕਲ ਧਰਮ ਮੇਂ ਗ੍ਰਿਹਸਤ ਪ੍ਰਧਾਨ ਹੈ। (੩੭੬)

ਭਾਵ—ਜਿਸ ਤਰ੍ਹਾਂ ਸਰੋਵਰਾਂ ਤੇ ਨਦੀਆਂ ਵਿਚੋਂ ਸਮੁੰਦਰ ਸ਼ਰੋਮਣੀ ਹੈ, ਬ੍ਰਿਛਾਂ ਵਿਚੋਂ ਚੰਦਨ ਉਤਮ ਹੈ। ਕਿਉਂਕਿ ਉਹ ਆਪਣੀ ਛੋਹ ਨਾਲ ਦੂਜੇ ਬੂਟਿਆਂ ਨੂੰ ਸੁਗੰਧਤ ਕਰ ਦਿੰਦਾ ਹੈ, ਧਾਤਾਂ ਵਿਚੋਂ ਸੋਨਾ ਉਤਮ ਹੈ, ਪੰਛੀਆਂ ਵਿਚੋਂ ਦੂਧ ਪਾਣੀ ਦਾ ਨਿਰਣਾ ਕਰਨ ਵਾਲਾ ਹੰਸ ਤੇ ਚੌਪਾਇਆਂ ਵਿਚੋਂ ਸ਼ੇਰ, ਰਾਗਾਂ ਵਿਚੋਂ ਸ੍ਰੀ ਰਾਗ ਅਤੇ ਪੱਥਰਾਂ ਵਿਚੋਂ ਪਾਰਸ ਸਰਬੋਤਮ ਹੈ, ਜਿਵੇਂ ਗਿਆਨ ਤੇ ਧਿਆਨ ਵਿਚੋਂ ਗੁਰੂ ਦਾ ਗਿਆਨ ਤੇ ਧਿਆਨ ਉਤਮ ਹਨ। ਇਸੇ ਤਰ੍ਹਾਂ ਸਾਰੇ ਧਰਮਾਂ ਵਿਚੋਂ ਗ੍ਰਿਹਸਤ ਧਰਮ ਪ੍ਰਧਾਨ ਹੈ।

ਮਨੂੰ ਨੇ ਬ੍ਰਹਮ ਚਰਯ, ਗ੍ਰਿਹਸਤ, ਵਾਣ ਪ੍ਰਸਤਿ ਅਤੇ ਸੰਨਿਆਸ ਚਾਰ ਆਸ਼ਰਮ ਬਿਆਨ ਕੀਤੇ ਸਨ। ਆਸ਼ਰਮ ਦੇ ਅਰਥ ਹਨ—ਆਸਰਾ ਹੋਣ ਵਾਲੀ ਥਾਂ। ਪਰ ਉਹ ਪਧਤਿ ਨਹੀਂ ਚਲ ਸਕੀ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰਿਹਸਤ ਅਤੇ ਸੰਨਿਆਸ ਨੂੰ ਮਿਲਾਕੇ ਤੋਰਿਆ ਹੈ। ਪਾਵਨ ਪਵਿੱਤਰ ਗੁਰਬਾਣੀ ਦਾ ਵਾਕ ਹੈ—

'ਵਿਚੇ ਗ੍ਰਿਹ ਸਦਾ ਰਹੈ ਉਦਾਸੀ
ਜਿਉ ਕਮਲੁ ਰਹੈ ਵਿਚਿ ਪਾਣੀ ਹੇ'

ਭਾਈ ਗੁਰਦਾਸ ਜੀ ਨੇ ਵੀ ਇਸ ਦੀ ਵਿਆਖਿਆ ਕਰਦੇ ਹੋਏ ਲਿਖਿਆ ਹੈ—

ਜੈਸੇ ਪ੍ਰਾਤ ਸਮੇ ਖਗ ਉਡ ਜਾਤ ਬਿਰਖ ਸੇ
ਬਹੁਰੇ ਬੈਸਤ ਜੈਸੇ ਬਿਰਖ ਹੀ ਪੈ ਆਇ ਕੈ।
ਚੀਟੀ ਚੀਟਾ ਬਿਲਸੈ ਨਿਕਸ ਧਰ ਗਵਨ ਕਰੈ,
ਬਹੁਰੇ ਪੈਸਤ ਜੈਸੇ ਬਿਲਹੀ ਮੇ ਜਾਇ ਕੈ।

ਲਰਕੀ ਲਰਕਾ ਲਰਕੈ ਰੂਠ ਜਾਤ ਤਾਤ ਮਾਤ ਸੈ,
ਲਾਗੇ ਭੂਖ ਤਿਆਗੀ ਹਠ ਆਵੈ ਪਛਤਾਇ ਕੈ।
ਤੈਸੇ ਗ੍ਰਿਹ ਤਿਆਗ ਭਾਗ ਜੁਵਕ ਉਦਾਸ ਬਾਸ,
ਆਸਰੋ ਤਕਤ ਪੁਨਾ ਗ੍ਰਿਹਸਤ ਕੋ ਆਇ ਕੈ।

ਭਾਵ—ਜਿਵੇਂ ਸਵੇਰ ਦੇ ਵਕਤ ਪੰਛੀ ਆਪਣੇ ਆਹਲਣੇ (ਬ੍ਰਿਛ) ਤੋਂ ਉਡ ਕੇ ਰੋਜ਼ੀ ਲਈ ਚਲੇ ਜਾਂਦੇ ਹਨ, ਪਰ ਸ਼ਾਮ ਹੋਣ ਪਰ ਫਿਰ ਉਥੇ ਹੀ ਆ ਜਾਂਦੇ ਹਨ, ਕੀੜੇ ਕੀੜੀਆਂ ਦਾਣੇ ਚੁਣਨ ਲਈ ਰੁਡ ਚੋਂ ਨਿਕਲ ਕੇ ਬਾਹਰ ਧਰਤੀ ਉਤੇ ਤੁਰਦੇ ਫਿਰਦੇ ਹਨ, ਪਰ ਫਿਰ ਆਪਣੀ ਰੁਡ ਵਿਚ ਆ ਜਾਂਦੇ ਹਨ, ਕਈ ਵੇਰ ਮੁੰਡੇ ਕੁੜੀਆਂ ਮਾਤਾ ਪਿਤਾ ਨਾਲ ਰੁਸ ਕੇ ਘਰੋਂ ਚਲੇ ਜਾਂਦੇ ਹਨ ਪਰ ਭੁਖ ਲਗਣ ਪਰ ਮੁੜ ਘਰ ਆ ਜਾਂਦੇ ਹਨ, ਇਸੇ ਤਰ੍ਹਾਂ ਕਈ ਯੁਵਕ ਘਰ ਬਾਰ ਛੱਡ ਕੇ ਭਾਵੇਂ ਕਿਤਨੇ ਹੀ ਭਜੇ ਫਿਰਨ, ਅਖੀਰ ਉਹਨਾਂ ਨੂੰ ਗ੍ਰਿਹਸਤ ਦਾ ਆਸਰਾ ਲੈਣਾ ਹੀ ਪੈਂਦਾ ਹੈ।

ਪੁਰਾਤਨ ਧਰਮ ਗਰੰਥਾਂ ਵਿਚ ਵਰਨਣ ਕੀਤੇ ਗਏ ਚਾਰ ਆਸ਼ਰਮਾਂ ਵਿਚੋਂ ਗ੍ਰਿਹਸਤ ਇਕ ਅਜੇਹਾ ਆਸ਼ਰਮ ਹੈ, ਜਿਹੜਾ ਇਸਤਰੀ ਪੁਰਸ਼ ਦੇ ਵਿਅਕਤੀਗਤ ਜੀਵਨ ਨੂੰ ਸੁਖਦਾਈ ਨਹੀਂ ਬਣਾਉਂਦਾ ਬਲਕਿ ਬ੍ਰਹਮਚਰਯ ਬਾਣਪ੍ਰਸਥਿ ਤੇ ਸੰਨਿਆਸ ਨੂੰ ਵੀ ਆਸਰਾ ਦਿੰਦਾ ਹੈ। ਗ੍ਰਿਹਸਤੀ ਹੀ ਕਿਰਤ ਕਮਾਈ ਕਰਕੇ ਸੰਤਾਂ ਸਾਧੂਆਂ ਦੀ ਸੇਵਾ ਕਰਦੇ ਹਨ।

ਗ੍ਰਿਹਸਤ ਦੇ ਮਾਇਨੇ ਹਨ—ਗ੍ਰਿਹਣ ਤੇ ਸਥਿਰ ਕਰਨਾ।

ਇਸਤਰੀ ਪੁਰਸ਼ ਇਕ ਅਜੇਹੀ ਇਕਾਈ ਹਨ, ਜਿਨ੍ਹਾਂ ਦੇ ਮਿਲਾਪ ਤੇ ਸੰਜੋਗ ਨਾਲ ਪ੍ਰਵਾਰਕ ਜੀਵਨ ਦਾ ਢਾਂਚਾ ਅਤੇ ਸਮਾਜ ਬਣਦਾ ਹੈ। ਮਾਨਵਤਾ ਦੀ ਸਾਰੀ ਧਾਰਮਿਕ ਜਾਂ ਸਮਾਜਕ ਤਰੱਕੀ ਚੰਗੇ ਗ੍ਰਿਹਸਤੀ ਜੀਵਨ ਪਰ ਨਿਰਭਰ ਹੈ। ਇਸ ਲਈ ਗੁਰਮਤਿ ਵਿਚ ਗ੍ਰਿਹਸਤ ਨੂੰ ਪ੍ਰਧਾਨ ਮੰਨਿਆ ਗਿਆ ਹੈ।

ਵਰ ਅਤੇ ਕੰਨਿਆਂ ਦੀ ਚੋਣ ਗੁਣ, ਕਰਮ, ਸੁਭਾਵ ਅਰੋਗਤਾ ਅਤੇ ਆਯੂ ਅਨੁਸਾਰ ਹੋਣੀ ਚਾਹੀਦੀ ਹੈ। ਗ੍ਰਿਹਸਤੀ ਦੇ ਫਰਜ਼ ਸ੍ਰੀ ਗੁਰੂ ਰਾਮ ਦਾਸ ਜੀ ਨੇ ਚਾਰ ਲਾਵਾਂ ਵਿਚ ਦਸੇ ਹਨ। ਲਾਵ ਦੇ ਅਰਥ ਹਨ— ਡੋਰੀ ਜਾਂ ਸਨਬੰਧ। ਗੁਰਮਤਿ ਵਿਚ ਵਿਹਾਰ ਤੇ ਪ੍ਰਮਾਰਥ ਨੂੰ ਮਿਲਾਕੇ ਤੋਰਿਆ ਹੈ। ਇਸ ਲਈ ਲਾਵਾਂ ਵਿਚ ਕੀਤਾ ਗਿਆ ਪ੍ਰਮਾਰਥਕ ਉਪਦੇਸ਼ ਗ੍ਰਿਹਸਤੀ ਜੀਵਨ ਪਰ ਵੀ ਲਾਗੂ ਹੁੰਦਾ ਹੈ। ਹੁਣ ਆਨੰਦ ਦੀ ਮਰਯਾਦਾ ਤੇ ਕੁਝ ਜ਼ਰੂਰੀ ਨਿਯਮ ਵਰਣਨ ਕਰਦੇ ਹਾਂ।

(ੳ) ਸਿੱਖ ਸਿੱਖਣੀ ਦਾ ਵਿਵਾਹ ਬਿਨਾ ਜਾਤ ਪਾਤ ਗੋਤ ਵਿਚਾਰੇ ਦੇ ਹੋਣਾ ਚਾਹੀਏ। ਸਿੱਖ ਦੀ ਪੁਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।

(ਅ) ਸਿੱਖ ਦਾ ਵਿਆਹ 'ਆਨੰਦ' ਰੀਤੀ ਨਾਲ ਕਰਨਾ ਚਾਹੀਏ।

(ੲ) ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਤ ਹੈ।

(ਸ) ਜਦ ਲੜਕੀ ਸਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ ਤਾਂ ਕਿਸੇ ਯੋਗ ਸਿੱਖ ਨਾਲ ਉਸ ਦਾ 'ਆਨੰਦ' ਪੜ੍ਹਾਇਆ ਜਾਵੇ।

(ਹ) ਆਨੰਦ ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕਿਰਪਾਨ ਕੜਾ ਤੇ ਕੁਝ ਮਿਠਾ ਲੜਕੇ ਦੇ ਪੱਲੇ ਪਾ ਦੇਣ।

(ਕ) ਆਨੰਦ ਦਾ ਦਿਨ ਮੁਕਰਰ ਕਰਨ ਲਗਿਆਂ ਕੋਈ ਥਿਤ ਵਾਰ ਤੇ ਚੰਗੇ ਮੰਦੇ ਦਿਨ ਦੀ ਖੋਜ ਕਰਨ ਲਈ ਪਤ੍ਰੀ ਵਾਚਣਾ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰਕੇ ਚੰਗਾ ਦਿਸੇ, ਨੀਯਤ ਕਰ ਲੈਣਾ ਚਾਹੀਦਾ ਹੈ।

(ਖ) ਸਿਹਰਾ, ਮੁਕਟ ਜਾਂ ਗਾਨਾ ਬਨ੍ਹਣਾ, ਪਿਤਰ ਪੂਜਣਾ, ਕਾ੯

ਲਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵਢਣੀ, ਘੜੌਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗਡਣੀ, ਵੇਸਵਾ ਦਾ ਨਾਚ ਤੇ ਸ਼ਰਾਬ ਪੀਣੀ ਮਨਮਤ ਹੈ ।

(ਗ) ਜਿਤਨੇ ਥੋੜੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਹੀ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ । ਢੁਕਾ ਸਮੇਂ ਇਹ ਸ਼ਬਦ ਪੜ੍ਹਿਆ ਜਾਵੇ—

ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥ ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥ ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥ ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੁਹਾਏ ॥ ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥ (ਸੂਹੀ ਮਹਲਾ ੧)

ਉਪਰੰਤ ਅਰਦਾਸਾ ਕਰਕੇ ਮਿਲਣੀ ਹੋਵੇ ।

[ਘ] ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲਗੇ, ਰਾਗੀ ਜਾਂ ਸੰਗਤ ਕੀਰਤਨ ਕਰੇ । ਗੁਰਬਾਣੀ ਵਿਚੋਂ ਇਹ ਸ਼ਬਦ ਗਾਇਨ ਕੀਤੇ ਜਾਣ—

੧. ਹਰਿ ਪ੍ਰਭਿ ਕਾਜੁ ਰਚਾਇਆ ॥ ਗੁਰਮੁਖਿ ਵੀਆਹਣਿ ਆਇਆ ॥ ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ॥ ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ॥ ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ ॥ ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ ॥ (ਸੂਹੀ ਛੰਤ ਮ: ੪)

੨. ਧਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ ॥
ਸੋਹੇ ਬੰਕ ਦੁਆਰ ਸਗਲਾ ਬਨੁ ਹਰਾ ॥ ਹਰ ਹਰਾ
ਸੁਆਮੀ ਸੁਖਹ ਗਾਮੀ ਅਨਦ ਮੰਗਲ ਰਸੁ ਘਣਾ ॥
ਨਵਲ ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ
॥ ਮੇਰੀ ਸੇਜ ਸੋਹੀ ਦੇਖਿ ਮੋਹੀ ਸਗਲ ਸਹਸਾ ਦੁਖੁ
ਹਰਾ ॥ ਨਾਨਕੁ ਪਇਅੰਪੈ ਮੇਰੀ ਆਸ ਪੂਰੀ ਮਿਲੇ
ਸੁਆਮੀ ਅਪਰੰਪਰਾ ॥ (ਬਿਲਾਵਲ ਮ: ੫)

੩. ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ ॥ ਪਾਹੁਨੜੇ
ਪਾਹੁਨੜੇ ਮੇਰੇ ਸੰਤ ਪਿਆਰੇ ਰਾਮ ॥ ਸੰਤ ਪਿਆਰੇ
ਕਾਰਜ ਸਾਰੇ ਨਮਸਕਾਰ ਕਰਿ ਲਗੇ ਸੇਵਾ ॥ ਆਪੇ ਜਾਞੀ
ਆਪੇ ਮਾਞੀ ਆਪਿ ਸੁਆਮੀ ਆਪਿ ਦੇਵਾ ॥ ਅਪਣਾ
ਕਾਰਜੁ ਆਪਿ ਸਵਾਰੇ ਆਪੇ ਧਾਰਨ ਧਾਰੇ ॥ ਕਹੁ
ਨਾਨਕ ਸਹੁ ਘਰਿ ਮਹਿ ਬੈਠਾ ਸੋਹੇ ਬੰਕ ਦੁਆਰੇ ॥
(ਆਸਾ ਮ: ੪)

੪. ਵਰੁ ਪਾਇਅੜਾ ਬਾਲੜੀਏ ਆਸਾ ਮਨਸਾ ਪੂਰੀ ਰਾਮ
ਪਿਰਿ ਰਾਵਿਅੜੀ ਸਬਦਿ ਰਲੀ ਰਵਿ ਰਹਿਆ ਨਹ
ਦੂਰੀ ਰਾਮ ॥ ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ
ਤਿਸਕੀ ਨਾਰਿ ਸਬਾਈ ॥ ਆਪੇ ਰਸੀਆ ਆਪੇ ਰਾਵੇ
ਜਿਉ ਤਿਸ ਦੀ ਵਡਿਆਈ ॥ ਅਮਰ ਅਡੋਲੁ ਅਮੋਲੁ
ਅਪਾਰਾ ਗੁਰਿ ਪੂਰੇ ਸਚੁ ਪਾਈਐ ॥ ਨਾਨਕ ਆਪੇ ਜੋਗ
ਸੰਜੋਗੀ ਨਦਰਿ ਕਰੇ ਲਿਵ ਲਾਈਐ ॥ (ਸੂਹੀ ਛੰਤ ਮ: ੫)

ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ ਆਨੰਦ ਪੜ੍ਹਾਉਣ ਵਾਲਾ ਸਿੱਖ ਲੜਕੇ ਲੜਕੀ ਤੇ ਉਹਨਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜਾ ਕਰਕੇ ਆਨੰਦ ਦੇ ਅਰੰਭ ਦਾ ਅਰਦਾਸਾ

ਸੋਧੇ—'ਹੇ ਅਕਾਲ ਪੁਰਖ ਸਰਬ ਸ਼ਕਤੀਮਾਨ ਸਤਿਗੁਰੂ ਜੀਓ ! ਆਪ ਦੀ ਹਜ਼ੂਰੀ ਵਿਚ.........ਦਾ ਸਪੁੱਤਰ.........ਤੇ.........ਦੀ ਸਪੁੱਤਰੀ ਆਪ ਦੀ ਪਵਿੱਤਰ ਮਰਯਾਦਾ ਅਨੁਸਾਰ ਅਨੰਦ ਕਾਰਜ ਲਈ ਹਾਜ਼ਰ ਹੋਏ ਹਨ। ਆਪ ਨੇ ਇਸ ਕਾਰਜ ਨੂੰ ਸੰਪੂਰਨ ਕਰਨਾ ਤੇ ਹਰ ਪ੍ਰਕਾਰ ਸਹਾਈ ਹੋਣਾ। ਇਹਨਾਂ ਦੇ ਗ੍ਰਿਹਸਤੀ ਜੀਵਨ ਨੂੰ ਸੁਖੀ ਅਤੇ ਸਫਲ ਬਨਾਉਣਾ।

ਫਿਰ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਿਹਸਤ ਧਰਮ ਦੇ ਫ਼ਰਜ਼ ਦਾ ਉਪਦੇਸ਼ ਕਰੇ।

ਪਹਿਲੇ ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ ਪਤਨੀ ਦੇ ਸਬੰਧਾਂ ਨੂੰ ਜੀਵ ਪ੍ਰਮਾਤਮ, ਦੇ ਪਿਆਰ ਦੇ ਨਮੂਨੇ ਉਤੇ ਢਾਲਣ ਦੀ ਵਿਧੀ ਦਸੇ।

ਆਪਸ ਵਿਚ ਪਰੇਮ ਦੁਆਰਾ 'ਏਕ ਜੋਤਿ ਦੋਇ ਮੂਰਤੀ' ਹੋਣਾ ਦਸੇ ਅਤੇ ਇਕੁਰ ਗ੍ਰਿਹਸਤ ਧਰਮ ਨਿਬਾਹੁੰਦੇ ਹੋਏ ਆਪਣੇ ਸਾਂਝੇ ਭਰਤਾ ਅਕਾਲ ਪੁਰਖ ਨਾਲ ਇਕ ਮਿਕ ਹੋਣਾ ਦ੍ਰਿੜਾਵੇ। ਇਹ ਦਸੇ ਕਿ ਦੋਹਾਂ ਨੇ ਇਸ ਸੰਜੋਗ ਨੂੰ ਮਨੁਖ ਜਨਮ ਦੀ ਯਾਤਰਾ ਨੂੰ ਸਫਲਤਾ ਨਾਲ ਨਿਬਾਹੁੰਣ ਦਾ ਸਾਧਨ ਬਨਾਉਣਾ ਹੈ। ਦੋਹਾਂ ਨੇ ਇਹ ਸੰਜੋਗ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵਖੋ ਵਖਰੇ ਗ੍ਰਿਹਸਤ ਤੇ ਧਰਮ ਦੇ ਫਰਜ਼ ਦਸੇ ਜਾਣ।

ਵਰ ਨੂੰ ਦਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ ਸਾਰੀਆਂ ਅਵਸਥਾ ਵਿਚ ਇਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛਕਣਾ ਹੈ। ਇਸ ਦੇ ਸਰੀਰ ਤੇ ਇਜ਼ਤ ਦੇ ਰਾਖੇ ਤੁਸੀਂ ਹੋ। ਇਸਤਰੀ ਬ੍ਰਤ ਧਰਮ ਵਿਚ ਪਕੇ ਰਹਿਣਾ। ਇਸ ਦੇ ਮਾਤਾ ਪਿਤਾ ਸਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸਬੰਧੀਆਂ ਤੁਲ ਆਦਰ ਦੇਣਾ।

ਕੰਨਿਆਂ ਨੂੰ ਦੱਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ 'ਵਾਹਿਗੁਰੂ ਦੇ ਨਿਰਮਲ ਭਉ' ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ, ਸ਼ਰਧਾ ਦਾ ਮਾਲਕ ਸਮਝਣਾ, ਦੁਖ ਸੁਖ, ਦੇਸ ਪ੍ਰਦੇਸ ਵਿਚ ਆਪਣੇ ਪਤੀ ਬਰਤ ਧਰਮ ਵਿਚ ਪਕੇ ਰਹਿਣਾ ਤੇ ਸੇਵਾ ਕਰਨੀ । ਇਸ ਦੇ ਮਾਤਾ ਪਿਤਾ ਤੇ ਸਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸਬੰਧੀਆਂ ਵਾਂਗ ਜਾਣਨਾ।

ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਯਾ ਦੋਵੇਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਅਗੇ ਮੱਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸਨਬੰਧੀ ਲੜਕੇ ਦਾ ਪਲਾ ਲੜਕੀ ਦੇ ਹੱਥ ਫੜਾਵੇ।

ਸੰਗਤ ਜਾਂ ਰਾਗੀ ਇਹ ਸ਼ਬਦ ਪੜ੍ਹਨ—

ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵੰਞਾਈ ਛੋੜਿਆ ਹਭੁ ਕਿਝੁ ਤਿਆਗੀ ॥ ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ ॥

ਫਿਰ ਤਾਬਿਆ ਬੈਠਾ ਸੱਜਣ ਲਾਵਾਂ ਦਾ ਪਾਠ ਸੁਣਾਵੇ।

ਸੂਹੀ ਮ: ੪ ॥

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ ॥ ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥ ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿੰਮ੍ਰਿਤਿ ਨਾਮੁ ਦ੍ਰਿੜਾਇਆ ॥ ਸਤਿਗੁਰ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥ ਸਹਜ ਆਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥ ਜਨੁ ਕਹੈ ਨਾਨਕ ਲਾਵ ਪਹਿਲੀ ਆਰੰਭੁ ਕਾਜੁ

ਰਚਾਇਆ ॥ ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥ ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥ ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥ ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥ ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥ ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥ ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥ ਨਿਰਮਲ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥ ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥ ਜਨ ਨਾਨਕ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥ ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥ ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥ ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥ ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਧਾਈ ॥ ਹਰਿ ਪ੍ਰਭ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥ ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥ (ਪੰਨਾ ੭੭੩)

ਇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿਛੇ ਕੰਨਿਆਂ ਵਰ ਦਾ ਪਲਾ ਫੜਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਪਰਕਰਮਾ ਕਰਨ । ਪਰਕਰਮਾਂ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆਂ ਹਰ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜੇ ਹੋ ਜਾਣ । ਉਪਰੰਤ ਉਹ ਮੱਥਾ ਟੇਕ ਕੇ ਆਪਣੀ ਥਾਂ ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕਰੇ ।

ਉਪਰੰਤ ਸੰਗਤ ਜਾਂ ਰਾਗੀ ਇਹ ਸ਼ਬਦ ਪੜ੍ਹਨ—

੧. ਵਿਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥ ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥ ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥ ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥ ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥ ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥

੨. ਪੂਰੀ ਆਸਾ ਜੀ ਮਨਸਾ ਮੇਰੇ ਰਾਮ ॥ ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ ॥ ਸਭਿ ਗੁਣ ਤੇਰੇ ਠਾਕੁਰ ਮੇਰੇ ਕਿਤੁ ਮੁਖਿ ਤੁਧੁ ਸਾਲਾਹੀ ॥ ਗੁਣ ਅਵਗੁਣੁ ਮੇਰਾ ਕਿਛੁ ਨ ਵੀਚਾਰਿਆ ਬਖਸਿ ਲੀਆ ਖਿਨੁ ਮਾਹੀ ॥ ਨਉ ਨਿਧਿ

ਪਾਈ ਵਜੀ ਵਧਾਈ ਵਾਜੇ ਅਨਹਦ ਤੂਰੇ ॥ ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ ।

ਫਿਰ ਆਨੰਦ ਦੀ ਸਮਾਪਤੀ ਦਾ ਅਰਦਾਸਾ ਸੋਧਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ ।

(ਚ) ਅਨ ਮਤ ਵਾਲਿਆਂ ਦਾ ਵਿਵਾਹ ਅਨੰਦ ਰੀਤੀ ਨਾਲ ਨਹੀਂ ਹੋ ਸਕਦਾ ।

(ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ ।

(ਜ) ਪੁਨਰ ਵਿਵਾਹ ਲਈ ਵੀ ਇਹੋ ਰੀਤੀ ਹੈ ।

❋ ❋ ❋

੪੦.

ਮ੍ਰਿਤਕ ਸੰਸਕਾਰ

(ੳ) ਪ੍ਰਾਣੀ ਨੂੰ ਮਰਨ ਵੇਲੇ—ਜੇ ਮੰਜੇ ਤੇ ਹੋਵੇ ਤਾਂ ਮੰਜੇ ਤੋਂ ਹੇਠ ਨਹੀਂ ਉਤਾਰਨਾ। ਰੋਣਾ ਪਿਟਣਾ ਨਹੀਂ, ਮਨ ਮਤ ਨਹੀਂ ਕਰਨੀ, ਨਾਮ ਬਾਣੀ ਦਾ ਅਭਿਆਸ ਕਰਨਾ।

(ਅ) ਪ੍ਰਾਣੀ ਨੂੰ ਸਸਕਾਰਨਾ ਚਾਹੀਏ। ਜਿਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ ਉਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸੰਕਾ ਨਹੀਂ ਕਰਨਾ। ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ, ਮਿਰਤਕ ਸਰੀਰ ਨੂੰ ਇਸਨਾਨ ਕਰਾਕੇ ਸੁਅੱਛ ਬਸਤਰ ਪਾਏ ਜਾਣ ਤੇ ਕਕਾਰ ਜੁਦਾ ਨਾ ਕੀਤੇ ਜਾਣ। ਫਿਰ ਤਖਤੇ ਉਤੇ ਪਾਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁਕ ਕੇ ਸ਼ਮਸ਼ਾਨ ਭੂਮੀ ਵਲ ਲਿਜਾਇਆ ਜਾਵੇ। ਨਾਲ ਵੈਰਾਗ ਮਈ ਸ਼ਬਦਾਂ ਦਾ ਉਚਾਰਣ ਕੀਤਾ ਜਾਵੇ। ਸਸਕਾਰ ਦੀ ਥਾਂ ਤੇ ਚਿਖਾ ਬਣਾ ਕੇ ਪ੍ਰਾਣੀ ਨੂੰ ਅਗਨ ਭੇਟ ਕਰਨ ਲਈ ਅਰਦਾਸਾ ਸੋਧਿਆ ਜਾਵੇ—'ਹੇ ਅਕਾਲ ਪੁਰਖ ਆਪ ਦੇ ਭਾਣੇ ਵਿਚ......ਨੇ ਚਲਾਣਾ ਕੀਤਾ ਹੈ, ਇਸ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣਾ, ਸੁਖ ਵਰਤਾਣੀ ਫਿਰ ਸਰੀਰ ਨੂੰ ਅੰਗੀਠੇ ਉਤੇ ਰਖ ਕੇ ਪੁਤਰ, ਕੋਈ ਹੋਰ ਸਨਬੰਧੀ ਜਾਂ ਮਿਤ੍ਰ ਆਦਿ ਅਗਨੀ ਲਾ ਦੇਵੇ। ਸੰਗਤ ਕੁਝ ਵਿਥ ਤੇ ਬੈਠ ਕੇ ਕੀਰਤਨ ਕਰੇ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ, ਕੀਰਤਨ ਸੋਹਿਲੇ ਦਾ ਪਾਠ ਕਰਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ।

ਘਰ ਆ ਕੇ ਜਾਂ ਲਾਗੇ ਦੇ ਕਿਸੇ ਗੁਰਦਵਾਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰਖਿਆ ਜਾਵੇ ਤੇ ਅਨੰਦ ਸਾਹਿਬ (ਛੇ ਪਉੜੀਆਂ ਦਾ ਪਾਠ ਕਰਕੇ ਅਰਦਾਸਾ ਸੋਧ ਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ)। ਇਸ ਪਾਠ ਦੀ ਸਮਾਪਤੀ ਦਸਵੇਂ ਦਿਨ ਹੋਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸਨਬੰਧੀ ਰਲਕੇ ਹਿੱਸਾ ਲੈਣ।

ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। 'ਦਸਹਿਰੇ ਦੇ ਪਿਛੋਂ ਚਲਾਣੇ ਦੀ ਕੋਈ ਬਾਕੀ ਰਸਮ ਨਹੀਂ ਰਹਿੰਦੀ। ਮ੍ਰਿਤਕ ਪ੍ਰਾਣੀ ਦਾ ਅੰਗੀਠਾ ਠੰਢਾ ਹੋਣ ਤੇ ਸਾਰੀ ਦੇਹ ਦੀ ਭਸਮ, ਅਸਥੀਆਂ ਸਮੇਤ, ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿਤੀ ਜਾਵੇ।

੪੧.

ਗੁਰਮਤਿ ਦੀ ਰਹਿਣੀ

ਸਿੱਖ ਦੀ ਆਮ ਰਹਿਣੀ ਤੇ ਕਿਰਤ ਗੁਰਮਤਿ ਅਨੁਸਾਰ ਹੋਵੇ।

ਗੁਰਮਤਿ ਇਹ ਹੈ—(ੳ) ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ ਦੇਵਤੇ ਦੀ ਪੂਜਾ ਤੇ ਉਪਾਸ਼ਨਾ ਨਹੀਂ ਕਰਨੀ।

(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।

(ੲ) ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤ ਦਾ ਪ੍ਰਕਾਸ਼ ਤੇ ਇਕੋ ਰੂਪ ਕਰਕੇ ਮੰਨਣਾ।

(ਸ) ਜ਼ਾਤ ਪਾਤ, ਛੂਤ ਛਾਤ, ਜੰਤਰ, ਮੰਤਰ, ਤੰਤਰ, ਸ਼ਗਨ ਥਿਥ, ਮਹੂਰਤ, ਗ੍ਰਹਿ, ਰਾਸ਼ੀ, ਸ਼ਰਾਧ, ਪਿੱਤਰ, ਖਿਆਹ, ਪਿੰਡ, ਪਤਿਲ, ਦੀਵਾ, ਗੁਰੇ ਮੜ੍ਹੀ ਪੀਰ ਤੇ ਕਿਸੇ ਅਨਮਤੀ ਗਰੰਥ ਤੇ ਨਿਸਚਾ ਨਹੀਂ ਕਰਨਾ। ਗੁਰ ਅਸਥਾਨ ਤੋਂ ਬਿਨਾਂ ਕਿਸੇ ਅਨਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ।

(ਹ) ਖਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ, ਪਰ ਕਿਸੇ ਅਨ-ਧਰਮੀ ਦਾ ਦਿਲ ਨਾ ਦੁਖਾਵੇ।

(ਕ) ਗੁਰ ਕਾ ਸਿੱਖ ਹਰ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ

ਅਗੇ ਅਰਦਾਸ ਕਰੇ।*

(ਖ) ਸਿੱਖ ਲਈ ਗੁਰਮੁਖੀ ਵਿਦਿਆ ਪੜ੍ਹਨੀ ਜ਼ਰੂਰੀ ਹੈ। ਹੋਰ ਵਿਦਿਆ ਭੀ ਪੜ੍ਹੇ।

(ਗ) ਸੰਤਾਨ ਨੂੰ ਗੁਰਸਿੱਖੀ ਦੀ ਵਿਦਿਆ ਦਿਵਾਉਣੀ ਸਿੱਖ ਦਾ ਫਰਜ਼ ਹੈ।

(ਘ) ਸਿੱਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰਖੇ।

(ਙ) ਸਿੱਖ ਭੰਗ, ਅਫੀਮ, ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ ਦਾ ਹੀ ਰਖੇ।

(ਚ) ਸਿੱਖ ਮਰਦ ਅਥਵਾ ਇਸਤ੍ਰੀ ਨਕ ਕੰਨ ਨਾ ਛੇਦੇ।

(ਛ) ਸਿੱਖ ਕੰਨਯਾ ਨਾ ਮਾਰੇ ਤੇ ਕੁੜੀ-ਮਾਰ ਨਾਲ ਨਾ ਵਰਤੇ।

(ਜ) ਸਿੱਖ ਧਰਮ ਦੀ ਕਿਰਤ ਕਰਕੇ ਨਿਰਬਾਹ ਕਰੇ।

(ਝ) ਸਿੱਖ ਗਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣੇ।

(ਞ) ਸਿੱਖ ਚੋਰੀ ਯਾਰੀ ਨਾ ਕਰੇ। ਜੂਆ ਨ ਖੇਡੇ।

(ਟ) ਪਰ-ਬੇਟੀ ਕੋ ਬੇਟੀ ਜਾਨੈ। ਪਰ-ਇਸਤ੍ਰੀ ਕੋ ਮਾਤ ਬਖਾਨੈ। ਅਪਨੀ ਇਸਤ੍ਰੀ ਸੋਂ ਰਤ ਹੋਈ। ਰਹਿਤਵਾਨ ਗੁਰਕਾ ਸਿੱਖ ਸੋਈ।

ਇਸੇ ਤਰ੍ਹਾਂ ਸਿੱਖ ਇਸਤ੍ਰੀ ਆਪਣੇ ਪਤੀਬ੍ਰਤ ਧਰਮ ਵਿਚ ਰਹੇ।

(ਠ) ਸਿੱਖ ਜਨਮ ਤੋਂ ਲੈ ਕੇ ਦੇਹਾਂਤ ਤਕ ਸਾਰੇ ਸੰਸਕਾਰ ਗੁਰ ਮਰਯਾਦਾ ਅਨੁਸਾਰ ਕਰੇ।

---

*ਇਸ ਪੁਸਤਕ ਦੇ ਪੰਨਾ ੨੪੧ ਉਤੇ ਦਸਿਆ ਗਿਆ ਹੈ ਕਿ 'ਅਰਦਾਸ' ਫਾਰਸੀ ਦੇ ਸ਼ਬਦ 'ਅਰਜ਼ ਦ ਬਤ' ਤੋਂ ਬਣਿਆ ਹੈ। ਸ: ਕਪੂਰ ਸਿੰਘ ਆਪਣੀ ਪੁਸਤਕ 'ਬੈਸਾਖੀ ਆਫ ਗੁਰੂ ਗੋਬਿੰਦ ਸਿੰਘ' ਦੇ ਪੰਨਾ ੪੩੭ ਉਤੇ ਲਿਖਦੇ ਹਨ 'ਅਰਦਾਸ' ਸੰਸਕ੍ਰਿਤ ਦੇ ਦੋ ਸ਼ਬਦਾਂ 'ਅਰਦ-ਆਸ' ਤੋਂ ਬਣਿਆ ਹੈ। ਅਰਦ ਦੇ ਅਰਥ ਹਨ—ਮੰਗਣਾ, ਕੁਝ ਕਹਿਣਾ। ਆਸ ਇਛਾ, ਉਮੀਦ ਜਾਂ ਕਾਮਨਾ।

ਪੂਰੀ ਅਰਦਾਸ ਪੰਨਾ ੨੪੮-੪੯ ਤੇ ਦਿਤੀ ਗਈ ਹੈ।

(ਭਾਗ ੩.)

ੴ ਸਤਿਗੁਰ ਪ੍ਰਸਾਦਿ ॥

ਰਹਿਤਨਾਮੇ

ਭਾਈ ਨੰਦ ਲਾਲ ਜੀ ਦਸਮ ਪਾਤਸ਼ਾਹ ਦੇ ਹਜ਼ੂਰੀ ਸਿੱਖ ਤੇ ਕਵੀ ਸਨ। ਭਾਈ ਦੇਸਾ ਸਿੰਘ ਤੇ ਚੋਪਾ ਸਿੰਘ ਜੀ ਮਹਾਰਾਜ ਦੇ ਖਿਡਾਵੇ ਸਨ। ਭਾਈ ਦਯਾ ਸਿੰਘ ਜੀ ਪੰਜਾਂ ਪਿਆਰਿਆਂ ਵਿਚੋਂ ਸਨ। ਇਹਨਾਂ ਦੇ ਨਾਂ ਪਰ ਲਿਖੇ ਹੋਏ ਜੋ ਰਹਿਤ ਨਾਮੇ ਮਿਲਦੇ ਹਨ, ਉਹ ਦਿਤੇ ਜਾਂਦੇ ਹਨ—

੪੨.

ਰਹਿਤਨਾਮਾ ਭਾਈ ਨੰਦ ਲਾਲ

(ਸ੍ਰੀ ਗੁਰੋ ਵਾਚ ਚੌਪਈ)

ਗੁਰ ਸਿਖ ਰਹਤ ਸੁਨ ਮੇਰੇ ਮੀਤ। ਉਠ ਪ੍ਰਭਾਤ ਕਰੇ ਹਿਤ ਚੀਤ। ਵਾਹਿਗੁਰੂ ਪੁਨ ਮੰਤ੍ਰਹ ਜਾਪ। ਕਰ ਇਸ਼ਨਾਨ ਪੜੈ ਜਪ ਜਾਪ।੫੪। ਦਰਸਨ ਕਰੇ ਮੇਰਾ ਪੁਨ ਆਇ। ਅਦਬ ਜਿਉ ਬੈਠਿ ਗੁਰੂ ਚਿਤ ਲਾਇ। ਤੀਨ ਪਹਰ ਜਬ ਬੀਤੇ ਜਾਨ। ਕਥਾ ਸੁਨੇ ਗੁਰ ਹਿਤ ਚਿਤ ਠਾਨ।੫੫। ਸੰਧਯਾ ਸਮੇ ਸੁਨੇ ਰਹਿਰਾਸ। ਕੀਰਤਨ ਕਥਾ ਸੁਨੈ ਹਰਿ ਜਾਸ। ਇਨ ਮੇ ਨੇਮ ਜੁ ਏਕ ਕਰਾਇ। ਸੋ ਸਿਖ ਅਮਰ ਪੁਰ ਮੇਂ ਜਾਇ।੫੬। ਪਾਂਚ ਨੇਮ ਪੁਰ ਸਿਖ ਜੁ ਧਾਰੈ। ਇਕੀਸ ਕੁਲ ਕੁਟੰਬ ਕੇ ਤਾਰੈ। ਤਾਰੈ ਕੁਟੰਬ ਮੁਕਤਿ ਸੋ ਹੋਇ। ਜਨਮ ਮਰਨ ਨਹਿ ਪਾਵੈ ਸੋਇ।੫੭।

(ਨੰਦ ਲਾਲ ਵਾਚ ਦੋਹਰਾ)

ਤੁਮ ਜੋ ਕਹਾ ਗੁਰਦੇਵ ਜੀ ਦਰਸ਼ਨ ਕਰ ਮੋਹਿ ਆਇ। ਲਖੀਏ ਤੁਮਰਾ ਦਰਸ ਕਹਾਂ ਕਹੋ ਮੋਹਿ ਸਮਝਾਇਆ।੫੮।

ਸ੍ਰੀ ਗੁਰੋ ਵਾਚ ਦੋਹਰਾ

ਤੀਨ ਰੂਪ ਹੈ ਮੋਹਿ ਕੇ ਸੁਨੋ ਨੰਦ ਲਾਲ ਚਿਤ ਲਾਇ। ਨਿਰਗੁਣ ਸਰਗੁਣ ਗੁਰ ਸ਼ਬਦ ਹੈ ਕਹੋਂ ਤੋਹਿ ਸਮਝਾਇ।੫੯।

ਚੌਪਈ। ਏਕ ਰੂਪ ਤਿਹ ਗੁਨ ਤੇ ਪਰੈ। ਨੇਤਿ ਨੇਤਿ ਜਿਹ ਨਿਗਮ ਉਚਰੈ। ਘਟ੍ਹ ਘਟ੍ਹ ਬਿਆਪਕ ਅੰਤਰਜਾਮੀ। ਪੂਰ ਰਹਯੋ ਜਿਉਂ ਜਲ ਘਟ ਭਾਨੀ।੬੦। ਦੂਸਰਾ ਰੂਪ ਗਰੰਥ ਜੀ ਜਾਨ। ਅਪਨੇ ਅੰਗ ਮੇਰੇ ਕਰ ਮਾਨ। ਰੋਮ ਰੋਮ ਅੱਛਰ ਸੋ ਲਹੋ। ਜਥਾਰਥ ਬਾਤ ਤੁਮ ਸੌਂ ਸਭ ਕਹੌਂ।੬੧।

ਜੋ ਸਿਖ ਗੁਰ ਦਰਸਨ ਕੀ ਚਾਹ। ਦਰਸਨ ਕਰੈ ਗਰੰਥ ਜੀ ਆਇ। ਪ੍ਰਭਾਤ ਸਮੇਂ ਕਰਕੇ ਇਸ਼ਨਾਨ । ਤੀਨ ਪ੍ਰਦੱਛਨਾ ਕਰੈ ਸੁਜਾਨ ।੬੨। ਦੋਹਰਾ । ਹਾਥ ਜੋਤ ਕਰ ਅਦਬ ਸੋ ਬੈਠੇ ਮੋਹਿ ਹਜੂਰ । ਸੀਸ ਟੇਕ ਗੁਰ ਗਰੰਥ ਜੀ ਬਚਨ ਸੁਨੈ ਸੁ ਜਰੂਰ ।੬੩।

ਚੌਪਈ। ਸਬਦ ਸੁਨੈ ਗੁਰ ਹਿਤ ਚਿਤ ਲਾਇ । ਗਯਾਨ ਸਬਦ ਗੁਰ ਸੁਨੈ ਸੁਨਾਇ। ਜੋ ਮਮ ਸਾਥ ਚਾਹਿ ਕਰ ਬਾਤ। ਗਰੰਥ ਜੀ ਪੜੈ ਵਿਚਾਰੇ ਸਾਥ ।੬੪। ਜੋ ਮੁਝ ਬਚਨ ਸੁਨਨ ਕੀ ਚਾਹਿ। ਗਰੰਥ ਵਿਚਾਰ ਸੁਨੇ ਚਿਤ ਲਾਇ। ਮੇਰਾ ਰੂਪ ਗਰੰਥ ਜੀ ਜਾਨ। ਇਸ ਮੈ ਭੇਦ ਨਾਹਿ ਕਛੁ ਮਾਨ ।੬੫। ਤੀਸਰ ਰੂਪ ਸਿਖ ਹੈ ਮੋਰ ਗੁਰਬਾਣੀ ਰਤਿ ਜਿਨ ਨਿਸ ਭੋਰ। ਵਿਸਾਹ ਪ੍ਰੀਤਿ ਗੁਰ ਸ਼ਬਦ ਜੋ ਧਰੈ ਗੁਰ ਕਾ ਦਰਸ਼ਨ ਨਿਤ ਉਠਿ ਕਰੈ ।੬੬। ਜਪੁਜੀ ਜਾਪੁ ਪੜੈ ਚਿਤ ਲਾਇ । ਗਯਾਨ ਸਬਦ ਗੁਰ ਸੁਨੈ ਸੁਨਾਇ। ਗੁਰਦੁਆਰੇ ਕਾ ਦਰਸ਼ਨ ਕਰੈ। ਪਰ ਦਾਰਾ ਕਾ ਤਿਆਗ ਜੁ ਕਰੈ। ੬੭। ਗੁਰਸਿਖ ਸੇਵ ਕਰੇ ਚਿਤ ਲਾਇ। ਆਪਾ ਮਨ ਕਾ ਸਗਲ ਮਿਟਾਇ। ਇਨ ਕਰ ਮਨ ਮੈ ਜੋ ਪ੍ਰਧਾਨ। ਸੋ ਸਿਖ ਰੂਪ ਮੇਰਾ ਪਹਿਚਾਨ ।੬੮।

ਦੋਹਿਰਾ। ਐਸੇ ਗੁਰ ਸਿਖ ਮਾਨ ਹੈ ਸੇਵਾ ਕਰੇ ਜੋ ਕੋਇ । ਤਨ ਮਨ ਧਨ ਪੁਨ ਅਰਪ ਕੈਸੋ ਮੁਝ ਸੇਵਾ ਹੋਇ ।੬੯। ਐਹੋ ਗੁਰ ਸਿਖ ਸੇਵ ਕੀ ਮੋਹੇ ਪਹੁਚੇ ਆਇ। ਸੁਨੋ ਨੰਦ ਚਿਤ ਦੇਇ ਕਰ ਮੁਕਤਿ ਬੈਕੁੰਠੇ ਜਾਇ ।੭੦।

(ਨੰਦ ਲਾਲ ਵਾਚ)

ਦੋਹਰਾ। ਨਿਰਗੁਣ ਸਰਗੁਣ ਸੁਰ ਸਬਦ ਜੀ ਕਰੇ ਰੂਪ ਤੁਮ ਤੀਨ। ਨਿਰਗੁਣ ਰੂਪ ਨਹੀਂ ਦੇਖੀਏ ਸੁਨ ਗੁਰ ਸਿਖ ਅਧੀਨ ।੭੧।

ਚੌਪਈ। ਤੁਮਰਾ ਨਿਰਗੁਣ ਰੂਪ ਅਪਾਰਾ। ਸੋ ਕਿਹ ਦੇਖੇ ਦੀਨ ਦਿਆਰਾ । ਜਗਤ ਗੁਰੂ ਤੁਮ ਕਹੋ ਸੁਆਮੀ । ਘਟ ਘਟ ਵਾਸੀ ਅੰਤਰਜਾਮੀ ।੭੨।

(ਸ੍ਰੀ ਗੁਰੋ ਵਾਚ)

ਚੌਪਈ । ਸੁਨ ਸਿਖ ਭਾਈ ਨੰਦ ਸੁ ਲਾਲ । ਤੁਮ ਸੁਨ ਹਮਰ ਬਚਨ ਰਸਾਲ । ਗੁਰ ਸਿਖ ਸਰਗੁਨ ਰੂਪ ਸੁਜਾਨ । ਪ੍ਰਥਮ ਸੇਵ ਗੁਰ ਹਿਤ ਚਿਤ ਠਾਨ ।੭੩। ਗੁਰ ਸਿਖ ਸੇਵ ਸਬਦ ਜੋ ਕਹੇ । ਸ਼ਬਦ ਸਰੂਪ ਸੁ ਇਹ ਬਿਧ ਲਹੇ । ਸ਼ਬਦ ਸਰੂਪ ਵਾਕ ਜੋ ਧਾਰੇ । ਤਿਸ ਤੇ ਲਖ ਹੈ ਅਪਰ ਅਪਾਰੇ ।੭੪। ਤੇ ਮੈ ਗੋਸਟ ਕਹੀ ਜੁ ਭਾਈ । ਪੜੈ ਸੁਨੇ ਜੋ ਚਿਤ ਹਿਤ ਲਾਈ । ਤਿਸ ਕੀ ਮੈਹਮਾ ਕਹੌਂ ਬਖਾਨ । ਜੋਤੀ ਜੋਤ ਮਿਲੈ ਮਹਿ ਮਾਨ ।੭੫। ਸੰਮਤ ਸਤ੍ਰਹ ਸਹਸ ਸੁ ਬਾਵਨ । ਮਘਰ ਸੁਦੀ ਨੌਮੀ ਸੁਖਦਾਵਨ । ਸੁਰ ਗੁਰ ਵਾਰ ਸਤ ਦ੍ਰਵ ਤੀਰ । ਬਚਨ ਕਹੇ ਨੰਦ ਲਾਲ ਸੁ ਬੀਰ ।੭੬।

ਦੋਹਰਾ । ਵਾਹਗੁਰੂ ਗੁਰ ਜਾਪੀਐ ਵਾਹਗੁਰੂ ਕਰ ਧਯਾਨ ।
ਮੁਕਤ ਲਾਹ ਕੋ ਹੋਇ ਹੈ ਗੁਰ ਸਿਖ ਰਿਦ ਮੈਂ ਮਾਨ ।੭੭।

* * *

੪੩.

ਅਥ ਤਨਖਾਹ ਨਾਮਾ

ਦੋਹਰਾ । ਨੰਦ ਲਾਲ ਤੁਮ ਬਚਨ ਸੁਨੋ ਸਿਖ ਕਰਮ ਹੈ ਏਹੁ । ਨਾਮ ਦਾਨ ਇਸ਼ਨਾਨ ਦਿਨੁ ਕਰੈ ਨ ਅਨ ਸਿਉਂ ਨੇਹੁ ।੨। ਚੌਪਈ । ਪ੍ਰਾਤਾਕਾਲ ਸਤਸੰਗ ਨ ਜਾਵੈ । ਤਨਖਾਹ ਦਾਰ ਬਹੁ ਵਡਾ ਕਹਾਵੈ । ਸਤਿਸੰਗ ਜਾਇ ਕਰ ਚਿਤ ਡੁਲਾਵੈ । ਈਹਾਂ ਊਹਾਂ ਠਉਰ ਨ ਪਾਵੈ ।੩। ਹਰਿ ਜਸੁ ਸੁਨਤੇ ਬਾਤ ਚਲਾਵੈ । ਕਹੈ ਗੋਬਿੰਦ ਸਿੰਘ ਵਹੁ ਜਮ ਪੁਰ ਜਾਵੈ । ਨਿਰਧਨ ਦੇਖ ਨ ਪਾਸਿ ਬਹਾਵੈ । ਸੋ ਤਨਖਾਹੀ ਮੂਲ ਕਹਾਵੈ ।੪। ਸਬਦੁ ਗਿਆਨ ਬਿਨੁ ਕਰੇ ਜੋ ਬਾਤ । ਤਾਂ ਕੇ ਕਛੂ ਨ ਆਵੈ ਹਾਥ । ਸਬਦੁ ਭੋਗ ਨ ਨਿਵਾਵੈ ਸੀਸ । ਤਾਕੋ ਮਿਲੈ ਨ ਪਰਮ ਜਗਦੀਸ ।੫।

ਦੋਹਰਾ । ਜੋ ਪ੍ਰਸਾਦ ਕੋ ਬਾਂਟ ਹੈ ਮਨ ਮੈਂ ਧਾਰੈ ਲੋਭ । ਕਿਸ ਥੋੜ੍ਹਾ ਕਿਸੇ ਅਗਲਾ ਸਦਾ ਰਹੈ ਤਿਸ ਸੋਗ ।੬। ਚੌਪਈ । ਕੜਾਹ ਪ੍ਰਸਾਦ ਕੀ ਬਿਧਿ ਸੁਨਿ ਲੀਜੈ । ਤੀਨ ਭਾਂਗ ਕੋ ਸਮਸਰ ਕੀਜੈ । ਲੇਪਨ ਆਗੈ ਬਹੁਕਰ ਦੀਜੈ । ਮਾਂਜਨ ਕਰਿ ਭਾਂਜਨ ਧੋਵੀਜੈ ।੭। ਕਰਿ ਇਸ਼ਨਾਨੁ ਪਵਿੱਤ੍ਰ ਹੋਇ ਬਹੈ । ਵਾਹਿਗੁਰੂ ਬਿਨੁ ਅਵਰ ਨ ਕਹੈ । ਨਵਤਨ ਕੁੰਭ ਪੂਰ ਜਲ ਲੇਹਿ ।੮। ਕਰ ਤਿਆਰ ਚੌਕੀ ਪਰ ਧਰੇ ।

ਦੋਹਰਾ । ਮੁਹਰ ਤੁਰਕ ਕੀ ਸਿਰ ਧਰੈ ਲੋਹ ਲਗਾਵੈ ਚਰਨ । ਕਹੈ ਗੋਬਿੰਦ ਸਿੰਘ ਸੁਣੋ ਲਾਲ ਜੀ ਫਿਰ ਫਿਰ ਹੁਇ ਤਿਸੁ ਮਰਨ । ੧੦ । ਚੌਪਈ । ਲਗੇ ਦੀਵਾਨ ਸੁਣ ਮੂਲਿ ਨ ਜਾਵੈ । ਰਹਿਤ ਬਿਨਾ ਪ੍ਰਸਾਦਿ ਵਰਤਾਵੈ । ਸੂਹਾ* ਪਹਿਨ ਲਏ ਨਸਵਾਰ । ਕਹੈ ਗੋਬਿੰਦ ਸਿੰਘ ਜਮ ਕਰੇ

---

*ਸਾਇੰਸ ਦੀ ਖੋਜ ਨੇ ਸਾਬਤ ਕੀਤਾ ਹੈ ਕਿ ਸੂਹਾ ਰੰਗ ਤੇਜ਼ੀ ਪੈਦਾ ਕਰਦਾ ਹੈ ।

ਖੁਆਰ ।੧੧। ਮਾਇ ਭੈਣ ਜੋ ਆਵੈ ਸੰਗਤਿ । ਦ੍ਰਿਸਟਿ ਬੁਰੀ ਦੇਖੈ ਤਿਸ ਪੰਗਤ । ਸਿਖ ਹੋਇ ਜੋ ਕਰਤ ਕਰੋਧ । ਕੰਨਿਆ ਮੂਲ ਨ ਦੇਵੈ ਸੋਧ । ਧੀਅ ਭੈਣ ਕਾ ਪੈਸਾ ਖਾਇ । ਕਹੈ ਗੋਬਿੰਦ ਸਿੰਘ ਧਕੇ ਜਮ ਖਾਇ । ਸਿਖ ਹੋਇ ਬਿਨੁ ਲੋਹੁ ਜੁ ਫਿਰੈ । ਆਵਤ ਜਾਵਤ ਜਨਮੈ ਮਰੈ । ਮਾਲ ਅਥਿਥ ਕਾ ਬਲ ਕਰਿ ਛਲੈ । ਜਪੁ ਤਪੁ ਤਾਂਕੋ ਸਭ ਨਹਿ ਫਲੈ ।੧੨।

ਸੋਰਠਾ । ਕੰਘਾ ਦੋਨੋਂ ਵਕਤ ਕਰ ਪਗ ਚੁਨੈ ਕਰ ਬਾਂਧਈ ।
ਦਾਤਨ ਨਿਤ ਕਰੇ ਨ ਦੂਖ ਪਾਵੈ ਨੰਦ ਲਾਲ ਜੀ ।੧੩।

ਦੋਹਰਾ । ਦਸਵੰਧ ਗੁਰੂ ਨਹਿ ਦੇਵਈ ਝੂਠੁ ਬੋਲੁ ਜੋ ਖਾਇ ।
ਕਹੈ ਗੋਬਿੰਦ ਸਿੰਘ ਲਾਲਜੀ ਤਿਸਕਾ ਕਛੂ ਨ ਬਿਸਾਹੁ ।੧੪।

ਚੌਪਈ । ਠੰਢੇ ਪਾਨੀ ਜੋ ਨਹਿ ਨ੍ਹਾਵੈ । ਬਿਨ ਜਪੁ ਪੜੇ ਪ੍ਰਸਾਦਿ ਜੁ ਪਾਵੈ । ਬਿਨ ਰਹਿਰਾਸ ਸਮਾ ਜੋ ਖੋਵੈ । ਕੀਰਤਨ ਪੜੇ ਬਿਨੁ ਰੈਨ ਜੋ ਸੋਵੈ ।੧੫। ਚੁਗਲੀ ਕਰ ਜੋ ਕਾਜ ਬਿਗਾਰੈ । ਧ੍ਰਿਗੁ ਤਿਸ ਜਨਮ ਜੁ ਧਰਮ ਬਿਸਾਰੈ । ਕਰੈ ਬਚਨ ਜੋ ਪਾਲੈ ਨਾਹੀ । ਕਹੈ ਗੋਬਿੰਦ ਸਿੰਘ ਤਿਸ ਠੌਰ ਕਤ ਨਾਹੀ ।੧੬। ਲੈ ਤੁਰਕਨ ਤੇ ਮਾਸ ਜੋ ਖਾਵੈ । ਬਿਨ ਗੁਰ ਸ਼ਬਦ ਬਚਨ ਜੋਈ ਗਾਵੈ । ਤ੍ਰਿਰੀਆ ਰਾਗ ਸੁਨੈ ਚਿਤ ਲਾਇ । ਸੁਨੈ ਲਾਲ ਸੁ ਜਮਪੁਰ ਜਾਇ ।੧੭।

ਚੌਪਈ । ਅਰਦਾਸ ਬਿਨਾ ਜੁ ਕਾਜ ਸਿਧਾਵੈ । ਭੇਟ ਕੀਏ ਬਿਨੁ ਕਛੂ ਮੁਖ ਪਾਵੈ । ਤਿਆਗੀ ਬਸਤ ਗ੍ਰਹਣ ਜੋ ਕਰੈ । ਬਿਨੁ ਤ੍ਰਿਰੀਆ ਆਪਣੀ ਸੇਜ ਜੁ ਧਰੈ ।੧੮। ਅਥਿਤ ਦੇਖ ਨਹੀਂ ਦੇਵੈ ਦਾਨ । ਸੋ ਨਹੀਂ ਪਾਵੈ ਦਰਗਹ ਮਾਨੁ । ਕੀਰਤਨ ਕਥਾ ਸਿਉ ਮਨ ਨਹੀਂ ਲਾਵੈ । ਸੰਤ ਸਿਖ ਕਉ ਬੁਰਾ ਅਲਾਵੈ । ੧੯ । ਨਿੰਦਾ ਜੂਆ ਹਿਰੈ ਜੁ ਮਾਲ । ਮਹਾ ਦੁਖਾਵੈ ਤਿਸ ਕੋ ਕਾਲ । ਗੁਰ ਕੀ ਨਿੰਦਾ ਸੁਨੈ ਨ ਕਾਨ । ਭੇਟਾ ਕਰੈ ਸੰਗ ਕਿਰਪਾਨ । ੨੦ ।

ਦੋਹਰਾ । ਗੋਲਕ ਰਾਖੈ ਨਾਹਿ ਜੋ ਛਲ ਕਾ ਕਰੈ ਵਪਾਰ ।
ਕਹੈ ਗੋਬਿੰਦ ਸਿੰਘ ਲਾਲ ਜੀ ਭੋਗੈ ਨਰਕ ਹਜ਼ਾਰ ।੨੧।

ਚੌਪਈ। ਵਾਹਿਗੁਰੂ ਬਿਨ ਕਹੈ ਜੁ ਖਾਵੈ ਵੇਸਵਾ ਦੁਆਰੇ ਸਿਖ ਜੋ ਜਾਵੈ। ਪਰ ਇਸਤਰੀ ਸਿਉ ਨੇਹੁ ਲਗਾਵੈ। ਕਹੈ ਗੋਬਿੰਦ ਸਿੰਘ ਵਹੁ ਸਿਖ ਨਹੀਂ ਭਾਵੈ। ਗੁਰ ਡਲਪੀ ਕਪਟੀ ਹੈ ਜੋਇ। ਬਡੋ ਤਨਖਾਹੀ ਜਾਨੋ ਸੋਇ।੨੨। ਗੁਰ ਕੋ ਛੋਡ ਅਵਰ ਸਿਉਂ ਮਾਂਗੈ। ਰਾਤਰੀ ਸਵੈ ਤੇਡ ਹੋਇ ਨਾਂਗੈ। ਨਗਨ ਹੋਇ ਕਰ ਭੋਗ ਜੁ ਕਰੈ। ਨਗਨ ਹੋਇ ਜਲ ਮਜਨ ਕਰੈ।

ਦੋਹਰਾ। ਨਗਨ ਹੋਇ ਬਾਹਰ ਫਿਰੈ ਨਗਨ ਸੀਸ ਜੋ ਖਾਇ।
ਨਗਨ ਪ੍ਰਸਾਦਿ ਜੋ ਬਾਂਟਈ ਤਨਖਾਹੀ ਬਡਾ ਕਹਾਇ।੨੪।

ਚੌਪਈ। ਖਾਲਸਾ ਸੋਈ ਜੋ ਨਿੰਦਾ ਤਯਾਗੈ। ਖਾਲਸਾ ਸੋਈ ਲੜੈ ਹੋਇ ਆਗੈ। ਖਾਲਸਾ ਸੋਈ ਜੋ ਪੰਚਾ ਕਉ ਮਾਰੇ। ਖਾਲਸਾ ਸੋਈ ਕਰਮੋਂ ਕੋ ਸਾੜੇ। ਖਾਲਸਾ ਸੋਈ ਮਾਨ ਜੋ ਤਿਆਗੈ। ਖਾਲਸਾ ਸੋਈ ਜੁ ਪਰ ਤ੍ਰਿਯ ਤਿਆਗੈ।੨੫। ਖਾਲਸਾ ਸੋਈ ਪਰ ਦ੍ਰਿਸ਼ਟਿ ਕਉ ਤਿਆਗੈ। ਖਾਲਸਾ ਸੋਈ ਨਾਮ ਰਤ ਲਾਗੈ। ਖਾਲਸਾ ਸੋਈ ਗੁਰਬਾਣੀ ਹਿਤੁ ਲਾਵੈ ਖਾਲਸਾ ਸੋਈ ਸਾਰ ਮੁਹਿ ਖਾਵੈ।੨੬।

ਦੋਹਰਾ। ਖਲਕ ਖਾਲਕ ਕੀ ਜਾਨਕੇ ਖਲਕ ਦੁਖਾਵੈ ਨਾਹਿ।
ਖਲਕ ਦੁਖੈ ਨੰਦ ਲਾਲ ਜੀ ਖਾਲਕ ਕੋਪੈ ਤਾਹਿ।੨੭।

ਚੌਪਈ। ਖਾਲਸਾ ਸੋਈ ਨਿਰਧਨ ਕਉ ਪਾਲੇ। ਖਾਲਸਾ ਸੋਈ ਦੁਸ਼ਟ ਕੋ ਗਾਲੇ। ਖਾਲਸਾ ਸੋਈ ਨਾਮ ਜਪ ਕਰੈ। ਖਾਲਸਾ ਸੋਈ ਮਲੇਛ ਪਰ ਚੜੈ।੨੮। ਖਾਲਸਾ ਸੋਈ ਨਾਮ ਸਿਉ ਜੋੜੇ। ਖਾਲਸਾ ਸੋਈ ਬੰਧਨ ਕੋ ਤੋੜੇ। ਖਾਲਸਾ ਸੋ ਜੁ ਚੜੇ ਤੁਰੰਗ। ਖਾਲਸਾ ਸੋਈ ਜੋ ਕਰੈ ਨਿਤ ਜੰਗ।੨੯। ਖਾਲਸਾ ਸੋਈ ਸ਼ਸਤਰ ਕਉ ਧਾਰੈ। ਖਾਲਸਾ ਸੋਈ ਦੁਸ਼ਟ ਕੋ ਮਾਰੈ।੩੦।

ਦੋਹਰਾ। ਦੋਹੀ ਫਿਰੈ ਅਕਾਲ ਕੀ ਨਿੰਦਾ ਕਰੈ ਨ ਕੋਇ।
ਬਨ ਪਰਬਤ ਸਭ ਭਜਹਿਗੇ ਤਰਹਿ ਜਗਤ ਮੈ ਸੋਇ।੩੧।

ਚੌਪਈ । ਸੁਨੈ ਲਾਲ ਜੀ ਏਹੋ ਸਾਚ । ਪਰਹ ਪੂਰਬਾ ਆਪਨਿ ਰਾਜ । ਚਾਰ ਬਰਨ ਇਕ ਬਰਨ ਕਰਾਊਂ । ਵਾਹਿਗੁਰੂ ਕਾ ਜਾਪ ਜਪਾਊਂ ।੩੨। ਸਵਾ ਲਾਖ ਸੋਂ ਏਕ ਲਰਊਂ । ਦਰਸਹਿ ਸਿਖ ਤਿਸ ਮੁਕਤਿ ਕਰਾਊ ।੩੩। ਝੂਲਨ ਨੇਜੇ ਹਸਤੀ ਸਾਜੇ । ਦੁਆਰ ਦੁਆਰ ਪੁਰ ਨਉਬਤ ਬਾਜੇ । ਸਵਾ ਲਾਖ ਜਬ ਧੁਖੇ ਪਲੀਤਾ । ਤਬ ਖਾਲਸਾ ਉਦੇ ਅਸਤ ਲੌ ਜੀਤਾ ।੩੪।

ਦੋਹਰਾ । ਰਾਜ ਕਰੇਗਾ ਖਾਲਸਾ ਆਕੀ ਰਹੈ ਨਾ ਕੋਇ ।
ਖਵਾਰ ਹੋਇ ਸਭ ਮਿਲੈਂਗੇ ਬਚੇ ਸਰਨ ਜੋ ਹੋਇ ।੩੫।

ਬਚਨ ਹੈ ਸ੍ਰੀ ਗੁਰੂ ਜੀ ਕਾ ਕਿ ਜੋ ਕੋਈ ਸਿੱਖ ਦਾ ਬੇਟਾ ਹੋਇ ਅਰੁ ਮੋਨਾ ਹੋਇ ਜਾਵੇ ਤਿਸ ਕੀ ਜੜ੍ਹ ਸੁਕੀ, ਔਰ ਜੋ ਮੋਨਾ ਸਿਖ ਹੋਇ ਜਾਵੈ ਤਾਂ ਤਿਸ ਕੀ ਜੜ੍ਹ ਹਰੀ ।

ਇਤਿ ਸ੍ਰੀ ਤਨਖਾਹ ਨਾਮਾ ਸਪੂਰਣੰ ।

❋ ❋ ❋

੪੪.

ਰਹਿਤਨਾਮਾ ਭਾਈ ਦੇਸਾ ਸਿੰਘ

ਸੋਰਠਾ । ਪ੍ਰਥਮ ਰਹਿਤ ਯਹਿ ਜਾਨ, ਖੰਡੇ ਕੀ ਪਾਹੁਲ ਛਕੇ ।
ਸੋਈ ਸਿੰਘ ਪ੍ਰਧਾਨ ਅਵਰ ਨ ਪਾਹੁਲ ਜੋ ਲਏ ।

ਚੌਪਈ । ਪਾਂਚ ਸਿੰਘ ਅੰਮ੍ਰਿਤ ਜੋ ਦੇਵੈ । ਤਾਂਕੋ ਸਿਰ ਧਰਛਕ ਪੁਨ ਲੇਵੈ । ਪੁਨ ਮਿਲ ਪਾਂਚੋਂ ਰਹਿਤ ਜੋ ਭਾਖੇਂ । ਤਾਂਕੋ ਮਨ ਮੈਂ ਦ੍ਰਿੜ ਕਰ ਰਾਖੇ । ਕੁੜੀ ਮਾਰ ਆਦਿਕ ਹੈਂ ਜੇਤੇ । ਮਨ ਤੇ ਦੂਰ ਤਿਆਗੇ ਤੇਤੇ । ਬਾਣੀ ਮਾਹਿੰ ਨੇਹ ਨਿਤ ਕਰਨੋ । ਚੁਗਲੀ ਅਰੁ ਨਿੰਦਾ ਪਰਿਹਰਨੋ । ਵਾਹਿਗੁਰੂ ਨਿਤ ਬਚਨ ਉਚਾਰੇ । ਵਾਹਿਗੁਰੂ ਕੋ ਹਿਰਦੇ ਧਾਰੇ । ਆਗੋ ਆਵਤ ਸਿੰਘ ਜੁ ਪਾਵੈ । ਵਾਹਿਗੁਰੂ ਕੀ ਫਤੇ ਬੁਲਾਵੈ । ਦਸਨਖ ਕਰ ਜੋ ਕਾਰ ਕਮਾਵੈ । ਤਾਂ ਕਰ ਜੋ ਧਨ ਘਰ ਮੈ ਆਵੈ । ਤਿਸ ਤੇ ਗੁਰ ਦਸੌਂਧ ਜੋ ਦੇਈ । ਸਿੰਘ ਸੁਜਸ ਬਹੁ ਜਗ ਮਹਿ ਲੇਈ । ਪਰ ਬੇਟੀ ਕੋ ਬੇਟੀ ਜਾਨੈ । ਪਰ ਇਸਤ੍ਰੀ ਕੋ ਮਾਤ ਬਖਾਨੈ । ਅਪਨੀ ਇਸਤ੍ਰੀ ਸੋਂ ਰਤ ਹੋਈ । ਰਹਿਤਵਾਨ ਗੁਰ ਕਾ ਸਿੰਘ ਸੋਈ । ਰਹਿਤ ਬਹਿਤ ਕਬਹੂੰ ਨ ਤਯਾਗੈ । ਸਨਮੁਖ ਲਰੈ ਨ ਰਣ ਤੇ ਭਾਗੈ । ਗੁਰੂ ਸਰੂਪ ਖਾਲਸਾ ਹੋਈਏ । ਜਾਂਕੀ ਟਹਿਲ ਪਰਮ ਸੁਖ ਲਹੀਏ । ਖੇਤੀ ਵਣਜ ਵ ਸਿਲਪ ਬਨਾਵੈ ਔਰ ਟਹਿਲ ਜੋ ਮਨ ਮੈ ਭਾਵੈ ਦ੍ਰਿੜ ਹਵੈ ਸੋਈ ਕਾਰ ਕਮਾਵੈ । ਚੋਰੀ ਡਾਕੇ ਕਬਹੂ ਨ ਜਾਵੈ । ਮੁਸਲੀ ਭ੍ਰਮਣਿ ਦੂਤੀ ਚੇਲੀ । ਵਿਭਚਾਰਣਿ ਜੋ ਫਿਰੇ ਇਕੇਲੀ । ਅਵਰ ਜੋ ਆਨ ਵਰਨ ਕੀ ਨਾਰਿ ਇਨ ਸੇ ਸਿੰਘ ਨ ਕਰੇ ਪਯਾਰ । ਪਯਾਰ ਕਰੈ ਹੋਵੈ ਕੁਲ ਹਾਨੀ । ਤਾਂਤੇ ਇਨ ਕੋ ਤਜੈ ਗਯਾਨੀ । ਕੁਠਾ ਹੁਕਾ ਚਰਸ ਤਮਾਕੂ । ਗਾਂਜਾ ਟੋਪੀ ਤਾੜੀ ਖਾਕੂ । ਇਨ ਕੀ

ਫਿਰ ਨ ਕਬਹੂੰ ਦੇਖੈ । ਰਹਿਤਵੰਤ ਜੋ ਸਿੰਘ ਵਿਸੇਖੈ । ਸ਼ਸਤ੍ਰਹੀਨ ਇਹ ਕਬਹੂੰ ਨ ਹੋਈ । ਰਹਿਤਵੰਤ ਖਾਲਸਿ ਹੈ ਸੋਈ । ਸੰਨਯਾਸੀ ਬੈਰਾਗੀ ਜੇਵ । ਔਰ ਉਦਾਸੀ ਜੋਗੀ ਭੇਵ । ਜੰਗਮ ਵਾਮੀ ਅਮਰ ਜੁ ਕੋਈ । ਤਾਂਕਾ ਜੂਠਾ ਕਬੀ ਨ ਲੇਈ । ਗੁਰਮੁਖੀ ਅਖਰ ਜੁ ਹੈਂ ਭਾਈ । ਸਿੰਘ ਸਿੰਘ ਤੇ ਸੀਖੇ ਜਾਈ । ਔਰ ਜੁ ਵਿਦਯਾ ਜਹਿੰ ਤਹਿੰ ਹੋਈ । ਅਵਰਨ ਤੇ ਭੀ ਲੇਵ ਸੋਈ । ਦੋਹੂੰ ਗਰੰਥ ਮੇਂ ਬਾਣੀ ਜੋਈ । ਚੁਨ ਚੁਨ ਕੰਠ ਕਰੇ ਨਿਤ ਸੋਈ । ਦਸਮੀ ਆਦਿ ਗੁਰੂ ਦਿਨ ਜੇਤੇ । ਪੁਰਬ ਸਮਾਨ ਕਹੇ ਹੈ ਤੇਤੇ । ਤਿਨ ਮੇਂ ਕਛੂ ਪਰਸਾਦ ਬਨਾਵੈ । ਕਰ ਕੜਾਹ ਖਾਲਸੇ ਖੁਆਵੈ । ਆਪ ਸਿੰਘ ਜੋ ਰਾਜਾ ਹੋਈ । ਨਿਰਧਨ ਸਿੰਘਨ ਪਾਲੇ ਸੋਈ । ਪ੍ਰਦੇਸੀ ਸਿੰਘਨ ਜਬ ਦੇਖੈ । ਉਨ ਕੀ ਸੇਵਾ ਕਰੇ ਬਿਸੇਖੈ । ਮਧੁਰ ਬਚਨ ਸਭਹਿਨ ਭਾਖੈ । ਚਾਕਰ ਸਿੰਘਨ ਕੋ ਹੀ ਰਾਖੈ । ਸਿੰਘ ਸਿੰਘ ਸੁ ਨੇਹ ਸੁ ਕਰਨ । ਵੈਰ ਭਾਵ ਮਨ ਤੇ ਪਰਹਰਨ ।

ਦੋਹਰਾ । ਪਰ ਨਾਰੀ ਜੂਆ ਅਸਤ ਚੋਰੀ ਮਦਿਰਾ ਜਾਨ ।
ਪਾਂਚ ਐਬ ਯੇ ਜਗਤ ਮੇਂ ਤਜੇ ਸੁ ਸਿੰਘ ਸੁਜਾਨ ।

ਚੌਪਈ । ਰਣ ਮੇਂ ਜਾਇ ਨ ਕਬਹੂੰ ਭਾਜੈ । ਦ੍ਰਿੜ ਕਰ ਛਤ੍ਰੀ ਧਰਮ ਸੁ ਗਾਜੈ । ਨਿਮਰ ਸੁਭਾਵ ਨ ਕਬਹੂੰ ਤਿਆਗੈ । ਦੁਰਜਨ ਦੇਖ ਦੂਰ ਤੇ ਭਾਗੈ । ਦੁਰਜਨ ਕੀ ਸੰਗਤਿ ਸੁਖ ਨਾਹੀ । ਕਰ ਬਿਚਾਰ ਦੇਖੋ ਮਨ ਮਾਹੀਂ । ਕਾਮ ਕਰੋਧ ਲੋਭ ਮਦ ਮਾਨ । ਇਨ ਕੋ ਥੋਰੈ ਕਰੈ ਸਿਆਨ । ਬਿਨਯ ਬਿਬੇਕ ਧਰਮ ਦ੍ਰਿੜ੍ਹ ਰਾਖੈ । ਮਿਥਯਾ ਬਚਨ ਨ ਕਬਹੂੰ ਭਾਖੈ । ਧਨ ਕੀਰਤਿ ਸੁਖ ਰਾਜ ਬਡਾਈ । ਯੁਵਤੀ ਸੁਤ ਵਿਦਯਾ ਬਹੁ ਭਾਈ । ਯਿਹ ਸਭ ਦਾਤ ਗੁਰੂ ਕੀ ਜਾਨੈ । ਤਾਂਤੇ ਨਹਿੰ ਅਭਿਮਾਨਹਿ ਠਾਨੈ । ਜਗਤ ਮਾਹਿ ਹੈਂ ਪੰਥ ਸੁ ਜੇਤੇ । ਕਰ ਨਿੰਦ ਨਹਿ ਕਬਹੂੰ ਤੇਤੇ । ਵਢੀ ਲੇਕਰ ਨਯਾਯ ਨ ਕਰੀਐ । ਝੂਠੀ ਸਾਖ ਕਬਹੂੰ ਨ ਭਰੀਐ ।

ਦੋਹਰਾ । ਜੋ ਪ੍ਰਸਾਦਿ ਛਕਨੇ ਲਗੈ ਹਾਥ ਸਚੇਤ ਕਰੇਇ ।
ਏਕਾਂਤੀ ਬਹਿ ਖਾਹਿ ਨਹਿੰ ਅਵਰਨ ਕੋ ਭੀ ਦੇਇ ।

ਚੌਪਈ । ਰਹਿਤਵਾਨ ਗੁਰਸਿਖ ਹੈ ਜੋਈ । ਕਰ ਉਪਾਯ ਧਨ ਖਾਟੇ ਸੋਈ । ਤਾਂਹੀ ਕਰ ਘਰ ਕੋ ਨਿਰਬਹੇ । ਪੂਜਾ ਭੂਲ ਨ ਕਬਹੂੰ ਗਹੇ । ਜੋ ਕੋਊ ਸਿੰਘ ਪੁਜਾਰੀ ਅਹੈ । ਸੋ ਭੀ ਪੂਜਾ ਬਹੁਤ ਨ ਗਹੇ । ਤਨ ਨਿਰਬਾਹ ਮਾਤ੍ਰ ਸੋ ਲੇਵੇ । ਅਧਿਕ ਹੋਯੇ ਤੋ ਜਹਿੰ ਤਹਿ ਦੇਵੇ । ਜੋ ਕੁਰਹਿਤੀਏ ਜਗ ਦਰਸਾਵਤ । ਪਾਹੁਲ ਪੀਇ ਕੁਕਰਮ ਕਮਾਵਤ । ਤਿਨ ਸੋ ਵਰਤਣ ਨਾਹਿੰ ਮਿਲਾਵੇ । ਰਹਿ ਨਿਰਲੇਪ ਪਰਮ ਸੁਖ ਪਾਵੇ । ਰਹਿਤਵਾਨ ਜਗ ਸਿੰਘ ਜੋ ਕੋਈ । ਗੁਰੂ ਕੇ ਲੋਕ ਬਸੇਂਗੇ ਤੇਈ । ਰਹਿਨੀ ਰਹੈ ਸੋਈ ਸਿਖ ਮੇਰਾ । ਓਹ ਠਾਕੁਰ ਮੈਂ ਉਸ ਕਾ ਚੇਰਾ । ਰਹਿਤ ਬਿਨਾ ਨਹਿ ਸਿਖ ਕਹਾਵੇ । ਰਹਿਤ ਬਿਨਾ ਦਰ ਚੋਟਾਂ ਖਾਵੇ । ਰਹਿਤ ਬਿਨਾ ਸੁਖ ਕਬਹੂ ਨ ਲਹੈ । ਤਾਂ ਤੇ ਰਹਿਤ ਸੁ ਦ੍ਰਿੜ ਕਰ ਗਹੈ ।

੪੫.

ਰਹਿਤਨਾਮਾ ਪ੍ਰਹਿਲਾਦ ਸਿੰਘ

(ਬਚਨ ਸ੍ਰੀਮੁਖ ਵਾਕ ਪਾਤਸ਼ਾਹੀ ੧੦)

ਚੌਪਈ। ਹੋਇ ਸਿਖ ਸਿਰ ਟੋਪੀ ਧਰੈ। ਸਾਤ ਜਨਮ ਕੁਸ਼ਟੀ ਹੋਇ ਮਰੈ। ਜੋ ਸਿਖ ਗਲ ਮਹਿ ਤਾਗਾ ਮੇਲੈ। ਚੌਪੜ ਬਾਜੀ ਗਨਕਾ ਖੇਲੈ।੪। ਜਨਮ ਸੁਆਨ ਪਾਵੇਗਾ ਕੋਟਿ। ਬੀਜਪੋ ਹਾਥ ਬੁਰਾ ਇਸ ਖੋਟ। ਪਾਗ ਉਤਾਰ ਪਰਸਾਦਿ ਜੋ ਖਾਵੈ ਸੋ ਸਿਖ ਕੁੰਭੀ ਨਰਕ ਸਿਧਾਵੈ।੫।

ਦੋਹਰਾ। ਮੀਣਾ ਔਰ ਮਸੰਦੀਆ ਮੋਨਾ ਕੁੜੀ ਜੋ ਮਾਰ।
ਹੋਇ ਸਿਖ ਵਰਤਨ ਕਰੈ ਅੰਤ ਹੋਇਗਾ ਖੁਆਰ।੬।

ਵਾਹਿਗੁਰੂ ਕੇ ਮੰਤਰ ਬਿਨ ਜਪੈ ਔਰ ਕੋਈ ਜਾਪ।
ਸੋ ਸਾਕਤ ਸਿਖ ਮੂਲ ਨਹਿ ਬਚਨ ਹੈ ਸ੍ਰੀਮੁਖਵਾਕ।੭।

ਗੁਰ ਕਾ ਹੁਕਮ ਨ ਮਾਨਹੀ ਕਰੈ ਨ ਸਿਖ ਕੀ ਸੇਵ।
ਸੋ ਬੀਰਜ ਮਲੇਛ ਕੇ ਪਰਗਟ ਪਛਾਨੋ ਭੇਵ।੮।

ਚੌਪਈ। ਹੁਕਮ ਦੇਖ ਕਾਰ ਨਹਿ ਰਾਖੈ। ਗੋਪ ਮਿਥਿਆ ਮੁਖ ਭਾਖੈ। ਕਾਰ ਭੇਟ ਸੁਖ ਮੰਨਤ ਚੁਰਾਵੈ। ਐਸਾ ਸਿਖ ਗੁਰੂ ਨਹੀਂ ਭਾਵੈ। ਟੂਟ ਪਰਿਓ ਮਾਇਆ ਕੀ ਫਾਸੀ। ਭ੍ਰਮਤਾ ਫਿਰੈ ਲਾਖ ਚਉਰਾਸੀ। ਸੋ ਬੀਰਜ ਮਲੇਛ ਜੋ ਜਾਨ। ਸੁਨੋ ਸਿੰਘ ਪ੍ਰਹਿਲਾਦ ਸੁਜਾਨ।੧੦।

ਦੋਹਰਾ । ਗੁਰੂ ਖਾਲਸੇ ਆਦਿ ਲੈ ਕਹੇ ਥਾਪ ਜਗ ਮੋਹਿ ।
ਸੋ ਸਾਕਤ ਨਰਕੀ ਸਦਾ ਇਨ ਸੇ ਕਰੇ ਜੋ ਧਰੋਹ ।੧੧।

ਸੂਹੇ ਅੰਬਰ ਪਹਿਨ ਕਰ ਲਏ ਜੋ ਨਾਸੇ ਨਸਵਾਰ ।
ਲਗੇ ਤਾੜਨਾ ਸੀਸ ਪਰ ਸੁਟੀਏ ਨਰਕ ਮੰਝਾਰ ।੧੨।

ਬਿਨ ਜਪ ਜਾਪ ਜਪੇ ਬਿਨਾ ਜੋ ਸੇਵੇ ਪ੍ਰਸਾਦਿ ।
ਸੋ ਬਿਸਟਾ ਕਾ ਕਿਰਮ ਹੋਇ ਜਨਮ ਗਵਾਇਓ ਬਾਦ ।੧੩।

ਚੌਪਈ । ਪ੍ਰਾਤ ਕਾਲ-ਗੁਰ ਗੀਤ ਨ ਗਾਵੈ । ਰਹਿਰਾਸ ਬਿਨਾ ਪ੍ਰਸਾਦਿ ਜੋ ਖਾਵੈ । ਬਾਹਰਮੁਖੀ ਸਿਖ ਤਿਸ ਜਾਨੋ । ਸਭ ਬਰਤਨ ਮਿਥਿਆ ਤਿਸ ਮਾਨੋ । ੧੪ । ਲਖ ਚੁਰਾਸੀ ਭ੍ਰਮਤਾ ਫਿਰੈ । ਬਾਰਿ ਬਾਰਿ ਜਗ ਜਨਮ ਮਰੈ । ਗੁਰੂ ਬਚਨ ਸਿਉਂ ਤੁਟਾ ਜਾਇ । ਦਰਗਹ ਤਾਕਉ ਮਿਲੈ ਸਜਾਇ । ੧੫ । ਦੋਹਰਾ । ਅਕਾਲ ਪੁਰਖ ਕੋ ਛਾਡ ਕਰਿ ਭਜੇ ਦੇਵ ਕੋਈ ਔਰ । ਜਨਮ ਜਨਮ ਭ੍ਰਮਤਾ ਫਿਰੈ ਲਹੈ ਨ ਸੁਖ ਕੀ ਠੌਰ । ੧੬ । ਪਾਹਨ ਕੀ ਪੂਜਾ ਕਰੈ ਗੁਰ ਨਾ ਨਿਵਾਵੈ ਸੀਸ । ਸੋ ਸਾਕਤ ਨਿਗੁਰਾ ਸਦਾ ਮਾਰਿਆ ਸ੍ਰੀ ਜਗਦੀਸ । ੧੭ । ਕਰੀ ਥਾਪਨਾ ਜਾਸ ਕੀ ਮੋਹਿ ਜੋ ਅਪਨੇ ਹਾਥ । ਤਿਸਕੀ ਸਮਸਰ ਜੋ ਕਰੇ ਜਰ ਜਾਵੈ ਕੁਲ ਸਾਥ । ੧੮ । ਦੋਹਰਾ । ਕਾਰ ਭੇਟ ਸੁਖ ਮੰਨਤ ਕਰ ਜੋ ਸਿਖ ਚਿਤ ਭ੍ਰਮਾਇ । ਸੋ ਸਾਕਤ ਪਾਪੀ ਸਦਾ ਬਿਕਟ ਰੂਪ ਹੋਇ ਜਾਇ । ੧੯ । ਕੁੜੀ ਮਾਰ ਮਸੰਦ ਜੋ ਮੀਣੇ ਕਾ ਪ੍ਰਸਾਦ । ਲਏ ਜੋ ਇਨ ਕੇ ਹਾਥ ਕਾ ਜਨਮ ਗਵਾਵੈ ਬਾਦਿ । ੨੦ । ਛਾਡ ਸਿਖਨ ਕੇ ਚਰਨ ਕੋ ਲਏ ਪੰਥ ਜੋ ਹੋਰ । ਐਥੇ ਓਥੇ ਦੁਖ ਲਹੈ ਗੁਰ ਸਿਖਨ ਕੋ ਚੋਰ । ੨੧ । ਚੌਪਈ । ਮੜ੍ਹੀ ਗੋਰ ਦੇਵਲ ਜੋ ਮਾਨੈ । ਪਰ ਪੰਥਨ ਕੋ ਊਚ ਬਖਾਨੈ । ਸੋ ਸਾਕਤ ਗੁਰ ਕਾ ਸਿਖ ਨਾਹੀਂ । ਫਾਸ ਪਰਿਓ ਜਮ ਕੇਕਰ ਪਾਹੀ । ੨੨ । ਟੋਪੀ ਦੇਖ ਨਿਵਾਵੈ ਸੀਸ । ਸੋ ਸਿਖ ਨਰਕੀ ਵਿਸਵੇ ਬੀਸ । ਅਕਾਲ ਪੁਰਖ ਕੀ ਸੇਵਾ ਕਰੈ । ਸਿਖ ਬੰਸ ਸਗਲ ਲੈ ਤਰੈ । ੨੩ । ਦੋਹਰਾ । ਗੁਰੂ ਖਾਲਸਾ

ਮਾਨਿਯੈ ਪਰਗਟ ਗੁਰੂ ਕੀ ਦੇਹ । ਜੋਇ ਸਿਖ ਮਿਲ ਬੈਚ ਹੈ ਖੋਜ ਇਨ ਮੈਂ ਲੇਹ । ੨੪ । ਕਾਨ ਕਟੈ ਅਰ ਤੁਰਕ ਕਾ ਕਰੈ ਨਾ ਮੂਲ ਬਿਸਾਹ । ਜੋ ਸਿਖ ਗੁਰ ਹਿਤ ਨਾ ਕਰੈ ਸੋ ਨਰਕੈ ਪਰ ਜਾਇ । ੨੫ । ਸਤਿਗੁਰ ਕੀ ਬਾਣੀ ਬਿਨਾ ਰਸਨਾ ਰਟੈ ਜੋ ਹੋਰ । ਸੋ ਮਾਰਿਆ ਜਗਦੀਸ ਕਾ ਪਰੈ ਨਰਕ ਮੈਂ ਘੋਰ । ੨੬ ।

ਚੌਪਈ । ਛੈ ਦਰਸਨ ਕੀ ਜੋ ਮਤ ਧਾਰੈ ਕੁਲ ਸਮੂਹ ਲੈ ਨਰਕ ਸਿਧਾਰੈ । ਬਾਝ ਗੁਰੂ ਸਿਖਨ ਕੀ ਸੇਵਾ । ਮਿਥਿਆ ਮਾਨੋ ਸੁਰ ਨਰ ਦੇਵਾ । ੨੭ । ਅਕਾਲ ਪੁਰਖ ਕੀ ਮੂਰਤਿ ਏਹ । ਪ੍ਰਗਟਿਓ ਆਪ ਕਾਲ ਸਦੇਹ । ਮਮ ਰੰਚਕ ਮਿਥਿਆ ਨਹੀ ਭਾਖੀ । ਗੁਰ ਨਾਨਕ ਗੁਰ ਅੰਗਦ ਸਾਖੀ । ੨੮ । ਲੈਣਾ ਦੇਣਾ ਖਾਲਸੇ ਆਨ ਦੇਵ ਸਭ ਝੂਠ । ਅਉਰ ਦੇਵ ਇਉ ਮਾਨੀਏ । ਜਿਉ ਬਾਰੂ ਕੀ ਮੂਠ । ੨੯ । ਅਕਾਲ ਪੁਰਖ ਕੇ ਬਦਨ ਜਿਉ ਪਰਗਟ ਚਲਾਇਓ ਪੰਥ । ਸਭ ਸਿਖਨ ਕੋ ਬਚਨ ਹੈ ਗੁਰੂ ਮਾਨਿਓ ਗਰੰਥ । ੩੦ । ਥਾਪ ਚਲਿਉ ਜੋ ਜਗਤ ਮਹਿ ਤਿਨਹਿ ਨਿਵਾਵਹੁ ਮਾਥ । ਵਾਹਿਗੁਰੂ ਕੇ ਮੰਤਰ ਬਿਨ ਮਿਥਿਆ ਸਾਰੀ ਗਾਥ । ੩੧ । ਚੌਪਈ । ਸਿਖ ਕਉ ਸਿਖ ਜਉ ਅੰਬਰ ਦੀਨਾ । ਕੋਟਿ ਅਸਮੇਧ ਜਗ ਫਲ ਕੀਨਾ । ਜੋ ਗੁਰ ਕੀ ਬਾਣੀ ਸਿਖ ਲਾਵੈ । ਜੀਵਨ ਮੁਕਤ ਪਦਾਰਥ ਪਾਵੈ । ੩੨ । ਚਾਪੀ ਕਰੈ ਮਲੈ ਸਿਖ ਚਰਨਾ ਪਾਵੈ । ਤਿਸ ਸਿਖ ਕੌ ਮੈਂ ਲੀਨੋ ਸੁਰਾਨ । ਕਰੈ ਪਰਸਾਦਿ ਸਿਖ ਮੁਖ ਪਾਵੈ । ਤਿਸ ਸਿਖ ਕੇ ਗੁਰ ਵਾਰਨੇ ਜਾਵੈ । ੩੩ ।

ਦੋਹਰਾ । ਰਹਿਰਾਹੇ ਸਮੇਂ ਗੁਰੂ ਹੁਕਮ ਕੋ ਪੜੈ ਪਰੀਤ ਚਿਤ ਲਾਇ । ਏਕ ਬਾਰ ਰਸਨਾ ਰਟ ਪਰਗਟ ਮਿਲੈ ਮਹਿ ਆਇ । ੩੪ । ਸੰਬਤ ਸਤ੍ਰਾਂ ਸੋ ਭਏ ਬਰਸ ਬਵੰਜਾ ਬਿਹਾਰ ਮਾਘ ਵਦੀ ਥਿਤ ਪੰਚਮੀ ਰਵੀ ਵਾਰ ਸੁਭ ਵਾਰ । ੩੫ । ਚੌਪਈ । ਬਚਨ ਪਰਤੀਤ ਰਖੈ ਸਿਖ ਜੋਈ । ਤੈਸੇ ਹੀ ਫਲ ਪਰਾਪਤਿ ਹੋਈ । ਗੁਰ ਕਾ ਵਚਨ ਗੁਰੂ ਕੀ

ਮੂਰਤਿ । ਜੁਗਤਿ ਮੁਕਤਿ ਵਰਸਾਤੈ ਪੂਰਤਿ । ੩੬ । ਰਹਿਣੀ ਰਹੈ ਸੋਈ ਸਿਖ ਮੇਰਾ । ਓਹ ਸਾਹਿਬ ਮੈਂ ਉਸ ਕਾ ਚੇਰਾ । ਕਰੇ ਅਕਾਲ ਪੁਰਖ ਕੀ ਆਸਾ । ਜਨਮ ਮਰਨ ਕਟ ਡਾਰੈ ਫਾਸਾ । ੩੭ ।

ਦੋਹਰਾ ।

ਸਤਿ ਅਕਾਲ ਸ੍ਰੀ ਵਾਹਿਗੁਰੂ ਪਰਮ ਬੀਜ ਇਹ ਮੰਤ ।
ਸਭ ਸਿਖਨ ਕੋ ਬਚਨ ਹੈ ਗੁਰੂ ਮਾਨੀਓ ਗਰੰਥ । ੩੮ ।

ਚੌਪਈ ॥

ਕੱਛ ਕੇਸ ਕੰਘਾ ਕਿਰਪਾਨ । ਕੜਾ ਔਰ ਜੋ ਕਰੈ ਬਖਾਨ ।
ਇਹ ਕਕੇ ਪੰਜ ਤੁਮ ਮਾਨੋ । ਗੁਰੂ ਗਰੰਥ ਕੋ ਤੁਮ ਸਭ ਜਾਨੋ ।੩੯।

੪੬.

ਭਾਈ ਚੌਪਾ ਸਿੰਘ ਦਾ ਰਹਿਤਨਾਮਾ

ਗੁਰੂ ਕਾ ਸਿਖ ਸ਼ਰਾਬ ਕਭੀ ਨਾ ਪੀਵੇ। ਸਾਖੀ—

ਜਿਤ ਪੀਤੈ ਮਤਿ ਦੂਰ ਹੋਇ ਬਰਲੁ ਪਵੈ ਵਿਚ ਆਇ ॥

(ਵਾਰ ਬਿਹਾਗੜਾ ਮ: ੩)

ਗੁਰੂ ਕਾ ਸਿੱਖ ਕੰਨਯਾ ਨਾ ਮਾਰੇ, ਕੁੜੀ ਮਾਰ ਨਾਲ ਨਾ ਵਰਤੇ।

ਕੰਨਯਾ ਕਾ ਪੈਸਾ ਨਾ ਖਾਇ।

ਨਾਤਾ ਗੁਰੂ ਕੇ ਸਿੱਖ ਨਾਲ ਕਰੇ।

ਗੁਰੂ ਕਾ ਸਿੱਖ ਜੰਞੂ ਟਿਕੇ ਦੀ ਕਾਣ ਨਾ ਕਰੇ।

ਗੁਰੂ ਕਾ ਸਿੱਖ ਗਰੀਬ ਕੀ ਰਸਨਾ ਕੋ ਗੁਰੂ ਕੀ ਗੋਲਕ ਜਾਣੇ।

ਗੁਰੂ ਕਾ ਸਿੱਖ ਭਦਣ ਨਾ ਕਰਾਵੇ।

ਪ੍ਰਾਣੀ ਕਾ ਸਰੀਰ ਅੰਤ ਹੋਵੇ ਤਾਂ ਕੀਰਤਨ ਕਰਾਵੇ, ਯਥਾ ਸ਼ਕਤਿ ਸਾਥ ਪ੍ਰਸ਼ਾਦਿ ਲੈ ਜਾਇ।

ਧਰਮ ਕਿਰਤ ਕੇ ਨਫੇ ਵਿਚੋਂ ਗੁਰੂ ਅਰਥ ਦਸਵੰਧ ਦੇਵੈ।

ਧਰਮਸਾਲੀਆ ਪੀਰ ਔਰ ਮਸੰਦ ਨਾ ਥਪੈ।

ਰਸੋਈਆ ਸਿੱਖ ਰਖੇ।

ਲੰਗਰ ਮੇਂ ਨਾ ਗੰਹਾ ਬਾਲੇ, ਨਾ ਗੋਹੇ ਦਾ ਚੌਂਕਾ ਦੇਵੈ।

ਚੋਰੀ ਯਾਰੀ ਨਾ ਕਰੇ ।

ਜੂਆ ਨਾ ਖੇਡੇ ।

ਪ੍ਰਸਾਦਿ ਵਰਤਾਉਂਦਾ ਬੋਲੇ ਨਾ, ਬੋਲੇ ਤਾਂ ਮੁਖ ਕੋ ਰੁਮਾਲ ਸੇ ਢਕੇ, ਪਿੰਡਾ ਖੁਰਕ ਕੇ ਹੱਥ ਧੋਇ ਲਵੇ ।

ਕਾਰਜੋਂ ਕੇ ਆਦਿ ਮੇਂ ਅਰਦਾਸ ਕਰੇ । ਆਪਣੇ ਗੁਰੂ ਬਿਨਾਂ ਹੋਰ ਨਾ ਜਾਣੇ ।

ਧਰਮ ਉਪਦੇਸ਼ ਕਰੇ । ਸੰਬੰਧੀਆਂ ਨੂੰ ਧਰਮ ਵਿਚ ਲਿਆਵੇ ।

ਗੁਰੂ ਕੀ ਬਾਣੀ ਬਿਨਾਂ ਹੋਰ ਨਾ ਪੜ੍ਹੇ ਨਾ ਸੁਣੇ ।

ਗੁਰੂ ਕੀ ਫਤਹ ਮਿਲਣੇ ਵਖਤ ਬੁਲਾਵੇ । ਸਿੱਖ ਕੇ ਸੰਕਟ ਕੋ ਜਯੋਂ ਤਯੋਂ ਕਰਕੇ ਦੂਰ ਕਰੇ ।

ਗੁਰੂ ਕਾ ਸਿਖ ਗੋਰ, ਮੜ੍ਹੀ, ਸਤੀ, ਮਸੀਤ, ਮੁਲਾਂ, ਕਾਜ਼ੀ, ਬ੍ਰਾਹਮਣ ਆਦਿਕ ਨੂੰ ਨਾ ਮੰਨੇ । ਲੜਕੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਕਾ ਪਾਠ ਸਿਖਾਲੇ । ਸ੍ਰੀ ਗੁਰੂ ਗ੍ਰੰਥ ਸਾਹਿਬ ਕਾ ਭੇਗ ਸਲੋਕਾਂ ਪਰ ਪਾਵੇ ।

ਪਿੰਡ ਵਿਚ ਇਕ ਅਸਥਾਨ ਸਾਧੂ ਸੰਗਤ ਕਾ ਬਣਾਵਣਾ, ਜਹਾਂ ਸਾਧੂ ਸੰਗਤ ਇਕੱਤਰ ਹੋਵੇ ਅਤੇ ਆਯਾ ਗਯਾ ਬਿਸਰਾਮ ਕਰੇ । ਆਗਯਾ ਗੁਰੂ ਗਰੰਥ ਸਾਹਿਬ ਕੀ ਮੰਨਣੀ । ਅਮਲ ਪ੍ਰਸਾਦੇ ਦਾ ਰਖਣਾ । ਸ਼ਸਤਰ ਰਖਣੇ । ਮਸੰਦਾਂ ਨੂੰ ਨਹੀਂ ਮੰਨਣਾ । ਰਣ ਮੇਂ ਪਿਠ ਨਹੀਂ ਦੇਣੀ ।

ਖਾਲਸਾ ਹਿੰਦੂ ਮੁਸਲਮਾਨ ਸੇ ਨਿਆਰਾ ਰਹੇ । ਸਿੱਖ ਸੇ ਕੁਰਹਿਤ ਹੋ ਜਾਏ ਸਭ ਕੇ ਅਗੇ ਹੱਥ ਜੋੜ ਖੜਾ ਹੋਵੇ । ਤਨਖਾਹ ਲਗਵਾ ਕਰ ਬਖਸ਼ਾਵੇ । ਸਿਖ ਨੂੰ ਬਖਸ਼ਨੇ ਵਕਤ ਅੜੀ ਨਹੀਂ ਕਰਨੀ ਚਾਹੀਦੀ ।

ਸਿੱਖ ਕਲਫ ਖਿਜ਼ਾਬ ਨਾ ਲਗਾਵੇ, ਜੋ ਲਗਾਵੇ ਸੋ ਤਨਖਾਹੀਆ। ਜੋ ਸਿੱਖ ਚਿਟੇ ਕੇਸ ਚੁਗੇ, ਸੋ ਤਨਖਾਹੀਆ। ਸਿੱਖ ਕੋ ਦੇਖ ਕੇ ਪਹਿਲੇ ਫਤੇ ਬੁਲਾਏ, ਜੋ ਫਤੇ ਨਾ ਮੰਨੇ, ਸੋ ਤਨਖਾਹੀਆ। ਅਨ ਅੰਮ੍ਰਿਤੀਏ ਸੇ ਜੋ ਬਰਤੇ, ਸੋ ਤਨਖਾਹੀਆਂ । ਵਿਵਾਹ ਮੇਂ ਯਾ ਅਗੇ ਪਿਛੇ ਵੇਸਵਾ ਕਾ ਤਮਾਸ਼ਾ ਦੇਖੇ ਸੋ ਤਨਖਾਹੀਆ।

ਸਿੱਖਾਂ ਦਾ ਮਾਮਲਾ ਸਿੱਖਾਂ ਵਿਚ ਨਿਬੜੇ, ਜੋ ਸਿੱਖ ਦੇ ਬਿਨਾਂ ਕਹੇ ਦੇ ਹਾਕਮ ਦੇ ਜਾਵੇ, ਸੋ ਤਨਖਾਹੀਆ। ਕਰਜ ਦੇਣ ਵਾਲਾ ਜੋ ਬੇ-ਮੁਖ ਹੋਵੇ ਸੋ ਤਨਖਾਹੀਆ। ਬਚਨ ਕਹਿ ਕੇ ਜੋ ਮੁਕਰੇ ਸੋ ਤਨਖਾਹੀਆ। ਦਗਾ ਕਰੇ ਸੋ ਤਨਖਾਹੀਆ।

* * *

੪੭.

ਭਾਈ ਦਯਾ ਸਿੰਘ ਜੀ ਦਾ ਰਹਿਤਨਾਮਾ

ਭਾਈ ਦਯਾ ਸਿੰਘ ਜੀ ਪੰਜਾਂ ਪਿਆਰਿਆਂ ਵਿਚੋਂ ਮੁਖੀ ਪਿਆਰੇ ਸਨ। ਆਪ ਲਾਹੌਰ ਦੇ ਵਸਨੀਕ ਤੇ ਸੋਬਤੀ ਖੱਤਰੀ ਸਨ। ਆਪ ਨੇ ੧ ਵਿਸਾਖ ਸੰਮਤ ੧੭੫੬ ਬਿਕਰਮੀ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ 'ਸੀਸ ਭੇਟ' ਦੀ ਮੰਗ ਕਰਨ ਪਰ ਸਭ ਤੋਂ ਪਹਿਲਾਂ ਆਪਣਾ ਸੀਸ ਭੇਟ ਕੀਤਾ। ਸ੍ਰੀ ਦਸ਼ਮੇਸ਼ ਜੀ ਤੋਂ ਖੰਡੇ ਦਾ ਅੰਮ੍ਰਿਤ ਪਾਨ ਕਰਨ ਪਰ ਆਪ ਦਾ ਨਾਂ ਦਯਾ ਰਾਮ ਤੋਂ ਭਾਈ ਦਯਾ ਸਿੰਘ ਹੋਇਆ।

ਭਾਈ ਦਯਾ ਸਿੰਘ ਜੀ ਹੀ ਦਸਮ ਪਾਤਸ਼ਾਹ ਦਾ ਜ਼ਫ਼ਰਨਾਮਾ ਲੈ ਕੇ ਦਖਣ ਵਿਚ ਔਰੰਗਜ਼ੇਬ ਦੇ ਪਾਸ ਗਏ ਸਨ। ਆਪ ਸ੍ਰੀ ਹਜ਼ੂਰ ਸਾਹਿਬ ਵਿਚ ਦਸਮ ਪਾਤਸ਼ਾਹ ਦੇ ਨਾਲ ਰਹੇ।

ਭਾਈ ਦਯਾ ਸਿੰਘ ਜੀ ਰਚਿਤ ਰਹਿਤਨਾਮਾ ਇਸ ਪ੍ਰਕਾਰ ਹੈ—

ਗੁਰੂ ਕਾ ਸਿੱਖ ਮਤ, ਬੁਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ, ਮੰਤਰ, ਜੰਤਰ, ਪੀਰ, ਬ੍ਰਾਹਮਣ, ਪੁਛਣਾ, ਤਰਪਨ ਗਾਯਤਰੀ ਕਿਤੇ ਵਲ ਚਿਤ ਦੇਵ ਨਾਹੀਂ।

ਜਨੇਊ ਨਾ ਪਾਇ। ਕਰਮ, ਮਿਰਤ, ਸਰਾਧ, ਪਿੱਤਰ, ਪਿੰਡਾ ਵੇਦਕ ਵਿਆਹ ਆਦਿਕ ਨਾ ਕਰਾਵੇ। ਸਭ ਜੁਗਤਿ ਗੁਰੂ ਕੀ ਮਰਯਾਦਾ ਅਰਦਾਸ ਸੇ ਕਰੇ।

ਕਿਸੀ ਕਾ ਕਾਰਜ ਹੋਵੇ ਉਸ ਕੋ ਸਵਾਰੇ।

ਗੁਰਦਵਾਰੇ ਜਾਵੇ ਮਾਰਗ ਮੇਂ ਬ੍ਰਹਮਚਰਯ ਧਾਰੇ।

ਜਿਸ ਨੂੰ ਕੋਈ ਕੁੜਮਾਈ ਕਰੇ ਨਾਹੀਂ, ਤਿਸ ਨੂੰ ਲੋਚ ਕੇ ਕਰੇ ਅਥਵਾ ਕਰਾਵੇ, ਕੁਸਿਖ ਹੋਵੇ ਤਿਸ ਕੋ ਸਿਖ ਕਰੇ ।

ਕੰਨਯਾ ਕੋ ਮਾਰੇ, ਮੋਨੇ ਕੋ ਕੰਨਯਾ ਦੇਵੇ ਸੋ ਤਨਖਾਹੀਆ ।

ਸਿਖ ਕੋ ਸਿਖ ਪੁਤਰੀ ਦਈ ਸੁਧਾ ਸੁਧਾ ਮਿਲ ਜਾਯ ।

ਦਈ ਭਾਦਨੀ ਕੋ ਸੁਤਾ ਅਹਿ ਮੁਖ ਅਮੀ ਚੁਆਯ ।

ਨਾਕ ਕਾਨ ਨਾ ਛੇਦੇ ਅਖੰਡ ਰਹੇ ।

ਚੌਥੇ ਦਿਨ ਕੇਸੀ ਇਸਨਾਨ ਕਰੇ ।

ਸੁਰਮਈ, ਸਵੇਤ, ਪੀਤ ਰਹਿਤ ਵਸਤਰ ਧਾਰੇ ।

ਸਿੰਘੋਂ ਕੋ ਬਰਾਬਰ ਕਾ ਭਾਈ ਸਮਝੇ ।

ਜਿਸ ਕੇ ਭੀਤਰ ਧਰੋਹ ਹੈ ਸੋ ਨਰਕ ਕੋ ਜਾਯਗਾ ।

ਸਰਵਰ ਆਦਿਕ ਕੀ ਜੋ ਸ਼ੀਰਨੀ ਖਾਵੇ ਸੋ ਤਨਖਾਹੀਆ ।

ਤਿਲਕ, ਧਾਗਾ, ਕਾਠ ਦੀ ਮਾਲਾ ਧਾਰੇ ਸੋ ਤਨਖਾਹੀਆ ।

ਪਾਂਚ ਸਿਖ ਮਿਲ ਕਰ ਰਹਿਤ ਬਿਬੇਕ ਕਾ ਗੁਰਮਤਿ ਕਰੇ ।

ਗੋਡੇ ਵਾਲੀ (ਗੋਡੇ ਢਕਣੀ) ਕਛ ਨਾ ਪਹਿਰੇ, ਜੋ ਪਹਿਰੇ ਸੋ ਤਨਖਾਹੀਆ ।

ਲੰਗਰ ਮੇਂ ਚੌਂਕਾ ਮਿਟੀ ਕਾ ਦੇਵੇ ।

ਹਿੰਦੂ ਮੁਸਲਮਾਨ ਕੀ ਕਾਣ ਕੋ ਮੇਟੇ ।

ਏਕਾਦਸ਼ੀ ਆਦਿਕ ਬਰਤ ਨਾ ਧਾਰੇ ।

ਆਨੰਦ ਬਿਨਾ ਬਿਵਾਹ ਨਾ ਕਰੇ ।

ਘੋੜੇ ਔਰ ਸ਼ਸਤਰ ਕੀ ਸਾਰ ਰਖੇ ।

ਲੋਭ ਕਰ ਖਾਇ ਔਰ ਪ੍ਰਸ਼ਾਦ ਕੋ ਨਿੰਦੇ ਸੋ ਤਨਖਾਹੀਆ ।

ਜੋ ਸਰਾਧ ਬਿਵਾਹ ਬ੍ਰਾਹਮਣ ਸੇ ਕਰਾਵੇ, ਗੁਰੂ ਕੀ ਰੀਤਿ ਨਾ ਕਰੇ, ਸੋ ਤਨਖਾਹੀਆ ।

❋ ❋ ❋

੪੮.

ਅੰਤਕਾ

ਬਹੁਤ ਸਾਰੇ ਗੁਰਦਵਾਰਿਆਂ ਤੇ ਧਾਰਮਿਕ ਦੀਵਾਨਾਂ ਵਿਚ ਸਮਾਪਤੀ ਦੀ ਅਰਦਾਸ ਉਪਰੰਤ 'ਆਗਿਆ ਭਈ ਅਕਾਲ ਕੀ' ਅਤੇ 'ਰਾਜ ਕਰੇਗਾ ਖਾਲਸਾ' ਦੇ ਦੋਹਰੇ ਪੜੇ ਜਾਂਦੇ ਹਨ । ਆਮ ਸੰਗਤਾਂ ਤੇ ਕਈ ਪੜੇ ਲਿਖੇ ਸਿਆਣੇ ਸਜਣਾਂ ਰਾਗੀ ਪ੍ਰਚਾਰਕਾਂ ਅਤੇ ਗਰੰਥੀਆਂ ਨੂੰ ਵੀ ਪਤਾ ਨਹੀਂ ਕਿ ਇਹ ਦੋਹਰੇ ਕਿਥੇ ਲਿਖੇ ਹੋਏ ਹਨ ਅਤੇ ਕਿਉਂ ਪੜੇ ਜਾਂਦੇ ਹਨ ? ਅਸੀਂ ਇਸ ਸਬੰਧੀ ਕੁਝ ਇਤਿਹਾਸਕ ਖੋਜ ਦੇਣੀ ਜ਼ਰੂਰੀ ਸਮਝਦੇ ਹਾਂ ।

ਪਹਿਲੀ ਗਲ ਇਹ ਹੈ ਕਿ ਇਹ ਦੋਹਰੇ ਗੁਰਬਾਣੀ ਜਾਂ ਦਸਮ ਗਰੰਥ ਵਿਚੋਂ ਨਹੀਂ । ਇਹ ਦੋਹਰੇ ਕੁਝ ਰੂਪ ਬਦਲ ਕੇ ਜਾਂ ਇਨ ਬਿਨ ਕਈ ਹੋਰ ਗਰੰਥਾਂ ਵਿਚ ਮਿਲਦੇ ਹਨ ।

ਸੰਮਤ ੧੭੫੪ ਬਿਕ੍ਰਮੀ ਵਿਚ 'ਸੁਧਰਮ ਮਾਰਗ' ਗਰੰਥ ਲਿਖਿਆ ਗਿਆ । ਉਸ ਵਿਚ ਇਹ ਦੋਹਰਾ ਅੰਕਤ ਹੈ :

੧. ਮੂਰਤ ਪ੍ਰਗਟ ਅਕਾਲ ਕੀ ਗੁਰੂ ਖਾਲਸਾ ਦੇਹ ।
ਐਸੋ ਕਰ ਮਾਨੈ ਮੋਹਿ ਜਨਮ ਮਰਨ ਕਟ ਲੇਹ । (ਅਧਿ: ੫)

ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਵਿਚ ਇਹ ਦੋਹਰਾ ਹੈ-

੨. ਗੁਰੂ ਖਾਲਸਾ ਮਾਨੀਐ ਪ੍ਰਗਟ ਗੁਰੂ ਕੀ ਦੇਹ ।
ਜੋ ਸਿਖ ਮੋਂ ਮਿਲਿਆ ਚਾਹੈ ਖੋਜ ਇਨੈ ਮੇਂ ਲੇਹ ।

ਅੰਤਕਾ

ਗਿਆਨੀ ਗਿਆਨ ਸਿੰਘ ਲਿਖਤ 'ਪੰਥ ਪ੍ਰਕਾਸ਼' ਦੀ ਤੀਜੀ ਐਡੀਸ਼ਨ, ਜੋ ਸੰਮਤ ੧੯੪੬ ਬਿ: ਵਿਚ ਅੰਮ੍ਰਿਤਸਰ ਛਪੀ, ਉਸ ਵਿਚ 'ਆਗਿਆ ਭਈ ਅਕਾਲ' ਦੇ ਨਾਲ ਹੋਰ ਕਈ ਦੋਹਰੇ ਦਿਤੇ ਹਨ। ਗਿਆਨੀ ਜੀ ਦਸਮ ਪਾਤਸ਼ਾਹ ਦੇ ਨਾਦੇੜ ਵਿਚ ਜੋਤੀ ਜੋਤ ਸਮਾਉਣ ਦੇ ਪ੍ਰਸੰਗ ਵਿਚ ਲਿਖਦੇ ਹਨ 'ਸੰਗਤ ਕੋ ਲੜ ਕੋਣ ਲਾ ਚਲੇ ਗੁਸਾਈਂ ?' ਇਸ ਦੇ ਉਤਰ ਵਿਚ ਦਸਮ ਪਾਤਸ਼ਾਹ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਾਹਮਣੇ ਪੰਜ ਪੈਸੇ ਤੇ ਨਾਰੀਅਲ ਰਖਕੇ ਮੱਥਾ ਟੇਕਿਆ ਤੇ ਸੰਗਤ ਨੂੰ ਸੰਬੋਧਨ ਕਰਕੇ ਕਿਹਾ—

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ। ਸਬ ਸਿਖਨ
ਕੋ ਹੁਕਮ ਹੈ, ਗੁਰੂ ਮਾਨੀਓ ਗਰੰਥ। ਗੁਰੂ ਗਰੰਥ ਜੀ ਮਾਨੀਓ,
ਪ੍ਰਗਟ ਗੁਰਾਂ ਕੀ ਦੇਹ। ਜੋ ਪ੍ਰਭੁ ਕੋ ਮਿਲਯੋ ਚਹੈ ਖੋਜ
ਸ਼ਬਦ ਮਹਿ ਲੇਹ। ਸਬ ਗੁਰੂ ਪ੍ਰਗਟ ਭਏ ਪੂਰਨ ਹਰਿ ਅਵਤਾਰ।
ਜਗ ਮਗ ਜੋਤਿ ਬਿਰਾਜਹੀ ਸ੍ਰੀ ਗੁਰੂ ਗਰੰਥ ਮਝਾਰ।
ਜੋ ਦਰਸਯੋ ਚਹੈ ਗੁਰੂ ਕੋ ਸੋ ਦਰਸੈ ਗੁਰੂ ਗਰੰਥ।
ਪੜੇ ਸੁਨੇ ਸਵਾਰਥ ਲਹੈ ਪਰਮਾਰਥ ਕੋ ਪੰਥ। ਵਾਹਿਗੁਰੂ
ਗੁਰੂ ਗਰੰਥ ਜੀ ਉਤੈ ਜਹਾਜ ਉਦਾਰ। ਜੋ ਸਰਧਾ ਕਰ
ਸੇਵ ਹੈ ਸੋ ਉਤਰੈ ਭਵ ਪਾਰ।

ਉਪਰੋਕਤ ਦੋਹਰਿਆਂ ਬਾਰੇ ਗਿਆਨੀ ਗਿਆਨ ਸਿੰਘ ਜੀ ਅਗੇ ਚਲ ਕੇ ਲਿਖਦੇ ਹਨ—

ਲਿਖੇ ਕੇਸਰਾ ਸਿੰਘ ਕੀ ਸਾਖੀ। ਮਾਹਿ ਬਚਨ ਇਹ ਸਰਬ
ਲੋ ਲਾਖੀ। ਅਰ ਮੰਗਲ ਪ੍ਰਕਾਸ਼ ਮੰਝਾਰੇ। ਲਿਖਯੋ ਪਿਖਯੋ
ਹਮ ਸਬ ਬਿਧਵਿਰੋ। (ਪੰਥ ਪ੍ਰਕਾਸ਼ ਪੰਨਾ ੨੯੩-੯੮)

'ਆਗਿਆ ਭਈ ਅਕਾਲ ਕੀ' ਦਾ ਦੋਹਰਾ ਗੁਰਬਾਣੀ ਨੂੰ ਦਸਾਂ ਸਤਿਗੁਰੂਆਂ ਦਾ ਆਤਮਿਕ ਸਰੂਪ ਪ੍ਰਗਟ ਕਰਦਾ ਹੈ ਤੇ ਗੁਰੂ-ਡਮ ਤੋਂ ਬਚਾਉਣ ਲਈ ਹੈ। ਦੂਜਾ ਰਾਜ ਦੀ ਭਾਵਨਾ ਨੂੰ ਪ੍ਰਗਟ ਕਰਦਾ ਹੈ।

ਸ਼੍ਰੋਮਣੀ ਕਮੇਟੀ ਦੀ ਰੈਫਰੈਂਸ ਬੁਕ ਲਾਇਬਰੇਰੀ ਵਿਚ ਇਕ ਹੱਥ ਲਿਖਤ ਪੋਥੀ ਨੰ: ੧੧੯੧ ਵਿਚ ਤਨਖਾਹਾ ਨਾਮਾ ਭਾਈ ਨੰਦ ਲਾਲ ਹੈ। ਉਸ ਦੇ ਸਫਾ ੧੯੫ ਤੇ ਇਹ ਦੋਹਰਾ ਦਰਜ ਹੈ—

ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ।
ਖੁਆਰ ਹੋਇ ਸਭ ਮਿਲੈਂਗੇ ਬਚੇ ਸਰਣਿ ਜੋ ਹੋਇ।

ਇਹ ਦਸਮ ਪਾਤਸ਼ਾਹ ਦਾ ਖਾਲਸੇ ਪ੍ਰਤੀ ਵਰਦਾਨ ਜਾਂ ਭਵਿੱਖਤ ਵਾਕ ਸੀ, ਜੋ ਬਾਰਾਂ ਮਿਸਲਾਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਰਕੇ ਸੰਪੂਰਨ ਹੋਇਆ ਹੈ।